ISSN : 2454-7344

ਅੰਕ 9 • ਮੁੱਲ 100/-

# ਵਾਹਗਾ



ਮਰ ਕੇ ਜਾਵੇਂਗਾ ਵਿਚ ਤੂੰ ਦੋਜ਼ਖਾਂ ਦੇ,
ਉਥੇ ਮਿਲਣਗੇ ਬਹੁਤ ਅਜ਼ਾਬ ਤਾਈਂ।
ਫਿਰ ਰੱਬ ਦੀ ਵਿਚ ਦਰਗਾਹ ਜਾ ਕੇ,
ਦੱਸ, ਦੇਵੇਂਗਾ ਕੀ ਜਵਾਬ ਤਾਈਂ।



ਪੰਜਾਬੀ ਬੋਲੀ ਤੇ ਪੰਜਾਬੀਅਤ ਨੂੰ ਸਮਰਪਿਤ

# ਵਾਹਗਾ

*ਸੰਪਾਦਕ :*
ਚਰਨਜੀਤ ਸੋਹਲ
ਸੁਖਚੈਨ ਢਿੱਲੋਂ

‘

ਜਦੋਂ ਤੁਸੀਂ ਕਾਲਖ਼ ਨਾਲ ਲੜਦੇ ਨਹੀਂ
ਤਾਂ ਸਮਝੋ
ਤੁਸੀਂ ਕਾਲਖ਼ ਆਪਣੇ ਮੂੰਹ ’ਤੇ ਮਲ ਰਹੇ ਹੋ
*-ਕੀਨੀਆਈ ਕਹਾਵਤ*

’

ਮੁੱਲ : 100/–

# ਵਾਹਗਾ 9

E-mail : wahga2015@gmail.com
website : www.wahgamagzine.com

**ਸਹਿਯੋਗੀ ਸੰਪਾਦਕ**
ਤੇਜਵੰਤ ਸਿੰਘ ਗਿੱਲ
ਭਗਵਾਨ ਜੋਸ਼
ਪਰਮਿੰਦਰ ਸਿੰਘ
ਕੇਵਲ ਧਾਲੀਵਾਲ
ਸਤਿੰਦਰ ਔਲਖ
ਪਰਮਜੀਤ ਜੱਜ
ਬਲਬੀਰ ਮਾਧੋਪੁਰੀ
ਜਤਿੰਦਰ ਸਿੰਘ
ਮੋਨੀਕਾ ਕੁਮਾਰ
ਨਵਸ਼ਰਨ
ਅਤੁਲ ਸੂਦ
ਬਲਰਾਜ ਧਾਰੀਵਾਲ
ਅਮਨਪ੍ਰੀਤ ਗਿੱਲ
ਹਰਵਿੰਦਰ ਸਿੰਘ
ਸੁਖਪਾਲ
ਬਲਦੇਵ ਚੱਕ ਸਿਕੰਦਰ

•

**ਕਲਾ** : ਸੰਦੀਪ ਸਿੰਘ, ਹਰਦੀਪ • ਮੰਨੂੰ

**ਕਾਨੂੰਨੀ ਸਲਾਹਕਾਰ** :
ਡਾ. ਸੁਸ਼ੀਲ ਬਲਵਾਦਾ

•

ਰੂਪ ਸੱਜਾ :
**ਮਨਤੇਜ ਗ੍ਰਾਫ਼ਿਕਸ**
ਅਮ੍ਰਿਤਸਰ

*

ਛਾਪਕ :
**ਪ੍ਰਿੰਟਵੈੱਲ**, ਅਮ੍ਰਿਤਸਰ

•

'ਵਾਹਗਾ' ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਕੋਈ ਵੀ ਕਾਨੂੰਨੀ ਕਾਰਵਾਈ ਅਮ੍ਰਿਤਸਰ ਦੀ ਅਦਾਲਤ ਵਿਚ ਹੀ ਹੋਵੇਗੀ।

*ਸੰਪਾਦਕ*
**ਚਰਨਜੀਤ ਸੋਹਲ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਸੀ–ਬਲਾਕ ਮਾਰਕੀਟ, ਅਮ੍ਰਿਤਸਰ–143001
ਮੋਬਾ : (+91) 78374–12401
ਈ–ਮੇਲ : charanjit.sohal@yahoo.com

•

The Wahga
P.O. Box No. 28, Main Post Office
Amritsar

•

**ਸੁਖਚੈਨ ਢਿੱਲੋਂ**
62, Ashbrook Way, BRAMPTON
ON, L6Y 4R4, CANADA
Mob : +1-647-774-1870

*

ਇੰਗਲੈਂਡ ਵਿਚ ਸੰਪਰਕ :
**ਐੱਸ. ਬਲਵੰਤ**
Mob : +44 7448 441008

*

**ਖ਼ਤ ਪੱਤਰ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਅਮ੍ਰਿਤਸਰ–143001

*

**ਮੁੱਲ** : ਡਾਕ ਰਾਹੀਂ : 500 ਰੁਪਏ (ਸਾਲਾਨਾ)
5000 ਰੁਪਏ (ਜੀਵਨ ਸਾਥ)

*

**ਵਿਦੇਸ਼** : 20 ਡਾਲਰ * 500 ਡਾਲਰ (ਜੀਵਨ ਸਾਥ)

'ਵਾਹਗਾ' ਦਾ ਬੈਂਕ ਅਕਾਊਂਟ :
WAHGA
Bank : HDFC Bank
Account No. : 50200016152542
IFS Code : HDFC0001407
Branch : Central One Mall, Old Jail Road
Opp. Distt Shopping Complex
Ranjit Avenue, Amritsar

*

**ਪ੍ਰਕਾਸ਼ਕ** : ਚਰਨਜੀਤ ਸੋਹਲ

**Wahga is an international peer-reviewed research journal.**

# ਤਰਤੀਬ

•ਕਵਿਤਾਵਾਂ :
ਮਨਜੀਤਪਾਲ / 7 • ਸੁਖਪਾਲ / 11 • ਸੁਖਿੰਦਰ / 16 • ਕੌਰ ਬਿੰਦ / 29
ਪ੍ਰਦੀਪ ਬੋਸ / 36 • ਨਰੇਸ਼ ਰਾਮਪਾਲ / 54 • ਅਵਤਾਰਜੀਤ / 86

• ਅਲਵਿਦਾ : ਮਨਜੀਤ ਪਾਲ ਕੌਰ ਦੀ ਅਲਵਿਦਾ / 5
*-ਅਮਨਦੀਪ ਕੌਰ*

ਸੁਖਚੈਨ ! ਮੇਰਾ ਯਾਰ, ਨਹੀਂ ਰਿਹਾ / 9
*-ਪ੍ਰਦੀਪ ਬੋਸ*

• ਜਲ੍ਹਿਆਂਵਾਲਾ ਸਾਕਾ
ਸੰਪਰਦਾਇਕ ਕਾਣ ਦਾ ਸ਼ਿਕਾਰ ਬਣਿਆ ਸਾਕਾ / 19
*-ਸੁਰਜੀਤ ਹਾਂਸ*

ਭਗਤ ਸਿੰਘ ਦਾ ਜਲ੍ਹਿਆਂਵਾਲਾ ਬਾਗ਼ ਤੋਂ ਕਾਨਪੁਰ ਤਕ ਦਾ ਸਫ਼ਰ / 22
*-ਸਰਬਜੀਤ ਸਿੰਘ ਵਿਰਕ*

ਜਲ੍ਹਿਆਂਵਾਲਾ ਬਾਗ਼ ਦੇ ਕਤਲੇਆਮ ਦੇ ਕੁਝ ਅਣਗੌਲੇ ਤੱਥ / 27
*-ਖਲੀਲ ਖਾਨ*

ਜਲ੍ਹਿਆਂਵਾਲਾ ਬਾਗ਼ ਦਾ ਖ਼ੂਨੀ ਸਾਕਾ ਅਤੇ ਪੰਜਾਬੀ ਕਾਵਿਕ ਸੁਰਾਂ / 30
*-ਗੁਰਵਿੰਦਰ ਸਿੰਘ*

• ਨਾਵਲ ਅੰਸ਼ : ਵਿਰਲਾਂ ਵਿਚੋਂ ਝਾਕਦੀ ਜ਼ਿੰਦਗੀ / 42
*-ਬਲਦੇਵ ਸਿੰਘ ਸੜਕਨਾਮਾ*

ਬਸੰਤ 2005 / 55
*-ਨੈਨ ਸੁਖ • ਅਨੁ : ਪਵਨ ਟਿੱਬਾ, ਨਿਰਮਲਜੀਤ*

• ਭਾਸ਼ਾ ਨੀਤੀ : ਨਵੀਂ ਸਿੱਖਿਆ ਨੀਤੀ ਦੇ ਪ੍ਰਸਤਾਵ ਵਿਚ ਭਾਸ਼ਾ ਦਾ ਸਵਾਲ / 49
*-ਜੋਗਾ ਸਿੰਘ*

• ਮੁਲਾਕਾਤ
'ਮੈਂ ਆਪਣੇ ਆਪ ਨੂੰ ਕਿਸੇ ਲਹਿਰ, ਵਾਦ, ਪਾਰਟੀ ਜਾਂ
ਧੜੇ ਤੋਂ ਨਿਰਲੇਪ ਸਮਝਦਾ ਹਾਂ'—ਮਨਮੋਹਨ / 68
*—ਮੁਲਾਕਾਤੀ : ਰਵੀ ਰਵਿੰਦਰ*

ਤਾਰਿਕ ਅਲੀ ਦੀ ਡੇਵਿਡ ਐਡਗਰ ਨਾਲ ਮੁਲਾਕਾਤ / 106
*-ਅਨੁ : ਪ੍ਰੋ. ਰਾਕੇਸ਼ ਰਮਨ*

ਬਾਜ਼ਾਰ ਸੰਸਕ੍ਰਿਤੀ ਲੇਖਕ 'ਤੇ ਵੀ ਹਾਵੀ ਹੈ—ਕ੍ਰਿਸ਼ਨ ਸੋਬਤੀ / 157
*-ਮੁਲਾਕਾਤੀ : ਗਰਜਨ ਸਿੰਘ ਵਰਕੜੇ • ਅਨੁ : ਭੁਪਿੰਦਰ ਕੌਰ ਪ੍ਰੀਤ*

• ਜੜ੍ਹਾਂ : ਹੜੱਪੇ ਵਸੇਬ ਦੀ ਜ਼ੁਬਾਨ ਦੀ ਪਛਾਣ / 80
*-ਮਨਜ਼ੂਰ ਏਜਾਜ਼ • ਲਿਪੀਅੰਤਰ : ਅਸ਼ੋਕ ਕਾਸਿਦ, ਦੀਪ ਨਿਰਮੋਹੀ*

• ਚਿੰਤਨ : ਗੁਰੂ ਨਾਨਕ ਬਾਣੀ ਤੇ ਅਸਹਿਣਸ਼ੀਲਤਾ / 91
*-ਅਰਵਿੰਦਰ ਕੌਰ ਧਾਲੀਵਾਲ*

• ਮੌਤ ਕਥਾ : ਦੰਡਕਾਰਣ / 95
*-ਆਸ਼ੂਤੋਸ਼ ਭਾਰਦਵਾਜ • ਅਨੁਵਾਦ : ਨਛੱਤਰ*

• ਮੀਨਮੇਖ.ਕਾੱਮ : ਸਭ ਤੋਂ ਉਲਟ, ਸਭ ਤੋਂ ਉਚਿਤ / 121
*-ਪ੍ਰੋ. ਰਾਕੇਸ਼ ਰਮਨ*

• ਜੀਵਨ ਯਾਦਾਂ : ਸਾਨੂੰ ਇਕ ਪਲ ਚੈਨ ਨਾ ਆਵੇ / 124
*-ਇਲਿਆਸ ਘੁੰਮਣ • ਅਨੁ : ਪਾਲ ਸਿੰਘ ਵੱਲਾ*

• ਸਿੱਖ ਗੁਰੂ ਸਾਹਿਬਾਨਾਂ ਪਰ ਅਨਹੋਏ ਵਾਰ / 135
*-ਪ੍ਰੋ. ਪੂਰਨ ਸਿੰਘ*

• ਵਿਅਕਤੀ ਚਿਤਰ : ਸੇਵਕ ਕਉ ਸੇਵ ਬਨ ਆਈ / 162
*-ਰਣਜੀਤ ਸਿੰਘ ਐੱਮ.ਏ.*

• ਨਿਰਖ ਪਰਖ : ਮੋਹਨਜੀਤ ਦੀ ਕਵਿਤਾ 'ਕੋਣੇ ਦਾ ਸੂਰਜ' : ਖ਼ਾਹਸ਼ਾਂ ਮਾਰ ਕੇ ਪੱਥਰਾਂ ਵਿਚ ਲਿਖੀ ਰੂਹ ਦੀ ਕਵਿਤਾ / 168
*-ਯੋਗਰਾਜ*

• ਲੇਖ : ਰੰਗ : ਸੁਹਜ, ਸੰਵੇਦਨਾ ਤੇ ਚਿੰਤਨ / 185
*-ਜਤਿੰਦਰ ਸਿੰਘ*

• ਸਮਾਜ : ਹਾਇਪਰ ਰਿਆਲਟੀ ਅਤੇ ਪੰਜਾਬੀ ਸਮਾਜ / 190
*-ਹਰਸਿਮਰਨ ਕੌਰ*

• ਨਜ਼ਰੀਆ : 'ਕਾਰਗਿਲ' ਕਹਾਣੀ ਦਾ ਸਿਆਸੀ ਅਵਚੇਤਨ / 198
*-ਸਤਿੰਦਰਪਾਲ ਸਿੰਘ ਬਾਵਾ*

• ਬਾਲ ਕਹਾਣੀ : ਨਿੱਕੇ ਬੱਚਿਆਂ ਦਾ ਕਮਰਾ / 202
*-ਹਾਂਸ ਕ੍ਰਿਸਚੀਅਨ ਐਂਡਰਸਨ • ਅਨੁ : ਬਲਰਾਜ ਧਾਰੀਵਾਲ*

• ਸਰਵਕ :

**ਟਾਈਟਲ 1** : *ਚਿਤਾਪ੍ਰੋਸਾਦ ਭੱਟਾਚਾਰੀਆ*, ਬੰਗਾਲ ਦਾ ਮਕਬੂਲ ਪੇਂਟਰ। ਭੱਟਾਚਾਰੀਆ ਦੇ ਯਾਦਗਾਰੀ ਕੰਮਾਂ ਵਿਚ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਤੋਂ ਇਲਾਵਾ ਮੁੰਬਈ (1946) ਵਿਚ ਵਾਪਰੀ ਨੇਵਲ ਮਿਊਟਿਨੀ ਦੀ ਤ੍ਰਾਸਦੀ ਨੂੰ ਵੀ ਉਲੀਕਣਾ ਹੈ। ਕਾਵਿ ਸਤਰਾਂ : ਨਾਨਕ ਸਿੰਘ (ਖ਼ੂਨੀ ਵਿਸਾਖੀ ਵਿਚੋਂ)। ਅੱਖਰਕਾਰੀ : ਜਤਿੰਦਰ ਸਿੰਘ

**ਟਾਈਟਲ 2** : ਪੰਜਾਬ ਪੁਲਿਸ ਦੇ ਜਵਾਨ ਸਾਕਾ ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਂਦੇ ਹੋਏ। ਫੋਟੋ : *ਨਰਿੰਦਰ ਨਾਨੂ*

**ਟਾਈਟਲ 3** : ਮਨਜੀਤਪਾਲ ਤੇ ਸੁਖਚੈਨ ਦੀਆਂ ਤਸਵੀਰਾਂ

**ਟਾਈਟਲ 4** : ਮਹਿੰਦਰ ਸਿੰਘ ਮੋਚੀ (ਆਨੰਦਪੁਰ), ਫੋਟੋ : *ਗੁਰਦੀਪ ਸਿੰਘ*

*ਸ਼ਰਧਾਂਜਲੀ*

# ਮਨਜੀਤਪਾਲ ਕੌਰ ਦਾ ਤੁਰ ਜਾਣਾ

ਅਮਨਦੀਪ ਕੌਰ

ਆਧੁਨਿਕ ਪੰਜਾਬੀ ਸਾਹਿਤ ਦੇ ਖੇਤਰ ਵਿਚ ਮਨਜੀਤਪਾਲ ਕੌਰ ਦਾ ਵਿਲੱਖਣ ਤੇ ਅਹਿਮ ਸਥਾਨ ਹੈ। ਪੰਜਾਬੀ ਵਿਚ ਕਾਵਿ ਨਾਟ ਪਰੰਪਰਾ ਦਾ ਆਗਾਜ਼ ਕਰਨ ਵਾਲੀ ਲੇਖਕਾ ਵਜੋਂ ਮਨਜੀਤਪਾਲ ਕੌਰ ਦਾ ਵਿਸ਼ੇਸ਼ ਨਾਮ ਹੈ। ਕਾਵਿ-ਨਾਟ 'ਬੰਧਨ ਤੇ ਸਰਾਪ' (1998), 'ਸਾਹਿਬਾਂ' (1986), 'ਸੁੰਦਰਾਂ' (1994) ਅਤੇ ਗਦ ਨਾਟਕ 'ਸਬਾ' (2006), 'ਨੋ ਸਪੇਸ ਜ਼ੋਨ' (2014) ਤੋਂ ਇਲਾਵਾ 'ਰੇਤ ਦਾ ਸਮੁੰਦਰ' (1985), 'ਮਿਜ਼ਰਾਬ' (1992), 'ਆਪਾਂ ਨਾ ਮਿਲਦੇ' (1995), 'ਸੁਰਮਈ' (1999), 'ਅਹਿਸਾਸ' (2002), 'ਆਸਾਵਰੀ' (2003), 'ਕਾਇਨਾਤ' (2008), 'ਹਯਾਤੀ' (2008), 'ਤਾਸਿਰ' (2013) ਅਤੇ 'ਕੱਜਣ' (2016) ਉਨ੍ਹਾਂ ਦੇ ਕਾਵਿ-ਸੰਗ੍ਰਹਿ ਹਨ। ਅਨੁਵਾਦ ਵਿਚ 'ਅਯਪਾ : ਪਨਿਕਰ ਦੀਆਂ ਕਵਿਤਾਵਾਂ' (1961-81) ਤੋਂ ਇਲਾਵਾ ਆਲੋਚਨਾ ਦੇ ਖੇਤਰ ਵਿਚ ਵੀ ਅਹਿਮ ਭੂਮਿਕਾ ਨਿਭਾਈ।

ਮਨਜੀਤਪਾਲ ਦੁਆਰਾ ਰਚਿਤ ਸਾਹਿਤ ਮਾਨਵੀ ਰਿਸ਼ਤਿਆਂ, ਸਮਾਜ ਸਭਿਆਚਾਰ, ਨਾਰੀ ਸਰੋਕਾਰ, ਪਿਆਰ/ਮੁਹੱਬਤ/ਚਾਹਤ, ਵਰਜਿਤ ਰਿਸ਼ਤੇ, ਨਾਰੀ ਹੋਂਦ ਪ੍ਰਤੀ ਚੇਤਨਾ ਆਦਿ ਦੇ ਪ੍ਰਵਚਨ ਸਿਰਜਦੇ ਹਨ। ਮਨਜੀਤਪਾਲ ਕੌਰ ਨਾਰੀ ਸਰੋਕਾਰਾਂ ਨਾਲ ਸੰਬੰਧਤ ਔਰਤਾਂ ਦੇ ਅਹਿਸਾਸ, ਹਮਦਰਦੀ, ਪੀੜਾ, ਮਨੋਦਸ਼ਾ, ਸਮਾਜਕ ਸਥਿਤੀ, ਉਮੰਗਾਂ, ਖ਼ਾਹਿਸ਼ਾਂ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਸਹਿਜ ਰੂਪ ਵਿਚ ਪ੍ਰਗਟਾਉਂਦੀ ਹੈ।

ਮਨਜੀਤਪਾਲ ਕੌਰ ਮਾਨਵਪੱਖੀ ਸੋਚ ਦਾ ਸੰਵਾਦ ਰਚਾਉਣ ਵਾਲੀ ਸੰਵੇਦਨਸ਼ੀਲ ਸ਼ਾਇਰਾ ਤੇ ਨਾਟਕਕਾਰ ਹੈ। ਉਸ ਦੇ ਸਾਹਿਤ ਵਿਚਲੇ ਪ੍ਰੋਢ ਵਿਚਾਰ, ਜਜ਼ਬਾਤ ਤੇ ਅਹਿਸਾਸ ਉਸ ਨੂੰ ਜੀਵਨ ਪ੍ਰਤੀ ਹਾਂ-ਪੱਖੀ ਮੁੱਲਾਂ ਦੀ ਸਾਹਿਤਕਾਰ ਆਖਣ ਦੇ ਸਮਰੱਥ ਹਨ। ਮਨਜੀਤਪਾਲ ਦੀ ਕਵਿਤਾ ਅੰਦਰ ਅਜੋਕੇ ਮਨੁੱਖ ਦੇ ਡੂੰਘੇ ਅਹਿਸਾਸਾਂ ਦੀ ਸੋਝੀ ਹੈ, ਜਿਨ੍ਹਾਂ ਰਾਹੀਂ ਉਹ ਮਨੁੱਖ ਦੀਆਂ ਦੁਬਿਧਾਵਾਂ/ਤੰਗੀਆਂ/ ਤੁਰਸ਼ੀਆਂ ਤੇ ਜ਼ਿੰਦਗੀ ਦੇ ਵਿਭਿੰਨ ਰੰਗਾਂ ਨੂੰ ਬੜੀ ਸੁਹਿਰਦਤਾ ਨਾਲ ਚਿਤਦਰੀ ਹੈ।

ਮਨਜੀਤਪਾਲ ਦੀ ਕਵਿਤਾ ਪੰਜਾਬੀ ਨਿਜ਼ਾਮ ਅੰਦਰ ਨਰ ਨਾਰੀ ਦੇ ਵਿਭਿੰਨ ਸੰਬੰਧਾਂ ਨੂੰ ਨਾਰੀਵਾਦੀ ਦ੍ਰਿਸ਼ਟੀਕੋਣ ਰਾਹੀਂ ਵਿਚਾਰਦੀ, ਪਰਖਦੀ ਤੇ ਇਨ੍ਹਾਂ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਪੇਸ਼ ਕਰਦੀ ਹੈ। ਮਨਜੀਤਪਾਲ ਦੀ ਲੰਮੀ ਕਵਿਤਾ 'ਆਸਾਵਰੀ' ਵੀ ਨਾਰੀਵਾਦੀ ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤ ਵਿਚ ਹੁਣ ਤਕ ਦੀਆਂ ਲੰਮੀਆਂ ਕਵਿਤਾਵਾਂ ਵਿਚੋਂ ਵਿਸ਼ੇਸ਼ ਅਹਿਮੀਅਤ ਰੱਖਣ ਵਾਲੀ ਪੁਸਤਕ ਹੈ। ਜਿਸ ਵਿਚ ਉਸ ਨੇ ਨਿਰੋਲ ਨਾਰੀ ਚੇਤਨਾ ਨੂੰ ਹੀ ਪੇਸ਼ ਨਹੀਂ ਕੀਤਾ ਸਗੋਂ ਔਰਤ ਦੇ ਆਸ ਪਾਸ ਜੋ ਸਮਾਜਿਕ ਤੇ ਸਭਿਆਚਾਰਕ ਤੰਤਰ ਹੈ, ਉਸ ਨੂੰ ਵੀ ਪ੍ਰਗਟਾਇਆ ਹੈ। ਇਸ ਲਈ ਇਹ ਨਾਰੀ ਜੀਵਨ ਦੀਆਂ ਵੱਖ ਵੱਖ ਅਵਸਥਾਵਾਂ ਵੱਲ ਧਿਆਨ ਦੁਆਉਂਦੇ ਹੋਏ ਵੀ ਪੰਜਾਬੀ ਸਭਿਆਚਾਰਕ ਟੈਕਸਚਰ ਦੇ ਰੂਪ ਵਿਚ ਲਗਾਤਾਰ ਰੂਪਾਂਤਰਿਤ ਹੁੰਦੀ ਦਿਸਦੀ ਹੈ। ਉਦਾਹਰਣ ਦੇ ਤੌਰ 'ਤੇ ਇਸ ਕਵਿਤਾ ਦੀ ਨਾਇਕਾ (ਪੁੰਨਿਆ) ਦਾ ਜਨਮ ਅਤੇ ਉਸ ਦੇ ਨਾਲ-ਨਾਲ ਮਾਤਾ-ਪਿਤਾ ਦੇ ਚਾਅ ਤੇ ਚਿੰਤਾਵਾਂ ਦੋਵੇਂ ਸਮਾਨਾਂਤਰ ਰੂਪ ਵਿਚ ਫੈਲਦੇ ਹਨ। ਇਸ ਤਰ੍ਹਾਂ ਮਨਜੀਤਪਾਲ ਕੌਰ ਔਰਤ ਦੀ ਜ਼ਿੰਦਗੀ ਅਤੇ ਜਟਿਲ ਸਮੱਸਿਆਵਾਂ ਨੂੰ ਆਪਣੀ ਕਵਿਤਾ ਵਿਚ ਪੇਸ਼ ਕਰਦੀ ਹੈ। ਇਸ ਲੰਮੀ ਕਵਿਤਾ ਦਾ ਕੇਂਦਰ ਸਾਡੀਆਂ ਸੰਸਕ੍ਰਿਤਕ/ਸਭਿਆਚਾਰਕ ਰਹਿਤਲਾਂ ਦੇ ਪੈਟਰਨਾਂ ਨੂੰ ਲਗਾਤਾਰ ਰੂਪਮਾਨ ਕਰਦਾ ਹੈ। ਇਹ ਕਵਿਤਾ ਇਸੇ ਦ੍ਰਿਸ਼ਟੀ ਤੋਂ ਕੋਈ ਸਰਲ ਬਿਰਤਾਂਤ ਨਹੀਂ ਬਣਦਾ ਸਗੋਂ ਰਿਸ਼ਤਿਆਂ ਦੇ ਸਮੀਕਰਣਾਂ ਦੇ ਬਣਨ/ਵਿਗੜਨ ਵਿਚ ਇਹ ਕਵਿਤਾ ਵਧੇਰੇ ਜਟਿਲ ਹੋ ਨਿਬੜਦੀ ਹੈ। ਪਿਤਾ ਪੁਰਖ ਸੱਤਾ ਦਾ ਪ੍ਰਤੀਨਿਧੀ ਹੈ ਪਰੰਤੂ ਧੀ ਸੰਕਟਗ੍ਰਸਤ ਹੋਂਦ ਦੇ ਅਹਿਸਾਸ ਉਸ ਨੂੰ ਪਿਤਰਮੁਖੀ ਪ੍ਰਕਾਰਜਾਂ ਨਾਲ ਜੋੜਦੇ ਹਨ ਅਤੇ ਇਸੇ ਲਈ ਆਪਣੀ ਧੀ ਪੁੰਨਿਆ ਲਈ ਉਸ ਦੀ ਦ੍ਰਿਸ਼ਟੀ ਉਹ ਨਹੀਂ ਜੋ ਕਿ ਦੂਸਰੇ ਪੁਰਖ ਦੀ ਹੋ ਸਕਦੀ ਹੈ। ਪਿਤਾ ਦਾ ਪੁੰਨਿਆ ਨੂੰ ਸਮਾਜਕ ਵਰਜਣਾਵਾਂ ਦਾ ਉਲੰਘਣ ਨਾ ਕਰਨ ਦੇਣਾ ਇਥੇ ਪਿਤਰਮੁਖੀ ਦ੍ਰਿਸ਼ਟੀ ਦੇ ਨਾਲ-ਨਾਲ ਪਿਤਾਮੁਖੀ ਦ੍ਰਿਸ਼ਟੀ ਨੂੰ ਰੂਪਮਾਨ ਕਰਦਾ ਹੈ :

ਅੱਧੀ ਰਾਤ ਨੂੰ / ਤੁਰ ਪੈਂਦੀ ਪੁੰਨਿਆ / ਗਹੁਣ ਕੱਚੀਆਂ ਗਲੀਆਂ




ਬੰਦ ਬੂਹੇ ਖੋਲ੍ਹਦੀ / ਨੀਂਦਰ 'ਚ ਤੁਰਦੀ ਪੁੰਨਿਆ।

ਸੁੰਨ ਮਸਾਨ ਗਲੀਆਂ / ਸੱਨਾਟੇ ਦੇ ਬੋਲ ਸੁਣਦੀ
ਬੰਦ ਦਰਵਾਜ਼ੇ ਖੜਕਾਉਂਦੀ / ਕਦ ਪਰਤਦੀ / ਬਸ ਬਾਬਲ ਜਾਣਦਾ

ਮੋੜ ਲਿਆਉਂਦਾ / ਵਾਰ ਵਾਰ / ਅਣਕਿਆਸੇ ਰਾਹੋਂ। (ਕਾਵਿ ਪੁਸਤਕ 'ਆਸਾਵਰੀ' ਵਿਚੋਂ)

ਮਨਜੀਤਪਾਲ ਨੇ ਆਪਣੀ ਕਵਿਤਾ ਰਾਹੀਂ ਔਰਤ ਦੀ ਹੋਂਦ, ਅਜੋਕੇ ਸਮਾਜ ਸਭਿਆਚਾਰ 'ਚ ਔਰਤ ਦੀ ਸਥਿਤੀ, ਮਰਦ ਦੀ ਹਉਮੈ ਪ੍ਰਤੀ ਪ੍ਰਤੀਰੋਧ ਅਤੇ ਮੁਹੱਬਤ ਦੇ ਪ੍ਰਵਚਨਾਂ ਨੂੰ ਬੜੀ ਸੁਹਿਰਦਤਾ ਤੇ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ ਹੈ। ਉਸ ਦੀ ਕਵਿਤਾ ਵਿਚ ਪਿਆਰ ਨਾਇਕਾ ਲਈ ਸਮਰਪਣ ਵੀ ਹੈ ਅਤੇ ਨਾਲ ਹੀ ਉਲਾਂਭਾ ਵੀ ਹੈ। ਮਨਜੀਤਪਾਲ ਨਾਰੀ ਨਰ ਦੇ ਰਿਸ਼ਤਿਆਂ ਅਤੇ ਸਮੱਸਿਆਵਾਂ 'ਤੇ ਧਿਆਨ ਹੀ ਕੇਂਦ੍ਰਿਤ ਨਹੀਂ ਕਰਦੀ ਬਲਕਿ ਇਨ੍ਹਾਂ ਪਿੱਛੇ ਕਾਰਜਸ਼ੀਲ ਕਾਰਨਾਂ ਵੱਲ ਵੀ ਸੰਕੇਤ ਕਰਦੀ ਹੈ। ਜਿਨ੍ਹਾਂ ਕਰਕੇ ਨਾਰੀ ਦੀ ਸਮਾਜ ਵਿਚ ਦੁਜੈਲੀ ਸਥਿਤੀ ਬਣੀ ਹੋਈ ਹੈ। ਮਨਜੀਤਪਾਲ ਨੇ ਨਾਰੀ ਹੋਂਦ ਦੀ ਤ੍ਰਾਸਦੀ, ਨਾਰੀ ਜੀਵਨ ਨਾਲ ਸੰਬੰਧਤ ਸਮੁੱਚੇ ਸਰੋਕਾਰਾਂ/ਮਸਲਿਆਂ ਨੂੰ ਆਪਣੀਆਂ ਕਵਿਤਾਵਾਂ ਵਿਚ ਸੁਹਿਰਦ ਤਰੀਕੇ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਦੇ ਇਸ ਸਾਹਿਤਕ ਯੋਗਦਾਨ ਨਾਲ ਪੰਜਾਬੀ ਸਾਹਿਤ ਪਰੰਪਰਾ ਹੋਰ ਅਮੀਰ ਤੇ ਵਿਸ਼ਾਲ ਹੁੰਦੀ ਨਜ਼ਰ ਆਉਂਦੀ ਹੈ।

ਸੰਪਰਕ : 98145-80318

## ਮਨਜੀਤਪਾਲ ਦੇ ਅਣਪ੍ਰਕਾਸ਼ਿਤ ਕਾਵਿ-ਸੰਗ੍ਰਹਿ 'ਰੁੱਤਾਂ' ਵਿਚੋਂ ਕੁਝ ਕਵਿਤਾਵਾਂ

### *ਰਾਹ*

ਰਾਹ ਮੁਹੱਬਤ ਦੇ ਕਿਸੇ ਨੂੰ ਕਦ ਰਾਸ ਆਉਂਦੇ
ਤਲਬ, ਜਿਸ 'ਚ ਤਮੰਨਾਵਾਂ ਦੇ ਸਮੁੰਦਰ ਡੁੱਬ ਜਾਂਦੇ

ਬਾਰ ਬਾਰ ਲੱਗਦੇ ਠੇਡੇ
ਸੰਭਾਲਣ ਦੀ ਕੋਸ਼ਿਸ਼ 'ਚ ਹਰ ਵਾਰ
ਨਵੇਂ ਜ਼ਖ਼ਮ ਸਹੇੜ ਲੈਂਦੇ

ਮਿਲੀ ਕਿਸੇ ਨੂੰ ਕਦ ਇਸ ਰਾਹ 'ਤੇ ਜੱਨਤ
ਕੂਚਾ ਗਰਾਂ ਵੀ ਪਿੱਛੇ ਛੁੱਟ ਜਾਂਦੇ

ਰਾਹ ਮੁਹੱਬਤ ਦੇ
ਕਦ ਕਿਸੇ ਨੂੰ ਰਾਸ ਆਉਂਦੇ

### *ਬੰਦਗੀ*

ਉਮਰ ਸਾਰੀ ਇਕੋ ਚਾਹਤ 'ਚ ਲੰਘੀ
ਹੁਣ ਹੋਰ ਕੋਈ ਚਾਹਤ ਹੀ ਨਹੀਂ
ਐ ਦਿਲ, ਚਾਹਤਾਂ ਸਾਰੀਆਂ ਉਹਦੇ ਨਾਂ ਕਰ ਦੇ

ਲੰਘ ਗਈ
ਸਹਿਕਦਿਆਂ, ਸਿਸਕਦਿਆਂ ਲੰਘ ਗਈ
ਹੰਝੂਆਂ ਦੀ ਹਰ ਕਹਾਣੀ
ਉਹਦੇ ਨਾਂ ਕਰ ਦੇ, ਐ ਦਿਲ

ਦਰਦ 'ਚੋਂ ਵੀ ਹੁਣ ਮਜਾ ਆਉਣ ਲੱਗਿਆ
ਬੰਦਗੀ ਦਾ ਹਰ ਪੈਗ਼ਾਮ
ਉਹਦੇ ਨਾਂ ਕਰ ਦੇ, ਐ ਦਿਲ
ਉਮਰ ਸਾਰੀ ਉਹਦੇ ਨਾਂ ਕਰ ਦੇ, ਐ ਦਿਲ

ਇੰਝ ਨਹੀਓਂ ਹੁੰਦਾ
ਬੰਦਾ ਬੜੀ ਅਜੀਬ ਸ਼ੈਅ
ਹਾਲਾਤ; ਸਥਿਤੀਆਂ ਕੁਝ ਵੀ
ਵਸ ਨਹੀਓਂ ਰਹਿੰਦੇ
ਦਿਲ ਬੇਬਸੀਆਂ 'ਚੋਂ ਹਰ ਪਲ ਨਿਕਲਣਾ ਚਾਹੁੰਦਾ
ਗੁੰਮਿਆ ਲੱਭਦਾ
ਉਹ ਨਹੀਓਂ ਹੁੰਦਾ
ਬੰਦਗੀ ਇਬਾਦਤ ਦੇ ਮਾਅਇਨੇ
ਬਦਲਦੇ ਰਹਿੰਦੇ

ਐ ਦਿਲ, ਚਾਹਤਾਂ ਬਦਲ ਜਾਂਦੀਆਂ

## *ਲੇਖ*

ਕੈਸੇ ਲਿਖੇ ਲੇਖ, ਮਾਲਕਾ
ਵੇ ਕੈਸੇ ਲਿਖੇ ਲੇਖ
ਬੇਹਿਸਾਬ ਖ਼ੁਸ਼ੀਆਂ
ਬੇਇੰਤਹਾ ਦੁੱਖ
ਹਿੱਸੇ ਅਲੇਖ

ਮਿਲਦੇ ਸੀ ਤਾਂ ਰੁੱਤਾਂ ਮੌਲ ਪੈਂਦੀਆਂ
ਫੁੱਲਾਂ ਨਾਲ ਪਟਾਰੀਆਂ ਭਰ ਜਾਂਦੀਆਂ
ਚੰਦਰੇ ਲੋਕ ਨਾ ਜਰਦੇ ਵੇਖ

ਤਿਤਲੀਆਂ ਫੁੱਲਾਂ 'ਚ ਵਸਣਾ ਭੁੱਲ ਗਈਆਂ
ਕਲੀਆਂ ਭੌਰਿਆਂ ਨਾਲ ਮੁੜ ਨਾ ਹੱਸੀਆਂ
ਹਿਜ਼ਰਾਂ ਦੇ ਫੱਟ ਹੋਏ ਹਰੇ ਢੇਰ
ਕਾਲਜੇ 'ਚ ਮੱਠੀ ਮੱਠੀ ਪੀੜ ਰਵ੍ਹੇ
ਸੁਣ ਸੁਣ ਸੁਗੰਧੀਆਂ ਨੂੰ ਗਸ਼ ਪਵੇ
ਚਾਨਣੀ ਦੇ ਢਿੱਡ ਵੀ ਸੂਲ ਰਵ੍ਹੇ
ਕੈਸੇ ਲਿਖੇ ਲੇਖ

## *ਕਵਿਤਾ*

ਕਵਿਤਾ ਲਿਖਣਾ
ਕਦੀ ਕਦੀ ਮਾਂ ਨੂੰ ਮਿਲਣ ਵਰਗੀ ਗੱਲ ਹੁੰਦੀ ਐ

ਧੀ ਨੂੰ ਤੋਰ
ਬਾਬਲ ਦਾ ਲਿਆ ਊਭਾ ਸਾਹ ਹੁੰਦੀ ਐ
ਕਵਿਤਾ ਕਦੀ ਕਦੀ
ਸਖੀ ਨੂੰ ਗੁੱਝਾ ਖ਼ਤ ਹੁੰਦੀ ਐ

ਕਵਿਤਾ ਕਦੀ ਕਦੀ ਕਿਸੇ ਅਜਨਬੀ ਨੂੰ ਮਿਲ ਕੇ
ਮੋਖ਼ਸ਼ ਵੱਲ ਨੂੰ ਖੁੱਲ੍ਹਿਆ ਰਾਹ ਹੁੰਦੀ ਐ
ਕਵਿਤਾ ਲਿਖ ਲੱਗਦਾ ਕਦੀ ਕਦੀ
ਖ਼ੁਸ਼ੀਆਂ ਦੀ ਪਾਈ ਕੋਈ
ਇੰਤਹਾ ਹੁੰਦੀ ਐ

ਕਵਿਤਾ ਲਿਖਣਾ
ਦੁੱਖ ਸਹਿਣ ਕਰ ਸਿੱਖਣਾ
ਪੀੜਾ ਦਾ ਆਖਰੀ ਪੜਾਅ ਹੁੰਦੀ ਐ

ਕਵਿਤਾ ਲਿਖਣਾ ਆਪਣੇ ਆਪ ਨਾਲ ਕੀਤੀ
ਵੱਖਰੀ, ਨਿਆਰੀ, ਬੜੀ ਪਿਆਰੀ, ਦੁਲਾਰੀ
ਜੱਗੋ ਬਾਹਰੀ ਕੋਈ ਗੱਲ ਹੁੰਦੀ ਐ ਕਦੀ ਕਦੀ

*ਸ਼ਰਧਾਂਜਲੀ*

# ਸੁਖਚੈਨ ! ਮੇਰਾ ਯਾਰ, ਨਹੀਂ ਰਿਹਾ

ਪ੍ਰਦੀਪ ਬੋਸ

ਮੇਰਾ ਯਾਰ ਸੁਖਚੈਨ, ਸਿਰਫ਼ 66 ਵਰ੍ਹੇ ਅਤੇ 14 ਦਿਨਾਂ ਦੀ ਉਮਰ ਵਿਚ ਹੀ 27 ਅਕਤੂਬਰ 2019 ਨੂੰ ਪੂਰਾ ਹੋ ਗਿਆ। ਸੁਖਚੈਨ ਢਿੱਲਾ-ਢਾਲਾ, ਖਿੱਲਰਿਆ ਜਿਹਾ, ਆਪਣੀ ਦਾੜ੍ਹੀ 'ਚ ਸਦਾ ਕੁੰਡਲਾਂ ਪਾਉਂਦਾ ਰਹਿੰਦਾ, ਪਰ ਸੀ ਬੜੇ ਹੀ ਤੇਜ਼ ਦਿਮਾਗ਼ ਵਾਲਾ ਬੰਦਾ। ਉਸ ਨੂੰ ਸੂਟ-ਬੂਟ ਪਾਏ, ਕਮੀਜ਼ਾਂ ਉੱਤੇ ਪੈਂਟਾਂ ਨੂੰ ਬੈਲਟਾਂ ਰਾਹੀਂ ਕੱਸਣ ਵਾਲੇ ਬੰਦੇ ਬੜੇ ਅਜੀਬ ਲੱਗਦੇ ਸੀ। ਸਾਹਿਤਕ ਆਲੋਚਕਾਂ ਨੂੰ ਉਹ ਪਿਲਪਿਲੇ ਬੰਦੇ ਆਖਦਾ ਸੀ। ਪਰ ਅਤਿ ਜਜ਼ਬਾਤੀ ਸੁਖਚੈਨ, ਕਵਿਤਾ ਬਹੁਤ ਵਧੀਆ ਲਿਖਦਾ ਸੀ, ਜਿਵੇਂ :

> ਕੁੜੀ ਰੇਸ਼ਮੀ ਦੁੱਧ ਦੀ ਕੇਸਰੀ ਝੀਲ ਸੀ / ਸਤਰੰਗੇ ਬੱਦਲਾਂ ਵਿਚ ਉਡਦੀ ਨੀਲੀ ਕਬੂਤਰੀ ਸੀ
> ਕੁੜੀ ਪਿੰਡ ਦੇ ਅਸਮਾਨ 'ਤੇ ਵੱਜਦੀ ਬੀਨ ਸੀ / ਪਿੰਡ ਦੇ ਜੱਟਾਂ ਦੀਆਂ ਅੱਖਾਂ 'ਚ ਝੂਮਦੀ ਬੱਲੀ ਸੀ
> ਖੂਹ ਦੀਆਂ ਟਿੰਡਾਂ 'ਚ ਛਲਕਦਾ ਪਾਣੀ ਸੀ
>
> ਹੱਸਦੀ ਤਾਂ ਫੁੱਲ ਕਿਰਦੇ / ਰੋਂਦੀ ਤਾਂ ਅੰਗਾਰੇ ਵਰ੍ਹਦੇ
> ਕੁੜੀ ਖੂਹ ਤੇ ਪੱਤਣ 'ਤੇ ਨ੍ਹਾਉਂਦੀ ਮਛਲੀ ਸੀ / ਕਾਲੇ ਜੋਗੀਆਂ ਦੇ ਨਸੀਬਾਂ ਦਾ ਹਉਕਾ ਸੀ
> ਮਾਹੀਗੀਰਾਂ ਦੀਆਂ ਤਾਰੇ ਗਿਣਦੀਆਂ ਅੱਖਾਂ 'ਚ / ਲੰਘਦੀਆਂ ਰਾਤਾਂ ਸਨ

1975 ਵਿਚ ਜਦੋਂ ਮੈਂ ਪਹਿਲੀ ਵਾਰ ਉਸ ਨੂੰ ਮਿਲਿਆ ਤਾਂ ਉਹ ਸੁਖਚੈਨ ਮਿਸਤਰੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਵਿਚ ਐੱਮ.ਐੱਸ.ਸੀ. ਪਲਾਂਟ ਬਰੀਡਿੰਗ ਦਾ ਵਿਦਿਆਰਥੀ ਹੁੰਦਾ ਸੀ। ਉਸੇ ਸਾਲ, ਜਦੋਂ ਮੈਂ ਉਸ ਦੇ ਪਿੰਡ ਗੋਸਲਾਂ ਗਿਆ ਤਾਂ ਮੈਨੂੰ ਉਸ ਦੇ ਪਰਿਵਾਰ ਦੇ ਬੰਦੇ ਮਿਸਤਰੀਆਂ ਦਾ ਕੰਮ ਕਰਦੇ ਦਿਸੇ। ਸੁਖਚੈਨ ਨੂੰ ਇਕ ਹਿੰਦੀ ਦੇ ਰਸਾਲੇ ਵਿਚ ਛਪੀ (ਹਿੰਦੀ) ਕਵਿਤਾ ਲਈ ਯੂ.ਪੀ. ਸਰਕਾਰ ਵੱਲੋਂ 5000 ਰੁਪਈਏ ਦਾ ਇਨਾਮ ਵੀ 1975 ਵਿਚ ਹੀ ਮਿਲਿਆ। 1976 ਤਾਈਂ ਸਾਡੇ ਚਾਰ ਵਿਦਿਆਰਥੀ ਲਿਖਾਰੀਆਂ ਦਾ ਬੜਾ ਪ੍ਰੇਮੀ ਸੱਥ ਬਣ ਕੇ ਉਭਰਿਆ। ਇਸ ਵਿਚ ਸੁਖਚੈਨ ਅਤੇ ਮੇਰੇ ਤੋਂ ਇਲਾਵਾ ਅਮਰਜੀਤ ਗਰੇਵਾਲ ਤੇ ਗੁਰਸ਼ਰਨ ਰੰਧਾਵਾ ਸਨ। ਅਸੀਂ ਚਾਰੇ ਸੁਰਜੀਤ ਪਾਤਰ ਦੇ ਘਰ ਜਾ ਕੇ ਡੇਰਾ ਜਮਾਉਂਦੇ ਸੀ। ਆਪਣੀ ਐੱਮ.ਐੱਸ.ਸੀ. ਪੂਰੀ ਕਰਕੇ ਉਹ 1979 ਤੋਂ ਪੀ.ਏ.ਯੂ. ਦੇ ਕਈ ਖੋਜ ਵਿਸਤਾਰ ਕੇਂਦਰਾਂ (ਮੋਗਾ, ਗੁਰਦਾਸਪੁਰ, ਆਦਿ) ਵਿਚ ਲੱਗਿਆ ਰਿਹਾ। ਉਹ ਭਾਵੇਂ ਜਿਥੇ ਵੀ ਲੱਗਿਆ ਹੁੰਦਾ, ਹਰ ਦੋ ਮਹੀਨਿਆਂ ਬਾਅਦ ਮੈਨੂੰ ਮਿਲਣ ਮਤੇਵਾੜਾ (ਲੁਧਿਆਣਾ) ਦੇ ਸਰਕਾਰੀ ਗਾਂਵਾਂ ਦੇ ਫਾਰਮ ਉੱਤੇ ਆ ਜਾਂਦਾ। ਉਸ ਨੇ 1980 ਵਿਚ ਅੰਮ੍ਰਿਤਸਰ ਦੀ ਇਕ ਸਕੂਲ ਅਧਿਆਪਕਾ ਨਾਲ ਵਿਆਹ ਕੀਤਾ, ਜਿਸ ਤੋਂ ਉਨ੍ਹਾਂ ਦਾ ਪੁੱਤ ਗਗਨ ਜੰਮਿਆ (ਗਗਨ ਹੁਣ ਸਿਸਕੋ ਦੇ ਕੈਲੀਫੌਰਨੀਆ ਵਿਚ ਦਫ਼ਤਰ ਵਿਚ ਨੌਕਰੀ ਕਰਦਾ ਹੈ)। ਪਰ ਸੁਖਚੈਨ ਅਤੇ ਉਸ ਦੀ ਪਹਿਲੀ ਪਤਨੀ ਦਾ ਛੇਤੀ ਹੀ ਵਖਰੇਵਾਂ ਹੋ ਗਿਆ। ਸੁਖਚੈਨ ਗਗਨ ਨੂੰ ਆਪਣੇ ਨਾਲ ਲੈ ਆਇਆ। ਜਿਸ ਨੂੰ ਉਸ ਦੀ ਦੂਜੀ ਪਤਨੀ ਅਮਰਜੀਤ ਨੇ ਪਾਲਿਆ। ਸਾਡਾ ਮਿਲਣ ਦਾ ਸਿਲਸਿਲਾ 1984 ਵਿਚ ਟੁੱਟ ਗਿਆ, ਜਦੋਂ ਕਿ ਮੈਂ ਆਪਣੀ ਵੈਟਨਰੀ ਡਾਕਟਰੀ ਦੀ ਨੌਕਰੀ ਛੱਡ ਗੁਜਰਾਤ ਚਲਾ ਗਿਆ। ਮੈਂ ਉਸ ਨੂੰ 23 ਵਰ੍ਹਿਆਂ ਬਾਅਦ 2007 ਵਿਚ ਮਿਲਿਆ ਤਾਂ ਉਸ ਵਿਚੋਂ ਮਿਸਤਰੀ ਮਨਫ਼ੀ ਹੋ ਗਿਆ ਸੀ ਤੇ ਉਹ ਨਿਰਾ ਸੁਖਚੈਨ ਰਹਿ ਗਿਆ ਸੀ। ਉਸ ਦੀਆਂ ਬਾਅਦ ਦੀਆਂ ਕਵਿਤਾਵਾਂ ਵੀ ਸੋਹਣੀਆਂ ਸਨ। ਉਸ ਦੀ ਅਨੀਤਾ ਸੀਰੀਜ਼ ਦੀਆਂ ਕਵਿਤਾਵਾਂ ਵਿਚੋਂ ਇਕ ਥੱਲੇ ਪੇਸ਼ ਹੈ :

> ਅਨੀ, ਮੈਂ ਆਖ਼ਰ ਰੇਤ ਦਾ ਕਬੂਤਰ ਬਣ ਜਾਵਾਂਗਾ / ਇਹ ਸੋਚ ਕੇ ਮੈਂ ਉਦਾਸ ਹੋ ਜਾਂਦਾ ਹਾਂ
> ਅਨੀ, ਕਾਸ਼ ਮੈਂ ਖਰਗੋਸ਼ ਬਣ ਸਕਦਾ / ਜੀਹਦੇ ਨਾਲ ਤੂੰ ਕਿਸੇ ਭੋਲੀ ਭਾਲੀ ਬੱਚੀ ਵਾਂਗ ਖੇਡਿਆ ਕਰਦੀ
> ਅਨੀ, ਕਾਸ਼ ਮੈਂ ਤੇਰੀ ਖ਼ਾਤਰ ਇਕ ਪਤੰਗ ਬਣ ਸਕਦਾ

ਜੀਹਨੂੰ ਤੂੰ ਸਿਆਲਾਂ ਦੀ ਕੋਸੀ ਕੋਸੀ ਧੁੱਪ ਵਿਚ ਉਡਾਉਂਦੀ ਫਿਰਦੀ

ਅਨੀ, ਸਾਨੂੰ ਕੀ ਪਤਾ ਸੀ ਕਿ ਅਸੀਂ ਅਜਨਬੀਆਂ ਵਾਂਗ / ਇਕ ਚਾਹ ਦੇ ਪਿਆਲੇ ’ਤੇ ਮਿਲਾਂਗੇ
ਤੇ ਚਿਰ-ਪਰੀਚਿਤ ਅਜਨਬੀ ਬਣ ਕੇ ਵਿਛੜ ਜਾਵਾਂਗੇ

ਅਨੀ, ਮੈਨੂੰ ਤਾਂ ਪਤਾ ਹੀ ਨਹੀਂ ਸੀ / ਕਿ ਜਦੋਂ ਸੰਗੀਤ ਦੀਆਂ ਗੱਲਾਂ ਹੋਣਗੀਆਂ ਤਾਂ ਮੈਨੂੰ ਪਤਾ ਲੱਗੇਗਾ
ਕਿ ਮੈਂ ਆਪਣੀਆਂ ਮਾਂ ਦੀਆਂ ਗਾਲ੍ਹਾਂ / ਤੇ ਨੀਲੇ ਅਸਮਾਨ ਥੱਲੇ ਖੇਤਾਂ ’ਚ ਵਜਦੀ ਹਵਾ ਦੇ
ਸੰਗੀਤ ਤੋਂ ਹੀ ਵਾਕਫ਼ ਹਾਂ / ਰਾਗਾਂ ਅਤੇ ਰਾਗਣੀਆਂ ’ਚ ਜੋ ਸੰਗੀਤ ਹੈ
ਦਰਅਸਲ ਉਸਤਾਦਾਂ ਦੀ ਹਸਤ-ਕ੍ਰੀੜਾ ਹੈ

ਅਨੀ, ਮੇਰੀ ਅੱਖ ਦੇ ਹੰਝੂ ’ਚ ਤੇਰਾ ਨਾਂ ਹੈ / ਜੋ ਮੇਰੇ ਸਫ਼ੈਦ ਰੁਮਾਲ ਦੇ ਮਾਰੂਥਲ ’ਚ ਸੁੱਕ ਜਾਂਦਾ ਹੈ
ਮੇਰੇ ਹੱਥਾਂ ਦੀਆਂ ਲਕੀਰਾਂ ਵਿਚ ਤੇਰਾ ਚਿਹਰਾ ਹੈ / ਜੋ ਮੇਰੀਆਂ ਰਾਤਾਂ ’ਚ ਉੱਗਦਾ ਸੂਰਜ ਹੈ
ਮੇਰੇ ਪੈਰਾਂ ਦੀਆਂ ਅੱਡੀਆਂ ’ਚ ਇਕ ਨੰਨ੍ਹੀ ਕੁੜੀ ਹੈ / ਜੋ ਮੈਨੂੰ ਅੰਗੂਠਾ ਦਿਖਾ ਕੇ ਖਿਝਾਉਂਦੀ ਹੈ

ਅਤੇ

ਸਾਡੀਆਂ ਔਰਤਾਂ / ਸਾਡੀਆਂ ਮਾਵਾਂ, ਧੀਆਂ, ਭੈਣਾਂ, ਪਤਨੀਆਂ
ਭਰ ਦਿੰਦੀਆਂ ਹਨ ਸਾਡੇ ਇਕਲਾਪੇ ਨੂੰ ਜਿਵੇਂ ਰੰਗ ਭਰ ਦਿੰਦੇ ਹਨ ਤਸਵੀਰ ਨੂੰ
ਜਿਵੇਂ ਸੁਰਾਂ ਭਰ ਦਿੰਦੀਆਂ ਹਨ ਖ਼ਾਲੀ ਪ੍ਰਭਾਤ ਨੂੰ
ਸਾਡੀਆਂ ਔਰਤਾਂ ਕੁਦਰਤ ਦਾ ਨਿਆਮਤ ਹਨ / ਧਰਤੀ ’ਤੇ ਵਿਚਰਦਾ ਸਵਰਗ ਹਨ

ਸੁਖਚੈਨ ਨੇ ਸਤਿੰਦਰ ਬਜਾਜ ਦੀਆਂ ਅੰਗਰੇਜ਼ੀ ਕਵਿਤਾਵਾਂ ਦਾ ਪੰਜਾਬੀ ਵਿਚ ਉਲਥਾ ਕੀਤਾ ਅਤੇ ‘ਹੁਨਾਲੀ ਧੁੱਪ’ ਸਿਰਨਾਵੇਂ ਹੇਠ 1976 ਵਿਚ ਛਪਵਾਇਆ। ਉਸ ਨੇ ਪਾਸ਼ ਉੱਤੇ ਛਪੀ ਕਿਤਾਬ ‘ਵਰਤਮਾਨ ਦੇ ਰੂਬਰੂ’ ਦਾ ਪਾਤਰ ਤੇ ਚਮਨ ਲਾਲ ਨਾਲ ਸਹਿ-ਸੰਪਾਦਨ ਵੀ ਕੀਤਾ। ਪਰ ਡਾ. ਸੁਖਚੈਨ ਦੀਆਂ ਦੋ ਮੂਲ ਰਚਨਾਵਾਂ ‘ਮਿੱਟੀ ਦਾ ਮੋਰ’ ਅਤੇ ‘ਘਰ’ ਹੀ ਹਨ। ਕੁਲ ਕਰੀਬਨ 125 ਕਵਿਤਾਵਾਂ। ਪਰ ਇਨ੍ਹਾਂ ਨਜ਼ਮਾਂ ਤੋਂ ਬਾਹਰ, ਉਸ ਦੀਆਂ ਤਕਰੀਬਨ 30 ਕੁ ਹੋਰ ਰਸਾਲਿਆਂ ’ਚ ਛਪੀਆਂ ਕਵਿਤਾਵਾਂ ਵੀ ਹਨ, ਜਿਨ੍ਹਾਂ ਦਾ ਵੱਖਰਾ ਸੰਗ੍ਰਹਿ ਛਾਪਿਆ ਜਾ ਸਕਦਾ ਹੈ। ਜਿਵੇਂ ਕਿ ‘ਯੁੱਧ’ ਨਾਂ ਵਾਲੀ ਉਸ ਦੀ ਕਵਿਤਾ ‘ਵਾਹਗਾ’ ਦੇ ਪਹਿਲੇ ਅੰਕ ਵਿਚ ਛਪੀ ਸੀ, ਜਿਹੜੀ ਕਿਸੇ ਕਿਤਾਬ ’ਚ ਸ਼ਾਮਲ ਨਹੀਂ :

ਯੁੱਧ ਵਿਚ ਖੜਕਦੀਆਂ ਨੇ ਤਲਵਾਰਾਂ ਵੀ / ਰੁਮਕਦੀਆਂ ਢਾਡੀਆਂ ਦੀਆਂ ਵਾਰਾਂ ਵੀ
ਤੁਹਾਡੀ ਜੰਗ ਨਾਲ ਤੁਸੀਂ ਆਪ ਤੁਰਦੇ ਹੋ / ਤੁਹਾਡਾ ਪੂਰਾ ਇਤਿਹਾਸ ਤੁਰਦਾ ਹੈ
ਤੁਹਾਡੀ ਸਭਿਅਤਾ ਤੁਰਦੀ ਹੈ / ਸ਼ਬਦ ਦੇ ਨਾਲ ਨਾਲ ਮਨੁੱਖ ਦੀ ਅਣਖ ਤੁਰਦੀ ਹੈ
ਤੁਹਾਡਾ ਸੰਤਾਪ ਤੁਰਦਾ ਹੈ ਤੁਹਾਡੀ ਖ਼ੁਸ਼ੀ ਤੁਰਦੀ ਹੈ...

ਸੁਖਚੈਨ ਬੜਾ ਦਿਲਦਾਰ ਦੋਸਤ ਸੀ। ਹਰ ਸਾਲ ਵਾਂਗ ਗਰਮੀਆਂ ਦੀ ਛੁੱਟੀਆਂ ਕੱਟਣ ਜਦੋਂ ਮੈਂ 1977 ਵਿਚ ਬੰਗਾਲ ਗਿਆ ਤਾਂ ਉਸ ਨੇ ਮੈਨੂੰ ਮੇਰੇ ਪਸੰਦੀਦਾ ਬੰਗਾਲੀ ਕਵੀਆਂ (ਬਿਸ਼ਣੂ ਦੇ, ਸੁਭਾਸ਼ ਮੁਖੋਪਾਧਿਆਇ ਅਤੇ ਜੀਵਨਾਨੰਦ ਦਾਸ) ਦੀਆਂ ਕਿਤਾਬਾਂ ਖਰੀਦਣ ਲਈ ਲੁਧਿਆਣੇ ਤੋਂ 300 ਰੁਪਈਆਂ ਦਾ ਮਨੀਆਰਡਰ ਘੱਲਿਆ। ਸੁਖਚੈਨ ਜਿੰਨਾ ਦਿਲਦਾਰ ਸੀ, ਓਨਾ ਕਮਲਾ ਵੀ ਸੀ। ਮੈਂ ਆਪਣੇ ਇਕ ਮੁੰਡੇ ਦੇ ਵਿਆਹ ਲਈ ਸੰਨ 2011 ਵਿਚ ਉਸ ਨੂੰ ਮੇਲ ਘੱਲਿਆ—ਮੇਰੇ ਮੁੰਡੇ ਦੇ ਵਿਆਹ ਤੇ ਹਾਜ਼ਰ ਹੋ ਕੇ ਮਿਹਰਬਾਨੀ ਕਰੀਂ। ਉਹ ਕਾਰ ਚੁੱਕ ਕੇ ਹਿਮਾਚਲ ਦੇ ਹਮੀਰਪੁਰ ਵਿਖੇ ਸ਼ਾਂਦੀ ਅਟੈਂਡ ਕਰਨ ਇਕ ਦਿਨ ਪਹਿਲਾਂ ਹੀ ਹਾਜ਼ਰ ਹੋ ਗਿਆ। ਜਦੋਂ ਮੈਂ ਆਪਣੇ ਦੂਜੇ ਮੁੰਡੇ ਦੇ ਵਿਆਹ ’ਤੇ ਸੰਨ 2014 ਵਿਚ ਹੂਬਹੂ ਇਹੋ ਮੇਲ ਪਾਇਆ ਤਾਂ ਉਸ ਦਾ ਜੁਆਬ ਆਇਆ—ਤੇਰੇ ਸੱਦੇ ਵਿਚ ਨਿੱਘ ਨਹੀਂ ਹੈ, ਇਸ ਲਈ ਮੈਂ ਨਹੀਂ ਆ ਰਿਹਾ। ਸਾਡਾ ਇਕ ਘੜੀ ਦਾ ਹੱਸਣ ਵਾਲਾ ਤੇ ਦੂਜੀ ਘੜੀ ਰੋਣ ਵਾਲਾ ਯਾਰ ਸੁਖਚੈਨ, ਆਪਣੀਆਂ ਯਾਦਾਂ ਕਾਰਨ ਸਾਡੇ ਵਿਚਾਲੇ ਸਦਾ ਅਮਰ ਰਹੂਗਾ।

ਸੰਪਰਕ : 9950591235

## *ਜਲਿਆਂਵਾਲਾ*

ਤੇਰਾਂ ਅਪ੍ਰੈਲ ਉੱਨੀ ਸੌ ਉੱਨੀ

2 ਅਤੇ 9 ਗੋਰਖਾ ਰਾਈਫ਼ਲਜ਼
59 ਸਿੰਧ ਰਾਈਫ਼ਲਜ਼
54 ਸਿੱਖ ਰਜਮੈਂਟ
ਦੇ ਸਿਪਾਹੀਆਂ ਦੀ ਉਂਗਲਾਂ
ਥ੍ਰੀ ਨਾਟ ਥ੍ਰੀ ਐਨਫ਼ੀਲਡ ਰਾਈਫਲਾਂ ਦੇ
ਘੋੜੇ ਦੱਬਣ ਵੇਲੇ ਕੰਬੀਆਂ ਜਾਂ ਨਹੀਂ
ਪਤਾ ਨਹੀਂ

ਪਰ ਬਾਗ਼ ਦੇ ਬੂਹੇ ਵਿਚੋਂ ਬਾਹਰ ਭੱਜਦੇ
ਵੀਹ ਹਜ਼ਾਰ ਲੋਕਾਂ ਤੇ ਸੇਧੀਆਂ ਹੋਈਆਂ
ਤੇ ਮੁੱਕ ਜਾਣ ਤੀਕ ਚਲਦੀਆਂ ਰਹੀਆਂ
ਸਾਢੇ ਸੋਲਾਂ ਸੌ ਗੋਲੀਆਂ
ਨਾਲ਼ ਵਿਚੋਂ ਨਿਕਲਣ ਮਗਰੋਂ
ਕੰਬੀਆਂ ਨਹੀਂ
ਅਟਕੀਆਂ ਨਹੀਂ
ਪਰਤੀਆਂ ਵੀ ਨਹੀਂ...

ਮਰਨ ਵਾਲੇ 379 ਸਨ ਜਾਂ 1500
ਪਤਾ ਨਹੀਂ
ਪਰ ਇਹ ਪਤਾ ਹੈ ਜ਼ਰੂਰ ਕਿ
ਭੁੱਖ ਹੱਥੋਂ ਹਾਰ ਜਾਣ ਵਾਲਾ ਧਰਮ
ਸਰਕਾਰੀ ਹੁਕਮ ਅੱਗੇ ਝੁਕ ਜਾਣ ਵਾਲਾ ਧਰਮ
ਜਾਂ ਕਿਸੇ ਸਰਕਾਰ ਦਾ ਪ੍ਰਚਲਤ ਧਰਮ
ਬਚਾਅ ਸਕਦਾ ਹੁੰਦਾ ਸਾਨੂੰ ਤਾਂ
90 ਸਿੱਖ ਬਲੋਚ ਗੋਰਖੇ ਤੇ ਰਾਜਪੂਤ
ਸਿਪਾਹੀਆਂ ਦੀਆਂ ਰਫਲਾਂ ਵਿਚੋਂ
ਇਕ ਗੋਲੀ ਵੀ ਨਹੀਂ ਸੀ ਚੱਲਣੀ
ਜਲਿਆਂਵਾਲਾ ਬਾਗ਼ ਵਿਚ...

ਤੇਰਾਂ ਅਪ੍ਰੈਲ ਵੀਹ ਸੌ ਉੱਨੀ

ਪਰ
ਸੌ ਸਾਲ ਮਗਰੋਂ ਵੀ ਸਾਨੂੰ
ਇਹ ਪਤਾ ਹਾਲੇ ਲੱਗਾ ਨਹੀਂ
ਏਸੇ ਕਰਕੇ
ਧਰਮ ਦੇ ਨਾਂ 'ਤੇ ਵੰਡਣ ਵਾਲਿਆਂ ਨੂੰ
ਵੋਟ ਪਾਵਾਂਗੇ ਅਸੀਂ

ਤੇ ਮੁੜ ਮੁੜ ਵੰਡੇ ਜਾਵਾਂਗੇ ਅਸੀਂ ਸਾਰੇ
ਸਿੱਖ ਬਲੋਚ ਗੋਰਖੇ ਤੇ ਰਾਜਪੂਤਾਂ ਵਿਚ
ਕਿਉਂਕਿ ਰਲ ਕੇ ਜੀਣ ਲਈ ਤਿਆਰ
ਅਸੀਂ ਅੱਜ ਵੀ ਨਹੀਂ

ਸ਼ਾਇਦ ਚੰਗੇ ਸਾਂ ਅਸੀਂ
ਸੌ ਸਾਲ ਪਹਿਲਾਂ
ਉਸ ਦਿਨ ਰਲ ਕੇ ਮਰੇ ਤਾਂ ਸਾਂ ਅਸੀਂ
ਜਲਿਆਂਵਾਲਾ ਬਾਗ਼ ਵਿਚ...

## *ਅਸੀਂ*

ਸੰਨ ਸੰਤਾਲੀ
ਵਾਪਰਿਆ ਨਾ ਹੁੰਦਾ
ਸੰਨ ਵੀਹ ਸੌ ਉੱਨੀ ਵਿਚ
ਹਮਲਾ ਕਰਦਾ ਚੀਨ—ਸਿੰਧ ਉੱਤੇ
ਤਾਂ ਜਹਾਜ਼ ਇੰਡੀਅਨ ਏਅਰ ਫ਼ੋਰਸ ਦੇ ਉੱਡਦੇ
ਆਦਮਪੁਰ ਤੋਂ ਕਰਾਚੀ ਤਕ

ਅੱਜ ਉਹ ਉੱਡਦੇ ਨੇ
ਆਦਮਪੁਰ ਤੋਂ ਸ੍ਰੀਨਗਰ ਤਕ

ਅਸੀਂ ਉਹ ਨਹੀਂ ਬਣਦੇ
ਜੋ ਸੋਚਦੇ ਹਾਂ ਅਸੀਂ
ਅਸੀਂ ਉਹ ਨਹੀਂ ਹੁੰਦੇ
ਜੋ ਹੋਣਾ ਚਾਹੁੰਦੇ ਹਾਂ
ਜੋ ਹੋਣਾ ਚਾਹੀਦਾ ਹੈ ਸਾਨੂੰ

ਅਸੀਂ ਰਹਿ ਜਾਂਦੇ ਹਾਂ
ਉਹੀ ਹੋ ਕੇ
ਜੋ ਕਰ ਦਿੱਤਾ ਜਾਂਦਾ ਹੈ ਸਾਨੂੰ
ਕਹਿ ਦਿੱਤਾ ਜਾਂਦਾ ਹੈ ਸਾਨੂੰ
ਜੋ ਮੰਨ ਲੈਂਦੇ ਹਾਂ ਅਸੀਂ
ਸਵੀਕਾਰ ਕਰ ਲੈਂਦੇ ਹਾਂ ਅਸੀਂ

## *ਵ'ਲਡ ਕੱਪ*

ਵ'ਲਡ ਕੱਪ ਹੋਣ ਲੱਗਾ
ਇਕ ਅਰਬ ਬੰਦੇ ਖੇਡਣ ਲੱਗੇ
ਕੁਝ ਸੌ ਹੀ ਵੜ ਸਕੇ ਸਟੇਡੀਅਮ ਵਿਚ
ਤੀਹ ਕਰੋੜ ਵੜ ਗਏ ਟੈਲੀਵਿਜ਼ਨਾਂ ਵਿਚ
ਸੱਤਰ ਕਰੋੜ—ਸੈੱਲ ਫ਼ੋਨਾਂ ਵਿਚ

ਟਾੱਸ ਉੱਤੇ ਸੱਟਾ ਲੱਗਾ

ਸੱਟੇ ਵਿਚ ਹਾਰ ਗਏ
ਸਰਦਾਰਾਂ ਤੋਂ ਮਜ਼੍ਹਬੀ
ਕਾਇਸਥਾਂ ਤੋਂ ਬ੍ਰਾਹਮਣ
ਬ੍ਰਾਹਮਣਾਂ ਤੋਂ ਸ਼ੂਦਰ
ਅਫ਼ਸਰ ਸ਼ੂਦਰਾਂ ਹੱਥੋਂ ਆਮ ਸ਼ੂਦਰ

ਮੈਚ ਆਰੰਭ ਹੋਇਆ
ਸ਼ਿਖ਼ਰ ਧਵਨ ਨੇ ਚੌਕਾ ਮਾਰਿਆ
ਪੰਜਾਹ ਕਰੋੜ ਲੋਕਾਂ ਤਾੜੀਆਂ ਮਾਰੀਆਂ
ਤਾੜੀਆਂ ਦੀ ਗੂੰਜ ਵਿਚ ਗੁਆਚ ਗਈ
ਗੋਲੀਆਂ ਦੀ ਗੂੰਜ ਜਿਸ ਵਿਚ ਗਏ ਮਾਰੇ
ਕਾਲਬਰਗੀ ਦਭੋਲਕਰ ਗੌਰੀ ਲੰਕੇਸ਼ ਤੇ ਪਨਸਾਰੇ

ਪੰਜਵੀਂ ਗੇਂਦ 'ਤੇ
ਵਿਰਾਟ ਕੋਹਲੀ ਆਊਟ ਹੋ ਗਿਆ
ਸੁੰਨ ਹੋ ਗਏ ਨੱਬੇ ਕਰੋੜ ਬੰਦੇ
ਸੁੰਨ-ਮਸੁੰਨ ਬੰਦਿਆਂ ਨੂੰ ਦਿਸਿਆ ਹੀ ਨਾ
ਖੰਭੇ ਨਾਲ ਬੱਧਾ ਪਹਿਲੂ ਖ਼ਾਨ
ਉਨ੍ਹਾਂ ਦੇ ਹੋਸ਼ ਵਿਚ ਪਰਤਣੋਂ ਪਹਿਲਾਂ ਬਾਇੱਜ਼ਤ
ਰਿਹਾਅ ਕਰ ਚੁੱਕੀ ਸੀ ਅਲਵਰ ਦੀ ਅਦਾਲਤ
ਦੋਸ਼ੀ—ਜਿਨ੍ਹਾਂ ਮਾਰਿਆ ਸੀ ਪਹਿਲੂ ਖ਼ਾਨ

ਮਾਰਨ ਦੀ ਹੀ ਗੱਲ ਸੀ ਤਾਂ
ਰੋਹਿਤ ਸ਼ਰਮਾ ਨੇ ਮਾਰਿਆ ਛੱਕਾ
ਗੇਂਦ ਪਾਰ ਕਰ ਗਈ ਸਰਹੱਦ
ਤੀਹ ਕਰੋੜ ਬੰਦੇ ਗੇਂਦ ਲੱਭਣ ਭੱਜੇ
ਗੇਂਦ ਲੱਭਦੇ ਉਹ ਗਲ ਪੈ ਗਏ
ਸਰਹੱਦ ਪਾਰ ਰਹਿਣ ਵਾਲਿਆਂ ਦੇ
ਉਨ੍ਹਾਂ ਦੇ ਪਰਤਣ ਤੋਂ ਪਹਿਲਾਂ
ਵਿਕ ਚੁੱਕੇ ਸਨ ਉਨ੍ਹਾਂ ਨੂੰ ਬਚਾਉਣ ਵਾਲੀਆਂ
ਬੋਫ਼ਰ ਤੋਪਾਂ ਤੇ ਰਫ਼ੇਲ ਜਹਾਜ਼
ਪਹਿਲੀ ਵਾਰ ਹੀ ਵਰਤੇ ਜਾਣ ਤੋਂ ਪਹਿਲਾਂ

ਅੱਧ-ਸਮਾਂ ਹੋਣ ਤਕ ਪਤਾ ਹੀ ਨਾ ਲੱਗਾ
ਨੋਟਬੰਦੀ ਦਾ ਘਾਣ ਕਦੋਂ ਕੁ ਵਾਪਰ ਗਿਆ
ਖਿਡਾਰੀਆਂ ਨੇ ਫ਼ਰਾਂਸੀਸੀ ਬੋਤਲਾਂ ਵਿਚੋਂ
ਮਿਨਰਲ-ਮੁਕਤ ਪਾਣੀ ਪੀਤਾ
ਪਿਆਸੇ ਲੋਕ ਪਾਣੀ ਨਾ ਖ਼ਰੀਦ ਸਕੇ
ਰੇੜ੍ਹੀਆਂ ਲੱਗੀਆਂ ਰਹਿ ਗਈਆਂ
ਨਾ ਵੇਚਣ ਵਾਲੇ ਕੁਝ ਵੇਚ ਸਕੇ
ਨਾ ਬੱਚੇ ਖਾਣ ਲਈ ਖ਼ਰੀਦ ਸਕੇ
ਪਰ ਮੈਚ ਹੱਥੋਂ ਛੁੱਟ ਨਾ ਜਾਵੇ ਕਿਤੇ
ਡਰਦੇ ਲੋਕ ਭੁੱਖ ਨੂੰ ਸੜਕ 'ਤੇ ਛੱਡ ਕੇ

ਆਪੋ ਆਪਣੀਆਂ ਥਾਵਾਂ ਮੱਲਣ ਲਈ ਭੱਜੇ
ਬਹਿ ਕੇ ਤਿਰੰਗੇ ਲਹਿਰਾਣ ਲੱਗੇ

ਬੁਮਰਾ ਨੇ ਆਊਟ ਕੀਤਾ ਸਮਿੱਥ ਨੂੰ
ਦੋ ਕਰੋੜ ਬੰਦੇ ਕੂਕੇ
'ਸੋਧ ਦਿੱਤਾ ਸਿੱਖ ਨੇ...'
ਮੁਹੰਮਦ ਸ਼ਮੀ ਨੇ ਆਊਟ ਕੀਤਾ ਵਿਲੀਅਮਸਨ ਨੂੰ
ਵੀਹ ਕਰੋੜ ਬੰਦੇ ਬੋਲੇ—
"ਆਖ਼ਰ ਮੁਸਲਮਾਨ ਹੀ ਕੰਮ ਆਇਆ !"
ਯੁਜਵੇਂਦਰ ਨੇ ਰੂਟ ਨੂੰ ਐੱਲ ਬੀ ਡਬਲਯੂ ਕੀਤਾ
ਲੱਖ ਬੰਦਾ ਉਛਲਿਆ—"ਬੱਲੇ ਓਏ ਯਾਦਵਾ !"

ਟੈਲੀਵਿਜ਼ਨ ਅੱਗੇ ਜੁੜੇ ਬੰਦਿਆਂ ਨੂੰ ਵੇਖ ਕੇ
ਡਿੱਗਦੇ ਢਹਿੰਦੇ ਸ਼ਰਾਬੀ ਹੱਸੇ—
"ਅਸੀਂ ਤਾਂ ਐਵੇਂ ਰਾਹ ਜਾਂਦੇ
ਬਦਨਾਮ ਹੋ ਗਏ !"

ਬਹੁਤ ਦੇਰ ਚੱਲਿਆ ਮੈਚ
ਏਨੀ ਦੇਰ ਕਿ ਰਾਮ ਚੰਦਰ ਜੀ ਦਾ
ਅਸ਼ਵਮੇਧ ਯੱਗ ਵਿਚ ਛੱਡਿਆ ਘੋੜਾ
ਤੇ ਘੋੜੇ ਮਗਰ ਭੱਜਦਾ ਰੱਥ
ਕੁੱਲ ਦੇਸ ਨੂੰ ਮਿਧਦਾ
ਅੱਪੜ ਗਿਆ ਬਾਬਰੀ ਮਸਜਿਦ ਤਕ
ਰੱਥ ਦੀ ਧੂੜ ਵਿਚ ਸੰਘ ਘੁੱਟਿਆ ਗਿਆ
ਸੱਚ ਬੋਲਣ ਵਾਲੇ
ਅਖ਼ਬਾਰਾਂ ਅਦਾਲਤਾਂ ਅਫ਼ਸਰਾਂ ਤੇ ਅਜੰਸੀਆਂ ਦਾ

ਮੈਚ ਮੁੱਕਣ ਤਕ ਬੰਦ ਹੋ ਚੁੱਕੀਆਂ ਸਨ
ਸਰਕਾਰੀ ਬੱਸਾਂ ਸਰਕਾਰੀ ਸਕੂਲ ਤੇ ਸਰਕਾਰੀ ਬੈਂਕ
ਨਿੱਜੀ ਸੈੱਲ ਫ਼ੋਨਾਂ ਵਿਚ ਗੁਆਚੇ ਲੋਕਾਂ ਦਾ
ਬਹੁਤ ਕੁਝ ਜਾ ਚੁੱਕਾ ਸੀ 'ਨਿੱਜੀ' ਹੱਥਾਂ ਵਿਚ
ਪੰਜਾਬ ਕਸ਼ਮੀਰ ਤੇ ਬਸਤਰ ਵਿਚ
ਬਗ਼ਾਵਤਾਂ ਕੁਚਲ ਸਕਣ ਵਾਲੀ ਸਰਕਾਰ
ਨਹੀਂ ਸੀ ਤਿਆਰ
ਸਰਕਾਰੀ ਅਦਾਰਿਆਂ ਨੂੰ ਪੈਂਦਾ ਘਾਟਾ ਕੁਚਲਣ ਲਈ

ਸਾਬਤ ਹੋ ਗਿਆ ਮੈਚ ਨਾਲ
ਕਿ ਡਿਵੈਲਪਮੈਂਟ ਨਹੀਂ
ਐਂਟਰਟੇਨਮੈਂਟ ਚਾਹੀਦੀ ਹੈ ਸਾਨੂੰ
ਕੁਰਪਸ਼ਨ ਕਤਲ ਦੰਗੇ ਬੂਥਮਾਰ ਤੇ ਬਲਾਤਕਾਰ
ਜਦ ਐਂਟਰਟੇਨਮੈਂਟ ਬਣ ਜਾਣਗੇ
ਸਾਨੂੰ ਬੁਰੇ ਲੱਗਣੇ ਬੰਦ ਹੋ ਜਾਣਗੇ
ਲੋਕ ਵਾਪਰਦਾ ਕਤਲ ਰੋਕਣ ਨਾਲੋਂ

ਕਤਲ ਦੀ ਵੀਡੀਓ ਬਣਾਉਣਾ ਤੇ ਫੇਸਬੁੱਕ 'ਤੇ ਪਾਉਣਾ
'ਐਂਟਰਟੇਨ' ਕਰਨ ਲੱਗ ਜਾਣਗੇ

ਟੀਮ ਨੇ ਮੈਚ ਜਿੱਤਿਆ
ਪ੍ਰਧਾਨ ਜੀ ਨੇ ਜੈਕਾਰਾ ਛੱਡਿਆ
"ਹਰ ਹਰ ਮਹਾਂਦੇਵ !"
ਕੋਈ ਰਾਹ ਜਾਂਦਾ ਬੋਲਿਆ—
"ਹਜ਼ੂਰ ! ਟੀਮ ਵਿਚ
ਤੇ ਉਨ੍ਹਾਂ ਨੂੰ ਤਿਆਰ ਕਰਨ ਵਾਲੇ ਜੱਥੇ ਵਿਚ
ਤੇ ਮੈਚ ਵੇਖਣ ਵਾਲਿਆਂ ਵਿਚ
ਲੋਕ ਸਨ ਹਰ ਧਰਮ ਦੇ..."

ਵੱਡੇ ਪ੍ਰਧਾਨ ਜੀ ਹੱਸੇ—
"ਭੋਲਿਆ ! ਇਸ ਜੈਕਾਰੇ ਬਾਝੋਂ
ਸਾਡੇ ਮੈਚ ਲਈ ਕਿਵੇਂ ਬਣਨਗੀਆਂ ਦੋ ਟੀਮਾਂ ?"

ਸਰਕਾਰੀ ਐਲਾਨ ਹੋਇਆ—
"ਮੈਚ ਜਿੱਤਣ ਦੀ ਖ਼ੁਸ਼ੀ ਵਿਚ
ਅੱਜ ਤੋਂ ਅਸੀਂ ਆਪਣਾ ਕੰਮ
ਲੋਕਾਂ ਨਾਲ ਵੰਡ ਕੇ ਕਰਾਂਗੇ
ਗ਼ਰੀਬੀ ਨਾਲ ਸਿੱਝਣਾ ਲੋਕਾਂ ਦਾ ਕੰਮ ਹੋਵੇਗਾ
ਗ਼ਰੀਬਾਂ ਨਾਲ ਸਿੱਝਣਾ ਸਾਡਾ ਕੰਮ ਹੋਵੇਗਾ
ਮੈਚ ਜਿੱਤਣ ਦੀ ਖ਼ੁਸ਼ੀ ਵਿਚ
ਐਟਰਟੇਨਮੈਂਟ ਫ੍ਰੀ ਕਰੋ
ਜਾਓ ਜੀਓ ਡੈਟਾ ਫ੍ਰੀ ਕਰੋ !!"

ਇਸ ਤੋਂ ਪਹਿਲਾਂ ਕਿ ਲੋਕ ਖੇਡਣਾ ਭੁੱਲਣ
ਆਪਣਾ ਆਪ ਜਾਂ ਆਪਣਾ ਹਾਲ ਚੇਤਣ
ਆਪਣੀ ਰੋਟੀ ਜਾਂ ਗੁਆਚੀਆਂ ਧੀਆਂ ਲੱਭਣ
ਜਾਂ ਅਗਲੇ ਪਹਿਲੂ ਖ਼ਾਨ ਨੂੰ ਖੰਭੇ ਤੋਂ ਖੋਲ੍ਹਣ
ਐਲਾਨ ਹੋ ਗਿਆ ਅਗਲੇ ਵ'ਲਡ ਕੱਪ ਦਾ
ਚੈਂਪੀਅਨ ਟ੍ਰਾਫ਼ੀ ਟੀ-ਟਵੰਟੀ ਆਈ.ਪੀ.ਐੱਲ. ਦਾ
ਸਲਮਾਨ ਖ਼ਾਨ ਦੀ ਅਗਲੀ ਫ਼ਿਲਮ ਦਾ
'ਸਾ ਰੇ ਗਾ ਮਾ' ਦੇ ਅਗਲੇ 'ਪਾ ਧਾ ਨੀ ਸਾ' ਦਾ

ਲੋਕ ਰੁੱਝ ਗਏ ਸੋਚਣ ਵਿਚ—

ਕਰਤਾਰਪੁਰ ਤਾ ਲਾਂਘਾ ਕਦੋਂ ਖੁੱਲ੍ਹੇਗਾ ?
ਨਵਜੋਤ ਸਿੱਧੂ ਕਪਿਲ ਸ਼ਰਮਾ ਸ਼ੋਅ ਵਿਚ
ਰਹੇਗਾ...ਨਹੀਂ ਰਹੇਗਾ ?
ਅਗਲੀ 'ਨਿਲਾਮੀ' ਵਿਚ ਰਵਿੰਦਰ ਜੇਡਜਾ
ਕਿੰਨੇ ਦਾ ਵਿਕੇਗਾ...?

ਮੋਬਾ : +1 3651 777-1111

## *ਜੰਗਬਾਜ਼*

ਜੰਗਬਾਜ਼ਾਂ ਲਈ ਕੋਈ ਵੀ ਚੀਜ਼
ਕੀਮਤੀ ਨਹੀਂ ਹੁੰਦੀ, ਸਿਵਾਏ
ਰਾਜ ਸਿੰਘਾਸਣ ਦੇ

ਉਹ, ਰਾਜ ਸਿੰਘਾਸਣ ਖ਼ਾਤਰ
ਕੁਝ ਵੀ ਕੁਰਬਾਨ ਕਰ ਸਕਦੇ ਹਨ :
ਖੇਤਾਂ ਵਿਚ ਲਹਿਲਹਾਂਦੀਆਂ ਫ਼ਸਲਾਂ ਦੇ ਸਿੱਟੇ
ਘਰਾਂ ਵਿਚ ਹੱਸਦੇ ਵੱਸਦੇ ਬੱਚਿਆਂ ਦੀ ਮੁਸਕਰਾਹਟਾਂ
ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਪੜ੍ਹਦੇ
ਵਿਦਿਆਰਥੀਆਂ ਦੀਆਂ ਜ਼ਿੰਦਗੀਆਂ
ਫ਼ੈਕਟਰੀ ਵਿਚ ਮਿਹਨਤ ਕਰ ਰਹੇ ਮਜ਼ਦੂਰਾਂ ਦਾ ਖ਼ੂਨ ਪਸੀਨਾ
ਪਾਰਕਾਂ ਵਿਚ ਧੁੱਪ ਦਾ ਆਨੰਦ ਮਾਣ ਰਹੇ ਬਜ਼ੁਰਗਾਂ ਦੇ ਹਾਸੇ
ਘਰਾਂ ਦੇ ਬਗੀਚਿਆਂ ਵਿਚ ਖਿੜੇ ਗੁਲਾਬਾਂ ਦੀ ਮਹਿਕ

ਜੰਗਬਾਜ਼ਾਂ ਲਈ ਕੋਈ ਵੀ ਚੀਜ਼
ਕੀਮਤੀ ਨਹੀਂ ਹੁੰਦੀ, ਸਿਵਾਏ
ਰਾਜ ਸਿੰਘਾਸਣ ਦੇ

ਉਹ, ਰਾਜ ਸਿੰਘਾਸਣ ਖ਼ਾਤਰ
ਕੁਝ ਵੀ ਕਰ ਸਕਦੇ ਹਨ :
ਮਗਰਮੱਛਾਂ ਵਾਂਗ ਹੰਝੂ ਵਹਾ ਸਕਦੇ ਹਨ
ਜ਼ਹਿਰੀ ਸੱਪਾਂ ਵਾਂਗ ਫਨ ਫੈਲਾ ਸਕਦੇ ਹਨ
ਪਾਗਲ ਕੁੱਤਿਆਂ ਵਾਂਗ ਵੱਢ ਸਕਦੇ ਹਨ
ਕੀਟਾਣੂਆਂ ਨਾਲ ਭਰੇ ਚੂਹਿਆਂ ਵਾਂਗ ਪਲੇਗ ਫੈਲਾ ਸਕਦੇ ਹਨ
ਖ਼ੂੰਖਾਰ ਬਘਿਆੜਾਂ ਵਾਂਗ ਮਨੁੱਖਾਂ ਨੂੰ ਚੀਥੜਾ ਚੀਥੜਾ ਕਰ ਸਕਦੇ ਹਨ

ਜੰਗਬਾਜ਼ਾਂ ਲਈ ਕੋਈ ਵੀ ਚੀਜ਼
ਕੀਮਤੀ ਨਹੀਂ ਹੁੰਦੀ, ਸਿਵਾਏ
ਰਾਜ ਸਿੰਘਾਸਣ ਦੇ

ਉਹ, ਰਾਜ ਸਿੰਘਾਸਣ ਖ਼ਾਤਰ
ਕੁਝ ਵੀ ਕਰ ਸਕਦੇ ਹਨ :
ਦਿੱਲੀ ਦੇ ਸ਼ਹਿਰੀਆਂ ਦੇ ਗਲਾਂ ਵਿਚ ਬਲਦੇ ਟਾਇਰ ਪਾ ਸਕਦੇ ਹਨ
ਗੁਜਰਾਤ ਦੀਆਂ ਗਰਭਵਤੀ ਔਰਤਾਂ ਦੇ ਢਿੱਡਾਂ ਵਿਚ ਖੰਜਰ ਖੋਭ ਸਕਦੇ ਹਨ
ਕਸ਼ਮੀਰੀ ਔਰਤਾਂ ਦੇ ਸਮੂਹਕ ਬਲਾਤਕਾਰ ਕਰਵਾ ਸਕਦੇ ਹਨ

ਪੰਜਾਬ ਦੇ ਨੌਜਵਾਨਾਂ ਦੇ ਫ਼ਰਜ਼ੀ ਮੁਕਾਬਲੇ ਕਰਵਾ ਸਕਦੇ ਹਨ
ਕਬਾਇਲੀ ਇਲਾਕੇ ਦੇ ਲੋਕਾਂ ਨੂੰ ਘਰੋਂ ਬੇਘਰ ਕਰਵਾ ਸਕਦੇ ਹਨ

ਜੰਗਬਾਜ਼ਾਂ ਲਈ ਕੋਈ ਵੀ ਚੀਜ਼
ਕੀਮਤੀ ਨਹੀਂ ਹੁੰਦੀ, ਸਿਵਾਏ
ਰਾਜ ਸਿੰਘਾਸਣ ਦੇ ਪਾਵਿਆਂ ਦੇ

ਜਿਨ੍ਹਾਂ ਦੀ ਮਜ਼ਬੂਤੀ ਖ਼ਾਤਰ
ਲਾਸ਼ਾਂ ਦਾ ਅੰਬਾਰ ਲਗਾਉਣ ਤੋਂ ਵੀ
ਉਹ, ਝਿਜਕ ਮਹਿਸੂਸ ਨਹੀਂ ਕਰਦੇ

## *1947*

ਸਰਹੱਦ ਤਾਂ, ਦਿਲਾਂ ਵਿਚ
ਉਦੋਂ ਹੀ ਵਾਹੀ ਗਈ ਸੀ, ਜਦੋਂ
ਸਾਡੀ ਚੇਤਨਾ ਵਿਚ
ਹਿੰਦੂ ਪਾਣੀ, ਮੁਸਲਿਮ ਪਾਣੀ
ਸ਼ਬਦਾਂ ਦਾ ਜਨਮ ਹੋਇਆ ਸੀ

ਫਿਰ ਤਾਂ ਧਰਮੀ ਆਗੂ
ਇਕ ਦੂਜੇ ਦੇ ਸੀਨੇ ਵਿਚ
ਖ਼ੰਜਰ ਖੋਭਣ ਲਈ ਸਹੀ
ਮੌਕਾ ਆਉਣ ਦੀ ਉਡੀਕ ਵਿਚ
ਆਪਣੇ ਆਪਣੇ ਖ਼ੰਜਰ
ਸਾਣ ਉੱਤੇ ਹੀ ਲਗਾਂਦੇ ਰਹੇ

ਕਿਸੀ ਨੇ ਅੱਲ੍ਹਾ ਦੇ ਨਾਮ ਉੱਤੇ
ਕਿਸੀ ਨੇ ਭਗਵਾਨ ਦੇ ਨਾਮ ਉੱਤੇ
ਕਿਸੀ ਨੇ ਵਾਹਿਗੁਰੂ ਦੇ ਨਾਮ ਉੱਤੇ
ਕਿਸੀ ਨੇ ਜੀਸਸ ਦੇ ਨਾਮ ਉੱਤੇ
ਮਾਸੂਮਾਂ, ਬੇਗੁਨਾਹਾਂ ਦੇ ਸੀਨਿਆਂ ਵਿਚ
ਖੰਜਰ ਖੋਭ ਖੋਭ ਆਪਣੇ ਆਪਣੇ
ਖੰਜਰ ਦੀ ਤੀਖਣਤਾ ਨੂੰ ਪਰਖਿਆ

ਆਪਣੇ ਹੀ ਯਾਰ ਅਣਮੁੱਲੇ
ਰਾਤੋ-ਰਾਤ ਵਿਚ ਜਾਨੀ ਦੁਸ਼ਮਣ ਬਣ ਗਏ
ਬੇਗੁਨਾਹਾਂ ਦੇ ਖ਼ੂਨ ਨਾਲ ਲਿਬੜੇ
ਖ਼ੰਜਰਾਂ ਨੂੰ ਅਸੀਂ ਪੰਜ ਦਰਿਆਵਾਂ ਦੇ
ਪਾਣੀਆਂ ਵਿਚ ਧੋ ਧੋ
ਦਰਿਆਵਾਂ ਦੇ ਪਾਣੀ ਜ਼ਹਿਰੀ ਕਰ ਦਿੱਤੇ

ਪਰ, ਅੱਜ ਵੀ
ਸਰਹੱਦ ਦੇ ਦੋਵੇਂ ਪਾਸੇ
ਵੱਸਦੇ ਲੋਕ, ਜਦੋਂ

ਇਕ ਦੂਜੇ ਨੂੰ ਮਿਲਦੇ ਹਨ
ਤਾਂ, ਮੋਹ ਭਰੀਆਂ ਗਲਵੱਕੜੀਆਂ ਵਿਚ
ਇਕ ਦੂਜੇ ਨੂੰ ਘੁੱਟ ਲੈਂਦੇ ਹਨ

ਸਰਹੱਦ ਦੇ ਪਾਰੋਂ ਆਏ ਪ੍ਰਾਹੁਣੇ ਨੂੰ
ਅੱਲ੍ਹੜ ਮੁਟਿਆਰਾਂ ਬੜੀ ਹੈਰਾਨੀ ਨਾਲ ਪੁੱਛਦੀਆਂ ਹਨ :
'ਕੀ ਤੁਸੀਂ ਵੀ ਪੰਜਾਬੀ ਬੋਲਦੇ ਹੋ'
ਅਤੇ ਪ੍ਰਾਹੁਣੇ ਨੂੰ ਪੰਜਾਬੀ ਬੋਲਦਿਆਂ ਸੁਣ
ਉਹ ਖਿੜ ਖਿੜ ਹੱਸਦੀਆਂ
ਇਕ ਦੂਜੀ ਨੂੰ ਆਖਦੀਆਂ ਹਨ :
'ਨੀਂ ਦੇਖ
ਇਹ ਵੀ ਸਾਡੇ ਵਾਂਗ ਹੀ
ਪੰਜਾਬੀ ਬੋਲਦੇ ਹਨ'

ਫਿਰ, ਉਹ
ਸਰਹੱਦ ਪਾਰੋਂ ਆਏ ਪ੍ਰਾਹੁਣੇ ਦੇ
ਮੋਢੇ ਨਾਲ ਮੋਢਾ ਜੋੜ
ਮੋਹ ਭਰੇ ਅੰਦਾਜ਼ ਵਿਚ
ਆਪਣੇ ਕੈਮਰਿਆਂ ਨਾਲ, ਸੈਲਫੀਆਂ
ਲੈਣ ਵਿਚ ਰੁੱਝ ਜਾਂਦੀਆਂ ਹਨ

ਉਸ ਪਲ, ਨੇੜੇ ਹੀ
ਬਾਬਾ ਬੁੱਲ੍ਹੇ ਸ਼ਾਹ ਦੀ ਮਜ਼ਾਰ ਉੱਤੇ
ਕੋਈ ਪੂਰੀ ਧੁਨ ਨਾਲ
ਗਾ ਰਿਹਾ ਸੁਣਾਈ ਦਿੰਦਾ ਹੈ :
'ਮਸਜਿਦ ਢਾਹ ਦੇ
ਮੰਦਰ ਢਾਹ ਦੇ
ਢਾਹ ਦੇ ਜੋ ਕੁਝ ਢਹਿੰਦਾ
ਇਕ ਬੰਦੇ ਦਾ ਦਿਲ ਨਾ ਢਾਹਵੀਂ
ਰੱਬ ਦਿਲਾਂ ਵਿਚ ਰਹਿੰਦਾ'




ਸੰਪਰਕ :
Editor : SANVAD
Box 67089, 2300 Yonge St.
Toronto ON M4P 1E0
CANADA
Tel : 416-858-7077
E-mail : poet_sukhinder@hotmail.com

# ਸੰਪਰਦਾਇਕ ਕਾਣ ਦਾ ਸ਼ਿਕਾਰ ਬਣਿਆ ਸਾਕਾ

ਸੁਰਜੀਤ ਹਾਂਸ

ਨਾਨਕ ਸਿੰਘ ਨਾਵਲਿਸਟ ਅੱਗ ਦੀ ਖੇਡ ਵਿਚ ਪੁੱਛਦਾ ਹੈ ਕਿ ਹਿੰਦੂ-ਮੁਸਲਿਮ ਜਲ੍ਹਿਆਂਵਾਲਾ ਬਾਗ਼ 'ਚ ਸਾਂਝਾ ਖ਼ੂਨ ਡੋਲ੍ਹਣ ਵਾਲੇ, ਸੰਤਾਲੀ ਵਿਚ ਇਕ ਦੂਸਰੇ ਦਾ ਖ਼ੂਨ ਪੀਣ ਵਾਲੇ ਕਿਵੇਂ ਹੋ ਗਏ ? ਇਹਦਾ ਜਵਾਬ ਹੈ ਕਿ ਜਲ੍ਹਿਆਂਵਾਲਾ ਬਾਗ਼ ਰਾਸ਼ਟਰਵਾਦ ਦਾ ਅਰਧ ਚਿੰਨ੍ਹ ਹੀ ਬਣ ਸਕਿਆ ਹੈ। ਇਥੇ ਅਸੀਂ ਇਸ ਅਰਧ ਚਿੰਨ੍ਹ ਦੀ ਛਾਣਬੀਣ ਕਰਨੀ ਹੈ।

ਸਰਕਾਰੀ ਤੌਰ 'ਤੇ 381 ਸ਼ਹੀਦਾਂ ਦੀ ਸੂਚੀ ਮਿਲਦੀ ਹੈ ਜਿਹੜਾ ਨਿਮਨ ਅਨੁਮਾਨ ਹੈ ਕਿਉਂਕਿ ਸਰਕਾਰੀ ਡਰ ਕਾਰਨ ਕਈਆਂ ਨੇ ਆਪਣੇ ਮਰਨ ਵਾਲਿਆਂ ਦੇ ਨਾਉਂ ਗੁਪਤ ਰੱਖੇ। ਦੂਸਰੇ, ਇਹ ਸੂਚੀ ਸਾਕੇ ਤੋਂ ਚਾਰ ਮਹੀਨੇ ਬਾਅਦ ਤਿਆਰ ਹੋਈ ਸੀ।

ਇਨ੍ਹਾਂ ਵਿਚ 70 ਬੰਦੇ ਅੰਮ੍ਰਿਤਸਰ ਦਿਹਾਤ ਦੇ ਸਨ। 17 ਅੰਮ੍ਰਿਤਸਰ ਜ਼ਿਲ੍ਹੇ ਤੋਂ ਬਾਹਰ ਦੇ ਸਨ। ਗੁਰਦਾਸਪੁਰ ਨੂੰ ਅੰਮ੍ਰਿਤਸਰ ਦਿਹਾਤੀ ਨਾਲ ਰੱਖਿਆ ਹੈ। ਬਿਲਕੁਲ ਬਾਹਰਲੇ ਸਨ—ਕੋਟ ਸਿੱਦੀਕੀ (ਕੈਂਬਲਪੁਰ), ਸ਼ੋਭਲਾ, ਖਰੋਟਾ (ਰਾਵਲਪਿੰਡੀ), ਗੁੱਦੀ ਗੁਰੂ ਜਵਾਲਾ (ਮਿੰਟਗੁਮਰੀ), ਮਾਂਗਟ ਭੀਮ (ਗੁਜਰਾਤ), ਜਾਰੋਵਾਲ, ਤਲਵੰਡੀ ਭਿੰਡਰਾਂ, ਮਿਆਲੀ, ਰੱਯੀਆ (ਸਿਆਲਕੋਟ) ਆਦਿ ਦੇ।

ਗੁਰਦਾਸਪੁਰ, ਬਟਾਲਾ, ਸ੍ਰੀ ਹਰਗੋਬਿੰਦਪੁਰ, ਤੁੰਗ, ਪਿਪਲੀ, ਜੀਵਨ ਭਿੰਡਰ ਰੱਯੀਆ, ਬਹਿਲੋਲਪੁਰ ਅਤੇ ਕੋਟ ਕਰਮ ਚੰਦ (ਗੁਰਦਾਸਪੁਰ) ਆਦਿ ਦੇ ਵੀ ਸਨ।

ਅੰਮ੍ਰਿਤਸਰ ਤੋਂ ਬਾਹਰਲੇ ਸ਼ਹੀਦ 23 ਫੀਸਦੀ ਬਣਦੇ ਹਨ। ਇਹ ਵਿਸਾਖੀ ਅਤੇ ਘੋੜਾ ਮੰਡਾ ਲਈ ਆਏ ਸਨ।

ਸਭ ਤੋਂ ਜ਼ਿਆਦਾ ਸ਼ਹੀਦ (10) ਸਠਿਆਲੇ ਦੇ ਸਨ। ਮੈਂ ਕਈ ਸਾਲ ਸਠਿਆਲੇ ਰਿਹਾ ਅਤੇ ਪਿੰਡ ਨੂੰ ਆਪਣੇ ਸ਼ਹੀਦਾਂ ਦੀ ਕੋਈ ਖ਼ਬਰ ਨਹੀਂ ਸੀ। ਇਹ ਗ਼ਲਤ ਖ਼ਿਆਲ ਹੈ ਕਿ ਇਤਿਹਾਸ ਦਾ ਆਧਾਰ ਲੋਕ ਸਿਮ੍ਰਤੀ ਹੁੰਦਾ ਹੈ; ਇਤਿਹਾਸ ਪੁਰਾਤਨਤਾਵਾਂ ਤੋਂ ਉਸਾਰਿਆ ਜਾਂਦਾ ਹੈ। ਜਿਨ੍ਹਾ ਪਿੰਡਾਂ ਤੋਂ ਸ਼ਹੀਦ ਆਏ ਉਨ੍ਹਾਂ ਦੇ ਨਾਉਂ ਹਨ—ਰਾਜਾਸਾਂਸੀ, ਸਾਰੰਗ ਦਿਓ, ਤਰਨ ਤਾਰਨ, ਵਰਪਾਲ (ਤਿੰਨ), ਸਾਰੰਗ ਦਿਓ, ਸ਼ਾਮਨਗਰ, ਰਿਆਮਪੁਰ, ਬੇਗੀਵਾਲਾ, ਚੁਗਾਵਾਂ ਰੂਪਾਵਾਲੀ, ਜੇਠੂਵਾਲ, ਵਡਾਲਾ, ਮਹਲ, ਮੱਖਣਵਿੰਡ, ਵੱਲਾ, ਸੁਲਤਾਨਵਿੰਡ, ਲੋਪੋਕੇ, ਲੌਹਕਾ, ਲੀਤ ਕਲਾਂ, ਮਹਿਮਾ, ਵਨਵੜੀ, ਦੇਵੀਦਾਸਪੁਰਾ, ਕੇਲਰ ਘੁੰਮਣ, ਭੀਲੋਵਾਲ, ਢੱਟਲ, ਰਾਮੋਕੀ ਬਾਸਰ ਕੇ, ਗੁਮਾਨਪੁਰਾ, ਚੱਬਾ (ਦੋ), ਥਾਂਦੇ, ਫਤਹਿਪੁਰ, ਮੀਹਾਂਪੁਰ (ਦੋ), ਢੰਡ, ਕਲੇਰ ਮੰਗਲ, ਮਜੀਠਾ, ਸੋਹੀਆ ਕਲਾਂ, ਝਾਮਕੇ, ਮੁਰਾਦਪੁਰਾ, ਤੁੰਗ।

ਝਬਾਲ ਗੁਰਦੁਆਰਾ ਸੁਧਾਰ ਅਤੇ ਅਕਾਲੀ ਲਹਿਰ ਦਾ ਗੜ੍ਹ ਰਿਹਾ ਪਰ ਇਥੋਂ ਦੇ ਜਲ੍ਹਿਆਂਵਾਲਾ ਦੇ ਸ਼ਹੀਦ ਸਨ—ਇਕ ਗੁਲਾਮ ਰਸੂਲ ਮੁਸਲਮਾਨ ਅਤੇ ਦੂਜਾ ਮੰਗਲ ਦਾਸ ਬੈਰਾਗ਼ੀ। ਮੇਰੇ ਸਾਂਝੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਮੋਤਾ ਸਿੰਘ ਨੂੰ ਇਹੀ ਮਜ਼ਾਕ ਹੁੰਦਾ ਹੈ।

ਕੁਝ ਹੋਰ ਸਨ—ਕਿਲਾ ਜੀਵਨ ਸਿੰਘ, ਮੱਦੋਕੀ, ਹੇਅਰ ਭਕਨਾ, ਮੁਰਾਦਪੁਰ, ਜੇਠੂਵਾਲ, ਜਗਤਪੁਰ, ਖ਼ੁਟਰਾਂ ਕਲਾਂ, ਚੱਕ ਸਕੰਦਰ, ਲਾਲੂ ਘੁੰਮਨ, ਪਰਾਨ ਨਗਰ, ਭੱਲਾ ਪਿੰਡ, ਲੱਧੇਵਾਲ ਦੇ।

ਮਹਾਤਮਾ ਗਾਂਧੀ ਵੱਲੋਂ ਚਲਾਈ ਰੌਲਟ ਐਕਟ ਦੇ ਖ਼ਿਲਾਫ਼ ਐਜੀਟੇਸ਼ਨ ਚੱਲ ਰਹੀ ਸੀ। 9 ਅਪ੍ਰੈਲ, ਰਾਮਨੌਮੀ ਦੇ ਦਿਨ ਹਿੰਦੂ-ਮੁਸਲਿਮ ਏਕਤਾ ਤੋਂ ਸਰਕਾਰ ਘਬਰਾ ਗਈ। ਅੰਮ੍ਰਿਤਸਰ ਦਾ ਸਿਵਲ ਸਰਜਨ ਗਵਰਨਰ ਓਡਵਾਇਰ ਕੋਲੋਂ ਡੀ.ਸੀ. ਲਈ ਹੁਕਮ ਲੈ ਆਇਆ ਕਿ ਡਾ. ਸਤਯਪਾਲ ਅਤੇ ਡਾ. ਕਿਚਲੂ ਨੂੰ ਨਜ਼ਰਬੰਦ ਕਰਕੇ ਧਰਮਸ਼ਾਲਾ ਭੇਜ ਦਿੱਤਾ ਜਾਏ। ਤਾਂਗੇ 'ਚ ਜਾਂਦੇ ਲੀਡਰਾਂ ਨਾਲ ਹੰਸਰਾਜ ਨਾਮੀ (ਪੁਲਿਸ ਦਾ ਟਾਊਟ) ਛਾਲ ਮਾਰ ਕੇ ਬਹਿ ਗਿਆ। ਆਗੂਆਂ ਨੇ ਆਪਣੇ ਘਰਦਿਆਂ ਲਈ ਚਿੱਠੀਆਂ ਲਿਖ ਦਿੱਤੀਆਂ ਕਿ ਕੀ ਵਰਤੀ ਹੈ ਅਤੇ ਚਿੱਠੀਆਂ ਹੰਸ ਰਾਜ ਨੂੰ ਅਪੜਾਉਣ ਲਈ ਦਿੱਤੀਆਂ।

ਹੰਸ ਰਾਜ ਬਾਰੇ ਕੁਝ ਕਹਿਣਾ ਮੁਨਾਸਬ ਹੋਵੇਗਾ ਕਿਉਂਕਿ ਕਾਂਗਰਸ ਕਮੇਟੀ ਦੇ ਸਾਕੇ ਬਾਰੇ ਰਿਪੋਰਟ ਉਹਦੇ ਬਾਰੇ ਚੁੱਪ ਹੈ—ਕਾਰਨ ? ਮਹਾਤਮਾ ਗਾਂਧੀ ਹਿੰਦੋਸਤਾਨੀਆਂ ਖ਼ਿਲਾਫ਼ ਕੁਝ ਨਹੀਂ ਕਹਿਣਾ ਚਾਹੁੰਦਾ ਸੀ।

ਹੰਸ ਰਾਜ ਵੇਸ਼ਵਾ ਪੁੱਤਰ ਸੀ ਜਿਹੜਾ ਪੁਲੀਸ 'ਚ ਭਰਤੀ ਨਹੀਂ ਹੋ ਸਕਿਆ ਸੀ। ਇਸ ਨੇ 6 ਅਪ੍ਰੈਲ ਨੂੰ ਐਦਸਨ ਪਾਰਕ (ਸਾਹਮਣੇ ਰੇਲਵੇ ਸਟੇਸ਼ਨ) ਵਿਚ ਹੋ ਰਹੇ ਕ੍ਰਿਕਟ ਮੈਚ ਵਿਚ ਵਿਘਨ ਪਾਇਆ ਸੀ। ਇਹ 8 ਅਪ੍ਰੈਲ ਨੂੰ 'ਸਤਯਗ੍ਰਹਿ ਸਭਾ' ਦਾ ਸਹਾਈ ਸਕੱਤਰ ਬਣਾ ਦਿੱਤਾ ਗਿਆ ਸੀ, ਜਿਸ ਕੋਲ ਭਵਿੱਖ ਦੇ ਸਤਯਗ੍ਰਹਿਆਂ ਦੇ ਨਾਉਂ ਸਨ।

ਹੰਸ ਰਾਜ ਨੇ 10 ਨੂੰ ਡੀ.ਸੀ. ਦੀ ਕੋਠੀ 'ਤੇ ਮੁੜਦਿਆਂ ਇਹ ਗੱਲ ਧੁੰਮਾ ਦਿੱਤੀ ਕਿ ਆਗੂਆਂ ਨੇ 'ਬਦਲੇ' ਲਈ ਕਿਹਾ ਹੈ। ਸਾਢੇ ਗਿਆਰਾਂ ਵੱਜਦੇ ਨਾਲ ਭੰਡਾਰੀ ਪੁਲ ਥੱਲੇ ਚਾਲੀ ਹਜ਼ਾਰ ਆਦਮੀ ਜਮ੍ਹਾਂ ਹੋ ਗਏ। ਪੁਲਿਸ ਦੀਆਂ ਗੋਲੀਆਂ ਨਾਲ ਕਈ ਬੰਦੇ ਮਾਰੇ ਗਏ। ਪੰਜ ਵੱਜਦੇ ਨੂੰ ਤਾਰ ਘਰ ਸੜ ਗਿਆ, ਗਾਰਡ ਰੋਬਿਨਸਨ ਮਾਰਿਆ ਗਿਆ, ਮਲਕਾ ਦਾ ਬੁੱਤ ਟੁੱਟਿਆ, ਨੈਸ਼ਨਲ ਬੈਂਕ ਜਲੀ, ਜਿਸ ਵਿਚ ਦੋ ਅੰਗਰੇਜ਼ ਮਰੇ। (ਜ਼ਨਾਨਾ ਹਸਪਤਾਲ 'ਤੇ ਹਮਲਾ ਹੋਇਆ, ਇੰਡੀਅਨ ਕ੍ਰਿਸ਼ਚਨ ਚਰਚ, ਨਾਰਮਲ ਗਰਲਜ਼ ਸਕੂਲ ਜਲ ਗਏ। ਇਹ ਤਿੰਨੇ ਸੰਸਥਾਵਾਂ ਈਸਾਈ ਸਨ); ਇਕ ਅੰਗਰੇਜ਼ ਰੀਗੋ ਬ੍ਰਿਜ 'ਤੇ ਮਰਿਆ, ਬਾਕੀ ਦਰਬਾਰ ਸਾਹਿਬ, ਮਜੀਠ ਮੰਡੀ, ਢਾਬ ਵਸਤੀ ਰਾਮ ਦੇ ਡਾਕਖਾਨੇ ਜਲ ਗਏ।

ਡਾਇਰ ਅੰਮ੍ਰਿਤਸਰ 11 ਨੂੰ ਪੁੱਜਾ; 12 ਨੂੰ ਉਹਨੇ 125 ਅੰਗਰੇਜ਼, 310 ਦੇਸੀ ਸਿਪਾਹੀਆਂ ਨਾਲ ਸ਼ਹਿਰ ਵਿਚ ਮਾਰਚ ਕੀਤਾ। ਉਸ ਨੇ ਥਾਵਾਂ 'ਤੇ ਮੁਨਾਦੀ ਕਰਵਾਈ ਕਿ ਕੋਈ ਸ਼ਹਿਰੀ ਪਾਸ ਤੋਂ ਬਿਨਾਂ ਸ਼ਹਿਰੋਂ ਬਾਹਰ ਨਹੀਂ ਜਾ ਸਕਦਾ। ਅੱਠ ਵਜੇ ਸ਼ਾਮ ਤੋਂ ਬਾਅਦ ਆਪਣੇ ਘਰੋਂ ਬਾਹਰ ਨਿਕਲਣ ਵਾਲਾ ਗੋਲੀ ਦਾ ਨਿਸ਼ਾਨਾ ਹੋਵੇਗਾ। ਡਾਇਰ ਨੇ ਡਾ. ਕਿਚਲੂ ਦੇ ਇਲਾਕੇ ਢਾਬ ਖਟੀਕਾਂ ਵਿਚ ਮੁਨਿਆਦੀ ਦਾ ਵਿਸ਼ੇਸ਼ ਇੰਤਜ਼ਾਮ ਕੀਤਾ।

12 ਅਪ੍ਰੈਲ ਨੂੰ ਕਸੂਰ ਸਟੇਸ਼ਨ 'ਤੇ ਦੋ ਅੰਗਰੇਜ਼ ਮਾਰੇ ਗਏ। ਇਸੇ ਦਿਨ ਹੰਸ ਰਾਜ ਨੇ ਹਿੰਦੂ ਸਭਾ ਹਾਈ ਸਕੂਲ 'ਚ ਮੀਟਿੰਗ ਬੁਲਾਈ, ਜਿਸ ਵਿਚ ਕਿਹਾ ਗਿਆ ਕਿ ਕੱਲ੍ਹ (13 ਨੂੰ) ਜਲ੍ਹਿਆਂਵਾਲਾ ਬਾਗ਼ ਵਿਚ ਸਤਯਪਾਲ ਕਿਚਲੂ ਦੀਆਂ ਚਿੱਠੀਆਂ ਪੜ੍ਹ ਕੇ ਸੁਣਾਈਆਂ ਜਾਣਗੀਆਂ। ਜਦ 13 ਸ਼ਾਮ ਨੂੰ ਡਾਇਰ ਫ਼ੌਜ ਨਾਲ ਜਲ੍ਹਿਆਂਵਾਲਾ ਬਾਗ਼ ਆਇਆ ਤਾਂ ਹੰਸ ਰਾਜ ਆਪਣੀ ਤਰਫ਼ ਦਾ ਇੰਤਜ਼ਾਮ ਕਰ ਰਿਹਾ ਸੀ। ਮਗਰੋਂ ਸਰਕਾਰ ਨੇ ਹੰਸ ਰਾਜ ਨੂੰ ਉਹਦੇ ਬਚਾਉ ਲਈ ਇਰਾਕ ਭੇਜ ਦਿੱਤਾ ਸੀ।

ਜੇ ਆਬਾਦੀ ਨਾਲ ਸ਼ਹੀਦਾਂ ਦੀ ਗਿਣਤੀ ਦੀ ਤੁਲਨਾ ਕੀਤੀ ਜਾਵੇ ਤਾਂ ਵੱਖ-ਵੱਖ ਫ਼ਿਰਕਿਆਂ ਦੀ ਹਿੱਸੇਦਾਰੀ ਅੰਕ ਦਾ ਪਤਾ ਲੱਗ ਜਾਂਦਾ ਹੈ। (ਬਦਕਿਸਮਤੀ ਹੈ ਕਿ ਜਲ੍ਹਿਆਂਵਾਲਾ ਬਾਗ਼ ਬਾਰੇ ਇਤਲਾਹ ਸ਼੍ਰੇਣੀ ਆਧਾਰਿਤ ਨਹੀਂ ਹੈ)। ਹੈਰਾਨੀ ਹੁੰਦੀ ਹੈ ਕਿ ਦਿਹਾਤੀ ਸ਼ਹੀਦਾਂ ਵਿਚ ਹਿੰਦੂਆਂ ਦੀ ਹਿੱਸੇਦਾਰੀ ਆਬਾਦੀ ਅਨੁਸਾਰ ਬਰਾਬਰ ਦੀ ਨਹੀਂ ਸਗੋਂ ਸਿੱਖਾਂ ਦੀ ਜ਼ਿਆਦਾ ਹੈ ਕਿਉਂਕਿ ਉਨ੍ਹਾਂ ਦਰਬਾਰ ਸਾਹਿਬ ਹੀ ਵਿਸਾਖੀ ਮਨਾਉਣੀ ਸੀ। ਮੁਸਲਮਾਨਾਂ ਦਾ ਅੰਕ ਹੇਠਾਂ ਸੀ। ਉਨ੍ਹਾਂ ਨਾ ਦਰਬਾਰ ਸਾਹਿਬ ਜਾਣਾ ਸੀ ਅਤੇ ਨਾ ਹੀ ਉਹ ਲੱਗੀ ਮੰਡੀ 'ਚ ਘੋੜੇ ਖ਼ਰੀਦਣ ਜੋਗੇ ਸਨ।

ਦੂਸਰੀ ਹੈਰਾਨੀ ਹੈ ਕਿ ਸ਼ਹਿਰੀ ਸ਼ਹੀਦਾਂ ਵਿਚ ਸਿੱਖਾਂ ਦਾ ਐਨ ਬਰਾਬਰ ਦਾ ਹਿੱਸਾ ਹੈ। ਹਿੰਦੂ ਹਿੱਸੇਦਾਰੀ ਪ੍ਰਬਲ ਹੈ। ਮੁਸਲਮਾਨ 10 ਅਪ੍ਰੈਲ ਦੀ ਸਾੜ ਫੂਕ ਵਿਚ ਚੜ੍ਹਤ ਵਿਖਾਉਣ ਮਗਰੋਂ ਥੱਕ ਗਏ ਸਨ।

ਦਿਹਾਤੀ ਸ਼ਹੀਦਾਂ ਦੀ ਬਹੁਤੀ ਹਿੱਸੇਦਾਰੀ ਤਰਨ ਤਾਰਨ, ਬਟਾਲਾ ਧੁਰੇ ਦੇ ਉਦਾਲੇ ਹੈ।

ਅਜਨਾਲਾ ਤਹਿਸੀਲ ਦੀ ਸਾਂਝ ਅੱਡਰੀ ਤੇ ਨਿਗੂਣੀ ਹੈ। ਇਹਦਾ ਕਾਰਨ ਹੈ ਕਿ ਇਹ ਅੰਮ੍ਰਿਤਸਰ ਦੀਆਂ ਦੂਸਰਿਆਂ ਤਹਿਸੀਲਾਂ ਦੇ ਮੁਕਾਬਲੇ ਵਿਚ ਪੱਛੜਿਆ ਇਲਾਕਾ ਸੀ। ਅੱਜ ਵੀ ਇਹਦੀ ਕਾਬਲ-ਏ-ਕਾਸ਼ਤ ਜ਼ਮੀਨ, ਕੱਚੀਆਂ ਸੜਕਾਂ, ਪਿੰਡ ਵਿਚ ਪ੍ਰਾਇਮਰੀ ਸਕੂਲ ਨਾ ਹੋਣ ਦੀ ਦਰ ਦੂਸਰੀਆਂ ਤਹਿਸੀਲਾਂ ਨਾਲੋਂ ਜ਼ਿਆਦਾ ਹੈ।

ਇਸ ਤਰੀਕੇ ਨਾਲ ਸਿਆਸੀ ਸ਼ਹਿਰ ਦਾ ਸਾਪੇਖ ਖ਼ੁਸ਼ਹਾਲੀ ਨਾਲ ਸੰਬੰਧਤ ਹੈ। ਦੋ ਸਾਲ ਮਗਰੋਂ ਤਰਨ ਤਾਰਨ ਬਟਾਲਾ ਹੀ ਸ਼ੇਖ਼ੂਪੁਰਾ, ਲਾਇਲਪੁਰ ਗੁਰਦੁਆਰਾ ਲਹਿਰ ਦੀ ਪਿੱਠਭੂਮੀ ਬਣਿਆ।

ਗਵਰਨਰ ਓਡਵਾਇਰ ਦੀ ਹੇਨਰ ਕਮਿਸ਼ਨ ਸਾਹਮਣੇ ਗਵਾਹੀ ਤੋਂ ਪਤਾ ਲੱਗਦਾ ਹੈ ਕਿ ਬਰਤਾਨਵੀ ਸਰਕਾਰ ਗ਼ਦਰ ਪਾਰਟੀ ਦੀ ਕਾਰਵਾਈ ਤੋਂ (ਬੇਲੋੜੀ) ਭੈਭੀਤ ਸੀ। ਦੂਸਰੇ 10 ਅਪ੍ਰੈਲ ਦੇ ਕੁਸਤ-ਓ-ਖ਼ੂਨ ਨੇ ਜਲ੍ਹਿਆਂਵਾਲਾ ਦੇ ਸਾਕੇ ਨੂੰ ਫ਼ੌਰਨ ਸੱਦਾ ਦਿੱਤਾ।

ਰੌਲਟ ਐਕਟ ਐਜ਼ੀਟੇਸ਼ਨ ਨੂੰ ਪੰਜਾਬ ਦੀ ਗੜਬੜ ਵੀ ਕਿਹਾ ਜਾਂਦਾ ਹੈ, ਜਿਹੜੀ ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਗੁਜਰਾਤ, ਲਾਇਲਪੁਰ, ਜ਼ਿਲ੍ਹਿਆਂ ਤਕ ਸੀਮਤ ਸੀ। ਮਾਰਸ਼ਲ ਲਾਅ ਸ਼ਾਸਨ ਅਧੀਨ ਚਾਰ ਭਾਂਤ ਦੀਆਂ ਸਜ਼ਾਵਾਂ ਸਨ—ਸਜ਼ਾ-ਏ-ਮੌਤ, ਕਾਲੇ ਪਾਣੀ, ਕੈਦ-ਬਾ-ਮੁਸ਼ੱਕਤ ਅਤੇ ਕੋਰੜੇ।

ਮਾਰਸ਼ਲ ਲਾਅ ਸਜ਼ਾਵਾਂ ਦੇ ਅੰਕੜਾ ਵਿਗਿਆਨੀ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਮੁਸਲਮਾਨਾਂ ਦੀ ਸਭ ਤੋਂ ਜ਼ਿਆਦਾ ਭਾਈਵਾਲੀ ਅੰਮ੍ਰਿਤਸਰ ਦੀ ਹੈ, ਖ਼ਾਸਕਰ ਅਪ੍ਰੈਲ 10 ਦੀ, ਜਿਸ ਵਿਚ ਹਰ ਜਮਾਤ ਨੇ ਹਿੱਸਾ ਲਿਆ। ਕਸ਼ਮੀਰੀ ਸ਼ਮੂਲੀਅਤ ਪ੍ਰਧਾਨ ਹੈ। ਕਿਚਲੂ ਆਪ ਕਸ਼ਮੀਰੀ ਬਰਾਦਰੀ 'ਚੋਂ ਸੀ। ਮੁਸਲਿਮ ਹਿੱਸੇਦਾਰ ਲਾਹੌਰ ਵਿਚ ਨੰਬਰ ਦੋ ਹੈ।

ਸਭ ਤੋਂ ਜ਼ਿਆਦਾ ਸਜ਼ਾਵਾ ਗੁਜਰਾਂਵਾਲਾ ਹੋਈਆਂ। ਇਥੇ ਹਵਾਈ ਜਹਾਜ਼ਾਂ ਰਾਹੀਂ ਬੰਬਾਰੀ ਵੀ ਹੋਈ ਸੀ। ਅੰਮ੍ਰਿਤਸਰ ਨੂੰ ਬੰਬਾਰੀ ਤੋਂ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਵਾਥਨ ਨੇ ਬਚਾਇਆ ਸੀ, ਜਿਸ ਨੇ ਗਵਰਨਰ ਓਡਵਾਇਰ ਨੂੰ ਸਮਝਾਇਆ ਸੀ ਕਿ ਜੇ ਗ਼ਲਤੀ ਨਾਲ ਵੀ ਬੰਬ ਦਰਬਾਰ ਸਾਹਿਬ ਡਿੱਗ ਪਿਆ ਤਾਂ ਹਾਲਤ ਸੰਭਾਲੀ ਨਹੀਂ ਜਾਣੀ। ਇੰਨਾ ਕੁ ਫ਼ਰਕ ਹੈ ਅੰਗਰੇਜ਼ ਸਿਆਣਪ ਦਾ।

ਦੂਸਰੇ ਸਿੱਖਾਂ ਦੀ ਸਭ ਤੋਂ ਜ਼ਿਆਦਾ ਹਿੱਸੇਦਾਰੀ ਅੰਮ੍ਰਿਤਸਰ ਨਹੀਂ, ਗੁਜਰਾਂਵਾਲੇ 'ਚ ਹੋਈ ਜਿਹੜਾ ਉਸ ਸਮੇਂ ਸਿੱਖ ਵਿਦਿਅਕ ਹੰਭਲੇ ਦਾ ਕੇਂਦਰ ਸੀ।

ਦਿਹਾਤੀ ਇਲਾਕੇ ਐਜ਼ੀਟੇਸ਼ਨ ਕੇਵਲ ਲਾਇਲਪੁਰ ਦੀ ਹੈ, ਕੇਵਲ ਸਿੱਖਾਂ ਦੀ। ਇਥੇ ਵੀ ਖੁਸ਼ਹਾਲੀ ਦਾ ਸਿਆਸਤ ਨਾਲ ਸੰਬੰਧ ਨਜ਼ਰ ਆਉਂਦਾ ਹੈ।

ਗੁਜਰਾਤ ਵਿਚ ਐਜ਼ੀਟੇਸ਼ਨ ਸਰਾਸਰ ਹਿੰਦੂ ਹੈ। ਹੰਟਰ ਕਮਿਸ਼ਨ ਅੱਗੇ ਸਰਕਾਰੀ ਰਿਪੋਰਟ ਅਨੁਸਾਰ ਜੇ ਇਹ ਰੇਲ ਦੀ ਮੇਨ ਲਾਈਨ ਨਾ ਹੁੰਦਾ ਤਾਂ ਇਥੇ ਕੁਝ ਨਹੀਂ ਹੋਣਾ ਸੀ।

ਦਸੰਬਰ 23 ਨੂੰ ਸ਼ਾਹੀ ਐਲਾਨਨਾਮੇ ਅਨੁਸਾਰ ਐਮਨੈਸਟੀ ਦਿੱਤੀ ਗਈ। ਸਜ਼ਾਵਾਂ 'ਤੇ ਮੁੜ ਵਿਚਾਰ ਹੋਇਆ। ਪਹਿਲੀਆਂ ਸਜ਼ਾਵਾਂ ਨੂੰ ਜੇ ਕਿਸੇ ਪ੍ਰਤੀਮਾਨ ਨਾਲ ਤੋਲਿਆ ਜਾਵੇ ਤਾਂ ਉਨ੍ਹਾਂ ਵਿਚ ਕੋਈ ਤਰਕ ਜਾਂ ਅਨੁਪਾਤ ਨਜ਼ਰ ਨਹੀਂ ਆਉਂਦਾ। ਮੁਆਫ਼ੀ ਬਾਅਦ ਸਜ਼ਾਵਾਂ ਵਿਚ ਪ੍ਰਤੱਖ ਅਨੁਪਾਤ ਬਣਿਆ ਹੈ। ਪਹਿਲੀਆਂ ਬਾ-ਮੁਸ਼ੱਕਤ ਸਜ਼ਾਵਾਂ ਵਿਚ ਕੋਈ ਅਨੁਪਾਤ ਨਹੀਂ ਸੀ ਸਗੋਂ ਕਾਇਦਗੀ ਸੀ ਕਿਉਂਕਿ ਇਹਦਾ ਆਧਾਰ ਮਨਮਾਨੀਆਂ ਸੀ। ਪਹਿਲੀਆਂ ਵਿਚ ਕਾਲੇ ਪਾਣੀ ਦੀ ਸਜ਼ਾ ਦੀ ਬਾਕਾਇਦਗੀ ਸੀ ਕਿਉਂਕਿ ਮਾੜੀ ਮੋਟੀ ਗੱਲ ਲਈ ਵੀ ਇਹੀ ਸਜ਼ਾ ਜ਼ਰੂਰ ਦੇਣੀ ਪੈਂਦੀ ਸੀ, ਕਾਨੂੰਨ ਦੀ ਟੈਕਨੀਕਲ ਮਜ਼ਬੂਰੀ ਦੂਰ ਕਰਨ ਨਾਲ ਇਨ੍ਹਾਂ ਦੀ ਬਾਕਾਇਦਗੀ ਖ਼ਤਮ ਹੋ ਗਈ।

ਭਾਵੇਂ ਸਜ਼ਾ-ਏ-ਮੌਤ ਦੀ ਦਰ ਘਟ ਗਈ ਪਰ ਇਹਦੀ ਬਾਕਾਇਦਗੀ ਬਾਕੀ ਸਭ ਸਜ਼ਾਵਾਂ ਨਾਲੋਂ ਵੱਧ ਹੋ ਗਈ। ਇਹ ਨਜ਼ਰਸਾਨੀ ਕੀ ਸੋਚ ਸਮਝ ਦਾ ਨਤੀਜਾ ਹੈ ਜਿਸ ਨਾਲ ਕਰਨਲ ਫਰੈਂਕ ਜਾਹਨਸਨ ਅਤੇ ਬਾਸਵਾਰਥ ਸਮਿੱਥ ਦੀਆਂ ਬਰਤਰਫ਼ੀਆਂ ਦਾ ਸੰਦਰਭ ਬਣਦਾ ਹੈ। ਜੇ ਦੇਸੀ ਸਰਕਾਰਾਂ ਸਥਿਤੀ ਦਾ ਅਜਿਹਾ ਸੂਖ਼ਮ ਜਾਇਜ਼ਾ ਲੈ ਸਕਿਆ ਕਰਨ ਤਾਂ ਧੰਨ ਭਾਗ।

ਅਗਿਆਤ ਤੇ ਗ਼ਰੀਬ ਬੰਦਿਆਂ ਦੀ ਪੰਜਾਬ ਦੀ ਗੜਬੜ ਵਿਚ ਹਿੱਸੇਦਾਰੀ ਦਿਲਚਸਪ ਹੈ। ਉਨ੍ਹਾਂ ਦਾ ਸਜ਼ਾਵਾਂ ਵਿਚ 5 ਫ਼ੀਸਦੀ ਤੋਂ ਜ਼ਿਆਦਾ ਹਿੱਸਾ ਹੈ। ਸਜ਼ਾ-ਏ-ਮੌਤ ਨਾਲੋਂ ਵੱਧ ਕਾਲੇ ਪਾਣੀ, ਕਾਲੇ ਪਾਣੀ ਤੋਂ ਵੱਧ ਕੈਦ ਬਾਮੁਸ਼ੱਕਤ, ਬਾਮੁਸ਼ੱਕਤ ਤੋਂ ਵੱਧ ਕੋਰੜਿਆਂ ਦੀ ਸਜ਼ਾ ਹੈ। ਗ਼ਰੀਬ ਬੰਦੇ ਛੋਟੇ ਪੱਧਰ ਦੀਆਂ ਸਿਆਸੀ ਕਾਰਵਾਈਆਂ ਵਿਚ ਹਿੱਸਾ ਲੈਂਦੇ ਹਨ।

ਅਸੀਂ ਇਹ ਮਰਯਾਦਾ ਮਿੱਥ ਸਕਦੇ ਹਾਂ ਕਿ ਜਿਸ ਤਹਿਰੀਕ ਵਿਚ 5 ਫ਼ੀਸਦੀ ਗ਼ਰੀਬ ਅਤੇ ਅਗਿਆਤ ਬੰਦੇ ਹਿੱਸਾ ਲੈਣ, ਉਹ ਯਥਾਰਥ ਰੂਪ ਵਿਚ (ਸਿਧਾਂਤਕ ਨੂੰ ਵੰਡ ਕੇ) ਅਵਾਮੀ ਤਹਿਰੀਕ ਹੈ।

ਮਨੂ ਅਨੁਸਾਰ ਗ਼ਰੀਬਾਂ ਦੇ ਨਾਉਂ ਘਿਰਣਾ-ਜਨਕ ਹੋਣੇ ਚਾਹੀਦੇ ਹਨ। ਇਸ ਸ਼੍ਰੇਣੀ ਦੇ ਬੰਦਿਆਂ ਦੀ ਹਿੰਦੂ, ਮੁਸਲਿਮ, ਸਿੱਖ ਹੋਣ ਦੀ ਪਹਿਚਾਣ ਨਹੀਂ ਹੋ ਸਕੀ। ਉਨ੍ਹਾਂ ਦੇ ਨਾਉਂ ਹੀ ਰੁਲਦੂ, ਮਾੜਾ, ਬੂਟਾ ਆਦਿ ਦਮਿਤ ਸ਼੍ਰੇਣੀ ਦੇ ਸੂਚਕ ਹਨ।

(ਕੋਰੜੇ ਦੀ ਸਜ਼ਾ ਪਾਠਕਾਂ ਨੂੰ ਸ਼ਾਇਦ ਪਤਾ ਨਹੀਂ। ਚਿੱਤੜਾਂ 'ਤੇ ਸਿਪਿਰਟ ਦਾ ਫੰਬਾ ਰੱਖ ਕੇ ਕੇਨ ਮਾਰੀ ਜਾਂਦੀ ਹੈ ਤਾਂ ਲਹੂ ਭਿੱਜਾ ਫੰਬਾ ਮਾਸ ਨਾਲ ਜੁੜ ਜਾਂਦਾ ਹੈ। ਜੁਆਨ ਤੋਂ ਜੁਆਨ ਬੰਦਾ ਦੋ ਕੋਰੜੇ ਨਹੀਂ ਝੱਲਦਾ, ਬੇਹੋਸ਼ ਹੋ ਜਾਂਦਾ ਹੈ। ਬਾਕੀ ਦੇ ਕੋਰੜੇ ਰਾਜ਼ੀ ਹੋਣ 'ਤੇ ਮਾਰੇ ਜਾਂਦੇ ਹਨ।)।

ਕਾਂਗਰਸ ਨੇ ਅੰਮ੍ਰਿਤਸਰ ਵਿਚ ਆਪਣੇ 1919 ਦੇ ਇਜਲਾਸ ਵਿਚ ਗ਼ਦਰੀ ਸਿਆਸੀ ਕੈਦੀਆਂ ਦੀ ਰਿਹਾਈ ਦੇ ਮਾਮਲੇ ਨੂੰ ਅਪਣਾਉਣ ਤੋਂ ਨਾਂਹ ਕਰ ਦਿੱਤੀ ਸੀ। ਸਿੱਖ ਲੀਗ ਨੇ ਇਨ੍ਹਾਂ ਨੂੰ 'ਧਰਮੀ ਕੈਦੀਆਂ' ਦਾ ਨਾਉਂ ਦੇ ਕੇ ਅਪਣਾ ਲਿਆ ਕਿਉਂਕਿ ਬਹੁਤੇ ਗ਼ਦਰੀ ਸਿੱਖ ਸਨ। ਬੱਜ ਬੱਜ ਘਾਟ (ਕਲਕੱਤਾ) 'ਤੇ ਦੇਸ਼ ਪਰਤਦੇ ਗ਼ਦਰੀਆਂ 'ਤੇ ਗੋਲੀ ਚੱਲੀ। ਨਨਕਾਣਾ ਸਾਹਿਬ ਦੇ ਸਾਕੇ ਤੋਂ ਅਗਲੇ ਨੰਬਰ 'ਤੇ ਬੱਜ ਬੱਜ ਘਾਟ ਦਾ ਸਾਕਾ ਅਕਾਲੀਆਂ ਦਾ ਬਲੀ ਸਮਾਰਕ ਬਣ ਗਿਆ। ਸੰਨ 1921 ਵਿਚ ਅਕਾਲੀ ਨੇ ਲਿਖਿਆ ਸੀ—"ਜਲ੍ਹਿਆਂਵਾਲਾ ਬਾਗ਼ ਦਾ ਦੁੱਖ ਹੈ ਪਰ ਬੱਜ ਬੱਜ ਦਾ ਵਾਕਿਆ ਸਿੱਖ ਕੌਮ ਦੀਆਂ ਨਜ਼ਰਾਂ ਸਾਹਵੇਂ ਹੈ।" 'ਪਰ' ਨਾਲ ਜਲ੍ਹਿਆਂਵਾਲਾ ਬਾਗ਼ ਕੇਵਲ ਹਿੰਦੂਆਂ ਦੇ ਪੱਲੇ ਪੈ ਗਿਆ। ਇੰਝ ਰਾਸ਼ਟਰਵਾਦ ਦਾ ਅਰਧ ਚਿੰਨ੍ਹ ਹੀ ਰਿਹਾ।

ਇਸ ਨੂੰ ਅਖਿਲ ਚਿੰਨ੍ਹ ਬਣਾਉਣ ਲਈ ਸ਼੍ਰੈਣਿਕ, ਸੰਪਰਦਾਇਕ ਉੱਦਮ ਦੀ ਲੋੜ ਹੈ।

ਆਜ਼ਾਦੀ ਤੋਂ ਬਾਅਦ ਪੰਜਾਬ ਦੀਆਂ ਸਰਕਾਰਾਂ ਤੋਂ ਇੰਨਾ ਵੀ ਨਹੀਂ ਸਰਿਆ ਕਿ ਪਿੰਡਾਂ ਦੇ ਸਕੂਲਾਂ ਦੇ ਨਾਉਂ ਸਥਾਨਕ ਸ਼ਹੀਦਾਂ ਦੇ ਨਾਵਾਂ 'ਤੇ ਰੱਖ ਦੇਵੇ। ☸

# ਭਗਤ ਸਿੰਘ ਦਾ ਜਲ੍ਹਿਆਂਵਾਲਾ ਬਾਗ਼ ਤੋਂ ਕਾਨਪੁਰ ਤਕ ਦਾ ਸਫ਼ਰ

ਸਰਬਜੀਤ ਸਿੰਘ ਵਿਰਕ

"ਮੈਂ ਪੂਰੇ ਜ਼ੋਰ ਨਾਲ ਕਹਿੰਦਾ ਹਾਂ ਕਿ ਮੈਂ ਵੀ ਇੱਛਾਵਾਂ ਅਤੇ ਉਮੰਗਾਂ ਨਾਲ ਭਰਪੂਰ ਹਾਂ ਅਤੇ ਮੇਰੇ ਅੰਦਰ ਵੀ ਜ਼ਿੰਦਗੀ ਦਾ ਆਨੰਦ ਲੈਣ ਦੀ ਚਾਹਤ ਹੈ, ਪਰ ਲੋੜ ਪੈਣ ਉੱਤੇ ਮੈਂ ਇਹ ਸਭ ਕੁਝ ਤਿਆਗ ਸਕਦਾ ਹਾਂ ਅਤੇ ਇਹ ਹੀ ਸੱਚੀ ਕੁਰਬਾਨੀ ਹੈ। ਇਹ ਚੀਜ਼ਾਂ ਮਨੁੱਖ ਦੇ ਰਾਹ ਦੀਆਂ ਰੋਕਾਂ ਨਹੀਂ ਬਣ ਸਕਦੀਆਂ ਬਸ਼ਰਤੇ ਕਿ ਉਹ ਇਨਸਾਨ ਹੋਵੇ।"

ਇਹ ਸ਼ਬਦ ਭਗਤ ਸਿੰਘ ਨੇ ਦਿੱਲੀ ਵਿਖੇ, ਕੌਮੀ ਅਸੈਂਬਲੀ ਬੰਬ ਘਟਨਾ ਵਿਚ ਗ੍ਰਿਫ਼ਤਾਰੀ ਦੇਣ ਤੋਂ ਕੁਝ ਘੰਟੇ ਪਹਿਲਾਂ ਲਿਖੀ ਚਿੱਠੀ ਵਿਚ ਆਪਣੇ ਦੋਸਤ ਸੁਖਦੇਵ ਨੂੰ ਲਿਖੇ ਸਨ। ਆਪਣੀਆਂ ਇਛਾਵਾਂ ਅਤੇ ਉਮੰਗਾਂ ਤਿਆਗ ਕੇ, ਦੇਸ਼ ਸੇਵਾ ਲਈ ਸਮਰਪਿਤ ਹੋ ਜਾਣ ਦਾ ਸਸ਼ਕਤ ਜਜ਼ਬਾ ਭਗਤ ਸਿੰਘ ਦੇ ਜ਼ਿਹਨ ਵਿਚ ਕਿਵੇਂ ਵਿਕਸਿਤ ਹੋਇਆ, ਇਸ ਬਾਰੇ ਜਾਣਨ ਲਈ ਆਉ ਆਪਾਂ 1923 ਦੇ ਉਸ ਸਮੇਂ ਵਿਚ ਪ੍ਰਵੇਸ਼ ਕਰੀਏ ਜਦੋਂ ਭਗਤ ਸਿੰਘ ਸੋਲ੍ਹਾਂ ਵਰ੍ਹਿਆਂ ਦਾ ਹੋ ਚੁੱਕਾ ਹੈ। ਜਿਵੇਂ ਜਿਵੇਂ ਉਹ ਜਵਾਨ ਹੋ ਰਿਹਾ ਹੈ, ਉਵੇਂ ਉਵੇਂ ਉਹ ਹੋਰ ਵਧੇਰੇ ਸੁਡੌਲ ਤੇ ਆਕਰਸ਼ਕ ਹੁੰਦਾ ਜਾ ਰਿਹਾ ਹੈ। ਉਸ ਦਾ ਪਤਲਾ ਤੇ ਲੰਮਾ ਜੁੱਸਾ ਉਸ ਦੀ ਫੱਬਤ ਨੂੰ ਦੁਗਣਾ ਕਰ ਰਿਹਾ ਹੈ। ਲਾਡਾਂ ਪਿਆਰਾਂ ਨਾਲ ਪਾਲ ਕੇ ਜੁਆਨ ਕੀਤੇ ਭਗਤ ਸਿੰਘ ਨੂੰ ਵੇਖ ਵੇਖ ਉਸ ਦੀਆਂ ਚਾਚੀਆਂ, ਮਾਂ-ਪਿਉ ਅਤੇ ਦਾਦਾ-ਦਾਦੀ ਹੋਰਾਂ ਨੇ ਆਪਣੇ ਸੁਪਨਿਆਂ ਤੇ ਖ਼ਿਆਲਾਂ ਨੂੰ ਉਸ ਦੇ ਵਿਆਹ ਵੱਲ ਮੋੜ ਲਿਆ ਹੈ। ਘਰ ਵਿਚ ਸਭ ਤੋਂ ਵੱਡਾ ਮੁੰਡਾ ਹੋਣ ਕਰਕੇ ਸਾਰੇ ਜੀਅ ਹੀ ਇਹ ਚਾਹੁੰਦੇ ਹਨ ਕਿ ਭਗਤ ਲਈ ਚੰਗਾ ਜਿਹਾ ਰਿਸ਼ਤਾ ਲੱਭ ਕੇ ਪਰਿਵਾਰ ਦੀ ਜ਼ਿੰਮੇਵਾਰੀ ਹਲਕੀ ਕੀਤੀ ਜਾਵੇ ਪਰ ਇਹ ਲੜਕਾ ਆਪਣੇ ਜੀਆਂ ਦੇ ਵਿਆਹ ਸੰਬੰਧੀ ਪੁੱਛੇ ਸਵਾਲਾਂ ਨੂੰ ਹੱਸ ਕੇ ਟਾਲ ਰਿਹਾ ਹੈ।

ਜਦੋਂ ਦਾ ਭਗਤ ਸਿੰਘ ਨੇ ਨੈਸ਼ਨਲ ਕਾਲਜ ਲਾਹੌਰ ਵਿਚ ਦਾਖ਼ਲਾ ਲਿਆ ਹੈ ਉਦੋਂ ਤੋਂ ਉਸ ਦੀ ਸੋਚ ਅਤੇ ਸੁਭਾਅ ਵਿਚ ਤੇਜ਼ੀ ਨਾਲ ਤਬਦੀਲੀ ਵਾਪਰ ਰਹੀ ਹੈ। ਘਰ ਵਿਚ ਦੇਸ਼-ਭਗਤੀ ਵਾਲਾ ਮਾਹੌਲ ਮਿਲਣ ਕਰਕੇ ਅਤੇ ਆਸ ਪਾਸ ਦੇ ਲੋਕਾਂ ਦੇ ਦੁੱਖ-ਦਰਦ ਨੂੰ ਦਿਲੋਂ ਮਹਿਸੂਸ ਕਰਨ ਕਰਕੇ ਉਸ ਦੀ ਸਮਝ ਪਹਿਲਾਂ ਹੀ ਆਪਣੇ ਬਹੁਤੇ ਹਾਣੀਆਂ ਨਾਲੋਂ ਪ੍ਰੌੜ ਹੋ ਚੁੱਕੀ ਹੈ। ਪਰ ਕਾਲਜ ਵਿਚ ਦਾਖ਼ਲੇ ਪਿੱਛੋਂ ਤਾਂ ਉਸ ਦੇ ਦੋ ਹੀ ਸ਼ੌਕ ਰਹਿ ਗਏ ਹਨ—ਦੇਸ਼ ਤੇ ਦੁਨੀਆ ਦੀਆਂ ਆਜ਼ਾਦੀ ਲਹਿਰਾਂ ਬਾਰੇ ਪੜ੍ਹਨਾ ਅਤੇ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਬਾਰੇ ਸੋਚਣਾ। ਉਹ ਜੋ ਪੜ੍ਹ ਰਿਹਾ ਹੈ ਇਸ ਬਾਰੇ ਆਪਣੇ ਦੋਸਤਾਂ ਨਾਲ ਵਿਚਾਰਾਂ ਕਰਦਾ ਰਹਿੰਦਾ ਹੈ। ਅਸਲ ਵਿਚ ਉਸ ਨੇ ਅਤੇ ਉਸ ਦੇ ਸਾਥੀਆਂ ਸੁਖਦੇਵ, ਭਗਵਤੀ ਚਰਨ, ਜੈਦੇਵ, ਰਾਮ ਕਿਸ਼ਨ, ਯਸ਼ਪਾਲ, ਤੀਰਥ ਰਾਮ ਆਦਿ ਨੇ ਨੈਸ਼ਨਲ ਕਾਲਜ ਲਾਹੌਰ ਵਿਚ ਦਾਖ਼ਲਾ ਹੀ ਆਪਣੇ ਆਪ ਨੂੰ ਦੇਸ਼ ਦੇ ਹਿਤਾਂ ਲਈ ਸਮਰਪਿਤ ਕਰਨ ਲਈ ਲਿਆ ਹੈ।

ਨੈਸ਼ਨਲ ਕਾਲਜ ਲਾਲਾ ਲਾਜਪੱਤ ਰਾਏ ਹੋਰਾਂ ਦੀ ਸਰਪ੍ਰਸਤੀ ਹੇਠ ਖੋਲ੍ਹਿਆ ਗਿਆ ਹੈ ਜੋ ਇੰਡੀਅਨ ਨੈਸ਼ਨਲ ਕਾਂਗਰਸ ਦੇ ਵੱਡੇ ਆਗੂ ਹਨ ਅਤੇ ਕਾਂਗਰਸ ਪਾਰਟੀ ਵਿਚ ਬਾਲਗੰਗਾਧਰ ਤਿਲਕ ਤੇ ਵਿਪਨ ਚੰਦਰ ਪਾਲ ਦੇ ਵਿਚਾਰਾਂ ਵਾਲੇ ਗਰਮ ਦਲ ਦੇ ਨਾਲ ਹਨ। ਭਗਤ ਸਿੰਘ ਤੇ ਬਾਕੀ ਵਿਦਿਆਰਥੀਆਂ ਲਈ ਨੈਸ਼ਨਲ ਕਾਲਜ, ਲਾਹੌਰ ਦੇਸ਼ ਭਗਤੀ ਦੀ ਇਕ ਨਰਸਰੀ ਹੀ ਹੈ, ਜਿਸ ਵਿਚ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਦੇ ਦਿਲਾਂ ਵਿਚ ਕੌਮੀ ਜਜ਼ਬਾ ਵੀ ਜਗਾਇਆ ਜਾ ਰਿਹਾ ਹੈ। ਭਗਤ ਸਿੰਘ ਇਤਿਹਾਸ ਦੇ ਅਧਿਆਪਕ ਪ੍ਰੋ. ਜੈ ਚੰਦ

ਵਿਦਿਆਲੰਕਾਰ ਤੋਂ ਦੁਨੀਆ ਦੇ ਇਨਕਲਾਬਾਂ ਦਾ ਇਤਿਹਾਸ ਖ਼ਾਸ ਦਿਲਚਸਪੀ ਅਤੇ ਲਗਨ ਨਾਲ ਪੜ੍ਹ ਰਿਹਾ ਹੈ। ਰਾਜਨੀਤੀ ਤੇ ਇਤਿਹਾਸ ਵਿਸ਼ਿਆਂ ਉੱਤੇ ਕਿਤਾਬਾਂ ਪੜ੍ਹਨੀਆਂ ਉਸ ਦਾ ਮਨਭਾਉਂਦਾ ਸ਼ੌਕ ਬਣ ਗਿਆ ਹੈ। ਇਸ ਦੇ ਨਾਲ ਹੀ ਉਹ ਕੌਮੀ ਰਾਜਨੀਤੀ ਅਤੇ ਦੇਸ਼ ਦੀਆਂ ਸਮੱਸਿਆਵਾਂ ਨੂੰ ਵੀ ਗੰਭੀਰਤਾ ਨਾਲ ਸਮਝ ਰਿਹਾ ਹੈ ਅਤੇ ਆਪਣੇ ਵਿਚਾਰਾਂ ਨੂੰ ਦੋਸਤਾਂ ਨਾਲ ਸਾਂਝੇ ਕਰ ਰਿਹਾ ਹੈ। ਅਜਿਹੀਆਂ ਹੀ ਵਿਚਾਰਾਂ ਗੋਸ਼ਟੀਆਂ ਨਾਲ ਉਹ ਹੁਣ ਆਪਣੇ ਸਾਥੀਆਂ ਨੂੰ ਸਮਾਜ ਸੇਵਾ ਅਤੇ ਦੇਸ਼ ਦੀ ਰਾਜਨੀਤੀ ਵਿਚ ਮਹੱਤਵਪੂਰਨ ਰੋਲ ਅਦਾ ਕਰਨ ਲਈ ਪ੍ਰੇਰਨ ਵੀ ਲੱਗ ਪਿਆ ਹੈ।

ਭਗਤ ਸਿੰਘ ਦੇ ਅਧਿਆਪਕ ਭਾਈ ਪਰਮਾਨੰਦ ਜੀ ਜੋ ਪੰਜਾਬ ਕੌਮੀ ਵਿਦਿਆਪੀਠ ਦੇ ਉਪਕੁਲਪਤੀ ਵੀ ਹਨ, ਖ਼ੁਦ ਉਘੇ ਦੇਸ਼ ਭਗਤ ਹਨ ਅਤੇ ਅੰਗਰੇਜ਼ ਹਕੂਮਤ ਖ਼ਿਲਾਫ਼ ਬਗ਼ਾਵਤੀ ਸੁਰ ਬੁਲੰਦ ਕਰਨ ਦੇ ਪੱਖੀ ਹਨ। ਉਹ ਗ਼ਦਰ ਪਾਰਟੀ ਦੇ ਮੋਹਰੀ ਆਗੂ ਰਹਿ ਚੁੱਕੇ ਹਨ ਅਤੇ ਲਾਹੌਰ ਸਾਜਿਸ਼ ਕੇਸ (ਪਹਿਲਾ) ਦੇ ਮੁਕੱਦਮੇ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਚੁੱਕੇ ਹਨ, ਜਿਸ ਵਿਚ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੀ ਸਜ਼ਾ ਹੋਈ ਸੀ। ਜਦੋਂ ਉਹ ਗ਼ਦਰ ਲਹਿਰ ਦੇ ਸਭ ਤੋਂ ਛੋਟੀ ਉਮਰ ਦੇ ਇਸ ਸ਼ਹੀਦ (ਸਰਾਭਾ) ਦੀਆਂ ਗੱਲਾਂ ਕਰਦੇ ਹਨ ਤਾਂ ਨੌਜਵਾਨ ਵਿਦਿਆਰਥੀਆਂ ਵਿਚ ਦੇਸ਼ ਭਗਤੀ ਲਈ ਜੋਸ਼ ਠਾਠਾਂ ਮਾਰਨ ਲੱਗਦਾ ਹੈ।

ਗ਼ਦਰੀਆਂ ਨੇ ਭਾਰਤ ਵਿਚ ਹਥਿਆਰਬੰਦ ਵਿਦਰੋਹ ਕਰਨ ਲਈ 21 ਫਰਵਰੀ, 1915 ਦਾ ਦਿਨ ਨਿਸ਼ਚਿਤ ਕਰ ਲਿਆ ਸੀ ਪਰ ਅੰਗਰੇਜ਼ ਹਕੂਮਤ ਨੂੰ ਸੂਹ ਲੱਗ ਜਾਣ ਕਰਕੇ ਵੱਡੇ ਪੱਧਰ ਉੱਤੇ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ ਸਨ ਅਤੇ ਸ਼ਹਿਨਸ਼ਾਹ ਖ਼ਿਲਾਫ਼ ਬਗ਼ਾਗਤ ਕਰਨ ਦੇ ਦੋਸ਼ ਵਿਚ ਮੁਕੱਦਮੇ ਚੱਲ ਪਏ ਸਨ। ਲਾਹੌਰ ਸਾਜ਼ਿਸ਼ ਕੇਸ ਪਹਿਲਾਂ ਤਿੰਨ ਜੱਜਾਂ ਦੀ ਸਪੈਸ਼ਲ ਅਦਾਲਤ (ਟ੍ਰਿਬਿਊਨਲ) ਵਿਚ 26 ਅਪ੍ਰੈਲ 1915 ਤੋਂ 13 ਸਤੰਬਰ 1915 ਤਕ ਚੱਲਿਆ। ਇਸ ਵਿਚ 24 ਦੇਸ਼ ਭਗਤ ਗ਼ਦਰੀਆਂ ਨੂੰ ਫਾਂਸੀ ਉੱਤੇ ਚੜ੍ਹਾਉਣ ਦਾ ਹੁਕਮ ਕਰ ਦਿੱਤਾ ਗਿਆ। ਜਿਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ ਅਤੇ ਬਾਬਾ ਸੋਹਨ ਸਿੰਘ ਭਕਨਾ ਵੀ ਸ਼ਾਮਿਲ ਸਨ। ਇਨ੍ਹਾਂ 24ਆਂ ਵਿਚ 17 ਵਿਅਕਤੀ ਉਹ ਵੀ ਸ਼ਾਮਲ ਸਨ ਜਿਨ੍ਹਾਂ ਦੀ ਗ੍ਰਿਫ਼ਤਾਰੀ ਭਾਰਤ ਦੀ ਧਰਤੀ ਤੋਂ ਨਹੀਂ ਸਗੋਂ ਸਮੁੰਦਰੀ ਜਹਾਜ਼ਾਂ ਤੋਂ ਕੀਤੀ ਗਈ ਸੀ। ਫ਼ਾਂਸੀ ਤੋਂ ਪਹਿਲਾਂ ਦੇ ਪਲਾਂ ਬਾਰੇ ਬਾਬਾ ਸੋਹਣ ਸਿੰਘ ਭਕਨਾ ਜੀ ਨੇ ਲਿਖਿਆ ਹੈ—'ਆਖ਼ਿਰ ਉਹ ਦਿਨ ਆ ਗਿਆ। ਸਵੇਰੇ ਫ਼ਾਂਸੀ ਲਟਕਣਾ ਸੀ। ਉਸ ਤੋਂ ਪਹਿਲਾਂ ਦੀ ਰਾਤ ਮੈਨੂੰ ਅੱਜ ਤਕ ਨਹੀਂ ਭੁੱਲੀ। ਸਾਡੀ ਬੈਠਕ ਵਿਚ 24 ਕੋਠੜੀਆਂ ਦੀ ਲੰਮੀ ਕਤਾਰ ਵਿਚ ਮੇਰੇ ਵਰਗਾ ਇਕ ਇਕ ਕੈਦੀ ਸੀ। ਜਿਵੇਂ ਰਿਵਾਜ਼ ਸੀ, ਸਾਡਾ ਵਜ਼ਨ ਕਰ ਲਿਆ ਗਿਆ। ਫੇਰ ਸਾਰੀ ਰਾਤ ਅਸੀਂ ਉੱਚੀ ਉੱਚੀ ਹੱਸਦੇ, ਕੂਕਦੇ ਤੇ ਗਾਉਂਦੇ ਰਹੇ। ਉਨ੍ਹਾਂ ਗੀਤਾਂ ਦਾ ਆਸ਼ਾ ਇਹ ਸੀ ਕਿ ਅਸੀਂ ਆਪਣਾ ਫ਼ਰਜ਼ ਨਿਭਾ ਚੱਲੇ ਹਾਂ। ਫ਼ਾਂਸੀ ਵਾਲੇ ਦਿਨ ਡਿਪਟੀ ਜੇਲ੍ਹਰ ਨੇ ਸਵੇਰੇ ਦਰਵਾਜ਼ੇ ਖੁਲ੍ਹਵਾਏ ਪਰ ਰਿਵਾਜ਼ ਮੁਤਾਬਕ ਸਾਡੇ ਆਖ਼ਰੀ ਇਸ਼ਨਾਨ ਲਈ ਪਾਣੀ ਕੋਈ ਨਾ ਆਇਆ। ਪੁੱਛਣ 'ਤੇ ਪਤਾ ਲੱਗਾ ਕਿ ਰਾਤ ਦੇ ਦਸ ਵਜੇ ਉਪਰੋਂ ਹੁਕਮ ਆਇਆ ਹੈ ਕਿ ਫ਼ਾਂਸੀ ਅਜੇ ਰੋਕ ਦਿੱਤੀ ਜਾਵੇ।'

ਪਰ ਅੰਤ ਵਿਚ 16 ਨਵੰਬਰ 1915 ਦੇ ਦਿਨ ਇਨ੍ਹਾਂ ਵਿਚੋਂ 7 ਦੇਸ਼ ਭਗਤਾਂ—ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਸੁਰ ਸਿੰਘ ਵਾਲਾ, ਹਰਨਾਮ ਸਿੰਘ ਸਿਆਲਕੋਟੀ, ਬਖ਼ਸ਼ੀਸ਼ ਸਿੰਘ ਗਿੱਲਵਾਲੀ, ਸੁਰੈਣ ਸਿੰਘ ਸਪੁੱਤਰ ਬੂੜ ਸਿੰਘ ਅਤੇ ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ, ਦੋਵੇਂ ਵਾਸੀ ਪਿੰਡ ਗਿੱਲਵਾਲੀ, ਨੂੰ ਫ਼ਾਂਸੀਆਂ ਉੱਤੇ ਲਟਕਾ ਦਿੱਤਾ ਗਿਆ ਅਤੇ ਬਾਕੀ 17 ਜਿਹੜੇ ਕਾਮਾਗਾਟਾਮਾਰੂ ਅਤੇ ਦੂਜੇ ਜਹਾਜ਼ਾਂ ਤੋਂ ਗ੍ਰਿਫ਼ਤਾਰ ਕੀਤੇ ਗਏ ਸਨ, ਦੀ ਫਾਂਸੀ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ। ਇਸ ਤਰ੍ਹਾਂ ਗ਼ਦਰ ਲਹਿਰ ਦੇ ਕੁੱਲ (ਹੁਣ ਤਕ ਜਾਣੇ ਗਏ ਅੰਕੜਿਆਂ ਮੁਤਾਬਕ) 145 ਗ਼ਦਰੀ ਵੀਰ ਫ਼ਾਂਸੀ ਉੱਤੇ ਝੂਲ ਕੇ ਜਾਂ ਪੁਲਿਸ ਦੀ ਗੋਲੀ ਦਾ ਸ਼ਿਕਾਰ ਹੋ ਕੇ ਸ਼ਹਾਦਤਾਂ ਪ੍ਰਾਪਤ ਕਰ ਗਏ, 306 ਨੂੰ ਬਾ-ਮੁਸ਼ੱਕਦ ਉਮਰ ਕੈਦਾਂ ਅਤੇ 77 ਨੂੰ ਉਮਰ ਕੈਦ ਤੋਂ ਘੱਟ ਦੀਆਂ ਕੈਦਾਂ ਦੀ ਸਜ਼ਾ ਕਰਕੇ ਕਾਲਾ ਪਾਣੀ ਵਰਗੀਆਂ ਜੇਲ੍ਹਾ ਵਿਚ ਸੁੱਟ ਦਿੱਤਾ ਗਿਆ। ਇਨ੍ਹਾਂ ਸਜ਼ਾਵਾਂ ਨੂੰ ਖਿੜੇ ਮੱਥੇ ਭੁਗਤਦੇ ਹੋਏ ਇਹ ਯੋਧੇ ਕੁਰਬਾਨੀਆਂ ਦੇ ਇਤਿਹਾਸਕ ਪੰਨਿਆਂ ਉੱਤੇ ਆਪਣਾ ਨਾਮ ਅੰਕਿਤ ਕਰ ਗਏ।

ਭਗਤ ਸਿੰਘ ਉਤੇ ਗ਼ਦਰ ਲਹਿਰ ਅਤੇ ਗ਼ਦਰੀਆਂ ਦੀਆਂ ਬੇਮਿਸਾਲ ਕੁਰਬਾਨੀਆਂ ਦਾ ਅਤਿਅੰਤ ਪ੍ਰਭਾਵ ਹੈ। ਉਹ ਦੇਸ਼ ਭਗਤੀ ਦੀ ਪ੍ਰੇਰਨਾ ਲਈ ਕਰਤਾਰ ਸਿੰਘ ਸਰਾਭੇ ਦੀ ਫੋਟੋ ਹਮੇਸ਼ਾ ਆਪਣੀ ਜੇਬ ਵਿਚ ਰੱਖਣ ਲੱਗ ਪਿਆ ਹੈ ਅਤੇ ਅਕਸਰ ਉਸ ਦੀ ਕਵਿਤਾ ਦਾ ਇਹ ਟੋਟਾ ਗਾ ਕੇ ਸੁਣਾਉਂਦਾ ਹੈ—

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

10 ਦਸੰਬਰ 1917 ਨੂੰ ਬ੍ਰਿਟਿਸ਼ ਇੰਡੀਆ ਦੇ ਵਾਇਸਰਾਏ ਲਾਰਡ ਚੈਮਸਫੋਰਡ ਨੇ, ਇਨਕਾਬੀ ਲਹਿਰ ਨਾਲ ਸੰਬੰਧਤ ਫ਼ੌਜਦਾਰੀ ਸਾਜ਼ਿਸ਼ਾਂ ਦੀ ਪੜਤਾਲ ਕਰਨ ਲਈ ਇਕ ਸੇਡੀਸ਼ਨ ਕਮੇਟੀ ਸਥਾਪਿਤ ਕੀਤੀ। ਮਿਸਟਰ ਰੌਲਟ ਨੂੰ ਇਸ ਦਾ ਚੇਅਰਮੈਨ ਥਾਪ ਦੇਣ ਨਾਲ ਇਸ ਕਮੇਟੀ ਨੂੰ ਰੌਲਟ ਕਮੇਟੀ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਇਸ ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਆਧਾਰ ਉੱਤੇ ਸਰਕਾਰ ਨੇ 18 ਜਨਵਰੀ 1919 ਨੂੰ ਦੋ ਬਿੱਲ (ਰੌਲਟ ਬਿਲਜ਼) ਆਪਣੇ ਗ਼ਜ਼ਟ ਵਿਚ ਛਾਇਆ ਕੀਤੇ ਜਿਨ੍ਹਾਂ ਦੇ ਵਿਰੋਧ ਵਿਚ ਦੇਸ਼ ਭਰ ਵਿਚ ਹੜਤਾਲ ਅਤੇ ਰੋਸ ਰੈਲੀਆਂ ਹੋਈਆਂ। ਅੰਮ੍ਰਿਤਸਰ ਵਿਚ ਇਨ੍ਹਾਂ ਰੋਸ ਰੈਲੀਆਂ ਦੀ ਅਗਵਾਈ ਡਾਕਟਰ ਸੱਤਪਾਲ ਅਤੇ ਡਾਕਟਰ ਸੈਫੂਦੀਨ ਕਿਚਲੂ ਨੇ ਕੀਤੀ। ਇਨ੍ਹਾਂ ਆਗੂਆਂ ਦੀ ਗ੍ਰਿਫ਼ਤਾਰੀ ਅਤੇ ਰੌਲਟ ਬਿੱਲਾਂ ਦਾ ਵਿਰੋਧ ਕਰਦੇ ਹੋਏ 20 ਤੋਂ ਉੱਤੇ ਵਿਅਕਤੀ ਪੁਲਿਸ ਗੋਲੀ ਦਾ ਸ਼ਿਕਾਰ ਹੋ ਕੇ ਮਾਰੇ ਗਏ ਅਤੇ ਬਹੁਤ ਸਾਰੇ ਫੱਟੜ ਹੋ ਗਏ। ਜਿਉਂ ਹੀ ਮ੍ਰਿਤਕਾਂ ਦੀਆਂ ਲਾਸ਼ਾਂ ਮੁਹੱਲਿਆਂ ਵਿਚ ਜਾਣੀਆਂ ਸ਼ੁਰੂ ਹੋਈਆਂ, ਲੋਕਾਂ ਦਾ ਇਕ ਹਿੱਸਾ ਭੜਕ ਗਿਆ ਅਤੇ ਉਨ੍ਹਾਂ ਸਰਕਾਰੀ ਦਫ਼ਤਰਾਂ ਤੇ ਬੈਂਕਾਂ ਨੂੰ ਨੁਕਸਾਨ ਪੁਚਾਉਣਾ ਸ਼ੁਰੂ ਕਰ ਦਿੱਤਾ। ਭੜਕੀ ਹੋਈ ਭੀੜ ਨੇ ਕਾਨੂੰਨ ਨੂੰ ਆਪਣੇ ਹੱਥ ਵਿਚ ਲੈਂਦਿਆਂ 5 ਯੂਰਪੀਨ ਵਿਅਕਤੀਆਂ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ। ਸਥਿਤੀ ਨੂੰ ਕੰਟਰੋਲ ਕਰਨ ਲਈ ਉਸੇ ਸ਼ਾਮ ਫ਼ੌਜ ਸੱਦ ਲਈ ਗਈ ਤੇ ਪੰਜਾਬ ਨੂੰ ਸਿੱਧੇ ਤੌਰ ਉੱਤੇ ਫ਼ੌਜੀ ਸ਼ਾਸ਼ਨ ਅਧੀਨ ਲੈ ਆਂਦਾ ਗਿਆ। ਇਸ ਤੋਂ ਅਗਲੇ ਹੀ ਦਿਨ ਭਾਗ 12 ਅਪ੍ਰੈਲ 1919 ਨੂੰ ਸਰਕਾਰ ਵੱਲੋਂ ਇਹ ਫੁਰਮਾਨ ਜਾਰੀ ਕਰ ਦਿੱਤਾ ਗਿਆ ਕਿ ਕੋਈ ਵਿਅਕਤੀ ਕਿਸੇ ਮੀਟਿੰਗ ਜਾਂ ਰੈਲੀ ਵਿਚ ਹਿੱਸਾ ਨਾ ਲਵੇ।

13 ਅਪ੍ਰੈਲ 1919 ਨੂੰ ਵਿਸਾਖੀ ਦਾ ਦਿਨ ਸੀ ਤੇ ਦੂਰੋਂ ਦੂਰੋਂ ਲੋਕ ਵਿਸਾਖੀ ਮਨਾਉਣ ਤੇ ਦਰਬਾਰ ਸਾਹਿਬ ਮੱਥਾ ਟੇਕਣ ਦੇ ਮਕਸਦ ਨਾਲ ਅੰਮ੍ਰਿਤਸਰ ਪਹੁੰਚੇ ਹੋਏ ਸਨ। ਇਸੇ ਦਿਨ ਸਥਾਨਕ ਆਗੂਆਂ ਨੇ ਗੋਲੀਕਾਂਡ ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਅਤੇ ਰੌਲਟ ਐਕਟ ਦਾ ਵਿਰੋਧ ਕਰਨ ਲਈ ਜਲ੍ਹਿਆਂਵਾਲਾ ਬਾਗ਼ ਅੰਮ੍ਰਿਤਸਰ ਵਿਖੇ ਜਨ ਸਭਾ ਬੁਲਾਈ ਹੋਈ ਸੀ ਜਿਸ ਵਿਚ ਸ਼ਾਮਲ ਹੋਣ ਲਈ, ਸ਼ਾਮ ਹੁੰਦੇ ਹੁੰਦੇ 10 ਹਜ਼ਾਰ ਤੋਂ ਜ਼ਿਆਦਾ ਬੰਦੇ ਪਹੁੰਚ ਗਏ। ਜਦੋਂ ਸਭਾ ਵਿਚ ਪੁਲਿਸ ਦੀ ਕਾਰਵਾਈ ਨੂੰ ਨਿੰਦਣ ਅਤੇ ਸਰਕਾਰ ਨੂੰ ਬਿੱਲ ਵਾਪਸ ਲੈਣ ਬਾਰੇ ਮਤੇ ਪਾਉਣ ਦੀ ਪ੍ਰਕਿਰਿਆ ਚੱਲ ਰਹੀ ਸੀ, ਐਨ ਉਸੇ ਸਮੇਂ ਬ੍ਰਿਗੇਡੀਅਰ ਜਨਰਲ ਰੇਗੀਨਾਲਡ ਐਡਵਰਡ ਹੈਰੀ ਡਾਇਰ ਆਪਣੇ ਨਾਲ ਮਸ਼ੀਨਗੰਨਾਂ ਅਤੇ 100 ਦੇ ਕਰੀਬ ਹਥਿਆਰਬੰਦ ਫ਼ੌਜੀ ਲੈ ਕੇ ਪਹੁੰਚ ਗਿਆ, ਜਿਨ੍ਹਾਂ ਵਿਚ ਜ਼ਿਆਦਾਤਰ ਗੋਰਖੇ ਤੇ ਬਲੋਚ ਸਨ। ਉਨ੍ਹਾਂ ਨੇ ਜਾਂਦੇ ਸਾਰ ਜ. ਡਾਇਰ ਦੇ ਹੁਕਮ ਉੱਤੇ ਪੁਜੀਸ਼ਨਾਂ ਲੈ ਕੇ ਇਕੱਠੇ ਹੋਏ ਲੋਕਾਂ ਨੂੰ ਵਾਰਨਿੰਗ ਦਿੱਤੇ ਬਗ਼ੈਰ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਨਾਲ ਅਫਰਾ-ਤਫਰੀ ਮੱਚ ਗਈ ਅਤੇ ਲੋਕਾਂ ਆਪਣੀਆਂ ਜਾਨਾਂ ਬਚਾਉਣ ਲਈ ਇਧਰ ਉਧਰ ਦੌੜਨਾ ਸ਼ੁਰੂ ਕੀਤਾ। ਬਹੁਤ ਸਾਰੇ ਲੋਕ ਜਾਨਾਂ ਬਚਾਉਣ ਲਈ ਬਾਗ਼ ਕੰਪਾਊਂਡ ਵਿਚ ਬਣੇ ਇਕ ਖੂਹ ਵਿਚ ਛਾਲਾਂ ਮਾਰਨ ਲੱਗੇ। ਜਨਰਲ ਡਾਇਰ ਦੇ ਹੁਕਮਾਂ ਨਾਲ ਸਿਪਾਹੀਆਂ ਨੇ 1650 ਰਾਊਂਡ ਗੋਲੀਆਂ ਚਲਾ ਕੇ 1000 ਤੋਂ ਜ਼ਿਆਦਾ ਨਿਹੱਥੇ ਤੇ ਬੇਕਸੂਰ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਜਦੋਂ ਇਸ ਭਿਆਨਕ ਗੋਲੀ ਕਾਂਡ ਦੀਆਂ ਖ਼ਬਰਾਂ ਸ਼ਾਮ ਨੂੰ ਲਾਹੌਰ ਪਹੁੰਚੀਆਂ ਸਨ ਤਾਂ ਉਥੋਂ ਬਹੁਤ ਵੱਡੀ ਤਾਦਾਤ ਵਿਚ ਲੋਕ ਅਗਲੇ ਹੀ ਦਿਨ ਅੰਮ੍ਰਿਤਸਰ ਘਟਨਾ ਵਾਲੀ ਥਾਂ ਪਹੁੰਚ ਗਏ ਸਨ ਜਿਨ੍ਹਾਂ ਵਿਚ ਬਾਲ ਭਗਤ ਸਿੰਘ ਵੀ ਸ਼ਾਮਲ ਸੀ ਕਿਉਂਕਿ ਉਸ ਦਾ ਕੋਮਲ ਮਨ ਬੇਕਸੂਰ ਮਨੁੱਖਾਂ ਦੇ ਘਿਣਾਉਣੇ ਕਤਲਾਂ ਨਾਲ ਵਲੂੰਧਰਿਆ ਗਿਆ ਸੀ। ਸਾਢੇ ਗਿਆਰਾਂ ਵਰ੍ਹਿਆਂ ਦੇ ਭਗਤ ਨੇ ਉਥੇ ਥਾਂ-ਥਾਂ ਗੋਲੀਆਂ ਦੇ ਨਿਸ਼ਾਨ ਵੇਖੇ ਸਨ, ਸ਼ਹੀਦਾਂ ਦੇ ਲਹੂ ਨਾਲ ਸਿੰਜਿਆ ਪਿਆ ਮੈਦਾਨ ਵੇਖਿਆ ਸੀ, ਮਨੁੱਖੀ ਰੱਤ ਨਾਲ ਲਾਲ ਹੋਇਆ ਖੂਹ ਦਾ ਪਾਣੀ ਵੇਖਿਆ ਸੀ ਤੇ ਰੋਂਦੀਆਂ ਵਿਲਕਦੀਆਂ ਅੱਖਾਂ ਵਿਚ ਵਿਦੇਸ਼ੀ ਹਕੂਮਤ ਖ਼ਿਲਾਫ਼ ਸਮਾਏ ਗ਼ੁੱਸੇ, ਗ਼ਮ ਅਤੇ ਰੋਹ ਨੂੰ ਤੱਕਿਆ ਸੀ। ਉਸ ਨੇ ਆਪਣੇ ਗ਼ੁੱਸੇ ਤੇ ਗ਼ਮ ਨੂੰ ਗੰਢ ਮਾਰ ਕੇ ਭਰੇ ਦਿਲ ਨਾਲ ਸ਼ਹੀਦਾਂ ਦੀ ਖ਼ੂਨ-ਅਲੂਦ ਮਿੱਟੀ ਇਕੱਠੀ ਕੀਤੀ ਸੀ ਤੇ ਇਸ ਨੂੰ ਬੋਤਲ ਵਿਚ ਪਾ ਕੇ ਨਾਲ ਲੈ ਆਇਆ ਸੀ। ਇਸ ਘਟਨਾ ਨੇ ਇਕ ਦਮ ਬਾਲ ਭਗਤ ਸਿੰਘ ਨੂੰ ਆਪਣੀ ਉਮਰ ਨਾਲੋਂ ਜ਼ਿਆਦਾ ਗੰਭੀਰ ਬਣਾ ਦਿੱਤਾ ਸੀ ਤੇ ਉਹ ਸ਼ਹੀਦਾਂ ਦੀ ਮਿੱਟੀ ਸਾਹਮਣੇ ਰੱਖ ਕੇ ਦੇਸ਼ ਦੇ ਹਾਲਾਤਾਂ ਬਾਰੇ ਸੋਚਦਾ ਰਹਿੰਦਾ ਸੀ।

ਸੰਨ 1922 ਤਕ ਪਹੁੰਚਦਿਆਂ ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਗਾਂਧੀ ਜੀ ਦੀ ਅਗਵਾਈ ਵਿਚ ਚਲਾਈ ਜਾ ਰਹੀ ਨਾਮਿਲਵਰਤਨ ਲਹਿਰ ਦੇਸ਼ ਵਿਚ ਦੂਰ ਦੂਰ ਤਕ ਫੈਲ ਚੁੱਕੀ ਸੀ। 'ਇੰਡੀਅਨ ਨੈਸ਼ਨਲ ਕਾਂਗਰਸ, ਮੁਸਲਿਮ ਲੀਗ ਅਤੇ ਖ਼ਿਲਾਫ਼ਤੀਆਂ ਵੱਲੋਂ ਇਸ ਲਹਿਰ ਵਿਚ ਗਾਂਧੀ ਜੀ ਦੀ ਅਗਵਾਈ ਮੰਨਣ ਪਿੱਛੋਂ ਗਾਂਧੀ ਜੀ ਨੇ ਖ਼ੁਦ ਐਲਾਨ ਕੀਤਾ ਸੀ ਕਿ ਜੇਕਰ (ਲਹਿਰ ਨੂੰ ਸਫ਼ਲ ਕਰਨ ਲਈ) ਲੋਕਾਂ ਵੱਲੋਂ ਕਰਨ ਵਾਲੇ ਅਤੇ ਨਾ ਕਰਨ ਵਾਲੇ ਕੰਮਾਂ ਦੇ ਟੀਚੇ ਪ੍ਰਾਪਤ ਕਰ ਲਏ ਜਾਂਦੇ ਹਨ, ਜੇਕਰ ਹਿੰਦੂ ਮੁਸਲਿਮ ਏਕਤਾ ਇਸੇ ਤਰ੍ਹਾਂ ਬਣੀ ਰਹਿੰਦੀ ਹੈ ਅਤੇ ਜੇਕਰ ਭਾਰਤੀ ਇਸ ਲਹਿਰ ਵਿਚ ਅਹਿੰਸਾ ਨੂੰ ਅਪਣਾ ਕੇ ਚਲਦੇ ਹਨ ਤਾਂ ਸਵਰਾਜ ਇਕ ਵਰ੍ਹੇ ਵਿਚ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।' ਅੰਗਰੇਜ਼ ਹਕੂਮਤ ਵੱਲੋਂ ਇਸ ਲਹਿਰ ਨੂੰ ਫੇਲ੍ਹ ਕਰਨ ਲਈ ਲਾਈਆਂ ਪਾਬੰਦੀਆਂ ਅਤੇ ਸਖ਼ਤੀਆਂ ਦਾ ਅਸਰ ਵੀ ਉਲਟਾ ਸ਼ਹਿਰ ਨੂੰ ਮਜ਼ਬੂਤੀ ਹੀ ਪ੍ਰਦਾਨ ਕਰ ਰਿਹਾ ਸੀ ਕਿਉਂਕਿ ਜਨ-ਜਨ ਇਨ੍ਹਾਂ ਪਾਬੰਦੀਆਂ ਤੇ ਸਖ਼ਤੀਆਂ ਖ਼ਿਲਾਫ਼ ਹਕੂਮਤ ਨਾਲ ਦਸਤਪੰਜਾ ਲੈਣ ਲਈ ਸੜਕਾਂ 'ਤੇ ਆ ਗਿਆ ਸੀ। ਪਰ ਠੀਕ ਇਸੇ ਸਮੇਂ ਯੂ.ਪੀ. ਵਿਚ ਚੌਰੀ-ਚੌਰਾ ਦੇ ਸਥਾਨ ਉੱਤੇ ਹਿੰਸਕ ਘਟਨਾਵਾਂ ਵਾਪਰ ਗਈਆਂ। ਉਥੇ ਆਪਣੇ ਗ੍ਰਿਫ਼ਤਾਰ ਆਗੂਆਂ ਨੂੰ ਛੁਡਾਉਣ ਲਈ ਇਕੱਠੇ ਹੋਏ ਅੰਦੋਲਨਕਾਰੀਆਂ ਉਤੇ ਪੁਲਿਸ ਨੇ ਸਿੱਧਾ ਫਾਇਰ ਖੋਲ੍ਹ ਦਿੱਤਾ। ਇਸ ਨਾਲ ਤਿੰਨ ਵਿਅਕਤੀ ਥਾਏਂ ਮਾਰੇ ਗਏ ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ। ਇਸ ਨਾਲ ਅੰਦੋਲਨਕਾਰੀ ਹੋਰ ਗ਼ੁੱਸੇ ਵਿਚ ਆ ਗਏ ਤੇ ਪੁਲਿਸ ਨੂੰ ਚੌਕੀ ਵੱਲ ਭਜਾਉਣ ਵਿਚ ਸਫ਼ਲ ਹੋ ਗਏ। ਇਸ ਸਮੇਂ ਪੁਲਿਸ ਦੇ ਅਫ਼ਸਰਾਂ ਤੇ ਜਵਾਨਾਂ ਦੇ ਹੌਂਸਲੇ ਇੰਨੇ ਪਸਤ ਹੋ ਗਏ ਕਿ ਉਨ੍ਹਾਂ ਜਾ ਕੇ ਪੁਲਿਸ ਚੌਕੀ ਅੰਦਰ ਸ਼ਰਨ ਲੈ ਲਈ ਤੇ ਚੌਕੀ ਦਾ ਗੇਟ ਬੰਦ ਕਰ ਦਿੱਤਾ। ਪਰ ਅੰਦੋਲਨਕਾਰੀਆਂ ਨੇ ਚੌਕੀ ਨੂੰ ਘੇਰਾ ਪਾ ਲਿਆ ਤੇ ਪੁਲਿਸ ਦੁਆਰਾ ਗੋਲੀਆਂ ਨਾਲ ਮਾਰੇ ਤੇ ਜ਼ਖ਼ਮੀ ਕੀਤੇ ਆਪਣੇ ਸਾਥੀਆਂ ਦਾ ਬਦਲਾ ਲੈਣ ਲਈ ਪੁਲਿਸ ਚੌਕੀ ਨੂੰ ਹੀ ਅੱਗ ਲਾ ਦਿੱਤੀ, ਜਿਸ ਨਾਲ 23 ਪੁਲਿਸ ਕਰਮੀ ਸੜ ਕੇ ਮਰ ਗਏ।

ਗਾਂਧੀ ਜੀ ਨੂੰ ਉਕਤ ਹਿੰਸਕ ਘਟਨਾਵਾਂ ਦਾ ਦੁੱਖ ਪਹੁੰਚਿਆ ਤੇ ਉਨ੍ਹਾਂ ਵੱਲੋਂ ਇਕਦਮ ਨਾ-ਮਿਲਵਰਤਨ ਅੰਦੋਲਨ ਵਾਪਸ ਲੈ ਲਿਆ ਗਿਆ। ਅੰਦੋਲਨ ਚਲਾ ਰਹੇ ਬਹੁਤ ਸਾਰੇ ਆਗੂਆਂ ਅਤੇ ਕਾਰਜਕਰਤਾਵਾਂ ਨੂੰ ਬਾਪੂ ਦਾ ਇਹ ਫ਼ੈਸਲਾ ਠੀਕ ਨਾ ਲੱਗਾ, ਕਿਉਂਕਿ ਉਹ ਸੋਚਦੇ ਸਨ ਕਿ ਬਾਕੀ ਸਾਰੇ ਦੇਸ਼ ਵਿਚ ਅੰਦੋਲਨ ਸ਼ਾਂਤਮਈ ਤਰੀਕੇ ਨਾਲ ਚਲਦਾ ਹੋਇਆ ਆਪਣੀ ਚਰਮਸੀਮਾ ਉੱਤੇ ਪਹੁੰਚ ਚੁੱਕਾ ਸੀ ਜਿਸ ਨਾਲ ਹਕੂਮਤ ਦੀ ਨੀਂਦ ਹਰਾਮ ਹੋ ਚੁੱਕੀ ਸੀ। ਨਾ-ਮਿਲਵਰਤਨ ਅੰਦੋਲਨ ਇਸ ਤਰ੍ਹਾਂ ਵਾਪਸ ਲੈਣਾ ਲਾਜਪਤ ਰਾਏ, ਮੋਤੀ ਲਾਲ ਨਹਿਰੂ, ਆਸਿਫ਼ ਅਲੀ, ਸੁਭਾਸ਼ ਚੰਦਰ ਬੋਸ ਅਤੇ ਸੀ.ਆਰ. ਦਾਸ ਜਿਹੇ ਆਗੂਆਂ ਨੂੰ ਵੀ ਚੰਗਾ ਨਾ ਲੱਗਾ। ਲਾਲਾ ਲਾਜਪਤ ਰਾਏ ਨੇ ਤਾਂ ਇਥੋਂ ਤਕ ਕਹਿ ਦਿੱਤਾ ਕਿ 'ਇਹ ਫ਼ੈਸਲਾ ਭਰੋਸੇ ਵਿਚ ਚੱਲ ਰਹੇ ਅਤੇ ਭਵਿੱਖ ਬਾਰੇ ਆਸਵੰਦ ਦੇਸ਼ ਉੱਤੇ ਬੰਬ ਦੀ ਤਰ੍ਹਾਂ ਡਿੱਗਾ ਹੈ। ਇਸ ਦੇ ਅਚਾਨਕ ਲੱਗੇ ਭਿਆਨਕ ਝਟਕੇ ਦਾ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ। ਇਸ ਨੇ ਲੋਕਾਂ ਨੂੰ ਹੱਕੇ-ਬੱਕੇ ਅਤੇ ਨਾਰਾਜ਼ ਕਰ ਦਿੱਤਾ ਹੈ।'

ਮਹਾਤਮਾ ਗਾਂਧੀ ਜੀ ਵੱਲੋਂ ਪਿਛਲੇ ਸਾਲ ਨਾ-ਮਿਲਵਰਤਨ ਅੰਦੋਲਨ ਵਾਪਸ ਲੈਣ ਕਰਕੇ ਨੌਜਵਾਨ ਵਰਗ ਵੀ ਮਹਾਤਮਾ ਜੀ ਨਾਲ ਨਾਰਾਜ਼ ਹੋ ਗਿਆ ਕਿਉਂਕਿ ਬਹੁਤ ਸਾਰੇ ਨੌਜਵਾਨ ਆਪਣੀ ਪੜ੍ਹਾਈ, ਸੁੱਖ-ਚੈਨ ਅਤੇ ਭਵਿੱਖ ਛੱਡ ਕੇ ਮਹਾਤਮਾ ਜੀ ਨਾਲ ਜੁੜੇ ਸਨ। ਨਾਰਾਜ਼ ਹੋਣ ਵਾਲਿਆਂ ਵਿਚ ਭਗਤ ਸਿੰਘ ਅਤੇ ਉਸ ਦੇ ਬਹੁਤ ਸਾਰੇ ਸਾਥੀ ਵੀ ਸ਼ਾਮਲ ਹਨ। ਲੋਕ ਵੀ ਕਾਂਗਰਸ ਪਾਰਟੀ ਤੋਂ ਨਿਰ-ਉਤਸ਼ਾਹਤ ਹੋ ਚੁੱਕੇ ਹਨ। ਦੂਜੇ ਪਾਸੇ ਹਕੂਮਤ ਦਾ ਦਮਨ ਹੋਰ ਤੇਜ਼ ਹੋ ਗਿਆ ਹੈ। ਅਜਿਹੀ ਸਥਿਤੀ ਵਿਚ ਜਨਤਾ ਨੂੰ ਕਾਰਗਰ ਅਗਵਾਈ ਦੀ ਬਹੁਤ ਲੋੜ ਹੈ, ਜਿਸ ਨਾਲ ਉਹ ਮੁੜ ਉਤਸ਼ਾਹਤ ਹੋ ਕੇ ਆਪਣੇ ਹੱਕਾਂ ਬਾਰੇ ਨਵੇਂ ਸਿਰਿਓਂ ਲਾਮਬੰਦੀ ਕਰੇ। ਭਗਤ ਸਿੰਘ ਨੇ ਇਹ ਨਤੀਜਾ ਕੱਢਿਆ ਹੈ ਕਿ ਇਹ ਕੰਮ ਪੜ੍ਹੇ ਲਿਖੇ ਨੌਜਵਾਨ ਹੀ ਕਰ ਸਕਦੇ ਹਨ ਕਿਉਂਕਿ ਉਹ ਨੌਜਵਾਨਾਂ ਵਿਚ ਸਮਾਜ ਸੇਵਾ ਅਤੇ ਦੇਸ਼ ਦੀ ਰਾਜਨੀਤੀ ਵਿਚ ਕੁਝ ਨਵਾਂ ਕਰ ਗੁਜ਼ਰਨ ਦਾ ਉਤਸ਼ਾਹ ਵੇਖ ਰਿਹਾ ਹੈ। ਇਸੇ ਕਰਕੇ ਉਸ ਨੇ ਨੌਜਵਾਨਾਂ ਨੂੰ ਜਥੇਬੰਦ ਕਰਨ ਦੇ ਕੰਮ ਵਿਚ ਪੂਰੀ ਤਨਦੇਹੀ ਨਾਲ ਜ਼ਿੰਮੇਵਾਰੀ ਨਿਭਾਉਣ ਦਾ ਚੈਲੰਜ ਵੀ ਸਵੀਕਾਰ ਕਰ ਲਿਆ ਹੈ।

ਉਕਤ ਹਾਲਾਤਾਂ ਦੇ ਮੱਦੇਨਜ਼ਰ ਭਗਤ ਸਿੰਘ ਦਾ ਮਨ ਹੁਣ ਬਾਕੀ ਦੁਨਿਆਵੀ ਕਾਰਾਂ-ਵਿਹਾਰਾਂ ਤੋਂ ਦੂਰ ਜਾ ਰਿਹਾ ਹੈ ਤੇ ਉਹ ਪਰਿਵਾਰ ਦੀ ਇੱਛਾ ਉੱਤੇ ਫੁੱਲ ਚੜ੍ਹਾ ਕੇ ਕੀਤੇ ਜਾਣ ਵਾਲੇ ਵਿਆਹ ਨੂੰ ਆਪਣੇ ਮਿਸ਼ਨ ਵਿਚ ਪੈਣ ਵਾਲੇ

ਵਿਘਨ ਵਜੋਂ ਹੀ ਵੇਖ ਰਿਹਾ ਹੈ। ਜਦੋਂ ਵੀ ਘਰ ਵਿਚ ਉਸ ਦੇ ਵਿਆਹ ਦੀ ਗੱਲ ਚੱਲਦੀ ਉਹ ਹੱਸ ਕੇ ਟਾਲ ਦਿੰਦਾ ਹੈ। ਸਿੱਧਾ ਜਵਾਬ ਦੇਣ ਦੀ ਥਾਂ ਟਾਲ ਮਟੋਲ ਕਰਕੇ ਉਹ ਇਸ ਵਿਸ਼ੇ ਉਤੇ ਆਪਣੇ ਘਰਦਿਆਂ ਦੀ ਯਕਦਮ ਨਰਾਜ਼ਗੀ ਤੋਂ ਤਾਂ ਬਚ ਜਾਂਦਾ ਹੈ ਪਰ ਉਸ ਅੰਦਰ ਸਥਿਤੀ ਦਾ ਮੁਕਾਬਲਾ ਕਰਨ ਲਈ ਕਸ਼ਮਕਸ਼ ਹੋਰ ਤੇਜ਼ ਹੋ ਜਾਂਦੀ ਹੈ।

ਭਗਤ ਸਿੰਘ ਨੇ ਆਪਣੇ ਆਪ ਨੂੰ ਮਜ਼ਬੂਤ ਕਰਕੇ ਕਈ ਵਾਰ ਆਪਣੇ ਘਰਦਿਆਂ ਨੂੰ ਸਮਝਾਉਣਾ ਚਾਹਿਆ ਹੈ ਕਿ ਇਹ ਵਿਆਹ ਦਾ ਸਮਾਂ ਨਹੀਂ ਕਿਉਂਕਿ ਦੇਸ਼ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਆਜ਼ਾਦ ਕਰਵਾਉਣ ਲਈ ਨੌਜਵਾਨਾਂ ਦੀ ਲੋੜ ਹੈ। ਉਸ ਨੇ ਇਹ ਕਹਿਣ ਦੀ ਕੋਸ਼ਿਸ਼ ਕੀਤੀ ਹੈ ਕਿ ਉਸ ਦੇ ਪੈਰੀਂ ਬੇੜੀਆਂ ਨਾ ਪਾਈਆਂ ਜਾਣ ਸਗੋਂ ਆਦਰਸ਼ ਲਈ ਸਮਰਪਿਤ ਹੋਣ ਕਰਕੇ ਉਸ ਨੂੰ ਅਸ਼ੀਰਵਾਦ ਦਿੱਤਾ ਜਾਵੇ। ਪਰ ਅੱਜ ਤਕ ਵੀ ਭਗਤ ਸਿੰਘ ਦੇ ਮਾਤਾ-ਪਿਤਾ ਤੇ ਟੱਬਰ ਦੇ ਬਾਕੀ ਜੀਅ ਉਸ ਨਾਲ ਸਹਿਮਤ ਨਹੀਂ ਹਨ। ਹਾਲ ਇਹ ਹੋ ਗਿਆ ਕਿ ਵਿਆਹ ਲਈ ਰਿਸ਼ਤੇ ਵਾਲੇ ਘਰ ਆਉਣ ਲੱਗ ਪਏ ਹਨ, ਜਿਸ ਕਾਰਨ ਘਰਦਿਆਂ ਵੱਲੋਂ ਉਸ ਉੱਤੇ ਵਿਆਹ ਕਰਾਉਣ ਲਈ ਦਬਾਅ ਹੋਰ ਵਧ ਗਿਆ ਹੈ। ਉਹ ਇਸ ਸਮੱਸਿਆ ਦਾ ਅਜਿਹਾ ਹੱਲ ਚਾਹੁੰਦਾ ਹੈ ਜਿਸ ਨਾਲ ਪਰਿਵਾਰ ਵੀ ਨਾਰਾਜ਼ ਨਾ ਹੋਵੇ ਅਤੇ ਉਸ ਦਾ ਮਕਸਦ ਵੀ ਹੱਲ ਹੋ ਜਾਵੇ। ਉਹ ਕਈ ਦਿਨ ਤੋਂ ਇਸੇ ਹੱਲ ਦੀ ਤਾਲਾਸ਼ ਵਿਚ ਹੈ।

ਪਿਛਲੇ ਦਿਨੀਂ ਭਗਤ ਸਿੰਘ ਆਪਣੇ ਵਿਆਹ ਸੰਬੰਧੀ ਮਨੋਸਥਿਤੀ ਨਾਲ ਜੂਝ ਰਿਹਾ ਸੀ ਜਦੋਂ ਉਸ ਨੂੰ ਪਿੰਡ ਮਾਨਾਵਾਲਾ, ਜ਼ਿਲ੍ਹਾ ਫ਼ਿਰੋਜ਼ਪੁਰ ਤੋਂ ਰਿਸ਼ਤਾ ਆਇਆ। ਉਹ ਪਰਿਵਾਰ ਦੇ ਮਾਣ-ਸਤਿਕਾਰ ਨੂੰ ਵੀ ਕਿਸੇ ਤਰ੍ਹਾਂ ਦੀ ਠੇਸ ਨਹੀਂ ਸੀ ਪਹੁੰਚਾਉਣਾ ਚਾਹੁੰਦਾ ਇਸ ਕਰਕੇ ਚੁੱਪਚਾਪ ਮਹਿਮਾਨਾਂ ਦੀ ਖ਼ਾਤਰਦਾਰੀ ਵਿਚ ਹੱਥ ਵੰਡਾਉਂਦਾ ਰਿਹਾ। ਇਹ ਮਹਿਮਾਨ ਉਸ ਨੂੰ ਰਿਸ਼ਤੇ ਲਈ ਪਸੰਦ ਕਰ ਗਏ ਹਨ ਅਤੇ ਦੋਵਾਂ ਪਰਿਵਾਰਾਂ ਨੇ ਉਸ ਦੇ ਹਾਂ-ਪੱਖੀ ਵਿਵਹਾਰ ਨੂੰ ਵੇਖਦਿਆਂ ਮੰਗਣੀ ਦੀ ਰਸਮ ਕਰਨ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਹਨ। ਇਨ੍ਹਾਂ ਹਾਲਾਤਾਂ ਵਿਚ ਭਗਤ ਸਿੰਘ ਦੀ ਨੀਂਦ ਉੱਡ-ਪੁੱਡ ਗਈ ਹੈ। ਇਸ ਸਥਿਤੀ ਤੋਂ ਨਿਜਾਤ ਪਾਉਣ ਲਈ ਉਹ ਸਾਰੀ ਰਾਤ ਸੋਚਦਾ ਰਿਹਾ ਹੈ ਤੇ ਇਸੇ ਸੋਚ ਵਿਚਾਰ ਪਿੱਛੋਂ ਉਸ ਨੇ ਅੱਜ ਘਰ ਛੱਡ ਕੇ ਜਾਣ ਦਾ ਮਹੱਤਵਪੂਰਨ ਫ਼ੈਸਲਾ ਕੀਤਾ ਹੈ। ਉਹ ਇਸ ਫ਼ੈਸਲੇ ਨੂੰ ਅੰਜ਼ਾਮ ਦੇਣ ਲਈ ਆਪਣਾ ਦਿਲ ਤਕੜਾ ਕਰ ਰਿਹਾ ਹੈ। ਉਸ ਨੂੰ ਕਦੇ ਆਪਣੇ ਜੀਆਂ ਦੀਆਂ ਆਸਾਂ, ਉਮੰਗਾਂ ਤੇ ਮੋਹ-ਪਿਆਰ ਯਾਦ ਆਉਂਦਾ ਹੈ। ਕਦੇ ਮਾਂ-ਪਿਉ ਪ੍ਰਤੀ ਆਪਣੇ ਫਰਜ਼ ਯਾਦ ਆਉਂਦੇ ਹਨ ਪਰ ਇਹ ਸਾਰੀਆਂ ਗੱਲਾਂ ਉਸ ਨੂੰ ਉਦੋਂ ਆਪਣੇ ਪੈਰਾਂ ਵਿਚ ਪਾਈਆਂ ਬੇੜੀਆਂ ਹੀ ਲੱਗਦੀਆਂ ਹਨ ਜਦੋਂ ਉਹ ਆਪਣੇ ਵੱਡੇ ਮਿਸ਼ਨ ਉੱਤੇ ਝਾਤ ਮਾਰਦਾ ਹੈ। ਉਹ ਦ੍ਰਿੜ੍ਹ ਇਰਾਦੇ ਨਾਲ ਇਨ੍ਹਾਂ ਬੇੜੀਆਂ ਨੂੰ ਉਤਾਰਨ ਲਈ ਮੰਜੇ ਤੋਂ ਉੱਠਦਾ ਹੈ ਅਤੇ ਆਪਣੇ ਫ਼ੈਸਲੇ ਬਾਰੇ ਪਿਤਾ ਜੀ ਦੇ ਨਾਮ ਇਹ ਚਿੱਠੀ ਲਿਖ ਕੇ, ਬਿਨਾਂ ਕਿਸੇ ਨੂੰ ਦੱਸਿਆਂ ਕਾਨਪੁਰ ਰਵਾਨਾ ਹੋ ਜਾਂਦਾ ਹੈ :

> ਸਤਿਕਾਰਯੋਗ ਪਿਤਾ ਜੀ,
> ਨਮਸਤੇ !
>
> ਮੇਰੀ ਜ਼ਿੰਦਗੀ ਵੱਡੇ ਉਦੇਸ਼ ਲਈ ਭਾਵ ਹਿੰਦੋਸਤਾਨ ਦੀ ਆਜ਼ਾਦੀ ਲਈ ਦਾਨ ਹੋ ਚੁੱਕੀ ਹੈ। ਇਸ ਕਰਕੇ ਮੈਨੂੰ ਜੀਵਨ ਵਿਚ ਆਰਾਮ ਅਤੇ ਦੁਨਿਆਵੀ ਖਾਹਸ਼ਾਂ ਨਾਲ ਕੋਈ ਲਗਾਅ ਨਹੀਂ ਰਿਹਾ।
>
> ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਮੈਂ ਨਿੱਕਾ ਹੁੰਦਾ ਸਾਂ ਤਾਂ ਬਾਪੂ ਜੀ ਨੇ ਮੇਰੀ ਯਗੋਪਵੀਤ ਰਸਮ ਵੇਲੇ ਐਲਾਨ ਕੀਤਾ ਸੀ ਕਿ ਇਹ ਬਾਲ ਦੇਸ਼ ਸੇਵਾ ਲਈ ਅਰਪਿਤ ਕਰ ਦਿੱਤਾ ਗਿਆ ਹੈ। ਇਸ ਕਰਕੇ ਮੈਂ ਤਾਂ ਉਨ੍ਹਾਂ ਵੱਲੋਂ ਉਸ ਵੇਲੇ ਲਈ ਗਈ ਪ੍ਰਤੀਗਿਆ ਨੂੰ ਹੀ ਪੂਰਾ ਕਰ ਰਿਹਾ ਹਾਂ। ਆਸ ਹੈ ਕਿ ਤੁਸੀਂ ਮੈਨੂੰ ਮੁਆਫ਼ ਕਰੋਗੇ।
>
> ਆਪ ਜੀ ਦਾ ਤਾਬੇਦਾਰ
> ਭਗਤ ਸਿੰਘ

ਸੰਪਰਕ : ਸਰਬਜੀਤ ਸਿੰਘ ਵਿਰਕ, ਐਡਵੋਕੇਟ, ਐੱਮ.ਏ., ਐੱਮ.ਫਿਲ, ਐੱਲ.ਐੱਲ.ਐੱਮ.
ਮੋਬਾਇਲ : 94170-72314, ਫੋਨ : 0175-2281224

# ਜਲ੍ਹਿਆਂਵਾਲਾ ਬਾਗ਼ ਦੇ ਕਤਲੇਆਮ ਦੇ ਕੁਝ ਅਣਗੌਲੇ ਤੱਥ

ਖਲੀਲ ਖਾਨ

13 ਅਪ੍ਰੈਲ 1919 ਨੂੰ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ਼ ਵਿਚ ਵਾਪਰੀ ਦਰਦਨਾਕ ਘਟਨਾ ਨੇ ਪੂਰੀ ਦੁਨੀਆ ਨੂੰ ਝੰਜੋੜ ਕੇ ਰੱਖ ਦਿੱਤਾ ਸੀ, ਜਿਸ ਵਿਚ ਮਰਨ ਵਾਲੇ ਬੇਕਸੂਰ ਪੰਜਾਬੀ ਲੋਕ ਸਨ। ਅੰਗਰੇਜ਼ੀ ਹਕੂਮਤ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 379 ਸੀ, ਜੋ 1650 ਗੋਲੀਆਂ ਦਾ ਸ਼ਿਕਾਰ ਹੋਏ, ਪਰ ਗ਼ੈਰ-ਸਰਕਾਰੀ ਅੰਕੜਿਆਂ ਦੇ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 1200 ਤੋਂ ਜ਼ਿਆਦਾ ਸੀ। ਮਰਨ ਵਾਲਿਆਂ ਤੋਂ ਵੀ ਜ਼ਿਆਦਾ ਖ਼ੌਫ਼ਨਾਕ ਹਾਲਤ ਉਨ੍ਹਾਂ ਲੋਕਾਂ ਦੀ ਸੀ, ਜੋ ਇਸ ਦਰਦਨਾਕ ਹਾਦਸੇ ਵਿਚ ਗੰਭੀਰ ਰੂਪ ਵਿਚ ਫੱਟੜ ਹੋਏ, ਇਨ੍ਹਾਂ ਵਿਚੋਂ ਕਿਸੇ ਦੀ ਲੱਤ ਕੱਟੀ ਗਈ, ਕਿਸੇ ਦੀ ਬਾਂਹ ਜਾਂ ਹੱਥ ਅਤੇ ਸੈਂਕੜੇ ਲੋਕਾਂ ਨੇ ਰਿਸਦੇ ਜ਼ਖ਼ਮਾਂ ਨਾਲ ਜ਼ਿੰਦਗੀ ਦਾ ਲੰਮਾ ਪੈਂਡਾ ਤੈਅ ਕੀਤਾ।

ਇਸ ਘਟਨਾ ਨੂੰ ਵਾਪਰੇ ਲਗਭਗ ਸੌ ਸਾਲ ਦਾ ਸਮਾਂ ਹੋ ਗਿਆ ਹੈ ਪਰ ਅੱਜ ਵੀ ਕਈ ਅਜਿਹੇ ਤੱਥ ਹਨ ਜੋ ਆਮ ਲੋਕਾਂ ਤਕ ਨਹੀਂ ਪਹੁੰਚੇ, ਜਿਸ ਦੀ ਵਜ੍ਹਾ ਕਾਰਨ ਅੱਜ ਵੀ ਲੋਕਾਂ ਵਿਚ ਇਸ ਘਟਨਾ ਬਾਰੇ ਵੱਖਰੀਆਂ- ਵੱਖਰੀਆਂ ਧਾਰਨਾਵਾਂ ਹਨ। ਇਸ ਘਟਨਾ ਦੇ ਕੁਝ ਅਜਿਹੇ ਹੀ ਅਣਗੌਲੇ ਤੱਥ ਸਾਡੇ ਲਈ ਜਾਣਨੇ ਬਹੁਤ ਜ਼ਰੂਰੀ ਹਨ।

ਜਲ੍ਹਿਆਂਵਾਲਾ ਬਾਗ਼ ਦੀ ਘਟਨਾ ਵਾਪਰਨ ਦਾ ਮੁੱਖ ਕਾਰਨ ਰੌਲਟ ਐਕਟ ਨੂੰ ਮੰਨਿਆ ਜਾਂਦਾ ਹੈ, ਪਰ ਇਹ ਰੌਲਟ ਐਕਟ ਹੈ ਕੀ ਸੀ ਅਤੇ ਕਿਉਂ ਭਾਰਤ ਵਿਚ ਇਸ ਨੂੰ ਲਾਗੂ ਕੀਤਾ ਗਿਆ, ਇਹ ਵੀ ਜਾਣਨ ਵਾਲੀ ਗੱਲ ਹੈ। ਦੂਜਾ ਪੱਖ ਕਿ ਕੀ ਸਿਰਫ਼ ਰੌਲਟ ਐਕਟ ਹੀ ਇਸ ਘਟਨਾ ਦੇ ਵਾਪਰਨ ਦਾ ਕਾਰਨ ਸੀ, ਨਹੀਂ ਰੌਲਟ ਐਕਟ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਕਾਰਨ ਸਨ, ਜਿਨ੍ਹਾਂ ਨੇ ਇਸ ਘਟਨਾ ਦੇ ਵਾਪਰਨ ਲਈ ਮੈਦਾਨ ਤਿਆਰ ਕੀਤਾ। ਜਿਵੇਂ ਪਲੇਗ ਅਤੇ ਇਨਫਲੂਏਂਜ਼ਾ ਵਰਗੀਆਂ ਜਾਨਲੇਵਾ ਬਿਮਾਰੀਆਂ ਕਾਰਨ ਵਧਦੀਆਂ ਮੌਤਾਂ, ਪਹਿਲੀ ਵਿਸ਼ਵ ਜੰਗ ਕਾਰਨ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੇ ਰੇਟਾਂ ਵਿਚ ਵਾਧੇ ਦੀ ਵਜ੍ਹਾ ਨਾਲ ਲੋਕਾਂ ਨੂੰ ਹੁੰਦੀ ਆਰਥਿਕ ਪ੍ਰੇਸ਼ਾਨੀ, ਪਹਿਲੀ ਵਿਸ਼ਵ ਜੰਗ ਦੇ ਫ਼ੌਜੀਆਂ ਨੂੰ ਫ਼ੌਜ ਵਿਚੋਂ ਹਟਾ ਦੇਣ ਕਾਰਨ ਉਨ੍ਹਾਂ ਵਿਚ ਸਰਕਾਰ ਪ੍ਰਤੀ ਗ਼ੁੱਸਾ ਅਤੇ ਫ਼ੌਜੀ ਭਰਤੀ ਸਮੇਂ ਪੰਜਾਬੀਆਂ ਨਾਲ ਕੀਤੀ ਜਾਂਦੀ ਜਬਰਦਸਤੀ ਆਦਿ।

ਹੁਣ ਜੇਕਰ ਰੌਲਟ ਐਕਟ ਦੀ ਗੱਲ ਕਰੀਏ ਤਾਂ ਇਸ ਨੂੰ ਲਾਗੂ ਕਰਨ ਦਾ ਮੁੱਖ ਕਾਰਨ ਇਹ ਸੀ ਕਿ 1915 ਵਿਚ ਲਾਗੂ ਕੀਤਾ ਡਿਫੈਂਸ ਆਫ਼ ਇੰਡੀਆ ਐਕਟ (ਭਾਰਤ ਬਚਾਉ ਕਾਨੂੰਨ) 1919 ਵਿਚ ਆਪਣੀ ਮਿਆਦ ਭੁਗਤ ਕੇ ਖ਼ਤਮ ਹੋ ਚੁੱਕਾ ਸੀ। ਇਸ ਲਈ ਗਰਮ ਖ਼ਿਆਲੀ ਇਨਕਲਾਬੀਆਂ ਦੀਆਂ ਕਾਰਵਾਈਆਂ ਨੂੰ ਨੱਥ ਪਾਉਣ ਲਈ ਅਜਿਹੇ ਹੀ ਕਿਸੇ ਹੋਰ ਕਾਨੂੰਨ ਦੀ ਜ਼ਰੂਰਤ ਸੀ। ਇਸ ਲਈ ਰੌਲਟ ਐਕਟ ਜਿਸ ਦਾ ਪੂਰਾ ਨਾਂ ਅਨਾਰਕੀਅਲ ਅਤੇ ਰਿਵੋਲੂਸ਼ਨਰੀ ਕਰਾਈਮ ਐਕਟ (ਅਰਾਜਕਤਾ ਅਤੇ ਕ੍ਰਾਂਤੀਕਾਰੀ ਅਪਰਾਧ ਕਾਨੂੰਨ) ਸੀ, ਨੂੰ ਹੋਂਦ ਵਿਚ ਲਿਆਂਦਾ ਗਿਆ। ਰੌਲਟ ਐਕਟ ਇਸ ਨੂੰ ਇਸ ਲਈ ਕਿਹਾ ਜਾਂਦਾ ਸੀ ਕਿਉਂਕਿ ਇਸ ਕਾਨੂੰਨ ਦੀ ਵਿਉਂਤਬੰਦੀ ਕਰਨ ਵਾਲਾ ਅੰਗਰੇਜ਼ ਜੱਜ ਸਰ ਸਿਡਨੀ ਅਰਥਰ ਟੇਲਰ ਰੌਲਟ ਸੀ। ਇੰਪੀਰੀਅਲ ਲੈਜਿਸਲੇਟਿਵ ਕੌਂਸਲ ਵਿਚ ਰੌਲਟ ਬਿੱਲ ਦੇ ਪੱਖ ਵਿਚ 30 ਔਫੀਸ਼ੀਅਲ ਵੋਟਾਂ ਅਤੇ ਵਿਰੋਧ ਵਿਚ 20 ਨੌਨ-ਔਫੀਸ਼ੀਅਲ (ਭਾਰਤੀ) ਵੋਟਾਂ ਪਈਆਂ। ਵੱਧ ਗਿਣਤੀ ਵਿਚ ਔਫੀਸ਼ੀਅਲ ਵੋਟਾਂ ਪੈਣ ਕਾਰਨ ਇਹ ਬਿੱਲ ਕੌਂਸਲ ਵਿਚ ਪਾਸ ਹੋ ਗਿਆ ਅਤੇ 'ਰੌਲਟ ਐਕਟ' ਬਣ ਗਿਆ। ਕੁਝ ਗ਼ੈਰ-ਸਰਕਾਰੀ ਕੌਂਸਲ ਮੈਂਬਰਾਂ ਨੇ ਇਸ ਐਕਟ ਦੇ ਵਿਰੋਧ ਵਿਚ ਅਸਤੀਫ਼ੇ ਦਿੱਤੇ, ਜਿਨ੍ਹਾਂ ਵਿਚੋਂ ਇਕ ਅਸਤੀਫ਼ਾ ਪਾਕਿਸਤਾਨ ਦੇ ਨਿਰਮਾਣ ਕਰਤਾ ਕਾਇਦ-ਏ-ਆਜ਼ਮ ਅਲੀ ਜਿਨਾਹ ਦਾ ਵੀ ਸੀ।

ਰੌਲਟ ਐਕਟ ਦਾ ਵਿਰੋਧ ਭਾਰਤ ਦੇ ਸਾਰੇ ਪ੍ਰਮੁੱਖ ਸ਼ਹਿਰਾਂ ਵਿਚ ਹੋਇਆ। ਪਹਿਲਾਂ ਅੱਠ ਅਪ੍ਰੈਲ ਨੂੰ ਗਾਂਧੀ ਨੂੰ ਗ੍ਰਿਫ਼ਤਾਰ ਕਰਕੇ ਪੰਜਾਬ ਅਤੇ ਦਿੱਲੀ ਵਿਚ ਆਉਣ 'ਤੇ ਪਾਬੰਦੀ ਲਗਾ ਦਿੱਤੀ ਗਈ। ਓਧਰ 10 ਅਪ੍ਰੈਲ ਨੂੰ ਅੰਮ੍ਰਿਤਸਰ ਦੇ ਲੋਕਾਂ ਦੇ ਹਰਮਨ ਪਿਆਰੇ ਲੀਡਰਾਂ ਸੈਫੂਦੀਨ ਕਿਚਲੂ ਅਤੇ ਡਾ. ਸਤਿਆਪਾਲ ਨੂੰ ਗ੍ਰਿਫ਼ਤਾਰ ਕਰਕੇ ਨਜ਼ਰਬੰਦ ਕਰ ਦਿੱਤਾ ਗਿਆ, ਜਿਸ ਕਾਰਨ ਲੋਕਾਂ ਦਾ ਗ਼ੁੱਸਾ ਹੋਰ ਜ਼ਿਆਦਾ ਵਧ ਗਿਆ ਅਤੇ ਉਨ੍ਹਾਂ ਨੇ ਆਪਣੀਆਂ ਗਤੀਵਿਧੀਆਂ ਹੋਰ ਜ਼ਿਆਦਾ ਤੇਜ਼ ਕਰ ਦਿੱਤੀਆਂ ਜਿਸ ਦੇ ਸਿੱਟੇ ਵਜੋਂ ਸਾਰਾ ਅੰਮ੍ਰਿਤਸਰ ਉਥਲ-ਪੁਥਲ ਦਾ ਕੇਂਦਰ ਬਣ ਗਿਆ। ਇਸੇ ਕਾਰਨ ਅੰਮ੍ਰਿਤਸਰ ਦੇ 5 ਸ਼ਹਿਰੀ ਲੋਕਾਂ ਉਪਰ ਮਿਲਟਰੀ ਦੁਆਰਾ ਹਮਲਾ ਕਰਕੇ ਮਾਰ ਦਿੱਤਾ ਗਿਆ ਤੇ ਗ਼ੁੱਸੇ ਵਿਚ ਆਏ ਲੋਕਾਂ ਨੇ 3 ਅੰਗਰੇਜ਼ ਅਧਿਕਾਰੀਆਂ ਦੀ ਹੱਤਿਆ ਕਰ ਦਿੱਤੀ। ਸੈਫੂਦੀਨ ਕਿਚਲੂ ਅਤੇ ਡਾ. ਸਤਿਆਪਾਲ ਦੁਆਰਾ ਪੈਦਾ ਕੀਤੇ ਹਾਲਾਤਾਂ ਦੀ ਤੁਲਨਾ ਸਰਕਾਰੀ ਰਿਪੋਰਟਾਂ ਵਿਚ 1907 ਦੇ ਸਰਦਾਰ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਦੇ ਅੰਦੋਲਨ ਨਾਲ ਕੀਤੀ ਗਈ।

11 ਅਪ੍ਰੈਲ 1919 ਨੂੰ ਜਨਰਲ ਕਮਾਂਡਿੰਗ ਆਫਿਸਰ, ਜਲੰਧਰ ਬ੍ਰਗੇਡ, ਰੈਜੀਨਾਲਡ ਏਡਬਰਡ ਹੈਰੀ ਡਾਇਰ ਸੀ, ਜਿਸ ਨੂੰ ਜਨਰਲ ਡਾਇਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜਨਰਲ ਡਾਇਰ ਦਾ ਜਨਮ ਪੰਜਾਬ ਵਿਚ ਹੋਇਆ ਸੀ ਅਤੇ ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਆਂ ਤੋਂ ਚੰਗੀ ਤਰ੍ਹਾਂ ਜਾਣੂ ਸੀ। ਡਾਇਰ ਨੂੰ ਹਰ ਪ੍ਰਕਾਰ ਦੀ ਗੜਬੜ ਨੂੰ ਸ਼ਾਂਤ ਕਰਨ ਵਿਚ ਮਾਹਰ ਮੰਨਿਆ ਜਾਂਦਾ ਸੀ, ਇਸੇ ਵਜ੍ਹਾ ਕਾਰਨ ਉਸ ਨੂੰ ਅੰਮ੍ਰਿਤਸਰ ਵਿਚ ਤੈਨਾਤ ਕੀਤਾ ਗਿਆ ਸੀ। ਜਨਰਲ ਡਾਇਰ ਨੇ ਘਟਨਾ ਤੋਂ ਇਕ ਦਿਨ ਪਹਿਲਾਂ ਹਵਾਈ ਜਹਾਜ਼ ਰਾਹੀਂ ਸਾਰੇ ਸ਼ਹਿਰ ਦਾ ਜਾਇਜ਼ਾ ਲਿਆ। 13 ਅਪ੍ਰੈਲ ਦੀ ਸਵੇਰ ਨੂੰ 9 ਵਜੇ, ਜਨਰਲ ਡਾਇਰ ਨੇ ਆਪਣੇ ਕਾਫ਼ਲੇ ਸਣੇ ਸਾਰੇ ਸ਼ਹਿਰ ਵਿਚ ਗਸ਼ਤ ਕੀਤੀ ਅਤੇ ਉੱਚੀ ਆਵਾਜ਼ ਰਾਹੀਂ ਡਾਇਰ ਦੇ ਆਦਮੀਆਂ ਨੇ ਲੋਕਾਂ ਨੂੰ ਕਿਸੇ ਵੀ ਕਿਸਮ ਦਾ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਅਤੇ ਇਕੱਠ ਕਰਨ ਤੋਂ ਵਰਜਿਆ ਅਤੇ ਇਸ ਸੰਬੰਧੀ ਪਰਚੇ ਵੀ ਵੰਡੇ ਗਏ। ਡਾਇਰ ਦਾ ਕਾਫ਼ਲਾ ਜਿਸ-ਜਿਸ ਇਲਾਕੇ ਵਿਚੋਂ ਗੁਜ਼ਰਿਆ, ਲੋਕਾਂ ਨੇ ਚੀਕਾਂ ਮਾਰ ਅਤੇ ਰੌਲੇ-ਰੱਪੇ ਨਾਲ ਉਸ ਦਾ ਮਜ਼ਾਕ ਉਡਾਇਆ।

13 ਅਪ੍ਰੈਲ ਦੀ ਸ਼ਾਮ ਨੂੰ ਡਾਇਰ ਨੂੰ ਪਤਾ ਲੱਗਾ ਕਿ ਜਲ੍ਹਿਆਂਵਾਲਾ ਬਾਗ਼ ਵਿਚ ਇਕ ਭਾਰੀ ਇਕੱਠ ਹੋਣ ਵਾਲਾ ਹੈ। ਜਲ੍ਹਿਆਂਵਾਲਾ ਬਾਗ਼ ਵਿਚ ਇੰਨਾ ਜ਼ਿਆਦਾ ਇਕੱਠ ਹੋਣ ਦਾ ਕਾਰਨ ਇਕ ਤਾਂ ਵੈਸਾਖੀ ਦਾ ਪਵਿੱਤਰ ਤਿਉਹਾਰ ਸੀ ਅਤੇ ਦੂਸਰੀ ਅਫ਼ਵਾਹ ਇਹ ਸੀ ਇਥੇ 'ਚੀਫ਼ ਖਾਲਸਾ ਦੀਵਾਨ' (ਉਸ ਸਮੇਂ ਸਿੱਖਾਂ ਦੀ ਇਕ ਖ਼ਾਸ ਸੰਸਥਾ ਸੀ) ਦਾ ਜਲਸਾ ਹੋਣ ਵਾਲਾ ਹੈ, ਬਾਕੀ ਅੰਮ੍ਰਿਤਸਰ ਵਿਚ ਹੋਣ ਵਾਲੀ ਘੋੜਿਆਂ ਦੀ ਮੰਡੀ ਕਾਰਨ ਵੀ ਬਾਹਰੋਂ ਆਏ ਲੋਕ ਹਾਲੇ ਉਥੇ ਰੁਕੇ ਹੋਏ ਸਨ। ਡਾਇਰ ਆਪਣੇ 50 ਸਿਪਾਹੀਆਂ ਅਤੇ ਦੋ ਬਖਤਰਬੰਦ ਗੱਡੀਆਂ ਜਿਨ੍ਹਾਂ ਉਪਰ ਮਸ਼ੀਨਗੰਨਾਂ ਲੱਗੀਆਂ ਹੋਈਆਂ ਸਨ, ਨਾਲ ਲੈ ਕੇ ਜਲ੍ਹਿਆਂਵਾਲਾ ਬਾਗ਼ ਪਹੁੰਚਿਆ। ਰਸਤਾ ਤੰਗ ਹੋਣ ਕਾਰਨ ਗੱਡੀਆਂ ਬਾਹਰ ਹੀ ਖੜ੍ਹੀਆਂ ਕਰਨੀਆਂ ਪਈਆਂ। ਜਨਰਲ ਡਾਇਰ ਦੇ ਆਪਣੇ ਦੱਸਣ ਅਨੁਸਾਰ ਉਸ ਨੇ ਜਲ੍ਹਿਆਂਵਾਲਾ ਬਾਗ਼ ਦੇ ਅੰਦਰ ਇਕੱਠ ਦੇਖ ਕੇ ਝੱਟ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਕਿਸੇ ਵੀ ਵਿਅਕਤੀ ਨੂੰ ਖਿੰਡ-ਪੁੰਡ ਜਾਣ ਦੀ ਕੋਈ ਚੇਤਾਵਨੀ ਨਹੀਂ ਦਿੱਤੀ ਗਈ, ਕਿਉਂਕਿ ਉਹ ਲੋਕਾਂ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ। 1650 ਰੌਂਦ ਦਾਗੇ ਗਏ ਅਤੇ ਗੋਲੀਆਂ ਦਾਗਣ ਵਾਲੇ ਸਿਪਾਹੀਆਂ ਵਿਚ ਇਕ ਵੀ ਅੰਗਰੇਜ਼ ਨਹੀਂ ਸੀ, ਸਾਰੇ ਹੀ ਭਾਰਤੀ ਸਿਪਾਹੀ ਸਨ। ਜਿਨ੍ਹਾਂ ਵਿਚੋਂ 25 ਸਿਪਾਹੀ 9ਵੀਂ ਗੋਰਖਾ ਰਾਈਫਲਜ਼ ਦੇ ਸਨ ਅਤੇ 25 ਸਿਪਾਹੀ 54ਵੀਂ ਸਿੱਖ ਐਂਡ 59ਵੀਂ ਰਾਈਫਲਜ਼ ਅਤੇ 40ਵੀਂ ਗੋਰਖਾ ਆਰਮਡ ਦੇ ਸਨ। ਡਾਇਰ ਨੇ ਬਾਅਦ ਵਿਚ ਇਹ ਵੀ ਬਿਆਨ ਦਿੱਤਾ ਕਿ ਜੇਕਰ ਬਖਤਰਬੰਦ ਗੱਡੀਆਂ, ਜਿਨ੍ਹਾਂ ਉਪਰ ਮਸ਼ੀਨਗੰਨਾਂ ਲਗਾਈਆਂ ਹੋਈਆਂ ਸਨ, ਜਲ੍ਹਿਆਂਵਾਲਾ ਬਾਗ਼ ਦੇ ਅੰਦਰ ਜਾਂਦੀਆਂ ਤਾਂ ਮਰਨ ਵਾਲਿਆਂ ਦੀ ਗਿਣਤੀ ਹੋਰ ਜ਼ਿਆਦਾ ਹੋਣੀ ਸੀ।

ਜਲ੍ਹਿਆਂਵਾਲਾ ਬਾਗ਼ ਤੋਂ ਬਾਹਰ ਭੱਜਣ ਲਈ ਤਿੰਨ ਜਾਂ ਚਾਰ ਰਸਤੇ ਸਨ। ਡਾਇਰ ਨੇ ਇਨ੍ਹਾਂ ਰਸਤਿਆਂ ਉਪਰ ਹੀ ਗੋਲੀ ਚਲਾਉਣ ਦਾ ਹੁਕਮ ਦਿੱਤਾ, ਕਿਉਂਕਿ ਉਹ ਕਿਸੇ ਨੂੰ ਵੀ ਜਿਉਂਦਾ ਨਹੀਂ ਛੱਡਣਾ ਚਾਹੁੰਦਾ ਸੀ, ਜਿਸ ਕਾਰਨ ਮਰਨ ਵਾਲਿਆਂ ਦੀ ਗਿਣਤੀ ਜ਼ਿਆਦਾ ਵਧੀ। ਗੋਲੀਬਾਰੀ ਤੋਂ ਬਾਅਦ ਕੰਧਾਂ ਦੇ ਦੋਵੇਂ ਪਾਸਿਆਂ ਤੋਂ ਲਾਸ਼ਾਂ ਪ੍ਰਾਪਤ ਹੋਈਆਂ ਸਨ, ਜਿਸ ਦਾ ਮਤਲਬ ਹੈ ਕਿ ਕੰਧਾਂ ਟੱਪਣ ਯੋਗ ਸਨ। ਗੋਲੀਬਾਰੀ ਤੋਂ ਬਚਣ ਲਈ ਲੋਕਾਂ ਨੇ ਜਲ੍ਹਿਆਂਵਾਲਾ ਬਾਗ਼ ਵਿਚ ਖੱਬੇ ਪਾਸੇ ਬਣੇ ਖੂਹ ਵਿਚ ਛਾਲਾਂ ਮਾਰੀਆਂ ਸਨ। ਕਿਹਾ ਜਾਂਦਾ ਹੈ ਕਿ ਇਸ ਖੂਹ ਵਿਚ

ਗੋਲੀਬਾਰੀ ਤੋਂ ਦੋ ਮਹੀਨੇ ਬਾਅਦ ਤਕ ਲਾਸ਼ਾਂ ਗਲਦੀਆਂ-ਸੜਦੀਆਂ ਰਹੀਆਂ। ਗੋਲੀਬਾਰੀ ਤੋਂ ਬਾਅਦ ਮਰੇ ਹੋਏ ਲੋਕਾਂ ਦੇ ਪੈਸੇ ਅਤੇ ਸਾਮਾਨ ਦੀ ਪੁਲਿਸ ਵੱਲੋਂ ਲੁੱਟ ਕੀਤੀ ਗਈ, ਪਰ ਅੰਗਰੇਜ਼ਾਂ ਨੇ ਇਸ ਗੱਲ ਤੋਂ ਨਾਂਹ ਕਰਦੇ ਹੋਏ ਕਿਹਾ ਕਿ ਇਹ ਕੰਮ ਚੋਰਾਂ ਜਾਂ ਲੁਟੇਰਿਆਂ ਦੁਆਰਾ ਕੀਤਾ ਗਿਆ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਆਮ ਲੋਕਾਂ ਜਾਂ ਚੋਰ ਇਸ ਗੜਬੜ ਵਾਲੀ ਜਗ੍ਹਾ 'ਤੇ ਕਿਵੇਂ ਪਹੁੰਚ ਸਕਦੇ ਸਨ ਜਦ ਕਿ ਕਿਸੇ ਨੂੰ ਵੀ ਘਰ ਤੋਂ ਬਾਹਰ ਦਿਖਣ 'ਤੇ ਗੋਲੀ ਮਾਰਨ ਦੇ ਹੁਕਮ ਸਨ ਅਤੇ ਡਾਇਰ ਨੇ ਵੀ ਮੰਨਿਆ ਕਿ ਉਸ ਰਾਤ ਸਾਰਾ ਸ਼ਹਿਰ ਡੂੰਘੀ ਚੁੱਪ ਵਿਚ ਸੁੱਤਾ ਹੋਇਆ ਸੀ। ਗੋਲੀਬਾਰੀ ਵਿਚ ਮਰਨ ਵਾਲਿਆਂ ਵਿਚ 5 ਤੋਂ 15 ਸਾਲ ਤਕ ਦੇ ਬੱਚੇ ਵੀ ਸ਼ਾਮਿਲ ਸਨ, ਜੋ ਬਗ਼ਾਵਤ ਸ਼ਬਦ ਦੇ ਮਤਲਬ ਤਕ ਤੋਂ ਅਣਜਾਣ ਸਨ।

10 ਅਪ੍ਰੈਲ 1920 ਨੂੰ ਡਾਇਰ ਨੂੰ ਭਾਰਤ ਵਿਚੋਂ ਹਟਾ ਕੇ ਵਾਪਸ ਇੰਗਲੈਂਡ ਭੇਜ ਦਿੱਤਾ ਗਿਆ ਅਤੇ ਉਸ ਨੇ ਆਪਣਾ ਭਾਰਤ ਤੋਂ ਆਖ਼ਰੀ ਸਫ਼ਰ 'ਅੱਸਾਏ' ਜਹਾਜ਼ ਵਿਚ ਕੀਤਾ। ਇੰਗਲੈਂਡ ਜਾਣ ਤੇ ਉਸ ਨੂੰ 26000 ਸਟਰਲਿੰਗ ਦਾ ਇਨਾਮ ਦਿੱਤਾ ਗਿਆ, ਜੋ ਅੰਗਰੇਜ਼ੀ ਅਖ਼ਬਾਰ 'ਮੌਰਨਿੰਗ ਪੋਸਟ' ਦੀ ਬਦੌਲਤ ਸੰਭਵ ਹੋਇਆ, ਜਿਸ ਨੇ ਡਾਇਰ ਦੀ ਬਹਾਦਰੀ ਨੂੰ ਇੰਗਲੈਂਡ ਦੇ ਲੋਕਾਂ ਵਿਚ ਪੇਸ਼ ਕੀਤਾ ਅਤੇ ਨੌਕਰੀ ਚਲੀ ਜਾਣ ਤੋਂ ਬਾਅਦ ਡਾਇਰ ਦੀ ਮਜਬੂਰੀ ਨੂੰ ਲੋਕਾਂ ਅੱਗੇ ਰੱਖਿਆ। ਕਾਫ਼ੀ ਜ਼ਿਆਦਾ ਬਿਮਾਰ ਰਹਿਣ ਤੋਂ ਬਾਅਦ ਡਾਇਰ 1927 ਵਿਚ ਮਰ ਗਿਆ, ਇਸ ਸਮੇਂ ਉਸ ਦੀ ਉਮਰ 63 ਸਾਲਾਂ ਦੇ ਲਗਭਗ ਸੀ।

ਵਿਦੇਸ਼ਾਂ ਵਿਚ ਵੀ ਇਸ ਖ਼ੌਫ਼ਨਾਕ ਘਟਨਾ ਦੀ ਨਿੰਦਾ ਕੀਤੀ ਗਈ। ਹੁਣ ਭਾਰਤੀ ਰਾਸ਼ਟਰੀ ਲੀਡਰਾਂ ਦਾ ਅੰਗਰੇਜ਼ ਸਰਕਾਰ ਨਾਲ ਮਿਲ ਕੇ ਚੱਲਣ ਵਾਲਾ ਭਰਮ ਵੀ ਟੁੱਟ ਗਿਆ ਅਤੇ ਉਨ੍ਹਾਂ ਅਲਗਾਵ ਵਾਲੀ ਨੀਤੀ ਅਪਣਾ ਲਈ ਕਿਉਂਕਿ ਪਹਿਲੀ ਵਿਸ਼ਵ ਜੰਗ ਵਿਚ ਅੰਗਰੇਜ਼ਾਂ ਦਾ ਸਾਥ ਦੇਣ ਦਾ ਇਨਾਮ ਪੰਜਾਬੀਆਂ ਨੂੰ ਉਨ੍ਹਾਂ ਦੀਆਂ ਹਿੱਕਾਂ ਵਿਚ ਗੋਲੀਆਂ ਮਾਰ ਕੇ ਦਿੱਤਾ ਗਿਆ। ਜਲ੍ਹਿਆਂਵਾਲਾ ਬਾਗ਼ ਦੀ ਘਟਨਾ ਨੇ ਰਾਸ਼ਟਰੀ ਅੰਦੋਲਨ ਦੀ ਚਾਲ ਲੈਅਬੱਧ ਅਤੇ ਤੇਜ਼ ਕਰ ਦਿੱਤੀ। ਇਸ ਦੇ ਕਾਰਨ ਨਾ-ਮਿਲਵਰਤਨ ਅੰਦੋਲਨ, ਖ਼ਿਲਾਫ਼ਤ ਅੰਦੋਲਨ ਅਤੇ ਗੁਰਦੁਆਰਾ ਸੁਧਾਰ ਲਹਿਰ ਵਰਗੀਆਂ ਬਹੁਤ ਸਾਰੀਆਂ ਲਹਿਰਾਂ ਨੇ ਇਕੱਠਿਆਂ ਹੀ ਜਨਮ ਲਿਆ।

ਵ

ਮੋਬਾ : 99140-55472, ਈ.ਮੇਲ : khankhleel@gmail.com

ਕਵਿਤਾ : **ਕੌਰ ਬਿੰਦ**

## *ਸਾਲ ਬਦਲਣਾ ਏ...*

ਕਈ ਦਿਨਾਂ ਤੋਂ ਸੁਣਦੇ ਹਾਂ
ਕਿ ਸਾਲ ਬਦਲਣਾ ਏ
ਕਿਤੇ ਇਹ ਨਹੀਂ ਸੁਣਿਆ
ਕਿ ਹਾਲ ਬਦਲਣਾ ਏ...

ਓਹੀ ਹੋਣੇ ਵੱਢ-ਵੱਢ ਸਿਰੀਆਂ
ਨਾਲ ਰੱਤ ਹੱਥ ਰੰਗਣ ਵਾਲੇ...
ਓਹੀ ਹੋਣੇ ਸੜਕਾਂ ਉੱਤੇ
ਜਾ ਜਾ ਭੀਖਾਂ ਮੰਗਣ ਵਾਲੇ...
ਓਹੀ ਹੋਣੇ ਵੈਰੀਆਂ ਅੱਗੇ
ਜਾ ਕੇ ਛਾਤੀਆਂ ਤਾਨਣ ਵਾਲੇ...
ਓਹੀ ਹੋਣੇ ਹੱਦਾਂ ਉੱਤੇ
ਗੋਲੀਆਂ ਦੀ ਛਾਂ ਮਾਨਣ ਵਾਲੇ...
ਓਹੀ ਹੋਣੇ ਰਾਹੇ ਜਾਂਦੀ ਨੂੰ
ਅੱਡ ਅੱਡ ਡੇਲੇ ਤਾੜਨ ਵਾਲੇ...
ਓਹੀ ਹੋਣੇ ਆਪਣੀ ਧੀ ਨੂੰ
ਕੁੱਖਾਂ ਦੇ ਵਿਚ ਮਾਰਨ ਵਾਲੇ...
ਓਹੀ ਰੋਡਵੇਜ਼ ਸਰਕਾਰੀ
ਨਾ ਕੋਈ ਸ਼ੀਸ਼ਾ ਨਾ ਕੋਈ ਬਾਰੀ...
ਓਹੀ ਵਿਆਹਾਂ ਵਾਲੇ ਮਸਲੇ...
ਓਹੀ ਦਾਜ ਤੇ ਓਹੀ ਅਸਲੇ...
ਓਹੀ ਵੱਡੇ ਵੱਡੇ ਭਾਸ਼ਣ...
ਓਹੀ ਮਹਿੰਗੇ ਹੁੰਦੇ ਰਾਸ਼ਨ...
ਓਹੀ ਘਪਲੇ ਹੋਣੇ ਸਰਕਾਰੀ...
ਓਹੀ ਰਿਸ਼ਵਤ ਓਹੀ ਬੇਰੁਜ਼ਗਾਰੀ...
ਸ਼ਹੀਦੀ ਦਿਹਾੜੇ ਨੂੰ ਕਹਿਣ ਵਾਲੇ ਮੇਲੇ...
ਓਹੀ ਬਾਬੇ ਤੇ ਓਹੀ ਚੇਲੇ...
ਛੋਟੀ ਸੋਚਾਂ ਤੇ ਗੱਲਾਂ ਵੱਡੀਆਂ...
ਓਹੀ ਧੋਖੇ ਤੇ ਓਹੀ ਠੱਗੀਆਂ...
ਕਈ ਮਾਵਾਂ ਦੇ ਸੀਨੇ ਮਘ੍ਹਣੇ...
ਓਹੀ ਨਸ਼ਿਆਂ ਦੇ ਦਰਿਆ ਵਗਦੇ...

ਇਕ ਨੰਬਰ ਹੋਰ ਲੱਗ ਕੇ
ਨਾ ਹਾਲ ਬਦਲਣਾ ਏ
ਮੈਂ ਸੁਣਿਆ ਏ
ਕਿ ਸਾਲ ਬਦਲਣਾ ਏ...

ਵ

# ਜਲ੍ਹਿਆਂਵਾਲਾ ਬਾਗ਼ ਦਾ ਖ਼ੂਨੀ ਸਾਕਾ ਅਤੇ ਪੰਜਾਬੀ ਕਾਵਿਕ ਸੁਰਾਂ

ਗੁਰਵਿੰਦਰ ਸਿੰਘ

13 ਅਪ੍ਰੈਲ 1919 ਵਾਲੇ ਦਿਨ ਤੋਂ ਬਾਅਦ ਅੰਮ੍ਰਿਤਸਰ ਦਾ ਜਲ੍ਹਿਆਂਵਾਲਾ ਬਾਗ਼ ਇਤਿਹਾਸਕਤਾ ਗ੍ਰਹਿਣ ਕਰਦਾ ਹੈ। 'ਇਸ ਤੋਂ ਪਹਿਲਾਂ ਇਹ ਇਕ ਵੀਰਾਨ ਥਾਂ ਸੀ। ਇਹ ਕਿਸੇ ਵੇਲੇ ਭਾਈ ਹਮੀਤ ਸਿੰਘ ਜੱਲਾ ਵਾਲਿਆਂ ਦੀ ਮਲਕੀਅਤ ਸੀ, ਉਹ ਨਾਭੇ ਦੇ ਰਾਜੇ ਦਾ ਦਰਬਾਰੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਵਿਚ ਵਕੀਲ ਰਹਿ ਚੁੱਕਾ ਸੀ।' (ਵੀ.ਐੱਨ. ਦੱਤਾ, ਜਲ੍ਹਿਆਂਵਾਲਾ ਬਾਗ਼) ਲੋਕਾਂ ਨੇ ਆਪਣੇ ਖ਼ੂਨ ਨਾਲ ਸਿੰਜ ਕੇ ਇਸ ਵੀਰਾਨ ਥਾਂ ਨੂੰ ਇਤਿਹਾਸਕਤਾ ਪ੍ਰਦਾਨ ਕੀਤੀ। ਇਹ ਇਤਿਹਾਸਕਤਾ ਦੇ ਅਰਥ ਸੰਜੀਵ ਰੂਪ ਵਿਚ ਸਾਡੇ ਚਿੱਤ-ਚੇਤਿਆਂ ਵਿਚ ਅੰਗਰੇਜ਼ ਸਾਮਰਾਜ ਦੀ ਵਹਿਸ਼ਤ ਅਤੇ ਇਸ ਦੇ ਖ਼ਿਲਾਫ਼ ਰੋਹ ਦੇ ਰੂਪ ਵਿਚ ਵਸੇ ਹੋਏ ਹਨ। ਜੇਕਰ ਇਸ ਸਾਕੇ ਨੂੰ ਕੇਵਲ ਅਚਨਚੇਤ ਜਾਂ ਕੇਵਲ 13 ਅਪ੍ਰੈਲ ਨਾਲ ਜੋੜ ਕੇ ਵੇਖਾਂਗੇ ਤਾਂ ਬਹੁਤ ਸਤਹੀ ਅਤੇ ਸੀਮਤ ਅਰਥਾਂ ਤਕ ਹੀ ਪਹੁੰਚਾਂਗੇ। ਇਹ ਸਾਕਾ ਸਾਮਰਾਜੀ ਨੀਤੀਆਂ ਦੇ ਵਰਤਾਰੇ ਦੀਆਂ ਘਟਨਾਵਾਂ ਵਿਚੋਂ ਹੌਲਨਾਕ ਘਟਨਾ ਹੈ।

ਪਹਿਲੀ ਸੰਸਾਰ ਜੰਗ ਵਿਚ ਭਾਰਤੀਆਂ ਖ਼ਾਸਕਰ ਪੰਜਾਬੀਆਂ ਨੇ ਅੰਗਰੇਜ਼ਾਂ ਵੱਲੋਂ ਇਸ ਉਮੀਦ ਨਾਲ ਹਿੱਸਾ ਲਿਆ ਕਿ ਜੰਗ ਦੀ ਸਮਾਪਤੀ ਤੋਂ ਬਾਅਦ ਆਜ਼ਾਦੀ ਮਿਲ ਜਾਵੇਗੀ ਪਰੰਤੂ ਅੰਗਰੇਜ਼ ਸਾਮਰਾਜ ਨੇ ਆਪਣੀਆਂ ਨੀਤੀਆਂ ਹੋਰ ਠੋਸ ਰੂਪ ਵਿਚ ਲਾਗੂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਲੋਕ ਆਰਥਿਕ ਮੰਦਵਾੜੇ ਅਤੇ ਅਕਾਲ ਕਾਰਨ ਵਿਲਕ ਰਹੇ ਸਨ। ਆਜ਼ਾਦੀ ਦੀ ਲਹਿਰ ਅੰਗੜਾਈਆਂ ਲੈ ਰਹੀ ਸੀ। ਜਨ ਸਾਧਾਰਨ ਵਿਚ ਤਣਾਅ ਸੀ। ਇਹ ਤਣਾਅ 'ਰੌਲਟ ਐਕਟ' ਪਾਸ ਹੋਣ 'ਤੇ ਲੋਕ ਰੋਹ ਵਿਚ ਬਦਲ ਗਿਆ। 'ਰੌਲਟ ਐਕਟ' ਪੂਰਨ ਰੂਪ ਵਿਚ ਲੋਕ ਵਿਰੋਧੀ ਸੀ। ਇਸ ਦੇ ਅੰਤਰਗਤ ਲੋਕਾਂ ਕੋਲ 'ਨਾ ਦਲੀਲ, ਨਾ ਵਕੀਲ, ਨਾ ਅਪੀਲ' ਸੀ। ਲੋਕਾਂ ਨੇ ਇਸ ਨੂੰ 'ਕਾਲਾ ਕਾਨੂੰਨ' ਕਿਹਾ। ਇਸ ਦਾ ਵਿਰੋਧ ਕਰਨ ਦੇ ਇਵਜ ਵਜੋਂ ਲੋਕਾਂ ਉੱਤੇ ਜ਼ੁਬਾਨਬੰਦੀ, ਨਜ਼ਰਬੰਦੀ, ਜੂਹਬੰਦੀ ਆਦਿ ਬੰਦਸ਼ਾਂ ਸਖ਼ਤੀ ਨਾਲ ਮੜ੍ਹ ਦਿੱਤੀਆਂ ਗਈਆਂ। ਸਖ਼ਤੀਆਂ ਦੇ ਬਾਵਜੂਦ ਲੋਕ ਰੋਹ ਸ਼ਾਂਤ ਨਹੀਂ ਹੋਇਆ। ਅੰਮ੍ਰਿਤਸਰ ਇਸ ਰੋਹ ਦਾ ਕੇਂਦਰ ਬਣ ਕੇ ਉਭਰਿਆ। 30 ਮਾਰਚ 1919 ਦੀ ਹੜਤਾਲ ਅਤੇ ਬਾਅਦ ਵਿਚ 30-35 ਹਜ਼ਾਰ ਲੋਕਾਂ ਦਾ ਇਕੱਠ, 8 ਅਪ੍ਰੈਲ 1919 ਦੀ ਹੜਤਾਲ ਅਤੇ 50 ਹਜ਼ਾਰ ਲੋਕਾਂ ਦਾ ਇਕੱਠ, 9 ਅਪ੍ਰੈਲ 1919 ਨੂੰ ਹਿੰਦੂ, ਸਿੱਖ ਅਤੇ ਮੁਸਲਮਾਨ ਭਾਈਚਾਰੇ ਵੱਲੋਂ ਸਾਂਝੇ ਰੂਪ ਵਿਚ ਰਾਮਨੌਮੀ ਮਨਾਉਣਾ ਅਤੇ ਸਾਂਝ ਮਜ਼ਬੂਤ ਕਰਨ ਲਈ ਇਕ-ਦੂਜੇ ਦੇ ਹੱਥੋਂ ਪਾਣੀ ਪੀਣਾ, 12 ਅਪ੍ਰੈਲ ਨੂੰ ਡਾ. ਕਿਚਲੂ ਅਤੇ ਡਾ. ਸੱਤਿਆਪਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਜੋਂ ਥਾਣਿਆਂ ਦਾ ਘਿਰਾਓ ਕਰਨ ਜਾਣਾ ਅਤੇ 22 ਲੋਕਾਂ ਦਾ ਸ਼ਹੀਦ ਹੋਣਾ ਆਦਿ ਘਟਨਾਵਾਂ ਦੀ ਲੜੀ ਨੇ ਅੰਗਰੇਜ਼ਾਂ ਦੇ ਨੱਕ ਵਿਚ ਦਮ ਕਰ ਦਿੱਤਾ ਸੀ। ਅੰਗਰੇਜ਼ ਸਾਮਰਾਜ ਦੀ ਹਰ ਦਹਿਸ਼ਤ ਦਾ ਲੋਕ ਰੋਹ ਨੇ ਡੱਟ ਕੇ ਜਵਾਬ ਦਿੱਤਾ। ਮਨਾਹੀ ਦੇ ਬਾਵਜੂਦ ਜਦੋਂ 13 ਅਪ੍ਰੈਲ 1919 ਵਾਲੇ ਦਿਨ ਜਲ੍ਹਿਆਂਵਾਲਾ ਬਾਗ਼ ਦੀ ਥਾਂ 'ਤੇ ਜੁਝਾਰੂ ਲੋਕ ਜਦੋਂ ਸ਼ਾਂਤਮਈ ਢੰਗ ਨਾਲ ਵਿਚਾਰਾਂ ਕਰ ਰਹੇ ਸਨ ਤਾਂ ਸਾਮਰਾਜੀ ਨੀਤੀਆਂ ਦੀ ਦਹਿਸ਼ਤ ਵਹਿਸ਼ਤ ਵਿਚ ਬਦਲ ਗਈ। ਜਦੋਂ ਤਕ ਗੋਲੀ-ਸਿੱਕਾ ਖ਼ਤਮ ਨਾ ਹੋਇਆ ਹਮਲਾ ਜ਼ਾਰੀ ਰਿਹਾ, ਸ਼ਹੀਦਾਂ ਦੇ ਖ਼ੂਨ ਨਾਲ ਲੱਥਪੱਥ ਮਿੱਟੀ ਦਾ ਰੰਗ ਸੂਹਾ ਹੋ ਗਿਆ।

ਪੰਜਾਬੀ ਸਾਹਿਤ ਇਤਿਹਾਸਕ ਕਾਲ ਤੋਂ ਹੀ ਪੂਰਵਕਾਲੀ ਅਤੇ ਸਮਕਾਲੀ ਪ੍ਰਸਥਿਤੀਆਂ/ਘਟਨਾਵਾਂ ਤੇ ਰੋਹ/ਪ੍ਰਤੀਰੋਹ ਦੀ ਸੁਰ ਅਲਾਪਦਾ ਰਿਹਾ ਹੈ। ਪੰਜਾਬ ਦੇ ਸਮਾਜ-ਸਭਿਆਚਾਰ, ਇਤਿਹਾਸ ਅਤੇ ਰਾਜਨੀਤਕ ਦ੍ਰਿਸ਼ ਨੂੰ ਜੇਕਰ ਘੋਖਿਆ ਜਾਵੇ ਤਾਂ ਇਤਿਹਾਸ ਨਾਲੋਂ ਸਾਹਿਤਕ ਸ੍ਰੋਤ ਵਧੇਰੇ ਪ੍ਰਮਾਣਿਕ ਜਾਪਦੇ ਹਨ। ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਨਾਲ ਸੰਬੰਧਤ ਤੱਥਾਂ ਬਾਰੇ ਇਤਿਹਾਸਕਾਰਾਂ ਵਿਚ ਬਹੁਤ ਸਾਰੇ ਮੱਤਭੇਦ ਹਨ। ਉਥੇ ਮਰਨ ਵਾਲਿਆਂ ਦੀ

ਗਿਣਤੀ 379 ਤੋਂ 1500 ਤੋਂ ਉਪਰ ਤਕ ਫੈਲੀ ਹੋਈ ਹੈ। ਬਹੁਤ ਸਾਰੇ ਇਤਿਹਾਸਕਾਰ ਇਸ ਸਾਕੇ ਲਈ ਜਨਰਲ ਡਾਇਰ ਅਤੇ ਮਾਈਕਲ ਓਡਵਾਇਰ ਨੂੰ ਦੋਸ਼ੀ ਮੰਨਦੇ ਹਨ ਪਰੰਤੂ ਕੁਝ ਕੇਵਲ ਜਨਰਲ ਡਾਇਰ ਨੂੰ ਹੀ ਮੁੱਖ ਦੋਸ਼ੀ ਮੰਨਦੇ ਹਨ। ਇਤਿਹਾਸ ਬਾਰੇ ਅਜਿਹੇ ਹੋਰ ਬਹੁਤ ਸਾਰੇ ਮੱਤਭੇਦ ਦ੍ਰਿਸ਼ਟੀਗੋਚਰ ਹੁੰਦੇ ਹਨ। ਪਰ ਸਾਹਿਤ ਦੀ ਮੁੱਖ ਚੂਲ ਅੰਕੜਿਆਂ/ਤੱਥਾਂ ਦੀ ਥਾਂ ਪ੍ਰਸਥਿਤੀਆਂ ਉਪਰ ਟਿਕੀ ਹੁੰਦੀ ਹੈ। ਸਾਹਿਤ ਪ੍ਰਮੁੱਖ ਨੁਕਤੇ 'ਤੇ ਉਂਗਲ ਰੱਖਦਾ ਹੈ। ਦੂਸਰਾ ਸਾਹਿਤ ਵਿਚ ਇਤਿਹਾਸ ਦੇ ਮੁਕਾਬਲਤਨ 'ਸਟੇਟ' ਦੀ ਦਖ਼ਲਅੰਦਾਜ਼ੀ ਵੀ ਬਹੁਤ ਘੱਟ ਹੁੰਦੀ ਹੈ। ਹੱਥਲੇ ਪੇਪਰ ਦਾ ਸਰੋਕਾਰ ਜਲ੍ਹਿਆਂਵਾਲਾ ਬਾਗ਼ ਬਾਰੇ ਪ੍ਰਾਪਤ ਸਾਹਿਤ ਵਿਚੋਂ ਕੇਵਲ ਪੰਜਾਬੀ ਕਵਿਤਾ ਨਾਲ ਹੈ।

ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਤੋਂ ਬਾਅਦ ਲਗਾਤਾਰ ਪੰਜਾਬੀ ਕਵਿਤਾ ਵਿਚ ਇਸ ਪ੍ਰਤੀ ਪ੍ਰਤੀਕਰਮ ਪ੍ਰਾਪਤ ਹੈ। 1947 ਤਕ ਦੇ ਸਮੇਂ ਦੌਰਾਨ ਤਾਂ ਇਸ ਦਾ ਪ੍ਰਸੰਗ ਸਿੱਧਾ ਹੀ ਅੰਗਰੇਜ਼ ਸਾਮਰਾਜ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਬਾਅਦ ਵਿਚ ਇਸ ਦਾ ਰੂਪਾਂਤਰਣ ਢਾਹੇ ਜਾਂਦੇ ਜ਼ੁਲਮ ਅਤੇ ਜ਼ੁਲਮ ਵਿਰੋਧ ਵਜੋਂ ਵਿਭਿੰਨ ਪਾਸਾਰਾਂ 'ਤੇ ਹੁੰਦਾ ਹੈ। ਅੰਗਰੇਜ਼ ਕਾਲ ਦੌਰਾਨ ਬਹੁਤ ਸਾਰੇ ਕਵੀਆਂ ਨੇ ਇਸ ਵਿਸ਼ੇ 'ਤੇ ਕਵਿਤਾ ਤਾਂ ਲਿਖੀ ਪਰ ਪਛਾਣ ਛੁਪਾਉਣ ਲਈ ਆਪਣਾ ਨਾਂ ਨਹੀਂ ਲਿਖਿਆ। ਇਸ ਕਾਲ ਦੌਰਾਨ ਅਜਿਹੇ ਸਰੋਕਾਰਾਂ ਵਾਲੀ ਕਵਿਤਾ (ਸਾਹਿਤ) ਤਕਰੀਬਨ ਜ਼ਬਤ ਹੁੰਦੀ ਰਹੀ ਹੈ। ਅਜਿਹੇ ਤਣਾਅਪੂਰਨ ਹਾਲਤਾਂ ਵਿਚ ਭਾਵੇਂ ਕਵਿਤਾ ਲਗਾਤਾਰ ਰਚੀ ਗਈ ਪਰੰਤੂ ਉਪਰੋਕਤ ਸਥਿਤੀਆਂ, ਰਾਜਸੀ ਹਲਚਲ ਅਤੇ ਇਤਿਹਾਸ ਸੰਭਾਲਣ ਦੀ ਚੇਤਨਾ ਦੀ ਘਾਟ ਕਾਰਨ ਬਹੁਤੀ ਸਾਰੀ ਕਵਿਤਾ ਦੇ ਲੁਪਤ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮੁੱਢਲੇ ਦੌਰ ਵਿਚ ਇਸ ਵਿਸ਼ੇ ਸੰਬੰਧੀ ਅਬਦੁਲ ਕਾਦਰ ਬੇਗ, ਅਮੀਰ ਅਲੀ 'ਅਮਰ', ਈਸ਼ਰ ਦਾਸ ਪੁਰੀ, ਸੂਰਜ ਸਿੰਘ, ਹਰਨਾਮ ਸਿੰਘ, ਗ਼ੁਲਾਮ ਰਸੂਲ ਲੁਧਿਆਣਵੀ, ਮੁਹੰਮਦ ਹੁਸੈਨ ਅਰਸ਼ਦ ਅੰਮ੍ਰਿਤਸਰੀ, ਨਾਨਕ ਸਿੰਘ, ਫ਼ੀਰੋਜ਼ਦੀਨ ਸ਼ਰਫ, ਗਿਆਨੀ ਮਾਨ ਸਿੰਘ, ਮੁਹੰਮਦ ਹੁਸੈਨ ਖੁਸ਼ਨੂਦ, ਰਘਬੀਰ ਸਿੰਘ ਬੀਰ, ਰਣਜੀਤ ਸਿੰਘ ਤਾਜਵਰ ਅਤੇ ਵਿਧਾਤਾ ਸਿੰਘ ਤੀਰ ਆਦਿ ਅਤੇ ਅਗਿਆਤ ਕਵੀਆਂ ਨੇ ਕਵਿਤਾ ਰਚੀ। ਉਪਰੋਕਤ ਕਵਿਤਾ ਤੋਂ ਇਲਾਵਾ ਬਹੁਤ ਸਾਰੀ ਕਵਿਤਾ ਅਜਿਹੀ ਮਿਲਦੀ ਹੈ ਜਿਸ ਵਿਚ ਇਸ ਸਾਕੇ ਦੇ ਅੰਸ਼ਿਕ ਜ਼ਿਕਰ ਨੂੰ ਵਿਭਿੰਨ ਸੰਦਰਭਾਂ ਵਿਚ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਦੀ ਕਵਿਤਾ ਲਿਖਣ ਵਾਲੇ ਕਵੀਆਂ ਵਿਚ ਪਿਆਰਾ ਸਿੰਘ ਸਹਿਰਾਈ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ, ਪਾਸ਼, ਮਿੰਦਰਪਾਲ, ਭੱਠਲ ਆਦਿ ਕਵੀ ਹਨ।

ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਬਾਰੇ ਮੁੱਢਲੇ ਕਾਵਿਕ ਪ੍ਰਤੀਕਰਮਾਂ ਵਿਚੋਂ ਨਾਵਲਕਾਰ ਨਾਨਕ ਸਿੰਘ ਦੀ ਲੰਮੀ ਬਿਰਤਾਂਤਕ ਕਵਿਤਾ ਬਹੁਤ ਮਹੱਤਵਪੂਰਨ ਰਚਨਾ ਹੈ। ਨਾਨਕ ਸਿੰਘ ਦੇ ਪੁੱਤਰ ਅਨੁਸਾਰ "ਜਿਸ ਦਿਨ ਜਲ੍ਹਿਆਂਵਾਲਾ ਬਾਗ਼ ਅੰਮ੍ਰਿਤਸਰ ਵਿਚ ਇਹ ਸਾਕਾ ਵਰਤਿਆ, ਨਾਨਕ ਸਿੰਘ ਖ਼ੁਦ ਉਸ ਜਲਸੇ ਵਿਚ ਵਿਦਮਾਨ ਸੀ। ਨਾਨਕ ਸਿੰਘ ਉਸ ਸਮੇਂ ਲਾਸ਼ਾਂ ਦੇ ਢੇਰ ਹੇਠ ਦੱਬਿਆ ਗਿਆ ਅਤੇ ਛੇ ਘੰਟਿਆਂ ਮਗਰੋਂ ਉਸ ਨੂੰ ਉਸ ਢੇਰ ਹੇਠੋਂ ਕੱਢਿਆ ਗਿਆ ਸੀ।" (ਅਮੁੱਖ, ਖ਼ੂਨੀ ਵਿਸਾਖੀ, ਪੰਨਾ 6) ਨਾਨਕ ਸਿੰਘ ਨੇ ਸਮੁੱਚੇ ਘਟਨਾਕ੍ਰਮ ਨੂੰ ਬਿਰਤਾਂਤਕ ਕਾਵਿ ਵਿਚ 30 ਮਈ 1920 ਨੂੰ ਲਿਖਿਆ। ਰਚਨਾ ਛਪਣ ਦੇ ਕੁਝ ਹਫ਼ਤੇ ਮਗਰੋਂ ਹੀ ਇਸ ਨੂੰ ਅੰਗਰੇਜ਼ਾ ਵੱਲੋਂ ਜ਼ਬਤ ਕਰ ਲਿਆ ਗਿਆ ਅਤੇ 1947 ਤਕ ਜ਼ਬਤ ਹੀ ਰੱਖਿਆ। ਨਾਨਕ ਸਿੰਘ ਦੀ ਇਹ ਰਚਨਾ ਭਾਵੁਕ ਉਲਾਰ ਨਹੀਂ ਸਗੋਂ ਸਮੁੱਚੇ ਵਰਤਾਰੇ ਦਾ ਕਾਵਿਕ ਚਿਤਰਨ ਹੈ। ਇਹ ਰਚਨਾ 13 ਅਪ੍ਰੈਲ ਵਾਲੇ ਦਿਨ ਹੋਏ ਖ਼ੂਨੀ ਸਾਕੇ ਨੂੰ ਹੀ ਪੇਸ਼ ਨਹੀਂ ਕਰਦੀ ਸਗੋਂ ਉਸ ਦੌਰ ਦੀਆਂ ਪ੍ਰਸਥਿਤੀਆਂ ਅਤੇ ਅੰਗਰੇਜ਼ਾਂ ਦੀਆਂ ਸਾਮਰਾਜੀ ਨੀਤੀਆਂ ਦਾ ਬੈਂਤਾਂ ਵਿਚ ਕਾਵਿਕ ਰੂਪਾਂਤਰਣ ਪੇਸ਼ ਕਰਦੀ ਹੈ। ਉਸ ਸਮੇਂ ਸਾਮਰਾਜੀ ਨੀਤੀਆਂ ਨੂੰ ਲਾਗੂ ਕਰਨ ਲਈ ਪਾਸ ਕੀਤਾ 'ਰੌਲਟ ਐਕਟ' ਜੋ ਕਿ ਇਸ ਸਾਕੇ ਨਾਲ ਜੁੜਿਆ ਮਹੱਤਵਪੂਰਨ ਨੁਕਤਾ ਹੈ; ਇਸ ਬਾਰੇ ਨਾਨਕ ਸਿੰਘ ਲਿਖਦੇ ਹਨ :

ਧੱਕੇ ਧੱਕੀ ਚਾ ਬਿਲ ਨੂੰ ਪਾਸ ਕੀਤਾ, ਸਾਡੇ ਕੀਰਨੇ ਕਿਸ ਨੂੰ ਯਾਦ ਲੋਕੋ।
ਅਸੀਂ ਰਹੇ ਹਜ਼ੂਰ ਹਜ਼ੂਰ ਕਰਦੇ, ਹਾਂ ਹਜ਼ੂਰ ਪਰ ਬੜੇ ਉਸਤਾਦ ਲੋਕੋ।
ਹਾਏ ! ਬੰਨ੍ਹ ਕੇ ਨਵੇਂ ਕਾਨੂੰਨ ਅੰਦਰ, ਪੀੜ ਸੁੱਟਿਆ ਵਾਂਗ ਕਮਾਦ ਲੋਕੋ। (ਖ਼ੂਨੀ ਵਿਸਾਖੀ, ਪੰਨਾ 21)

ਇਸ ਐਕਟ ਦੇ ਪਿਛੋਕੜ ਵਿਚ ਭਾਰਤੀਆਂ ਵਿਚ ਨਿੱਤ ਦਿਨ ਵਧ ਰਹੀ ਬੇਚੈਨੀ ਕਾਰਨ ਪੈਦਾ ਹੋਇਆ ਅੰਗਰੇਜ਼ ਸਮਰਾਟ ਦਾ ਡਰ ਸੀ। ਪਹਿਲੀ ਸੰਸਾਰ ਜੰਗ ਤੋਂ ਬਾਅਦ ਭਾਰਤੀਆਂ ਨੂੰ ਉਮੀਦ ਸੀ ਕਿ ਅੰਗਰੇਜ਼ ਆਪਣੇ ਕਹੇ ਅਨੁਸਾਰ ਭਾਰਤ ਛੱਡ ਜਾਣਗੇ, ਪਰੰਤੂ ਅੰਗਰੇਜ਼ ਸਾਮਰਾਜ ਭਾਰਤ ਨੂੰ ਛੱਡਣ ਦੀ ਥਾਂ ਸੰਸਾਰ ਜੰਗ ਦੇ

ਨੁਕਸਾਨ ਦੀ ਭਰਪਾਈ ਭਾਰਤ ਦੀ ਲੁੱਟ ’ਚੋਂ ਕਰਨਾ ਚਾਹੁੰਦੇ ਸੀ। ਇਸ ਲਈ ਭਾਰਤੀਆਂ ਉਪਰ ਸਖ਼ਤੀ ਵਧਾਉਣ ਲਈ ‘ਰੌਲਟ ਐਕਟ’ ਪਾਸ ਕੀਤਾ। ਅੰਗਰੇਜ਼ਾਂ ਦੀ ਇਸ ਨੀਤੀ ’ਤੇ ਕਵੀ ਸੂਰਜ ਸਿੰਘ ਵਿਅੰਗ ਕਸਦਾ ਹੈ :

ਵੇਖੋ ਆ ਕੇ ਮੁਕਿਆ ਜਦ ਹੀ ਯੂਰਪ ਜੰਗ।
ਗੌਰਮਿੰਟ ਨੇ ਬਦਲਿਆ ਗਿਰਗਟ ਵਾਂਗੂੰ ਰੰਗ। (ਸਾਕਾ ਬਾਗ਼-ਏ-ਜਲ੍ਹਿਆਂ (ਸੰਪਾ.), ਪੰਨਾ 37)

ਇਸ ਸਮੇਂ ਭਾਰਤ ਵਿਚ ਪੰਜਾਬ ਅਤੇ ਪੰਜਾਬ ਵਿਚ ਅੰਮ੍ਰਿਤਸਰ ਅੰਗਰੇਜ਼ਾਂ ਖ਼ਿਲਾਫ਼ ਰੋਹ ਦੇ ਕੇਂਦਰ ਵਜੋਂ ਉਭਰਿਆ। ਇਸ ਦੇ ਨਾਲ ਹੀ ਇਸ ਲਹਿਰ ਦੀ ਅਗਵਾਈ ਕਰ ਰਹੇ ਡਾ. ਸਤਿਆਪਾਲ ਅਤੇ ਡਾ. ਕਿਚਲੂ ਵੀ ਨਾਇਕ ਦੀ ਤਰ੍ਹਾਂ ਉਭਰ ਰਹੇ ਸਨ। ਇਨ੍ਹਾਂ ਆਗੂਆਂ ਦੀ ਅਗਵਾਈ ਅਧੀਨ ਜਿਥੇ ਵੱਡੀਆਂ ਹੜਤਾਲਾਂ ਹੋਈਆਂ, ਉਥੇ ਭਾਈਚਾਰਕ ਸਾਂਝ ਸਥਾਪਤ ਕਰਨ ਲਈ ਹਿੰਦੂਆਂ-ਸਿੱਖਾਂ-ਮੁਸਲਮਾਨਾਂ ਨੇ ਸਾਂਝੇ ਰੂਪ ਵਿਚ ਰਾਮਨੌਮੀ ਮਨਾਈ। ਇਨ੍ਹਾਂ ਦੀ ਅਗਵਾਈ ਤੋਂ ਅੰਗਰੇਜ਼ਾਂ ਨੇ ਡਰ ਕੇ ਹੀ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਜਿਸ ਦੇ ਰੋਸ ਵਜੋਂ ਲੋਕਾਂ ਨੇ ਖ਼ੂਨ ਡੋਲਵਾਂ ਜਲਸਾ ਕਰਕੇ ਸ਼ਹਾਦਤਾਂ ਦਿੱਤੀਆਂ। ਇਨ੍ਹਾਂ ਆਗੂਆਂ ਨੂੰ ਵੀ ਪੰਜਾਬੀ ਕਵਿਤਾ ਵਿਚ ਲਹਿਰ ਦੇ ਪ੍ਰੇਰਕ ਵਜੋਂ ਪੇਸ਼ ਕੀਤਾ ਹੈ। ਇਨ੍ਹਾਂ ਦੇ ਇਤਿਹਾਸਕ ਯੋਗਦਾਨ ਬਾਰੇ ਕਵੀ ਜਾਚਕ ਲਿਖਦਾ ਹੈ :

ਭਾਰਤ ਮਾਤ ਜਾਏ ਓਵੇਂ ਇਕ ਥਾਂਏ,
ਮੋਮਨ ਸਿੱਖ ਹਿੰਦੂ ਪਾਣੀ ਪੀਂਵਦੇ ਨੇ !
ਤੱਕ ਤੱਕ ਕਰਦੇ ਅੱਖਾਂ ਠੰਡੀਆਂ ਨੇ,
ਰਿਸ਼ਤੇ ਮੁੱਦਤਾਂ ਦੇ ਟੁੱਟੇ ਸੀਂਵਦੇ ਨੇ !
ਓਸੇ ਤਰ੍ਹਾਂ “ਆਗੂ” ਖੜੇ ਦੇਣ ਲੈਕਚਰ,
ਓਵੇਂ ਸੁਣਨ ਵਾਲੇ ਮੁਰਦੇ ਜੀਂਵਦੇ ਨੇ ! (ਸਾਕਾ ਬਾਗ਼-ਏ-ਜਲ੍ਹਿਆਂ (ਸੰਪਾ.), ਪੰਨਾ 53)

ਖ਼ੂਨੀ ਸਾਕੇ ਵਾਲੇ ਦਿਨ ਨਾਲ ਸੰਬੰਧਤ ਬਹੁਤ ਸਾਰੀ ਕਵਿਤਾ ਮਿਲਦੀ ਹੈ। ਇਸ ਤਰ੍ਹਾਂ ਦੀ ਕਵਿਤਾ ਵਿਚ ਅੰਗਰੇਜ਼ ਸਾਮਰਾਜ ਅਤੇ ਉਸ ਦੇ ਪ੍ਰਤੀਨਿਧ ਹਮਲਾਕਾਰ ‘ਜਨਰਲ ਡਾਇਰ’ ਨੂੰ ਲਾਹਨਤਾਂ ਪਾਈਆਂ ਗਈਆਂ ਹਨ। ਇਸ ਤਰ੍ਹਾਂ ਸਾਕੇ ਨਾਲ ਜਿੰਨੀ ਵੱਡੀ ਪੱਧਰ ’ਤੇ ਕਤਲੇਆਮ ਹੋਇਆ ਓਨੀ ਵੱਡੀ ਪੱਧਰ ’ਤੇ ਅੰਗਰੇਜ਼ਾਂ ਦੀ ਆਲੋਚਨਾ ਹੋਈ ਜੋ ਕਿ ਹੁਣ ਤਕ ਜ਼ਾਰੀ ਹੈ। ਪੰਜਾਬੀ ਕਵਿਤਾ ਵਿਚ ਇਸ ਸਾਕੇ ਨੂੰ ਤ੍ਰਾਸਦਿਕ ਰੂਪ ਵਿਚ ਚਿਤਰਿਆ, ਜਿਸ ਵਿਚੋਂ ਅੰਗਰੇਜ਼ ਸਾਮਰਾਜ ਵਿਰੁੱਧ ਕਾਵਿਕ ਮੁਹਾਵਰਾ ਅਤੇ ਭਾਵਨਾ ਸਹਿਜੇ ਹੀ ਪ੍ਰਗਟ ਹੋ ਜਾਂਦੀ ਹੈ। ਹਰਨਾਮ ਸਿੰਘ ਲਿਖਦਾ ਹੈ :

ਡਾਇਰ ਕਸਾਈ ਬਰਸਾਈ ਮੀਂਹ ਵਾਂਗ ਗੋਲੀ,
ਭੰਨ ਸੁੱਟੇ ਦਾਣੇ ਵਿਚ ਜਲ੍ਹਿਆਂ ਦੇ ਬਾਗ਼ ਦੇ।
ਚੱਲੀ ਬਹਿ ਖ਼ੂਨ ਧਾਰਾ ਸਿੰਜਿਆ ਸੀ ਬਾਗ਼ ਜਿਸ,
ਡਾਇਰ ਫੁੰਕਾਰੇ ਪਿਆ ਮਾਰੇ ਵਾਂਗ ਨਾਗ ਦੇ। (ਸਾਕਾ ਬਾਗ਼-ਏ-ਜਲ੍ਹਿਆਂ (ਸੰਪਾ.), ਪੰਨਾ 48)

ਇਸੇ ਤਰ੍ਹਾਂ ਕਵੀ ਫ਼ੀਰੋਜ਼ਦੀਨ ਸ਼ਰਫ਼ ਲਿਖਦਾ ਹੈ :

ਇਹ ਅੱਜ ਰੂਹ ‘ਸ਼ਹੀਦਾਂ’ ਦੇ ਆਖਦੇ ਸਨ, ‘ਡਾਇਰ’ ਕੀਤੀਆਂ ਏਥੇ ਨਲੱਜੀਆਂ ਸਨ !
ਏਥੇ ਵਾਂਗ ਕਬੂਤਰਾਂ ਤੜਫ਼ਦੇ ਸਾਂ, ਸਾਨੂੰ ਏਸ ਥਾਂ ਗੋਲੀਆਂ ਵਜੀਆਂ ਸਨ !
‘ਲੀਰਾਂ ਲੀਰਾਂ’ ਸੀ ਹਸਤੀ ਦਾ ਹੋਇਆ ਜਾਮਾ, ਲੜਫਾਂ ਲਥੀਆਂ, ਉਡੀਆਂ ਧਜੀਆਂ ਸਨ !
ਰੁਲਦੇ ਰਹੇ ਸਾਂ, ਰਾਤ ਭਰ ‘ਕਫ਼ਨ’ ਬਾਝੋਂ, ਲਾਸ਼ਾਂ ਕਿਸੇ ਨਾ ਸਾਡੀਆਂ ਕਜੀਆਂ ਸਨ !
ਕਿਤੇ ਤਸਬੀਆਂ ਕਿਤੇ ਜਨੇਊ ਟੁੱਟੇ,
ਰੁਲੇ ਮਿੱਟੀ ਵਿਚ ਕੰਘੇ ਕ੍ਰਿਪਾਨ ਏਥੇ ! (ਦੁੱਖਾਂ ਦੇ ਕੀਰਨੇ, ਪੰਨਾ 35)

ਫ਼ੀਰੋਜ਼ਦੀਨ ਸ਼ਰਫ ਨੇ ਜਲ੍ਹਿਆਂਵਾਲਾ ਬਾਗ਼ ਦੇ ਨਾਲ-ਨਾਲ ਦੇਸ਼ ਭਗਤੀ ਅਤੇ ਅੰਗਰੇਜ਼ ਸਾਮਰਾਜ ਵਿਰੋਧੀ ਕਵਿਤਾ ਲਿਖੀ। ਸਾਕੇ ਤੋਂ ਅਗਲੇ ਸਾਲਾਂ ’ਚ ਵਿਸਾਖੀ ਵਾਲੇ ਦਿਨ ਜਲ੍ਹਿਆਂਵਾਲਾ ਬਾਗ਼ ਵਿਚ ਕਵੀ ਦਰਬਾਰ ਹੋਣ ਲੱਗਾ। ਉਸ ਵਿਚ ਦਿੱਤੀ ਸਮੱਸਿਆ ਉੱਤੇ ਕਵਿਤਾ ਲਿਖੀ ਅਤੇ ਪੜ੍ਹੀ ਜਾਂਦੀ ਸੀ। ਸਮੱਸਿਆ ਅਕਸਰ ਦੇਸ਼

ਭਗਤੀ ਨਾਲ ਸੰਬੰਧਿਤ ਹੁੰਦੀ ਸੀ। ਮਿਸਾਲ ਲਈ ਜੂਨ 1923 ਦੇ ਕਵੀ ਦਰਬਾਰ ਵਿਚ ਦਿੱਤੇ ਵਿਸ਼ੇ (ਸਮੱਸਿਆ) ਵੇਖੇ ਜਾ ਸਕਦੇ ਹਨ : 1. ਆਓ ਸੀਸ ਸਵਰਾਜ ਤੋਂ ਵਾਰ ਦੇਈਏ 2. ਰਲਿਆ ਖ਼ੂਨ ਹਿੰਦੂ ਮੁਸਲਮਾਨ ਏਥੇ। ਫ਼ੀਰੋਜ਼ਦੀਨ ਸ਼ਰਫ ਨੇ ਇਸ ਕਵੀ ਦਰਬਾਰ ਵਿਚ ਦੋ ਕਵਿਤਾਵਾਂ ਪੜ੍ਹੀਆਂ ਅਤੇ ਦੋਨੋਂ ਪਹਿਲੇ ਸਥਾਨ 'ਤੇ ਆਈਆਂ। 'ਬਾਅਦ ਵਿਚ ਇਨ੍ਹਾਂ ਕਵਿਤਾਵਾਂ ਵਾਲਾ ਕਾਵਿ-ਸੰਗ੍ਰਹਿ 'ਦੁੱਖਾਂ ਦੇ ਕੀਰਨੇ' ਅੰਗਰੇਜ਼ਾਂ ਵੱਲੋਂ ਜ਼ਬਤ ਕਰ ਲਿਆ ਗਿਆ ਸੀ।' (ਡਾ. ਗੁਰਦੇਵ ਸਿੰਘ ਸਿੱਧੂ, ਸਾਕਾ ਬਾਗ਼-ਏ-ਜਲ੍ਹਿਆਂ, ਪੰਨਾ 9) ਇਸ ਸਾਕੇ ਦੇ ਖਲਨਾਇਕਾ ਬਾਰੇ ਸ਼ਰਫ ਲਿਖਦਾ ਹੈ :

> 'ਓਡਵਾਇਰ' ਦੀ ਉਤੋਂ ਉਡ 'ਵਾਇਰ' ਆਈ
> ਕੀਤੇ 'ਡਾਇਰ' ਨੇ ਹੁਕਮ ਫੁਰਮਾਨ ਏਥੇ ! (ਦੁੱਖਾਂ ਦੇ ਕੀਰਨੇ, ਪੰਨਾ 12)

ਅੰਗਰੇਜ਼ ਸਾਮਰਾਜ ਲੋਕਾਂ ਨੂੰ ਹਰ ਹੀਲੇ ਦਬਾਉਣਾ ਚਾਹੁੰਦਾ ਸੀ। ਉਨ੍ਹਾਂ ਨੇ ਪਹਿਲਾਂ ਕਾਨੂੰਨਾਂ ਨਾਲ ਸਖ਼ਤੀ ਕਰਕੇ ਦਹਿਸ਼ਤ ਪਾਈ ਪਰੰਤੂ ਲੋਕ-ਰੋਹ ਉਪਰ ਇਸ ਦਾ ਕੋਈ ਅਸਰ ਨਾ ਹੋਇਆ ਤਾਂ ਉਨ੍ਹਾਂ ਖ਼ੂਨੀ ਵਹਿਸ਼ਤ ਦਾ ਪੈਂਤੜਾ ਲਿਆ। ਉਨ੍ਹਾਂ ਨੇ ਹਥਿਆਰਾਂ ਨਾਲ ਲੋਕਾਂ ਦੀ ਆਵਾਜ਼ ਨੂੰ ਦਬਾਉਣਾ ਸ਼ੁਰੂ ਕਰ ਦਿੱਤਾ। ਪਰੰਤੂ ਇਸ ਦੇ ਬਾਵਜੂਦ ਲੋਕ ਲਹਿਰ ਵਧੇਰੇ ਗਤੀਸ਼ੀਲ ਹੁੰਦੀ ਗਈ। ਇਸ ਪੱਖ ਬਾਰੇ ਨਾਨਕ ਸਿੰਘ ਲਿਖਦੇ ਹਨ :

> ਨਾਨਕ ਸਿੰਘ ਏਹ ਮੋਏ ਨਹੀਂ ਮੂਲ ਯਾਰੋ
> ਸਗੋਂ ਮੋਏ ਭੀ ਏਹਨਾ ਜਿਵਾ ਦਿੱਤੇ। (ਖ਼ੂਨੀ ਵਿਸਾਖੀ, ਪੰਨਾ 36)

ਪਿਆਰਾ ਸਿੰਘ ਸਹਿਰਾਈ ਇਸ ਪ੍ਰਸੰਗ ਨੂੰ 'ਸੀਹਰਫ਼ੀ ਪੰਜਾਬ ਦੀ' ਵਿਚ ਸਰਬ-ਕਾਲ ਵਿਚ ਰੂਪਾਂਤਰਣ ਕਰ ਦਿੰਦਾ ਹੈ :

> ਦਾਲ ਦਰਦ ਦਾ ਬੂਟਾ ਜੋ ਉੱਗਿਆ ਏ,
> ਸਿੰਜਦੇ ਅਸੀਂ ਰਹੇ ਲਹੂ ਦੇ ਨਾਲ, ਲੋਕੋ।
> ਜਲਿਆਂਵਾਲਾ ਦੀ ਅਜੇ ਤਕ ਸੁਰਖ਼ ਮਿੱਟੀ,
> ਜ਼ਿਮੀਂ ਹੇਠ ਵਗਦਾ ਪਾਣੀ ਲਾਲ, ਲੋਕੋ। (ਚੋਣਵੀਂ ਕਵਿਤਾ, ਪੰਨਾ 118)

ਵਿਧਾਤਾ ਸਿੰਘ ਤੀਰ ਨੇ ਇਸ ਸਾਕੇ ਬਾਰੇ ਕਵਿਤਾ ਰਚੀ। ਉਸ ਦਾ ਕਾਵਿ-ਸੰਗ੍ਰਹਿ 'ਤੀਰ ਤੁੰਗ' (1926) ਅੰਗਰੇਜ਼ਾਂ ਵੱਲੋਂ ਜ਼ਬਤ ਕੀਤਾ ਗਿਆ। ਵਿਧਾਤਾ ਸਿੰਘ ਤੀਰ ਦੀ ਕੇਵਲ ਕਵਿਤਾ ਹੀ ਜ਼ਬਤ ਨਹੀਂ ਹੋਈ ਸਗੋਂ 'ਉਸ ਨੂੰ ਤਿੰਨ ਸਾਲ ਦੀ ਸਜ਼ਾ ਅਤੇ 1000 ਰੁਪਏ ਜੁਰਮਾਨਾ ਵੀ ਕੀਤਾ ਗਿਆ।' (ਡਾ. ਕਵਲਜੀਤ ਗਰੋਵਰ, ਵਿਧਾਤਾ ਸਿੰਘ ਤੀਰ : ਜੀਵਨ ਤੇ ਰਚਨਾ, ਪੰਨਾ 7) ਇਸ ਤਰ੍ਹਾਂ ਅੰਗਰੇਜ਼ ਸਾਮਰਾਜ ਨੇ ਹਰ ਵਿਦਰੋਹੀ ਸੁਰ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਵਧਦੀ ਲਹਿਰ ਦੇ ਨਾਲ-ਨਾਲ ਕਾਵਿਕ ਸੁਰਾਂ ਵੀ ਆਪਣੇ ਜਲੌਅ ਵਿਚ ਉਪਜਦੀਆਂ ਰਹੀਆਂ। 'ਤੀਰ ਤੁੰਗ' ਕਾਵਿ-ਸੰਗ੍ਰਹਿ ਵਿਚ ਦੇਸ਼ ਭਗਤੀ ਦੀਆਂ ਕਵਿਤਾਵਾਂ ਦੇ ਨਾਲ-ਨਾਲ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਬਾਰੇ 'ਰਲਿਆ ਖ਼ੂਨ ਹਿੰਦੂ ਮੁਸਲਮਾਨ' ਵੀ ਸ਼ਾਮਿਲ ਹੈ। ਇਸ ਵਿਚ ਕਵੀ ਨੇ ਵੱਖ-ਵੱਖ ਫਿਰਕਿਆਂ ਦੇ ਲੋਕਾਂ ਦੀ ਏਕਤਾ ਦਾ ਰੋਹ ਅਤੇ ਸਾਂਝੇ ਰੂਪ ਵਿਚ ਕੀਤੀਆਂ ਕੁਰਬਾਨੀਆਂ ਨੂੰ ਚਿਤਰਿਆ ਹੈ :

> 'ਕੱਠੇ ਹੋ ਕੇ ਗੋਲੀਆਂ ਖਾਧੀਆਂ ਨੇ,
> ਆਏ ਵਿਛੜੇ ਵੀਰ ਮਿਲਾਨ ਏਥੇ।
> ਬੀਜ ਏਕਤਾ ਦਾ ਹੱਥੀਂ ਬੀਜਿਓ ਨੇ,
> ਰਲਿਆ ਖ਼ੂਨ ਹਿੰਦੂ ਮੁਸਲਮਾਨ ਏਥੇ। (ਸਾਕਾ ਬਾਗ਼-ਏ-ਜਲ੍ਹਿਆਂ (ਸੰਪਾ.), ਪੰਨਾ 96)

ਇਸ ਸਾਕੇ ਨਾਲ ਸੰਬੰਧਤ ਪੰਜਾਬੀ ਕਵਿਤਾ ਨੂੰ ਵਾਚਦਿਆਂ ਕੁਝ ਅਜਿਹੇ ਪੱਖ ਸਾਹਮਣੇ ਆਉਂਦੇ ਹਨ ਜਿਨ੍ਹਾਂ ਦਾ ਜ਼ਿਕਰ ਆਮ ਤੌਰ 'ਤੇ ਨਹੀਂ ਮਿਲਦਾ। ਇਹ ਕਵਿਤਾ ਅਜਿਹੀਆਂ ਬਹੁਤ ਸਾਰੀਆਂ ਅਣਗੌਲੀਆਂ ਘਟਨਾਵਾਂ ਨੂੰ ਬੇਪਰਦ ਕਰਦੀ ਹੈ। ਮਿਸਾਲ ਦੇ ਤੌਰ 'ਤੇ ਅੰਗਰੇਜ਼ ਅਫ਼ਸਰ ਸਮਿੱਥ ਵੱਲੋਂ ਔਰਤਾਂ ਦੇ ਘੁੰਡ ਚੁੱਕ ਕੇ ਉਨ੍ਹਾਂ ਦੇ ਮੂੰਹਾਂ 'ਤੇ ਥੁੱਕਣਾ ਅਤੇ ਉਨ੍ਹਾਂ ਦੀ ਬੇਪੱਤੀ ਕਰਦਿਆਂ ਫੋਟੋ ਲੁਹਾ ਕੇ ਇੰਗਲੈਂਡ ਭੇਜਣ ਦਾ ਉਲੇਖ ਪੰਜਾਬੀ ਕਵਿਤਾ ਵਿਚ ਮਿਲਦਾ ਹੈ। ਪੰਜਾਬੀ ਕਵੀ ਗਿਆਨੀ ਮਾਨ ਸਿੰਘ ਅੰਗਰੇਜ਼ਾਂ ਦੇ ਇਸ ਰਵੱਈਏ ਦਾ ਜ਼ਿਕਰ ਕਰਦਾ ਹੋਇਆ

ਲਿਖਦਾ ਹੈ :

ਸਮਿੱਥ ਅੰਗ੍ਰੇਜ਼ ਨੇ ਕਹਿਰ ਕਮਾਇ ਸੀ।
ਜਬਰਨ ਪਕੜ ਕੇ ਘੁੰਡ ਲੁਹਾਇ ਸੀ।
ਨੰਗੇ ਮੂੰਹਾਂ ਉੱਤੇ ਸੀ ਥੁੱਕ ਪਾ ਲਿਆ
ਫੇਰਾ ਪਾ ਦੇ ਹੁਣ ਬਾਜਾਂ ਵਾਲਿਆ।
ਧੀਆਂ ਭੈਣਾਂ ਦੇ ਪੜਦੇ ਲੁਹਾਂਵਦੇ।
ਫੋਟੋ ਲੈ ਇੰਗਲੈਂਡ ਸਿਧਾਂਵਦੇ। (ਸਾਕਾ ਬਾਗ਼-ਏ-ਜਲ੍ਹਿਆਂ, ਪੰਨਾ 77)

ਪੰਜਾਬ ਦੀ ਪ੍ਰਸਿੱਧ ਕਵਿਤਰੀ ਅੰਮ੍ਰਿਤਾ ਪ੍ਰੀਤਮ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਦੇ ਪਿਛੋਕੜ ਵਿਚ ਸਥਾਪਤ ਸ਼ਕਤੀਆਂ ਨੂੰ ਕਾਵਿਕ ਪ੍ਰਤੀਕਾਂ ਰਾਹੀਂ ਪੇਸ਼ ਕਰਦੀ ਹੈ। ਉਸ ਦਾ ਕਾਵਿਕ ਪ੍ਰਵਚਨ ਕੇਵਲ ਸਥਿਤੀ ਦਾ ਕਾਵਿਕ ਚਿਤਰਨ ਨਹੀਂ ਸਗੋਂ ਯਥਾ-ਸਥਿਤੀ ਨੂੰ ਰੂਪਾਂਤਰਣ ਦਾ ਪ੍ਰੇਰਕ ਸਿਰਜਣ ਵੱਲ ਅਗ੍ਰਸਰ ਹੁੰਦਾ ਹੈ :

ਇਹ ਘਾਇਲ ਉਮੀਦਾਂ, ਇਹ ਜ਼ਖ਼ਮੀ ਆਵਾਜਾਂ
ਇਹ ਖ਼ੂਨੀ ਸਵੇਰਾਂ, ਇਹ ਕਾਲੀਆਂ ਦੁਪਹਿਰਾਂ
ਆਵੋ...ਕਿ ਆਵੋ...ਇਹ ਹਨੇਰਾ ਜਲਾਵੋ (ਖ਼ੂਨੀ ਸਵੇਰਾਂ)

ਇਸ ਘਟਨਾ ਨੇ ਜਿਥੇ ਭਾਰਤ ਦੀ ਆਜ਼ਾਦੀ ਵਿਚ ਇਤਿਹਾਸਕ ਰੋਹ-ਪੂਰਨ ਪ੍ਰੇਰਕ ਦੀ ਭੂਮਿਕਾ ਅਦਾ ਕੀਤੀ ਉਥੇ ਪੰਜਾਬੀ ਸਾਹਿਤ ਵਿਚ ਇਹ ਘਟਨਾ ਬਹੁਤ ਸਾਰੀਆਂ ਸਥਿਤੀਆਂ ਵਿਚ ਪ੍ਰਤੀਕਾਂ ਵਜੋਂ ਸਥਾਪਿਤ ਹੋਈ। ਇਸ ਘਟਨਾ ਵਿਚ ਸੰਵੇਦਨਸ਼ੀਲਤਾ ਅਤੇ ਰੋਹ ਦਾ ਸੁਮੇਲ ਹੈ। ਇਨ੍ਹਾਂ ਪੱਖਾਂ ਕਰਕੇ ਹੀ ਪੰਜਾਬੀ ਰੋਮਾਂਟਿਕ ਕਵੀ ਸ਼ਿਵ ਕੁਮਾਰ ਬਟਾਲਵੀ ਨੇ ਵੀ ਆਪਣੀ ਇਕ ਨਜ਼ਮ ਵਿਚ ਇਸ ਸਾਕੇ ਦਾ ਜ਼ਿਕਰ ਕੀਤਾ ਹੈ। ਉਹ ਪੰਜਾਬ ਨੂੰ ਸੋਹਣਾ ਬਣਾਉਣ ਲਈ ਜਲ੍ਹਿਆਂਵਾਲਾ ਬਾਗ਼ ਅਤੇ ਸ਼ਹੀਦਾਂ ਦੇ ਵਾਸਤੇ ਪਾ ਰਿਹਾ ਹੈ। ਇਸ ਕਾਵਿਕ ਪ੍ਰਸੰਗ ਰਾਹੀਂ ਉਹ ਸ਼ਹੀਦਾਂ ਦੇ ਖ਼ੂਨ ਨਾਲ ਭਿੱਜੀ ਇਸ ਥਾਂ ਨੂੰ ਪਵਿੱਤਰਤਾ ਵਜੋਂ ਸਿਰਜਦਾ ਹੈ :

ਸਹੁੰ ਤੈਨੂੰ ਲੱਗੇ ਤੇਰੇ ਜਲ੍ਹਿਆਂ ਵਾਲੇ ਬਾਗ਼ ਦੀ
ਸਹੁੰ ਤੈਨੂੰ ਊਧਮਾਂ ਸਰਾਭਿਆਂ ਦੇ ਖ਼ਾਬ ਦੀ
ਰੱਖਣੀ ਏ ਸ਼ਾਨ ਬੀਬਾ ਤੂਹੀਓਂ ਹੀ ਪੰਜਾਬ ਦੀ
ਤੇਰੇ ਖਿੜਦੇ ਰਹਿਣ ਗੁਲਾਬ (ਸੰਪੂਰਨ ਕਾਵਿ-ਸੰਗ੍ਰਹਿ, ਪੰਨਾ 678)

ਜੁਝਾਰਵਾਦੀ ਲਹਿਰ ਦਾ ਪ੍ਰਤੀਨਿਧ ਕਵੀ ਪਾਸ਼ ਸੰਖੇਪ ਪਰ ਮਹੱਤਵਪੂਰਨ ਸੰਦਰਭ ਵਿਚ ਜਲ੍ਹਿਆਂਵਾਲਾ ਬਾਗ਼, ਖ਼ਾਲਸਾ ਦੀ ਸਥਾਪਨਾ ਅਤੇ ਵਿਸਾਖੀ ਨੂੰ ਸਮਕਾਲੀਨ ਪ੍ਰਸਥਿਤੀਆਂ ਦੇ ਅੰਤਰਗਤ ਜੁਟਾਂ ਵਜੋਂ ਪੇਸ਼ ਕਰਕੇ ਨਵਾਂ ਕਾਵਿਕ ਮੁਹਾਵਰਾ ਸਿਰਜਦਾ ਹੈ। ਉਸ ਦੀ ਇਹ ਨਜ਼ਮ '13 ਅਪ੍ਰੈਲ' ਸਿਰਲੇਖ ਹੇਠ ਪ੍ਰਕਾਸ਼ਿਤ ਹੈ :

ਕਣਕਾਂ ਦੇ ਸਿੱਟਿਆਂ ਤੋਂ ਪਰ੍ਹਾਂ
ਜਨਰਲ ਡਾਇਰ ਦਾ ਮੱਕਾਰ ਚਿਹਰਾ ਹੱਸਦਾ ਹੈ
ਪੰਜਾਂ ਪਿਆਰਿਆਂ ਦੇ ਗੱਦੀ ਨਸ਼ੀਨਾਂ
ਔਰੰਗਜ਼ੇਬੀ ਟੋਪੀ ਪਾਈ ਹੈ
ਵਸਾਖੀ ਦਾ ਮੇਲਾ ਦੇਖੇਗਾ ਕੌਣ ? (ਸੰਪੂਰਨ ਪਾਸ਼-ਕਾਵਿ, ਪੰਨਾ 239)

ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਦੀ ਵਹਿਸ਼ਤ ਦੇ ਪ੍ਰਤੀਕਰਮ ਪੰਜਾਬ, ਭਾਰਤ ਅਤੇ ਭਾਰਤ ਤੋਂ ਬਾਹਰ ਵੀ ਸਾਹਮਣੇ ਆਏ। ਇਨ੍ਹਾਂ ਪ੍ਰਤੀਕਰਮਾਂ ਵਿਚ ਮਹੱਤਵਪੂਰਨ ਪ੍ਰਤੀਕਰਮ ਰੂਸੀ ਇਨਕਲਾਬ ਦੇ ਨਿਰਮਾਤਾ ਲੈਨਿਨ ਨੇ ਭਾਰਤੀਆਂ ਨਾਲ ਚਿੱਠੀ ਰਾਹੀਂ ਹਮਦਰਦੀ ਜਤਾ ਕੇ ਦਿੱਤਾ। ਮਹਾਤਮਾ ਗਾਂਧੀ ਅਤੇ ਰਬਿੰਦਰਨਾਥ ਟੈਗੋਰ ਨੇ ਅੰਗਰੇਜ਼ਾਂ ਨੂੰ ਆਪਣੇ ਸਨਮਾਨ/ਖਿਤਾਬ ਵਾਪਸ ਕਰ ਦਿੱਤੇ। ਸ਼ਹੀਦ ਊਧਮ ਸਿੰਘ ਮਾਈਕਲ ਓਡਵਾਇਰ ਦਾ ਕਤਲ ਕਰਕੇ ਪੰਜਾਬੀਆਂ ਦੀ ਵੀਰ-ਪਰੰਪਰਾ ਨੂੰ ਸਿਖ਼ਰਾਂ 'ਤੇ ਪਹੁੰਚਾਉਂਦਾ ਹੈ। ਪਰੰਤੂ ਸ਼ਹੀਦ ਊਧਮ ਸਿੰਘ ਦੇ ਇਸ ਕਦਮ ਨੂੰ ਕੇਵਲ 'ਬਦਲੇ ਦੀ ਭਾਵਨਾ' ਤਕ ਸੀਮਤ ਕਰਨਾ ਤਰਕਸੰਗਤ ਨਹੀਂ। ਨਵੇਂ ਅਧਿਐਨਾਂ ਵਿਚ ਨਵੇਂ


ਅਰਥ ਸਾਹਮਣੇ ਆ ਰਹੇ ਹਨ। ਅਜੇ ਬਹੁਤ ਸਾਰੇ ਤੱਥ ਇਤਿਹਾਸ ਦੀ ਬੁੱਕਲ ਵਿਚ 'ਜ਼ਬਤ' ਪਏ ਹਨ। ਸ਼ਹੀਦੇ ਆਜ਼ਮ ਭਗਤ ਸਿੰਘ 12 ਸਾਲ ਦੀ ਉਮਰ ਵਿਚ ਇਕੱਲਾ ਜਲ੍ਹਿਆਂਵਾਲਾ ਬਾਗ਼ ਦੀ ਮਿੱਟੀ ਨੂੰ ਸ਼ੀਸ਼ੀ ਵਿਚ ਪਾ ਕੇ ਲਿਆਉਂਦਾ ਹੈ। ਅੱਜ ਵੀ ਇਹ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਮਿੱਟੀ ਖਟਕੜ ਕਲਾਂ ਦੇ ਮਿਊਜ਼ੀਅਮ ਵਿਚ ਪ੍ਰੇਰਨਾ ਦਾ ਸ੍ਰੋਤ ਹੈ। ਸਾਹਿਤ ਦੇ ਸੰਦਰਭ ਵਿਚ ਇਸ ਤਰ੍ਹਾਂ ਦੇ ਪ੍ਰਤੀਕਰਮ ਹਿੰਦੀ ਅਤੇ ਉਰਦੂ ਕਵਿਤਾ ਵਿਚ ਵੀ ਮਿਲਦੇ ਹਨ। ਇਕ ਦਿਲਚਸਪ ਪਹਿਲੂ ਇਥੇ ਦੱਸਣਾ ਜ਼ਰੂਰੀ ਬਣਦਾ ਹੈ ਕਿ 1920 ਵਿਚ ਸੋਵੀਅਤ ਕਵੀ ਨਿਕੋਲਾਈ ਤਿਕੋਨਾਫ ਨੇ ਆਪਣੀ ਕਵਿਤਾ 'ਭਾਰਤੀ ਸੁਪਨਾ' ਵਿਚ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਅਤੇ 9 ਜਨਵਰੀ 1905, ਪੀਟਰਜ਼ ਬਰਗ (ਲੈਨਿਲ ਗਾਰਡ) ਵਿਚ ਜ਼ਾਰ ਦੇ ਹਿਫਾਜ਼ਤੀ ਦਸਤੇ ਵੱਲੋਂ ਇਨਸਾਫ਼ ਮੰਗਦੇ ਲੋਕਾਂ ਨੂੰ ਗੋਲੀਆਂ ਨਾਲ ਮਾਰਨ ਦੀ ਘਟਨਾ ਨੂੰ ਸਾਂਝੇ ਰੂਪ ਵਿਚ ਪੇਸ਼ ਕੀਤਾ ਹੈ। (ਵੀ.ਐੱਨ.ਦੱਤਾ, ਜਲ੍ਹਿਆਂਵਾਲਾ ਬਾਗ਼, ਪੰਨਾ 181) ਇਸ ਪ੍ਰਕਾਰ ਇਹ ਸਾਕਾ ਰਾਜਨੀਤਕ ਅਤੇ ਸਾਹਿਤਕ ਪੱਖੋਂ ਅੰਤਰ-ਰਾਸ਼ਟਰੀ ਪੱਧਰ 'ਤੇ ਚਰਚਾ ਅਧੀਨ ਆਇਆ।

ਜਲ੍ਹਿਆਂਵਾਲਾ ਬਾਗ਼ ਨਾਲ ਸੰਬੰਧਤ ਕਵਿਤਾ ਵਿਚ ਪੰਜਾਬੀਆਂ ਦੀ ਇਤਿਹਾਸ ਨੂੰ ਸਾਂਭਣ ਦੀ ਪ੍ਰਵਿਰਤੀ ਬਾਰੇ ਵੀ ਇਸ਼ਾਰਾ ਮਿਲਦਾ ਹੈ। ਅੱਜ ਜਦੋਂ ਕਈ ਦੇਸ਼ਾਂ ਨੇ ਮਨੁੱਖੀ 'ਮਲ-ਗੰਦ' ਨੂੰ ਵੀ ਸਦੀਆਂ ਤੋਂ ਮਿਊਜ਼ੀਅਮ ਅਤੇ ਅਧਿਐਨ ਕੇਂਦਰਾਂ ਵਿਚ ਸਾਂਭਿਆ ਹੋਇਆ ਹੈ। ਬਹੁਤ ਸਾਰੀਆਂ ਤਕਨੀਕਾਂ ਪ੍ਰਾਪਤ ਹਨ ਜਿਨ੍ਹਾਂ ਰਾਹੀਂ ਹਰ ਵਸਤੂ, ਇਮਾਰਤ ਨੂੰ ਇਤਿਹਾਸਕ ਰੂਪ ਵਿਚ ਸਾਂਭਿਆ ਜਾ ਸਕਦਾ ਹੈ। ਪਰੰਤੂ ਇਹ ਪੱਖ ਅਜੇ ਸਾਡੀ ਚੇਤਨਾ ਦਾ ਹਿੱਸਾ ਨਹੀਂ ਬਣਿਆ ਜਾਂ ਕਿਹਾ ਜਾ ਸਕਦਾ ਹੈ ਕਿ ਚੇਤਨਾ ਦਾ ਹਿੱਸਾ ਬਣਨ ਨਹੀਂ ਦਿੱਤਾ ਗਿਆ। ਜਲ੍ਹਿਆਂਵਾਲਾ ਬਾਗ਼ ਦੀ ਦਿੱਖ ਲਗਾਤਾਰ ਇਤਿਹਾਸਕਤਾ ਗੁਆ ਰਹੀ ਹੈ। ਭਾਵੇਂ ਬਹੁਤ ਸਾਰੀਆਂ ਤਬਦੀਲੀਆਂ ਵਾਪਰੀਆਂ ਪਰੰਤੂ ਤਕਰੀਬਨ 99 ਸਾਲ ਪਹਿਲਾਂ ਲਿਖੀਆਂ ਨਾਨਕ ਸਿੰਘ ਦੀਆਂ ਇਹ ਸਤਰਾਂ ਅੱਜ ਵੀ ਪੂਰੀਆਂ ਢੁੱਕਵੀਆਂ ਹਨ :

> ਸਾਡਾ ਕਰਜ਼ ਹੈ ਤੁਸਾਂ ਪਰ ਬਹੁਤ ਸਾਰਾ ਜਿਹੜਾ ਚੁਕਿਆ ਤੁਸੀਂ ਉਧਾਰ ਲੋਕੋ।
> ਸਾਨੂੰ ਵਿਛੜਿਆਂ ਨੂੰ ਏਨੀ ਮੁੱਦਤ ਹੋਈ ਬਣੀ ਅਜੇ ਤਕ ਨਾ ਯਾਦਗਾਰ ਲੋਕੋ। (ਖ਼ੂਨੀ ਵਿਸਾਖੀ, ਪੰਨਾ 37)

ਇਸ ਸਾਕੇ ਨਾਲ ਸੰਬੰਧਤ ਪੰਜਾਬੀ ਕਵਿਤਾ ਦੀ ਭਾਸ਼ਾ ਮੁਹਾਵਰੇਦਾਰ ਹੈ; ਬਹੁਤ ਸਾਰੇ ਸ਼ਬਦ ਉਰਦੂ-ਫ਼ਾਰਸੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਦੇ ਮਿਲਦੇ ਹਨ। ਇਹ ਕਵਿਤਾ ਬਿਰਤਾਂਤਕ ਕਵਿਤਾ, ਛੰਦਬੱਧ ਕਵਿਤਾ, ਗੀਤ, ਟੱਪੇ ਅਤੇ ਬਾਰਾਂਮਾਂਹ ਆਦਿ ਕਾਵਿ-ਰੂਪਾਂ ਵਿਚ ਮਿਲਦੀ ਹੈ। ਸਮੁੱਚੇ ਰੂਪ ਵਿਚ ਜਲ੍ਹਿਆਂਵਾਲਾ ਬਾਗ਼ ਨਾਲ ਸੰਬੰਧਿਤ ਕਵਿਤਾ ਦਾ ਅਧਿਐਨ ਕਰਦਿਆਂ ਜੋ ਸਾਂਝੇ ਸੂਤਰ ਸਾਹਮਣੇ ਆਉਂਦੇ ਹਨ, ਉਹ ਇਸ ਤਰ੍ਹਾਂ ਹਨ— 1.ਇਹ ਕਵਿਤਾ ਸਾਕੇ ਵਿਚ ਵਾਪਰੇ ਜ਼ੁਲਮ ਦਾ ਚਿਤਰਣ ਕਰਦੀ ਹੈ, 2. ਇਸ ਵਿਚ ਦੇਸ਼ ਭਗਤੀ ਦੀ ਲਹਿਰ ਅਤੇ ਭਾਵਨਾ ਦਾ ਚਿਤਰਣ ਹੈ, 3. ਪੰਜਾਬੀਆਂ ਵਿਚ ਪੈਦਾ ਹੋਈ ਭਾਈਚਾਰਕ ਸਾਂਝ ਦੀਆਂ ਤੰਦਾਂ ਦਾ ਚਿਤਰਣ ਹੈ, 4. ਇਹ ਕਵਿਤਾ ਕੇਵਲ 13 ਅਪ੍ਰੈਲ 1919 ਦੀ ਘਟਨਾ 'ਤੇ ਕੇਂਦਰਤ ਨਹੀਂ ਸਗੋਂ ਇਸ ਵੱਡੀ ਘਟਨਾ ਦੇ ਆਰ-ਪਾਰ ਫੈਲੇ ਬਹੁਪੱਖੀ ਸਮੀਕਰਨਾਂ ਦਾ ਚਿਤਰਣ ਕਰਦੀ ਹੈ, 5. ਇਸ ਕਵਿਤਾ ਵਿਚ ਅੰਗਰੇਜ਼ ਸਾਮਰਾਜੀ ਨੀਤੀਆਂ ਦਾ ਉਲੇਖ, ਵਿਅੰਗ ਅਤੇ ਪ੍ਰਸ਼ਨਚਿੰਨ੍ਹ ਹੈ, 6. ਬਹੁਤ ਥੋੜੀ ਕਵਿਤਾ ਨੂੰ ਛੱਡ ਕੇ ਬਹੁਤੀ ਕਵਿਤਾ ਵਿਚ 'ਭਾਣਾ ਮੰਨਣ' ਦਾ ਪ੍ਰਵਚਨ ਨਹੀਂ ਸਿਰਜਿਆ ਗਿਆ ਸਗੋਂ ਜ਼ਬਰ ਪ੍ਰਤੀ ਰੋਹ ਅਤੇ ਪ੍ਰਸ਼ਨਚਿੰਨ੍ਹ ਹੈ, 7. ਬਹੁਤੀ ਕਾਵਿਕ ਲੋਕ ਧੁਨਾਂ, ਕਿੱਸਾ-ਕਾਵਿ ਦੀਆਂ ਤਰਜ਼ਾਂ ਉੱਪਰ ਅਧਾਰਤ ਰਚੀ ਗਈ ਹੈ, 8. ਵਿਚਾਰਧਾਰਕ ਤੌਰ 'ਤੇ ਇਹ ਕਵਿਤਾ ਰਾਜਸੀ ਚੇਤਨਾ ਅਤੇ ਧਾਰਮਿਕ ਅਵਚੇਤਨ ਦਾ ਸੁਮੇਲ ਹੈ, 9. ਇਸ ਸਾਕੇ ਨਾਲ ਸੰਬੰਧਤ ਬਹੁਤੀ ਕਵਿਤਾ ਅੰਗਰੇਜ਼ ਕਾਲ ਵਿਚ ਜ਼ਬਤ ਹੋਈ, 10. ਇਸ ਕਵਿਤਾ ਨਾਲ ਜਲ੍ਹਿਆਂਵਾਲਾ ਬਾਗ਼ ਇਕ ਕਾਵਿਕ-ਬਿੰਬ ਵਜੋਂ ਸਥਾਪਤ ਹੁੰਦਾ ਹੈ। ਇਨ੍ਹਾਂ ਸੂਤਰਾਂ ਦੀ ਰੌਸ਼ਨੀ ਵਿਚ ਇਹ ਕਵਿਤਾ ਜ਼ਬਰ-ਜ਼ੁਲਮ ਵਿਰੋਧੀ ਲਹਿਰ ਦੇ ਜਾਵੀਏ ਤੋਂ ਸਰਬ-ਕਾਲੀ ਸੰਦਰਭ ਰੱਖਦੀ ਹੈ। ਇਹ ਕਵਿਤਾ ਸਾਮਰਾਜੀ ਨੀਤੀਆਂ ਦੀ ਧੌਂਸ ਵਿਰੁੱਧ ਪ੍ਰਤੀਰੋਧੀ ਸੁਰ ਹੈ। ਮੂਲਵਾਦੀ ਤਾਕਤਾਂ ਅਤੇ ਧਰਮ-ਧਰੁਵੀ ਪ੍ਰਵਚਨ ਸਿਰਜਣ ਵਾਲੀਆਂ ਤਾਕਤਾਂ ਦੇ ਵਿਰੋਧ ਵਿਚ ਇਹ ਕਵਿਤਾ ਫ਼ਿਰਕੂ-ਸਾਂਝ ਸਥਾਪਤ ਕਰਦੀ ਹੈ। ਅਜੋਕੇ ਵੇਲੇ ਦੇ ਲਗਾਤਾਰ ਰੂਪਾਂਤਰਣ ਹੁੰਦੇ ਸਮੀਕਰਨਾਂ ਵਿਚ ਇਹ ਕਵਿਤਾ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ।

ਸੰਪਰਕ : ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋਬਾ : 98153-82216



ਕਵਿਤਾਵਾਂ : ਪ੍ਰਦੀਪ ਬੋਸ

## *ਸ਼ਿਕੰਜੇ ਵਿਚ ਫਸਿਆ ਬੰਦਾ*

ਆਜ਼ਾਦ ਖ਼ਿਆਲ ਬੰਦੇ ਨੂੰ
ਚਾਰ ਸਿਆਣਿਆਂ ਨੇ ਘੇਰਿਆ ਹੋਇਆ ਸੀ
ਅਤੇ ਉਹ ਸ਼ਿਕੰਜੇ ਵਿਚ ਫਸਿਆ ਪਿਆ ਸੀ

ਉਹ ਅੱਗੇ ਨਹੀਂ ਸੀ ਜਾ ਸਕਦਾ
ਨਾ ਪਿੱਛੇ, ਨਾ ਹੀ ਖੱਬੇ ਜਾਂ ਸੱਜੇ
ਉੱਡ ਉਹ ਸਕਦਾ ਨਹੀਂ ਸੀ

ਇਕ ਸਿਆਣੇ ਨੇ ਕਿਹਾ—
ਤੈਨੂੰ ਤਮਗ਼ਾ ਮੋੜਨਾ ਨਹੀਂ ਸੀ ਚਾਹੀਦਾ
ਦੂਜਾ ਸਿਆਣਾ ਬੋਲਿਆ—
ਤੈਨੂੰ ਹਰ ਮੁਸਲਮਾਨ ਦੇਸ਼-ਭਗਤ ਦਿਸਦਾ ਹੈ
ਤੀਜਾ ਸਿਆਣਾ ਬੋਲਿਆ—
ਓਏ ਤੂੰ ਗੱਦਾਰ ਹੈਂ
ਚੌਥੇ ਸਿਆਣੇ ਨੇ ਜੇਬ 'ਚੋਂ ਟੇਪ ਕੱਢੀ
ਅਤੇ ਉਸ ਦੇ ਬੁੱਲ੍ਹਾਂ ਨੂੰ ਸੀਅ ਦਿੱਤਾ

ਉਹ ਖੜਾ ਖੜਾ ਉਥੇ ਈ ਬਹਿ ਗਿਆ
ਫੌਹੜੀਆਂ ਤੇ ਗੋਡਿਆਂ ਭਾਰ ਤੁਰਦਾ
ਉਹ ਸ਼ਿਕੰਜੇ ਤੋਂ ਬਾਹਰ ਨਿਕਲ ਕੇ ਨੱਸ ਗਿਆ
ਪਰ ਹੁਣ ਉਹ ਬਾਹਲਾ ਆਜ਼ਾਦ-ਖ਼ਿਆਲ ਨਹੀਂ ਸੀ ਰਿਹਾ

## *ਜਿਓਤਸਨਾ*

ਜਿਓਤਸਨਾ, ਮੈਂ ਤੇਰੇ ਵੱਲੋਂ ਬੰਨ੍ਹੀਆਂ ਹੱਦਾਂ ਵਿਚ
ਏਨਾ ਗੁਆਚ ਗਿਆ ਹਾਂ
ਕਿ ਚਸ਼ਮਿਆਂ ਦੇ ਉਸ ਪਾਰ ਦੀ ਹਰ ਦੁਨੀਆ ਵਰਜਿਤ ਜਾਪਦੀ ਹੈ
ਅਤੇ ਜਾਮਣੀ ਕੱਪੜਿਆਂ ਵਿਚ ਲਿਪਟੀ ਹਰ ਦੇਹ ਮੇਰੀ ਮਜਬੂਰੀ

ਮੈਂ ਆਪਣੀ ਲਾਚਾਰੀ ਦੇ ਗਲ ਲੱਗ ਏਨਾ ਰੋਇਆ ਹਾਂ ਕਿ
ਜੇ ਤੇਰਾ ਪਰੀ-ਚਿਹਰਾ ਰਵੀ ਬਾਬੂ ਦੀ ਕਵਿਤਾ ਵਰਗਾ ਨਾ ਹੁੰਦਾ
ਤਾਂ ਮੈਂ ਆਪਣੀ ਮਾਂ-ਬੋਲੀ ਦੀ ਹੱਤਿਆ ਕਰ ਦੇਂਦਾ
ਅਤੇ ਬਾਰ-ਬਾਰ ਉਨ੍ਹਾਂ ਪੌੜੀਆਂ ਉੱਤੇ ਚੜ੍ਹਨ ਦਾ ਹੌਂਸਲਾ ਨਾ ਕਰਦਾ
ਜਿਥੇ ਜਾ ਕੇ ਸੂਰਜ ਦੀਆਂ ਆਖ਼ਰੀ ਕਿਰਨਾਂ

ਦੁਸ਼ਟ-ਕਟਹਿਰੇ ਲਾਉਂਦੀਆਂ ਹਨ
ਅਤੇ ਚਾਨਣੀ ਫ਼ਿਕਰੇ ਕੱਸਦੀ ਹੈ

ਜੇ ਮੈਨੂੰ ਪਤਾ ਹੁੰਦਾ ਕਿ
ਕਿਸੇ ਅਜ਼ੀਜ਼ ਦੇ ਚਲਾਣਾ ਕਰਨ ਮਗਰੋਂ ਬਣੀ ਪਛਾਣ
ਉਸੇ ਤ੍ਰਾਸਦੀ ਤਾਈਂ ਹੀ ਮਹਿਦੂਦ ਰਹਿੰਦੀ ਹੈ
ਤਾਂ ਮੈਂ ਕਦੋਂ ਦਾ ਉਨ੍ਹਾਂ ਪੌੜੀਆਂ ਤੋਂ ਡਿੱਗ ਚੁੱਕਿਆ ਹੁੰਦਾ
ਅਤੇ ਆਪਣੀਆਂ ਕਵਿਤਾਵਾਂ ਦਾ ਗਰਭਪਾਤ ਨਾ ਹੋਣ ਹੁੰਦਾ
ਅਤੇ ਤੇਰੀ ਤਰਲ-ਛੋਹ ਬਦਲੇ
ਆਪਣੇ ਦਿਸਹੱਦੇ ਦੀ ਕੋਮਲਤਾ ਨੂੰ ਨਾ ਗਵਾਉਂਦਾ

ਪਰ ਮੈਂ ਤੇਰੇ ਵੱਲੋਂ ਬੰਨ੍ਹੀਆਂ ਹੱਦਾਂ ਵਿਚ ਏਨਾ ਗੁਆਚ ਗਿਆ ਹਾਂ
ਕਿ ਹਰ ਵਾਰ ਨਾ ਚਾਹੁੰਦਿਆਂ ਵੀ
ਮੇਰੇ ਕੋਲੋਂ ਕੁਝ ਨਾ ਕੁਝ ਖੁੱਸ ਜਾਂਦਾ ਹੈ ਅਤੇ ਮੈਂ ਉਦਾਸ ਹੋ ਜਾਂਦਾ ਹਾਂ
ਖ਼ਾਸ ਕਰ ਇਨ੍ਹਾਂ ਵਕਤਾਂ ਵਿਚ
ਜਦੋਂ ਵੀ ਕੁਝ ਵੀ ਸ਼ੁਰੂ ਕਰਕੇ
ਉਸ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ

## *ਵਿਗਿਆਨ ਦਾ ਗ੍ਰੈਜੂਏਟ*

ਮੇਰੀ ਅਲਮਾਰੀ 'ਚ ਰੱਖੇ ਨੇ ਸਾਰੇ ਕਾਗ਼ਜ਼ਾਤ
ਜਿਨ੍ਹਾਂ 'ਤੇ ਲਿਖਿਆ ਹੈ—
ਜਿਸ ਬੰਦੇ ਦੇ ਦਿਮਾਗ਼ ਉੱਤੇ ਜਿੰਨੇ ਵੱਧ ਅਤੇ ਗਹਿਰੇ ਟੋਏ ਹੋਣਗੇ
ਉਹ ਓਨਾ ਹੀ ਲਾਇਕ ਹੋਵੇਗਾ
ਭੇਡਾਂ ਦੀ ਉੱਨ ਦੇ ਰੇਸ਼ੇ ਜਿੰਨੇ ਮਹੀਨ ਅਤੇ ਲੰਮੇ ਹੋਣਗੇ
ਓਨੇ ਹੀ ਵਧੀਆ

ਘੋੜੀਆਂ ਦੇ ਥਣ ਅਤੇ ਗਾਵਾਂ ਦੇ ਚਾਰ-ਚਾਰ ਥਣ ਹੁੰਦੇ ਹਨ
ਅਤੇ ਹੋਰ ਵੀ ਬੜਾ ਕੁਝ ਜਿਹੜਾ ਸ਼ਾਇਦ ਈ ਤੁਹਾਡੇ ਪੱਲੇ ਪਵੇ
ਕਿਉਂਕਿ ਮੈਂ ਵਿਗਿਆਨ ਦਾ ਗ੍ਰੈਜੂਏਟ ਬਣਨ ਵਾਲਾ ਹਾਂ

ਮੈਂ ਸਾਰੇ ਬੱਤੀ ਦੰਦਾਂ ਦੇ ਉਸ ਪਾਰ ਦਾ
ਢਿੱਡ ਤੋਂ ਆਂਦਰਾਂ ਤੀਕ ਦਾ
ਸਫ਼ਰ ਪੂਰਾ ਕਰ ਲਿਆ ਹੈ
ਫ਼ਕਤ ਇਕ ਕੈਂਚੀ, ਇਕ ਚਿਮਟੀ ਅਤੇ ਇਕ ਚਾਕੂ ਦੇ ਭਰੋਸੇ
ਮੈਂ, ਜਿਸ ਨੇ ਆਪਣੀ ਜ਼ਿੰਦਗੀ ਦੇ ਵਡਮੁੱਲੇ ਤਿੰਨ ਵਰ੍ਹੇ
ਅਜਾਇਬ ਘਰਾਂ ਦੀਆਂ ਕੰਧਾਂ ਨਾਲ ਟੱਕਰਾਂ ਮਾਰ ਮਾਰ ਬਿਤਾਏ ਹਨ
ਜਾਣਦਾ ਹਾਂ
ਨਜ਼ਦੀਕੀ ਰਿਸ਼ਤੇਦਾਰੀ ਵਿਚ ਸ਼ਾਦੀ ਵਿਗਿਆਨਕ ਤੌਰ 'ਤੇ ਸਹੀ ਨਹੀਂ
ਪਰ ਜੇ ਤੁਸੀਂ ਮੈਥੋਂ ਪੁੱਛੋ ਕਿ ਭਾਰਤ ਵਿਚ ਸਮਾਜਵਾਦ ਹੈ, ਸਾਮਵਾਦ ਹੈ
ਪੂੰਜੀਵਾਦ ਜਾਂ ਗੜਬੜਵਾਦ

ਮੇਰਾ ਜਵਾਬ ਹੋਵੇਗਾ—
ਦੁੱਧ ਤੋਂ ਆਈਸਕ੍ਰੀਮ, ਉੱਲੀਆਂ ਤੋਂ ਟੀਕੇ

ਅਤੇ ਆਲੂ ਦੇ ਬੂਟਿਆਂ ਤੋਂ ਟਮਾਟਰ ਵੀ ਪੈਦਾ ਕਰ ਸਕਦੇ ਹੋ

ਜੇ ਤੁਸੀਂ ਮੈਥੋਂ ਪੁੱਛੋ
ਤੈਨੂੰ ਪੁਸ਼ਪਾ ਕਿਹੋ ਜਿਹੀ ਲੱਗਦੀ ਹੈ ?
ਮੇਰਾ ਜਵਾਬ ਹੋਵੇਗਾ—
ਤੁਸੀਂ ਮੇਰੇ ਨਾਲ ਜ਼ੂਲਾਜੀ ਮਹਿਕਮੇ ਚੱਲੋ
ਉਥੇ ਖੱਬੇ ਨੁੱਕਰ 'ਤੇ ਲਮਕਦੇ ਜ਼ਨਾਨਾ ਕੰਕਾਲ ਦੇ ਹਿਪਸ ਵੇਖਦੇ ਹੋ ਨਾ
ਪੁਸ਼ਪਾ ਦੇ ਹਿਪਸ ਵੀ ਇਹੋ ਜਿਹੇ ਹੀ ਹਨ
ਉਧਰ ਸਾਮ੍ਹਣੇ ਤੁਸੀਂ ਗਿਨੀ-ਪਿਗ ਦੀਆਂ
ਅੱਧ ਖੁੱਲ੍ਹੀਆਂ ਅੱਖਾਂ ਵੇਖ ਰਹੇ ਹੋ ਨਾ ਪੁਸ਼ਪਾ ਦੀਆਂ ਅੱਖਾਂ ਵੀ ਇਹੋ ਜਿਹੀਆਂ ਹਨ
ਅਤੇ ਸੱਜੇ ਪਾਸੇ ਕਲੋਰੋਫਾਰਮ ਦੇ ਸਲੀਬ 'ਤੇ ਟੰਗਿਆ ਫਾਰਮੈਲੀਨ ਦਾ ਜਾਨਵਰ
ਜਿਸ ਦੀ ਧੌਣ ਤੋਂ ਖ਼ੂਨ ਵਗ ਰਿਹਾ

ਉਹ ਮੇਰਾ ਪ੍ਰੈਕਟੀਕਲ ਹੈ
ਜਿਸ ਦੇ ਮਰੇ ਸਰੀਰ ਵਿਚ ਕਾਂਟੇ-ਛੁਰੀਆਂ ਖੁਭੋ ਕੇ
ਮੈਂ ਤਜਰਬਾ ਕਰਦਾ ਹਾਂ ਕਿ
ਜੇ ਨਸਾਂ 'ਤੇ ਸੱਟ ਮਾਰੀਏ ਤਾਂ ਟੰਗਾਂ ਦਾ ਮਾਸ ਸੁੰਗੜਦਾ ਹੈ ਜਾਂ ਫੈਲਦਾ ਹੈ
ਤੁਸੀਂ ਕਿਤੇ ਆਹ ਸਭ ਵੇਖ ਕੰਬ ਤਾਂ ਨਹੀਂ ਗਏ ?

ਊਂ ਤਾਂ ਮੈਂ ਵੀ ਤ੍ਰਭਕ ਜਾਂਦਾ ਸੀ
ਜੇ ਮੈਂ ਕਦੇ ਗ਼ਲਤੀ ਨਾਲ ਪੁਸ਼ਪਾ ਨੂੰ ਛੋਹ ਲੈਂਦਾ
ਪਰ ਹੁਣ ਮੈਂ ਇਨ੍ਹਾਂ ਸਾਰਿਆਂ ਦਾ ਆਦੀ ਹੋ ਗਿਆ ਹਾਂ
ਜੇ ਆਦੀ ਨਹੀਂ ਹੋ ਸਕਿਆ ਤਾਂ ਉਹ ਹੈ—
ਕਾਂਟੇ-ਛੁਰੀਆਂ ਨਾਲ ਆਮਲੇਟ ਅਤੇ ਨਾਸ਼ਤਾ ਕਰਨ ਵਿਚ

ਉਹੀ ਕਾਂਟੇ ਛੁਰੀਆਂ
ਜਿਹੜੀਆਂ ਹਰ ਵੇਲੇ ਮੇਰੇ ਲੰਮੇ ਸਫ਼ੇਦ ਚੋਗੇ ਦੀਆਂ ਜੇਬਾਂ ਵਿਚ ਹੁੰਦੀਆਂ ਹਨ
ਖਾਣ ਦੀਆਂ ਚੀਜ਼ਾਂ ਅਤੇ ਮਰੇ ਜਾਨਵਰਾਂ ਦਾ ਫ਼ਰਕ ਖ਼ੂਬ ਸਮਝ ਗਈਆਂ ਹਨ

ਇਨ੍ਹਾਂ ਕਾਗ਼ਜ਼ਾਂ, ਜੇਬਾਂ ਅਤੇ ਪ੍ਰਯੋਗਸ਼ਾਲਾਵਾਂ ਤੋਂ ਅੱਡ
ਊਂ ਤਾਂ ਕਹਿਣ ਨੂੰ ਮੇਰਾ ਇਕ ਜ਼ਿਹਨ ਵੀ ਹੈ
ਅਤੇ ਜੇ ਤੁਸੀਂ ਉਸ ਵਿਚ ਵੀ ਝਾਤੀ ਮਾਰ ਕੇ ਵੇਖੋ ਤਾਂ ਮੈਨੂੰ ਭੈਅ ਹੈ ਕਿ
ਤੁਹਾਨੂੰ ਇਹੋ ਕੁਝ ਦਿਸੇਗਾ, ਜਿਵੇਂ—
ਖੱਚਰ ਖੁਸਰਾ ਹੁੰਦਾ ਹੈ
ਸੰਘਾੜੇ ਦਾ ਆਟਾ ਪਾਣ ਨਾਲ ਦੁੱਧ ਗਾੜ੍ਹਾ ਅਤੇ ਮਲਾਈਦਾਰ ਬਣ ਜਾਂਦਾ ਹੈ
ਅਤੇ ਨਰ ਬੋਨੇਲੀਆ ਮਾਦਾ ਬੋਨੇਲੀਆ ਦੀ ਬੱਚੇਦਾਨੀ ਵਿਚ ਰਹਿੰਦਾ ਹੈ

ਮੈਨੂੰ ਪਤੈ—
ਤੁਸੀਂ ਆਹ ਕੁਝ ਨਹੀਂ ਸਮਝੋਗੇ ਕਿਉਂਕਿ
ਮੈਂ ਵਿਗਿਆਨ ਦਾ ਗ੍ਰੈਜੂਏਟ ਜੋ ਬਣਨ ਵਾਲਾ ਹਾਂ
ਅਤੇ ਮੈਂ ਇਹ ਸਭ ਨਹੀਂ ਸਮਝਾਂਗਾ ਕਿ
ਰੂਸ ਸਾਡਾ ਦੋਸਤ ਹੈ ਜਾਂ ਅਮਰੀਕਾ
ਚੀਨ ਉਤਰ ਵਿਚ ਹੈ ਜਾਂ ਦੱਖਣ ਵਿਚ
'ਦੀ ਪ੍ਰਿੰਸ' ਮਾਰਕਸ ਨੇ ਲਿਖੀ ਕਿ ਮੈਕਿਆਵਲੀ ਨੇ

ਅਤੇ ਹੋਰ ਵੀ ਬੜਾ ਕੁਝ
ਕਿਉਂਕਿ ਮੈਂ ਵਿਗਿਆਨ ਦਾ ਗ੍ਰੈਜੂਏਟ ਬਣਨ ਵਾਲਾ ਹਾਂ

## *ਸ਼ਹਿਰ ਦੇ ਖ਼ਿਲਾਫ਼*

ਤੁਸੀਂ ਸ਼ਹਿਰ ਦੀ ਗੱਲ ਨਾ ਕਰੋ
ਸ਼ਹਿਰ ਮੇਰੇ ਲਈ
ਉਸ ਤੇਜ਼ ਦੌੜਦੇ ਚੀਤੇ ਵਾਂਗ ਹੈ
ਜੋ ਆਪਣੇ ਪੰਜਿਆਂ ਨਾਲ ਹਰ ਆਦਿਵਾਸੀ ਹਵਾ ਨੂੰ ਚੀਰਦਾ ਹੈ
ਅਤੇ ਆਪਣੇ ਜਬਾੜਿਆਂ ਵਿਚਾਲੇ ਚਿੱਥ ਦੇਂਦਾ ਹੈ

ਸ਼ਹਿਰ ਦੀ ਹਰ ਰੰਗੀਨ ਖ਼ਾਹਿਸ਼ ਮਗਰ
ਇਕ ਲਪਲਪ ਕਰਦੀ ਜੀਭ ਹੈ ਅਤੇ ਕਾਤਲ ਦੰਦ ਹਨ

ਸ਼ਹਿਰ ਨੂੰ ਮੈਂ ਜਦੋਂ ਵੀ ਝੂਠ ਬੋਲਦਿਆਂ ਫੜਿਆ
ਤਾਂ ਉਸ ਦੀ ਕਾਲ-ਕੋਠੜੀਆਂ ਵਿਚ ਮੈਂ ਖ਼ੁਦ ਨੂੰ ਬੰਦ ਵੇਖਿਆ
ਫੁੱਲਾਂ ਦੇ ਬਗੀਚੇ ਵਿਚ ਪੁੰਗਰਨ ਵਾਲੇ ਮੇਰੇ ਠੰਡੇ ਠਾਰ ਦਿਨ

ਸ਼ਹਿਰ ਦੇ ਉਬਲਦੇ ਚੱਕਿਆਂ ਉੱਤੇ ਤੁਰ
ਜਦੋਂ ਬਾਜ਼ਾਰ ਅੱਪੜੇ
ਤਾਂ ਮੇਰੇ ਬੌਲਦਾਂ ਨੇ ਖ਼ੁਦਕੁਸ਼ੀ ਕਰ ਲਈ
ਅਤੇ ਮੇਰੇ ਦਿਨ ਅੱਜ ਵੀ
ਕਿਸੇ ਜਰਾਇਮ ਪੇਸ਼ਾ ਨਹਿਰ ਵਾਂਗ
ਆਪਣੀ ਹਿੱਕ ਵਿਚ ਇੱਟਾਂ ਠੁਕਵਾ ਕੇ
ਸੋਗ ਮਨਾ ਰਹੇ ਹਨ

ਸ਼ਹਿਰ ਮੇਰੇ ਲਈ ਇਕ ਬਿੰਬ ਹੈ
ਜਿਹੜੀ ਚੇਤਨਾ ਤੋਂ ਪਰ੍ਹੇ ਲੁਪਤ ਹੋਣ ਮਗਰੋਂ ਵੀ
ਜ਼ਾਹਿਰ ਹੋਣ ਲਈ ਸਦਾ ਜੱਦੋਜਹਿਦ ਕਰਦਾ
ਅਤੇ ਮੈਨੂੰ ਖ਼ੁਦਕੁਸ਼ੀ ਕਰਨ ਵੱਲ ਧੱਕਦਾ ਹੋਇਆ
ਖ਼ੂਬ ਕਹਿਕਹੇ ਲਾਉਂਦਾ
ਉਹ ਖ਼ਤਮ ਹੋਇਆ ਸੱਭਿਆਚਾਰ ਹੈ
ਜਿਸ ਦੇ ਪ੍ਰਗਟ ਹੋਣ ਲਈ
ਮੇਰੇ ਵਜੂਦ ਨੂੰ ਝੂਠਾ ਸਾਬਤ ਕਰਨਾ
ਜਿਵੇਂ ਜ਼ਰੂਰੀ ਹੋਵੇ

ਸ਼ਹਿਰ
ਮੇਰੇ ਮਹਿਬੂਬ ਦੇ ਬਲਾਊਜ਼ ਮਗਰ
ਲੁਕਿਆ ਹੋਇਆ ਉਹ ਸੱਚ ਹੈ
ਜਿਹੜਾ ਮੈਨੂੰ ਅਨੇਕਾਂ ਵਾਰ
ਖਲਨਾਇਕ ਬਣਨ ਲਈ ਉਕਸਾਉਂਦਾ ਹੈ
ਇਸ ਖ਼ੁਸ਼ਫ਼ਹਿਮੀ ਨਾਲ
ਜਿਵੇਂ ਬਾਰ ਬਾਰ ਦੇ ਨਾਂਹ ਪਿੱਛੇ
ਛੁਪੀ ਹੋਈ ਕੋਈ ਹਾਂ ਹੋਵੇ

## *ਵਾਪਸੀ*

ਮਾਂ ਤੂੰ ਕਿੰਨੀ ਮਾੜੀ ਹੋ ਗਈ ਏਂ !
ਤੂੰ ਫ਼ਿਕਰ ਨਾ ਕਰ ਮਾਂ
ਮੈਂ ਹੁਣ ਆਪਣੇ ਯਾਰਾਂ ਨਾਲ ਬੋਲਣਾ ਛੱਡ ਦਿੱਤਾ ਹੈ
ਪਤੈ ਤੈਨੂੰ—
ਉਹ ਆਖਦੇ ਸੀ ਮੈਨੂੰ ਤੂੰ ਕ੍ਰਾਂਤੀ-ਚੇਤਾ ਬਣ ਗਿਆ ਏਂ
ਹੁਣ ਤੇਰਾ ਘਰ ਪਰਤਣਾ ਮੁਮਕਿਨ ਨਹੀਂ
ਪਰ ਉਹ ਝੂਠ ਬੋਲਦੇ ਸੀ ਮਾਂ

ਤੂੰ ਮੈਨੂੰ ਹੁਣ ਉਥੇ ਵਾਪਸ ਨਾ ਜਾਣ ਦੇਈਂ
ਅਸੀਂ ਬਬਲੂ ਨੂੰ ਵੀ ਨਹੀਂ ਜੇ
ਉਥੇ ਜਾਣ ਦੇਣਾ
ਇਹ ਉਹੀ ਬੰਦੇ ਨੇ ਮਾਂ, ਜਿਨ੍ਹਾਂ ਨੇ ਤੈਥੋਂ ਵੀਰ ਜੀ ਨੂੰ ਖੋਹ ਲਿਆ ਸੀ
ਤੂੰ ਫ਼ਿਕਰ ਨਾ ਕਰ ਮਾਂ,
ਉਸ ਨਕਸਲੀ ਅਸੀਮ ਚੈਟਰਜੀ ਨੂੰ
ਮੁੱਛਾਂ ਤੋਂ ਫੜ ਖਿੱਚ ਤੇਰੇ ਪੈਰਾਂ ਹੇਠ ਡੇਗ
ਮੈਂ ਪੁੱਛਾਗਾ—
ਦੱਸ ਕਿੱਥੇ ਹੈ ਵੀਰ ਜੀ ਦੀ ਲਾਸ਼ ?
ਤੈਨੂੰ ਪਤੈ ਮਾਂ—
ਉਹ ਵੀਰ ਜੀ ਦੀਆਂ ਹੱਡੀਆਂ ਨੂੰ ਜਾਦੂ ਦੀ ਛੜੀ ਵਾਂਗ
ਨਵੇਂ ਮੁੰਡਿਆਂ ’ਤੇ ਫੇਰਦੇ ਹਨ

ਤੂੰ ਰੋ ਨਾ ਮਾਂ
ਮੈਂ ਭੈਣ ਨੂੰ ਵੀ ਗੁੱਤੋਂ ਫੜ ਕੇ
ਉਸ ਰਾਹ ਤੋਂ ਖਿੱਚ ਤੇਰੇ ਕੋਲ ਵਾਪਸ ਲੈ ਆਵਾਂਗਾ
ਅਤੇ ਅਸੀਂ ਫੇਰ ਸਾਰੇ ਭੈਣ-ਭਰਾ ਇਕੱਠੇ ਹੋ
ਖ਼ੁਸ਼ੀਆਂ ਭਰੇ ਕਹਿਕਰੇ ਮਾਰਾਂਗੇ
ਬਚਪਨ ਦੇ ਉਨ੍ਹਾਂ ਦਿਨਾਂ ਵਾਂਗ
ਜਦੋਂ ਅਸੀਂ ਤੇਰੀਆਂ ਅੱਖਾਂ ’ਤੇ ਪੱਟੀ ਬੰਨ੍ਹ
ਮੰਜੇ ਥੱਲੇ ਲੁਕ ਜਾਂਦੇ ਸੀ
ਤੇ ਤੂੰ ਸਾਨੂੰ ਆਪਣੇ ਹੱਥਾਂ ਨਾਲ ਟੋਂਹਦੀ ਲੱਭਦੀ ਜਾਂ
ਉਸ ਦਿਨ ਵਾਂਗੂੰ
ਜਦੋਂ ਮੈਂ ਭੈਣ ਦੀ ਪਿੱਠ ’ਤੇ ਚੂੰਢੀ ਵੱਢ ਭੱਜਦਾ
ਤਾਂ ਤੂੰ ਮੇਰੇ ਮਗਰ ਵਗ੍ਹਾ ਕੇ ਬੇਲਣ ਮਾਰਦੀ
ਤੇ ਮੈਂ ਟੁੱਟਿਆ ਬੇਲਣ ਤੈਨੂੰ ਵਿਖਾ ਖਿਝਾਉਂਦਾ ਰਹਿੰਦਾ

ਮਾਂ, ਤੈਨੂੰ ਵੀਰ ਜੀ ਬੜਾ ਚੇਤੇ ਆਉਂਦਾ ਹੈ ਨਾ ?
ਉਹ ਤੈਨੂੰ ਬੜਾ ਪਿਆਰ ਕਰਦਾ ਸੀ
ਕੇਰਾਂ, ਤੈਨੂੰ ਜ਼ਰੂਰ ਚੇਤੇ ਹੋਵੇਗਾ
ਉਹ ਦਰਖ਼ਤ ’ਤੇ ਚੜ੍ਹ
ਕੁਹਾੜੀ ਨਾਲ ਲੱਕੜ ਵੱਢਦਾ

ਥੱਲੇ ਡਿੱਗ ਪਿਆ
ਉਸ ਦੀ ਬਾਂਹ ਟੁੱਟ ਗਈ
ਪਰ ਉਹ ਫੇਰ ਵੀ ਹੱਸਦਾ ਰਿਹਾ
ਇਹ ਸੋਚ—
ਕਿਤੇ ਤੂੰ ਉਸ ਦੇ ਦਰਦ ਨੂੰ ਵੇਖ ਦੁਖੀ ਨਾ ਹੋ ਜਾਵੇਂ
ਅਤੇ ਭੈਣ ? ਨਿੱਕੀ ਜਹੀ ਉਹ ਗੁੱਡੀ !
ਕਾਲਜ ਵਿਚ ਜਾ ਹੁਣ ਬੜੀ ਸਿਆਣੀ ਹੋ ਗਈ ਐ
ਪਰ ਤੂੰ ਕਾਹਤੋਂ ਫ਼ਿਕਰ ਕਰਦੀ ਐਂ
ਆਪਾਂ ਉਸ ਦੀ ਛੇਤੀ ਸ਼ਾਦੀ ਕਰ ਦੇਵਾਂਗੇ

ਉਸ ਤੋਂ ਬਾਅਦ
ਮੈਂ ਤੇ ਬਬਲੂ
ਤੇਰੀ ਗੋਦ ਵਿਚ ਬਹਿ
ਤੈਥੋਂ ਪਰੀਆਂ ਦੀਆਂ ਕਹਾਣੀਆਂ ਸੁਣਾਂਗੇ
ਨਾਨਾ ਜੀ ਵੱਲੋਂ ਰੇਸ-ਕੋਰਸ ਵਿਚ ਗਵਾਏ
ਲੱਖਾਂ ਰੁਪਈਆਂ ਦਾ ਇਤਿਹਾਸ ਸੁਣਾਗੇ
ਫੇਰ ਗੱਲ ਕਰਾਂਗੇ ਉਸ ਤਾਮਲੁਕ ਦੀਆਂ
ਅਤੇ ਦੂਰ ਤੁਰ ਜਾਵਾਂਗੇ
ਜਿਥੇ ਸਿਰਫ਼ ਪੰਛੀ ਰਹਿੰਦੇ ਹਨ
ਜਿਥੇ ਦਾ ਅਸਮਾਨ ਤੰਬੂ ਜਿੱਡਾ ਨਿੱਕਾ ਨਹੀਂ
ਜਿਥੇ ਦਰਖ਼ਤ ਬੰਦਿਆਂ ਵਰਗੇ ਹਨ
ਅਤੇ ਬੰਦੇ ਦਰਖ਼ਤਾਂ ਵਰਗੇ ਨਹੀਂ


ਮਾਂ, ਤੂੰ ਫ਼ਿਕਰ ਨਾ ਕਰ
ਅਸੀਂ ਇਕ ਵਾਰ ਫੇਰ
ਉਨ੍ਹਾਂ ਦਿਨਾਂ ਵੱਲ ਤੁਰ ਜਾਵਾਂਗੇ
ਜਿਥੋਂ ਸ਼ਹਿਰ ਜਾਣ ਦਾ ਰਾਹ
ਵਿਸ਼ਾਲ ਜੰਗਲ ਵਿਚੋਂ ਨਿਕਲਦਾ ਹੈ

(ਨਵੀਂ ਛਪੀ ਪੁਸਤਕ 'ਸ਼ਹਿਰ ਦੇ ਖ਼ਿਲਾਫ਼' ਵਿਚੋਂ)

ਵ

ਪ੍ਰਦੀਪ ਦੀਆਂ ਕਵਿਤਾਵਾਂ ਦਾ ਰੰਗ ਬਹੁਤ ਵੱਖਰਾ ਹੈ। ਉਸ ਦੇ ਬਿੰਬ, ਉਸ ਦਾ ਧਰਤ-ਦ੍ਰਿਸ਼, ਉਸ ਦੀਆਂ ਕਵਿਤਾਵਾਂ ਵਿਚਲਾ ਮਾਹੌਲ ਤੇ ਮਾਨਸਿਕਤਾ ਵਿਲੱਖਣ ਹੈ। ਇਨ੍ਹਾਂ ਕਵਿਤਾਵਾਂ ਦਾ ਮਿਜਾਜ਼ ਰੈਡੀਕਲ ਹੈ ਤੇ ਅੰਦਾਜ਼ ਨਾਟਕੀ। ਇਨ੍ਹਾਂ ਵਿਚ ਭ੍ਰਿਸ਼ਟ ਨਿਜ਼ਾਮ ਪ੍ਰਤੀ ਰੋਹ ਦਾ ਸੇਕ ਹੈ, ਦਿਨ ਰਾਤ ਮੁਸ਼ੱਕਤ ਕਰਦੇ, ਮੁੜ੍ਹਕੇ ਭਿੱਜਿਆ ਟੁੱਕ ਖਾਂਦੇ ਕਿਰਤੀਆਂ, ਕਿਸਾਨਾਂ, ਮਜ਼ਦੂਰਾਂ ਦੀ ਦਸ਼ਾ ਦਾ ਬਿਆਨ ਹੈ ਤੇ ਆਦਮ ਦਾ ਗਹਿਰਾ ਚਿੰਤਨ ਤੇ ਮੰਥਨ। -*ਸੁਰਜੀਤ ਪਾਤਰ*

ਪ੍ਰਦੀਪ ਬੋਸ ਦੀਆਂ ਕਵਿਤਾਵਾਂ ਜ਼ਿੰਦਗੀ ਦੀ ਕੈਨਵਸ 'ਤੇ ਅਨੇਕਾਂ ਭਾਵਾਂ ਅਨੁਭਾਵਾਂ ਨੂੰ ਚਿਤ੍ਰਿਤ ਕਰਦੀਆਂ ਅਜੋਕੇ ਸਮਿਆਂ ਦੇ ਫ਼ਿਕਰਾਂ ਨਾਲ ਆਪਣੀ ਨਿਵੇਕਲੀ ਬਿੰਬਾਵਲੀ ਤੇ ਰੂਪਕਾਂ ਨਾਲ ਪਾਠਕ ਨੂੰ ਟੁੰਬਦੀਆਂ ਹਨ। -*ਵਨੀਤਾ (ਡਾ.)*



*ਨਾਵਲ ਅੰਸ਼*

# ਵਿਰਲਾ ਵਿਚੋਂ ਝਾਕਦੀ ਜ਼ਿੰਦਗੀ

## ਬਲਦੇਵ ਸਿੰਘ (ਸੜਕਨਾਮਾ)

ਸਵੇਰ ਦੇ ਨਕਸ਼ ਉਘੜਨ ਲੱਗ ਪਏ। ਸੂਰਜ ਦੀਆਂ ਕਿਰਨਾਂ ਚੜ੍ਹਦੇ ਵੱਲੋਂ ਪੌੜੀ ਲਾ ਕੇ ਵਿਹੜੇ ਵਿਚ ਉਤਰਨ ਦੀ ਤਿਆਰੀ ਵਿਚ ਸਨ। ਸੱਤੀ ਨੇ ਚਾਹ ਵਾਲਾ ਖ਼ਾਲੀ ਗਲਾਸ ਅਜੇ ਰੱਖਿਆ ਹੀ ਸੀ, ਸਾਹਮਣੇ ਬਾਹਰਲੇ ਬੂਹੇ ਨੂੰ ਧੱਕ ਕੇ ਵੀਰੋ ਤਾਈ ਅੰਦਰ ਆਉਂਦੀ ਦਿਸੀ।

–ਕਾਹਨੂੰ ਆਉਣਾ ਸੀ ਤਾਈ, ਚਾਹ ਪੀ ਕੇ ਮੈਂ ਤੇਰੇ ਵੱਲ ਈ ਆਉਣਾ ਸੀ।' ਸੱਤੀ ਉੱਠ ਕੇ ਖੜ੍ਹਾ ਹੁੰਦਾ ਬੋਲਿਆ।

–ਚਾਹ ਪੀ ਲਾ ਬੇਬੇ ਹੁਣ ਆਗੀ ਐਂ ਤਾਂ...।' ਸੱਤੀ ਦੀ ਮਾਂ ਬੋਲੀ।

ਵੀਰੋ ਨੂੰ ਸ਼ਾਇਦ ਸੁਣਿਆ ਨਹੀਂ ਸੀ। '...ਓਧਰ ਆਈਂ ਪੁੱਤ।' ਸੱਤੀ ਨੂੰ ਆਖ ਕੇ ਉਹ ਮੁੜ ਪਈ।

–ਤਾਈ ਕੰਮ ਤਾਂ ਦੱਸ ਜਾਂਦੀ ਕੀ ਐ ?'...ਪਰ ਵੀਰੋ ਰੁਕੀ ਨਹੀਂ, ਜਿਵੇਂ ਅੰਦਰ ਆਈ ਸੀ, ਉਵੇਂ ਚਲੀ ਗਈ।

–ਮੈਨੂੰ ਤਾਂ ਲੱਗਦੈ ਬੇਬੇ, ਤਾਈ ਨੂੰ ਉੱਚਾ ਸੁਣਨ ਲੱਗ ਪਿਆ ?' ਹੁਣ ਮੈਨੂੰ ਓਹਦੇ ਘਰੇ ਜਾਣਾ ਪੈਣਾ।'...

–ਮੈਂ ਮੋੜ ਕੇ ਲਿਆਵਾਂ ?' ਸੱਤੀ ਦੀ ਮਾਂ ਜਾਣ ਲਈ ਉੱਠ ਖੜ੍ਹੀ।

–ਰਹਿਣ ਦੇ ਬੇਬੇ, ਤੂੰ ਆਪ ਕਿਹੜਾ ਦੁੜੰਗੇ ਮਾਰਦੀ ਐਂ।' ਸੱਤੀ ਹੱਸਿਆ।

–ਵੀਰੋ ਵੀ ਕੀ ਕਰੇ ਪੁੱਤ। ਘਰ ਵਾਲੇ ਦਾ ਥਹੁ-ਪਤਾ ਨੀ ਕਿੱਥੇ ਐ। ਪੁੱਤ ਜਿਉਂ ਘਰੋਂ ਨਿਕਲਿਐ, ਉਹਨੇ ਮਾਂ ਦੀ ਸਾਰ ਨੀ ਲਈ।...ਵੀਰੋ ਤਾਂ ਮੁਸੀਬਤਾਂ ਨੇ ਖਾ ਲੀ ਪੁੱਤ। ਸੁਣਿਆ ਜਾ ਕੇ ਕੀ ਆਖਦੀ ਐ। ਕੀ ਪਤੈ, ਕੋਈ ਚਿੱਠੀ ਪੱਤਰ ਆਇਆ ਹੋਊ।'...ਮਾਂ ਨੇ ਹਉਕਾ ਲਿਆ।

ਸੱਤੀ ਆਪਣੇ ਮੰਜੇ ਵਾਲੇ ਪਾਸੇ ਪੱਗ ਬੰਨ੍ਹਣ ਚਲਿਆ ਗਿਆ।

... ... ...

ਜਦੋਂ ਸੱਤੀ ਵੀਰੋ ਤਾਈ ਦੇ ਘਰ ਗਿਆ, ਉਹ ਹੱਥਾਂ ਦੀਆਂ ਦੋਹਾਂ ਹਥੇਲੀਆਂ 'ਚ ਮੂੰਹ ਫੜੀ ਨੀਵੀਂ ਪਾਈ ਬੈਠੀ, ਸੋਚਾਂ ਵਿਚ ਡੁੱਬੀ ਹੋਈ ਸੀ। ਨੇੜੇ ਆਈ ਪੈੜ-ਚਾਲ ਸੁਣ ਕੇ ਉਹ ਤ੍ਰਭਕੀ। ਫੇਰ ਮੂੰਹ ਉੱਪਰ ਚੁੱਕ ਕੇ ਬੋਲੀ;

–ਆ ਗਿਆ ਪੁੱਤ ?'

–ਹੁਣ ਦੱਸ ਤਾਈ।' ਮੰਜਾ ਘੜੀਸ ਕੇ ਤਾਈ ਦੇ ਕੋਲ ਕਰਦਿਆਂ ਸੱਤੀ ਬੋਲਿਆ।

ਵੀਰੋ, ਗੋਡਿਆਂ ਉੱਪਰ ਹੱਥ ਰੱਖ ਕੇ ਉੱਠੀ। ਮੂੰਹੋਂ ਨਿਕਲਿਆ—'ਹੇ ਵਾਹਿਗੁਰੂ !' ਫੇਰ ਜਦੇ ਹੀ ਬੋਲੀ—'ਕਾਹਦਾ ਵਾਹੇਗੁਰੂ ' ਜੇ ਵਾਹੇਗੁਰੂ ਹੁੰਦਾ ਕਿਤੇ, ਮੇਰੇ ਨਾਲ ਇਉਂ ਹੁੰਦੀ ? ਐਨੀ ਦੁਖੀ ਤਾਂ ਜਮਦੂਤ ਵੀ ਨੀ ਕਰਦੇ ਹੋਣੇ...।' ਤੇ ਉਹ ਅੰਦਰ ਜਾ ਕੇ ਝੋਲਾ ਚੁੱਕ ਲਿਆਈ। ਫੇਰ ਉਸ ਦੇ ਕੋਲ ਮੰਜੇ ਉੱਪਰ ਬੈਠਦਿਆਂ, ਪਹਿਲਾਂ ਝੋਲੇ ਵਿਚੋਂ ਆਪਣਾ ਵੋਟਰ ਕਾਰਡ ਕੱਢ ਕੇ ਸੱਤੀ ਨੂੰ ਦਿਖਾਉਂਦਿਆਂ ਪੁੱਛਿਆ—'ਪੁੱਤ ਵੇਖ ਖਾਂ ਆਹ ਮੇਰਾ ਈ ਕਾਟ ਐ ਨਾ ?'

ਸੱਤੀ ਨੇ ਚੰਗੀ ਤਰ੍ਹਾਂ ਘੋਖਿਆ। ਨਾਮ ਪੜ੍ਹਿਆ, ਉਮਰ ਵੇਖੀ, ਘਰ ਦਾ ਪਤਾ ਵੇਖਿਆ।...'ਤਾਈ ਇਹ ਵੋਟਰ ਕਾਰਡ ਤਾਂ ਤੇਰਾ ਈ ਐ।' ਉਸ ਨੇ ਭਰੋਸੇ ਨਾਲ ਕਿਹਾ।

–ਤੇ ਆਹ ਵੇਖ।' ਤਾਈ ਨੇ ਆਧਾਰ ਕਾਰਡ ਕੱਢ ਕੇ ਵਿਖਾਇਆ।

–ਇਹ ਵੀ ਤੇਰਾ ਈ ਐ।' ਕਾਰਡ ਵੇਖਦਿਆਂ ਹੀ ਸੱਤੀ ਨੇ ਕਿਹਾ।

–ਤੇ ਪੁੱਤ, ਜਿਹੜੀ ਮੈਂ ਤੇਰੇ ਸਾਹਮਣੇ ਬੈਠੀ ਐਂ...ਕੌਣ ਐਂ ਮੈਂ ?'

ਸੱਤੀ ਨੇ ਸੋਚਿਆ, ਤਾਈ ਦੀ ਸੁਰਤ ਠੀਕ ਨੀ ਹੈ। ਏਸ ਉਮਰ 'ਚ ਹੋ ਈ ਜਾਂਦੈ। ਫੇਰ ਸੱਟਾਂ ਵੀ ਬਥੇਰੀਆਂ ਲੱਗੀਐਂ। ਫਿਰ ਵੀ ਕਿਹਾ—'ਮੇਰੇ ਸਾਹਮਣੇ ਤਾਂ ਤਾਈ ਵੀਰਪਾਲ ਕੌਰ ਬੈਠੀ ਐ। ਤਾਈ ਗੱਲ ਕੀ ਐ ?'

–ਪੁੱਤ ਮੈਨੂੰ ਤਸੱਲੀ ਕਰ ਲੈਣ ਦੇ। ਵੋਟਾਂ ਆਲਾ ਕਾਟ ਵੀ ਮੇਰਾ ਐ। ਅਧਾਰ ਕਾਟ ਵੀ ਮੇਰਾ ਐ। ਭਲਾ ਤੇਰੇ ਸਾਹਮਣੇ ਬੈਠੀ ਮੈਂ ਜਿਉਂਦੀ ਐਂ ਕਿ ਮਰੀ ?'

ਹੁਣ ਸੱਤੀ ਨੂੰ ਯਕੀਨ ਹੋ ਗਿਆ, ਵੀਰੋ ਤਾਈ ਤਾਂ ਦਿਮਾਗੋਂ ਹਿੱਲ ਗਈ। ਬੋਲਿਆ—ਤਾਈ ਕਮਲਿਆਂ ਆਂਗੂ ਗੱਲਾਂ ਕਾਹਤੋਂ ਕਰਨ ਲੱਗ ਪੀ ?'

–ਕਮਲਿਆ ਆਂਗੂ ਨੀ ਕਰਦੀ ਪੁੱਤ। ਮੈਂ ਤਸੱਲੀ ਕਰਦੀ ਐਂ ਕਿ ਮੈਂ ਜਿਉਂਦੀ ਐਂ ਕਿ ਮਰੀ ਹੋਈ ਐਂ ?'

–ਮੇਰੇ ਸਾਹਮਣੇ ਤਾਂ ਬੈਠੀ ਐਂ, ਸਹੀ ਸਲਾਮਤ। ਗੱਲਾਂ ਕਰੀ ਜਾਨੀ ਐਂ।' ਸੱਤੀ ਦੇ ਬੋਲਾਂ ਵਿਚ ਜ਼ਰਾ ਕੁ ਖਿਝ ਸੀ।

–ਫੇਰ ਉਹ ਕਿਉਂ ਨੀ ਮੰਨਦੇ ਪੁੱਤ ?'

–ਕੌਣ ਨੀ ਮੰਨਦੇ ?' ਸੱਤੀ ਹੈਰਾਨ ਹੋਇਆ।

–ਸੱਤੀ ਪੁੱਤ, ਮੇਰੀ ਗੱਲ ਧਿਆਨ ਨਾਲ ਸੁਣੀਂ। ਤੇਰੇ ਤਾਏ ਤੇ ਭਤੀਜੇ ਮੇਰੇ ਨਾਲ ਠੱਗੀ ਮਾਰਗੇ। ਤੇਰਾ ਤਾਇਆ ਤਾਂ ਸਾਰੇ ਪਿੰਡ ਨੂੰ ਪਤੈ, ਗੁੰਮ ਹੋਇਆ ਵਿਐ। ਮੇਰਾ ਪੁੱਤ ਵੀ ਅੱਠ ਨੌਂ ਸਾਲ ਹੋਗੇ ਘਰ ਨੀ ਆਇਆ। ਸਾਡੀ ਚਾਰ ਕਿੱਲੇ ਜੱਦੀ ਜ਼ਮੀਨ ਐ ਪੁੱਤ। ਉਹ ਮੈਂ ਠੇਕੇ 'ਤੇ ਦਿੰਦੀ ਸੀ। ਹਾੜੀ ਸੌਣੀ ਮੈਨੂੰ ਠੇਕੇ ਵਾਲਾ ਰਕਮ ਤਾਰ ਦਿੰਦਾ ਸੀ। ਮੈਂ ਗੁਜ਼ਾਰਾ ਕਰੀ ਜਾਂਦੀ ਸੀ। ਐਤਕੀਂ ਜਦੋਂ ਮੈਂ ਠੇਕਾ ਮੰਗਣ ਗਈ, ਉਹ ਕਹਿੰਦਾ, ਭਾਈ ਮੈਨੂੰ ਤਾਂ ਪੰਜ ਮਹੀਨੇ ਹੋਗੇ ਜ਼ਮੀਨ ਛੱਡੀ ਨੂੰ। ਮੈਂ ਤਿੰਨ ਚਾਰ ਮਹੀਨੇ ਪੇਕੀਂ ਚਲੀ ਗਈ ਸੀ। ਪਿੱਛੋਂ ਸ਼ਰੀਕਾਂ ਨੇ ਕਹਿਤਾ, ਵੀਰੋ ਤਾਂ ਮਰਗੀ। ਪਿਉ-ਪੁੱਤ ਵੀ ਕਿਧਰੇ ਮਰ-ਖਪ ਗਏ ਹੋਣਗੇ। ਜਾਹਲੀ ਵਸੀਅਤ ਬਣਾ ਕੇ ਜ਼ਮੀਨ ਆਪਣੇ ਨਾਮ ਕਰਵਾ ਲੀ। ਮੈਂ ਗਈ, ਮੇਰੇ ਤਾਂ ਗਲ ਪੈਗੇ। ਪੈਰਾਂ 'ਤੇ ਪਾਣੀ ਨਾ ਪੈਣ ਦੇਣ। ਮੈਂ ਠਾਣੇ ਗਈ, ਦੱਸਿਆ ਮੈਂ ਤਾਂ ਜਿਉਂਦੀ ਜਾਗਦੀ ਐਂ, ਚੰਗੀ ਭਲੀ ਆਂ, ਆਹ ਕਾਟ ਵੀ ਵਿਖਾਏ। ਕੋਈ ਮੇਰੀ ਗੱਲ ਨੀ ਸੁਣਦਾ। ਉਹ ਪੈਸੇ ਖੁਆ ਦਿੰਦੇ ਐ। ਸਾਰੇ ਮਿਲੇ ਹੋਏ ਐ ਪੁੱਤ। ਮੇਰੀ ਲੱਖਾਂ ਦੀ ਜ਼ਮੀਨ 'ਤੇ ਕਬਜ਼ਾ ਕਰੀ ਬੈਠੇ ਐ। ਕੱਲ੍ਹ ਨੂੰ ਮੇਰਾ ਪੁੱਤ ਆ ਗਿਆ, ਉਹਦਾ ਪਿਉ ਆ ਗਿਆ—ਕੀ ਮੂੰਹ ਵਖਾਊਂ ਉਨ੍ਹਾਂ ਨੂੰ ? ਉਨ੍ਹਾਂ ਨੇ ਕਹਿਣੈ, ਤੈਥੋਂ ਜ਼ਮੀਨ ਵੀ ਨਾ ਸਾਂਭੀ ਗਈ ?'

–ਠਾਣੇ ਵਾਲੇ ਕਹਿੰਦੇ ਕੀ ਐ ਤਾਈ ?' ਸੱਤੀ ਸੱਚਮੁੱਚ ਹੈਰਾਨ ਹੋਇਆ, ਪਿੰਡ 'ਚ ਐਨਾ ਧੱਕਾ ਹੋ ਗਿਆ, ਇਹਦਾ ਕੋਈ ਸਾਥ ਕਿਉਂ ਨੀ ਦਿੰਦਾ ? ਕੀ ਪਤਾ ਡਰਦੇ ਹੋਣਗੇ, ਆਪਾਂ ਕਾਹਤੋਂ ਬੁਰੇ ਵੱਜਣੈ, ਦੁਸ਼ਮਣੀ ਵਾਧੂ ਪਊ।'

–ਕਹਿਣਾ ਕੀ ਐ ਪੁੱਤ ? ਜਦੋਂ ਮੈਂ ਸਬੂਤ ਦਖੌਨੀ ਐਂ। ਕਹਿ ਦਿੰਦੇ ਐ, ਅਸੀਂ ਜਾਂਚ ਕਰਦੇ ਐਂ। ਮੈਂ ਆਖਦੀ ਐਂ, ਜਾਂਚ ਕਾਹਦੀ ਕਰਨੀ ਐਂ, ਮੈਂ ਥੋਡੇ ਸਾਹਮਣੇ ਖੜ੍ਹੀ ਐਂ ਜਿਉਂਦੀ...। ਪਤਾ ਹੁੰਦਾ ਮੈਂ ਪੇਕੀ ਨਾ ਹੀ ਜਾਂਦੀ। ਮੇਰੀ ਗੱਲ ਕੋਈ ਨੀ ਸੁਣਦਾ, ਤਾਂ ਹੀ ਤੇਰੇ ਕੋਲ ਆਈ ਸੀ। ਮੈਨੂੰ ਨਿਆਂ ਦੁਆ ਪੁੱਤ। ਤੂੰ ਪੜ੍ਹਿਆ-ਲਿਖਿਐਂ। ਨਹੀਂ ਤਾਂ ਮੈਂ ਤਹਿਸੀਲਦਾਰ ਦੇ ਦਫ਼ਤਰ ਅੱਗੇ ਜਾ ਕੇ ਅੱਗ ਲਾ ਕੇ ਸੜ ਜਾਣੈ। ਮੈਂ ਸਤੀ ਪਈ ਐਂ ਪੁੱਤ...।' ਗੱਲ ਕਰਦੀ ਵੀਰੋ ਦੀਆਂ ਅੱਖਾਂ ਭਰ ਆਈਆਂ, ਗਲਾ ਰੁੰਦ ਗਿਆ।

ਸਾਰੀ ਕਥਾ ਸੁਣ ਕੇ ਸੱਤੀ ਨੂੰ ਬਹੁਤ ਦੁੱਖ ਹੋਇਆ। ਲਾਲਸਾ ਨੇ ਰਿਸ਼ਤੇ ਕਿਹੋ ਜਿਹੇ ਬਣਾ ਦਿੱਤੇ। ਜਿਊਂਦਿਆਂ ਨੂੰ ਮਾਰੀ ਜਾਂਦੇ ਐ। ਇਨਸਾਨੀਅਤ ਏਨੀ ਨਿੱਘਰ ਗਈ ? ਸੋਚਦਿਆਂ ਉਹ ਚਿੰਤਾ ਵਿਚ ਡੁੱਬ ਗਿਆ। ਸਮਝ ਨਹੀਂ ਸੀ ਆਉਂਦੀ, ਵੀਰੋ ਤਾਈ ਨੂੰ ਕਿਵੇਂ ਹੌਸਲਾ ਦੇਵੇ। ਉਸ ਨੇ ਸੋਚਿਆ, ਕੌਰੇ ਨੂੰ ਨਾਲ ਲੈ ਕੇ, ਪੰਦਰਾਂ ਵੀਹ ਬੰਦੇ 'ਕੱਠੇ ਕਰਕੇ ਤਹਿਸੀਲਦਾਰ ਦੇ ਦਫ਼ਤਰ ਅੱਗੇ ਧਰਨਾ ਦੇਣਾ ਪੈਣੈ। ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਰਾਹੀਂ

ਪੁਲਿਸ ਤੇ ਅਫ਼ਸਰਾਂ ਦੇ ਕਿਰਦਾਰ ਨੂੰ ਨੰਗੇ ਕਰਨਾ ਪੈਣਾ। ਫੇਰ ਭਾਵੇਂ ਸੁਣਵਾਈ ਹੋਵੇ। ਵੀਰੋ ਤਾਈ ਦੀ ਹਿਫਾਜ਼ਤ ਵੀ ਕਰਨੀ ਪੈਣੀ ਐਂ, ਕਿਤੇ ਸੱਚੀਉਂ ਈ ਨਾ ਮਾਰ ਦੇਣ। ਪਤਾ ਨਹੀਂ, ਸਕੇ ਸੋਧਰੇ ਐਹੋ ਜੇਹੀਆਂ ਕਿੰਨੀਆਂ ਵੀਰੋ ਤਾਈਆਂ ਨੂੰ ਮਾਰੀ ਬੈਠੇ ਹੋਣਗੇ ? ਉੱਠਣ ਲੱਗਿਆਂ ਉਸ ਨੇ ਵੀਰੋ ਤਾਈ ਨੂੰ ਸਮਝਾਇਆ :

–ਤਾਈ, ਹੁਣ ਹੋਰ ਕਿਸੇ ਨੂੰ ਆਹ ਕਾਰਡ ਨਾ ਵਿਖਾਈਂ। ਇਹ ਤੇਰੇ ਕੋਲ ਪੱਕੇ ਸਬੂਤ ਨੇ। ਮੈਂ ਪਹਿਲਾਂ ਸਰਪੰਚ ਨਾਲ ਕਰਦਾ ਐਂ ਗੱਲ।'

–ਪੁੱਤ ਉਹ ਕਹਿੰਦੇ ਐ, ਇਹ ਵੀਰੋ ਈ ਹੈਨੀ ਗੀ। ਇਹ ਤਾਂ ਉਹਦੀ ਜੁੜਵੀਂ ਭੈਣ ਐਂ ਤਾਰੋ। ਵੀਰੋ ਦੀ ਜ਼ਮੀਨ 'ਤੇ ਕਬਜ਼ਾ ਕਰਨ ਨੂੰ ਫਿਰਦੀ ਐ।'

–ਤਾਈ, ਤੇਰੀ ਜੁੜਵੀਂ ਭੈਣ ਹੈਗੀ ਸੀ ?' ਸੱਤੀ ਲਈ ਇਹ ਨਵੀਂ ਜਾਣਕਾਰੀ ਸੀ।

–ਕਾਹਨੂੰ ਪੁੱਤ, ਸਾਡੇ ਖਾਨਦਾਨ 'ਚ ਨਾ ਕਦੇ ਜੌੜੇ ਭਰਾ ਜੰਮੇ, ਨਾ ਜੌੜੀਆਂ ਭੈਣਾਂ ਜੰਮੀਆਂ। ਤੂੰ ਮੇਰੇ ਨਾਲ ਪਿੰਡ ਚੱਲੀਂ। ਉਥੋਂ ਭਾਵੇਂ ਪਤਾ ਕਰ ਲੀਂ। ਇਹ ਤਾਂ ਐਨ੍ਹਾ ਨੇ ਝੂਠੀ ਮੂਠੀ ਗੱਲ ਬਣਾ ਕੇ ਫੈਲਾਤੀ ਪਿੰਡ 'ਚ।'

–ਤਾਈ ਮੈਂ ਦੋ ਤਿੰਨ ਦਿਨ ਈ ਵਿਹਲਾ ਐਂ, ਫੇਰ ਕੰਮ 'ਤੇ ਜਾਇਆ ਕਰਨੈ। ਤੂੰ ਸੰਸਾ ਨਾ ਕਰ, ਜਿੰਨਾ ਮੈਥੋਂ ਹੋ ਸਕਿਆ ਕਰੂੰ।' ਆਖ ਕੇ ਸੱਤੀ ਤਾਈ ਨੂੰ ਹੌਂਸਲਾ ਦੇ ਕੇ ਉਸ ਦੇ ਘਰੋਂ ਨਿਕਲ ਕੇ ਸਰਪੰਚ ਦੇ ਘਰ ਵੱਲ ਤੁਰ ਗਿਆ।

× × ×

ਰੀਜ਼ਰਵ ਕੋਟੇ ਦਾ ਸਰਪੰਚ ਸਾਬਕਾ ਫ਼ੌਜੀ ਸੀ। ਬੋਲਚਾਲ ਤੇ ਰਹਿਣੀ-ਬਹਿਣੀ, ਅਜੇ ਵੀ ਇਸ ਤਰ੍ਹਾਂ ਸੀ, ਜਿਵੇਂ ਹੁਣੇ ਹੁਣੇ ਕਿਸੇ ਕਰਨਲ ਜਾਂ ਜਰਨਲ ਨੂੰ ਸਲਾਮੀ ਦੇਣ ਜਾਣਾ ਹੋਵੇ। ਦਾੜ੍ਹੀ ਪੁੱਠੀ ਚੜ੍ਹਾ ਕੇ ਉਪਰੋਂ ਦੀ ਜਾਲੀ ਬੰਨ੍ਹਦਾ ਸੀ। ਪੱਗ ਵੀ ਪੂਰੀ ਚਿਣ ਕੇ, ਭਾਵੇਂ ਸਾਰੇ ਲੜ 'ਕੱਲੇ 'ਕੱਲੇ ਗਿਣ ਲਓ। ਉਸ ਦੀ ਹਮਕੋ-ਤੁਮਕੋ ਸਾਰੇ ਨਗਰ ਵਿਚ ਮਸ਼ਹੂਰ ਸੀ। ਸਕੂਲ ਦੇ ਸ਼ਰਾਰਤੀ ਮੁੰਡੇ ਕਈ ਵਾਰ ਫ਼ੌਜੀ ਵਾਂਗ ਤੁਰਦੇ ਤੇ ਉਸ ਵਾਂਗ ਫ਼ੌਜੀ ਭਾਸ਼ਾ ਬੋਲਣ ਦਾ ਸਾਂਗ ਕਰਦੇ।

ਜਦੋਂ ਸੱਤੀ ਫ਼ੌਜੀ ਸਰਪੰਚ ਦੇ ਘਰ ਪੁੱਜਾ, ਉਸ ਵੇਲੇ ਸਰਪੰਚ ਬਨੈਣ ਅਤੇ ਹਾਫ-ਪੈਂਟ ਵਿਚ ਸੀ। ਸਿਰ ਦੇ ਜੂੜੇ ਉਪਰ ਚਿੱਟਾ ਰੁਮਾਲ ਲਪੇਟਿਆ ਹੋਇਆ ਸੀ। ਪੱਕਾ ਦਾਖੀ ਰੰਗਾ ਸਰੀਰ ਮੁੜ੍ਹਕੇ ਨਾਲ ਲਿਸ਼ਕਦਾ ਸੀ। ਸ਼ਾਇਦ ਉਹ ਪੱਠੇ ਕੁਤਰ ਕੇ ਹਟਿਆ ਸੀ।

ਸੱਤੀ ਨੂੰ ਵੇਖਦਿਆਂ ਹੀ ਸਰਪੰਚ ਨੇ ਪੁੱਛਿਆ—'ਆ ਬਈ ਜੁਆਨ' ?

ਜਦੋਂ ਸੱਤੀ ਨੇ ਸਰਪੰਚ ਨੂੰ ਸਾਰੀ ਕਥਾ ਸੁਣਾਈ ਤਾਂ ਉਹ ਸੋਚੀਂ ਪੈ ਗਿਆ। ਕੁਝ ਦੇਰ ਬਾਅਦ ਬੋਲਿਆ—'ਏਹ ਤਾਂ ਵੀਰੋ ਕੇ ਸਾਥ ਬੇਇਨਸਾਫ਼ੀ ਹੈ, ਅਨਿਆਂ। ਉਸ ਕੇ ਜੇਠ ਕਾ ਨਾਮ ਜੁਆਲਾ ਸਿੰਘ ਹੈ ਨਾ ?'

–ਹਾਂ, ਸਰਪੰਚ ਸਾਹਬ। ਉਸ ਦੇ ਲੜਕੇ ਵੀ ਨੇ ਦੋ—ਕਰਨੈਲ ਤੇ ਜਰਨੈਲ।' ਸੱਤੀ ਨੇ ਦੱਸਿਆ।

ਸਰਪੰਚ ਹੱਸਿਆ—'ਨਾਮ ਤਾਂ ਬੜੇ ਵੱਡ ਵੱਡੇ ਰੱਖੇ ਨੇ, ਕਰਨਲ ਜਰਨਲ। ਔਰ ਕਾਮ ਇਤਨੇ ਨੀਚ ? ਆਰਮੀ ਮੇਂ ਹੋਤੇ ਤੋ ਫੌਰਨ ਕੋਰਟ ਮਾਰਸ਼ਲ ਹੋ ਜਾਤਾ।'

–ਫ਼ੌਜੀ ਸਾਹਿਬ...ਸੌਰੀ ਸੌਰੀ ਸਰਪੰਚ ਸਾਹਬ, ਵਿਚਾਰੀ ਬੁੱਢੀ ਦੀ ਮਦਦ ਕਰੋ। ਇੰਨਾ ਧੱਕਾ, ਸ਼ਰੀਕਾਂ ਨੇ ਜਿਉਂਦੀ ਮਾਰਤੀ। ਹੁਣ ਅਫ਼ਵਾਹ ਇਹ ਫੈਲਾਈ ਹੋਈ ਹੈ, ਵੀਰੋ ਤਾਂ ਮਰ ਚੁੱਕੀ ਹੈ, ਇਹ ਤਾਂ ਉਸ ਦੀ ਜੁੜਵੀਂ ਭੈਣ ਐਂ, ਤਾਰੋ। ਜਿਹੜੀ ਆਪਣੀ ਭੈਣ ਦੀ ਜ਼ਮੀਨ 'ਤੇ ਕਬਜ਼ਾ ਕਰਨ ਆਈ ਹੈ। ਪਰ ਉਸ ਦੀ ਤਾਂ ਕੋਈ ਜੁੜਵੀਂ ਭੈਣ ਈ ਹੈ ਨੀ।'

–ਨੋ ਵਰੀ ਜੁਆਨ। ਮੈਂ ਦੇਖਤਾ ਹੂੰ। ਅਬ ਜੁਆਲਾ ਸਿੰਘ ਕੋ ਫ਼ੌਜੀ ਕੇ ਹੱਥ ਦਿਖਾਨੇ ਹੈਂ।' ਸਰਪੰਚ ਮੁੱਛਾਂ ਨੂੰ ਤਾਅ ਦੇਣ ਲੱਗਾ।

–ਸਰਪੰਚ ਸਾਹਿਬ, ਠਾਣੇ ਜਾਣਾ ਹੋਇਆ, ਤਹਿਸੀਲਦਾਰ ਕੋਲ ਜਾਣਾ ਹੋਇਆ, ਕੋਰਟ ਕਚਹਿਰੀ ਜਾਣਾ ਹੋਇਆ। ਮੈਂ ਨਾਲ ਚੱਲੂੰ, ਹੋਰਾਂ ਨੂੰ ਵੀ ਤਿਆਰ ਕਰ ਲਵਾਂਗੇ। ਪੰਚਾਇਤ ਮੈਂਬਰ ਵੀ ਨਾਲ ਜਾਣਗੇ। ਇਹ ਤਾਂ

ਸਿੱਧਾ 420 ਦਾ ਕੇਸ ਐ। ਸੁਣਿਐ, 420 ਦੇ ਕੇਸ 'ਚ ਤਾਂ ਛੇਤੀ ਛੇਤੀ ਜ਼ਮਾਨਤ ਵੀ ਨੀ ਹੁੰਦੀ।' ਸਰਪੰਚ ਦਾ ਰੁਖ਼ ਦੇਖ ਕੇ ਸੱਤੀ ਹੌਂਸਲੇ ਵਿਚ ਆ ਗਿਆ।

-ਓ.ਕੇ. ਜੁਆਨ, ਮੈਂ ਅੱਜ ਵੀਰੋ ਕੋ ਮਿਲੂੰਗਾ।'

ਸਰਪੰਚ ਦਾ ਇਸ਼ਾਰਾ ਸਮਝ ਕੇ, ਸੱਤੀ ਫਤੇਹ ਬੁਲਾ ਕੇ ਉੱਠ ਪਿਆ।

×××

ਸੱਤੀ ਅਜੇ ਆਪਣੇ ਘਰ ਨਹੀਂ ਸੀ ਪਹੁੰਚਿਆ। ਉਸ ਨੇ ਆਪਣੇ ਘਰ ਜਾਣ ਤੋਂ ਪਹਿਲਾਂ ਕੌਰੇ ਨੂੰ ਮਿਲਣ ਦਾ ਮਨ ਬਣਾਇਆ, ਉਧਰ ਨੂੰ ਮੁੜ ਪਿਆ। ਸਾਹਮਣੇ ਤੋਂ ਆਉਂਦਾ ਜੁਆਲਾ ਸਿੰਘ ਵੇਖ ਕੇ, ਉਸ ਦੇ ਮਨ ਵਿਚ ਤੁਰੰਤ ਖ਼ਿਆਲ ਆਇਆ—ਇਸ ਨਾਲ ਤਾਈ ਵੀਰੋ ਬਾਰੇ ਗੱਲ ਕਰਾਂ, ਬਈ ਸ਼ਾਬਾਸ਼ੇ ਤੇਰੇ, ਤੂੰ ਤਾਂ ਉਹਨੂੰ ਜਿਊਂਦੀ ਨੂੰ ਹੀ ਮਾਰੀ ਫਿਰਦੈਂ। ਫਿਰ ਸੋਚਿਆ, ਮੌਕਾ ਠੀਕ ਨੀ ਹੈ। ਰਾਹ-ਖਹਿੜੇ ਕਰਨ ਵਾਲੀ ਗੱਲ ਵੀ ਹੈ ਨੀ। ਜਦ ਜੁਆਲਾ ਸਿੰਘ ਬਰਾਬਰ ਆ ਗਿਆ ਤਾਂ ਉਸ ਨੇ ਸੱਤੀ ਨੂੰ ਤਨਜ਼ ਦੇ ਅੰਦਾਜ਼ 'ਚ ਪੁੱਛਿਆ—'ਕਿਵੇਂ ਐਂ ਘੁੱਦੇ ਕਿਆ ? ਕਿਧਰ ਫਿਰਦੈਂ ਪੁੱਠੇ ਪਾਸੇ ?'

ਘੁੱਦਾ ਸਿੰਘ ਸੱਤੀ ਦੇ ਬਾਬੇ ਦਾ ਨਾਮ ਸੀ। ਸੱਤੀ ਨੂੰ ਜੁਆਲਾ ਸਿੰਘ ਦਾ ਇਸ ਤਰ੍ਹਾਂ ਬੋਲਣਾ ਬੁਰਾ ਲੱਗਿਆ। ਝੱਟ ਖ਼ਿਆਲ ਆਇਆ, ਉਹ ਵੀ ਜਵਾਬ 'ਚ ਕਹੇ—'ਠੀਕ ਐ ਕਾਂ ਖਾਣਿਓ...।'

ਜੁਆਲਾ ਸਿੰਘ ਕਾ ਵਡੇਰਾ ਪਰਦੇਸ ਵਿਚ ਕਿਧਰੇ ਰਹਿੰਦਾ ਸੀ ਤੇ ਅਫਵਾਹ ਸੀ, ਉਥੇ ਲੋਕ ਕਾਂ ਮਾਰ ਕੇ ਖਾਂਦੇ ਸਨ। ਪਤਾ ਨਹੀਂ ਸੱਚ ਸੀ ਕਿ ਝੂਠ। ਪਿੱਠ ਪਿੱਛੇ ਜੁਆਲੇ ਦੇ ਟੱਬਰ ਦੀ 'ਕਾਂ-ਖਾਣੇ' ਅੱਲ ਸੀ। ਪਿੰਡ ਦੇ ਲੋਕ ਕਦੇ ਕਦੇ ਮੂੰਹ 'ਤੇ ਵੀ ਕਹਿ ਦਿੰਦੇ ਸਨ। ਸੱਤੀ ਨੇ ਜੁਆਲਾ ਸਿੰਘ ਦੇ...'ਘੁੱਦੇ ਕੇ' ਕਹਿਣ ਦੀ ਹੱਤਕ ਮੰਨੀ। ਉਹ ਉਮਰ 'ਚ ਵੱਡਾ ਸੀ। ਚਾਚਿਆਂ ਦੇ ਥਾਂ ਲੱਗਦਾ ਸੀ। ਸੱਤੀ ਜ਼ਬਤ ਕਰ ਗਿਆ, ਉਸ ਨੇ ਘੁੱਟੇ ਘੁੱਟੇ ਬੋਲਾਂ 'ਚ ਕਿਹਾ—'ਠੀਕ ਹੈ ਚਾਚਾ, ਫ਼ੌਜੀ ਸਰਪੰਚ ਵੱਲ ਗਿਆ ਸੀ।'

-ਸੁੱਖ ਐ ?' ਜੁਆਲਾ ਸਿੰਘ ਨੇ ਪੈਰ ਮੱਲ ਲਏ।

-ਸੁੱਖ ਈ ਐ ਚਾਚਾ। ਦੁਨੀਆ ਦਾ ਬੇੜਾ ਗਰਕ ਹੋਣ ਤੇ ਆ ਗਿਆ। ਮਰਿਆਂ ਨੂੰ ਜਿਉਂਦੇ, ਜਿਉਂਦਿਆਂ ਨੂੰ ਮਰੇ ਬਣਾ ਕੇ ਲੋਕ ਆਪਣਾ ਉੱਲੂ ਸਿੱਧਾ ਕਰੀ ਜਾਂਦੀ ਐ। ਬਣੂ ਕੀ...?'

-ਅੱਛਾ...ਅੱਛਾ...' ਜੁਆਲਾ ਸਿੰਘ ਸਤਰਕ ਹੋ ਗਿਆ, 'ਤੂੰ ਸ਼ੇਰਾ ਕਾਹਨੂੰ ਬਗਾਨੀ ਫੁਲਕਾਰੀ ਥੱਲੇ ਟਕੂਆ ਦਿੰਨੈ ? ਜੋ ਕਰਦੇ ਐ ਕਰੀ ਜਾਣ ਦੇ, ਆਪੇ ਭੁਗਤਣਗੇ। ਤੂੰ ਨਾ ਐਵੇਂ ਕਿਸੇ ਪੰਗੇ 'ਚ ਫਸ ਜੀਂ। ਤੈਨੂੰ ਮੈਂ ਆਪਣਾ ਕਰਕੇ ਸਮਝਾਉਨੈਂ। ਕਈ ਵਾਰੀ ਅਸਲੀ ਮੁੱਦਾ ਪਾਸੇ ਰਹਿ ਜਾਂਦੈ ਤੇ ਪਾਛੂ ਵਲ੍ਹੇਟੇ ਜਾਂਦੇ ਐ। ਫੇਰ ਨਾ ਆਖੀਂ ਖ਼ਬਰਦਾਰ ਨੀ ਕੀਤਾ।' ਤੇ ਉਹ ਖੰਗੂਰਾ ਮਾਰ ਕੇ ਤੁਰ ਗਿਆ।

ਸੱਤੀ ਕੁਝ ਪਲ ਉਵੇਂ ਖੜ੍ਹਾ ਰਿਹਾ। ਸਮਝ ਨਹੀਂ ਸੀ ਆ ਰਹੀ ਜੁਆਲਾ ਸਿੰਘ ਸਮਝਾ ਕੇ ਗਿਆ ਹੈ ਕਿ ਧਮਕੀ ਦੇ ਕੇ ਗਿਆ ਹੈ। ਉਸ ਨੇ ਪਿੱਛੇ ਭਉਂ ਕੇ ਵੇਖਿਆ। ਮੂੰਹ ਵਿਚ ਹੀ ਗਾਲ੍ਹ ਕੱਢੀ ਤੇ ਪਰੇਸ਼ਾਨੀ ਜਿਹੀ ਵਿਚ ਤੁਰ ਪਿਆ।

ਬਹੁਤ ਅੱਗੇ ਜਾ ਕੇ, ਮੋੜ ਮੁੜਨ ਤੋਂ ਪਹਿਲਾਂ ਜੁਆਲਾ ਸਿੰਘ ਨੇ ਵੀ ਪਿੱਛੇ ਮੁੜ ਕੇ ਵੇਖਿਆ। ਸੱਤੀ ਤਾਂ ਕਦੋਂ ਦਾ ਚਲਾ ਗਿਆ ਸੀ। ਉਸ ਨੂੰ ਚਿੰਤਾ ਨੇ ਘੇਰ ਲਿਆ। ਇਹ 'ਘੁੱਦੇ ਕਾ' ਕਿਤੇ ਵੀਰੋ ਬੁੜ੍ਹੀ ਦੀ ਗੱਲ ਤਾਂ ਨੀ ਸੀ ਕਰਦਾ ? ਜਿਉਂਦਿਆਂ ਨੂੰ ਮਰਿਆਂ, ਮਰਿਆਂ ਨੂੰ ਜਿਉਂਦਿਆਂ...ਮੁੰਡਿਆਂ ਨੂੰ ਖ਼ਬਰਦਾਰ ਕਰਨਾ ਪਊ। ਵਿਹਲੀ ਮੜ੍ਹੀਰ ਕੋਈ ਪੰਗਾ ਖੜ੍ਹਾ ਕਰ ਸਕਦੀ ਹੈ। ਹੁਣ ਕਿਸੇ ਲੀਡਰ ਦੀ ਛੱਤਰੀ ਹੇਠ ਜਾਣਾ ਪਊ। ਅਕਾਲੀ ਬਦਨਾਮ ਬਹੁਤੇ ਹੋਏ ਪਏ ਐ, ਕਾਂਗਰਸੀਆਂ 'ਚ ਊਂ ਦਮ ਹੈ ਨੀ। ਨਵਿਆਂ ਦੀਆਂ ਅਜੇ ਜੜ੍ਹਾਂ ਨੀ ਲੱਗੀਆਂ।...ਫੇਰ...? ਕਿਸੇ ਅਫ਼ਸਰ ਦੇ ਗੋਡੀਂ ਲੱਗਾ...? ਪਟਵਾਰੀ ਆਪਣਾ ਈ ਐਂ। ਤਹਿਸੀਲਦਾਰ ਕਾਣਾ ਕੀਤਾ ਈ ਹੋਇਐ। ਪੁਲਸ ਵਾਲਿਆਂ 'ਤੇ ਵੀ ਬਥੇਰੇ 'ਹਸਾਨ ਐਂ। ਛੇਤੀ ਕੀਤੇ ਤਾਂ ਕਾਰਵਾਈ ਕਰਦੇ ਨੀ।...ਵੀਰੋ ਦੇ ਪੇਕੀਂ ਪੰਜ-ਸੱਤ ਬੰਦੇ ਭਰੋਸੇ 'ਚ ਲੈਣੇ ਪੈਣਗੇ। ਹੁਣ ਜਿਹੜਾ ਪੈਰ ਪੁੱਟਿਆ ਗਿਆ, ਪਿੱਛੇ ਤਾਂ ਨੀ ਹੁਣ ਮੁੜਿਆ ਜਾਣਾ। ਜੇ ਪਾਣੀ

> “
> ਰਾਜਨੀਤੀ ’ਚ ਆਉਂਦਿਆਂ ਹੀ ਤਿੰਨਾਂ ਚਾਰਾਂ ਸਾਲਾਂ ’ਚ ਕਰੋੜਾਂ ਪਤੀ ਬਣ ਜਾਂਦੇ ਐ। ਪਤਾ ਨੀ ਕਿਹੜੀ ਗਿੱਦੜ-ਸਿੰਗੀ ਹੱਥ ਆ ਜਾਂਦੀ ਐ ?’
> -ਗਿੱਦੜ ਸਿੰਗੀ ਕਾਹਦੀ ਹੱਥ ਆਉਣੀ ਐ, ਸੱਤੀ। ਰਾਜਨੀਤੀ ਮਾੜੇ ਨੂੰ ਖਾ ਜਾਂਦੀ ਐ, ਤਕੜਾ ਰਾਜਨੀਤੀ ਨੂੰ ਖਾ ਜਾਂਦੈ...।’
> ”

ਮੂਲੋਂ ਈ ਸਿਰ ਉਪਰੋਂ ਦੀ ਲੰਘਦਾ ਦਿਸਿਆ, ਫੇਰ ਵੇਖੀ ਜਾਊ...।’ ਘਰ ਵੜਦਾ ਜੁਆਲਾ ਸਿੰਘ ਅੰਦਰੋਂ ਪੂਰਾ ਡਰਿਆ ਹੋਇਆ ਸੀ।

×××

ਸੱਤੀ ਨੇ ਕੌਰੇ ਨੂੰ ਜਦੋਂ ਜੁਆਲਾ ਸਿੰਘ ਦੀ ਕਰਤੂਤ ਬਾਰੇ ਦੱਸਿਆ, ਉਹ ਹੈਰਾਨ ਰਹਿ ਗਿਆ—‘ਕਮਾਲ ਹੋਗੀ, ਐਡੀ ਚਾਰ ਸੌ ਵੀਹ। ਆਪਾਂ ਨੂੰ ਪਤਾ ਈ ਨੀ ਲੱਗਿਆ। ਪੰਜ ਛੇ ਮਹੀਨੇ ਹੋਗੇ...?’

-ਆਪਾਂ ਨੂੰ ਪਤਾ ਕੀ ਲੱਗਣਾ ਸੀ। ਚਹੁੰ ਮਹੀਨਿਆਂ ਪਿੱਛੋਂ ਤਾਂ ਵੀਰੋ ਤਾਈ ਨੂੰ ਪਤਾ ਲੱਗਿਐ। ਜਦੋਂ ਉਹ ਆਪਣੇ ਪੇਕਿਆਂ ਤੋਂ ਆ ਕੇ ਮਾਮਲੇ ਦੇ ਪੈਸੇ ਮੰਗਣ ਗਈ।’

-ਠੇਕੇ ’ਤੇ ਵਾਹੁਣ ਵਾਲੇ ਨੇ ਪੋਲੇ ਪੈਰੀਂ ਛੱਡਤੀ ਜ਼ਮੀਨ ?’ ਕੌਰੇ ਨੂੰ ਸਾਰੀ ਵਾਰਦਾਤ ’ਤੇ ਯਕੀਨ ਨਹੀਂ ਸੀ ਹੋ ਰਿਹਾ।

-ਕੌਰਿਆ, ਇਕ ਤਾਂ ਜੁਆਲੇ ਕੇ ਬਦਮਾਸ਼ੀ ’ਚ ਪੈਰ ਰੱਖਦੇ ਐ। ਦੂਜੀ ਗੱਲ, ਬੁੜ੍ਹੀ ਪੇਕੀਂ ਸੀ ਤਿੰਨ ਚਾਰ ਮਹੀਨਿਆਂ ਤੋਂ। ਅਗਲੇ ਨੇ ਸੋਚਿਆ ਹੋਣੈ, ਠੇਕੇ ਤੇ ਈ ਵਾਹੁਣੀ ਐਂ, ਕੋਈ ਹੋਰ ਘਰ ਪੁੱਛ ਲਾਂਗੇ, ਜੁਆਲੇ ਕਿਆਂ ਨਾਲ ਕਾਹਨੂੰ ਵੈਰ ਪਾਉਣਾ। ਛੱਡ ਕੇ ਪਾਸੇ ਹੋ ਗਿਆ ਹੋਣੈ।’

-ਸੱਤੀ ਇਕ ਗੱਲ ਐ, ਠੱਗਾਂ, ਚੋਰਾਂ, ਬੇਈਮਾਨਾਂ ਦੇ ਦਿਮਾਗ਼ ਬੜੇ ਤੇਜ਼ ਹੁੰਦੇ ਐ, ਮੰਨਣਾ ਪਊ। ਆਪਾਂ ਤਾਂ ਘੋਗੜ ਹੀ ਐਂ।’ ਆਖ ਕੇ ਕੌਰਾ ਖੁੱਲ੍ਹ ਕੇ ਹੱਸਿਆ।

-ਮੈਨੂੰ ਤਾਂ ਲੱਗਦੈ, ਆਪਾਂ ਘੋਗੜ ਵੀ ਹੈ ਨੀ।’ ਸੱਤੀ ਵੀ ਹੱਸਣ ਲੱਗਾ।

-ਤੂੰ ਤਾਂ ਐਂ ਨਾ ਕਿਹਾ ਕਰ ਸੱਤੀ। ਤੂੰ ਤਾਂ ਕਾਲਜ ’ਚ ਵੀ ਪੜ੍ਹਦਾ ਰਿਹੈਂ।’

-ਕਾਹਦਾ ਕਾਲਜ ’ਚ ਪੜ੍ਹਦਾ ਰਿਹੈਂ, ਕੌਰਿਆ। ਐਵੇਂ ਦੋ-ਤਿੰਨ ਸਾਲ ਖ਼ਰਾਬ ਈ ਕੀਤੇ। ਕਿਸੇ ਕੰਮ ’ਚ ਪਿਆ ਹੁੰਦਾ, ਕਿਸੇ ਵਰਕਸ਼ਾਪ ’ਚ ਹੁੰਦਾ, ਆਪਣੀ ਰੋਟੀ ਦਾ ਜੁਗਾੜ ਕਰਨ ਜੋਗਾ ਤਾਂ ਹੋ ਜਾਂਦਾ। ਨਾਲੇ ਕਾਲਜ ’ਚ ਕਿਹੜਾ ਕੋਈ ਚੰਗਾ ਕੰਮ ਕੀਤਾ। ਨਿਕਲਪੇ ਸਮਾਜ ਬਦਲਣ। ਦੇਖਦਾ ਈ ਐਂ, ਅਨਪੜ੍ਹ ਮੰਤਰੀਆਂ ਅੱਗੇ, ਆਈ.ਏ.ਐੱਸ. ਅਫ਼ਸਰ ਹੱਥ ਜੋੜੀ ਖੜ੍ਹੇ ਹੁੰਦੇ ਐ। ਵਿਹਲੇ ਫਿਰਨ ਨਾਲੋਂ ਤਾਂ ਕਿਸੇ ਪਾਰਟੀ ਦੇ ਲੜ ਈ ਲੱਗਿਆ ਹੁੰਦਾ...।’ ਸੱਤੀ ਬੀਤੇ ਸਮੇਂ ਨੂੰ ਅਜਾਈਂ ਗੁਆਉਣ ’ਤੇ ਝੋਰਾ ਕਰਨ ਲੱਗਾ।

-ਮੈਂ ਲੱਗਿਆ ਈ ਫਿਰਦੈਂ ਪਾਰਟੀਆਂ ਦੇ ਲੜ। ਕਦੇ ਪੰਜੇ ਆਲਿਆਂ ਨਾਲ, ਕਦੇ ਤੱਕੜੀ ਆਲਿਆਂ ਨਾਲ, ਫੇਰ ਚਾਚੇ ਦੀ ਪਾਰਟੀ ਵਾਲਿਆਂ ਦਾ ਲਾਲ ਝੰਡਾ ਵੀ ਚੁੱਕੀ ਫਿਰਦਾ ਰਿਹੈਂ। ਕੁਸ਼ ਬਣਿਆਂ ? ਉਥੇ ਵੀ ਜਾਤ, ਧਰਮ, ਅਮੀਰੀ ਸਭ ਪਰਖ ਕੇ ਥੋਨੂੰ ਨੇੜੇ ਲੱਗਣ ਦਿੰਦੇ ਐ। ਨਹੀਂ ਤਾਂ ਬਹੁਤੇ ਹੀ ਮੇਹਰਬਾਨ ਹੋ ਜਾਣ ਤਾਂ ਰੈਲੀਆਂ ਵੇਲੇ, ਟੈਂਟ ਲਾਉਣ, ਕੁਰਸੀਆਂ ਸਜਾਉਣ ਤੇ ਲੀਡਰਾਂ ਨੂੰ ਚਾਹ-ਪਾਣੀ ਦੀ ਸੇਵਾ ਮਿਲ ਜਾਂਦੀ ਐ...।’

-ਰਾਜਨੀਤੀ ਵੀ ਕਾਰੋਬਾਰ ਬਣਗੀ ਕੌਰਿਆ।’ ਸੱਤੀ ਬੋਲਿਆ—‘ਢੰਗ ਆਉਣਾ ਚਾਹੀਦੈ, ਲੋਕਾਂ ਦਾ ਕਿਰਾਇਆ ਭਾੜਾ ਵਾਹੁੰਦੇ, ਰਾਜਨੀਤੀ ’ਚ ਆਉਂਦਿਆਂ ਹੀ ਤਿੰਨਾਂ ਚਾਰਾਂ ਸਾਲਾਂ ’ਚ ਕਰੋੜਾਂ ਪਤੀ ਬਣ ਜਾਂਦੇ ਐ।

ਪਤਾ ਨੀ ਕਿਹੜੀ ਗਿੱਦੜ-ਸਿੰਗੀ ਹੱਥ ਆ ਜਾਂਦੀ ਐ ?'

-ਗਿੱਦੜ ਸਿੰਗੀ ਕਾਹਦੀ ਹੱਥ ਆਉਣੀ ਐ, ਸੱਤੀ। ਰਾਜਨੀਤੀ ਮਾੜੇ ਨੂੰ ਖਾ ਜਾਂਦੀ ਐ, ਤਕੜਾ ਰਾਜਨੀਤੀ ਨੂੰ ਖਾ ਜਾਂਦੈ...।'

-ਸਹੀ ਹੈ ਤੇਰੀ ਗੱਲ, ਆਹ ਛੋਟੇ-ਮੋਟੇ ਸਥਾਨਕ ਲੀਡਰ ਤਾਂ ਲੋਕ-ਭਲਾਈ ਦੀਆਂ ਗਰਾਂਟਾਂ ਖਾ ਖਾ ਕੇ ਈ ਸ਼ਾਹੂਕਾਰ ਬਣੀ ਜਾਂਦੇ ਐ।' ਆਖ ਕੇ ਸੱਤੀ ਘਰ ਜਾਣ ਲਈ ਉੱਠ ਖੜ੍ਹਾ।

-ਕੀ ਗੱਲ ਉੱਠ ਪਿਆ ? ਮੈਂ ਤਾਂ ਅਜੇ ਚਾਹ ਧਰਨ ਦੀਆਂ ਸਕੀਮਾਂ ਬਣਾਈ ਜਾਂਦਾ ਸੀ, ਨਾਲੇ ਹੁਣ ਬੁੜ੍ਹੀ ਦਾ ਕੀ ਬਣੂ ?' ਕੌਰੇ ਦੇ ਮਨ ਵਿਚ ਸੀ, ਅਜੇ ਭਈਏ ਵੱਲੋਂ ਜ਼ਨਾਨੀ ਲੈ ਕੇ ਆਉਣ ਵਾਲੀ ਤਾਂ ਗੱਲ ਈ ਨੀ ਹੋਈ।

-ਕਿਹੜੀ ਬੁੜ੍ਹੀ ?' ਸੱਤੀ ਹੈਰਾਨ ਹੋਇਆ।

-ਉਹੀ ਯਾਰ, ਕਿਹੜੀ ਐ ਤੇਰੀ ਤਾਈ, ਜਿਹੜੀ ਜੁਆਲਾ ਸਿੰਘ ਜਿਉਂਦੀ ਮਾਰੀ ਫਿਰਦੈ।'

-ਦੇਖਦੇ ਆਂ। ਇਕ ਵਾਰੀ ਤਾਈ ਨੂੰ ਡੀ.ਸੀ. ਸਾਹਮਣੇ ਪੇਸ਼ ਕਰਨਾ ਪੈਣੈ। ਇਹ ਤਾਂ ਨੰਗੀ ਚਿੱਟੀ ਚਾਰ ਸੌ ਵੀਹ ਐ। ਜੁਆਲਾ ਸਿੰਘ ਤੇ ਓਹਦੇ ਮੁੰਡਿਆਂ ਦੀ ਜ਼ਮਾਨਤ ਨੀ ਹੋਣੀ। ਕੌਰਿਆ, ਇਕ ਡਰ ਵੀ ਹੈਗਾ, ਰਾਤ ਬਰਾਤੇ ਆ ਕੇ ਬੁੜ੍ਹੀ ਨੂੰ ਗੱਡੀ ਨਾ ਚਾੜ੍ਹ ਦੇਣ। ਉਸ ਨੂੰ ਕਹੀਏ ਮਹੀਨਾ-ਖੰਡ ਕਿਸੇ ਰਿਸ਼ਤੇਦਾਰੀ ਵਿਚ ਵਗ ਜਾਵੇ, ਕਿਸੇ ਨੂੰ ਭੇਦ ਨਾ ਦੇਵੇ।'

-ਇਕ ਹੋਰ ਵੀ ਤਰੀਕਾ ਹੈਗਾ।' ਕੌਰਾ ਬੋਲਿਆ

ਸੱਤੀ ਹੈਰਾਨੀ ਨਾਲ ਉਸ ਦੇ ਮੂੰਹ ਵੱਲ ਵੇਖਣ ਲੱਗਾ।

-ਇਸ ਤਰ੍ਹਾ ਕਿਉਂ ਵੇਖਦੈਂ ?'

ਸੱਤੀ ਹੱਸਿਆ—'ਮੈਂ ਤਾਂ ਵੇਖਦੈਂ, ਹੁਣ ਤੈਨੂੰ ਵੀ ਤਰੀਕੇ ਸੁੱਝਣ ਲੱਗਪੇ।'

-ਹੱਸਣ ਦੀ ਗੱਲ ਨੀ ਹੈ ਸੱਤੀ', ਕੌਰਾ ਗੰਭੀਰਤਾ ਨਾਲ ਬੋਲਿਆ, 'ਆਪਾਂ ਤੇਰੀ ਤਾਈ ਨੂੰ ਕਹਿੰਨੇ ਐਂ, ਤੂੰ ਕੌਰੇ ਦੇ ਨਾਮ ਮੁਖ਼ਤਿਆਰਨਾਮਾ ਲਿਖ ਦੇ, ਬਈ ਮੇਰੀ ਜ਼ਮੀਨ ਦੀ ਦੇਖਭਾਲ ਇਹ ਕਰੂਗਾ, ਵਾਹੂ ਬੀਜੂਗਾ ਵੀ। ਆਪਣੇ ਕੋਲ ਬੰਦੇ ਹੈਗੇ ਐ। ਪੂਰਾ ਵਿਹੜਾ ਮੇਰੇ ਨਾਲ ਐ। ਇਕ ਵਾਰ ਜੁਆਲੇ ਕੇ ਘਰ ਅੱਗੋਂ ਦੀ ਗੇੜਾ ਦੇਣ ਦੀ ਲੋੜ ਐ, ਸਾਰਾ ਟੱਬਰ ਧੂੰਆਂ ਛੱਡਦਾ ਫਿਰੂਗਾ।'

-ਐਂ ਹੋ ਜੂ ?' ਸੱਤੀ ਨੂੰ ਯਕੀਨ ਕਰਨਾ ਔਖਾ ਲੱਗਿਆ।

-ਹੋਊ ਕਿਵੇਂ ਨੀ। ਮੁਖ਼ਤਿਆਰਨਾਮਾ ਆਪਣੇ ਕੋਲੇ ਹੋਊ। ਬੁੜ੍ਹੀ ਤਕੜੀ ਹੋਣੀ ਚਾਹੀਦੀ ਐ।' ਕੌਰੇ ਨੇ ਪੂਰੀ ਤਸੱਲੀ ਨਾਲ ਹਿੱਕ ਥਾਪੜੀ।

-ਪਹਿਲੀ ਤਕ ਰੁਕ ਜਾ ਫਿਰ। ਮੈਨੂੰ ਸਕਿਊਰਿਟੀ ਵਾਲਿਆਂ ਨੇ ਬੁਲਾਇਐ। ਮੌਲ ਦੇ ਮਾਲਕਾਂ ਨੂੰ ਵੀ ਮਿਲਣੈ। ਡਿਊਟੀ ਦੇ ਟੈਮ ਦਾ ਵੀ ਪਤਾ ਲੱਗ ਜੂ ਪੱਕਾ, ਕਿਹੜੇ ਵੇਲੇ ਜਾਣਾ ਐਂ ਤੇ ਕਿਹੜੇ ਵੇਲੇ ਮੁੜਨਾ ਐਂ। ਜੇ ਠੀਕ ਨਾ ਬੈਠਿਆ ਤਾਂ ਮੈਂ ਵੀ ਤੇਰੇ ਨਾਲ ਸ਼ਹਿਰ ਜਾਇਆ ਕਰੂੰ ਦਿਹਾੜੀ। ਆਟੇ ਦੀ ਚੱਕੀ ਵਾਲਾ ਵੀ ਕਹਿੰਦਾ ਸੀ, ਵਿਹਲਾ ਐਂ ਤਾਂ ਆ ਜਾ। ਪੜ੍ਹੇ-ਲਿਖੇ ਬੰਦੇ ਦੀ ਲੋੜ ਐ। ਬੋਰੀਆਂ 'ਤੇ ਨੰਬਰ ਲਿਖਣੇ ਹੁੰਦੇ ਐ ਤੇ ਫੇਰ ਕਾਪੀ 'ਚ ਦਰਜ ਕਰਨੇ ਹੁੰਦੇ ਐ। ਮੇਰਾ ਮਨ ਨੀ ਮੰਨਿਆ। ਓਥੇ ਤਾਂ ਯਾਰ, ਘੰਟੇ 'ਚ ਬੰਦਾ ਆਟੇ ਦੀ ਧੂੜ ਨਾਲ ਭੂਤ ਬਣ ਜਾਂਦੈ। ਸਾਰੇ ਦਿਨ 'ਚ ਤਾਂ ਪਾਈਆ ਆਟਾ ਸਾਹ ਨਾਲ ਹੀ ਅੰਦਰ ਲੰਘ ਜੂ...।'

ਜਦ ਸੱਤੀ ਕੌਰੇ ਨਾਲ ਗੱਲਾਂ ਕਰ ਰਿਹਾ ਸੀ ਤਾਂ ਕੌਰੇ ਨੇ ਪਿੱਛੇ ਵੇਖਣ ਦਾ ਇਸ਼ਾਰਾ ਕੀਤਾ। ਸੱਤੀ ਨੇ ਪਿਛਾਂਹ ਧੌਣ ਘੁਮਾਈ, ਵੇਖਿਆ ਜੁਆਲਾ ਸਿੰਘ ਨੇ ਖੰਗੂਰਾ ਮਾਰ ਕੇ ਮੁੱਛਾਂ ਨੂੰ ਤਾਅ ਦਿੱਤਾ, ਤੇ ਵੰਗਾਰੀ-ਨਿਗਾਹ ਨਾਲ ਝਾਕਦਾ ਤੁਰ ਗਿਆ।

-ਕੌਰਿਆ, ਮੈਨੂੰ ਲਗਦੈ, ਇਹਨੇ ਮੈਨੂੰ ਵੀਰੋ ਤਾਈ ਦੇ ਘਰੋਂ ਨਿਕਲਦਾ ਵੇਖ ਲਿਆ ਹੋਣੈ। ਮੈਨੂੰ ਇਹਦੇ ਲੱਛਣ ਠੀਕ ਨੀ ਲੱਗਦੇ।'

–ਜੇ ਇਹ ਗੱਲ ਐ ਤਾਂ ਮੈਂ ਹਥਿਆਰ ਮਾਂਜ ਕੇ ਰੱਖਾਂ ?'

–ਅਵੇਸਲਾ ਨਾ ਹੋਈਂ। ਚੁੱਪ ਕੀਤੇ ਕੁੱਤੇ, ਭੌਂਕਣ ਵਾਲਿਆਂ ਨਾਲੋਂ ਵਧੇਰੇ ਖ਼ਤਰਨਾਕ ਹੁੰਦੇ ਐ।' ਕੌਰੇ ਨੇ ਖ਼ਬਰਦਾਰ ਕੀਤਾ।

–ਵੇਖੀ ਜਾਊ ਫਿਰ, ਭੱਜਦਿਆਂ ਨੂੰ ਵਾਹਣ ਇਕੋ ਜੇਹੇ ਹੁੰਦੇ ਐ।' ਆਖ ਕੇ ਸੱਤੀ ਤੁਰ ਚੱਲਿਆ।

–ਮੈਂ ਚੱਲਾਂ ਘਰ ਤੱਕ ਨਾਲ ?' ਕੌਰੇ ਨੇ ਤੁਰਦਿਆਂ ਕਿਹਾ।

–ਨਹੀਂ, ਨਹੀਂ, ਐਨੀ ਨੌਬਤ ਨੀ ਆਉਣੀ।...ਤੂੰ ਭਈਏ ਦਾ ਪਤਾ ਕਰ ਆਇਆ ਐ ਕਿ ਨਹੀਂ ?'

–ਆਥਣੇ ਆਈਂ ਫਿਰ।' ਕੌਰੇ ਨੇ ਤੁਰੇ ਜਾਂਦੇ ਸੱਤੀ ਨੂੰ ਕਿਹਾ। ਉਸ ਨੇ ਹੱਥ ਦੇ ਇਸ਼ਾਰੇ ਨਾਲ ਹਾਮੀ ਭਰੀ।

ਅਜੇ ਸੱਤੀ ਰਾਹ ਵਿਚ ਹੀ ਸੀ, ਸਾਹਮਣੇ ਜੁਆਲਾ ਸਿੰਘ ਦਾ ਮੁੰਡਾ ਕਰਨੈਲ, ਸੁਰਖ ਅੱਖਾਂ ਕਰੀ ਮੇਲ੍ਹਦਾ ਆਉਂਦਾ ਸੀ, ਉਹ ਸੱਤੀ ਨੂੰ ਵੇਖ ਕੇ ਪਾਸੇ ਦੀ ਲੰਘਣ ਦੀ ਬਜਾਏ ਸਾਹਮਣੇ ਭਿੜਨ ਲਈ ਕਿਰਲੇ ਵਾਂਗ ਧੌਣ ਅਕੜਾਉਂਦਾ ਤੁਰਿਆ ਆਇਆ। ਸੱਤੀ ਖੜ੍ਹ ਗਿਆ, ਕਿਤੇ ਵਿਚ ਹੀ ਨਾ ਵੱਜੇ। ਲੱਗਦਾ ਸੀ, ਨਸ਼ਾ ਵਧੇਰੇ ਕੀਤੀ ਹੋਇਆ। ਉਸ ਦੇ ਥਥਲਾਂਦੇ ਬੋਲ ਨਿਕਲੇ...'ਚੱਕ ਦਿਆਂਗੇ ਤੇਲ 'ਚੋਂ ਕੌਡੀ।...ਭੋਰ ਦਿਆਂਗੇ ਸਿੰਗ। ਅਸੀਂ ਤਾਂ ਜਿਉਂਦੇ ਖਪਾ...।' ਉਸ ਕੋਲੋਂ ਗੱਲ ਪੂਰੀ ਨਹੀਂ ਹੋਈ। ਉਸ ਦਾ ਮੂੰਹ ਕੰਧ ਵਿਚ ਵੱਜਾ। ਉਹ ਖੜ੍ਹਾ ਡੈਂਬਰਿਆਂ ਵਾਂਗ ਇਧਰ ਉਧਰ ਵੇਖਣ ਲੱਗਾ। ਲਾਗਲੇ ਘਰਾਂ 'ਚੋਂ ਦੋ ਔਰਤਾਂ ਬਾਹਰ ਨਿਕਲ ਆਈਆਂ। ਕਰਨੈਲ ਆਪਣਾ ਛਿੱਲਿਆ ਨੱਕ ਬਾਰ ਬਾਰ ਹੱਥ ਨਾਲ ਪਲੋਸਣ ਲੱਗਾ ਹੋਇਆ ਸੀ ਤੇ ਇਸ ਤਰ੍ਹਾਂ ਖੜ੍ਹਾ ਝੂਲ ਰਿਹਾ ਸੀ, ਜਿਵੇਂ ਹੁਣੇ ਅਗਲੇ ਪਲ ਡਿੱਗ ਪਏਗਾ।

ਸੱਤੀ ਨੂੰ ਅਜੇ ਵੀ ਖੜ੍ਹਾ ਵੇਖ ਕੇ ਇਕ ਵਡੇਰੀ ਉਮਰ ਵਾਲੀ ਔਰਤ ਨੇ ਕਿਹਾ—'ਵੇ ਸੱਤੀ ਪੁੱਤ, ਇਹਨੂੰ ਘਰੇ ਛੱਡ ਆ, ਰਾਹ 'ਚ ਫੇਰ ਡਿੱਗੂ ਵਿਚਾਰਾ। ਕਿਤੇ ਹੋਰ...।' ਬੋਲ ਅਜੇ ਔਰਤ ਦੇ ਮੂੰਹ ਵਿਚ ਹੀ ਸਨ, ਕਰਨੈਲ ਕੰਧ ਨਾਲ ਘਿਸੜਦਾ ਘਿਸੜਦਾ ਉਥੇ ਹੀ ਡਿੱਗ ਪਿਆ।

–ਚਾਚੀ, ਇਹਨੂੰ ਐਂ ਈ ਪਿਆ ਰਹਿਣ ਦਿਉ। ਬਲਾ ਪਊ ਆਪਣੇ ਗਲ। ਪਤਾ ਨੀ ਕੀ ਖਾਧਾ ਹੋਣੈ। ਇਹਦੇ ਪਿਉ ਦਾ ਪਤਾ ਹੀ ਹੈ ਪਿੰਡ ਵਾਲਿਆਂ ਨੂੰ, ਉਸ ਨੇ ਕਹਿਣੈ, ਮੇਰੇ ਪੁੱਤ ਨੂੰ ਇਨ੍ਹਾਂ ਨੇ ਹੀ ਕੁਸ਼ ਖੁਆਇਆ ਹੋਣੈ। ਮੈਂ ਤਾਂ ਚੱਲਿਐਂ...।' ਆਖ ਦੇ ਸੱਤੀ ਤੁਰ ਗਿਆ।

ਦੂਜੀ ਔਰਤ ਜਿਹੜੀ ਗੱਲਾਂ ਸੁਣਦੀ ਸੀ, ਬੋਲੀ...'ਲੋਹੜਾ ਨੀ, ਕਿੰਨਾ ਲਹੂ ਸਫੈਦ ਹੋ ਗਿਆ ਭਾਈ। ਐਂ ਵੀ ਕੋਈ ਕਰਦਾ ਹੁੰਦੈ।'

ਉਦੋਂ ਨੂੰ ਗਲੀ ਵਿਚ ਇਕ ਤੁਰੇ ਆਉਂਦੇ ਮੁੰਡੇ ਨੂੰ ਪਹਿਲੀ ਔਰਤ ਨੇ ਕਿਹਾ—'ਸ਼ੇਰ ਪੁੱਤ ਬਣ ਕੇ, ਕੈਲੇ ਕੇ ਘਰ ਸੁਨੇਹਾ ਦੇ ਆ, ਆਖੀਂ ਥੋਡਾ ਮੁੰਡਾ ਡਿੱਗਿਆ ਪਿਐ।'

–ਅੰਮਾਂ, ਇਹ ਤਾਂ ਦਿਨ 'ਚ ਕਈ ਵਾਰ ਡਿੱਗਦੈ, ਆਪਾਂ ਨੀ ਜਾਣਾ। ਆਪੇ ਹੋਰ ਬਿੰਦ-ਝੱਟ ਨੂੰ ਉੱਠ ਕੇ ਵਗ ਜੂ ਗਾ।' ਆਖ ਕੇ ਮੁੰਡਾ ਵੀ ਟਿੱਭ ਗਿਆ।

ਕੁਝ ਪਲ ਦੋਵੇਂ ਔਰਤਾਂ ਖੜ੍ਹੀਆਂ ਡਿੱਗੇ ਕਰਨੈਲ ਨੂੰ ਵੇਖਦੀਆਂ ਰਹੀਆਂ, ਫੇਰ ਉਹ ਵੀ ਚਲੀਆਂ ਗਈਆਂ।

ਘਰ ਆ ਕੇ ਸੱਤੀ ਸ਼ਹਿਰ ਜਾਣ ਲਈ ਤਿਆਰ ਹੋਣ ਲੱਗਾ। ਪਰ ਉਸ ਦੇ ਅੰਦਰ ਨਸ਼ੇੜੀ ਕਰਨੈਲ ਵੱਲੋਂ ਆਖੇ ਬੋਲ ਰੜਕ ਰਹੇ ਸਨ ਤੇ ਉਹ ਸੋਚ ਰਿਹਾ ਸੀ, ਜੁਆਲੇ ਕੇ ਘਰ ਵੀ ਇਹ ਗੱਲਾਂ ਹੋਈਆਂ ਹੋਣਗੀਆਂ। ਤਾਂ ਹੀ ਉਹ ਇਸ ਤਰ੍ਹਾਂ ਬੋਲਦਾ ਸੀ। ਹੁਣ ਚੌਕੰਨਾ ਰਹਿਣਾ ਪਊ।



ਵ

ਬਲਦੇਵ ਸਿੰਘ ਸੜਕਨਾਮਾ ਚਰਚਿਤ ਕਥਾਕਾਰ ਹੈ। 'ਲਾਲ ਬੱਤੀ' ਨਾਵਲ ਤੋਂ ਮਸ਼ਹੂਰ ਹੋਇਆ ਇਹ ਗਲਪਕਾਰ ਕਈ ਯਾਦਗਾਰੀ ਰਚਨਾਵਾਂ ਦਾ ਲੇਖਕ ਹੈ। ਹਥਲੀ ਰਚਨਾ ਪੜ੍ਹ ਕੇ ਪਾਠਕ ਖ਼ੁਦ ਹੀ ਅੰਦਾਜ਼ਾ ਲਗਾ ਲੈਣਗੇ ਕਿ ਇਸ ਰਚਨਾ ਵਿਚ ਬਲਦੇਵ ਕਿਨ੍ਹਾਂ ਸਮੱਸਿਆਵਾਂ ਨੂੰ ਸਾਹਮਣੇ ਲਿਆਉਣ ਦੇ ਯਤਨ ਵਿਚ ਹੈ। ਸੰਪਰਕ : ਸੰਪਰਕ : 19/374, ਕ੍ਰਿਸ਼ਨਾ ਨਗਰ, ਮੋਗਾ-142001 ਮੋਬਾ : 98147-83069

# ਨਵੀਂ ਸਿੱਖਿਆ ਨੀਤੀ ਦੇ ਪ੍ਰਸਤਾਵ ਵਿਚ ਭਾਸ਼ਾ ਦਾ ਸਵਾਲ

ਜੋਗਾ ਸਿੰਘ

ਨਵੀਂ ਸਿੱਖਿਆ ਨੀਤੀ (2019) ਬਾਰੇ ਕਸਤੂਰੀਰੰਗਨ ਕਮੇਟੀ ਦੇ ਪ੍ਰਸਤਾਵ ਵਿਚ ਭਾਸ਼ਾ ਬਾਰੇ ਇਹ ਸੁਝਾਅ ਦਰਜ ਹਨ : 1. ਬਾਲ ਤਿੰਨ ਸਾਲ ਦੀ ਉਮਰ ਤੋਂ ਸਕੂਲ ਜਾਵੇਗਾ ਤੇ ਪਹਿਲੇ ਦਿਨ ਤੋਂ ਤਿੰਨ ਭਾਸ਼ੀ ਮੰਤਰ (ਸੂਤਰ) ਦੇ ਆਧਾਰ ’ਤੇ ਤਿੰਨ ਭਾਸ਼ਾਵਾਂ ਪੜ੍ਹੇਗਾ। 2. ਹਿੰਦੀ ਖੇਤਰ ਲਈ ਇਹ ਤਿੰਨ ਭਾਸ਼ਾਵਾਂ ਹੋਣਗੀਆਂ—ਹਿੰਦੀ, ਅੰਗਰੇਜ਼ੀ ਤੇ 8ਵੀਂ ਸੂਚੀ ਵਿਚੋਂ ਕੋਈ ਆਧੁਨਿਕ ਭਾਰਤੀ ਭਾਸ਼ਾ; ਸੰਸਕ੍ਰਿਤ ਨੂੰ ਵੀ ‘ਮਹੱਤਵਪੂਰਨ ਆਧੁਨਿਕ ਭਾਸ਼ਾ’ ਦਾ ਦਰਜਾ ਦਿੱਤਾ ਗਿਆ ਹੈ। 3. ਗ਼ੈਰ-ਹਿੰਦੀ ਖੇਤਰ ਲਈ ਇਹ ਤਿੰਨ ਭਾਸ਼ਾਵਾਂ ਮੂਲ ਪ੍ਰਸਤਾਵ ਵਿਚ ਮਾਤ ਭਾਸ਼ਾ, ਹਿੰਦੀ ਤੇ ਅੰਗਰੇਜ਼ੀ ਦਰਜ ਸਨ ਪਰ ਤਾਮਿਲਨਾਡੂ ਤੇ ਹੋਰ ਹਲਕਿਆਂ ਦੇ ਵਿਰੋਧ ਤੋਂ ਬਾਅਦ ਬਦਲ ਕੇ ਪੁਰਾਣਾ ਤਿੰਨ ਭਾਸ਼ਾ ਮੰਤਰ ਕਰ ਦਿੱਤਾ ਗਿਆ ਹੈ। 4. ਜਿਥੇ ਵੀ ਸੰਭਵ ਹੋਵੇ ਪੰਜਵੀਂ ਜਮਾਤ ਤਕ (ਚੰਗਾ ਹੋਵੇ ਕਿ ਅੱਠਵੀਂ ਤਕ) ਸਿੱਖਿਆ ਦਾ ਮਾਧਿਅਮ ਪਰਿਵਾਰਕ ਭਾਸ਼ਾ/ਮਾਤ ਭਾਸ਼ਾ/ਸਥਾਨਕ ਭਾਸ਼ਾ ਹੋਵੇਗੀ; ਜਿਹੜੇ ਵਿਦਿਆਰਥੀਆਂ ਦੀ ਸਿੱਖਿਆ ਦਾ ਮਾਧਿਅਮ ਮਾਤ ਭਾਸ਼ਾ ਹੋਵੇਗੀ ਉਹ ਅੱਠਵੀਂ ਤੋਂ ਜਾਂ ਇਸ ਤੋਂ ਪਹਿਲਾਂ ਵਿਗਿਆਨ ਮਾਤ ਭਾਸ਼ਾ ਤੇ ਅੰਗਰੇਜ਼ੀ ਦੋ ਭਾਸ਼ਾਵਾਂ ਵਿਚ ਪੜ੍ਹਨਗੇ। 5. ਜਿਹੜੇ ਵਿਦਿਆਰਥੀ ਤਿੰਨਾਂ ’ਚੋਂ ਕੋਈ ਭਾਸ਼ਾ ਬਦਲਣਾ ਚਾਹੁੰਦੇ ਹਨ ਉਹ ਛੇਵੀਂ ਜਮਾਤ ਤੋਂ ਬਦਲ ਸਕਦੇ ਹਨ, ਬਸ਼ਰਤੇ ਕਿ ਛੱਡੀ ਜਾਣ ਵਾਲੀ ਭਾਸ਼ਾ ਵਿਚ ਉਨ੍ਹਾਂ ਤਸੱਲੀਬਖ਼ਸ਼ ਮੁਹਾਰਤ ਹਾਸਲ ਕਰ ਲਈ ਹੋਵੇ; ਪਰ ਇਸ ਬਦਲਾਅ ਲਈ ਉਪਰਲੀਆਂ (2) ਤੇ (3) ਸ਼ਰਤਾਂ ਲਾਗੂ ਰਹਿਣਗੀਆਂ। 6. ਦੇਸ ਦਾ ਹਰੇਕ ਬਾਲ ਛੇਵੀਂ ਤੋਂ ਅੱਠਵੀਂ ਵਿਚਕਾਰ ਭਾਰਤੀ ਭਾਸ਼ਾਵਾਂ ਬਾਰੇ ਇਕ ਮਸਤੀ (ਫਨ) ਕੋਰਸ ਕਰੇਗਾ; ਇਸ ਮਸਤੀ ਕੋਰਸ ਵਿਚ ‘ਭਾਰਤੀ ਭਾਸ਼ਾਵਾਂ ਵਿਚਲੀ ਵਿਲੱਖਣ ਏਕਤਾ’ ਬਾਰੇ ਪੜ੍ਹਾਇਆ ਜਾਵੇਗਾ। 7. ਹਰੇਕ ਵਿਦਿਆਰਥੀ ਛੇਵੀਂ ਤੋਂ ਅੱਠਵੀਂ ਵਿਚਕਾਰ ਕਿਸੇ ਇਕ ਭਾਰਤੀ ਸਨਾਤਨੀ ਭਾਸ਼ਾ ’ਤੇ ਦੋ-ਸਾਲਾ ਕੋਰਸ ਕਰੇਗਾ। 8. ਛੇਵੀਂ ਤੋਂ ਅੱਠਵੀਂ ਵਿਚਕਾਰ ਵਿਦਿਆਰਥੀ ਕੋਈ ਵਿਦੇਸ਼ੀ ਭਾਸ਼ਾ ਚੋਣਵੇਂ ਵਿਸ਼ੇ ਵਜੋਂ ਲੈ ਸਕੇਗਾ ਤੇ ਜਿਹੜਾ ਵਿਸ਼ਾ ਉਹ ਅੱਗੇ ਵੀ ਲੈ ਜਾ ਸਕੇਗਾ। 9. ਵਿਗਿਆਨਕ ਤੇ ਤਕਨੀਕੀ ਸ਼ਬਦਾਵਲੀ ਆਯੋਗ ਅਤੇ ਖੇਤਰੀ ਸ਼ਾਖਾਵਾਂ ਵਿਦਵਾਨਾਂ ਤੇ ਮਾਹਿਰਾਂ ਨਾਲ ਤਕਨੀਕੀ ਸ਼ਬਦਾਵਲੀ ਦੀ ਘਾੜਤ ਤੇ ਟਕਸਾਲੀਕਰਣ ਲਈ ਤਾਲਮੇਲ ਕਰਨਗੀਆਂ; ਹਿੰਦੀ ਤੇ ਸੰਸਕ੍ਰਿਤ ਲਈ ਇਹ ਕੰਮ ਰਾਜ ਸਰਕਾਰ ਨਾਲ ਤਾਲਮੇਲ ਨਾਲ ਕੇਂਦਰ ਪੱਧਰ ’ਤੇ ਹੋਵੇਗਾ ਤੇ ਬਾਕੀ ਭਾਸ਼ਾਵਾਂ ਲਈ ਰਾਜ ਪੱਧਰ ’ਤੇ; ਵੱਖ-ਵੱਖ ਭਾਸ਼ਾਵਾਂ ਵਿਚਕਾਰ ਵੱਧ ਤੋਂ ਵੱਧ ਸਾਂਝੀ ਤਕਨੀਕੀ ਸ਼ਬਦਾਵਲੀ ਨੂੰ ਯਕੀਨੀ ਬਣਾਉਣ ਲਈ ਕੇਂਦਰ ਤੇ ਰਾਜ ਸਰਕਾਰਾਂ ਵਿਚਕਾਰ ਢੁਕਵਾਂ ਤਾਲਮੇਲ ਹੋਵੇਗਾ।

ਉਤਲੇ ਸੁਝਾਵਾਂ ਲਈ ਇਸ ਤਰ੍ਹਾਂ ਦੀਆਂ ਸਿਧਾਂਤਕ ਦਲੀਲਾਂ ਦਿੱਤੀਆਂ ਗਈਆਂ ਹਨ : 1. ਭਾਸ਼ਾ ਦੇ ਮੁੱਦੇ ਸਿੱਖਿਆ ਦੇ ਸਭ ਤੋਂ ਮੂਲ ਮੁੱਦੇ ਹਨ...ਤੇ ਮਾਧਿਅਮ ਦੇ ਤੌਰ ’ਤੇ ਬਾਲ ਆਪਣੀ ‘ਸਥਾਨਕ ਭਾਸ਼ਾ’ ਵਿਚ ਸਭ ਤੋਂ ਬਿਹਤਰ ਸਿੱਖਦੇ ਹਨ (ਸਥਾਨਕ ਭਾਸ਼ਾ ਤੋਂ ਭਾਵ ਹੈ ਪਰਿਵਾਰ ਵਿਚ ਬੋਲੀ ਜਾਣ ਵਾਲੀ ਭਾਸ਼ਾ) (ਪੰਨਾ 79)। 2. ਵਿਦਿਆਲਿਆਂ ਅਤੇ ਸਮਾਜ ਵਿਚ ਅੰਗਰੇਜ਼ੀ ਦੀ ਸਿੱਖਿਆ ਦੇ ਮਾਧਿਅਮ ਵਜੋਂ ਤੇ ਗੱਲਬਾਤ ਦੇ ਮਾਧਿਅਮ ਵਜੋਂ ਵਰਤੋਂ ਦਾ ਮੰਦਭਾਗਾ ਰੁਝਾਨ ਹੈ ਤੇ ਇਸ ਦਾ ਕਾਰਨ ਇਹ ਹੈ ਕਿ ਆਜ਼ਾਦੀ ਦੇ ਸਮੇਂ ਤੋਂ ਹੀ ਆਰਥਿਕ ਤੌਰ ’ਤੇ ਸ੍ਰੇਸ਼ਠ ਭਾਰਤੀ ਵਰਗ ਨੇ ਅੰਗਰੇਜ਼ੀ ਨੂੰ ਆਪਣੀ ਭਾਸ਼ਾ ਵਜੋਂ ਅਪਣਾਇਆ ਹੋਇਆ ਹੈ (ਪੰਨਾ 82)। 3. ‘ਵੱਡੀ ਗਿਣਤੀ ਵਿਚ ਵਿਦਿਆਰਥੀ ਪੜ੍ਹਾਈ ਸਿੱਖਣਾ ਸ਼ੁਰੂ ਕਰਨ ਤੋਂ ਵੀ ਪਹਿਲਾਂ ਇਸ ਕਰਕੇ ਪਿੱਛੇ ਰਹਿ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਅਜਿਹੀ ਭਾਸ਼ਾ ਵਿਚ ਪੜ੍ਹਾਇਆ ਜਾਂਦਾ ਹੈ ਜਿਹੜੀ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ’ (ਪੰਨਾ 80)। 4. ਦੋ ਤੋਂ ਅੱਠ ਸਾਲ ਦੀ ਉਮਰ ਵੇਲੇ ਬੱਚਿਆਂ ਵਿਚ ਇਕੋ ਵੇਲੇ ਕਈ ਭਾਸ਼ਾਵਾਂ ਸਿੱਖਣ ਦੀ ਬਹੁਤ ਹੀ ਲਚਕਦਾਰ ਸਮਰੱਥਾ ਹੁੰਦੀ ਹੈ ਜਿਸ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ (ਪੰਨਾ 79)। 5. ਅੰਗਰੇਜ਼ੀ ਭਾਸ਼ਾ ਅੰਤਰਰਾਸ਼ਟਰੀ ਗਿਆਨ ਵਿਗਿਆਨ ਦਾ ਵੱਡਾ ਸਰੋਤ ਹੈ। 6. ਭਾਰਤੀ ਭਾਸ਼ਾਵਾਂ ਸਿੱਖਣ ਦੀ ਲੋੜ ਲਈ ਪ੍ਰਚਲਤ ਧਾਰਣਾਵਾਂ ਹੀ ਨੇ, ਜਿਵੇਂ ਕਿ ਭਾਰਤ ਦੇ ਲੋਕਾਂ ਵਿਚਕਾਰ ਸੰਪਰਕ; ਇਸ ਸੰਪਰਕ ਲਈ ਸਾਂਝੀ ਭਾਸ਼ਾ ਹਿੰਦੀ; ਸੰਸਕ੍ਰਿਤ ਭਾਸ਼ਾ ਭਾਰਤੀ ਭਾਸ਼ਾਵਾਂ ਦਾ ਆਧਾਰ

ਹੋਣਾ; ਤੇ ਸੰਸਕ੍ਰਿਤ ਭਾਸ਼ਾ ਵਿਚ ਅਥਾਹ ਗਿਆਨ ਹੋਣਾ; ਇਸ ਸੰਬੰਧੀ ਕੁਝ ਜ਼ਿਕਰ ਹੋਰ ਭਾਰਤੀ ਸਨਾਤਨੀ ਭਾਸ਼ਾਵਾਂ ਦਾ ਵੀ ਕੀਤਾ ਗਿਆ ਹੈ।

ਇਸ ਪ੍ਰਸਤਾਵ ਦੇ ਮੁਲੰਕਣ ਦੇ ਦੋ ਆਧਾਰ ਹੋ ਸਕਦੇ ਨੇ; ਇਕ ਇਹ ਕਿ ਦੁਨੀਆ ਭਰ ਦਾ ਸਫ਼ਲ ਵਿਹਾਰ ਕੀ ਹੈ; ਤੇ ਦੂਜੇ ਇਹ ਕਿ ਕੀ ਇਨ੍ਹਾਂ ਸਾਰੀਆਂ ਧਾਰਣਾਵਾਂ ਬਾਰੇ ਕੋਈ ਪੜਤਾਲ ਹੋਈ ਹੈ ਜਾਂ ਕੀਤੀ ਗਈ ਹੈ ਤੇ ਉਸ ਪੜਤਾਲ ਦੇ ਸਿੱਟੇ ਕੀ ਹਨ। ਆਓ ਭਾਸ਼ਾ ਦੀ ਪੜ੍ਹਾਈ ਦੇ ਸੰਬੰਧ ਵਿਚ ਸਫ਼ਲ ਕਹੀ ਜਾਂਦੀ ਦੁਨੀਆ ਦੇ ਕੁਝ ਦੇਸਾਂ ਦੇ ਵਿਹਾਰ ’ਤੇ ਨਮੂਨੇ ਵਜੋਂ ਝਾਤੀ ਮਾਰਦੇ ਹਾਂ।

ਅਮਰੀਕਾ ਵਿਚ ਭਾਸ਼ਾ ਨੀਤੀ ਬਾਰੇ ਕੋਈ ਰਾਸ਼ਟਰੀ ਦਿਸ਼ਾ-ਨਿਰਦੇਸ਼ ਨਹੀਂ ਹਨ। ਬਹੁਤ ਸਾਰੇ ਰਾਜਾਂ ਵਿਚ ਮੁੱਢਲੀ (ਪ੍ਰਾਇਮਰੀ), ਮੱਧਲੀ (ਮਿਡਲ), ਉੱਚ (ਸੈਕੰਡਰੀ) ਜਾਂ ਉਚੇਰੀ (ਹਾਈ) ਪੱਧਰ ਦੀ ਸਿੱਖਿਆ ਲਈ ਜ਼ਿਲ੍ਹਾ ਪ੍ਰਸ਼ਾਸਨ ਆਪਣੀਆਂ ਭਾਸ਼ਾਈ ਲੋੜਾਂ ਅਨੁਸਾਰ ਭਾਸ਼ਾਈ ਦੀ ਪੜ੍ਹਾਈ ਤੈਅ ਕਰ ਸਕਦਾ ਹੈ। ਕਈ ਥਾਵਾਂ ’ਤੇ ਭਾਸ਼ਾ ਦੇ ਕੋਰਸ ਦੀ ਥਾਂ ਹੋਰ ਵਿਸ਼ਾ ਲੈ ਕੇ ਯੋਗਤਾ ਪੂਰੀ ਕੀਤੀ ਜਾ ਸਕਦੀ ਹੈ। ਮਿਸਾਲ ਲਈ, ਕੈਲੀਫੋਰਨੀਆ ਵਿਚ ਹਾਈ ਸਕੂਲ ਦਾ ਕੋਈ ਵਿਦਿਆਰਥੀ ਵਿਦੇਸ਼ੀ ਭਾਸ਼ਾ ਦੀ ਥਾਂ ਕੋਈ ਹੋਰ ਵਿਸ਼ਾ ਲੈ ਸਕਦਾ ਹੈ। ਓਕਲਹੋਮਾ ਵਿਚ ਕਾਲਜ ਵਿਚ ਦਾਖਲੇ ਲਈ ਕੰਪਿਊਟਰ ਤਕਨਾਲੋਜੀ ਜਾਂ ਵਿਦੇਸ਼ੀ ਭਾਸ਼ਾ ਦਾ ਕੋਰਸ ਇਕ ਦੀ ਥਾਂ ਦੋ ਸਾਲਾਂ ਲਈ ਕੀਤੇ ਹੋਏ ਦੀ ਸ਼ਰਤ ਹੈ। ਨਿਊ ਜਰਸੀ ਵਿਚ ਹਾਈ ਸਕੂਲ ਪਾਸ ਕਰਨ ਲਈ ਵਿਦੇਸ਼ੀ ਭਾਸ਼ਾਵਾਂ ਵਿਚ ਪੰਜ ਅੰਕ (ਕਰੈਡਿਟ) ਜਾਂ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿਚ ਮੁਹਾਰਤ ਜ਼ਰੂਰੀ ਹੈ।

ਯੂਰਪ ਵਿਚ ਦੋ ਵਿਦੇਸ਼ੀ ਭਾਸ਼ਾਵਾਂ ਪੜ੍ਹਨ ਦੀ ਵਿਵਸਥਾ ਹੈ। ਬਹੁਤੇ ਯੂਰਪੀ ਦੇਸਾਂ ਵਿਚ ਪਹਿਲੀ ਵਿਦੇਸ਼ੀ ਭਾਸ਼ਾ ਦੀ ਪੜ੍ਹਾਈ 6 ਤੋਂ 9 ਸਾਲ ਦੀ ਉਮਰ ਵਿਚ ਸ਼ੁਰੂ ਹੁੰਦੀ ਹੈ। ਪਰ ਇਹ ਵੀ ਵੱਖ-ਵੱਖ ਦੇਸਾਂ ਵਿਚ ਵੱਖ-ਵੱਖ ਹੈ। ਕਈ ਵਾਰ ਤਾਂ ਇਕ ਦੇਸ ਵਿਚ ਹੀ ਵਿਵਸਥਾ ਵੱਖ-ਵੱਖ ਹੈ। ਮਿਸਾਲ ਲਈ, ਬੈਲਜੀਅਮ ਵਿਚ ਜਰਮਨ ਭਾਸ਼ੀ ਪਹਿਲੀ ਵਿਦੇਸ਼ੀ ਭਾਸ਼ਾ 3 ਸਾਲ ਤੋਂ ਹੀ ਪੜ੍ਹਨੀ ਸ਼ੁਰੂ ਕਰ ਦੇਂਦੇ ਨੇ ਤੇ ਦੂਜੀ 13 ਸਾਲ ਤੋਂ। ਇਸ ਦੀ ਤੁਲਨਾ ਵਿਚ ਫਲੈਮਿਸ਼ ਭਾਸ਼ੀ ਪਹਿਲੀ ਵਿਦੇਸ਼ੀ ਭਾਸ਼ਾ 10 ਸਾਲ ਤੋਂ ਪੜ੍ਹਨੀ ਸ਼ੁਰੂ ਕਰਦੇ ਹਨ ਤੇ ਦੂਜੀ 12 ਤੋਂ। ਬੈਲਜੀਅਮ ਦੇ ਫਰਾਂਸੀਸੀ ਭਾਸ਼ੀ ਪਹਿਲੀ ਵਿਦੇਸ਼ੀ ਭਾਸ਼ਾ 8 ਜਾਂ 10 ਸਾਲ ਤੋਂ ਸ਼ੁਰੂ ਕਰਦੇ ਨੇ ਤੇ ਦੂਜੀ ਪੜ੍ਹਨੀ ਜ਼ਰੂਰੀ ਨਹੀਂ ਹੈ। ਫਿਨਲੈਂਡ ਵਿਚ ਵਿਦੇਸ਼ੀ ਭਾਸ਼ਾ 7 ਤੋਂ 9 ਸਾਲ ਦੇ ਦਰਮਿਆਨ ਸ਼ੁਰੂ ਕਰਨੀ ਹੁੰਦੀ ਹੈ ਤੇ ਸਵੀਡਨ ਵਿਚ 7 ਤੋਂ 10 ਦਰਮਿਆਨ। ਬਰਤਾਨੀਆਂ ਦੇ ਕੁਝ ਖੇਤਰਾਂ ਵਿਚ 11 ਸਾਲ ਦੀ ਉਮਰ ਤੋਂ ਸ਼ੁਰੂ ਕੀਤਾ ਜਾਂਦਾ ਹੈ। ਯੂਰਪ ਦੇ ਬਹੁਤੇ ਦੇਸਾਂ ਵਿਚ ਦੂਜੀ ਵਿਦੇਸ਼ੀ ਭਾਸ਼ਾ ਬਸ ਇਕ ਸਾਲ ਲਈ ਪੜ੍ਹਨੀ ਜ਼ਰੂਰੀ ਹੈ। ਆਇਰਲੈਂਡ ਵਿਚ ਭਾਵੇਂ ਵਿਦਿਆਰਥੀ ਅੰਗਰੇਜ਼ੀ ਤੇ ਗੈਲਿਕ ਪੜ੍ਹਦੇ ਨੇ ਪਰ ਕੋਈ ਵਿਦੇਸ਼ੀ ਭਾਸ਼ਾ ਪੜ੍ਹਨੀ ਜ਼ਰੂਰੀ ਨਹੀਂ ਹੈ। ਇਥੇ ਜ਼ਿਕਰਯੋਗ ਹੈ ਕਿ ਮਾਤ ਭਾਸ਼ਾ ਨੂੰ ਛੱਡ ਕੇ ਹਰ ਭਾਸ਼ਾ ਵਿਦੇਸ਼ੀ ਭਾਸ਼ਾ ਹੈ ਭਾਵੇਂ ਉਹ ਦੇਸ ਵਿਚ ਕਿਧਰੇ ਬੋਲੀ ਵੀ ਜਾਂਦੀ ਹੋਵੇ। (ਉਪਰਲੇ ਅੰਕੜੇ ਪਿਊ ਰਿਸਰਚ ਤੋਂ ਧੰਨਵਾਦ ਸਹਿਤ)। ਇਥੇ ਇਕ ਹੋਰ ਅੰਕੜਾ ਚਾਨਣ ਭਰਿਆ ਹੈ। ਅੰਗਰੇਜ਼ੀ ਦੀ ਵਿਦੇਸ਼ੀ ਭਾਸ਼ਾ ਵਜੋਂ ਮੁਹਾਰਤ ਵਿਚ ਸਵੀਡਨ ਦਾ ਦਰਜਾ ਪਹਿਲਾ ਤੇ ਫਿਨਲੈਂਡ ਦਾ ਸੱਤਵਾਂ ਹੈ ਪਰ ਭਾਰਤ ਦਾ ਅਠਾਈਵਾਂ। ਜਿਉਂ-ਜਿਉਂ ਭਾਰਤ ਵਿਚ ਅੰਗਰੇਜ਼ੀ ਮਾਧਿਅਮ ਦੀ ਪੜ੍ਹਾਈ ਵਧ ਰਹੀ ਹੈ, ਇਹ ਦਰਜਾ ਹੇਠਾਂ ਆਈ ਜਾਂਦੀ ਹੈ। 2013 ਵਿਚ ਇਹ ਦਰਜਾ 21ਵਾਂ ਸੀ ਜੋ ਹੁਣ 28ਵਾਂ ਹੋ ਗਿਆ ਹੈ।

ਚੀਨ ਵਿਚ ਅੰਗਰੇਜ਼ੀ ਭਾਸ਼ਾ ਦੀ ਪੜ੍ਹਾਈ ਤੀਜੀ ਜਮਾਤ ਤੋਂ ਪੜ੍ਹਾਉਣ ਦੀ ਵਿਵਸਥਾ ਹੈ। ਪਰ ਸਥਾਨਕ ਸਕੂਲ ਇਹ ਫ਼ੈਸਲਾ ਕਰ ਸਕਦਾ ਹੈ ਕਿ ਕਦੋਂ ਪੜ੍ਹਾਉਣੀ ਸ਼ੁਰੂ ਕਰਨੀ ਹੈ। ਮਿਡਲ ਸਕੂਲ ਵਿਚ ਅੰਗਰੇਜ਼ੀ ਮੁੱਖ ਵਿਸ਼ੇ ਵਜੋਂ ਪੜ੍ਹਾਈ ਜਾਂਦੀ ਹੈ ਜਿਥੇ ਅੰਗਰੇਜ਼ੀ ਤੀਜੀ ਤੋਂ ਪੜ੍ਹਾਈ ਜਾਂਦੀ ਹੈ। ਉਥੇ ਹਫ਼ਤੇ ਵਿਚ ਤਿੰਨ ਦਿਨ 40-40 ਮਿੰਟ ਦੀ ਜਮਾਤ ਹੁੰਦੀ ਹੈ। ਇਸ ਦੇ ਮੁਕਾਬਲੇ ਚੀਨੀ ਭਾਸ਼ਾ ਦੀਆਂ ਪਹਿਲੀ ਤੇ ਦੂਜੀ ਵਿਚ ਹਫ਼ਤੇ ਵਿਚ ਨੌਂ ਜਮਾਤਾਂ ਤੇ ਤੀਜੀ ਵਿਚ ਸੱਤ ਜਮਾਤਾਂ ਹੁੰਦੀਆਂ ਹਨ। ਤੀਜੀ ਤੋਂ ਨੌਵੀਂ ਤਕ ਚੀਨੀ ਤੇ ਗਣਿਤ ਮੁੱਖ ਵਿਸ਼ੇ ਹਨ ਪਰ ਵਿਗਿਆਨ, ਅੰਗਰੇਜ਼ੀ ਤੇ ਸੰਗੀਤ ਆਦਿ ਗੌਣ, ਪਹਿਲੀ ਤੋਂ ਛੇਵੀਂ ਜਮਾਤ ਵਿਚ ਸਾਰੇ ਵਿਸ਼ਿਆਂ ਦੀਆਂ ਮਿਲਾ ਕੇ ਹਫ਼ਤੇ ਵਿਚ ਕੁਲ 14 ਜਮਾਤਾਂ ਹੁੰਦੀਆਂ ਹਨ, ਯਾਨਿ ਕਿ ਕੁੱਲ ਨੌਂ ਘੰਟੇ ਤੇ ਵੀਹ ਮਿੰਟ ਦੀ ਪੜ੍ਹਾਈ। ਪਰ ਫਿਰ ਵੀ ਚੀਨ ਦੇ ਸਕੂਲਾਂ ਦਾ ਦੁਨੀਆਂ ਵਿਚ 10ਵਾਂ ਦਰਜਾ ਹੈ। ਸਾਡਾ 2009 ਵਿਚ 74 ’ਚੋਂ 73 ਆਇਆ ਸੀ ਤੇ ਉਸ ਤੋਂ ਬਾਅਦ ਸਰਕਾਰ ਨੇ ਮੁਲੰਕਣ ਕਰਨ ਵਾਲਿਆਂ ਨੂੰ ਆਤੰਕਵਾਦੀਆਂ ਦੇ ਬਰਾਬਰ ਦਾ ਦਰਜਾ ਦਿੱਤਾ ਹੋਇਆ ਹੈ, ਮਤਲਬ ਕਿ ਦੇਸ ਵਿਚ ਉਹ ਵੜ ਵੀ ਨਹੀਂ ਸਕਦੇ।

ਜੇ ਭਾਰਤ ਦੀ ਨਵੀਂ ਵਿਦਿਆ ਨੀਤੀ ਦੇ ਪ੍ਰਸਤਾਵ ਵਿਚਲੇ ਸੁਝਾਵਾਂ ਨੂੰ ਵੇਖੀਏ ਤਾਂ ਸਾਫ਼ ਪਤਾ ਲੱਗ ਜਾਂਦਾ ਹੈ ਕਿ

ਦੂਜੀ ਦੁਨੀਆ ਦਾ ਜਾ ਕੇ ਹਾਲ ਵੇਖਣਾ ਤਾਂ ਦੂਰ ਦੀ ਗੱਲ, ਸੰਬੰਧਿਤ ਕਮੇਟੀ ਨੇ ਅੰਗਰੇਜ਼ੀ ਭਾਸ਼ਾ ਦੀ ਪੜ੍ਹਾਈ ਦੇ ਸੰਬੰਧ ਵਿਚ ਮੋਹਰੀ ਅੰਤਰਰਾਸ਼ਟਰੀ ਸੰਸਥਾ ਬ੍ਰਿਟਿਸ਼ ਕੌਂਸਲ ਦੀਆਂ ਬਿਲਕੁਲ ਨਵੀਆਂ ਪ੍ਰਕਾਸ਼ਨਾ 'ਤੇ ਵੀ ਝਾਤੀ ਨਹੀਂ ਮਾਰੀ ਤੇ ਕਿਸੇ ਰੂਪ ਵਿਚ ਰਾਇ ਵੀ ਨਹੀਂ ਲਈ (ਬ੍ਰਿਟਿਸ਼ ਕੌਂਸਲ ਦੇ ਦਫ਼ਤਰ ਦਿੱਲੀ ਸਮੇਤ ਭਾਰਤ ਦੇ ਲਗਭਗ ਹਰ ਰਾਜ ਦੀ ਰਾਜਧਾਨੀ ਵਿਚ ਨੇ)। ਬ੍ਰਿਟਿਸ਼ ਕੌਂਸਲ ਦੀ ਕਿਤਾਬ ('ਇੰਗਲਿਸ਼ ਲੈਂਗੁਏਜ਼ ਐਂਡ ਮੀਡੀਅਮ ਆਫ਼ ਇਨਸਟਰਕਸ਼ਨ ਇਨ ਬੇਸਿਕ ਐਜੂਕੇਸ਼ਨ'...(ਪੰਨਾ 3) ਵਿਚ ਇਹ ਦਰਜ ਏ : ਦੱਖਣੀ ਏਸ਼ੀਆ ਵਿਚ "ਚਾਰੇ ਪਾਸੇ ਇਹ ਸੋਚ ਫੈਲੀ ਹੋਈ ਏ ਕਿ ਅੰਗਰੇਜ਼ੀ ਭਾਸ਼ਾ 'ਤੇ ਮੁਹਾਰਤ ਲਈ ਅੰਗਰੇਜ਼ੀ ਇਕ ਵਿਸ਼ੇ ਵਜੋਂ ਪੜ੍ਹਨ ਨਾਲੋਂ ਅੰਗਰੇਜ਼ੀ ਮਾਧਿਅਮ ਵਿਚ ਪੜ੍ਹਨਾ ਬਿਹਤਰ ਤੇ ਪੱਕਾ ਤਰੀਕਾ ਏ। ਪਰ ਇਸ ਸੋਚ ਲਈ ਕੋਈ ਸਬੂਤ ਹਾਸਲ ਨਹੀਂ।" ਜ਼ਿਕਰਯੋਗ ਹੈ ਕਿ ਆਈਲੈਟਸ ਦੀ ਪ੍ਰੀਖਿਆ ਆਦਿ ਸਭ ਬ੍ਰਿਟਿਸ਼ ਕੌਂਸਲ ਹੀ ਲੈਂਦੀ ਹੈ।

ਇਸ ਮਾਮਲੇ ਬਾਰੇ ਯੂਨੈਸਕੋ ਦੀ 2008 ਵਿਚ ਛਪੀ ਕਿਤਾਬ ਵਿਚੋਂ ਇਹ ਟੂਕ (ਪੰਨਾ 12) ਹੋਰ ਵੀ ਅਹਿਮ ਏ (ਇਸ ਕਿਤਾਬਾਂ ਦਾ ਨਾਂ (ਇਮਪਰੂਵਮੈਂਟ ਇਨ ਦ ਕੁਆਲਟੀ ਆਫ ਮਦਰ ਟੰਗ ਬੇਸਡ ਲਿਟਰੇਸੀ ਐਂਡ ਲਰਨਿੰਗ ਹੈ'; ਇਹ ਪੁਸਤਕ ਸਾਰੀ ਦੁਨੀਆ ਵਿਚ ਖੋਜ ਕਰ ਕੇ ਲਿਖੀ ਗਈ ਸੀ; ਇਸ ਲਈ ਪੈਸਾ ਸੰਸਾਰ (ਵਰਲਡ) ਬੈਂਕ ਨੇ ਦਿੱਤਾ ਸੀ : "ਸਾਡੇ ਰਾਹ ਵਿਚ ਵੱਡੀ ਰੁਕਾਵਟ ਭਾਸ਼ਾ ਤੇ ਪੜ੍ਹਾਈ ਬਾਰੇ ਕੁਝ ਭਰਮ ਨੇ ਤੇ ਲੋਕਾਂ ਦੀਆਂ ਅੱਖਾਂ ਖੋਲ੍ਹਣ ਲਈ ਇਨ੍ਹਾਂ ਭਰਮਾਂ ਦਾ ਭਾਂਡਾ ਭੰਨਣਾ ਚਾਹੀਦਾ ਹੈ। ਅਜਿਹਾ ਹੀ ਇਕ ਭਰਮ ਇਹ ਵੇ ਕਿ ਵਿਦੇਸ਼ੀ ਭਾਸ਼ਾ ਸਿੱਖਣ ਦਾ ਵਧੀਆ ਤਰੀਕਾ ਇਸ ਦੀ ਪੜ੍ਹਾਈ ਦੇ ਮਾਧਿਅਮ ਵਜੋਂ ਵਰਤੋਂ ਏ। (ਅਸਲ ਵਿਚ, ਹੋਰ ਭਾਸ਼ਾ ਨੂੰ ਇਕ ਵਿਸ਼ੇ ਵਜੋਂ ਪੜ੍ਹਨਾ ਵਧੇਰੇ ਕਾਰਗਰ ਹੁੰਦਾ ਹੈ)। ਦੂਜਾ ਭਰਮ ਇਹ ਵੇ ਕਿ ਵਿਦੇਸ਼ੀ ਭਾਸ਼ਾ ਸਿੱਖਣ ਲਈ ਜਿੰਨਾ ਛੇਤੀ ਸ਼ੁਰੂ ਕੀਤਾ ਜਾਏ, ਓਨਾ ਚੰਗਾ ਹੈ। (ਛੇਤੀ ਸ਼ੁਰੂ ਕਰਨ ਨਾਲ ਲਹਿਜਾ ਤਾਂ ਬਿਹਤਰ ਹੋ ਸਕਦਾ ਹੈ ਪਰ ਫਾਇਦੇ ਦੀ ਹਾਲਤ ਵਿਚ ਉਹ ਸਿੱਖ ਵਾਲਾ ਹੁੰਦਾ ਏ ਜੋ ਮਾਤ ਭਾਸ਼ਾ 'ਤੇ ਚੰਗੀ ਮੁਹਾਰਤ ਹਾਸਲ ਕਰ ਚੁੱਕਿਆ ਹੋਵੇ)। ਤੀਜਾ ਭਰਮ ਇਹ ਵੇ ਕਿ ਮਾਤ ਭਾਸ਼ਾ ਵਿਦੇਸ਼ੀ ਭਾਸ਼ਾ ਸਿੱਖਣ ਦੇ ਰਾਹ ਵਿਚ ਰੁਕਾਵਟ ਹੈ। (ਮਾਤ ਭਾਸ਼ਾ ਵਿਚ ਮਜ਼ਬੂਤ ਨੀਂਹ ਨਾਲ ਵਿਦੇਸ਼ੀ ਭਾਸ਼ਾ ਬਿਹਤਰ ਸਿੱਖੀ ਜਾਂਦੀ ਹੈ)। ਸਾਫ਼ ਏ ਕਿ ਇਹ ਭਰਮ ਨੇ ਅਸਲੀਅਤ ਨਹੀਂ, ਪਰ ਫਿਰ ਵੀ ਇਹ ਨੀਤੀ ਘਾੜਿਆਂ ਦੀ ਇਸ ਸੁਆਲ 'ਤੇ ਅਗਵਾਈ ਕਰਦੇ ਨੇ ਕਿ ਭਾਰੂ ਭਾਸ਼ਾ ਕਿਵੇਂ ਸਿੱਖੀ ਜਾਵੇ।"

ਇਹ ਸਹੀ ਹੈ, ਜਿਵੇਂ ਕਿ ਪ੍ਰਸਤਾਵ ਵਿਚ ਦਰਜ ਏ ਕਿ ਬਾਲ ਇਕ ਤੋਂ ਵਧੇਰੇ ਭਾਸ਼ਾਵਾਂ ਸਹਿਜ ਰੂਪ ਵਿਚ ਸਿੱਖ ਜਾਂਦੇ ਨੇ ਪਰ ਇਹ ਸਹਿਜ ਰੂਪ ਵਿਚ ਸਿੱਖਣਾ ਸੁਭਾਵਕ ਚੌਖਟੇ ਵਿਚ ਹੁੰਦਾ ਹੈ ਨਾ ਕਿ ਜਮਾਤ ਕਮਰੇ ਦੇ ਬਣਾਉਟੀ ਚੌਖਟੇ ਵਿਚ। ਬਹੁਭਾਸ਼ੀ ਹੋਣ ਦੇ ਗਿਆਨਮਈ ਲਾਭ ਹੁੰਦੇ ਨੇ ਪਰ ਅਜਿਹਾ ਕੋਈ ਪਰਮਾਣ ਨਹੀਂ ਕਿ ਇਹ ਬਹੁਭਾਸ਼ਤਾ ਬਾਲ-ਪੱਧਰ ਤੋਂ ਹੋਵੇ। ਬਲਕਿ ਅਜਿਹੇ ਪਰਮਾਣ ਹਨ ਕਿ ਸ਼ੁਰੂ ਵਿਚ ਹੀ ਇਕ ਤੋਂ ਵੱਧ ਭਾਸ਼ਾਵਾਂ ਦੀ ਰਸਮੀ ਸਿਖਲਾਈ ਬਾਲਾਂ 'ਤੇ ਬੇਲੋੜਾ ਸਿੱਖਿਆਵੀ ਬੋਝ ਤਾਂ ਬਣਦੀ ਰਹੀ ਹੈ ਇਹ ਬਾਲ ਦੇ ਭਾਸ਼ਾਈ ਵਿਕਾਸ ਵਿਚ ਰੋੜਾ ਬਣਦੀ ਹੈ। ਏਸੇ ਲਈ ਦੁਨੀਆ ਭਰ ਵਿਚ ਮਾਤ ਭਾਸ਼ਾ ਤੋਂ ਇਲਾਵਾ ਦੂਜੀਆਂ ਭਾਸ਼ਾਵਾਂ ਦੀ ਸਿਖਲਾਈ ਬਹੁਤ ਛੇਤੀ ਸ਼ੁਰੂ ਨਹੀਂ ਕੀਤੀ ਜਾਂਦੀ ਤੇ ਇਹ ਸਿਖਲਾਈ ਅਕਸਰ ਇਕ-ਦੋ ਸਾਲ ਲਈ ਹੀ ਹੁੰਦੀ ਹੈ।

ਉਪਰਲੀ ਅੰਤਰਰਾਸ਼ਟਰੀ ਖੋਜ ਤੇ ਵਿਹਾਰ ਸਾਫ਼ ਦੱਸ ਦੇਂਦੇ ਨੇ ਕਿ ਨਵੀਂ ਸਿੱਖਿਆ ਨੀਤੀ ਦੇ ਪ੍ਰਸਤਾਵ ਵਿਚ ਭਾਸ਼ਾ ਦੀ ਪੜ੍ਹਾਈ ਬਾਰੇ ਸੁਝਾਅ ਬਸ ਭਰਮਾਂ 'ਤੇ ਟਿਕੇ ਨੇ ਤੇ ਕਮੇਟੀ ਵੱਲੋਂ ਇਨ੍ਹਾਂ ਦੀ ਮਾਹਿਰ ਰਾਏ ਦੇ ਆਧਾਰ 'ਤੇ ਜਾਂ ਸਫ਼ਲ ਦੁਨੀਆ ਦੇ ਵਿਹਾਰ ਦੇ ਆਧਾਰ 'ਤੇ ਕੋਈ ਪਰਖ-ਪੜਚੋਲ ਨਹੀਂ ਕੀਤੀ ਗਈ।

ਇਸ ਪ੍ਰਸਤਾਵ ਵਿਚ ਸੰਸਕ੍ਰਿਤ ਭਾਸ਼ਾ ਦੇ ਪ੍ਰਚਾਰ-ਪ੍ਰਸਾਰ 'ਤੇ ਬਹੁਤ ਬਲ ਦਿੱਤਾ ਗਿਆ ਹੈ। ਏਥੋਂ ਤਕ ਕਿ ਸੰਸਕ੍ਰਿਤ ਨੂੰ 'ਆਧੁਨਿਕ ਭਾਸ਼ਾ' ਦਾ ਦਰਜਾ ਦਿੱਤਾ ਗਿਆ ਹੈ। ਸੰਸਕ੍ਰਿਤ 'ਤੇ ਬਲ ਦੇਣ ਦੇ ਹੱਕ ਵਿਚ ਦਲੀਲ ਇਹ ਦਿੱਤੀ ਗਈ ਹੈ ਕਿ ਸੰਸਕ੍ਰਿਤ ਭਾਸ਼ਾ ਦੀ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਨੂੰ ਬਹੁਤ ਦੇਣ ਹੈ ਅਤੇ ਸੰਸਕ੍ਰਿਤ ਵਿਚ ਅਥਾਹ ਗਿਆਨ-ਵਿਗਿਆਨ ਪਿਆ ਹੋਇਆ ਹੈ ਜਿਸ ਦੀ ਅੱਜ ਵੀ ਪ੍ਰਸੰਗਕਤਾ ਹੈ। ਪ੍ਰਸਤਾਵ ਲੇਖਕ ਇਹ ਨਹੀਂ ਜਾਣਦੇ ਕਿ ਯੂਰਪ ਵਿਚ ਲਾਤੀਨੀ ਭਾਸ਼ਾ ਦਾ ਦਰਜਾ ਸ਼ਾਇਦ ਸੰਸਕ੍ਰਿਤ ਦੇ ਭਾਰਤ ਵਿਚਲੇ ਦਰਜੇ ਤੋਂ ਕਿਧਰੇ ਉੱਤੇ ਸੀ ਤੇ ਸੰਸਕ੍ਰਿਤ ਨਾਲੋਂ ਵੀ ਬਹੁਤ ਬਾਅਦ ਤਕ ਰਿਹਾ ਹੈ। ਪਰ ਯੂਰਪ ਦੇ ਮੁੜ ਜਾਗਣ ਦਾ ਸਮਾਂ ਲਾਤੀਨੀ ਭਾਸ਼ਾ ਨੂੰ ਗਿਆਨ ਦੇ ਖੇਤਰ 'ਚੋਂ ਵਿਦਿਆ ਕਰਕੇ ਅਜੋਕੀਆਂ ਯੂਰਪੀ ਭਾਸ਼ਾਵਾਂ ਨੂੰ ਸਥਾਪਤ ਕਰਨ ਨਾਲ ਸ਼ੁਰੂ ਹੁੰਦਾ ਹੈ। ਭਾਰਤ ਵਿਚ ਵੀ ਇਹ ਭਾਰਤ ਦੀਆਂ ਸਾਰੀਆਂ ਅਜੋਕੀਆਂ ਮਾਤ ਭਾਸ਼ਾਵਾਂ ਵੀ ਆਪਣੇ-ਆਪਣੇ ਭੂਗੋਲਿਕ ਖੇਤਰ ਵਿਚ ਪ੍ਰਭੁਤਾ ਹੋਣ ਨਾਲ ਹੀ ਸ਼ੁਰੂ ਹੋਵੇਗਾ।

ਸੰਸਕ੍ਰਿਤ ਨੂੰ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਤੋਂ ਉੱਤੇ ਮੰਨਣਾ ਭਾਰਤ ਵਿਚ ਭਾਸ਼ਾਈ ਵਿਤਕਰੇ ਦਾ ਵੀ ਕਾਰਨ

ਹੈ। ਪੁਰਾਣੀ ਭਾਸ਼ਾ ਹੋਣ ਨਾਲ ਹੀ ਕੋਈ ਭਾਸ਼ਾ ਵੱਡੀ ਨਹੀਂ ਹੋ ਜਾਂਦੀ। ਪੰਜਾਬੀ ਦਾ ਸਾਹਿਤਕ ਇਤਿਹਾਸ ਅੰਗਰੇਜ਼ੀ ਤੋਂ ਪਹਿਲਾਂ ਦਾ ਹੈ। ਪਰ ਕੀ ਅੱਜ ਪੰਜਾਬੀ ਦਾ ਦਰਜਾ ਅੰਗਰੇਜ਼ੀ ਵਾਲਾ ਹੈ ਵੇ ਤੇ ਕੀ ਪੁਰਾਣੀ ਹੋਣ ਕਰਕੇ ਅੰਗਰੇਜ਼ ਬਾਲਾਂ ਨੂੰ ਅੰਗਰੇਜ਼ੀ ਦੀ ਥਾਂ ਪੰਜਾਬੀ ਪੜ੍ਹਾਉਣੀ ਠੀਕ ਏ ? ਜੇ ਪੁਰਾਣੀ ਹੋਣ ਤੇ ਵੱਡੀ ਹੋਣ ਦੀ ਗੱਲ ਨੂੰ ਮੰਨ ਵੀ ਲਿਆ ਜਾਵੇ ਤਾਂ ਵੀ ਭਾਰਤ ਦੀਆਂ ਕਈ ਅਜੋਕੀਆਂ ਭਾਸ਼ਾਵਾਂ ਸੰਸਕ੍ਰਿਤ ਤੋਂ ਵੀ ਪੁਰਾਣੀਆਂ ਨੇ ਤੇ ਉਨ੍ਹਾਂ ਵਿਚ ਵੀ ਵੱਡੇ ਗਿਆਨ ਭੰਡਾਰ ਨੇ। ਫਿਰ ਉਨ੍ਹਾਂ ਭਾਸ਼ਾਵਾਂ ਨੂੰ ਸੰਸਕ੍ਰਿਤ ਦੇ ਬਰਾਬਰ ਥਾਂ ਕਿਉਂ ਨਹੀਂ। ਮਿਸਾਲ ਲਈ ਤਾਮਿਲ ਭਾਸ਼ਾ ਦੀ ਗੱਲ ਕੀਤੀ ਜਾ ਸਕਦੀ ਹੈ।

ਆਜ਼ਾਦੀ ਤੋਂ ਬਾਅਦ ਤੋਂ ਚੱਲ ਰਹੇ ਤਿੰਨ ਭਾਸ਼ੀ ਮੰਤਰ ਅਨੁਸਾਰ ਵੀ ਹਿੰਦੀ ਖੇਤਰ ਵਿਚ ਹਿੰਦੀ ਤੇ ਅੰਗਰੇਜ਼ੀ ਦੇ ਨਾਲ ਇਕ ਹੋਰ ਭਾਰਤੀ ਭਾਸ਼ਾ ਪੜ੍ਹਾਈ ਜਾਣੀ ਸੀ ਪਰ ਹਿੰਦੀ ਖੇਤਰ ਵਿਚ ਇਕ ਹੋਰ ਭਾਰਤੀ ਭਾਸ਼ਾ ਦੀ ਥਾਂ ਸੰਸਕ੍ਰਿਤ ਅਪਣਾ ਕੇ ਤਿੰਨ ਭਾਸ਼ੀ ਮੰਤਰ ਦੀ ਭਾਵਨਾ ਨੂੰ ਹੀ ਕਤਲ ਕਰ ਦਿੱਤਾ ਗਿਆ ਸੀ। ਨਵੇਂ ਪ੍ਰਸਤਾਵ ਵਿਚ ਤਾਂ ਸੰਸਕ੍ਰਿਤ ਨੂੰ 'ਆਧੁਨਿਕ ਭਾਰਤੀ ਭਾਸ਼ਾ' ਦਾ ਦਰਜਾ ਦੇ ਕੇ ਇਹ ਕੰਮ ਕਾਨੂੰਨੀ ਤੌਰ 'ਤੇ ਹੋਰ ਸੌਖਾ ਕਰ ਦਿੱਤਾ ਗਿਆ ਹੈ।

ਪ੍ਰਸਤਾਵ ਵਿਚ ਦੂਜਾ ਵੱਡਾ ਵਿਤਕਰਾ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਨੂੰ ਬਰਾਬਰੀ ਨਾ ਦੇ ਕੇ ਹਿੰਦੀ ਭਾਸ਼ਾ ਨੂੰ ਤਰਜੀਹੀ ਦਰਜਾ ਦੇਣਾ ਹੈ। ਪ੍ਰਸਤਾਵ ਵਿਚ ਪਰਿਵਾਰਕ/ਮਾਤ ਭਾਸ਼ਾ/ਸਥਾਨਕ ਭਾਸ਼ਾ ਵਿਚ ਸਿੱਖਿਆ ਦੀ ਗੱਲ ਤਾਂ ਕੀਤੀ ਗਈ ਹੈ ਪਰ ਇਹ ਦਰਜ ਨਹੀਂ ਕੀਤਾ ਗਿਆ ਕਿ ਅਖੌਤੀ ਹਿੰਦੀ-ਪੱਟੀ ਦੀਆਂ ਦਰਜਨਾਂ ਭਾਸ਼ਾਵਾਂ ਨੂੰ ਹਿੰਦੀ ਭਾਸ਼ਾ ਦੀਆਂ ਉਪਭਾਸ਼ਾਵਾਂ ਦਾ ਬਿੱਲਾ ਲਾ ਕੇ ਉਨ੍ਹਾਂ ਦੀ ਹੋਂਦ ਨੂੰ ਵੀ ਸਵੀਕਾਰ ਨਹੀਂ ਕੀਤਾ ਗਿਆ। ਸਿੱਖਿਆ ਬਾਰੇ ਕਿਸੇ ਵੀ ਪ੍ਰਸਤਾਵ ਲਈ ਇਹ ਤੱਥ ਇਸ ਲਈ ਅਵੱਸ਼ ਰੂਪ ਵਿਚ ਪ੍ਰਸੰਗਕ ਹੈ ਕਿਉਂਕਿ ਇਸ ਦੇ ਦੂਰ-ਰਸ ਸਿੱਖਿਆਵੀ ਸਿੱਟੇ ਨਿਕਲਦੇ ਨੇ। ਹੋਰ ਤਾਂ ਹੋਰ, ਇਨ੍ਹਾਂ ਵਿਚੋਂ ਬਹੁਤੀਆਂ ਦਾ ਤਾਂ ਸਾਹਿਤਕ ਇਤਿਹਾਸ ਅੱਜ ਦੀ ਪ੍ਰਮਾਣਕ ਖੜੀ-ਬੋਲੀ ਰੂਪੀ ਹਿੰਦੀ ਤੋਂ ਹਜ਼ਾਰ ਸਾਲ ਪੁਰਾਣਾ ਹੈ। ਭੋਜਪੁਰੀ, ਅਵਧੀ, ਰਾਜਸਥਾਨੀ ਆਦਿ ਅਜਿਹੀਆਂ ਭਾਸ਼ਾਵਾਂ ਦੀਆਂ ਮਿਸਾਲਾਂ ਹਨ।

ਜ਼ਿਕਰਯੋਗ ਹੈ ਕਿ ਦੁਨੀਆ ਦੀ ਕੋਈ ਸੰਸਥਾ ਜਾਂ ਭਾਸ਼ਾ ਮਾਹਰ ਭਾਰਤ ਵਿਚ 450 ਤੋਂ ਘੱਟ ਭਾਸ਼ਾਵਾਂ ਨਹੀਂ ਮੰਨਦਾ। ਭਾਰਤ ਦੀ 1961 ਵਿਚਲੀ ਪਹਿਲੀ ਜਨ-ਗਿਣਤੀ ਵਿਚ ਭਾਰਤ ਵਿਚ 1652 ਮਾਤ ਭਾਸ਼ਾਵਾਂ ਮੰਨੀਆਂ ਗਈਆਂ ਸਨ; ਇਹ ਹੁਣ ਸਾਜਿਸ਼ਕਾਰੀ ਤੇ ਬਾਬੂ-ਸ਼ਾਹੀ-ਭਾਸ਼ਾ-ਵਿਗਿਆਨਕ-ਗਣਿਤ ਰਾਹੀਂ 124 ਬਣਾ ਦਿੱਤੀਆਂ ਗਈਆਂ ਨੇ। ਇਹ ਪ੍ਰਸਤਾਵ ਭਾਰਤ ਦੀ ਭਾਸ਼ਾਈ ਅਨੇਕਤਾ 'ਤੇ ਵੱਡੀ ਸੱਟ ਮਾਰਨ ਦੀ ਚਿਰਾਂ ਤੋਂ ਚੱਲਦੀ ਸਾਜਿਸ਼ 'ਚੋਂ ਬਾਹਰ ਨਹੀਂ ਨਿਕਲਦਾ। ਭਾਰਤ ਦੀਆਂ ਭਾਸ਼ਾਵਾਂ 'ਤੇ ਮਤਸੀ (ਫਨ) ਕੋਰਸ ਇਸ ਲਈ ਪੜ੍ਹਾਇਆ ਜਾਣਾ ਹੈ ਕਿ ਭਾਰਤੀ ਭਾਸ਼ਾਵਾਂ ਦੀ 'ਵਿਲੱਖਣ' ਅਨੇਕਤਾ ਨਹੀਂ 'ਏਕਤਾ' ਸਾਹਮਣੇ ਲਿਆਂਦੀ ਜਾ ਸਕੇ। ਤਕਨੀਕੀ ਸ਼ਬਦਾਵਲੀ ਦਾ ਟੀਚਾ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਤਕਨੀਕੀ ਸ਼ਬਦਾਵਲੀ ਪੱਖੋਂ ਇਕਸਾਰਤਾ ਲਿਆਉਣਾ ਦੱਸਿਆ ਗਿਆ ਹੈ। ਕੇਂਦਰੀ ਸਰਕਾਰ ਦੀ ਜ਼ੁੰਮੇਵਾਰੀ ਬਸ ਹਿੰਦੀ ਤੇ ਸੰਸਕ੍ਰਿਤ ਦੀ ਦੱਸੀ ਗਈ ਹੈ, ਹੋਰ ਕਿਸੇ ਭਾਸ਼ਾ ਦੀ ਵੀ ਨਹੀਂ।


ਇਸ ਪ੍ਰਸਤਾਵ ਵਿਚ ਮਾਤ ਭਾਸ਼ਾ ਦੀ ਸਿੱਖਿਆ ਦੇ ਮਾਧਿਅਮ ਵਜੋਂ ਮਹੱਤਤਾ ਤੇ ਕੁਝ ਇਸ ਤਰ੍ਹਾਂ ਦੀਆਂ ਸਾਰਥਕ ਟਿੱਪਣੀਆਂ ਹਨ; ਭਾਸ਼ਾ ਦੇ ਮੁੱਦੇ ਸਿੱਖਿਆ ਦੇ ਸਭ ਤੋਂ ਮੂਲ ਮੁੱਦੇ ਹਨ (ਪੰਨਾ 79)। ਜਾਂ, ਸਿੱਖਿਆ ਦੇ ਮਾਧਿਅਮ ਦੇ ਤੌਰ 'ਤੇ ਬਾਲ ਆਪਣੀ 'ਸਥਾਨਕ ਭਾਸ਼ਾ' ਵਿਚ ਸਭ ਤੋਂ ਬਿਹਤਰ ਸਿੱਖਦੇ ਹਨ (ਸਥਾਨਕ ਭਾਸ਼ਾ ਤੋਂ ਭਾਵ ਹੈ ਪਰਿਵਾਰ ਵਿਚ ਬੋਲੀ ਜਾਣ ਵਾਲੀ ਭਾਸ਼ਾ)। ਪਰ ਨਾਲ ਹੀ ਪ੍ਰਸਤਾਵ ਵਿਚ ਵਿਗਿਆਨ ਅੱਠਵੀਂ ਤੋਂ ਹੀ ਅੰਗਰੇਜ਼ੀ ਵਿਚ ਵੀ ਪੜ੍ਹਾਉਣ ਦਾ ਸੁਝਾਅ ਹੈ।

ਸਿੱਖਿਆ ਦਾ ਮਾਧਿਅਮ ਮਾਤ ਭਾਸ਼ਾ ਹੀ ਢੁੱਕਵੀਂ ਹੋਣ ਦੀ ਗੱਲ ਤੇ ਆਜ਼ਾਦੀ ਤੋਂ ਲੈ ਕੇ ਹੁਣ ਤਕ ਹੋਰ ਕਮੇਟੀ ਤੇ ਕਮਿਸ਼ਨ ਨੇ ਆਖੀ ਹੈ। ਇਹ ਗੱਲ ਤੇ ਭਾਰਤ ਦੀ ਮਾਣਯੋਗ ਸਰਬਉੱਚ-ਅਦਾਲਤ ਨੇ ਵੀ ਆਖੀ ਸੀ ਜਦੋਂ ਕਰਨਾਟਕ ਨੇ ਸਿੱਖਿਆ ਦਾ ਮਾਧਿਅਮ ਅਵੱਸ਼ਕ ਤੌਰ 'ਤੇ ਮਾਤ-ਭਾਸ਼ਾ ਕਰਨ ਲਈ ਅਰਜ਼ੀ ਦਿੱਤੀ ਸੀ। ਪਰ ਮਾਣਯੋਗ ਅਦਾਲਤ ਨੇ ਨਿਰਣਾ ਕਰਨਾਟਕ ਦੀ ਅਰਜ਼ੀ ਦੇ ਉਲਟ ਦਿੱਤਾ ਸੀ। ਪ੍ਰਸਤਾਵ ਵਿਚ ਲਿਖੀ ਇਸ ਗੱਲ ਨਾਲ ਅਸਲ ਵਿਚ ਕੀ ਫ਼ਰਕ ਪਵੇਗਾ, ਇਸ ਦਾ ਇਕ ਅੰਦਾਜ਼ਾ ਆਜ਼ਾਦੀ ਤੋਂ ਬਾਅਦ ਦੇ ਸਿੱਖਿਆ ਨੀਤੀ ਬਾਰੇ ਪ੍ਰਸਤਾਵਾਂ ਨਾਲ ਪਏ ਫ਼ਰਕ ਤੋਂ ਲਇਆ ਜਾ ਸਕਦਾ ਹੈ; ਆਜ਼ਾਦੀ ਤੋਂ ਬਾਅਦ ਮਾਤ ਭਾਸ਼ਾ ਵਿਚ ਸਿੱਖਿਆ ਦੇਣ ਦੇ ਹਰ ਨਵੇਂ ਪ੍ਰਸਤਾਵ ਨਾਲ ਮਾਤ-ਭਾਸ਼ਾ ਮਾਧਿਅਮ ਵਿਚ ਪੜ੍ਹਾਈ ਦੇਣ ਦੀ ਮਾਤਰਾ ਹੋਰ ਘਟ ਜਾਂਦੀ ਰਹੀ ਹੈ। ਨਵੀਂ ਸਿੱਖਿਆ ਨੀਤੀ (2019) ਵਿਚ ਵੀ ਅੰਗਰੇਜ਼ੀ ਮਾਧਿਅਮ ਸਿੱਖਿਆ ਲਈ ਵਾਧੂ ਮਘੋਰੇ ਬਣਾਏ ਗਏ ਹਨ। ਮਾਤ ਭਾਸ਼ਾ ਕਰਮੀ

ਤੇ ਮੇਰੇ ਮਿੱਤਰ ਪ੍ਰੋ. ਦੀਪਕ ਪਵਾਰ ਦਾ ਆਖਣਾ ਹੈ ਕਿ ਪ੍ਰਸਤਾਵ ਲਿਖਾਰੀਆਂ ਦੇ ਮਾਤ ਭਾਸ਼ਾਵਾਂ ਪ੍ਰਤੀ ਰਵੱਈਏ ਦਾ ਪਤਾ ਤਾਂ ਇਸ ਗੱਲ ਤੋਂ ਹੀ ਲੱਗ ਜਾਂਦਾ ਹੈ ਕਿ ਕਿਸੇ ਵੀ ਮੈਂਬਰ ਨੇ ਆਪਣੀ ਮਾਤ ਭਾਸ਼ਾ ਵਿਚ ਦਸਤਖ਼ਤ ਨਹੀਂ ਕੀਤੇ। ਉਨ੍ਹਾਂ ਦਾ ਇਹ ਵੀ ਆਖਣਾ ਹੈ ਕਿ ਰਿਪੋਰਟ ਵਿਚ ਇਹ ਵੀ ਦਰਜ ਹੈ ਕਿ ਕਮੇਟੀ ਨੂੰ ਨਹੀਂ ਪਤਾ ਕਿ ਭਾਰਤ ਵਿਚ ਕਿਹੜੀ-ਕਿਹੜੀ ਭਾਸ਼ਾ ਵਿਚ ਕਿੰਨੇ ਲੋਕ ਪੜ੍ਹ ਰਹੇ ਨੇ।

ਇਸ ਪ੍ਰਸਤਾਵ ਵਿਚ ਪਹਿਲਿਆਂ ਨਾਲੋਂ ਇਕ ਗੱਲ ਥੋੜ੍ਹੀ ਜ਼ਰੂਰੀ ਹੈ ਕਿ ਇਸ ਵਿਚ ਅੰਗਰੇਜ਼ੀ ਭਾਸ਼ਾ ਦੇ ਦਬਦਬੇ ਦੀ ਕੁਝ ਝਾੜ-ਝੰਬ ਕੀਤੀ ਗਈ ਹੈ। ਇਸ ਵਿਚ ਦਰਜ ਕੀਤਾ ਗਿਆ ਹੈ ਕਿ ਵਿਦਿਆਲਿਆਂ ਅਤੇ ਸਮਾਜ ਵਿਚ ਅੰਗਰੇਜ਼ੀ ਦੀ ਸਿੱਖਿਆ ਦੇ ਮਾਧਿਅਮ ਵਜੋਂ ਤੇ ਗੱਲਬਾਤ ਦੇ ਮਾਧਿਅਮ ਵਜੋਂ ਵਰਤੋਂ ਦਾ ਮੰਦਭਾਗਾ ਰੁਝਾਨ ਹੈ (ਪੰਨਾ 81)। ਇਸ ਕਾਰਨ ਵੱਡੀ ਗਿਣਤੀ ਵਿਚ ਵਿਦਿਆਰਥੀ ਪੜ੍ਹਾਈ ਸਿੱਖਣਾ ਸ਼ੁਰੂ ਕਰਨ ਤੋਂ ਵੀ ਪਹਿਲਾਂ ਇਸ ਕਰਕੇ ਪਿੱਛੇ ਰਹਿ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਅਜਿਹੀ ਭਾਸ਼ਾ ਵਿਚ ਪੜ੍ਹਾਇਆ ਜਾਂਦਾ ਹੈ ਜਿਹੜੀ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ (ਪੰਨਾ 82)। ਇਸ ਦਾ ਕਾਰਨ ਵੀ ਦਰਜ ਕੀਤਾ ਗਿਆ ਹੈ ਕਿ ਆਜ਼ਾਦੀ ਦੇ ਸਮੇਂ ਤੋਂ ਹੀ ਆਰਥਿਕ ਤੌਰ 'ਤੇ ਸ੍ਰੇਸ਼ਠ ਭਾਰਤੀ ਵਰਗ ਨੇ ਅੰਗਰੇਜ਼ੀ ਨੂੰ ਆਪਣੀ ਭਾਸ਼ਾ ਵਜੋਂ ਅਪਣਾਇਆ ਹੋਇਆ ਹੈ (ਪੰਨਾ 82)। ਪਰ ਉਨ੍ਹਾਂ ਰਾਜਸੀ, ਪ੍ਰਸ਼ਾਸਨਿਕ, ਵਿਧਾਨਕ ਤੇ ਆਰਥਿਕ ਆਧਾਰਾਂ ਦਾ ਕੋਈ ਜ਼ਿਕਰ ਨਹੀਂ ਜਿਨ੍ਹਾਂ 'ਤੇ ਅੰਗਰੇਜ਼ੀ ਭਾਸ਼ਾ ਦਾ ਦਬਦਬਾ ਟਿਕਿਆ ਹੋਇਆ ਹੈ। ਨਾ ਹੀ ਸੀਬੀਐੱਸਈ ਵਰਗੀਆਂ ਸਿੱਖਿਆ ਤੇ ਭਾਸ਼ਾ ਬਾਰੇ ਵਿਗਿਆਨਕ ਸਮਝ ਤੋਂ ਬਿਲਕੁਲ ਉਲਟ ਚੱਲਣ ਵਾਲੀਆਂ ਸੰਸਥਾਵਾਂ 'ਤੇ ਕੋਈ ਉਂਗਲ ਰੱਖੀ ਗਈ ਹੈ ਜੋ ਸਾਰੀ ਵਿਕਾਰਾਂ ਭਰੀ ਨੀਤੀ ਦੀਆਂ ਅਸਲ ਵਾਹਕ ਨੇ, ਤੇ ਜਿਸ ਨੀਤੀ ਨੂੰ ਕਮੇਟੀ ਨੇ ਮੰਨਿਆ ਹੈ ਕਿ ਇਹ ਵਿਕਾਰਾਂ ਭਰੀ ਹੈ। ਜਿਵੇਂ ਕਿ ਉੱਤੇ ਜ਼ਿਕਰ ਕੀਤਾ ਗਿਆ ਹੈ, ਇਹ ਪ੍ਰਸਤਾਵ ਅੰਗਰੇਜ਼ੀ ਮਾਧਿਅਮ ਵਿਚ ਸਿੱਖਿਆ ਨੂੰ ਰੱਦ ਨਹੀਂ ਕਰਦਾ ਬਲਕਿ ਅੱਠਵੀਂ ਤੋਂ ਵੀ ਪਹਿਲਾਂ ਲੋੜੀਂਦਾ ਦੱਸਦਾ ਹੈ।

ਸਿੱਖਿਆ ਤੇ ਭਾਸ਼ਾ ਦਾ ਮਸਲਾ ਅਜਿਹਾ ਹੈ ਕਿ ਇਕ ਲੇਖ ਵਿਚ ਨਹੀਂ ਨਜਿੱਠਿਆ ਜਾ ਸਕਦਾ। ਪਰ ਆਸ ਕਰਦਾ ਹਾਂ ਕਿ ਇਸ ਲੇਖ ਵਿਚ ਬਿਆਨੇ ਕੁਝ ਅੰਤਰਰਾਸ਼ਟਰੀ ਤੱਥ, ਹੱਥਲੇ ਪ੍ਰਸਤਾਵ ਵਿਚ ਤਿੰਨ ਸਾਲ ਦੇ ਬਾਲ ਨੂੰ ਹੀ ਪਹਿਲੇ ਦਿਨ ਤੋਂ ਤਿੰਨ ਭਾਸ਼ਾਵਾਂ ਪੜ੍ਹਾਉਣੀਆਂ ਤੇ ਬਾਲਾਂ 'ਤੇ ਹੋਰ ਵਾਧੂ ਭਾਸ਼ਾਈ ਬੋਝ ਪਾਉਣਾ (ਅੱਠਵੀਂ ਜਮਾਤ ਤਕ ਛੇ ਭਾਸ਼ਾਵਾਂ ਤਕ ਪੜ੍ਹਾਉਣ ਦੀ ਸੰਭਾਵਨਾ ਹੈ), ਅੰਗਰੇਜ਼ੀ ਮਾਧਿਅਮ ਸਿੱਖਿਆ ਪ੍ਰਨਾਲੀ ਨੂੰ ਰੱਦ ਨਾ ਕਰਨਾ ਬਲਕਿ ਇਕ ਪੜਾਅ ਤੋਂ ਬਾਅਦ ਜ਼ਰੂਰੀ ਮੰਨਣਾ, ਇਕ ਵਿਹਾਰਕ ਤੌਰ 'ਤੇ ਸਮਾਪਤ ਭਾਸ਼ਾ ਸੰਸਕ੍ਰਿਤ ਨੂੰ ਬਹੁਤ ਬੇਲੋੜੀ ਮਹੱਤਤਾ ਦੇਣਾ, ਵਿਦੇਸ਼ੀ ਭਾਸ਼ਾ ਪੜ੍ਹਾਉਣ ਦੀ ਬਿਲਕੁਲ ਅਣਵਿਗਿਆਨਕ ਅਤੇ ਪ੍ਰਮਾਣ ਤੋਂ ਖਾਲੀ ਵਿਧੀ ਨੂੰ ਚੱਲਦੀ ਰੱਖਣਾ, ਕਿਸੇ ਇਕ ਭਾਸ਼ਾ ਨੂੰ ਦੂਜੀਆਂ ਭਾਰਤੀ ਭਾਸ਼ਾਵਾਂ ਤੋਂ ਬਹੁਤ ਵੱਧ ਦਰਜਾ ਦੇ ਕੇ ਭਾਸ਼ਾਈ ਸਮਾਨਤਾ ਤੇ ਸਤਿਕਾਰ ਦੇ ਅਸੂਲ ਨੂੰ ਹੋਰ ਸੱਟ ਮਾਰਨਾ, ਆਦਿ ਇਸ ਗੱਲ ਦਾ ਪ੍ਰਮਾਣ ਨੇ ਕਿ ਨਵੀਂ ਸਿੱਖਿਆ ਨੀਤੀ ਦੇ ਪ੍ਰਸਤਾਵ ਵਿਚ ਭਾਸ਼ਾ ਦੇ ਮਸਲੇ ਬਾਰੇ ਪਹੁੰਚ ਕੋਰੀ ਭਰਮਾਂ 'ਤੇ ਟਿਕੀ ਹੈ ਤੇ ਮਾਹਿਰ ਰਾਏ ਤੇ ਸਫ਼ਲ ਅੰਤਰਰਾਸ਼ਟਰੀ ਵਿਹਾਰ 'ਤੇ ਕੋਈ ਝਾਤੀ ਨਹੀਂ ਮਾਰੀ ਗਈ। ਚੰਗਾ ਹੋਵੇ ਕਿ ਸਰਕਾਰ ਇਸ ਪ੍ਰਸਤਾਵ ਨੂੰ ਰੱਦ ਕਰੇ ਤੇ ਇਨ੍ਹਾਂ ਮਾਮਲਿਆਂ ਬਾਰੇ ਭਾਰਤ ਦੀ ਭਾਸ਼ਾ ਨੀਤੀ ਨੂੰ ਠੀਕ ਕਰਨ ਲਈ ਅੰਤਰਰਾਸ਼ਟਰੀ ਮਾਹਿਰ ਰਾਇ ਤੇ ਸਫ਼ਲ ਵਿਹਾਰ 'ਤੇ ਝਾਤੀ ਮਾਰੇ। ਭਾਰਤ ਦੀ ਸਰਕਾਰ ਇਹ ਵੀ ਯਕੀਨੀ ਬਣਾਵੇ ਕਿ ਭਾਸ਼ਾ ਦੇ ਮਾਮਲਿਆਂ ਬਾਰੇ ਨਿਰਣਾ ਲੈਣ ਲਈ ਭਾਸ਼ਾ ਨੀਤੀ ਵਿਗਿਆਨ ਦੇ ਮਾਹਿਰਾਂ ਦੀ ਸ਼ਮੂਲੀਅਤ ਹੋਵੇ (ਜੋ ਇਸ ਕਮੇਟੀ ਵਿਚੋਂ ਗ਼ੈਰਹਾਜ਼ਰ ਹੈ)। ਭਾਰਤਵਾਸੀਆਂ ਦੀ ਰਾਇ ਲੈਣ ਲਈ ਹਥਲਾ ਪ੍ਰਸਤਾਵ ਬਸ ਅੰਗਰੇਜ਼ੀ ਤੇ ਹਿੰਦੀ ਵਿਚ ਹੀ ਜਾਰੀ ਕੀਤਾ ਗਿਆ ਸੀ ਤੇ ਪੰਜ ਸਾਲਾਂ ਵਿਚ ਬਣਨ ਵਾਲੇ ਪ੍ਰਸਤਾਵ ਤੇ ਰਾਇ ਲੈਣ ਲਈ ਬਸ ਇਕ ਮਹੀਨਾ ਦਿੱਤਾ ਗਿਆ ਸੀ। ਮਤਲਬ ਇਹ ਕਿ ਦੇਸ ਦੀ 70 ਫੀਸਦੀ ਤੋਂ ਵੱਧ ਆਬਾਦੀ ਚਾਹੁੰਦੀ ਹੋਈ ਵੀ ਇਸ 'ਤੇ ਕੋਈ ਰਾਇ ਨਹੀਂ ਦੇ ਸਕਦੀ। ਸਰਕਾਰ ਦੇ ਮਨ ਵਿਚ ਦੇਸ਼ਵਾਸੀਆਂ ਦੀ ਰਾਇ ਲੈਣ ਦੀ ਕਿੰਨੀ ਕੁ ਇੱਛਾ ਹੈ ਤੇ ਸਰਕਾਰ ਦੇ ਮਨ ਵਿਚ ਭਾਰਤੀ ਭਾਸ਼ਾਵਾਂ ਦਾ ਤੇ ਭਾਰਤੀ ਭਾਸ਼ੀਆਂ ਦਾ ਕਿੰਨਾ ਕੁ ਸਤਿਕਾਰ ਹੈ, ਇਹ ਇਸ ਤੱਥ ਤੋਂ ਹੀ ਸਾਫ਼ ਹੋ ਜਾਂਦਾ ਹੈ।



**ਸੰਪਰਕ : 50 ਵਾਲੀਆ ਇਨਕਲੇਵ, ਸਾਹਮਣੇ ਪੰਜਾਬੀ ਵਿਸ਼ਵਵਿਦਿਆਲਾ, ਪਟਿਆਲਾ-147 002**
**ਮੋਬਾ : 9988531582, ਈ-ਮੇਲ : jogasinghvirk@yahoo.co.in**

ਕਵਿਤਾ : ਨਰੇਸ਼ ਰਾਮਪਾਲ

## *ਨਵੀਂ ਕਵਿਤਾ*

ਤੂੰ ਕਿਹਾ ਹੈ ਕਿ ਕੋਈ ਨਵੀਂ ਤਾਜ਼ੀ ਕਵਿਤਾ ਲਿਖਾਂ...

ਨਵਾਂ ਤਾਂ ਮੇਰੇ ਯਾਰ ਕੁਝ ਵੀ ਨਹੀਂ...

ਅਖ਼ਬਾਰਾਂ ਦੀਆਂ ਸੁਰਖ਼ ਸੁਰਖ਼ੀਆਂ
ਅਤੇ ਕਾਲੇ ਹਾਸ਼ੀਏ ਵੀ
ਹੁਣ ਬਦਰੰਗ ਹੋ ਗਏ ਨੇ

ਪੰਜਾਬ ਜਾਂ ਲੰਕਾ ਦਾ ਅੱਜ ਦਾ ਸਕੋਰ ਜਾਨਣ ਦੀ
ਉਤਸੁਕਤਾ ਵੀ ਹੁਣ ਨਹੀਂ ਰਹੀ

ਬੰਬ, ਗਰਨੇਡ, ਐੱਸ.ਐੱਲ.ਆਰ., ਏ.ਕੇ. ਸੰਤਾਲੀ
ਹੁਣ ਆਮ ਜਿਹੇ ਲਫ਼ਜ਼ ਨੇ

ਕੰਵਲ ਰਣਬੀਰ, ਸੀਤਲ ਦਾਸ, ਸਫ਼ਦਰ ਹਾਸ਼ਮੀ ਵਰਗੇ ਨਾਂ
ਘੜੀ ਪਲ ਰੜਕ ਜਹੀ ਪਾਉਂਦੇ ਨੇ ਬਸ

ਐਟਮੀ ਹਥਿਆਰ
ਜੋ ਇਕ ਬਟਨ ਦੱਬਣ ਭਰ 'ਚ
ਕਰ ਸਕਦੇ ਨੇ ਦੁਨੀਆ ਤਬਾਹ
ਹੁਣ ਸਭ ਕੋਲ ਨੇ
(ਹਾਂ ਸਾਇੰਸਦਾਨ ਜੁਟੇ ਹੋਏ ਨੇ
ਇਸ ਤੋਂ ਵੀ ਵੱਧ ਮਾਰੂ ਹਥਿਆਰ ਬਣਾਉਣ 'ਚ)

ਲੀਡਰ ਦੀਆਂ ਘਿਣਾਉਣੀਆਂ ਚਾਲਾਂ ਵੀ ਪੁਰਾਣੀਆਂ ਹਨ
(ਫਿਰ ਵੀ ਬੇਹੱਦ ਕਾਮਯਾਬ)

ਫਿਰਕੂ ਦੰਗੇ ਕਰਾ ਦੇਣੇ
ਕਿਸੇ ਬੇਗੁਨਾਹ ਨੂੰ ਫਾਹੇ ਲਾ ਦੇਣਾ
ਇਹ ਸਭ ਤਾਂ ਹੁੰਦਾ ਆਇਆ ਹੈ
ਕੁਝ ਨਵਾਂ ਨਹੀਂ...

ਹਾਂ, ਰਾਤੀਂ ਸਾਡੇ ਗੁਆਂਢੀ ਦੀ ਬੱਕਰੀ ਨੇ
ਬਰਫ਼ ਦੇ ਗੋਹੜੇ ਵਰਗਾ ਮੇਮਨਾ ਜੰਮਿਆ ਹੈ
ਅਤੇ ਸਾਡੇ ਵਿਹੜੇ 'ਚ ਜੰਮੀ ਬਰਫ਼ ਦੀ ਹਿੱਕ ਪਾੜ ਕੇ
ਘਾਹ ਦੀ ਇਕ ਤਿੜ ਉੱਗੀ ਹੈ (1983)

ਵ

ਮੋਬਾ : 98160-72297

*ਨਾਵਲ ਅੰਸ਼*

# ਬਸੰਤ 2005

## ਨੈਨ ਸੁੱਖ

ਅਨੁਵਾਦ : ਪਵਨ ਟਿੱਬਾ, ਨਿਰਮਲਜੀਤ

ਹੇਠਲਾ ਅਨੁਵਾਦ ਪਿਛਲੇ ਅੰਕ ਵਿਚ ਵੀ ਲੱਗਾ ਸੀ ਪਰ ਕੁਝ ਤਕਨੀਕੀ ਊਣਤਾਈਆਂ ਰਹਿ ਜਾਣ ਕਾਰਨ ਇਸ ਅਨੁਵਾਦ ਨੂੰ ਮੁੜ ਛਾਪ ਰਹੇ ਹਾਂ। –ਸੰਪਾਦਕ

◆ ◆ ◆

ਹਥਲਾ ਚੈਪਟਰ ਪਾਕਿਸਤਾਨ ਦੇ ਨਾਵਲਕਾਰ ਨੈਨ ਸੁਖ ਦੇ ਨਾਵਲ 'ਮਾਧੋ ਲਾਲ ਹੁਸੈਨ : ਲਹੌਰ ਦੀ ਵੇਲ' ਦਾ ਪਹਿਲਾ ਚੈਪਟਰ ਹੈ। ਇਸ ਨਾਵਲ ਨੂੰ ਢਾਹਾਂ ਸਾਹਿਤ ਇਨਾਮ ਵੱਲੋਂ 2015 ਵਿਚ ਸ਼ਾਹਮੁਖੀ ਦੀ ਸ਼੍ਰੇਣੀ ਵਿਚ ਦੂਜੇ ਇਨਾਮ ਨਾਲ ਸਨਮਾਨਿਆ ਜਾ ਚੁੱਕਾ ਹੈ। ਕੋਸ਼ਿਸ਼ ਇਹ ਹੈ ਕਿ ਇਸ ਨੂੰ ਅਨੁਵਾਦ ਨਾ ਕਰਕੇ ਕੇਵਲ ਲਿਪੀਅੰਤਰ ਕੀਤਾ ਜਾਵੇ ਤਾਂ ਜੋ ਨੈਨ ਸੁਖ ਦੀ ਲੇਖਣੀ ਅਤੇ ਪਾਕਿਸਤਾਨ ਵਿਚ ਲਿਖੀ/ਬੋਲੀ ਜਾ ਰਹੀ ਪੰਜਾਬੀ ਭਾਸ਼ਾ ਦਾ ਸਰੂਰ ਮਾਣਿਆ ਜਾ ਸਕੇ। ਇਸ ਯਤਨ ਵਿਚ ਇਕ ਪੰਜਾਬੀ ਪਾਠਕ (ਪੂਰਬੀ ਪੰਜਾਬ ਦੇ) ਨੂੰ ਇਸ ਲਿਪੀਅੰਤਰ ਵਿਚ ਸ਼ਬਦਜੋੜਾਂ ਦੀਆਂ ਗ਼ਲਤੀਆਂ ਨਜ਼ਰ ਆ ਸਕਦੀਆਂ ਹਨ ਪਰ ਲਿਪੀਅੰਤਰ ਕਰਦਿਆਂ ਇਸ ਨੂੰ ਧਿਆਨ ਵਿਚ ਰੱਖ ਕੇ ਹੀ ਇਹ ਕਾਰਜ ਕੀਤਾ ਜਾ ਰਿਹਾ ਹੈ। **-ਪਵਨ ਟਿੱਬਾ, ਨਿਰਮਲਜੀਤ**

ਸਾਜਨ ਦੇ ਹੱਥ ਡੋਰ ਅਸਾਡੀ, ਮੈਂ ਸਾਜਨ ਦੀ ਗੁੱਡੀ
ਨੀ ਅਸਾਂ ਆਉ ਖੇਡਾਂ ਲੁੱਡੀ

ਉਹਦਾ ਇਹ ਗਾਇਣ ਕੁਦਰਤ ਇੰਜ ਮਨਜ਼ੂਰ ਕੀਤਾ ਕਿ ਉਹ ਅਜੇ ਚੁੱਪ ਈ ਹੋਇਆ ਤੇ ਸੁਨੀਅਰ ਚਿੜੀ ਦੀ ਚੰਚਲ ਚੂਹਕ ਨੂੰ ਬੋਲ ਦਾਨ ਹੋਏ :

ਨੀ ਮਾਏ ਸਾਨੂੰ ਖੇਡਣ ਦੇ, ਮੇਰਾ ਵਤ ਖੇਡਣ ਕੌਣ ਆ ਸੀ।

ਵਾਰੀ ਨਾਲ ਵਾਰੀ ਦੇ ਕੇ ਸੁਰ ਵਿਚ ਸੁਰ ਰਲਾਂਦਿਆਂ ਉਪਰ ਹੇਠਾਂ ਉਡਦੀ ਛੀਟਕੀ ਜਿਹੀ ਛਟਾਕੀ ਵਾਅ ਨਾਲ ਡੋਲਦੇ ਜਿਹੜੇ ਬੂਟੇ ਤੇ ਬਵ੍ਹੇ ਉਹ ਨਿਓਂ ਜਾਵੇ। ਉਹਦੇ ਭੁੰਜੇ ਲੱਗਣ ਤੋਂ ਅਗਦੋਂ ਈ ਉਹ ਉਡਾਰੀ ਮਾਰੇ ਤੇ ਜਾ ਕਿਸੇ ਹੋਰ ਬੂਟੇ ਨੂੰ ਝੂਟਣ ਲੱਗ ਪਵੇ...ਸਾਵਲ ਉਪਰ ਖਿੰਡਿਆ ਪੀਲਾ ਰੰਗ, ਇਕ ਦੂਜੇ ਨਾਲ ਖੇਡਦੇ ਖਹਿੰਦੇ ਫੁੱਲ ਜਿਓਂ ਰੂਮ ਤੋਂ ਪੂਰੇ ਜੋਬਨ ਵਿਚ ਫਲੋਰਾ ਦੇਵੀ ਪੰਜਾਬ ਸਰਸਵਤੀ ਪੂਜਾ ਲਈ ਆਈ ਹੋਵੇ। ਏਸ ਰਸੀਲੇ ਮੌਸਮ ਦਾ ਹਮ ਨਾਮ ਪੂਰਵੀ ਠਾਠ ਦਾ ਸੰਪੂਰਨ ਰਾਗ ਉਹਦੇ ਚਿਤ ਵਿਚ ਲਹਿਰਿਆ, ਰਾਗ ਮਾਲਾ ਵਿਚ ਜਿਹਦਾ ਰੂਪ ਸੋਹਣਾ ਸੱਜਰਾ ਤੇ ਸਾਵਾ, ਜੋਗੀਏ ਜਾਮੇ ਵਿਚ ਮਸਤਿਆ ਮਹਿਬੂਬ...ਰੰਗ ਲਹਿਰਦੇ ਰਹੇ ਪਰ ਉਹਦੀਆਂ ਅੱਖਾਂ ਕਿਧਰੇ ਗਵਾਚ ਗਈਆਂ। ਚਿਰੋਕਣੇ ਫ਼ੌਤ ਹੋ ਗਏ ਲਾਲਾ ਜੀ ਲਹੌਰੀ ਉਹਦੇ ਕੰਨਾਂ ਵਿਚ ਬਸੰਤ ਦਿਹਾੜ ਦੀ ਵਧਾਈ ਦਿੱਤੀ, ਉਹ ਕੀ ਵੇਖਦਾ ਏ...ਸਰ੍ਹੋਂ ਦੀ ਪੈਲੀ ਲਹੌਰ ਸ਼ਹਿਰ ਬਣ ਖਲੋਤੀ, ਲਹੌਰੀਆਂ ਤੇ ਲਹੌਰਨਾਂ ਨੂੰ ਬਸੰਤ ਢੇਰ ਫੱਬੀ। ਹਰ ਬਾਹੀ ਬਸੰਤੀ ਚੁੰਨੀਆਂ, ਚੋਲੇ ਤੇ ਪੱਗਾਂ, ਅਜੇ ਕੱਲ ਈ ਤੇ ਭਰਾਵਾਂ ਭੈਣਾਂ ਨੂੰ ਮੇਲਾ ਦਿੱਤਾ। ਉਹਨੇ ਉੱਪਰ ਵੇਖਿਆ ਤੇ ਅਸਮਾਨੀਂ ਗੁੱਡੀਆਂ ਦੀ ਬਹਾਰ ਖਿੜੀ। ਸਾਹਵੇਂ ਮਹਾਰਾਜਾ ਰਣਜੀਤ ਸਿੰਘ ਤੇ ਰਾਣੀ ਮੋਰਾਂ 'ਗਜ ਰਜ' ਦੇ ਨਾਂ ਦੇ ਲਾਡਲੇ ਹਾਥੀ ਉੱਤੇ ਅਸਵਾਰ ਦਰਗਾਹ ਮਾਧੋ ਲਾਲ ਹੁਸੈਨ ਵੱਲੇ ਬਸੰਤ ਮਨਾਵਣ ਆ ਰਹੇ, ਪੂਰਾ ਲਹੌਰ ਗਾ ਰਿਹਾ :

ਰੁੱਤ ਆਈ ਬਸੰਤ ਬਹਾਰ ਦੀ
ਸਾਨੂੰ ਸਿੱਕ ਹੈ ਮਾਧੋ ਯਾਰ ਦੀ

ਲਾਲਾ ਜੀ ਲਹੌਰੀ ਨਾਲ ਉਸਤਾਦ ਫ਼ੀਕਾ ਵੀ ਰਲ ਗਿਆ...ਅੰਦਰੋਂ ਅੰਦਰ ਪ੍ਰੇਮ ਕਹਾਣੀਆਂ ਵਿਚ ਪਰੋਏ ਲਹੌਰ ਦੇ ਪੁਰਾਣੇ ਮਹੱਲੇ ਇਹ ਵੀ ਦੱਸ ਪਾਉਂਦੇ ਕਿ ਸ਼ਗਨਾਂ ਦਾ ਸਮਾਂ ਸੁਹਾਵੰਦਾ ਜਦੋਂ ਪਤੰਗ ਬਾਜ਼ ਦੀ ਵਹੁਟੀ ਦੀ ਮੂੰਹ ਦਿਖਾਲੀ ਹੁੰਦੀ। ਸੱਜਰੀ ਸੁਹਾਗਣ ਨਾਲ ਜੁੜ ਕੇ ਖਲੋਤਾ, ਪਤੰਗ ਬਾਜ਼ ਲਾੜਾ ਵਿਆਹ ਤੋਂ ਕੁਝ ਦਿਨ ਮਗਰੋਂ ਗੁੱਡੀ ਉਡਾਉਂਦਾ ਤੇ ਮਹੱਲੇ ਦਾਰ ਚਾਈਂ ਚਾਈਂ ਵਹੁਟੀ ਵੇਖਣ ਛੱਤਾਂ ਉੱਤੇ ਚੜ੍ਹ ਜਾਂਦੇ। ਘੁੰਡ ਪਿਛੋਂ ਕਦੀ ਕਦੀ ਕਿਸੇ ਅਜਿਹੇ ਮੁੱਖੜੇ ਦੀ ਵੀ ਦੀਦ ਹੋ ਜਾਂਦੀ ਜਿਹੜਾ ਆਸ਼ਕਾਂ ਦੀ ਈਦ ਹੋਵੇ। ਉਮਰਾਂ ਦੇ ਪੇਚੇ ਪੈਂਦੇ, ਇਹ ਚੰਨ ਬਾਰੀ ’ਚੋਂ ਝਾਕਦਾ ਰਵੇ, ਕਦੀ ਚਿੱਕ ਪਿਛੇ ਹੱਸਦਾ ਸੁਣੀਵੇ...ਰੋਜ਼ੀ ਰੋਟੀ ਲਈ ਸ਼ਹਿਰੋਂ ਬਾਹਰ ਲਹੌਰੀਆਂ ਦਾ ਬੁੱਤ ਈ ਜਾਂਦਾ, ਚਿਤ ਤੇ ਉਨ੍ਹਾਂ ਦਾ ਲਹੌਰ ਵਿਚ ਫਿਰਦਾ ਰਵੇ। ਈਦ ਤੇ ਉਹ ਪਾਕਿਸਤਾਨੋਂ ਬਾਹਰ ਵੀ ਪੜ੍ਹ ਲੈਂਦੇ ਪਰ ਬਸੰਤ ਦਾ ਸਵਾਦ ਆਪਣੇ ਸ਼ਹਿਰ ਵਿਚ ਈ, ਚਾਰਟਰ ਫਲਾਇਟਾਂ ਕਰਾ ਕੇ ਲਹੌਰ ਅਪੜਦੇ...ਸ਼ਾਹ ਆਲਮੀ ਬਾਹਰ, ਮੋਚੀ ਦਰਵਾਜ਼ੇ ਤੇ ਮਿੰਟੋ ਪਾਰਕ ਵਿਚ ਦੌੜਾਂ ਲਗਦੀਆਂ। ਬਿੱਲੀ, ਰਿੱਛ ਤੇ ਮੱਛੀ ਧਾਗੇ ਦੇ ਮਾਰਕੇ ਮਗਰੋਂ ਨਿਉਲਾ, ਜ਼ੈਬਰਾ, ਪਾਂਡਾ ਅਤੇ ਕੋਬਰਾ ਆਏ। ਪਰ ਧਾਗੇ ਦਾ ਨੰਬਰ ਵੇਖਣਾ ਵੀ ਜ਼ਰੂਰੀ 8, 10 ਤੇ 18 ਪਰ 10 ਨੰਬਰ ਦਾ ਧਾਗਾ ਸਭ ਤੋਂ ਪੱਕਾ ਪੀਢਾ ਗਿਣਿਆ ਜਾਵੇ। ਤਲਵਾਰ ਮਾਰਕਾ ਧਾਗੇ ਦੀ ਡੋਰ ਉੱਤੇ ਅੰਗਰੇਜ਼ਾਂ ਪਾਬੰਦੀ ਲਾ ਦਿੱਤੀ ਕਿਉਂ ਜੇ ਇਸ ਧਾਗੇ ਦੀ ਉਸਤਾਦ ਸੂਬੇ ਦੀ ਲਾਈ ਡੋਰ ਇਕ ਮੇਮ ਦੇ ਗਲ ਵਿਚ ਫਿਰ ਗਈ ਤੇ ਉਹਦਾ ਸਿਰ ਧੜ ਤੋਂ ਲਹਿ ਕੇ ਪਰ੍ਹਾਂ ਜਾ ਪਿਆ, ਪਰ ਬਸੰਤ ’ਤੇ ਪਾਬੰਦੀ ਨਾ ਲੱਗੀ...ਮੱਛੀ ਸਰੇਸ਼, ਚੌਲਾਂ ਦਾ ਆਟਾ ਤੇ ਪੀਠਿਆ ਸ਼ੀਸ਼ਾ ਰਲਾ ਕੇ ਮਾਂਝਾ ਤਿਆਰ ਹੁੰਦਾ। ਪਰ ਕਾਟ ਦੀ ਵਾਧੂ ਤਿਖ ਨੂੰ ਕੁਝ ਘਟਾਉਣ ਲਈ ਡੋਰ ਉੱਪਰ ਉਬਲਿਆ ਆਂਡਾ ਰਗੜਦੇ। ਕਾਗ਼ਜ਼ ਤੇ ਬਾਂਸ ਦੀ ਚੋਣ ਵੀ ਗੁਣ ਗਿਆਨ। ਕਾਗ਼ਜ਼ ਦੀ ਵੇਤਰ ਤੇ ਉਹਨੂੰ ਕਾਂਬ ਉੱਤੇ ਮੜ੍ਹਣਾ ਸੁਚੱਜੇ ਢੰਗ ਨਾਲ ਹੋਵੇ। ਕਾਂਬ ਕੱਟਣ ਤੋਂ ਪਹਿਲਾਂ ਬਾਂਸ ਸੁਕਾਇਆ ਜਾਏ, ਕਾਂਬ ਕੱਟ ਕੇ ਉਹਨੂੰ ਛਿੱਲਣਾ ਤੇ ਛਿੱਲ ਕੇ ਲਿਫਾਣਾ ਉਸਤਾਦਾਂ ਕੋਲੋਂ ਸਿੱਖਣਾ ਪਵੇ। ਲੇਵੀ ਲਈ ਨੀਲੇ ਥੋਥੇ ਤੇ ਮੈਦੇ ਦੀ ਲੋੜ। ਗੁੱਡੀ ਦੇ ਹੇਠਲੇ ਪਾਸੇ ਝਾਲਰ ਲੱਗਦੀ ਤੇ ਗੁੱਡੇ ਨੂੰ ਝਾਲਰ ਦੀ ਥਾਂ ਪੱਤਾ। ਗੁੱਡੇ ਦੇ ਦੋ ਸ਼ਹਿਤੀਰ ਤੇ ਪਤੰਗ ਦੇ ਚਾਰ। ਪਰ ਵੰਨ-ਸੁਵੰਨੇ ਗੁੱਡੇ ਤੇ ਪਤੰਗਾਂ ਕਿਸਮੋ ਕਿਸਮੀ। ਸੂਤਰ ਮੰਡੀ ਦਾ ਰੱਤੂ ਤੇ ਤੇਜ਼ਾਬ ਹਾਤੇ ਦਾ ਦੀਨਾ ਪਤੰਗਬਾਜ਼ੀ ਵਿਚ ਮਸ਼ਹੂਰ ਹੋਏ ਤੇ ਪਤੰਗ ਸਾਜ਼ ਵੀ। ਪਰੀ, ਪਤੰਗ, ਤੀਰੇ ਤੇ ਕੁੱਪ ਦੇ ਕਾਰੀਗਰ। ਦੀਨੇ ਤੇ ਹਮੇਸ਼ਾ ਪਤੰਗ ਬਾਜ਼ਾਂ ਨੂੰ ਪਿਛੇ ਲਾਈ ਰੱਖਿਆ...ਇਕ ਦਿਨ ਉਹਨੂੰ ਗੁੱਡੀ ਉਡਾਉਣ ਲਈ ਕੋਈ ਸਾਥ ਨਾ ਲੱਭਾ ਤੇ ਇਕਲਵਾਂਜੇ ਬੈਠੇ ਬੈਠੇ ਦਾ ਸਾਹ ਬੰਦ ਹੋ ਗਿਆ। ਜਨਾਜ਼ਾ ਮਿਆਨੀ ਸਾਹਿਬ ਕਬਰਸਤਾਨ ਵੱਲ ਜਾ ਰਿਹਾ। ਇਕ ਪਰੀ ਉੱਡਦੀ ਉੱਡਦੀ ਆਈ ਜਿਹਦੀ ਟੁੱਟੀ ਲਮਕਦੀ ਜਾਂਦੀ ਡੋਰ ਨੂੰ ਫੜਨ ਲਈ ਬਾਲ ਹੁੰਬਲੀਆਂ ਮਾਰ ਰਹੇ। ਕਲਮਾ ਸ਼ਹਾਦਤ ! ਉੱਚੀ ਵਾਜ਼ ਵਿਚ ਆਖ ਕੇ ਜਨਾਜ਼ੇ ਨਾਲ ਜਾਂਦੇ ਬੁੱਢੇ ਪਤੰਗਬਾਜ਼ਾਂ ਬਾਲਾਂ ਨੂੰ ਤਰਾਹਿਆ ਪਰ ਆਪ ਵੀ ਡੋਰ ਫੜਨ ਲਈ ਬੇਵਸ ਹੋ ਰਹੇ ਕਿਉਂ ਜੋ ਡੋਰ ਉਨ੍ਹਾਂ ਦੇ ਮੋਢਿਆਂ ਤੋਂ ਲੰਘ ਰਹੀ। ਜਦੋਂ ਡੋਰ ਦਾ ਸਿਰਾ ਮੁਰਦੇ ਤੋਂ ਸਰਕਿਆ, ਡਰ ਗਏ ਲੋਕ ਜਨਾਜ਼ਾ ਛੱਡ ਕੇ ਭੱਜ ਵਗੇ। ਦੀਨੇ ਕਫ਼ਨ ਪਾਇਆ ਹੋਇਆ ਤੇ ਪਰੀ ਉਡਾ ਰਿਹਾ। ਦੀਨੇ ਦਾ ਨਾਂ ਦੀਨਾ ਕਫ਼ਨੀ ਪੈ ਗਿਆ...ਲਹੌਰ ਵਿਚ ਰੱਤੂ, ਦੀਨੇ ਤੇ ਸੂਬੇ ਵਾਂਗੂੰ ਬੱਸਾ ਪਹਿਲਵਾਨ ਤੇ ਖੁਸ਼ੀਆ ਵੀ ਚੰਗੇ ਪਤੰਗਬਾਜ਼ ਧੁੰਮੇ। ਜਲਾਲਦੀਨ ਤੇ ਪੀਰ ਬਖ਼ਸ਼ ਉਸਤਾਦ ਜਿਨ੍ਹਾਂ ਦੀਆਂ ਜ਼ਿਦਾਂ ਮਸ਼ਹੂਰ ਹੋਈਆਂ। ਪੰਜੀ ਗਜ਼ੀਆਂ ਬਸੰਤੀ ਪੱਗਾਂ ਬੰਨ੍ਹ ਦੇ ਪਿੜ ਵਿਚ ਆਉਂਦੇ। ਜਿੱਤਦੇ ਕਦੀ ਹਰਦੇ, ਧੂਤੇ, ਢੋਲ ਤੇ ਪੀਪੇ ਵਜਦੇ ਰਹੇ। ਜਲਾਲਦੀਨ ਤੇ ਪੀਰ ਬਖ਼ਸ਼ ਜ਼ਿਦਾਂ ਵਿਚ ਆਪਣਾ ਸਭ ਕੁਝ ਲੁਟਾ ਬੈਠੇ, ਜਿਸ ਦਿਨ ਉਨ੍ਹਾਂ ਦੀ ਸੁਲਹ ਹੋਈ, ਉਨ੍ਹਾਂ ਦੇ ਸਿਰਾਂ ਉੱਤੇ ਪੱਗਾਂ ਕੋਈ ਨਾ। ਪਰ ਉਹ ਸ਼ਾਗਿਰਦਾਂ ਨੂੰ ਕੰਨੀ ਦੇਣ ਤੋਂ ਪੇਚ ਲੜਾਉਣ ਤਾਈਂ ਪਤੰਗਬਾਜ਼ੀ ਦੇ ਗੁਰ ਸਿਖਾਂਦੇ ਰਹੇ। ਕਿੱਥੇ ਢਿੱਲ ਦੇਣੀ, ਕਦੋਂ ਖਿੱਚਣਾ, ਪਤੰਗਾਂ ਏਡੀਆਂ ਉੱਚੀਆਂ ਚੜ੍ਹ ਜਾਣ ਕਿ ਦਿਸਣ ਨਾ, ਫੇਰ ਕਿਵੇਂ ਪੇਚ ਲੜਾਣਾ, ਇਹ ਸੀ ਜਲਾਲਦੀਨ ਤੇ ਪੀਰ ਬਖ਼ਸ਼ ਦੀ ਉਸਤਾਦੀ। ਜਿੱਤਣ ਵਾਲੇ ਗੁੱਡੇ ਦਿਉ ਤੇ ਗੁੱਡੀਆਂ ਪਰੀਆਂ, ਬੈਠਕਾਂ ਵਿਚ ਕੰਧਾਂ ’ਤੇ ਟੰਗ ਜਾਂਦੇ ਜਿਹਨਾਂ ਉੱਤੇ ਸੋਨੇ ਚਾਂਦੀ ਦੇ ਹਾਰ ਚੜ੍ਹਦੇ...।

○ ○ ○

ਇਹ ਕਹਾਣੀਆਂ ਕਦੀ ਉਸਤਾਦ ਫ਼ੀਕੇ ਤੇ ਲਾਲਾ ਜੀ ਲਹੌਰੀ ਸੁਣਾਈਆਂ, ਮਗਰੋਂ ਜੋ ਹੋਇਆ ਉਹ ਤੇ ਹੁਸੈਨ ਦੇ

ਸਾਹਮਣੇ, ਜਦੋਂ ਨਵਦੌਲਤੀਏ ਮੈਦਾਨ ਵਿਚ ਕੁਦ ਪਏ। ਸੁਖਾਵੀਂ ਸਿਧਾੜ ਜਿਹੀ ਖੁਸ਼ੀ ਹੋਛੀ ਹੋ ਗਈ। ਖੱਪ ਖਾਬੇ ਦਾ ਖਰਚਾ ਵਧਿਆ। ਸੱਜਰੀ ਸਵੇਰੇ ਸ਼ੁਰੂ ਹੋਣ ਵਾਲੀ ਬਸੰਤ ਦਿਹਾੜ ਨਾਲ ਬਸੰਤ ਨਾਈਟ ਵੀ ਰਲ ਗਈ। ਪੌਂਦ ਤੇ ਕਾਗ਼ਜ਼ੀ ਲਾਲਟੈਨ ਈ ਅਸਮਾਨੀ ਚੜ੍ਹੀ ਮਗਰੋਂ ਸਰਚ ਲਾਈਟਾਂ ਵਿਚ ਗੁੱਡੀਆਂ ਉੱਡੀਆਂ, "ਬੋ ਕਾਟਾ।" ਅਲਾਵਣ ਵਾਲੇ ਨੱਚ ਟੱਪ ਕੇ ਝੱਲੇ ਹੋਵਣ, ਡੈੱਕ ਤੇ ਟੇਪ ਰਿਕਾਰਡਰ ਦੇ ਸਪੀਕਰਾਂ ਦੀ ਧਮਕ ਨਾਲ ਉੱਚੀਆਂ ਛੱਤਾਂ ਕੰਬਣ। ਉੱਤੋਂ ਸ਼ੁਰਲੀਆਂ, ਪਟਾਕੇ, ਕਰੈਕਰ, ਧਮਾਕੇ। ਖੇਡ ਘੱਟ, ਤਮਾਸ਼ਾ ਵਾਧੂ। ਅਸਮਾਨੀ ਹਵਾਂ ਪਾਟੇ ਤੇ ਉਹਦੇ ਚੰਗਿਆੜਿਆਂ ਉਹਲੇ ਗੁੱਡੀ ਲੁਕ ਜਾਏ। ਸ਼ਰਾਬੀ ਤਮਾਸ਼ਬੀਨਾਂ ਦੀ ਅੰਨ੍ਹੇਵਾਹ ਫਾਈਰਿੰਗ, ਵੇਖ ਰਹਿਆਂ ਦੇ ਕੰਨਾਂ ਉੱਤੇ ਹੱਥ ਤੇ ਆਨੇ ਅੱਡ ਹੋਏ। ਕਦੀ ਸਬਜ਼ ਚਾਹ ਤੇ ਹਲਵਾ ਪੂੜੀ ਬਸੰਤ ਦੀ ਸੌਗਾਤ। ਹੁਣ ਉਹ ਬਸ ਸਵੇਰ ਦਾ ਖਾਜਾ, ਰਾਤ ਨੂੰ ਬਾਰਬੀਕਿਊ, ਕੀਮੇ ਵਾਲੇ ਨਾਨ, ਨਿਹਾਰੀ, ਪਾਵੇ ਤੇ ਕਟਾਕਟ। ਬਸੰਤ ਨਾਈਟ ਫੂਡ ਮੇਲਾ ਹੋਇਆ। ਤੰਦੀ, ਤਾਰ ਤੇ ਕੈਮੀਕਲ ਵਾਲੀ ਡੋਰ ਆ ਗਈ। ਪਹਿਲਾਂ ਗੁੱਡੀਆਂ ਉਡਾਂਦੇ ਲੋਕ ਛੱਤਾਂ ਤੋਂ ਡਿੱਗ ਕੇ ਫੱਟੜ ਹੁੰਦੇ, ਇਹ ਵੀ ਇਕ ਸ਼ੁਗਲ, ਹੁਣ ਡੋਰ ਖ਼ੂਨੀ ਹੋ ਗਈ। ਕਈਆਂ ਨੂੰ ਮੁਕਾਬਲੇ ਬਾਜ਼ੀ ਵਿਚ ਗੋਲੀ ਵੀ ਲੱਗ ਜਾਂਦੀ ਤੇ ਫੇਰ ਦੁਸ਼ਮਣੀ ਚੱਲ ਸੋ ਚੱਲ...ਬਸੰਤ, ਪ੍ਰੋਡਕਟ ਦੀ ਪ੍ਰੋਮੋਸ਼ਨ ਦਾ ਵਸੀਲਾ ਬਣੀ, ਮਲਟੀਨੈਸ਼ਨਲ ਕੰਪਨੀਆਂ ਵਲੋਂ ਮੇਨ ਰੋਡਾਂ ਦੇ ਚੌਕਾਂ ਵਿਚ ਵੱਡੀਆਂ ਤੋਂ ਵੱਡੀਆਂ ਪਤੰਗਾਂ ਲੱਗਣ, ਪਤੰਗਾਂ ਕੀ ਪੂਰਾ ਪੂਰਾ ਇਸ਼ਤਿਹਾਰ। ਥਾਂ ਥਾਂ ਡੋਰਾਂ ਦੇ ਪਿੰਨੇ ਤੇ ਗੁੱਡੇ ਗੁੱਡੀਆਂ ਦੀ ਬਹਾਰ, ਪੂਰੇ ਲਹੌਰ ਵਿਚ ਰੌਣਕ ਮੇਲਾ...ਪਰ ਐਤਕੀਂ ਕੀ ਹੋਇਆ ਕਿ ਸਾਰਾ ਵਰ੍ਹਾ ਬਸੰਤ ਦਿਹਾੜ ਨੂੰ ਉਡੀਕਣ ਵਾਲੇ ਗੁੱਡੀਆਂ ਲੁੱਟਣ ਲਈ ਉੱਚੇ ਢਾਂਗੇ ਫੜ ਕੇ ਚਾਈਂ ਚਾਈਂ ਘਰੋਂ ਨਿਕਲੇ, ਪਰ ਗ਼ਰੀਬ ਸ਼ਿਕਾਰੀਆਂ ਪਿੱਛੇ ਪੁਲਸ ਲੱਗ ਗਈ। ਹੁਸੈਨ ਮਨਖੀ ਕੇ ਅਮੀਰਾਂ ਲਈ ਖ਼ੁਸ਼ੀਆਂ ਦੇ ਲੱਖ ਵਸੀਲੇ, ਉਨ੍ਹਾਂ ਨੂੰ ਕੀ, ਆਤਿਸ਼ਬਾਜ਼ੀ ਖ਼ਤਰਨਾਕ ਹੋਈ ਤੇ ਸ਼ਬਰਾਤ ਪਰਹੇਜ਼ਗਾਰ ਹੋ ਕੇ ਮਸੀਤੇ ਵੜ ਗਈ। ਵਪਾਰੀਆਂ ਚਾਂਦ ਰਾਤ ਨੂੰ ਕਾਰੋਬਾਰ ਬਣਾ ਲਿਆ। ਬਸੰਤ ਬੰਦ ਕੀ ਹੋਈ, ਜਸ਼ਨ-ਏ-ਬਹਾਰਾਂ ਦੇ ਠੇਕੇਦਾਰ ਪੈਸਾ ਕਮਾ ਰਹੇ...2000 ਵਿਚ ਸਰਕਾਰ ਦੀ ਛਤਰ ਛਾਵੇਂ ਬਸੰਤ ਦਾ ਜਸ਼ਨ ਹੋਇਆ, ਉਸ ਤੋਂ ਬਾਅਦ ਈ ਬਾਹਲੀ ਖ਼ਰਾਬੀ ਹੋਈ। ਮਾਰਸ਼ਲ ਲਾਅ ਐਡਮਿਨਸਟਰੇਟਰ ਲਿਬਰਲ ਮਾਡਰੇਸ਼ਨ ਦੇ ਜਰਨੈਲੀ ਹੁਕਮ ਨਾਲ 20 ਵਰ੍ਹੇ ਪਹਿਲਾਂ ਲੱਗੀਆਂ ਮਾਰਸ਼ਲਾਈ ਇਸਲਾਮੀ ਪਾਬੰਦੀਆਂ ਦਾ ਉਲਾਮਾ ਲਾਹੁਣਾ ਚਾਹਿਆ, ਪਰ ਏਥੇ ਸਰਕਾਰ ਅਵਾਮ ਦੀ ਖ਼ੁਸ਼ੀ ਵਿਚ ਖ਼ੁਸ਼ ਕਿੱਥੇ, ਸਾਂਝ ਦਾ ਸੁਖਾਅ ਕੀਹਨੂੰ ਜਿਵੇਂ ਮਹਿਬੂਬ ਉਲਹੱਕ ਦੇ ਦਾਦਾ ਜੀ ਲਿਖਿਆ...

ਜਨਵਰੀ 1901 ਦੀ ਗੱਲ, ਲਹੌਰ ਵਿਚ ਸਰਕਾਰੀ ਦੇਸੀ ਅਫ਼ਸਰਾਂ ਤੇ ਰਈਸਾਂ ਕਾਈਟ ਫਲਾਇੰਗ ਲਈ ਰਾਈਜ਼ਿੰਗ ਕਲੱਬ ਬਣਾਈ। ਬਸੰਤ ਤੋਂ ਪਹਿਲਾਂ ਹਿੰਦੂ ਮੈਂਬਰਾਂ ਵਿਚ "ਹਕੀਕਤ ਕੀ ਹਕੀਕਤ" ਸਿਰਨਾਵੇਂ ਦੀ ਹਿੰਦੀ ਵਿਚ ਲਿਖੀ ਇਕ ਲਿਖਤ ਵਰਤਾਈ ਗਈ ਜਿਹਦੇ ਵਿਚ ਹਕੀਕਤ ਸਿੰਘ, ਰਾਏ ਹਕੀਕਤ ਮੱਲ ਸ਼ਹੀਦ ਲਿਖੀਚਾ। ਬਸੰਤ ਪੰਚਮੀ ਨੂੰ ਉਹਦੀ ਸ਼ਹਾਦਤ ਦਾ ਦਿਹਾੜਾ ਆਖ ਕੇ ਇਹਨੂੰ ਹਿੰਦੂ ਧਰਮ ਦਾ ਤਿਉਹਾਰ ਮਿਥਿਆ ਗਿਆ। ਪਰ ਬਾਵੇ ਦੀ ਮੜ੍ਹੀ ਦਾ ਦੀਵਾ ਲਹੌਰੀਏ ਬਾਲਦੇ ਈ ਰਹੇ, ਉਨ੍ਹਾਂ ਇਹ ਕਿੱਸਾ ਸੁਣਿਆ ਹੋਇਆ...ਸਿਆਲਕੋਟ ਵਿਚ ਭਾਗ ਮੱਲ ਦਾ ਇਕ ਹਿੰਦੂ ਖੱਤਰੀ ਹੋਇਆ, ਉਹਦੇ ਘਰ ਪੁੱਤਰ ਜੰਮਿਆ ਜਿਹਦਾ ਨਾਂ ਉਸ ਹਕੀਕਤ ਮੱਲ ਰੱਖਿਆ। ਹਕੀਕਤ ਮੱਲ ਦੇ ਨਾਨਕੇ ਸਿੱਖ ਜਿਥੇ ਉਹਦਾ ਬੜਾ ਜੀ ਲੱਗੇ ਕਿਉਂ ਜੇ ਉਥੇ ਹਰ ਵੇਲੇ ਸਿੰਘਾਂ ਦਾ ਬਲੀਦਾਨ ਪ੍ਰਚਾਰਿਆ ਜਾਵੇ। ਦੋਹਤਰਾ ਵੀ ਬਲੀ ਚੜ੍ਹਨ ਲਈ ਹਕੀਕਤ ਸਿੰਘ ਹੋ ਗਿਆ। ਨਾਨਕਿਆਂ ਤੇ ਵਿਗੜੇ ਨੂੰ ਭਾਗ ਮੱਲ ਫ਼ਾਰਸੀ ਪੜ੍ਹਨ ਲਈ ਮਦਰੱਸੇ ਜਾ ਭਰਤੀ ਕਰਾਇਆ ਜਿਥੇ ਸਿਵਾ ਉਹਦੇ ਸਾਰੇ ਮੁਸਲਮਾਨ। ਬਾਲਾਂ ਗ਼ੈਰ ਮੁਸਲਮਾਨ ਦੀ ਛੇੜ ਬਣਾ ਲਈ ਤੇ ਉਨ੍ਹਾਂ ਦੇਵੀ ਮਾਤਾ ਨੂੰ ਪੁਣਿਆ। ਹਕੀਕਤ ਸਿੰਘ ਦਾ ਤੇ ਅੱਗੇ ਈ ਖ਼ੂਨ ਜਰਲਾ ਰਹਿਆ। ਉਹਨੇ ਬੀਬੀ ਪਾਕ ਦੀ ਬੇਅਦਬੀ ਕੀਤੀ। ਜਿਹਨੇ ਸੁਣਿਆ ਉਹਨੇ ਕੰਨਾਂ ਨੂੰ ਹੱਥ ਲਾਏ। ਮਦਰੱਸ ਹਕੀਕਤ ਸਿੰਘ ਨੂੰ ਮਾਰਦਾ ਕੁੱਟਦਾ ਜ਼ਿਲਾਦਾਰ ਅਮੀਰ ਬੇਗ ਕੋਲ ਲੈ ਗਿਆ। ਕਾਜ਼ੀ ਅੱਗੇ ਮੁਕੱਦਮਾ ਪੇਸ਼ ਹੋਇਆ ਜਿਹਨੇ ਬਾਰ੍ਹਾਂ ਵਰ੍ਹਿਆਂ ਦੇ ਹਕੀਕਤ ਸਿੰਘ ਨੂੰ ਤੌਹੀਨ-ਏ-ਰਸਾਲਤ ਦੇ ਜੁਰਮ ਵਿਚ ਮੌਤ ਦੀ ਸਜ਼ਾ ਦਿੱਤੀ। ਬੰਦੀਵਾਨ ਮੁਜਰਿਮ ਦੀ ਮਾਤਾ ਦੁਰਗਾ ਤੇ ਧਰਮ ਪਤਨੀ ਲਕਸ਼ਮੀ ਦਾ ਵਿਰਲਾਪ ਦੂਰ ਦੁਰਾਡੇ ਸੁਣੀਵਿਆ ਜਿਹਦੇ ਬਾਰੇ ਕਿਸਯਾਰ ਅਗਰਾ ਦਾ ਲਿਖਿਆ ਕਿੱਸਾ ਮਸ਼ਹੂਰ ਹੋਇਆ। ਹੋਰ ਵੀ ਬਥੇਰੇ ਜੱਸ, ਸੋਹਲੇ ਵੈਣ ਤੇ ਵਾਰਾਂ ਜੁੜੇ। ਲਹੌਰ ਵਿਚ ਭੈਣਾਂ ਹਕੀਕਤ ਸਿੰਘ ਨੂੰ ਮਾਣ ਨਾਲ ਵੀਰ ਆਖਿਆ ਤੇ ਮਾਵਾਂ ਲਈ ਉਹ ਅੱਲੜ ਬੱਲੜ ਬਾਵਾ। ਪਿਉ ਉਹਦਾ ਭਾਗ ਮੱਲ ਐਮਨਾਬਾਦ ਦੇ ਹਿੰਦੂ ਖੱਤਰੀ ਫ਼ੌਜਦਾਰ ਜਸਪਤ ਰਾਏ ਅੱਗੇ

ਜਾ ਫਰਿਆਦੀ ਹੋਇਆ। ਜਸਪਤ ਰਾਏ ਭਾਗ ਮੱਲ ਦਾ ਸਿਫ਼ਾਰਸ਼ੀ ਬਣਿਆ ਤੇ ਉਹਦੇ ਭਰਾ ਲੱਖਪਤ ਰਾਏ, ਜਿਹੜਾ ਲਹੌਰ ਦਾ ਦੀਵਾਨ, ਸੂਬੇਦਾਰ ਨਾਇਬ ਜ਼ਕਰੀਆ ਖਾਨ ਅੱਗੇ ਰਹਿਮ ਦੀ ਅਪੀਲ ਕੀਤੀ। ਇਹ ਵਾਕਿਆ 1724 ਦਾ ਜਦੋਂ ਸਿੱਖਾਂ ਨੂੰ ਮਾਰਨ ਲਈ ਬਥੇਰੇ ਧਰਮੀ ਹਿੰਦੂ ਮੁਗ਼ਲ ਹਾਕਮਾਂ ਦੇ ਭਾਈਵਾਲ ਬਣੇ। ਹਕੀਕਤ ਸਿੰਘ ਲਹੌਰ ਦੇ ਕਾਜ਼ੀ ਅੱਗੇ ਪੇਸ਼ ਹੋਇਆ, ਉਹਦੇ ਅੱਗੇ ਚੋਣ ਰੱਖੀਵਨੇਂ ਕਿ ਜਾਂ ਉਹ ਮੁਸਲਮਾਨ ਹੋ ਕੇ ਤੌਹੀਨ-ਏ-ਰਸਾਲਤ ਸਜ਼ਾ ਤੋਂ ਬਚ ਜਾਏ ਤੇ ਜਾਂ ਉਹਦੀ ਮੌਤ ਅਟੱਲ। ਹਕੀਕਤ ਸਿੰਘ ਬੋਲਿਆ, ਸਾਰੇ ਮਾਣਯੋਗ ਨੇ, ਨਹੀਂ ਤੇ ਕੋਈ ਵੀ ਮਹਾਨ ਨਹੀਂ। ਇਹ ਆਖ ਕੇ ਉਸ ਨੇ ਹੱਸਦਿਆਂ ਹੋਇਆਂ ਸੂਲੀ ਚੁੰਮ ਲਈ। ਲਹੌਰੀਏ ਉਹਦੇ ਸਦਕੇ ਵਾਰੀ ਗਏ ਤੇ ਉਨ੍ਹਾਂ ਉਹਦੀ ਅਰਥੀ ਸਿਆਲਕੋਟ ਨਾ ਜਾਣ ਦਿੱਤੀ। ਏਥੇ ਈ ਉਹਦੀ ਸਮਾਧ ਬਣੀ ਜਿਹੜੀ "ਬਾਵੇ ਦੀ ਮੜ੍ਹੀ" ਦੇ ਨਾਂ ਨਾਲ ਧੁੰਮੀ। ਇਲਾਕਾ ਖੋਜੇ ਸ਼ਾਹ ਤੇ ਮਹੱਲਾ ਕੋਟ ਖਵਾਜ਼ਾ ਸੱਯਦ। ਏਥੇ ਹਰ ਵਰ੍ਹੇ ਉਹਦੀ ਸ਼ਹਾਦਤ ਦੇ ਦਿਹਾੜੇ ਦੂਰੋਂ ਦੂਰੋਂ ਮਕਾਣਾਂ ਆਉਂਦੀਆਂ, ਸਭ ਤੋਂ ਵੱਡੀ ਡਾਰ ਹਕੀਕਤ ਸਿੰਘ ਦੇ ਪੇਕੇ ਸ਼ਹਿਰੋਂ ਆਵੇ। ਏਥੋਂ ਫੂਹੜੀ ਚੁੱਕ ਕੇ ਸੋਗੀ ਬਸੰਤ ਦੇ ਮੇਲੇ ਲਈ ਦਰਗਾਹ ਮਾਧੋ ਲਾਲ ਹੁਸੈਨ ਟੁਰ ਜਾਂਦੇ। ਵੇਲਾ ਲੰਘਦਾ ਰਿਹਾ, ਲਹੌਰੀਆਂ ਨੂੰ ਖਾਣ-ਪੀਣ ਦਾ ਪੱਜ ਚਾਹੀਦਾ, ਬਾਵੇ ਦੀ ਮੜ੍ਹੀ ਉੱਤੇ ਜਿਥੇ ਸੋਗੀ ਪਰਚਦੇ, ਉਥੇ ਸਿਆਲਕੋਟ ਦੇ ਪੋਲੇ ਗੰਨੇ ਦੀਆਂ ਗਨੇਰੀਆਂ ਢੇਰ ਵਿਕਦੀਆਂ। ਮਿਲਖੀ ਰਾਮ ਦਾ ਗਾਉਣ ਹਰ ਕੋਈ ਗਾਂਦਾ ਫਿਰੇ, "ਮੁੰਡਾ ਸਿਆਲਕੋਟੀਆ ਧਰਮ ਦਾ ਪਾਲਣਹਾਰ ਹੋਇਆ..." 1852 ਵਿਚ ਮਿਸਟਰ ਪਿਆਰੇ ਲਾਲ ਆਸ਼ੋਬ ਦਿੱਲੀ ਤੋਂ ਲਹੌਰ ਆ ਕੇ ਅੰਗਰੇਜ਼ ਸਰਕਾਰ ਵਲੋਂ ਪੰਜਾਬ ਬੁੱਕ ਡਿਪੂ ਖੋਲ੍ਹਿਆ। ਉਹਦੀ ਪ੍ਰਧਾਨਗੀ ਵਿਚ ਇਕ ਬੈਠਕ ਹੋਈ ਜਿਹੜੇ ਵਿਚ ਨਾਇਬ ਤਹਿਸੀਲਦਾਰ ਅਯੋਧਿਆ ਪ੍ਰਸ਼ਾਦ ਰਾਇ ਦਿੱਤੀ ਕਿ ਬਸੰਤ ਦਾ ਮੇਲਾ ਜਿਹੜਾ ਦਰਗਾਹ ਮਾਧੋ ਲਾਲ ਹੁਸੈਨ 'ਤੇ ਲੱਗਦਾ, ਉਹ ਰਾਏ ਹਕੀਕਤ ਮੱਲ ਸ਼ਹੀਦ ਦੀ ਸਮਾਧ ਉੱਤੇ ਲੱਗਿਆ ਕਰੇ। ਵੱਛੋ ਵਾਲੀ, ਮੱਛੀ ਹੱਟਾ, ਤਲਵਾੜਾ, ਸ਼ਾਹ ਆਲਮੀ, ਡੱਬੀ ਬਾਜ਼ਾਰ, ਕਸੇਰਾ ਬਾਜ਼ਾਰ ਤੇ ਮੋਤੀ ਬਾਜ਼ਾਰ 'ਚੋਂ ਹਿੰਦੂਆਂ ਪੈਸੇ ਇਕੱਠੇ ਕੀਤੇ ਤੇ ਹਕੀਕਤ ਰਾਏ ਦੀ ਨਵੀਂ ਸਮਾਧ ਬਣੀ, ਉਥੇ ਬਸੰਤ ਦਾ ਮੇਲਾ ਵੀ ਲੱਗਣ ਲੱਗ ਪਿਆ ਪਰ ਸਾਂਝ ਦਾ ਸੀਰ ਸਵਾਦ ਕਹਾਣੀ ਹੁੰਦਾ ਗਿਆ। 1920 ਵਿਚ ਗੁਰਦਵਾਰਿਆਂ ਅੰਦਰ ਗਵਰਨਰ ਪੰਜਾਬ ਦੇ ਲਾਏ ਉਦਾਸੀ ਮਹੰਤਾਂ ਦੇ ਖ਼ਿਲਾਫ਼ ਗੁਰਦਵਾਰਾ ਸੁਧਾਰ ਲਹਿਰ ਚੱਲੀ ਤੇ ਗੁਰੂ ਸ੍ਰੀ ਸਿੰਘ ਸਭਾ ਵਲੋਂ ਉਸੇ ਵਰ੍ਹੇ ਬਸੰਤ ਦਿਹਾੜ ਰਾਜਗੜ੍ਹ, ਕ੍ਰਿਸ਼ਨ ਨਗਰ ਤੇ ਸੰਤ ਨਗਰ ਦੇ ਕੁਝ ਸਿੱਖ ਗਵਾਲਮੰਡੀ ਇਕੱਠੇ ਹੋਏ ਤੇ ਉਨ੍ਹਾਂ ਗੁਰੂਮਾਂਗਟ ਜਾ ਆਪਣਾ ਵੱਖਰਾ ਮੇਲਾ ਲਾਇਆ। ਪਰ ਲਹੌਰੀਆਂ ਨੂੰ ਆਪਣੀ ਅਸਲ ਪੁਰਾਣੀ ਥਾਂ, ਦਰਗਾਹ ਮਾਧੋ ਲਾਲ ਹੁਸੈਨ ਦਾ ਬਸੰਤ ਮੇਲਾ ਹੁਣ ਵੀ ਚੇਤੇ ਜਿਥੇ ਜੇ ਸਿੱਖ ਪੰਘੂੜਾ ਗੇੜ ਰਿਹਾ, ਮੁਸਲਮਾਨ ਮਿੱਟੀ ਦੇ ਖਿਡੌਣੇ ਵੇਚੇ। ਜੇ ਹਿੰਦੂ ਕਤਲੰਮੇ ਤਲ ਰਿਹਾ, ਵਾਲਮੀਕੀ ਧੂੜ ਨੂੰ ਬਹਾਣ ਲਈ ਤਰੋਂਕਾ ਕਰੇ।

○ ○ ○

ਸਰ੍ਹੋਂ ਦੀ ਪੈਲੀ, ਬੰਨੇ ਤੇ ਖਲੋਤੇ ਹੁਸੈਨ ਨੂੰ ਮਹਿਰ ਜੀ ਦਾ ਖੂਹ ਚੇਤੇ ਆ ਗਿਆ, ਜਿਹਦੀ ਥਾਂ ਲਾਲਾ ਜੀ ਲਹੌਰੀ ਹੁਸੈਨ ਨੂੰ ਇਹ ਦੱਸਦਿਆਂ ਵਿਖਾਈ ਕਿ ਦਰਗਾਹ ਮਾਧੋ ਲਾਲ ਹੁਸੈਨ ਉੱਤੇ ਲੋਕਾਈ ਨੂੰ ਪਾੜਨ ਦਾ ਜਤਨ ਹੋਇਆ, ਕਿਉਂ ਜੇ ਰਾਜ ਸਰਕਾਰ ਚਿਰੋਕਾ ਲੋਕ ਸੁੱਖ ਲਹਿਰਾਂ ਨੂੰ ਗੰਧਾਲਿਆ, ਪਰ ਇੰਡੀਅਨ ਨੈਸ਼ਨਲ ਕਾਂਗਰਸ ਤੇ ਆਲ ਇੰਡੀਆ ਮੁਸਲਮ ਲੀਗ ਦੇ ਸਿਆਸੀ ਪਿੜ ਲਹੌਰ ਵਿਚ ਭਖੇ ਕੋਈ ਨਾ। 1935 ਵਿਚ ਬਸੰਤ ਤੋਂ ਤਿੰਨ ਮਹੀਨੇ ਅਗਦੋਂ ਮਹਿਰ ਕਰਮ ਬਖ਼ਸ਼ ਦੇ ਪੁੱਤਰ ਮਹਿਰ ਜੀਵਨ ਉਰਫ਼ ਮਹਿਰ ਜੀ ਦੇ ਖੂਹ ਲਾਗੇ ਬੇਨਾਮ ਢੇਰੀ ਉੱਤੇ ਲਾਲ ਬਾਤਸ਼ਾਹ ਉੱਗ ਪਿਆ। ਗਿਣ ਮਿਥ ਕੇ ਹਿਸਾਬ ਲਗਾ, ਬਸੰਤ ਦਿਹਾੜਾ ਲਾਲ ਬਾਤਸ਼ਾਹ ਦਾ ਜਨਮ ਦਿਨ ਹੁੱਲ ਗਿਆ। ਕੁਝ ਈ ਦਿਨਾਂ ਵਿਚ ਦਰਗਾਹ ਉਸਰ ਗਈ, ਇਹ ਬਸੰਤ ਦਾ ਸਰਕਾਰੀ ਮੇਲਾ। ਨੂਰ ਪੁਰ ਸਕੀਮ ਮਨਜ਼ੂਰਸ਼ੁਦਾ ਵਿਚ ਨਵੀਂ ਨਵੀਂ ਬਿਜਲੀ ਮਨਜ਼ੂਰ ਹੋਈ, ਜਿਹੜੇ ਪੁੱਜਦੇ, ਉਨ੍ਹਾਂ ਕੁਨੈਕਸ਼ਨ ਲਈ ਦਰਖਾਸ ਦਿੱਤੀ ਹੋਈ, ਉਹ ਇਸ ਸਰਕਾਰੀ ਬਸੰਤ ਵਿਚ ਜ਼ਰੂਰ ਹਾਜ਼ਰ ਹੋਏ, ਜਿਥੇ ਆਲ ਦਵਾਲੇ ਸੜਕਾਂ ਪੱਕੀਆਂ ਕਰਨ ਲਈ ਇੱਟਾਂ ਦੇ ਢੇਰ ਲੱਗੇ। ਬਹੁਤ ਸਾਰੇ ਕੱਚੇ ਘਰਾਂ ਵਾਲੇ ਦਰਗਾਹ ਮਾਧੋ ਲਾਲ ਹੁਸੈਨ ਤੇ ਬਸੰਤ ਮਨਾ ਕੇ ਪਰਤਦਿਆਂ ਇਥੋਂ ਇੱਟਾਂ ਜ਼ਰੂਰ ਲੁੱਟਣ ਆਏ। ਇਹ ਸਰਕਾਰੀ ਮੇਲਾ ਲਵਾਣ ਲਈ ਜਿਨ੍ਹਾਂ ਦੀ ਵੇਲ ਹੋਕੀ ਗਈ, ਉਹ ਲਹੌਰ ਮਿਊਂਸਪਲਟੀ ਦਾ ਓਵਰਸੀਅਰ ਬਾਊ ਅਬਦੁਲ ਅਜ਼ੀਜ਼, ਕਮਿਸ਼ਨ ਏਜੰਟ ਮੀਆਂ ਤੁਫ਼ੈਲ ਬੀ.ਏ. ਗੌਰਮਿੰਟ ਕੰਟਰੈਕਟਰ ਜਿਹਦਾ ਦਫ਼ਤਰ ਬੈਰੂਨ ਅਕਬਰੀ ਦਰਵਾਜ਼ੇ, ਹਨੀਫ਼ਾ ਪਹਿਲਵਾਨ ਜਿਹਦਾ ਅਖਾੜਾ ਦਰਗਾਹ ਲਾਲ

ਬਾਤਸ਼ਾਹ ਦੇ ਨੇੜੇ ਈ ਪਰ ਹੁਣ ਉਹ ਪਹਿਲਵਾਨੀ ਨਾ ਕਰਦਾ, ਉਹਨੂੰ ਲਾਲ ਖੂਹ ਅੰਦਰੂਨ ਮੋਚੀ ਦਰਵਾਜ਼ੇ ਦੇ ਮੁਖਤਾਰ ਕੋਕੀਨ ਵਾਲੇ ਆਪਣੇ ਧੰਦੇ ਵਿਚ ਬਦਮਾਸ਼ੀ ਲਈ ਰੱਖਿਆ ਹੋਇਆ , ਭੋਏਂ ਮਹਿਰ ਜੀ ਦੀ ਕੰਮ ਆਈ, ਜਿਹੜੀ ਉਨ੍ਹਾਂ ਰਾਜ਼ੀ ਖੁਸ਼ੀ ਦਿੱਤੀ। ਖੂਹ ਉਹਨਾਂ ਦਾ ਨੂਰਪੁਰ ਦੀ ਹੱਦ ਉੱਤੇ ਜਿਥੋਂ ਉਹ ਕੱਚੀ ਸੜਕ ਲੰਘੇ ਜਿਹੜੀ ਨੂਰਪੁਰੋਂ ਦਰਗਾਹ ਮਾਧੋ ਲਾਲ ਹੁਸੈਨ ਨੂੰ ਜਾਵੇ। ਬਸੰਤ ਦਾ ਮੇਲਾ ਲੱਗਦਾ ਤੇ ਮਹਿਰ ਜੀ ਦੀਆਂ ਪੈਲੀਆਂ ਉਜੜਦੀਆਂ, ਮੇਲੇ ਆਈਆਂ ਲਹੌਰਨਾਂ ਚਾਹ ਮੀਰਾਂ ਦੇ ਪਿਛਵਾੜਿਓਂ ਇਧਰੋਂ ਲੰਘਦਿਆਂ ਸਰ੍ਹੋਂ ਦੀਆਂ ਗੰਦਲਾਂ ਜ਼ਰੂਰ ਤੋੜਦੀਆਂ। ਡਾਰਾਂ ਦੀਆਂ ਡਾਰਾਂ ਨੂੰ ਮਹਿਰ ਜੀ ਕਿਵੇਂ ਰੋਕ ਸਕਦੇ, ਇਹ ਭੋਏਂ ਸਰਕਾਰੀ ਸਕੀਮ ਵਿਚ ਦੇ ਕੇ ਉਨ੍ਹਾਂ ਪਲਾਟ ਲੈ ਲਏ। ਮਹਿਰ ਜੀ ਤੇ ਉਂਝ ਵੀ ਅੰਗਰੇਜ਼ ਸਰਕਾਰ ਦੇ ਇਕ ਮੁੱਢਲੇ ਪਿਆਰੂ ਨੂਰੇ ਕੰਬੋਹ ਦੇ ਵਾਰਸ ਜਿਹਦੇ ਨਾਂ ਉੱਤੇ ਨੂਰਪੁਰ ਸਕੀਮ ਬਣੀ। ਉਹਨਾਂ ਦੇ ਖੂਹ ਨੇੜੇ ਜਿਹੜੀ ਬੇਨਾਮ ਢੇਰੀ, ਉਹ ਉਸ ਵੱਡੇ ਕਬਰਿਸਤਾਨ ਦੀ ਨਿਸ਼ਾਨੀ ਜਿਹਦੇ ਉੱਤੇ ਨਾਚ ਘਰ (ਬਰਟ ਇੰਸਟੀਚਿਊਟ) ਬਣਿਆ, ਰਹਿੰਦੇ ਨੂੰ ਵਾਹ ਕੇ ਮਹਿਰ ਜੀ ਆਪਣੀ ਭੋਏਂ ਵਿਚ ਰਲਾ ਲਿਆ ਜਿਵੇਂ ਨਾਲ ਲੱਗਦੀ ਪੁਰਾਣੀ ਆਬਾਦੀ ਗੰਜ ਮਹੱਲਾ ਮੀਆਂ ਮੀਰ ਰੇਲਵੇ ਟੇਸ਼ਨ ਵਿਚ ਖਪ ਗਈ। ਏਹ ਉੱਚੀ ਥਾਂ ਬਚੀ ਰਹੀ, ਢੇਰੀ ਅਖਵਾਵੇ, ਕਦੀ ਕਦੀ ਏਥੇ ਮਹਿਰ ਜੀ ਦੀਵਾ ਬਾਲ ਦੇਂਦੇ... 1935 ਵਿਚ ਦਰਗਾਹ ਲਾਲ ਬਾਤਸ਼ਾਹ ਉੱਤੇ ਲੱਗੀ ਬਸੰਤ ਦੀ ਸਰਕਾਰੀ ਭੀੜ ਦਰਗਾਹ ਮਾਧੋ ਲਾਲ ਹੁਸੈਨ ਦੇ ਮੇਲੇ ਦੀ ਰੌਣਕ ਘਟਾ ਨਾ ਸਕੀ। ਸਰਕਾਰੀ ਅਫ਼ਸਰਾਂ ਅੱਖੀਂ ਜਾ ਕੇ ਬੇਹਿਸਾਬੀ ਖ਼ਲਕਤ ਵੇਖੀ, ਕਵਾਲੀ ਹੋ ਰਹੀ, ਜਿਹਦੀ ਦਰਗਾਹ ਉਹਦਾ ਕਲਾਮ, ਇੰਝ ਜਿਵੇਂ ਪੂਰਾ ਲਹੌਰ ਧਮਾਲੀ ਹੋਇਆ। ਸਰਕਾਰੀ ਸੜਕ ਬੰਦ ਕਰਨਾ ਗ਼ੈਰ ਕਾਨੂੰਨੀ, ਲਾਠੀਚਾਰਜ ਹੋ ਗਿਆ। ਪੀਰ ਬਖ਼ਸ਼ ਕਵਾਲ (ਮੌਲਾਨਾ ਮੁਹੰਮਦ ਬਖ਼ਸ਼ ਮੁਸਲਮ ਬੀ.ਏ. ਦਾ ਪਿਉ) ਦੇ ਸਿਰ ਵਿਚ ਸੋਟੀ ਲੱਗੀ ਜਿਹਦੀ ਸੱਟ ਦੇ ਫੱਟ ਨੂੰ ਹੂਕਦਿਆਂ ਉਹ ਹੰਭ ਗਿਆ...ਲਾਲਾ ਜੀ ਲਹੌਰੀ ਗਲ ਟੋਰਦੇ ਗਏ...23 ਮਾਰਚ 1940, ਮਿੰਟੋ ਪਾਰਕ ਦੇ ਮੁਸਲਮ ਲੀਗੀ ਇਕੱਠ ਵਿਚ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਲਈ ਰਲਣਾ ਲਾਜ਼ਮੀ ਹੋਇਆ ਕਿਉਂ ਜੇ ਇਹ ਵਜ਼ੀਰ-ਏ-ਆਜ਼ਮ ਪੰਜਾਬ ਸਰ ਸਿਕੰਦਰ ਹਯਾਤ ਦਾ ਹੁਕਮ। ਏਸ ਇਕੱਠ ਦਾ ਪ੍ਰਬੰਧ ਵੀ ਮਿਊਂਸਪਲਟੀ ਦੇ ਮੁਲਾਜ਼ਮਾਂ ਦੇ ਜ਼ਿੰਮੇ, ਟਰੱਕ ਭਰ ਭਰ ਲਿਆਵਣ ਦੀ ਡਿਊਟੀ ਲੱਗੀ। ਓਵਰਸੀਅਰ ਬਾਊ ਅਬਦੁਲ ਅਜ਼ੀਜ਼ ਵੀ ਮਿਊਂਸਪਲਟੀ ਦਾ ਟਰੱਕ ਲੈ ਕੇ ਬੜੇ ਮਾਣ ਨਾਲ ਬਾਤਸ਼ਾਹ ਦੀ ਦਰਗਾਹ ’ਤੇ ਆਇਆ। ਇਕ ਦਿਨ ਪਹਿਲਾਂ ਹੋਕਾ ਵੀ ਫੇਰਿਆ। ਟਰੱਕ ਦਾ ਹਾਰਨ ਬਾਂ ਬਾਂ ਕਰਦਾ ਰਿਹਾ ਪਰ ਮੀਆਂ ਤੁਫ਼ੈਲ, ਮਹਿਰ ਜੀ ਤੇ ਹਨੀਫ਼ਾ ਪਹਿਲਵਾਨ ਈ ਟਰੱਕ ਵਿਚ ਸਵਾਰ ਹੋਏ। ਰਸਤੇ ਵਿਚ ਦੋਮੋਰੀਏ ਪੁਲ ਕੋਲੋਂ ਚਮਰੰਗਾਂ ਦੇ ਹਾਤੇ ਵਲੋਂ ਮੁਲਖ ਟਰੱਕ ਉੱਤੇ ਚੜ੍ਹਨ ਲਈ ਉਤਾਵਲਾ, ਓਵਰਸੀਅਰ ਬਾਊ ਅਬਦੁਲ ਅਜ਼ੀਜ਼ ਤੇ ਮਹਿਰ ਜੀ ਆਪਣੇ ਮੁਸਲਮ ਲੀਗੀ ਵੇਖ ਕੇ ਖ਼ੁਸ਼ ਹੋਏ ਪਰ ਲੋਕਾਂ ਟਰੱਕ ਵਿਚ ਬਹਿੰਦਿਆਂ ਜਿਹੜੀ ਗੱਲ ਕੀਤੀ ਉਹ ਏਹ “ਮਿੰਟੋ ਪਾਰਕ ਅੱਜ ਮਾਸਟਰ ਸੋਹਣੀ ਦਾ ਬੈਂਡ ਵੱਜਣਾ।”

○ ○ ○

ਸਾਹਮਣੇ ਫੁੱਲਾਂ ਦਾ ਰਸ ਚੂਸਦੀ ਮਾਖਿਓਂ ਦੀ ਮੱਖੀ ਵੇਖੀ ਤੇ ਹੁਸੈਨ ਦੇ ਚਿਤ ਵਿਚ ਆਇਆ ਕਿ ਇਹ ਤੇ ਮਧ ਰੁੱਤ, ਛੇਆਂ ’ਚੋਂ ਪਹਿਲੀ, ਬਹਾਰ ਦੀ ਆਵੰਦ। ਖਿੜਿਆ ’ਸਮਾਨ, ਠੰਡੀ ਮਿੱਠੀ ਵਾਅ, ਚਿਲਕਣੀ ਧੁੱਪ, ਸੀਆਤੱਤਾ ਲੱਗੇ, ਛਾਵੇਂ ਪਾਲਾ। ਸੂਰਜ ਸਿਰ ’ਤੇ ਆ ਰਿਹਾ ਪਰ ਅਜੇ ਤਾਈਂ ਤਰੇਲ ਸ਼ੀਸ਼ੇ ਦੇ ਮੋਤੀ ਬਣ ਕੇ ਲਿਸ਼ਕਾਂ ਪਈ ਮਾਰੇ। ’ਵਾਅ ਦਾ ਬੁੱਲਾ ਆਇਆ, ਇਕ ਪੱਤਰ ਹਿਲਿਆ ਤੇ ਉਹਦਾ ਮੋਤੀ ਹੇਠਲੇ ਪੱਤਰ ’ਤੇ ਜਾ ਡਿੱਗਿਆ। ਉਥੋਂ ਅਗਦੋਂ ਈ ਇਕ ਮੋਤੀ ਪਿਆ ਹੁਲਾਰੇ ਲਵੇ। ਹਿਲਦੇ ਪੱਤਰ ਨੂੰ ਝੂਟਦੇ ਦੋਵੇਂ ਮੋਤੀ ਇਕ ਦੂਜੇ ਵੱਲ ਵਧਣ ਲੱਗ ਪਏ, ਤੇ ਨੇੜੇ ਨੇੜੇ ਹੁੰਦੇ ਇਕ ਮਿਕ ਹੋ ਗਏ। ਹੇਠਲੇ ਪੱਤਰ ਦਾ ਮੋਤੀ ਕਿਹੜਾ, ਉਪਰੋਂ ਡਿੱਗਾ ਕਿਥੇ, ਮਿਲ ਕੇ ਇਕ ਦੂਜੇ ਵਿਚ ਗਵਾਚ ਗਏ। ਝੱਟ ਪਿਛੋਂ ਵਾਅ ਦਾ ਇਕ ਹੋਰ ਬੁੱਲਾ, ਦੋ ਰਲ ਕੇ ਇਕ ਹੋਏ, ਪਾਣੀ ਦੀ ਲਕੀਰ ਬਣ ਗਏ ਜਿਉਂ ਵਗਦੀ ਨਹਿਰ। ਸਾਰੇ ਜੱਗ ਦੀ ਰੱਕੜ ਰੜਾ ਹੋਈ ਧਰਤੀ ਨੂੰ ਹੁਸੈਨ ਨਹਿਰ ਦੇ ਅੱਗੇ ਕਰਨ ਲੱਗਾ ਪਰ ਵਗਦੇ ਪਾਣੀ ਮਰਜ਼ੀ ਬਦਲ ਲਈ। ਉਹ ਪੱਤਰ ਤੇ ਹੱਦੋਂ ਬੇਹੱਦ ਹੋ ਕੇ ਖਿਲਰ ਗਿਆ ਤੇ ਸੂਰਜ ਦੀਆਂ ਰਿਸ਼ਮਾਂ ਉਹਨੂੰ ਸੁਕਾਣ ਲੱਗ ਪਈਆਂ। ਪਾਣੀ ਵਾਅ ਉੱਤੇ ਸਵਾਰ ਹੋ ਕੇ ਅਸਮਾਨੀਂ ਚੜ੍ਹ ਗਿਆ, ਹੁਸੈਨ ਦੀ ਨਜ਼ਰ ਪਿੱਛੇ ਪਿੱਛੇ ਜਿਥੇ ਇਕ ਬੱਦਲੀ ਬਾਹਵਾਂ ਉਲਾਰ ਕੇ ਦੂਜੀ ਵੱਲ ਜਾ ਰਹੀ। ਆਵਾਘੁਤ ਇਕ ਪਾਟੀ ਹੋਈ ਗੁੱਡੀ ਉੱਡਦੀ ਉੱਡਦੀ ਸਾਹਮਣੇ ਆਈ ਤੇ 2005 ਦੀ ਇਹ ਬਸੰਤ ਬਹਾਰ ਉਜੜ ਗਈ। ਲੋਕ ਸੱਧਰਾਂ ਦੇ

ਵੈਰੀਆਂ ਅਦਾਲਤ ਨੂੰ ਨਾਲ ਰਲਾਇਆ ਤੇ ਫ਼ੈਸਲਾ ਲੋਕਾਈ ਦੇ ਖ਼ਿਲਾਫ਼, ਬਸੰਤ 'ਤੇ ਪਾਬੰਦੀ। ਬਿਜਲੀ ਦਾ ਬਰੇਕ ਡਾਊਨ, ਅਸਲੇ ਦਾ ਵਾਫਰ ਵਰਤ ਵਿਖਾਲਾ, ਮੁਹਲਕ ਧਾਤੀ ਡੋਰ ਪੱਜ ਬਣੇ। ਉਜੜੇ ਹੁਸੈਨ ਦੀਆਂ ਅੱਖਾਂ ਕੁਝ ਦਿਨ ਅਗਦੋਂ ਮਹਿਕਾਰਦਾ ਲੰਘਿਆ ਵੈਲਨਟਾਈਨ ਡੇਅ ਵੇਖ ਰਹੀਆਂ। ਕਿਥੋਂ ਆ ਗਈਆਂ ਏਨੀਆਂ ਵੜੀਆਂ ਫੁਲ ਗੁਲਾਬ ਦੀਆਂ ਕਲੀਆਂ, ਭੱਟੀ ਦੱਸਿਆ ਕਿ ਏਸ ਦਿਹਾੜੇ ਫੁੱਲਾਂ ਦੀ ਬੇਹਿਸਾਬੀ ਮੰਗ ਦੇਖ ਕੇ ਚੌਧਰੀ ਅਨਵਾਰੁਲ ਹੱਕ ਰਾਵੀ ਕੰਢੇ ਉਚੇਚੀ ਭੋਏਂ ਲਈ, ਵਿਚ ਸਾਰਾ ਗੁਲਾਬ ਬੀਜਿਆ। ਨਿਊਜ਼ ਰਿਪੋਰਟਰ ਜ਼ੁਹਦੀ ਕੋਲੋਂ ਖ਼ਬਰ ਮਿਲੀ ਕਿ ਮੇਜਰ (ਰ) ਮੁਜਾਹਿਦ ਗੁਲ ਦੇ ਪੁੱਤਰ ਤੇ ਚੌਧਰੀ ਅਨਵਾਰੁਲ ਹੱਕ ਦੀ ਧੀ ਜਿਹੜੇ ਯੂਨੀਵਰਸਿਟੀ ਵਿਚ ਜਮਾਤੀ, ਰੀਗਲ ਚੌਕ ਕੋਲੋਂ ਇਕੱਠਿਆਂ ਇਕ ਦੂਜੇ ਲਈ ਗੁਲਾਬ ਦੇ ਫੁੱਲ ਖਰੀਦੇ। ਮੌਲਾਨਾ ਅਬਦੁਲ ਵਹਾਬ ਦੁਰਾਨੀ ਆਪਣੇ ਅੱਖੀਂ ਦੇਖਿਆ ਪਰ ਚੁੱਪ ਕਰਕੇ ਮੂੰਹ ਪਰ੍ਹਾਂ ਕਰ ਲਿਆ। ਹੁਸੈਨ ਦੇ ਮੂੰਹੋਂ ਬਦੋਬਦੀ ਨਿਕਲਿਆ, ਵਲਾਇਤੀ ਰਸਮ ਨੂੰ ਡੱਕਣਾ ਮੁਲਵਾਨੇ ਦੇ ਵੱਸ ਵਿਚ ਕਿਥੇ, ਭਾਵੇਂ ਫਤਵਿਆਂ ਦਾ ਫੈਸ਼ਨੀ ਬਾਜ਼ਾਰ ਸੱਜਿਆ ਹੋਇਆ।

○ ○ ○

ਮਹਿਬੂਬ ਉਲਹੱਕ ਪਰਾਲੀ ਉੱਤੇ ਅੱਖਾਂ ਮੀਟੀ ਲੰਮਾ ਪਿਆ ਤੇ ਬਸੰਤ ਦਿਹਾੜੇ ਗੁੱਡੀ ਨਾ ਉਡਾਂਦਾ ਹੁਸੈਨ ਅਫਸੋਸੀ। ਉਹਦੀ ਪਿਛਲੀ ਬਸੰਤ ਵੀ ਬੇਸਵਾਦੀ ਲੰਘੀ ਜਦੋਂ ਬਾਲੇ ਬੀਏ ਨੂੰ ਹਾਰਟ ਅਟੈਕ ਹੋ ਗਿਆ। ਤਿੰਨਾਂ ਵਰ੍ਹਿਆਂ ਤੋਂ ਐਫ ਆਈ ਆਰ ਹੀਰਾ ਮੰਡੀ ਆਪਣੇ ਨਾਨਕੇ ਕੋਠੇ ਦੀ ਛੱਤ ਉੱਤੇ ਬਸੰਤ ਦਾ ਮੇਲਾ ਲਾਉਂਦਾ। ਪਤੰਗ ਬਾਜ਼ੀ ਐਵੇਂ ਪੱਜ, ਲੁੱਕ ਲੁੱਕ ਕੇ ਖੁੱਲ੍ਹੀ ਸ਼ਰਾਬ, ਤਿਆਰ ਸ਼ਬਾਬ, ਗਰਮਾ ਗਰਮ ਕਬਾਬ ਜਿਹਦੇ ਜਿਹਦੇ ਨਾਲ ਉਹਦਾ ਕੋਈ ਮਤਲਬ ਹੁੰਦਾ ਉਹ ਈ ਸਭ ਪਰਾਹੁਣੇ। ਪਰ ਪਿਛਲੀ ਵਾਰ ਉਹਨੇ ਪਰਾਹੁਣਿਆਂ ਵਿਚ ਪੇਂਟਰ ਹੁਸੈਨ, ਮਹਿਬੂਬ ਉਲ ਹੱਕ, ਭੱਟੀ, ਸ਼ਹਿਜ਼ਾਦ ਮੁਗ਼ਲ, ਜੈਨੀ ਤੇ ਪਰਵੀਨ ਡਿਪੂ ਵਾਲੀ ਨੂੰ ਵੀ ਸੱਦਿਆ। ਸਿਵਾ ਪਰਵੀਨ ਡਿਪੂ ਵਾਲੀ ਦੇ ਸਾਰੇ ਈ ਆਏ। ਸ਼ਾਮ ਵੇਲੇ ਜਦੋਂ ਬਸੰਤ ਪੂਰੇ ਜੋਬਨ ਵਿਚ, ਗੁੱਡੀ ਉਡਾਂਦਿਆਂ ਬੁੱਢੇ ਬੀਮਾਰ ਬਾਲੇ ਦੀ ਖੱਬੀ ਬਾਂਹ ਨੂੰ ਖਿੱਚ ਪਈ ਤੇ ਮੁੜਕੇ ਨਾਲ ਉਹਦਾ ਸਾਰਾ ਵਜੂਦ ਤਰੇਲਿਆ ਗਿਆ। ਮੈਡਮ ਰਜ਼ੀਆ, ਉਹਦੀਆਂ ਧੀਆਂ ਸਿੰਗਰ ਸਿਸਟਰਜ਼ ਰੂਹੀ ਤੇ ਰੂਬੀ, ਜਵਾਈ ਅਦਨਾਨ ਖਵਾਜ਼ਾ ਤੇ ਨਾਸਿਰ ਮਲਿਕ ਸਾਰੇ ਈ ਉਥੇ ਮੌਜੂਦ, ਉਸੇ ਵੇਲੇ ਬਾਲੇ ਨੂੰ ਲੈ ਕੇ ਹਸਪਤਾਲ ਭੱਜ ਗਏ। ਤੀਜੇ ਦਿਨ ਬਾਲਾ ਫ਼ੌਤ ਹੋ ਗਿਆ। ਮਰਨ ਤੋਂ ਇਕ ਦਿਨ ਪਹਿਲਾਂ ਐਵੇਂ ਐਫ ਆਈ ਆਰ ਗੱਲ ਛੇੜੀ, "ਸੁਣਿਆ ਸਪਨਾ ਬਾਬਰ ਪ੍ਰਿੰਸ ਨਾਲ ਨਿਕਾਹ ਕਰ ਲਿਆ।" ਲੰਮੇ ਪਏ ਬਾਲੇ ਹੁਸੈਨ ਦਾ ਹੱਥ ਫੜਿਆ ਤੇ ਮਾੜਾ ਜਿਹਾ ਹੱਸਿਆ, "ਕੰਜਰ ਈ ਸ਼ਰੀਫਾਂ ਨੂੰ ਭੰਡਣ ਲੱਗ ਪਏ।" ਫੇਰ ਕੁਝ ਰੁਕ ਕੇ ਬੋਲਿਆ, "ਜੇ ਬੋਲਿਆ ਈ ਏਂ ਤੇ ਸੁਣ, ਸਪਨਾ ਦਾ ਪਿਉ ਵੀ ਹਮਾਯੂੰ ਮੁਗ਼ਲ ਤੇ ਹਮਾਯੂੰ ਮੁਗ਼ਲ ਦਾ ਈ ਪੁੱਤਰ ਬਾਬਰ ਪ੍ਰਿੰਸ।" ਐਫ ਆਈ ਆਰ ਜਿਵੇਂ ਕੋਈ ਬਹੁਤ ਹੈਰਾਨ ਨਾ ਹੋਇਆ। ਇੰਝ ਲੱਗਦਾ ਹੁਸੈਨ ਲਈ ਵੀ ਇਹ ਕੋਈ ਅਚੰਭਾ ਗੱਲ ਨਾ। ਪਰ ਬਾਲਾ ਦੱਸਦਾ ਗਿਆ, "ਜਿਵੇਂ ਕਾਗ਼ਜ਼ਾਂ ਵਿਚ ਸਪਨਾ ਦਾ ਪਿਉ ਹਮਾਯੂੰ ਮੁਗ਼ਲ ਨਹੀਂ ਲਿਖਿਆ, ਉਂਝ ਈ ਕਾਗ਼ਜ਼ਾਂ ਵਿਚ ਬਾਬਰ ਪ੍ਰਿੰਸ ਦੀ ਵਲਦੀਅਤ ਦੇ ਖਾਨੇ ਵਿਚ ਬੱਗੇ ਗੁਜਰ ਦਾ ਨਾਂ ਦਰਜ ਨਹੀਂ।" ਬਾਲੇ ਬੀਏ ਨੂੰ ਇਹ ਕਿਵੇਂ ਪਤਾ ਹੁਸੈਨ ਤੇ ਐਫ ਆਈ ਆਰ ਜਾਣਦੇ ਕਿ ਬਾਬਰ ਪ੍ਰਿੰਸ ਦੀ ਮਾਂ ਹੀ ਹੀਰਾ ਮੰਡੀ ਦੀ। ਬਾਲੇ ਫੇਰ ਅੱਖਾਂ ਮੀਟ ਲਈਆਂ। ਝੱਟ ਪਿਛੋਂ ਮੁੜ ਬੋਲਿਆ, "ਕੰਜਰਾਂ ਦਾ ਕੰਮ ਨਹੀਂ, ਸ਼ਰੀਫ਼ਾਂ ਨੂੰ ਭੰਡਣਾ। ਜੇ ਇਲਾਹਬਾਦ ਦੀ ਦਲੀਪਾ ਬਾਈ ਭੇਤ ਭੰਨ ਦੇਂਦੀ ਕਿ ਉਹਦੀ ਧੀ ਜੱਦਨ ਬਾਈ ਕਿਹੜੇ ਸਿਆਸਤਦਾਨ ਦੀ ਧੀ ਤੇ ਹਿੰਦੁਸਤਾਨੀ ਸਿਆਸਤ ਵਿਚ ਥਰਥਲੀ ਆ ਜਾਂਦੀ, ਅੰਬਰਸਰ ਦੀ ਛਮੀਆ ਆਪਣੀ ਧੀ ਪਰੀ ਚਿਹਰਾ ਨਸੀਮ ਬਾਨੋ ਦੇ ਨਵਾਬਜ਼ਾਦੇ ਪਿਉ ਦਾ ਕਦੀ ਨਾਂ ਨਾ ਲਿਆ, ਲਹੌਰ ਦੀ ਬਾਲੀਕਾਮਨੀ ਨਾਂ ਰਖਾਇਆ, ਉਹ ਕਲਕੱਤੇ ਬੰਗਾਲੀ ਥੇਟਰ ਵਿਚ ਨਾਚੀ, ਢਿੱਡ ਹੋਇਆ ਤੇ ਚੁੱਪ ਚੁਪੀਤੀ ਥੇਟਰ ਵਿਚ ਹਾਰਮੋਨੀਅਮ ਵਜਾਇਕ ਗੁਜਰਾਂਵਾਲੇ ਦੇ ਅਲੀ ਬਖਸ਼ ਨਾਲ ਰਹਿਣ ਲੱਗ ਪਈ, ਰੰਗੂਨ ਵਿਚ ਉਹਨੇ ਧੀ ਮਹਿਜਬੀਨ ਜੰਮੀ ਜਿਹੜੀ ਇੰਡੀਅਨ ਫ਼ਿਲਮ ਸਟਾਰ ਮੀਨਾ ਕੁਮਾਰੀ ਬਣੀ ਪਰ ਉਹਦਾ ਲਿਖਾਰੀ ਪਿਉ ਕਿਹੜਾ ਬੰਗਾਲੀ ਠਾਕਰ, ਬਾਲੀ ਕਦੀ ਨਾ ਦੱਸਿਆ। ਨਜ਼ੀਰਾਂ ਬਹਾਵਲਪੁਰ ਵਾਲੀ ਮੁਲਤਾਨੋਂ ਲਹੌਰ ਆ ਕੇ ਕਿਸੇ ਨੂੰ ਨਾ ਦੱਸਿਆ ਕਿ ਉਹਦੀ ਅਨੂੰਜੂ ਕਿਹੜੇ ਗੁਰਦੇਜ਼ੀ ਸੱਯਦ ਦੀ ਧੀ ਤੇ ਉਹਦੀ ਗੋਰੀ ਕਿਹੜੇ ਗਿਲਾਨੀ ਸੱਯਦ ਚੋਂ।" ਕੁਝ ਚਿਰ ਚੁੱਪ ਰਹਿ ਕੇ ਬਾਲੇ ਫੇਰ ਅੱਖਾਂ ਖੋਲੀਆਂ, "ਜੇ ਮੈਂ ਦੱਸ ਦੇਵਾਂ, ਮੈਂ ਕਿਹਦਾ ਪੁੱਤਰ ਤੇ ਮੇਰੀ ਭੈਣ ਖੁਰਸ਼ੀਦ

ਮੀਆਂਵਾਲੀ ਦਾ ਪਿਉ ਕਿਹੜਾ, ਸਾਰੇ ਲਹੌਰ ਵਿਚ ਭੂਚਾਲ ਆ ਜਾਏ!!!!!"

"ਉਹ ਭੂਚਾਲ ਕਿਉਂ ਨਹੀਂ ਆਉਂਦਾ।" ਅਜੋਕੇ ਬਸੰਤ ਦਿਹਾੜੇ ਪਿਛਲੇ ਵਰ੍ਹੇ ਨੂੰ ਚੇਤੇ ਕਰਦੇ ਹੁਸੈਨ ਦੇ ਮੂੰਹੋਂ ਨਿਕਲਿਆ ਜਿਹਨੂੰ ਕੁਝ ਦਿਨ ਪਹਿਲਾਂ ਮਾਲ ਰੋਡ 'ਤੇ ਜਾਂਦੇ ਜਲੂਸ ਚੰਗਾ ਚੋਖਾ ਝੂਣਿਆ। "ਬਸੰਤ ਗ਼ੈਰ ਇਸਲਾਮੀ!" "ਬਸੰਤ ਹਰਾਮ !" "ਬਸੰਤ ਹਿੰਦੂਆਨਾ ਰਸਮ !" "ਇੰਜ ਦੇ ਬੈਨਰ ਜਲੂਸ ਵਿਚ ਰਲੇ ਲੋਕਾਂ ਚੁੱਕੇ ਹੋਏ। ਇਹ ਜਲੂਸ ਮੌਲਾਨਾ ਅਦਬੁਲ ਵਹਾਬ ਦੁਰਾਨੀ ਦੇ "ਅਦਾਰਾ ਫ਼ਿਰੋਗ-ਏ-ਇਸਲਾਮੀ ਇਕਦਾਰ" ਤੇ ਮੇਜਰ (ਰ) ਮੁਜਾਹਿਦ ਗੁਲ ਦੀ "ਤਹਰੀਕ-ਏ-ਤਹੱਫੁਜ਼-ਏ-ਕੌਮੀ ਤਸ਼ਖ਼ੁਸ਼" ਵਲੋਂ ਕੱਢਿਆ ਗਿਆ। ਏਸ ਜਲੂਸ ਦੀ ਅਗਵਾਈ ਵੀ ਮੌਲਾਨਾ ਅਦਬੁਲ ਵਹਾਬ ਦੁਰਾਨੀ ਤੇ ਮੇਜਰ (ਰ) ਮੁਜਾਹਿਦ ਗੁਲ ਕਰ ਰਹੇ। ਨਾਲ ਉਹਨਾਂ ਦੇ ਚੌਧਰੀ ਅਨਵਾਰੁਲ ਹੱਕ, ਬਾਬਰ ਪ੍ਰਿੰਸ, ਬਿੱਲਾ ਸਾਰਜੰਟ ਤ ਪੱਪੂ ਵੈਗਨਾਂ ਵਾਲਾ, ਨਾਰੇ ਲਾਣ ਲਈ ਪਿੱਛੇ ਬਥੇਰੀ ਖ਼ਲਕਤ। ਹੁਸੈਨ ਫੁੱਟਪਾਥ ਉੱਤੇ ਲੋਕਾਂ ਵਿਚ ਬੇਯਾਰ ਖਲੋਤਾ ਜਲੂਸ ਨੂੰ ਲੰਘਦਿਆਂ ਵੇਖ ਰਹਿਆ, ਉਹਨੂੰ ਤਾਂਘ ਹੋਈ ਕਿ ਉਸ ਵੇਲੇ ਉਥੇ ਮਹਿਬੂਬ ਤੇ ਭੱਟੀ ਵੀ ਕਿਧਰੋਂ ਬਹੁੜਦੇ। ਜਲੂਸ ਨੂੰ ਵੇਖਣ ਵਾਲਿਆਂ ਕੋਲੋਂ ਉਹ ਤਸਵੀਰਾਂ ਤੱਕੀਆਂ ਨਾ ਜਾ ਰਹੀਆਂ ਜਿਹੜੀਆਂ ਜਲੂਸੀਆਂ ਚੁੱਕੀਆਂ ਹੋਈਆਂ। ਲਹੂ ਲੁਹਾਣ ਤਸਵੀਰਾਂ, ਧਾਤੀ ਡੋਰ ਨਾਲ ਕੱਟੀਆਂ ਗਰਦਨਾਂ, ਹੁਸੈਨ ਦੇ ਆਸੇ ਪਾਸੇ ਖਲੋਤੇ ਬਹੁਤੇ ਲੋਕ ਜਲੂਸ ਦੇ ਨਾਰਿਆਂ ਵਿਚ ਸੀਰੀ। ਹੁਸੈਨ ਕੱਲਾ ਸੋਚੀਂ ਪਿਆ...ਮੌਲਾਨਾ ਅਬਦੁਲ ਵਹਾਬ ਦੁਰਾਨੀ ਨੂੰ ਜਦੋਂ ਸਿਆਸੀ ਤੇ ਮਜ਼ਹਬੀ ਇਕੱਠਾਂ ਵਿਚ ਤਕਰੀਰ ਲਈ ਸਟੇਜ ਉੱਤੇ ਬੁਲਾਇਆ ਜਾਂਦਾ, ਉਹਦੇ ਲਈ "ਮੁਹਾਫਿਜ਼-ਏ-ਸ਼ਰੀਅਤ" ਜਿਹੇ ਸਿਫਾਤੀ ਨਾਂ ਲਏ ਜਾਂਦੇ। ਕਾਕਾ ਕਾਮਰੇਡ ਸੁਣਦਾ ਤੇ ਉਹ ਉਹਦੇ ਪਿਉ ਮੌਲਾਨਾ ਰੰਗ ਮਹਲੀ ਨੂੰ ਯਾਦ ਕਰਦਿਆਂ ਆਖੇ, "ਪਾਕਿਸਤਾਨੀ ਭੁੱਲ ਗਏ ਕਿ ਕਿਹੜੇ ਮੌਲਵੀਆਂ ਪਾਕਿਸਤਾਨ ਬਣਨ ਦੀ ਮੁਖ਼ਲਾਫ਼ਤ ਕੀਤੀ ਪਰ ਉਨ੍ਹਾਂ ਮੌਲਵੀਆਂ ਦੀਆਂ ਔਲਾਦਾਂ ਨੂੰ ਘਰੋਂ ਪੜ੍ਹਿਆਂ ਪਾਕਿਸਤਾਨ ਦੁਸ਼ਮਣੀ ਦਾ ਸਬਕ ਯਾਦ !" ਰਫ਼ੀਕ ਨਾਮਾਨਿਗਾਰ ਕੋਲੋਂ ਮੇਜਰ (ਰ) ਮੁਜਾਹਿਦ ਗੁਲ ਦੀਆਂ ਜਹਾਦੀ ਤਰੱਕੀਆਂ ਦਾ ਸੁਣ ਕੇ ਪਰਵੀਨ ਡਿਪੂ ਵਾਲੀ ਦੇ ਮੂੰਹੋਂ ਉਹਦੇ ਲਈ ਗਾਹਲ ਨਿਕਲਦੀ, "ਬੱਚੇ ਖਾਣਾ।" ਰਫ਼ੀਕ ਨਾਮਾਨਿਗਾਰ ਦੱਸਦਾ ਕਿ ਅਫ਼ਗਾਨ ਜਹਾਦ ਦੇ ਗ਼ਾਜ਼ੀ ਚੌਧਰੀ ਅਨਵਾਰੁਲ ਹੱਕ ਦਾ ਨਾਂ ਪਹਿਲਾਂ ਅਨਵਾਰ ਅਹਿਮਦ, ਜਨਰਲ ਜ਼ਿਆ ਉਲ ਹੱਕ ਨਾਲ ਨਾਂ ਰਲਾਣ ਲਈ ਏ ਡੀ ਚੌਧਰੀ ਆਪਣੇ ਪੁੱਤਰ ਦਾ ਨਾਂ ਚੌਧਰੀ ਅਨਵਾਰੁਲ ਹੱਕ ਰੱਖ ਦਿੱਤਾ। ਚੌਧਰੀਆਂ ਇਹ ਸਾਰਾ ਭੋਏਂ ਭਾਂਡਾ ਕਿਵੇਂ ਜੋੜਿਆ ਤੇ ਉਨ੍ਹਾਂ ਦੇ ਧਨ ਦੌਲਤ ਦਾ ਖਲਾਰ ਪਸਾਰ ਕਿਸੇ ਤੋਂ ਲੁਕਿਆ ਨਾ। ਹਰ ਕਿਸੇ ਨੂੰ ਪਤਾ ਕਿ ਬਾਬਰ ਪ੍ਰਿੰਸ ਦੇ ਹੁਣ ਆਪਣੇ ਸਕੂਲ ਚਲਦੇ, ਇਹ ਉਹਨੂੰ ਬੂਟੀ ਮਾਫ਼ੀਆ 'ਚੋਂ ਭਾਗ ਲੱਗੇ, ਉਹ ਪੂਰੇ ਪੂਰੇ ਇਮਤਿਹਾਨੀ ਮਰਕਜ਼ ਦਾ ਸੌਦਾ ਕਰਦਾ, ਉਹਨੇ ਆਪਣੇ ਕੀਤੇ 'ਤੇ ਮਿੱਟੀ ਪਾਈ, ਉਹ ਹੁਣ ਮੁਅਜ਼ਿਜ਼ ਸ਼ਹਿਰੀ, ਉਹ ਮੁਗ਼ਲ-ਏ-ਆਜ਼ਮ ਦਾ ਪੋਤਰਾ, ਐਜੂਕੇਸ਼ਨ ਦਾ ਕਾਰੋਬਾਰ ਕਰੇ। ਬਿੱਲੇ ਸਾਰਜੰਟ ਤੇ ਪੱਪੂ ਵੈਗਨਾਂ ਵਾਲੇ ਨੂੰ ਲਹੌਰ ਵਿਚ ਕਿਹੜਾ ਨਾ ਜਾਣੇ। ਗੈਂਗਸਟਰ ਰਹੇ ਬਿੱਲੇ ਸਾਰਜੰਟ ਨੂੰ ਕੰਡ ਪਿੱਛੇ ਹਰ ਕੋਈ ਪੌਡਰੀ ਆਖੇ। ਉਹਦੀ ਹੈਰੋਇਨ ਦੀ ਸਮਗਲਿੰਗ ਵਿਚ ਮੇਜਰ (ਰ) ਮੁਜਾਹਿਦ ਗੁਲ ਹਿੱਸੇਦਾਰ ਹੈ ਕਿ ਨਹੀਂ, ਕੋਈ ਨਾ ਜਾਣੇ, ਪਰ ਉਹ ਜਦੋਂ ਕਾਨੂੰਨ ਦੇ ਸ਼ਿਕੰਜੇ ਵਿਚ ਆਵੇ, ਰਿਹਾ ਹੋ ਕੇ ਸਿੱਧਾ ਜਾ ਮੇਜਰ ਨੂੰ ਸਲਾਮ ਕਰੇ। ਬਿੱਲੇ ਸਾਰਜੰਟ ਦੇ ਪਿਉ ਬੱਗੇ ਗੁੱਜਰ ਦੀਆਂ ਵੀ ਕਦੀ ਧੁੰਮਾਂ ਰਹੀਆਂ, ਬਦਮਾਸ਼ ਤੋਂ ਫ਼ਿਲਮ ਪ੍ਰੋਡਿਊਸਰ ਬਣਿਆ, ਫ਼ਿਲਮ ਇੰਡਸਟਰੀ ਦੀ ਬਰਬਾਦੀ ਤੇ ਬਦਨਾਮੀ ਵਿਚ ਉਹਦਾ ਵੀ ਨਾਂ ਬੋਲੇ। ਬਦਮਾਸ਼ ਉਹਦਾ ਹੀਰੋ ਤੇ ਕੰਜਰੀ ਉਹਦੀ ਹੀਰੋਇਨ। ਪੱਪੂ ਵੈਗਨਾਂ ਵਾਲਾ ਕਾਲੂ ਕਸ਼ਮੀਰੀ ਦਾ ਪੁੱਤਰ। ਪਬਲਿਕ ਟਰਾਂਸਪੋਰਟ ਲਹੌਰੀਆਂ ਦੀ ਸਸਤੀ ਸਵਾਰੀ ਜਿਹੜੇ ਵੈਗਨ ਮਾਫ਼ੀਆ ਉਹਨੂੰ ਬੰਦ ਕਰਾਇਆ, ਉਹਦੀ ਨੀਂਹ ਰੱਖਣ ਵਿਚ ਕਾਲੂ ਕਸ਼ਮੀਰੀ ਦੇ ਨਾਂ ਦੀ ਤਖ਼ਤੀ ਗਵਾਚ ਗਈ ਜਦੋਂ ਉਹ ਤਬਲੀਗੀ ਹੋਇਆ।

○ ○ ○

ਅੱਲਾਹ ਅਕਬਰ, ਅੱਲਾਹ ਅਕਬਰ

ਪੇਸ਼ੀ ਦੀ ਬਾਂਗ ਹੋਈ, ਦੂਰ ਸਾਹਮਣੇ ਨਮਾਜ਼ੀਆਂ ਨੂੰ ਮਸੀਤ ਵੱਲ ਦੌੜਦਿਆਂ ਵੇਖ ਕੇ ਹੁਸੈਨ ਨੂੰ ਲਾਲਾ ਜੀ ਲਹੌਰੀ ਦੀ ਗੱਲ ਚੇਤੇ ਆ ਗਈ...ਅੰਦਰੂਨ ਸ਼ਾਹ ਆਲਮੀ, ਪਾਪੜ ਮੰਡੀ, ਰਾਣੀ ਮੋਰਾਂ ਦੀ ਬਣਵਾਈ ਮਸੀਤ ਦਾ ਬਾਂਗਾ ਗ਼ੁਲਾਮ ਉੱਲ੍ਹਾ ਕੰਧ ਉੱਤੇ ਚੜ੍ਹ ਕੇ ਉੱਚੀ ਵਾਜ ਵਿਚ ਬਾਂਗ ਦੇਵੇ ਪਰ ਨਮਾਜ਼ੀ ਕੋਈ ਨਾ ਵਧੇ। ਗਵਾਂਢ ਗੁਰਦੁਆਰੇ ਦੇ ਨਿਹੰਗ ਤੰਗ, ਕਿਉਂ ਜੇ ਬਾਂਗੇ ਦੀ ਕੰਨ ਪਾੜ ਵਾਜ ਉਹਨਾਂ ਸੁੱਤੇ ਪਿਆਂ ਦਾ ਤਰਾਹ ਕੱਢ ਦੇਂਦੀ, ਉਹ

ਕਿਰਪਾਨਾਂ ਕੱਢ ਲੈਂਦੇ ਪਰ ਅੱਗੇ ਮੋਰਾਂ ਸਰਕਾਰ ਦਿਸੇ। ਨਿਹੰਗ ਮਹਾਰਾਜੇ ਅੱਗੇ ਜਾ ਸ਼ਿਕਾਇਤੀ ਹੋਏ ਜਿਹਨੇ ਗੁਰਦਵਾਰੇ ਦੇ ਗ੍ਰੰਥੀ ਭਾਈ ਚਰਨ ਸਿੰਘ ਤੇ ਮਸੀਤ ਦੇ ਪੇਸ਼ ਇਮਾਮ ਮੌਲਵੀ ਗ਼ੁਲਾਮ ਰਸੂਲ ਨੂੰ ਬੁਲਵਾਇਆ। "ਮੁਸਲਮਾਨ ਮਸੀਤੇ ਬਾਂਗ ਕਿਉਂ ਦੇਂਦੇ ?" "ਤਾਂ ਜੇ ਮੁਸਲਮਾਨਾਂ ਨੂੰ ਪਤਾ ਲੱਗ ਜਾਏ ਕਿ ਨਮਾਜ਼ ਦਾ ਵੇਲਾ ਹੋ ਗਿਆ।" ਫ਼ਕੀਰ ਅਜ਼ੀਜ਼ੁਦੀਨ ਬੋਲਿਆ, "ਇਹ ਖ਼ਬਰ ਵੀ ਏ ਤੇ ਸੱਦਾ ਵੀ।" ਮਹਾਰਾਜੇ ਵਜ਼ੀਰ ਫ਼ਕੀਰ ਅਜ਼ੀਜ਼ੁਦੀਨ ਨਾਲ ਵਿਚਾਰ ਸਾਂਝੇ ਕੀਤੇ, "ਇਹ ਕੰਮ ਕਿਸੇ ਹੋਰ ਢੰਗ ਨਾਲ ਵੀ ਹੋ ਸਕਦਾ ਜਿਹਦੇ ਰਾਹੀਂ ਵੇਲੇ ਸਿਰ ਦੱਸਿਆ ਵੀ ਜਾਏ ਤੇ ਬੁਲਾਇਆ ਵੀ ਜਾਏ।" ਮਹਾਰਾਜੇ ਨਿਆਂ ਕੀਤਾ ਮੌਲਵੀ ਦਾ ਵੀ ਕੰਮ ਹੋ ਗਿਆ, ਨਿਹੰਗ ਵੀ ਰਾਜ਼ੀ। ਬਾਂਗੇ ਦਾ ਕੰਮ ਨਿਹੰਗਾਂ ਨੂੰ ਸਾਂਭਣਾ ਪਿਆ। ਦਸ ਤਗੜੇ ਨਿਹੰਗਾਂ ਨੂੰ ਅੱਲਾਹ ਅਕਬਰ ਰਟਵਾਇਆ ਗਿਆ। ਬਾਂਗ ਦਾ ਵੇਲਾ ਹੁੰਦਾ ਤੇ ਇਹ ਬੁਲਾਵੇ ਬਲਾਵਾਂ ਵਾਂਗੂ ਮੁਸਲਮਾਨਾਂ ਦੇ ਬੂਹੇ ਖੜਕਾਵਣ, ਉਹਨਾਂ ਨੂੰ ਘਰੋਂ ਖਿੱਚ ਖਿੱਚ ਮਸੀਤੇ ਲਿਆਂਵਦੇ। ਬੇ ਨਮਾਜ਼ ਅੱਗੇ ਅੱਗੇ ਭੱਜਦੇ, ਇਹ ਅੱਲਾਹ ਅਕਬਰ ਅੱਲਾਹ ਅਕਬਰ ਦਾ ਰੌਲਾ ਪਾਂਦੇ ਪਿੱਛੇ ਪਿੱਛੇ। ਇਹ ਕੰਮ ਕਿੰਨੇ ਦਿਨ ਚਲਦਾ, ਪਾਪੜ ਮੰਡੀ ਦੇ ਲਹੌਰੀਏ ਹੰਭ ਗਏ, ਮੁਸਲਮਾਨ ਵੀ ਤੇ ਸਿੱਖ ਵੀ, ਮਹਾਰਾਜੇ ਅੱਗੇ ਜਾ ਹਾਜ਼ਰ ਹੋਏ। ਨਿਹੰਗਾਂ ਨੂੰ ਹੁਣ ਬਾਂਗ ਤੇ ਕੋਈ ਐਤਰਾਜ਼ ਨਾ, ਮੁਸਲਮਾਨਾਂ ਵੀ ਆਪਣੇ ਮੌਲਵੀ ਨੂੰ ਸਮਝਾਇਆ ਕਿ ਉਹ ਐਡੀ ਉੱਚੀ ਬਾਂਗ ਨਾ ਦੇਵੇ।

○ ○ ○

ਪਾਟੀ ਗੁੱਡੀ ਦੀ ਡੋਰ ਹੁਸੈਨ ਦੇ ਹੱਥ ਵਿਚ ਆਈ, ਉਹਦਾ ਉਹਨੂੰ ਉਡਾਉਣ 'ਤੇ ਦਿਲ ਕੀਤਾ ਜਿਉਂ ਤਿੰਨ ਹਜ਼ਾਰ ਵਰ੍ਹੇ ਪਹਿਲਾਂ ਇਕ ਚੀਨੀ ਫ਼ੌਜੀ ਗੁੱਡੀ ਉਡਾ ਕੇ ਆਪਣੇ ਲੋਕਾਂ ਨੂੰ ਖ਼ਬਰ ਦਿੱਤੀ ਕਿ ਦੁਸ਼ਮਣ ਚੜ੍ਹੇ ਆਉਂਦੇ। ਉਹਨੂੰ ਚਿੰਤਾ ਕਿ ਲਹੌਰੀਆਂ ਨੂੰ ਕੌਣ ਭੂਣੇ ਜਿਨ੍ਹਾਂ ਦੀਆਂ ਖ਼ੁਸ਼ੀਆਂ ਦੇ ਵੈਰੀ ਅੰਦਰ ਵੜ ਆਏ। ਪਾਟੀ ਗੁੱਡੀ ਵਲ ਵੇਖਦਾ ਟੁੱਟਾ ਹੋਇਆ ਹੁਸੈਨ ਝੁੱਖੇ ਪਿਆ, "ਰੁੱਤ ਖਿੜੇ ਤੇ ਬੰਦਾ ਉਡਣਾ ਚਾਹੁੰਦਾ, ਗੁੱਡੀ ਕਦੋਂ ਉੱਡਦੀ ਬੰਦਾ ਆਪ ਉੱਡਦਾ, ਉਹਦੀ ਨਿਮਾਨਤਾ ਉਚੇਰੀ ਹੋਵੇ !"

ਨਿੰਮੋਝਾਣ ਸੋਗੀ ਹੁਸੈਨ ਨੂੰ ਪਰਚਾਵਣ ਲਈ ਚੂੰ ਚੂੰ ਕਰਦੇ ਦੋ ਕਤੂਰੇ ਉਹਦੇ ਪੈਰਾਂ ਵਿਚ ਖੇਡਣ ਲੱਗ ਪਏ, ਘੁਲਦੇ ਘੁਲਦੇ ਜਦੋਂ ਠੰਡੇ ਮੱਠੇ ਹੋਏ, ਉਹਨਾਂ ਦਾ ਆਪੋ ਵਿਚ ਮੋਹ ਜਗਿਆ। ਇਕ ਦੂਜੇ ਨੂੰ ਸੁੰਘਦੇ ਜਾਵਣ, ਮਗਰੋਂ ਸੁੰਘੀਆਂ ਥਾਵਾਂ ਚੱਟਣ ਲੱਗ ਪਏ। ਹੁਸੈਨ ਨੇੜੇ ਈ ਕੁਝ ਕਦਮਾਂ 'ਤੇ ਪਰਾਲੀ ਦੇ ਪੱਸੇ ਵੱਲ ਵੇਖਿਆ ਜਿਥੇ ਮਾਧੋ ਧੁੱਪੇ ਲੰਮਾ ਪਿਆ ਜਿਹਦੇ ਮੱਥੇ ਦੀ ਲਾਟ ਉਹਨੂੰ ਤੁਣਕਿਆ :

ਆਪਣੇ ਸ਼ੌਹ ਨੂੰ ਆਪ ਰਿਝਾਵਾਂ, ਹਜਾਤ ਨਹੀਂ ਪਸਾਰੇ ਦੀ

ਸੁੱਤੇ ਪਏ ਮਾਧੋ ਦਾ ਹੱਥ ਫੜ ਕੇ ਹੁਸੈਨ ਚੁੰਮਿਆ ਤੇ ਉਹਦੇ ਤਪਦੇ ਸਾਹ ਨਸ਼ਾ ਚੂਸਣ ਲੱਗ ਪਏ, ਹਾਲੇ ਤਾਈਂ ਮਾਧੋ ਦੀ ਤਲੀ ਵਿਚਕਾਰੋਂ ਪੀਲੀ ਜਿਥੇ ਘੰਟਾ ਪਹਿਲਾਂ ਮਾਧੋ ਚਰਸ ਤੇ ਤੰਬਾਕੂ ਰਲਾਂਦਾ ਰਹਿਆ। ਲੰਮੇ ਕਸ਼ ਹੁਸੈਨ ਵੀ ਲਏ ਪਰ ਮਾਧੋ ਤੇ ਸਾਰਾ ਧੂੰਅ ਲੈ ਕੇ ਆਪਣੇ ਅੰਦਰ ਈ ਵੜ ਗਿਆ, ਹੁਣ ਬਾਹਰੋਂ ਬੇਖ਼ਬਰਾ। ਹੁਸੈਨ ਅਡੋਲ ਹੱਥਾਂ ਨਾਲ ਮਾਧੋ ਦਾ ਸਿਰ ਚੁੱਕਣ ਲੱਗਾ ਪਰ ਉਹ ਆਪੇ ਈ ਹੁਸੈਨ ਦੀ ਝੋਲੀ ਵਿਚ ਘੁਸਰ ਆਇਆ। ਹੁਸੈਨ ਮਾਧੋ ਦੇ ਬੁੱਲ੍ਹਾਂ ਦੀ ਸਿਕੜੀ 'ਤੇ ਹੱਥ ਫੇਰਿਆ, ਮਾਧੋ ਦੀ ਭੁੱਖ ਭਟਕ ਗਈ ਉਹ ਹੁਸੈਨ ਦੀ ਉਂਗਲ ਚੁੰਘਣ ਲੱਗ ਪਿਆ। ਉਪਰੋਂ ਮੋਹਰੇ ਸੇਊ ਬੇਰ ਡਿੱਗਾ, ਹੁਸੈਨ ਉੱਤੇ ਵੱਲ ਵੇਖਿਆ, ਰੁੱਖ ਦੇ ਟੁੰਡ ਉੱਤੇ ਬੈਠੇ ਕਾਂ ਸਲਾਮ ਕੀਤਾ, ਸ਼ੁਕਰੀਏ ਵਜੋਂ ਨਿੱਕੀ ਜਿਹੀ ਹਾਸੀ ਹੱਸ ਕੇ ਹੁਸੈਨ ਵੀ ਸਿਰ ਹਿਲਾਇਆ। ਬੇਰ ਮਾਧੋ ਦੇ ਮੂੰਹ ਵਿਚ ਪਾਉਣ ਲੱਗਾ ਤੇ ਉਪਰੋਂ ਕਾਂ ਕਾਂ ਵਿਚ ਸੁਨਾਉਣੀ :

ਪ੍ਰੇਮ ਸੁਰਾਹੀ ਅਰਸ਼ੋਂ ਉੱਤਰੀ, ਨਾਲ ਸਜਣ ਦੇ ਪੀਤੀ

ਇਹ ਸੁਣ ਕੇ ਹੁਸੈਨ ਉਂਗਲੀਆਂ ਵਿਚ ਫੜੇ ਬੇਰ ਵੱਲ ਗਹੁ ਕੀਤਾ, ਵਿਚਕਾਰ ਝਰੀ, ਅੱਧੀ ਗਿਰੀ ਓਧਰ ਤੇ ਅੱਧੀ ਏਧਰ। ਹੁਸੈਨ ਮੁੜ ਕਾਂ ਵੱਲ ਵੇਖਿਆ, ਕਾਂ ਸਲਾਮ ਕੀਤਾ, ਹੁਸੈਨ ਵੀ ਅੱਗੋਂ ਸਗਵਾਂ ਸਿਰ ਹਿਲਾਇਆ ਤੇ ਕਾਂ ਉੱਡ ਗਿਆ।

"ਰੋਟੀ ਆ ਗਈ।" ਹੁਸੈਨ ਮਾਧੋ ਨੂੰ ਵਰਜਿਆ, ਮਾਧੋ ਮਾੜੀ ਜੇਹੀ ਇਕ ਅੱਖ ਖੋਲ੍ਹ ਕੇ ਵੇਖਿਆ, "ਤੂੰ ਕਿਹੜਾ ਪਾਸਾ ਲੈਣਾ ?" ਚੁਣਨ ਦਾ ਹੱਕ ਮਾਧੋ ਨੂੰ ਦੇਂਦਿਆਂ ਹੁਸੈਨ ਪੁੱਛਿਆ। "ਜਿਹੜਾ ਪਾਸਾ ਮੇਰੇ ਵੱਲ, ਉਹ ਮੇਰਾ।" ਫ਼ੈਸਲਾ ਕਰ ਕੇ ਮਾਧੋ ਮੁੜ ਅੱਖਾਂ ਮੀਟ ਲਈਆਂ। ਹੁਸੈਨ ਆਪਣੇ ਪਾਸੇ ਵਲੋਂ ਬੇਰ ਆਪਣੇ ਦੰਦਾਂ ਵਿਚ ਲੈ ਕੇ ਦੂਜਾ

ਪਾਸਾ ਮਾਧੋ ਦੇ ਬੁੱਲ੍ਹਾਂ ਵਿਚ ਦੇ ਦਿੱਤਾ। ਬੁੱਲ੍ਹ ਬੁੱਲ੍ਹਾਂ ਨਾਲ ਘੁਲਣ ਲੱਗ ਪਏ, ਆਪਣੇ ਆਪਣੇ ਪਾਸੇ ਦੀ ਗਿਰੀ ਉਨ੍ਹਾਂ ਦੇ ਦੰਦ ਖੁਰਚਦੇ ਰਹੇ। ਵੇਹਲੀ ਹੋਈ ਗਿਟਕ ਮਾਧੋ ਦੇ ਮੂੰਹ ਵਿਚ ਖਿਸਕ ਗਈ ਜਿਹਦੇ ਪਿੱਛੇ ਪਿੱਛੇ ਹੁਸੈਨ ਦੀ ਜੀਭ ਫਿਰਦੀ ਰਹੀ। ਉਹ ਮੂੰਹਾਂ ਰਾਹੀਂ ਇਕ ਦੂਜੇ ਵਿਚ ਵੜ ਗਏ, ਵਾਪਸੀ ਓਦੋਂ ਹੋਈ ਜਦੋਂ ਮਹਿਬੂਬ ਉਲ ਹੱਕ ਦੇ ਮੋਬਾਇਲ ਦੀ ਘੰਟੀ ਵੱਜੀ, ਐਫ ਆਈ ਆਰ ਲਿਖਿਆ ਆ ਰਿਹਾ। ਮੋਬਾਇਲ ਦੀ ਸਕਰੀਨ ਹੁਸੈਨ ਨੂੰ ਵਿਖਾਂਦਿਆਂ ਮਹਿਬੂਬ ਉਲ ਹੱਕ ਮੋਬਾਇਲ ਨੂੰ ਚੁੱਪ ਕਰਾ ਕੇ ਪੁੱਛਿਆ, "ਕੀ ਪ੍ਰੋਗਰਾਮ ਏ ?" ਹੁਸੈਨ ਚੁੱਪ, ਮਹਿਬੂਬ ਉਲ ਹੱਕ ਦੇ ਮੂੰਹ ਵੱਲ ਵੇਖਦਿਆਂ ਮਾੜਾ ਜਿਹਾ ਹੱਸਿਆ ਤੇ ਉਹਨੇ ਉਹਦੇ ਹੇਠਲੇ ਬੁੱਲ੍ਹ ਤੇ ਤੰਮਾਕੂ ਦਾ ਲੱਗਿਆ ਨਿੱਕਾ ਜਿਹਾ ਕੱਖ ਪੋਲੀ ਜਿਹੀ ਚੂੰਢੀ ਨਾਲ ਫੜਦਿਆਂ ਲਾਡ ਕੀਤਾ :

ਆਉਂਦਿਆਂ ਤੋਂ ਸਦ ਬਲਿਹਾਰੀ, ਜਾਂਦਿਆਂ ਤੋਂ ਘੁੰਮਾਂ
ਕਹੇ ਹੁਸੈਨ ਫ਼ਕੀਰ ਸਾਈਂ ਦਾ, ਪੈਰ ਸ਼ਾਹਾਂ ਦੇ ਚੁੰਮਾਂ

ਮਹਿਬੂਬ ਉਲ ਹੱਕ ਨੂੰ ਪੈਰਾਂ 'ਤੇ ਜਲੂਣ ਹੋਈ, ਉਹਨੂੰ ਉਹ ਸਵਾਦੀ ਸਮਾਂ ਚੇਤੇ ਆ ਗਿਆ ਜਦੋਂ ਉਹ ਰੋਕਦਾ ਰਹਿਆ ਪਰ ਹੁਸੈਨ ਮੁੜਿਆ ਨਾ। "ਤੂੰ ਹੁਣ ਜਾਣਾ ਏ ਤੇ ਜਾ, ਮੈਂ ਅਜੇ ਏਥੇ ਈ ਆਂ, ਤੇਰੀ ਯਾਦ ਦਾ ਸਵਾਦ ਲੈਣਾ।" ਮਹਿਬੂਬ, ਹੁਸੈਨ ਨੂੰ ਜੱਫੀ ਪਾਈ ਤੇ ਹੁਸੈਨ ਉਹਦਾ ਮੱਥਾ ਚੁੰਮਿਆ, ਕੁਝ ਅਗਾਂਹ ਜਾ ਕੇ ਮਹਿਬੂਬ ਪਿਛੇ ਵੇਖਿਆ ਤੇ ਆਪਣੇ ਸੱਜੇ ਹੱਥ ਦੀ ਤਲੀ ਤੋਂ ਫਲਾਇੰਗ ਕਿਸ ਹੁਸੈਨ ਵਲ ਉਡਾਈ, ਜਿਹਨੇ ਉਹਨੂੰ ਮੁੱਠ ਵਿਚ ਫੜ ਕੇ ਕਬੂਲ ਕਰਦਿਆਂ ਚੁੰਮਿਆ। ਕਾਰ ਸਟਾਰਟ ਹੋ ਕੇ ਟੁਰ ਗਈ ਪਰ ਬਾਏ ਬਾਏ ਕਰਦਾ ਹੁਸੈਨ ਦਾ ਹੱਥ ਮਗਰੋਂ ਕਿੰਨਾ ਚਿਰ ਹਿਲਦਾ ਰਿਹਾ।

○ ○ ○

ਮਹਿਬੂਬ ਆਇਆ ਮਗਰੋਂ, ਟੁਰ ਪਹਿਲਾਂ ਗਿਆ। ਏਥੇ ਆਣ ਦਾ ਪ੍ਰੋਗਰਾਮ ਪਿਛਲੀ ਰਾਤੀਂ ਸ਼ਰਾਬਾਂ ਪੀਂਦਿਆਂ ਬਣਿਆ। ਹੁਸੈਨ ਦੇ ਕਮਰੇ ਵਿਚ ਉਨ੍ਹਾਂ ਤਿੰਨਾਂ ਬਸੰਤ ਉੱਤੇ ਲੱਗੀ ਪਾਬੰਦੀ ਨੂੰ ਰੱਜ ਕੇ ਪੀਤਾ। ਹੁਸੈਨ ਨੂੰ ਲਹੌਰ ਸੌੜਾ ਲੱਗਾ, ਉਹਦਾ ਸਵੇਰੇ ਏਥੋਂ ਬਾਹਰ ਨਿਕਲਣ 'ਤੇ ਦਿਲ ਕੀਤਾ, ਭੱਟੀ ਸ਼ੂਕਿਆ, "ਮੈਂ ਕਿਧਰੇ ਨਹੀਂ ਜਾਣਾ, ਵੇਖਾਂਗਾ ਕਿਹੜਾ ਚੁਗੱਤਾ ਮੈਨੂੰ ਬਸੰਤ ਉਡਾਨ ਨਹੀਂ ਦੇਂਦਾ।" ਲਹੌਰ ਨੂੰ ਵੰਗਾਰਦਿਆਂ ਉਹਨੂੰ ਚੇਤੇ ਆਇਆ,

ਕਹੇ ਹੁਸੈਨ ਫ਼ਕੀਰ ਸਾਈਂ ਦਾ, ਤਖ਼ਤ ਨਾ ਮਿਲਦੇ ਮੰਗੇ

ਹੁਸੈਨ ਭੱਟੀ ਨਾਲ ਸਹਿਮਤ ਹੋਇਆ, ਮਾਧੋ ਹੋਕਾ ਦਿੱਤਾ,

ਸਭ ਜੱਗਾ ਬੱਗਾ ਥੀ ਵੈਸੀ, ਅਸਾਂ ਰਹਿਣਾ ਲਾਖੇ

ਭੱਟੀ ਹਾਂਗਰੇ ਮਾਰਦਾ ਚਲਾ ਗਿਆ, ਹੁਸੈਨ ਮਾਧੋ ਦੀਆਂ ਅੱਖਾਂ ਵਿਚ ਵੇਖਿਆ ਜਿਥੇ ਪਾਣੀ ਵਿਚ ਲਾਲੀ ਪਈ ਤਰਦੀ। ਹੌਸਲਾ ਦੇਂਦਿਆਂ ਹੁਸੈਨ ਮਾਧੋ ਦਾ ਹੱਥ ਫੜ ਕੇ ਘੁੱਟਿਆ, ਚੁੰਮਿਆ ਤੇ ਫੇਰ ਉਹਨੂੰ ਕੰਡ ਤੇ ਥਾਪੜਦਿਆਂ ਆਪਣੇ ਨਾਲ ਲਾ ਲਿਆ।

ਰਾਤੀਂ ਮਹਿਬੂਬ ਵਾਹਵਾ ਚਿਰਕਾ ਹੁਸੈਨ ਕੋਲੋਂ ਗਿਆ, ਸਵੇਰੇ ਆਉਂਦਿਆਂ ਉਹਨੂੰ ਕਵੇਲ ਹੋ ਗਈ ਤੇ ਹੁਸੈਨ ਇਕੱਲਾ ਈ ਮੁਲਤਾਨ ਰੋਡ 'ਤੇ ਨਿਕਲ ਗਿਆ। ਚੌਬੁਰਜੀ ਚੌਕ, ਯਤੀਮਖਾਨਾ, ਮੁਲਤਾਨ ਚੂੰਗੀ, ਠੋਕਰ ਨਿਆਜ਼ ਬੇਗ, ਮੂਲਣ ਵਾਲ ਲੰਘਦਿਆਂ ਆਸੇ ਪਾਸੇ ਪਿੰਡ ਤੇ ਪੈਲੀਆਂ ਵੇਖਦਿਆਂ ਉਹਨੂੰ ਲਾਲਾ ਜੀ ਲਹੌਰੀ ਦੀ ਗੱਲ ਯਾਦ ਆ ਗਈ ਕਿ ਲਹੌਰ ਦਵਾਲੇ ਕਦੀ 382 ਪਿੰਡ ਤੇ 27 ਰੱਖਾਂ ਸਨ ਜਿਨ੍ਹਾਂ ਨੂੰ ਲਹੌਰ ਖਾਂਦਾ ਜਾ ਰਿਹਾ। ਉਹਦੇ ਧਿਆਨ ਵਿਚ ਉਹ ਖੋਜ ਵੀ ਆਈ ਜਿਹੜੀ ਉਹਨੇ ਤੇ ਮਹਿਬੂਬ ਰਲ ਕੇ ਕੀਤੀ...ਲਹੌਰ ਦਾ ਮਾਡਲ ਟਾਊਨ ਕਦੀ ਰਾਵੀਓਂ ਪਾਰ ਸ਼ਾਹਦਰਾ ਲਾਗੇ ਬਣਨਾ ਸੀ ਪਰ ਉਸ ਵੇਲੇ ਦੇ ਟਿੰਬਰ ਮਾਫ਼ੀਆ ਲਹੌਰ ਨੂੰ ਦੱਖਣ ਪਾਸੇ ਵਧਾਇਆ ਕਿਉਂ ਜੇ ਬਹੁਤੀਆਂ ਰੱਖਾਂ ਏਸ ਪਾਸੇ। ਦੀਵਾਨ ਖੇਮ ਚੰਦ ਦੇ "ਆਈਡਿਅਲ ਸਬ ਅਰਬਨ ਟਾਊਨ" ਲਈ ਸ਼ਾਹਦਰੇ ਦੀ ਇਕ ਹਜ਼ਾਰ ਏਕੜ ਜ਼ਮੀਨ ਦਾ ਸੌਦਾ ਸੇਠ ਸਖੀ ਸ਼ਾਹ ਨਾਲ ਹੋਇਆ ਪਰ ਰਾਏ ਬਹਾਦੁਰ ਡਬਲਿਊ ਸੀ ਚੋਪੜਾ, ਐਗਜੈਕਟਿਵ ਇੰਜੀਨੀਅਰ, ਗੁਜਰਾਂਵਾਲਾ ਇਹ ਮੁਆਹਦਾ ਬੈਅ ਮਨਸੂਖ ਕਰਵਾ ਦਿੱਤਾ, ਇੰਜ ਰੱਖ ਲੱਖਪਤ ਚੁਣੀ ਗਈ। ਤਿੰਨ ਵਰ੍ਹੇ ਦਿਨ ਰਾਤ ਸਰਦਾਰ ਬਹਾਦੁਰ ਡਿੰਗਾ ਸਿੰਘ ਤੇ ਰਾਏ ਬਹਾਦੁਰ ਦੇਵੀ ਚੰਦ ਖੰਨਾ ਦੇ

ਆਰੇ ਕਾਲੀਆਂ ਟਾਹਲੀਆਂ ਤੇ ਕਾਲੇ ਕਿਕਰਾਂ ਨੂੰ ਇਮਾਰਤੀ ਲੱਕੜ ਬਣਾਂਦੇ ਰਹੇ। ਹੁਸੈਨ ਤੇ ਮਹਿਬੂਬ ਅਕਸਰ ਸੋਚਦੇ ਕਿ ਦੀਵਾਨ ਖੇਮ ਚੰਦ ਇੰਗਲੈਂਡ 'ਚੋਂ ਸਨਅਤੀ ਇਨਕਲਾਬ ਮਗਰੋਂ ਚੱਲੀ ਲਹਿਰ "ਗਾਰਡਨ ਸਿਟੀ" ਵੇਖ ਕੇ ਆਇਆ ਪਰ ਲਾਹੌਰ ਵਿਚ ਉਹਨੇ ਮਹਿਕਮਾ ਜੰਗਲਾਤ ਨਾਲ ਮਿਲ ਕੇ ਪੁਰਾਣੇ ਰੁੱਖ ਕੇਡੀ ਬੇਦਰਦੀ ਨਾਲ ਵਢਵਾਏ ਤੇ ਰੁੱਖਾਂ ਦਾ ਜੰਗਲ ਮਾਡਲ ਟਾਊਨ ਵਿਚ ਛੇ ਕਨਾਲ, ਚਾਰ ਕਨਾਲ ਤੇ ਦੋ ਕਨਾਲ ਹੋਇਆ। ਦੀਵਾਨ ਅਮਰਨਾਥ ਨੰਦਾ ਸੈਨੇਟਰੀ ਇੰਜੀਨੀਅਰ, ਮਿਸਟਰ ਐਚ ਕਲੋਅਰਟ ਰਜਿਸਟਰਾਰ ਜੁਆਇੰਟ ਸਟਾਕ ਕੰਪਨੀਜ਼, ਐਫ ਐਫ ਫਰਾਂਸਿਸ ਕੰਸਲਟਿੰਗ ਆਰਕੀਟੈਕਟ ਆਫ਼ ਪੰਜਾਬ ਗੌਰਮਿੰਟ ਤੇ ਲਹੌਰ ਦੀ ਸਿਰਕੱਢ ਹਸਤੀ ਸਰ ਗੰਗਾ ਰਾਮ ਲੈਫਟੀਨੈਂਟ ਗਵਰਨਰ ਐਡਵਰਡ ਮੈਕਲੈਗਨ ਦੀ ਸਰਪ੍ਰਸਤੀ ਵਿਚ ਦੀਵਾਨ ਖੇਮ ਚੰਦ ਨੂੰ ਥਾਪੜਦੇ ਰਹੇ। ਰੱਖ ਲੱਖਪਤ ਦੇ ਬੁੱਢੇ ਰੁੱਖ ਲਹੌਰ ਦੀਆਂ ਕੋਠੀਆਂ, ਬੰਗਲਿਆਂ, ਦਫ਼ਤਰਾਂ ਤੇ ਹਵੇਲੀਆਂ ਵਿਚ ਵੀ ਕੰਮ ਆਏ, ਫਰਨੀਚਰ ਲਈ ਬਹੁਤ ਸਾਰੀ ਲੱਕੜ ਇੰਗਲੈਂਡ ਵੀ ਗਈ...ਹੁਸੈਨ ਮਾਂਗਾ ਮੰਡੀ ਲੰਘ ਕੇ ਸੜਕ ਤੋਂ ਪੈਲੀਆਂ ਅੰਦਰ ਜਾ ਕੇ ਪਰਾਲੀ ਦੇ ਪੱਸੇ ਤੇ ਜਾ ਕੇ ਬੈਠਾ ਈ ਕਿ ਮਹਿਬੂਬ ਦਾ ਫ਼ੋਨ ਆ ਗਿਆ। ਹੁਸੈਨ ਉਹਨੂੰ ਥਾਂ ਟਿਕਾਣਾ ਦੱਸਿਆ, ਉਹ ਅੱਗੇ ਵੀ ਕਦੀ ਕਦੀ ਏਧਰ ਆ ਕੇ ਇਕੱਠੇ ਖੁੱਲ੍ਹੇ ਵੇਲਾ ਗੁਜ਼ਾਰਦੇ।

ਮਹਿਬੂਬ ਏਥੋਂ ਜਾਂਦਿਆਂ ਦੱਸਿਆ ਕਿ ਅੱਜ ਰਾਤੀਂ ਉਹ ਮਾਲ ਰੋਡ ਦੇ ਕਿਹੜੇ ਫਾਈਵ ਸਟਾਰ ਹੋਟਲ ਦੀ ਛੱਤ 'ਤੇ ਬਸੰਤ ਮਨਾ ਰਹੇ। ਉਹਨੇ ਹੁਸੈਨ ਨੂੰ ਵੀ ਸੱਦਾ ਦਿੱਤਾ ਪਰ ਹੁਸੈਨ ਭਾਣੇ ਡੋਰ, ਪਿੰਨਾ, ਚਰਖੀ, ਗਾਹਟੀ ਲੋਕਾਈ ਦੀ ਸਾਂਝ, ਸਭਨਾਂ ਦਾ ਇਕੋ ਜਿਹਾ ਰਲਣ ਏ ਬਸੰਤ। ਖ਼ਲਕਤ ਦਾ ਇਕੱਠਾ ਗੁੱਡੀ ਉਡਾਉਣਾ, ਗੁੱਡੀਆਂ ਲੁੱਟਣਾ, ਪੇਚ ਲੜਾਣਾ, ਹੱਲਾ ਗੁੱਲਾ, ਮੌਜ ਮਸਤੀ, ਲਲਕਾਰੇ ਹਾਂਗਰੇ, ਉਏ ਉਏ, ਬੱਲੇ ਬੱਲੇ, ਵਸਤੀ ਦੇ ਸਾਰੇ ਵਾਸੀਆਂ ਦਾ ਖ਼ੁਸ਼ ਰੰਗਾਂ ਵਿਚ ਸੀਰ ਪਾਵਣ ਏ ਬਸੰਤ। ਉਹਦੀਆਂ ਗੱਲਾਂ ਵਿਚ ਲਾਲਾ ਜੀ ਲਹੌਰੀ ਵੀ ਰਲ ਗਏ ਜਿਹਨਾਂ ਨੂੰ ਵਾਧੂ ਧੁਖ਼ਦੇ ਮਿਰਚ ਮਸਾਲੇ, ਤੜਕੇ ਦੀ ਸੂੰ ਸੂੰ ਤੇ ਭੁਜਦੇ ਕੁੱਕੜ ਕੜਾਹੀਆਂ ਸੁੰਘਦਿਆਂ ਲਹੌਰ ਹੁਣ ਕੰਜਰ ਮਿਜਾਜ਼ ਲੱਗੇ। ਉਹ ਲਹੌਰ ਦੀ ਵੇਲ ਹੋਕਦੇ ਹੋਕਦੇ ਲਹੌਰ ਨੂੰ ਭੰਡ ਵੀ ਦੇਂਦੇ ਜਿਹਦੇ ਅਖਾੜਿਆਂ ਦੀ ਮਿੱਟੀ ਨੂੰ ਚੁੰਮ ਕੇ ਘੁਲਣ ਵਾਲੇ ਇਜ਼ਤਾਂ ਦੇ ਰਾਖੇ ਕਿੱਸਾ ਹੋ ਗਏ। ਜਿਥੇ ਹੁਣ ਜਿਮ ਵਿਚ ਬਰਾਇਲਰ ਮਸਲ ਬਣਾ ਰਹੇ, ਬਾਡੀ ਬਿਲਡਰ ਸ਼ੀਸ਼ੇ ਵਿਚ ਆਪਣੇ ਆਪ ਨੂੰ ਵੇਖ ਕੇ ਖੁਸ਼ ਪਰ ਉਹਨਾਂ ਵਿਚ ਗ਼ੈਰਤ ਕੋਈ ਨਾ। ਪੀਰਾਂ ਫ਼ਕੀਰਾਂ ਨੂੰ ਮੰਨਣ ਮਨਾਣ ਵਾਲੇ ਉਨ੍ਹਾਂ ਦੇ ਸ਼ਹਿਰ, ਦਾਤਾ ਦੀ ਨਗਰੀ ਉੱਤੇ ਮੁਤਸ਼ਦੱਦ ਸ਼ਰੀਅਤ ਚੜ੍ਹੀ ਆਉਂਦੀ ਤੇ ਲੋਕ ਖ਼ੁਸ਼ੀਆਂ ਤਕਫ਼ੀਰੀ ਫਤਵਿਆਂ ਦੀ ਸੂਲੀ ਉੱਤੇ ਝੂਲ ਰਹੀਆਂ।

○ ○ ○

ਅੱਜ ਏਥੇ ਮਹਿਬੂਬ ਆਉਂਦਿਆਂ ਈ ਬਟਵੇ ਚੋਂ ਚਰਸ ਕੱਢੀ ਤੇ ਸਿਗਰਟਾਂ ਦੇ ਜੋਟੇ ਚੋਂ ਤਮਾਕੂ ਕੱਢਣ ਲੱਗ ਪਿਆ। ਹੁਸੈਨ ਸੋਚਾਂ ਵਿਚ ਫਸਿਆ, ਉਹਦੇ ਖਿਆਲੀਂ ਸਭ ਉਹਲੇ ਡੱਕੇ ਤੇ ਕੱਜਣ ਦਾ ਲਾਹ ਸੁੱਟਣ, ਇਕ ਦੂਜੇ ਵੱਲ ਝਾਤੀ ਪਾਵਣ ਐ ਬਸੰਤ, ਆਪਣੇ ਵਿਹੜੇ ਤੋਂ ਹੋਰ ਦੇ ਵਿਹੜੇ ਅੰਦਰ ਸੱਦ ਮਾਰਦਿਆਂ ਤੇ ਨੀਵੇਂ ਥਾਂ ਤੋਂ ਉੱਚੀ ਟੀਸੀ ਵਲ ਵੇਖਦਿਆਂ ਸੰਗਣਾ ਨਾ, ਇਹ ਵੇ ਬਸੰਤ। ਮਹਿਬੂਬ ਸਿਗਰਟ ਬਣਾ ਕੇ ਹੁਸੈਨ ਨੂੰ ਦਿੱਤਾ ਜਿਹਨੇ ਸਿਗਰਟ ਲਾਇਆ ਹੀ ਮਹਿਬੂਬ ਨੂੰ ਫ਼ੋਨ ਆ ਗਿਆ, "ਹਾਂ ਰਾਜਾ ਕੀ ਗੱਲ ਏ ?...ਹਾਂ ਮੈਂ ਤਿੰਨ ਵਜੇ ਤਾਈਂ ਪਹੁੰਚ ਜਾਵਾਂਗਾ...ਸਭਨਾਂ ਸਪਾਂਸਰਜ਼ ਦੇ ਪਰਾਹੁਣੇ ਆ ਰਹੇ ਨੇ ਨਾ ? ਵੇਖ ਲਈਂ ਕਿ ਚੈਕ ਕੈਸ਼ ਵੀ ਹੋਣਗੇ ਕਿ ਨਹੀਂ ?" ਹੁਸੈਨ ਏਧਰੋਂ ਬੇਧਿਆਨਾ ਹੋ ਕੇ ਸਿਗਰਟ ਦੇ ਧੂੰਅ ਵਿਚ ਕਿਧਰੇ ਉੱਡ ਗਿਆ...

ਬਸੰਤ, ਕੰਮ ਵਿਚ ਕਿਸੇ ਦਾ ਵੀ ਦਿਲ ਨਾ ਲੱਗਾ ਅੱਜ ਉਸਤਾਦ ਫ਼ੀਕਾ ਮੁੰਡਿਆਂ ਨਾਲ ਰਲ ਕੇ ਸੜਕ 'ਤੇ ਗੁੱਡੀ ਉਡਾ ਰਿਹਾ ਤੇ ਉਹਨੂੰ ਆਪਣਾ ਜਾਣੂ ਰਸ਼ੀਦ (ਏ ਆਰ ਕਾਰਦਾਰ) ਚੇਤੇ ਆ ਗਿਆ ਜਿਹਦੀ ਡਾਇਰੈਕਟ ਕੀਤੀ ਫ਼ਿਲਮ "ਦਿਲਲਗੀ" ਵਿਚ ਸ਼ਮਸ਼ਾਦ ਬੇਗ਼ਮ ਤੇ ਉਮਾ ਦੇਵੀ ਦਾ ਗਾਇਆ ਕੋਰਸ ਉਹ ਮੂੰਹ ਵਿਚ ਗਾਉਣ ਲੱਗ ਪਿਆ ਜਿਹੜਾ ਉਹਨੂੰ ਹਰ ਬਸੰਤ ਉੱਤੇ ਯਾਦ ਆਵੇ :

ਦੇਖੋ ਪਤੰਗ ਮੋਰੀ, ਗੰਗਾ ਕੇ ਪਾਰ ਚਲੀ
ਲੇ ਕੇ ਸੰਦੇਸਾ ਮੋਰਾ ਸਾਜਨ ਕੇ ਦਵਾਰ ਚਲੀ
ਪੰਛੀ ਸੇ ਛੀਨ ਲਿਆ ਉੜਨੇ ਕਾ ਢੰਗ
ਮੇਰੀ ਪਿਆਰੀ ਪਤੰਗ ਚਲੀ ਬਾਦਲ ਕੇ ਸੰਗ

ਜ਼ਰਾ ਧੀਰੇ ਧੀਰੇ ਜ਼ਰਾ ਹੌਲੇ ਹੌਲੇ

ਰਾਇਲ ਪਾਰਕ ਅੰਦਰ, ਇਕ ਗਲੀ ਦੀ ਨੁੱਕਰ ਵਿਚ ਉਸਤਾਦ ਫ਼ੀਕੇ ਦਾ ਸਟੂਡੀਓ। ਕੋਈ ਸ਼ਾਗਿਰਦ ਲੱਕੜੀਆਂ ਨੂੰ ਠੋਕ ਕੇ ਚੌਖਟਾ ਬਣਾਉਂਦਾ, ਕੋਈ ਚੌਖਟੇ 'ਤੇ ਕੱਪੜਾ ਲਾਉਂਦਾ। ਉਸਤਾਦ ਫ਼ੀਕਾ ਤੇ ਮੂਰਤੀ ਪੇਂਟਰ, ਉਹ ਥੇਟਰਾਂ ਤੇ ਫ਼ਿਲਮਾਂ ਦੇ ਪੋਸਟਰ ਬਣਾਉਂਦੇ।

ਹਰ ਪਾਸੇ ਗੁੱਡੀਆਂ ਉੱਡ ਰਹੀਆਂ, ਮੂਰਤੀ ਦਾ ਬਸੰਤ ਨੂੰ ਪੇਂਟ ਕਰਨ ਤੇ ਦਿਲ ਕੀਤਾ। ਉਹਨੇ ਬੁਰਸ਼ ਫੜਿਆ ਤੇ ਕੈਨਵਸ ਨੂੰ ਰੰਗ ਲੱਗ ਗਏ। ਸਾਹਵਾਂ ਢਲਦਾ ਸੂਰਜ ਪੇਂਟ ਹੋਈ ਬਸੰਤ ਨੂੰ ਲਿਸ਼ਕਾ ਰਹਿਆ ਕਿ ਟਾਂਗੇ ਚੋਂ ਬੁਰਕੇ ਵਾਲੀ ਬੀਬੀ ਲੱਥੀ ਤੇ ਪੇਂਟਿੰਗ ਨੂੰ ਵੇਖਦੀ ਸਾਹਮਣੇ ਵੱਡੇ ਘਰ ਵਿਚ ਵੜ ਗਈ। ਉਸ ਘਰ ਦੀ ਨੌਕਰਾਣੀ ਆਈ, "ਤੈਨੂੰ ਬੀਬੀ ਹੋਰੀਂ ਬੁਲਾ ਰਹੇ ਨੇ।" ਮੂਰਤੀ ਸੁਣਿਆ ਪਰ ਆਪਣੇ ਕੰਮ ਵਿਚ ਰੁੱਝਾ ਰਿਹਾ। ਉਸਤਾਦ ਮੂਰਤੀ ਨੂੰ ਸੱਦਿਆ ਤੇ ਨੌਕਰਾਣੀ ਨਾਲ ਜਾਣ ਲਈ ਆਖਿਆ , ਮੂਰਤੀ ਆਪਣੇ ਕੰਮ ਵਾਲੇ ਕੱਪੜਿਆਂ ਵੱਲ ਵੇਖਿਆ, ਥਾਂ ਥਾਂ ਰੰਗ ਲੱਗਾ ਹੋਇਆ, ਮੈਲੇ ਮੂੰਹ ਤੇ ਵਧੀ ਸ਼ੇਵ ਉੱਤੇ ਉਹਨੇ ਹੱਥ ਫੇਰਿਆ। "ਇਹ ਤਸਵੀਰ ਵੀ ਨਾਲ ਲੈ ਕੇ ਆਵੀਂ।" ਨੌਕਰਾਣੀ ਬੋਲੀ। "ਜਾ ਮੂਰਤੀ, ਹੁਣੇ ਜਾ !" ਖ਼ੁਸ਼ ਹੋਏ ਉਸਤਾਦ ਫ਼ੀਕੇ ਮੂਰਤੀ ਨੂੰ ਆਖਿਆ। ਮੂਰਤੀ ਤਸਵੀਰ ਫੜੀ ਹੋਈ, ਜਦੋਂ ਉਹ ਵੱਡੇ ਸਾਰੇ ਘਰ ਦੀ ਡਿਉੜੀ ਵਿਚ ਵੜਿਆ, ਅੰਦਰੋਂ ਨਿਕਲਦੇ ਹੋਏ ਪੀਰ ਸਾਹਬ ਆਪਣਾ ਮੂੰਹ ਕੱਜ ਲਿਆ ਤੇ ਮੂਰਤੀ ਦੇ ਸਲਾਮ ਦਾ ਕੋਈ ਜਵਾਬ ਨਾ ਦਿੱਤਾ। ਨੌਕਰਾਣੀ ਮੂਰਤੀ ਨੂੰ ਬੈਠਕ ਵਿਚ ਬਹਾ ਕੇ ਬੀਬੀ ਹੋਰਾਂ ਨੂੰ ਬੁਲਾਇਆ। ਮਾਲਕਣ ਤਸਵੀਰ ਵੱਲ ਦੇਖਦਿਆਂ, "ਮੈਂ ਬਸੰਤ ਖਰੀਦਣਾ ਚਾਹਨੀ ਆਂ।" "ਬਸੰਤ ? ਬਸੰਤ ਵਿਕਾਊ ਨਹੀਂ। ਜਿਹੜਾ ਬੇਪਰਦ ਹੋ ਕੇ ਬਸੰਤ ਵੇਖ ਨਾ ਸਕੇ, ਉਹਦੇ ਲਈ ਰਿਆਇਤ ਹੋਣੀ ਚਾਹੀਦੀ।" "ਮੁੱਲ ਉਸਤਾਦ ਈ ਦੱਸੇਗਾ।"

ਵੱਡੇ ਘਰ ਦੀ ਮਾਲਕਣ ਤਸਵੀਰ ਖਰੀਦਿਆਂ ਉਸਤਾਦ ਫ਼ੀਕੇ ਨੂੰ ਆਖਿਆ, "ਮੈਂ ਆਪਣੀ ਤਸਵੀਰ ਮੂਰਤੀ ਕੋਲੋਂ ਬਨਵਾਣੀ, ਸਾਹਮਣੇ ਬਹਿ ਕੇ ! ਜਦੋਂ ਆਖੋ, ਜਿਵੇਂ ਆਖੋ !" ਉਸਤਾਦ ਹਾਮੀ ਭਰ ਲਈ।

ਅਗਲੇ ਦਿਨ ਉਸਤਾਦ ਫ਼ੀਕੇ ਮੂਰਤੀ ਨੂੰ ਘੱਲ ਦਿੱਤਾ। ਮਾਲਕਣ ਦੱਸਣ ਲੱਗ ਪਈ ਕਿ ਉਹ ਬੇਔਲਾਦ, ਪੀਰ ਸਾਹਿਬ ਦਮ ਕਰਨ ਆਉਂਦੇ ਪਰ ਫ਼ੈਦਾ ਕੋਈ ਨਾ...ਉਹਦਾ ਆਪਣਾ ਵੀ ਦਿਲ ਕਰਦਾ, ਉਹਦਾ ਪੁੱਤਰ ਹੋਵੇ, ਪਰ ਉਹਨੂੰ ਲੱਗੇ ਕਿ ਹੋਣਾ ਕੋਈ ਨਹੀਂ...ਉਹ ਅਜੇਹੀ ਤਸਵੀਰ ਬਣਾਉਣਾ ਚਾਹੁੰਦੀ ਜਿਹੜੇ ਵਿਚ ਪੁੱਤਰ ਉਹਦਾ ਦੁੱਧ ਚੁੰਘ ਰਿਹਾ ਹੋਵੇ..."ਤੁਹਾਡੇ ਖਾਵੰਦ ਦਾ ਨਾਂ ਗੁਜਰ ਖਾਂ ਜਿਹੜਾ ਅਕਬਰ ਬਾਤਸ਼ਾਹ ਦਾ ਇਕ ਖਿਦਮਤਗਾਰ ?" "ਕੀ...ਕੌਣ ?" ਮਾਲਕਣ ਦੇ ਕੁਝ ਵੀ ਪੱਲੇ ਨਾ ਪਿਆ। "ਇਕ ਹੋਰ ਹਕੀਕਤ ਉਲਫ਼ੁਕਰਾ !" ਕਹਿ ਕੇ ਮੂਰਤੀ ਕੈਨਵਸ ਬੁਰਸ਼ 'ਤੇ ਰੰਗਾਂ ਲਈ ਥਾ ਠਿਕਾਣਾ ਭਾਲਣ ਲੱਗ ਪਿਆ।

ਮਾਲਕਣ ਸਵਾਣੀ ਨਹੀਂ ਬਸ ਮਾਂ, ਆਪਣੇ ਬੈਡ ਤੇ ਪੇਂਟਰ ਦੇ ਸਾਹਮਣੇ ਥਣ ਨੰਗਾ ਕਰਕੇ ਬਹਿ ਗਈ, ਮੂਰਤੀ ਮਰਦ ਨਹੀਂ ਬਸ ਪੇਂਟਰ, ਤਸਵੀਰ ਬਣਾਵਣ ਲੱਗ ਪਿਆ। ਤਸਵੀਰ ਜਦੋਂ ਪੂਰੀ ਹੋ ਗਈ, ਮਾਲਕਣ ਵੇਖੀ ਤੇ ਉਹਨੇ ਦੁੱਧ ਚੁੰਘਦੇ ਬਾਲ ਵਲ ਗਹੁ ਕੀਤਾ ਤੇ ਫੇਰ ਮੂਰਤੀ ਨੂੰ ਘੂਰਿਆ। ਮਾਲਕਣ ਮੂਰਤੀ ਨੂੰ ਬਾਲ ਦੀਆਂ ਦਾੜ੍ਹੀ ਮੁੱਛਾਂ ਉਗਾਵਣ ਲਈ ਆਖਿਆ। ਜਦੋਂ ਦਾੜ੍ਹੀ ਮੁੱਛ ਲੱਗ ਗਈ, ਉਹ ਮੂਰਤੀ। "ਹਾਏ, ਇਹ ਕੀ, ਮੈਂ ਮਰ ਗਈ।" ਲੁਕ ਕੇ ਬਾਰੀ ਦੀ ਝੀਤ ਚੋਂ ਦੇਖਦੀ ਨੌਕਰਾਣੀ ਦੇ ਮੂੰਹੋਂ ਬਦੋਬਦੀ ਨਿਕਲ ਗਿਆ, ਤਸਵੀਰ ਬਾਰੀ ਨੂੰ ਸਾਹਮਣੀ। ਤ੍ਰਹਿ ਗਏ ਮੂਰਤੀ ਨੂੰ ਮਾਲਕਣ ਤਸੱਲੀ ਦਿੱਤੀ, ਘਾਬਰਣ ਦੀ ਕੋਈ ਗੱਲ ਨਹੀਂ, ਨੌਕਰਾਣੀ ਮੇਰੀ ਸਹੇਲੀ ਵੀ ਏ। ਮੂਰਤੀ ਆਪਣਾ ਡਰ ਲਾਹਣ ਲਈ ਸਾਇਡ ਟੇਬਲ ਤੇ ਪਈ ਭਕਾਨਿਆਂ ਦੀ ਡੱਬੀ ਬਾਰੇ ਪੁੱਛਿਆ, "ਇਹ ਪੀਰ ਸਾਹਿਬ ਰੱਖੀ ਹੋਈ ਏ।" "ਪੀਰ ਸਾਹਿਬ ਦੇ ਬੜੇ ਨਖ਼ਰੇ ਨੇ !" ਮੂਰਤੀ ਹੱਸ ਪਿਆ। "ਉਹ ਬੜੀ ਪਹਰੇਜ਼ ਕਰਦੇ ਨੇ।" "ਪਹਰੇਜ਼ਗਾਰ ਜੂੰ ਹੋਏ।" ਦੋਵੇਂ ਹੱਸਣ ਲੱਗ ਪਏ। ਮੂਰਤੀ ਦੀ ਨਿਗਾਹ ਅਲਮਾਰੀ ਵਿਚ ਪਈ ਬੋਤਲ ਤੇ ਪਈ, "ਇਹ ਵੀ ਪੀਰ ਸਾਹਿਬ ਦੀ ਏ ?" "ਨਹੀਂ, ਪੀਰ ਸਾਹਿਬ ਸ਼ਰਾਬ ਨੂੰ ਹਰਾਮ ਸਮਝਦੇ ਨੇ !" ਮੂਰਤੀ ਦੀ ਨਜ਼ਰ ਬੋਤਲ 'ਤੇ ਟਿਕੀ ਹੋਈ ਜਿਹਨੂੰ ਵੇਖਦਿਆਂ ਮਾਲਕਣ ਪੁੱਛਿਆ, "ਪੀਵੇਂਗਾ ?" ਨਾਲ ਈ ਉਹਨੇ ਨੌਕਰਾਣੀ ਨੂੰ ਵਾਜ ਮਾਰ ਕੇ ਬਰਫ਼, ਪਾਣੀ ਤੇ ਗਲਾਸ ਮੰਗਵਾਇਆ। "ਸ਼ਰਾਬ ਨਾਲ ਕਬਾਬ ਵੀ ਲੱਭਣਗੇ ?" "ਕਿਉਂ ਨਹੀਂ।"

ਝੱਟ ਪਿਛੋਂ ਮੂਰਤੀ ਭਕਾਨਿਆਂ ਵਾਲੀ ਡੱਬੀ ਕੂੜੇ ਵਾਲੀ ਟੋਕਰੀ ਵਿਚ ਸੁਟਦਿਆਂ ਆਖਿਆ, "ਮੈਨੂੰ ਕੋਈ

ਪਰਹੇਜ਼ ਨਹੀਂ।"

ਧੁਖਦੇ ਸਿਗਰਟ ਉਂਗਲਾਂ ਨੂੰ ਸਾੜਿਆ, ਹੁਸੈਨ ਯਾਦਾਂ 'ਚੋਂ ਲੂਸਦਾ ਏਥੇ ਆ ਡਿੱਗਾ ਤੇ ਉਂਗਲਾਂ ਨੂੰ ਬੁੱਲ੍ਹਾਂ ਨਾਲ ਲਾ ਕੇ ਫੂਕਾਂ ਮਾਰਨ ਲੱਗ ਪਿਆ। ਮਾਧੋ ਉਹਦੀਆਂ ਦੋਵੇਂ ਉਂਗਲਾਂ ਫੜ ਕੇ ਮੂੰਹ ਵਿਚ ਪਾ ਲਈਆਂ ਤੇ ਦੂਜਾ ਭਰਿਆ ਸਿਗਰਟ ਹੁਸੈਨ ਅੱਗੇ ਕਰ ਦਿੱਤਾ।

○ ○ ○

ਮਹਿਬੂਬ ਟੁਰ ਗਿਆ ਤੇ ਹੁਸੈਨ ਚੰਗਾ ਝੱਟ ਉਹਦੀਆਂ ਯਾਦਾਂ ਨੂੰ ਜੱਫੀ ਪਾਈ ਰੱਖੀ। ਪਰਾਲੀ ਤੇ ਲੰਮਾ ਪਿਆ, ਮੂੰਹ ਅਸਮਾਨ ਵੱਲ। ਕੂੰਜਾਂ ਦੀ ਡਾਰ ਨੁਮਾਸ਼ਾਂ ਦੀ ਦਸ ਪਾਈ। ਚਿੜੀਆਂ ਵੀ ਸੂਰਜ ਡੁੱਬਣ ਤੇ ਚੀਕ ਚਿਹਾੜਾ ਪਾਇਆ। ਹੁਸੈਨ ਉੱਠ ਕੇ ਕੱਪੜੇ ਛੰਡੇ ਤੇ ਕਾਰ ਵਿਚ ਬੈਠਾ ਜਿਹਨੇ ਸਟਾਰਟ ਹੋ ਕੇ ਜਿਹੜੀ ਧੁਨ ਵਜਾਈ ਉਹਦੇ ਤੇ ਇਹ ਬੋਲ ਈ ਵੱਜੇ :

ਮਨ ਅਟਕਿਆ ਬੇਪਰਵਾਹ ਦੇ ਨਾਲ

ਚਲਦੀ ਕਾਰ ਦੇ ਸਟੇਰਿੰਗ ਨੂੰ ਉਂਗਲਾਂ ਨਾਲ ਵਜਾ ਕੇ ਉਹ ਗਾ ਰਹਿਆ ਕਿ ਉਹਨੂੰ ਚੌਂਹੰਗ ਲਾਗੇ ਬਰੇਕ ਲਾਂਦਿਆਂ ਚੁੱਪ ਹੋਣਾ ਪਿਆ। ਸਾਹਮਣੇ ਕੁਝ ਲੋਕ ਸੜਕ ਪਾਰ ਕਰ ਰਹੇ। ਢੋਲ ਅੱਗੇ ਇਕ ਮਲੰਗ ਧਮਾਲ ਪਾ ਰਹਿਆ, ਰੁਕੀਆਂ ਕਾਰਾਂ ਦੇ ਹਾਰਨਾਂ ਤੋਂ ਬੇਪਰਵਾਹ, ਉਹਦੇ ਤਨ ਉੱਤੇ ਰੰਗ ਰੰਗ ਦੀਆਂ ਲੀਰਾਂ, ਝੂੰਦੇ ਸਿਰ ਉੱਤੇ ਲਿਟਾਂ ਨੱਚ ਰਹੀਆਂ। ਮਲੰਗ ਮੌਜ ਵਿਚ, ਉਹਦੇ ਹਿਲਦੇ ਬੁੱਲ੍ਹਾਂ ਨੂੰ ਸੁਣਨ ਲਈ ਹੁਸੈਨ ਕਾਰ ਦਾ ਸ਼ੀਸ਼ਾ ਖੋਲ੍ਹਿਆ, "ਅਲਿਫ਼ ਅੱਲਾਹ ਅਲਸਮਦ !" ਹੁਸੈਨ ਦੀ ਹਿੱਕ ਵਿਚ ਧਮਕ ਪਈ, ਉਹਨੂੰ ਪਹਿਲੇ ਬੋਲ ਵਿਸਰ ਗਏ ਤੇ ਉਹਦੇ ਮੂੰਹ 'ਤੇ ਮਲੰਗ ਦਾ ਨਾਰਾ ਚੜ੍ਹ ਗਿਆ।

○ ○ ○

ਘਰ ਅੱਪੜ ਕੇ ਹੁਸੈਨ ਆਪਣਾ ਬੰਦ ਕੀਤਾ ਮੋਬਾਇਲ ਆਨ ਕੀਤਾ ਤੇ ਉਹ ਖੜਕਦਾ ਈ ਗਿਆ, ਭੱਟੀ ਦੀਆਂ ਅੱਠ ਕਾਲਾਂ। ਓਨਾ ਚਿਰ ਉਹ ਭੱਟੀ ਦੇ ਅੱਗੋਂ ਬੰਦ ਮਿਲਦੇ ਮੋਬਾਇਲ ਤੇ ਕਾਲ ਕਰਦਾ ਰਹਿਆ, ਜਦੋਂ ਤਾਈਂ ਉਹ ਟੀਵੀ ਲਾ ਕੇ ਪੱਥਰ ਨਾ ਹੋਇਆ। ਮਾਲ ਰੋਡ ਬੰਦ ਕੀਤੀ ਹੋਈ, ਗਵਰਨਰ ਹਾਊਸ ਦੇ ਸਾਹਮਣੇ ਜਲੂਸ, ਬਾਲੜੀ ਦੇ ਗਲ ਵਿਚ ਡੋਰ ਫਿਰ ਗਈ, ਪਰਵੀਨ ਡਿਪੂ ਵਾਲੀ ਸਿਰ ਬੰਨ੍ਹਿਆ ਹੋਇਆ ਤੇ ਵੈਣ ਕਰਦੀ ਪਿੱਟ ਰਹੀ, ਰੋਂਦੇ ਕੁਰਲਾਂਦੇ ਉਹਦੇ ਪੁੱਤਰ ਫ਼ੈਸਲ ਹੇਅਰ ਡ੍ਰੈਸਰ ਲਹੂ ਲੱਗੇ ਕੱਪੜੇ ਵਿਚ ਵਲੇਟੀ ਹੋਈ ਬਾਂਹਵਾਂ ਉੱਤੇ ਆਪਣੀ ਮੋਈ ਧੀ ਜ਼ੀਨਤ ਚੁੱਕੀ ਹੋਈ ਜਿਹਦੀ ਮਾਂ ਗਸ਼ ਖਾ ਕੇ ਡਿੱਗੀ ਪਈ, ਪਿਛੇ ਉਥੇ ਕੱਚੀ ਆਬਾਦੀ ਦੇ ਲੋਕਾਂ ਨਾਲ ਰਲ ਕੇ ਭੱਟੀ ਨਾਰੇ ਲਾ ਰਿਹਾ, ਜ਼ਾਲਮੋ ਜਵਾਬ ਦੋ, ਖ਼ੂਨ ਕਾ ਹਿਸਾਬ ਦੋ। ਉਥੇ ਨਦੀਮ ਬੱਟ, ਨਾਜ਼ਿਮ ਚੁਗਤਾਈ, ਜ਼ੁਹਦੀ ਨਿਊਜ਼ ਰਿਪੋਰਟਰ, ਅਰਸ਼ਦ ਅਮੀਨ ਚੌਧਰੀ ਐਡਵੋਕੇਟ, ਫ਼ਿਰਦੌਸ, ਐਨੀ ਤੇ ਮੌਲਵੀ ਤੋਤਾ ਨਜ਼ਰ ਆ ਰਹੇ। ਨਿਊਜ਼ ਚੈਨਲ ਮੋਈ ਧੀ ਜ਼ੀਨਤ ਦੇ ਰੋਂਦੇ ਪਿਉ ਦੀ ਵਾਜ ਸੁਣਾਈ ਜਿਹੜੀ ਹੁਸੈਨ ਕੋਲੋਂ ਸੁਣੀ ਨਾ ਜਾਂਦੀ ਪਰ ਉਹ ਬੁਤ ਬਣ ਕੇ ਕਿੰਨੇ ਵਰ੍ਹੇ ਪਿਛੇ ਚਲਾ ਗਿਆ ਜਦੋਂ ਉਹਨੇ ਫ਼ੈਸਲ ਦਾ ਨਾਂ ਅਬੂਜ਼ਰ ਰੱਖਿਆ...ਭੱਟੀ ਖ਼ੁਸ਼ ਖ਼ੁਸ਼ ਹੁਸੈਨ ਕੋਲ ਆਇਆ, "ਕੋਈ ਚੰਗਾ ਜਿਹਾ ਨਾਂ ਦੱਸ, ਪਰ ਹੋਵੇ ਇਸਲਾਮੀ!" "ਇਸਲਾਮੀ ?" "ਹਾਂ, ਇਸਲਾਮੀ, ਪਰਵੀਨ ਪੱਕੀ ਕੀਤੀ !" ਭੱਟੀ ਦੱਸ ਰਿਹਾ, "ਜਦੋਂ ਮੇਰਾ ਪੁੱਤਰ ਹੋਇਆ, ਉਹਦਾ ਨਾਂ ਕਜ਼ਾਫ਼ੀ ਪਰਵੀਨ ਰੱਖਿਆ। ਪਰਵੀਨ ਦਾ ਆਪਣਾ ਪੁੱਤਰ ਹੋਇਆ ਤੇ ਉਹਨੇ ਮੇਰੇ ਕੋਲੋਂ ਪੁੱਛਿਆ ਵੀ ਨਾ, ਆਪੇ ਈ ਉਹਦਾ ਨਾਂ ਭੁੱਟੋ ਰੱਖ ਦਿੱਤਾ। ਹੁਣ ਦੂਜਾ ਪੁੱਤਰ ਹੋਇਆ ਤੇ ਉਹਨੇ ਨਾਂ ਰੱਖਣ ਲਈ ਮੈਨੂੰ ਆਖਿਆ।" ਅਬੂਜ਼ਰ ਬਦੋਬਦੀ ਹੁਸੈਨ ਦੇ ਮੂੰਹੋਂ ਨਾਂ ਨਿਕਲਿਆ। ਇਹ ਨਾਂ ਸੁਣਦਿਆਂ ਈ ਭੱਟੀ ਨੂੰ ਵੀ ਚੁੱਪ ਲੱਗ ਗਈ ਤੇ ਹੁਸੈਨ ਦੀਆਂ ਅੱਖਾਂ ਵੀ ਇਸਲਾਮੀ ਤਾਰੀਖ਼ ਦੇ ਵਰਕੇ ਫਰੋਲਣ ਲੱਗ ਪਈਆਂ। ਉਹਨਾਂ ਦੋਨਾਂ ਦੀਆਂ ਅੱਖਾਂ ਦੇ ਸਾਹਮਣੇ ਕਾਕੇ ਕਾਮਰੇਡ ਦੀ ਉਹ ਲਿਖਤ ਖੁੱਲ੍ਹ ਗਈ ਜਿਹਦੇ ਵਿਚ ਲਿਖਿਆ...

ਮੱਕੇ ਮਦੀਨੇ ਦੇ ਵਿਚਲੇ ਸਣ ਵਪਾਰੀ ਪਾਂਧੀਆਂ ਨੂੰ ਲੁੱਟਣ ਵਾਲੇ ਗ਼ਫ਼ਾਰ ਕਬੀਲੇ ਦਾ ਬਦੂ ਜਨਦਮ ਬਿਨ ਜੁਨਾਦਾ ਤੌਬਾ ਕਰ ਕੇ ਪੰਜਵੇਂ ਨੰਬਰ ਤੇ ਮੁਸਲਮਾਨ ਹੋਇਆ, ਨਾਂ ਉਹਦਾ ਅਬੂਜ਼ਰ ਗ਼ਫ਼ਾਰੀ ਪੈ ਗਿਆ। ਉਹ ਅਜਿਹਾ ਫ਼ਕੀਰ ਜਿਹਨੂੰ ਧਨ ਦੌਲਤ ਤੇ ਵਸਤ ਵਲੇਵਾ ਸੱਪ ਠੂੰਹੇ ਲੱਗੇ। ਦਾਰ ਉਲ ਨਦਵਾ ਵਿਚ ਰਜੇ ਬੈਠੇ ਸਿਰਕੱਢ ਕੁਰੈਸ਼ੀ

ਸਰਦਾਰਾਂ ਨੂੰ ਵੱਟ ਲਗਦਾ ਜਦੋਂ ਭੁੱਖੇ ਗ਼ਰੀਬਾਂ ਦੀ ਵਾਜ ਬਣ ਕੇ ਅਬੂਜ਼ਰ ਗ਼ਫ਼ਾਰੀ ਸੋਨੇ ਚਾਂਦੀ ਦੇ ਲੋਭੀਆਂ ਨੂੰ ਨਿੰਦਦਾ ਤੇ ਉਹਨਾਂ ਨੂੰ "ਅਜ਼ਾਬ-ਏ-ਅਲੀਮ" ਤੋਂ ਡਰਾਂਦਾ। ਕੀ ਹੋਇਆ ਮੱਕੇ ਦੇ ਕਾਫ਼ਨ ਨਿਸ਼ਾਨ ਲਾਤ, ਮਨਾਤ, ਉੱਜ਼ਾ ਢਹਿ ਗਏ। ਉਨ੍ਹਾਂ ਦੀ ਸਰਦਾਰੀ ਅੱਲਾਹ ਦੀ ਹਾਕਮੀ ਵਿਚ ਵੀ ਕਾਇਮ ਰਹੀ। ਅਲਅਰਜ਼ੋ ਲਿਲਾਹੇ ਦੇ ਨਾਰੇ ਲਾਣ ਵਾਲੇ ਅਬੂਜ਼ਰ ਗ਼ਫ਼ਾਰੀ ਲਈ ਮਦੀਨਾ ਅਲ ਨਬੀ ਵਿਚ ਕੋਈ ਥਾਂ ਨਾ ਰਹਿਆ। ਬਿਨਾਂ ਸ਼ੱਕ ਉਹ ਅਸਹਾਬ-ਏ-ਸੁਫ਼ਾ ਚੋਂ। ਉਹਦੀਆਂ ਮੁਸ਼ਕਾਂ ਬੱਧੀਆਂ ਗਈਆਂ ਤੇ ਊਠ ਦੀ ਨੰਗੀ ਕੰਡ ਤੇ ਉਹਨੂੰ ਲੱਧੀਓਨੇ। ਸਵਾਰੀ ਨੂੰ ਉਜਾੜ ਬੀਆਬਾਨ ਰਬਜ਼ਾ ਵੱਲ ਹਿੱਕ ਦਿੱਤਾ ਗਿਆ ਜਿਹੜਾ ਹਾਜੀਆਂ ਦਾ ਲਾਂਘਾ। ਸਿਰ ਉੱਤੇ ਛੱਤ ਨਾ ਹੇਠ ਵਿਛਾਣ ਲਈ ਬਿਸਤਰ, ਕੁਝ ਖਾਣ ਨੂੰ ਨਾ ਪੀਣ ਨੂੰ, ਤਨ ਦੇ ਕੱਪੜੇ ਲੀਰਾਂ ਹੋਏ, ਉਥੇ ਪਿੰਜਰ ਹੋਏ ਅਬੂਜ਼ਰ ਨੂੰ ਸੁੰਜੇ ਰਸਤੇ ਵਿਚ ਰੱਖ ਕੇ ਕਫ਼ਨ ਦਫ਼ਨ ਲਈ ਉਮ-ਏ-ਜ਼ਰ ਪੁਕਾਰ ਰਹੀ ਜਿਹਦਾ ਪੁੱਤਰ ਕੁਝ ਈ ਦਿਨ ਪਹਿਲਾਂ ਭੁੱਖ ਤੇ ਤ੍ਰੇਹ ਨਾਲ ਮਰ ਗਿਆ। ਉਹ ਵੈਣਾਂ ਵਿਚ ਮਿੰਨਤਾਂ ਹਾੜੇ ਕਰ ਰਹੀ, ਪਰ ਹਾਜੀ ਚਿਰੋਕਣੇ ਪਰਤ ਗਏ।


ਝੱਟੇ ਝੱਟੇ ਨਿਊਜ਼ ਚੈਨਲ ਬੱਚੀ ਦੀ ਲਾਸ਼ ਵਿਖਾ ਰਿਹਾ, ਇਹ ਗੱਲ ਘੋਟੂ ਮੰਜ਼ਰ ਵੇਖ ਕੇ ਹੁਸੈਨ ਸਾਹ ਲੈਣ ਲਈ ਕਮਰੇ 'ਚੋਂ ਬਾਹਰ ਆ ਗਿਆ। ਟੈਰੇਸ ਉੱਤੇ ਬੇਧਿਆਨਾ ਖਲੋਤਾ ਉਹ ਸਾਹਮਣੇ ਹੇਠ ਵੇਖ ਰਿਹਾ। ਸੜਕ ਦੀਆਂ ਬੱਤੀਆਂ ਬਲੀਆਂ ਹੋਈਆਂ, ਗੱਡੀ ਲੰਘੀ ਤੇ ਚਾਨਣ ਵਿਚ ਕੰਧ ਉੱਤੇ ਲੱਗਾ ਪਾਟਾ ਇਸ਼ਤਿਹਾਰ ਉੱਡਿਆ। ਪਿਛਲੇ ਮੁਹਰਮ ਦਾ ਲੱਗਾ ਇਹ ਇਸ਼ਤਿਹਾਰ, ਲਫ਼ਜ਼ ਕਰਬਲਾ ਇੰਜ ਚਿਤਰਿਆ ਹੋਇਆ ਜਿਵੇਂ ਹਰਫ਼ ਖ਼ੂਨ ਦੇ ਤਲਾਅ ਵਿਚ ਡਿੱਗੇ ਮੁਸਾਇਬ ਲਹਿਰਦੇ ਗਏ...ਬਨੀ ਅਸਦ ਕਬੀਲੇ ਦੀਆਂ ਔਰਤਾਂ ਕੋਲੋਂ ਪਾਣੀ ਲੈ ਕੇ ਬੀਬੀ ਸਕੀਨਾ ਮਕਤਲ ਵਲ ਦੌੜੀ ਜਿਹਨੇ ਆਪਣੇ ਬਾਬਾ ਕੋਲੋਂ ਸੁਣਿਆ ਕਿ ਸਭ ਤੋਂ ਪਹਿਲਾਂ ਉਸ ਤਿਰਹਾਏ ਨੂੰ ਪਾਣੀ ਪਿਆਉ, ਜਿਹੜਾ ਸਭ ਤੋਂ ਨਿੱਕਾ। ਅਜ਼ਾਦਾਰ ਦੀਆਂ ਅੱਖਾਂ ਸਾਹਮਣੇ ਮਾਸੂਮ ਹਲਕ ਵਿਚ ਤੀਰ ਲਗਾ...ਨਾਲ ਈ ਬਾਲੜੀ ਜ਼ੀਨਤ ਦੇ ਗਲੇ ਵਿਚ ਡੋਰ ਫਿਰੀ।

2005 ਦੀ ਉਜੜੀ ਬਸੰਤ ਦੀ ਸ਼ਾਮ-ਏ-ਗ਼ਰੀਬਾਂ ਵਿਚ ਕੈਦ ਪੇਂਟਰ ਹੁਸੈਨ ਆਪਣੇ ਆਪ ਨੂੰ ਧਰੀਕਦਾ ਹੋਇਆ ਕਮਰੇ ਵਿਚ ਪਰਤ ਆਇਆ। ਉਹਦਾ ਭੱਟੀ ਦੇ ਗਲ ਲੱਗਣ ਤੇ ਦਿਲ ਕੀਤਾ ਪਰ ਸ਼ਹਿਜ਼ਾਦ ਮੁਗ਼ਲ ਦੀ ਕਾਲ ਆ ਰਹੀ ਜਿਹਦੇ ਨਾਲ ਭੱਟੀ ਕੱਲ ਝਗੜ ਪਿਆ...ਸ਼ਹਿਜ਼ਾਦ ਮੁਗ਼ਲ ਆਪਣੀ ਐਨ ਜੀ ਓ ਰਾਹੀਂ ਕੋਈ ਪ੍ਰਾਜੈਕਟ ਬਣਾ ਕੇ ਬਸੰਤ ਲਈ ਕੋਈ ਆਹਰ ਆਰੰਭਣਾ ਚਾਹਵੇ ਪਰ ਭੱਟੀ ਮੁਖ਼ਾਲਫ਼ਤ ਕੀਤੀ...ਹੁਸੈਨ ਭੱਟੀ ਨੂੰ ਫ਼ੋਨ ਕੀਤਾ, ਅੱਗੇ ਕੁੱਪੀ ਮਚੀ ਹੋਈ। ਭੱਟੀ ਵੈਣ ਕਰ ਰਿਹਾ, "ਇਹ ਚੁਗੱਤਾ ਸ਼ਾਹੀ ਏ। ਅਸੀਂ ਹਰ ਗਏ ਆਂ ਹੁਸੈਨ।...ਲਹੌਰ ਦੇ ਹਾਕਮ ਜਿੱਤ ਗਏ।"

ਨੁੱਕਰ ਵਿਚ ਗੁਲਾਲ ਪਿਆ ਜਿਹੜਾ ਪਿਛਲੀ ਰਾਤੀਂ ਲਿਓਨੇਂ, ਮਾਧੋ ਨੂੰ ਉਡੀਕ ਰਿਹਾ।

○ ○ ○

ਰਾਤ ਢਲ ਗਈ, ਬਿਜਲੀ ਬੰਦ, ਚਰਸ ਪੀ ਪੀ ਹੁਸੈਨ ਦੀਆਂ ਸੋਚਾਂ ਬੇਰੰਗ ਹੋ ਗਈਆਂ...ਉਹ ਕਾਰਨਰ ਟੇਬਲ ਉੱਤੇ ਪਈ ਮੂਰਤੀ ਨੂੰ ਨਹੀਂ ਵੇਖ ਰਿਹਾ, ਮੂਰਤੀ ਉਹਨੂੰ ਘੂਰੀ ਜਾਵੇ...ਸਹਿਜੇ ਸਹਿਜੇ ਉਹਦੇ ਮੁਰਦਾ ਦਵਾਲੇ ਵਿਚ ਸੁਰ ਤੇ ਰਕਸ ਛਨਕਣ ਲੱਗ ਪਏ...ਮੀਰਾ ਬਾਈ ਧਿਆਨ ਵਿਚ ਆਈ ਤੇ ਕ੍ਰਿਸ਼ਨ ਮਹਾਰਾਜ ਦਾ ਮੁਕਟ ਲਿਸ਼ਕਿਆ, ਪੂਰਾ ਕਮਰਾ ਰੌਸ਼ਨ ਹੋ ਕੇ ਫੇਰ ਬੁਝ ਗਿਆ...ਨੱਚਦੇ ਸਾਜ਼ਾਂ ਫੇਰ ਸਿਰ ਚੁੱਕਿਆ, ਧਰਤੀ ਚਕਰਾ ਰਹੀ, ਮੌਲਾਨਾ ਰੂਮ ਸ਼ਮਸ ਤਬਰੇਜ਼ ਅੱਗੇ ਨੱਚਦੇ ਸੋਚ ਵਿਚ ਆਏ ਤੇ ਪੂਰੀ ਫ਼ਾਰਸੀ ਰੀਤ ਸਾਹਮਣੇ ਆ ਖਲੋਤੀ, ਪਰ ਤੁਰਤ ਈ ਸਭ ਅਨੇਰ ਹੋ ਗਿਆ...ਬਾਹਰ ਮੋਬਾਇਲ ਫ਼ੋਨ ਦਾ ਵਾਲੀਅਮ ਉੱਚਾ ਹੋਇਆ ਤੇ ਸਮਾਅ ਦਾ ਹਿੰਦਵੀ ਰੂਪ ਅਮੀਰ ਖੁਸਰੋ ਦੀ ਕਵਾਲੀ ਦੇ ਰੰਗ ਵਿਚ ਉਘੜਿਆ...ਮਰਦੰਗ ਦੋ ਟੋਟੇ ਹੋਈ ਤੇ ਤਬਲਾ ਵੱਜਣ ਲੱਗ ਪਿਆ, ਨੁਸਰਤ ਫ਼ਤਹਿ ਅਲੀ ਖਾਂ ਗਾ ਰਿਹਾ :


ਨੈਨ ਸੁਖ

ਮੰਦੀ ਹਾਂ ਕਿ ਚੰਗੀ ਹਾਂ
ਸਾਹਿਬ ਤੇਰੀ ਬੰਦੀ ਹਾਂ

ਮਾਧੋ ਨੱਚਦਿਆਂ ਨੱਚਦਿਆਂ ਗੁਲਾਲ, ਹੁਸੈਨ ਉੱਤੇ ਰੋੜ੍ਹ ਦਿੱਤਾ, ਬਸੰਤ ਹੋ ਗਈ। ਵ

*ਮੁਲਾਕਾਤ*

# 'ਮੈਂ ਆਪਣੇ ਆਪ ਨੂੰ ਕਿਸੇ ਲਹਿਰ, ਵਾਦ, ਪਾਰਟੀ ਜਾਂ ਧੜੇ ਤੋਂ ਨਿਰਲੇਪ ਸਮਝਦਾਂ' —ਮਨਮੋਹਨ

ਮੁਲਾਕਾਤੀ : ਰਵੀ ਰਵਿੰਦਰ

ਮਨਮੋਹਨ ਦਾ ਸਾਹਿਤਕ ਸਫ਼ਰ ਸਾਡੇ ਸਾਹਮਣੇ ਹੈ। ਇਹ ਉਹ ਮਨਮੋਹਨ ਹੀ ਹੈ ਜਿਸਨੇ ਆਪਣੀ ਪਹਿਲੀ ਕਾਵਿ ਪੁਸਤਕ 'ਅਗਲੇ ਚੌਰਾਹੇ ਤੱਕ' (1982) ਦੀ ਇਕ ਕਵਿਤਾ 'ਚ ਲਿਖਿਆ ਸੀ :

ਮੈਂ ਕਤੱਈ ਨਹੀਂ ਚਾਹੁੰਦਾ
ਕਿ ਵਿਸ਼ਵਵਿਦਿਆਲਿਆਂ 'ਚ ਬੈਠ
ਜ਼ਿਹਨੀ ਕਲਾਬਾਜ਼ੀਆਂ ਦੇ ਜ਼ਾਵੀਏ ਮਿਲਾਉਂਦਾ ਰਹਾਂ
ਜਾਂ ਦਸਤਾਵੇਜ਼ਾਂ ਵਿਚਲੇ ਚਿੰਤਨ ਦੀ
ਤਲਵਾਰ ਬਣਾ ਕੇ ਹਵਾ 'ਚ ਹੀ ਅਵਾਗੌਣ ਵਾਰ ਕਰਦਾ ਰਹਾਂ।
ਮੈਂ ਤਾਂ ਚਾਹੁੰਦਾ ਹਾਂ ਕਿ ਜ਼ਰਾਸੀਮਾਂ ਸੰਗ ਜਿਹਾਦ ਕਰਾਂ।
ਮੈਂ ਸੜਕ ਦੀ ਕਿਸਮਤ ਬਦਲਨਾ ਚਾਹੁੰਦਾ ਹਾਂ।
ਮੈਂ ਮੌਸਮਾਂ ਦੀ ਫ਼ਿਤਰਤ ਬਦਲਨਾ ਚਾਹੁੰਦਾ ਹਾਂ।

ਮਨਮੋਹਨ ਨਾਲ ਸਾਡਾ ਸੰਵਾਦ ਕਈ ਸਵਾਲਾਂ ਦੇ ਜਵਾਬ ਤਲਾਸ਼ਣ ਲਈ ਹੈ। ਮਨਮੋਹਨ ਦੀ ਸਾਹਿਤਕਾਰੀ ਦੇ ਵਿਕਾਸ ਨੂੰ ਸਮਝਣ ਲਈ ਹੈ। ਉਸਦੇ ਜੀਵਨ ਅਤੇ ਸਾਹਿਤ ਦੀ ਇਕਸੁਰਤਾ ਅਤੇ ਦਵੈਤ ਨੂੰ ਜਾਣਨ ਲਈ ਹੈ। –ਰਵੀ ਰਵਿੰਦਰ

◆◆◆

? ਮਨਮੋਹਨ ਜੀ, ਸੰਨ ਬਿਆਸੀ 'ਚ ਤੁਹਾਡੀ ਪਹਿਲੀ ਕਾਵਿ ਪੁਸਤਕ 'ਅਗਲੇ ਚੌਰਾਹੇ ਤੱਕ' ਪ੍ਰਕਾਸ਼ਿਤ ਹੁੰਦੀ ਹੈ। ਮਨਮੋਹਨ ਉਦੋਂ ਕੇਵਲ ਅਠਾਰਾਂ ਸਾਲ ਦਾ ਮੁੰਡਾ ਸੀ ਪਰ ਅਠਾਰਾਂ ਸਾਲ ਦਾ ਇਹ ਮੁੰਡਾ ਜਦੋਂ ਲਿਖਦਾ ਹੈ:

ਮਨੋਰਿਸ਼ਤਿਆਂ ਦੀ ਚਾਰ ਦੀਵਾਰੀ ਵਿਚ ਬੈਠ
ਹਰ ਰਾਤ ਪੀੜਾ ਗ੍ਰਸਤ ਘੜੀਆਂ ਵਾਂਗ ਗੁਜ਼ਾਰਨਾ
ਜਾਂ ਕਿਤਾਬਾਂ ਦੇ ਪੰਨਿਆਂ ਤੋਂ ਚਾਨਣ ਦੇ ਨਕਸ਼ਾਂ ਦੀ ਭਾਲ ਕਰਨਾ
ਜਾਂ ਫਿਰ ਸੁਪਨਮਈ ਅਵੱਸਥਾ 'ਚ
ਸ਼ਬਦੀ ਘੋੜਿਆਂ 'ਤੇ ਸਵਾਰ ਹੋ ਕੇ
ਚਾਨਣ ਤੋਂ ਫਿਰ ਅਬਾਬੀਲਾਂ ਦੇ ਝੁੰਡ 'ਚ ਪਰਤ ਆਉਣਾ
ਹਰ ਵਾਰ ਇਹੋ ਕੁਝ ਹੀ ਵਾਪਰਦਾ ਹੈ
ਕੀ ਇਹੋ ਕੁਝ ਵਾਪਰਨਾ ਹੀ ਜਨਮ ਤੋਂ ਮਰਨ ਤੱਕ ਦਾ ਫ਼ਾਸਲਾ ਹੈ ?

ਤਾਂ ਸਵਾਲ ਪੈਦਾ ਹੁੰਦਾ ਹੈ ਕਿ 18 ਸਾਲਾਂ ਦੇ ਇਸ ਮੁੰਡੇ ਨੂੰ ਮਨੋਰਿਸ਼ਤਿਆਂ ਦੀ ਚਾਰ-ਦੀਵਾਰੀ ਦੀ ਸੂਝ ਹੈ, ਕਿਤਾਬਾਂ ਦੇ ਪੰਨਿਆਂ ਤੋਂ ਚਾਨਣ ਦੇ ਨਕਸ਼ਾਂ ਦੀ ਭਾਲ ਦੀ ਜੁਸਤਜੂ ਹੈ ਜਾਂ ਜਨਮ ਤੋਂ ਮੌਤ ਤੱਕ ਦੇ ਫ਼ਾਸਲੇ ਦਾ ਬੋਧ ਹੈ ? ਕੀ ਮੈਂ ਅੱਲੜ੍ਹ ਉਮਰੇ ਆਈ ਇਸ ਪ੍ਰੌੜ੍ਹਤਾ ਦੇ ਕਾਰਨਾਂ ਬਾਰੇ ਜਾਣ ਸਕਦਾ ਹਾਂ ?

◆ ਬਚਪਨ ਕੋਈ ਬਹੁਤਾ ਖ਼ੁਸ਼ਗਵਾਰ ਨਹੀਂ ਰਿਹਾ। ਦੁਸ਼ਵਾਰੀਆਂ ਸਨ; ਜ਼ਿਹਨੀ ਤੇ ਸਮਾਜਿਕ। ਕਲੇਸ਼ ਸਨ; ਨਿੱਜੀ ਤੇ ਪਰਿਵਾਰਕ। ਇਕਪਾਸੜ ਪਿਆਰ ਦੀਆਂ ਨਾਕਾਮੀਆਂ ਸਨ। ਇਹੋ ਜਿਹੇ ਨਿਰਾਸ਼ ਤੇ ਵਿਸ਼ਾਦ ਮਾਹੌਲ 'ਚ ਸਾਹਿਤ ਟੇਕ ਬਣਿਆ। ਭਗਤ ਨਾਮਦੇਵ ਦਾ ਸ਼ਬਦ ਹੈ; 'ਮੈਂ ਅੰਧੁਲੇ ਕੀ ਟੇਕ ਤੇਰਾ ਨਾਮੁ ਧੁੰਦਕਾਰਾ' ਵਾਂਗ। ਸ਼ਬਦ ਸੁਰਤਿ ਬੜੀ ਸ਼ਕਤੀਸ਼ਾਲੀ ਧਰਾਤਲ ਹੈ ਜੋ ਤੁਹਾਨੂੰ ਡੋਲਣ ਨਹੀਂ ਦਿੰਦੀ। ਦਿਨ ਰਾਤ ਸਾਹਿਤ ਪੜ੍ਹਦਿਆਂ ਇਹ ਵੀ ਮਹਿਸੂਸ ਹੋਣ ਲੱਗਾ ਕਿ ਮੈਂ ਵੀ ਕਿਉਂ ਨਾ ਲਿਖਾਂ। ਉਦਾਸੀ 'ਚ ਕਵਿਤਾ ਰਾਹੀਂ ਰੇਚਨ ਬੜਾ ਸੁਖਦਾਈ ਲੱਗਾ। ਦੁੱਖਾਂ ਦੇ ਅਥਾਹ ਸਮੁੰਦਰ 'ਚ ਕਵਿਤਾ ਦਾ ਜਜ਼ੀਰਾ ਕਿਸੇ ਜਹਾਜ਼ਰਾਨ ਨੂੰ ਧਰਤੀ ਮਿਲ ਜਾਣ ਵਰਗਾ ਅਹਿਸਾਸ ਸੀ। ਇੰਝ ਕਵਿਤਾ ਹੀ ਜੀਵਨ ਜਾਚ ਬਣ ਗਈ। ਆਪਣੇ ਹੋਣ ਦਾ ਸਬੂਤ। ਗੈਬਰੀਅਲ ਗਾਰਸ਼ੀਆ ਮਾਰਕੁਏਜ਼ ਆਪਣੇ ਨਾਵਲ 'ਲਵ ਇਨ ਦਾ ਟਾਈਮਜ਼ ਆਫ ਕੋਲਰਾ' 'ਚ ਕਹਿੰਦੈ ਕਿ ਕਵਿਤਾ ਮਨੁੱਖ ਦੇ ਹੋਣ ਦਾ ਨਿਸ਼ਚਿਤ ਪ੍ਰਮਾਣ ਹੈ।

? ਤੁਹਾਡੀ ਪਹਿਲੀ ਪੁਸਤਕ 'ਅਗਲੇ ਚੌਰਾਹੇ ਤੱਕ' ਦਾ ਆਗਾਜ਼ ਤਾਰਿਕ ਬਦਾਂਯੁਨੀ ਦੇ ਸ਼ੇਅਰ ਨਾਲ ਹੁੰਦਾ ਹੈ। ਸ਼ੇਅਰ ਹੈ :

ਇਕ ਨ ਇਕ ਸ਼ਮ੍ਹਾ ਅੰਧੇਰੇ ਮੇਂ ਜਲਾਏ ਰੱਖੀਏ।
ਸੁਬਹ ਹੋਨੇ ਕੋ ਹੈ, ਮਾਹੌਲ ਬਨਾਏ ਰੱਖੀਏ।

1982 ਤੋਂ 2014 ਤੱਕ ਦੀਆਂ ਲਗ ਪੱਗ 23 ਪੁਸਤਕਾਂ ਗਵਾਹ ਹਨ ਕਿ ਤੁਸੀਂ ਆਪਣੇ ਸ਼ਬਦਾਂ ਨਾਲ, ਵਿਚਾਰਾਂ ਨਾਲ, ਚਿੰਤਨ ਨਾਲ, ਸੰਵਾਦ ਨਾਲ ਗਿਆਨ ਦੀ ਕੋਈ ਨ ਕੋਈ ਸ਼ਮ੍ਹਾ ਜ਼ਰੂਰ ਰੌਸ਼ਨ ਰੱਖੀ ਹੈ। ਕੀ ਆਪਣੇ ਸਾਹਿਤਕ ਆਗਾਜ਼ ਸਮੇਂ ਤਾਰਿਕ ਬਦਾਂਯੁਨੀ ਦਾ ਇਹ ਸ਼ੇਅਰ ਕੋਈ ਸਾਹਿਤਕ ਐਲਾਨਨਾਮਾ ਸੀ। ਆਪਣੇ ਸਾਹਮਣੇ ਆਪ ਹੀ ਰੱਖੀ ਹੋਈ ਕੋਈ ਚੁਣੌਤੀ ਸੀ, ਜੀਵਨ ਦਾ ਕੋਈ ਫ਼ਲਸਫ਼ਾ ਸੀ, ਜਾਂ ਫਿਰ ਕੋਈ ਖ਼ੂਬਸੂਰਤ ਇਤਫ਼ਾਕ ?

◆ ਸੰਘਰਸ਼ ਦੀ ਕੈਫ਼ੀਅਤ ਹੀ ਅਜਿਹੀ ਹੁੰਦੀ ਹੈ ਕਿ ਸ਼ੇਅਰਾਂ 'ਚ ਲੁਪਤ ਵਿਚਾਰ ਤੁਹਾਡੀ ਦਾਰਸ਼ਨਿਕ ਧੁਰੀ ਬਣ ਜਾਂਦੇ ਹਨ। ਤਾਰਿਕ ਸਾਹਿਬ ਦੇ ਸ਼ੇਅਰ ਵੀ ਮੇਰੇ ਲਈ ਇਵੇਂ ਹੀ ਸੀ। ਉਨ੍ਹੀਂ ਦਿਨੀਂ ਗ਼ੁਲਾਮ ਅਲੀ ਦੀ ਗਾਈ ਨਾਸਿਰ ਕਾਜ਼ਮੀ ਦੀ ਗ਼ਜ਼ਲ; 'ਕੋਈ ਤਾਜ਼ਾ ਹਵਾ ਚਲੀ ਹੈ ਅਭੀ...ਵਕਤ ਅੱਛਾ ਭੀ ਆਏਗਾ ਨਾਸਿਰ ਗ਼ਮ ਨ ਕਰ ਜ਼ਿੰਦਗੀ ਪੜੀ ਹੈ ਅਭੀ' ਹਰ ਵੇਲੇ ਮੇਰੀ ਮਿਆਨੀ 'ਚ ਪੁਰਾਣੇ ਟੇਪਰਿਕਾਡਰ 'ਤੇ ਅਕਸਰ ਗੂੰਜਦੀ ਰਹਿੰਦੀ। ਮਿਆਨੀ ਜਿਸਦੀ ਸਰਦਲ 'ਤੇ ਮੈਂ ਕੋਲ਼ੇ ਨਾਲ ਲਿਖਿਆ ਹੁੰਦਾ 'ਲਾ ਬੋਹੀਮ', 'ਚ ਬੈਠੇ ਪੜ੍ਹਦਿਆਂ ਲਿਖਦਿਆਂ ਸੁਣਦਾ ਰਹਿੰਦਾ ਇਹ ਸ਼ੇਅਰ। ਇੰਝ ਅਜਿਹੇ ਸ਼ੇਅਰ ਤੇ ਇਨ੍ਹਾਂ ਦਾ ਸੰਗੀਤ ਜ਼ਿੰਦਗੀ ਦੇ ਊਬੜ ਖਾਬੜ ਰਸਤਿਆਂ 'ਤੇ ਸਹਿਜੇ ਇਕ ਰਿਦਮ ਤੇ ਲੈਅ ਬਖ਼ਸ਼ਦੇ। ਇਨ੍ਹਾਂ ਨਾਲ ਇਕ ਮਿਕ ਹੋਣਾ ਕੋਈ ਇਕਹਿਰਾ ਅਹਿਸਾਸ ਨਹੀਂ ਬਲਕਿ ਕਈ ਕੁਝ ਸ਼ਾਮਿਲ ਹੁੰਦੈ; ਚੁਣੌਤੀਆਂ, ਫ਼ਲਸਫ਼ਾ ਤੇ ਇਤਫ਼ਾਕ ਆਦਿ। ਉਨ੍ਹਾਂ ਦਿਨਾਂ 'ਚ ਨਾਵਲ 'ਫਾਉਂਟੇਨ ਹੈੱਡ' ਅਤੇ 'ਐਟਲਸ ਸ਼ਰੱਗਡ' ਦੀ ਮੇਰੀ ਪਸੰਦੀਦਾ ਲੇਖਿਕਾ ਆਈਨ ਰੈਂਡ ਦੀਆਂ ਇਹ ਸਤਰਾਂ ਮੈਨੂੰ ਇਥੇ ਬੜੀਆਂ ਪ੍ਰਸੰਗਿਕ ਲਗਦੀਆਂ ਨੇ; 'ਰਚਨਾਤਮਕ ਵਿਅਕਤੀ ਕਿਸੇ ਨੂੰ ਹਰਾਉਣ ਦੀ ਇੱਛਾ ਨਾਲ ਨਹੀਂ ਬਲਕਿ ਕੁਝ ਹਾਸਿਲ ਕਰਨ ਦੇ ਜਨੂਨ ਤੋਂ ਜ਼ਰੂਰ ਪ੍ਰੇਰਿਤ ਹੁੰਦੈ'। ਉਸਦੇ ਨਾਵਲ 'ਫਾਉਂਟੇਨ ਹੈੱਡ' ਦਾ ਨਾਇਕ ਹਾਵਰਡ ਰੋਰਾਕ ਮੇਰਾ ਪ੍ਰੇਰਣਾ ਸਰੋਤ ਸੀ। ਨਾਵਲ 'ਚ ਉਸਦੇ ਆਦਰਸ਼ ਤੇ ਸੰਘਰਸ਼ ਉਨ੍ਹਾਂ ਦਿਨਾਂ 'ਚ ਮੈਨੂੰ ਜ਼ਿੰਦਗੀ ਦੇ ਕੌੜੇ ਸੱਚਾਂ ਦਾ ਸਾਹਮਣਾ ਕਰਨ 'ਚ ਵੱਡਾ ਹੌਂਸਲਾ ਦਿੰਦੇ।

? ਤੁਹਾਡੀ ਦੂਜੀ ਪੁਸਤਕ 'ਮਨ-ਮਹੀਅਲ' ਦੀ ਕਵਿਤਾ 'ਸਿੱਪੀ ਤੇ ਸਮੁੰਦਰ' ਦੀਆਂ ਕਾਵਿ ਸਤਰਾਂ ਹਨ:

ਖ਼ੂਬ ਤਰਿਆ ਸਮੁੰਦਰ, ਪਰ ਫਿਰ ਵੀ ਕਿਨਾਰੇ 'ਤੇ ਪਿਆ
ਸਿੱਪੀ ਵਾਂਗ ਸਵਾਂਤੀ ਬੂੰਦ ਦੀ ਉਡੀਕ 'ਚ ਹਾਂ।

ਲਗਭੱਗ ਦੋ ਦਹਾਕਿਆਂ ਬਾਅਦ ਵੀ ਮਨਮੋਹਨ ਦੀ ਰਚਨਾਕਾਰੀ ਵਿਚ 'ਸਵਾਂਤੀ ਬੂੰਦ ਦੀ ਉਡੀਕ' ਬਰਕਰਾਰ ਹੈ। ਅੱਜ ਵੀ ਅਨੇਕਾਂ ਸਮੁੰਦਰਾਂ ਨੂੰ ਤਰਨ ਤੋਂ ਬਾਅਦ ਉਹ ਕਿਨਾਰੇ 'ਤੇ ਕਿਸੇ ਉਡੀਕ 'ਚ ਹੀ ਬੈਠਾ ਜਾਪਦਾ ਹੈ। ਸਮਝ ਕੇ ਵੀ ਬੇਸਮਝ ਬਣਿਆ ਰਹਿੰਦਾ ਹੈ। ਬਹੁਤ ਕੁਝ ਜਾਣਕੇ ਵੀ ਅਣਜਾਣ ਬਣ ਜਾਣ ਦਾ ਕੀ ਕਾਰਣ ਹੈ ?

- ਬੰਦੇ ਦੇ ਜਿਉਣ ਦੀ ਵੱਡੀ ਉਮੀਦ 'ਉਡੀਕ' 'ਚ ਪਈ ਹੁੰਦੀ ਏ। ਹਿੰਦੀ ਦੇ ਵੱਡੇ ਕਵੀ ਅਸ਼ੋਕ ਵਾਜਪੇਈ ਦੀਆਂ ਪ੍ਰੇਮ ਕਵਿਤਾਵਾਂ ਦੀ ਕਿਤਾਬ ਦੀ ਬੜੀ ਪਿਆਰੀ ਕਵਿਤਾ ਹੈ; 'ਉਮੀਦ ਕਾ ਦੂਸਰਾ ਨਾਮ'। ਇਸ 'ਚ ਉਹ ਕਹਿੰਦੈ; "ਪ੍ਰੇਮ ਉਮੀਦ ਦਾ ਹੀ ਇਕ ਪ੍ਰਕਾਰ ਹੈ। ਜਦੋਂ ਅਸੀਂ ਪ੍ਰੇਮ ਕਰਦੇ ਹਾਂ ਦਰਅਸਲ ਸਿਰਫ਼ ਕਿਸੇ ਦੂਸਰੇ ਨਾਲ ਹੀ ਨਹੀਂ ਆਪਣੇ ਤੋਂ ਵੀ ਉਮੀਦ ਬੰਨ੍ਹਦੇ ਹਾਂ : ਸੰਸਾਰ ਨਾਲ ਵੀ, ਕਿਉਂਕਿ ਪ੍ਰੇਮ ਹੀ ਉਸਨੂੰ ਸਹਿਣਯੋਗ ਬਣਾਉਂਦੈ। ਅਕਸਰ ਇਹੋ ਹੀ ਇਸਦਾ ਸਤਿਆਪਨ ਹੁੰਦੈ। ਪ੍ਰੇਮ 'ਚ ਅਕਸਰ ਅਸੀਂ ਨਾਉਮੀਦੀ ਦੀ ਕਗਾਰ 'ਤੇ ਪਹੁੰਚਦੇ ਹਾਂ ਲੇਕਿਨ ਗ਼ਾਲਿਬ ਦਾ ਖ਼ਿਆਲ ਜੇਕਰ ਉਧਾਰ ਲੈ ਕੇ ਕਹੀਏ ਕਿ 'ਦਾਮਨ-ਏ ਖ਼ਿਆਲ-ਏ ਯਾਰ' ਛੱਡ ਨਹੀਂ ਹੁੰਦਾ। ਪ੍ਰੇਮ ਅਕਸਰ ਜੀਵਨ 'ਚ ਉਮੀਦ ਦਾ ਆਖ਼ਰੀ ਮੁਕਾਮ ਹੁੰਦੈ"। ਇਵੇਂ ਹੀ ਸਵਾਂਤੀ ਬੂੰਦ ਦੀ ਉਡੀਕ 'ਚ ਵੀ ਇਕ ਉਮੀਦ ਪਈ ਏ। ਸਵਾਂਤੀ ਬੂੰਦ ਦੀ ਉਡੀਕ ਵੀ ਪ੍ਰੇਮ ਦਾ ਇਕ ਰੂਪ ਹੈ।

  ਬਾਕੀ ਤੁਸਾਂ ਜੋ ਕਿਹੈ ਕਿ ਸੋਚ ਸਮਝ ਕੇ ਬੇਸਮਝ ਜਾਂ ਜਾਣ ਕੇ ਵੀ ਅਣਜਾਣ ਬਣੇ ਰਹਿਣਾ ਵੀ ਜੀਵਨ ਦੀ ਇਕ ਜੁਗਤ ਹੈ। ਇਸ ਸਬੰਧ 'ਚ ਮੈਂ ਸੁਕਰਾਤ ਦੇ ਦੋ ਵਿਚਾਰਾਂ ਨਾਲ ਆਪਣੀ ਗੱਲ ਕਹਾਂਗਾ। ਉਸਦਾ ਇਕ ਸੰਕਲਪ ਹੈ 'ਸਟੋਇਕਸਿਜ਼ਮ' ਭਾਵ ਨਿਰਲੇਪ ਜਾਂ ਉਦਾਸੀਨਤਾ ਅਤੇ ਦੂਜਾ ਹੈ ਕਿ ਜੋ ਜਾਣਦੇ ਨੇ ਕਿ ਉਹ ਜਾਣਦੇ ਨੇ, ਕੁਝ ਨਹੀਂ ਜਾਣਦੇ। ਇਨ੍ਹਾਂ ਬਹੁਤ ਕੁਝ ਜਾਨਣ ਵਾਲਿਆਂ ਦੀ ਦੁਨੀਆ 'ਚ ਉਨ੍ਹਾਂ ਬਾਰੇ ਸਭ ਕੁਝ ਜਾਣ ਕੇ ਵੀ ਅਣਜਾਣ ਬਣੇ ਰਹਿਣਾ ਬੜਾ ਔਖਾ ਯਥਾਰਥ ਹੈ ਪਰ ਕੀ ਕੀਤਾ ਜਾਵੇ ਜਿਉਣਾ ਤਾਂ ਹੈ ਹੀ ਨਾ। ਮੁਨੀਰ ਨਿਆਜ਼ੀ ਦਾ ਇਕ ਸ਼ੇਅਰ ਹੈ; 'ਆਦਤ ਹੀ ਬਨਾ ਲੀ ਹੈ ਤੁਮ ਨੇ ਤੋ ਮੁਨੀਰ ਅਪਨੀ, ਜਿਸ ਸ਼ਹਿਰ ਮੇਂ ਭੀ ਰਹਿਨਾ ਉਕਤਾਏ ਹੂਏ ਰਹਿਨਾ'। ਇਸ ਉਕਤਾਹਟ 'ਚ ਵੀ ਵੱਡੀ ਸਿਆਣਪ ਪਈ ਹੈ ਕਿਉਂਕਿ ਉਕਤਾਹਟ ਹੀ ਨਵੀਆਂ ਜਿਗਿਆਸਾਵਾਂ ਨੂੰ ਜਨਮ ਦਿੰਦੀ ਹੈ। ਇਸੇ ਕਰਕੇ ਸਿੱਪੀ ਦੀ ਉਡੀਕ ਤੇ ਸਮੁੰਦਰ ਦੀ ਅਸੀਮਤਾ 'ਚ ਬੜਾ ਗ਼ਹਿਰਾ ਰਿਸ਼ਤਾ ਹੈ। ਸਿੱਪੀ 'ਚ ਕਦੇ ਤਾਂ ਸਵਾਂਤੀ ਬੂੰਦ ਡਿੱਗੇਗੀ ਜਿਸਨੇ ਸਮੁੰਦਰ ਦੇ ਗਰਭ 'ਚ ਤਪੱਸਿਆ ਕਰ ਭਵਿੱਖ ਦਾ ਮੋਤੀ ਬਣਨਾ ਹੁੰਦਾ ਹੈ।

? 1993 'ਚ ਹਿੰਦੀ ਵਿਚ ਤੁਹਾਡੀ ਕਾਵਿ-ਪੁਸਤਕ 'ਮੇਰੇ ਮੇਂ ਚਾਂਦਨੀ' ਪ੍ਰਕਾਸ਼ਿਤ ਹੁੰਦੀ ਹੈ। ਇਸ ਤੋਂ ਪਹਿਲਾਂ ਪੰਜਾਬੀ ਵਿਚ ਤੁਹਾਡੀਆਂ ਦੋ ਪੁਸਤਕਾਂ ਛਪ ਚੁੱਕੀਆਂ ਸਨ ਅਤੇ ਤੁਸੀਂ ਪੰਜਾਬੀ 'ਚ ਕਵੀ ਦੇ ਤੌਰ 'ਤੇ ਪ੍ਰਵਾਨਿਤ ਵੀ ਹੋ ਚੁੱਕੇ ਸੀ ਅਤੇ ਕਿਸੇ ਹੱਦ ਤੱਕ ਸਥਾਪਿਤ ਵੀ। ਫਿਰ ਪੰਜਾਬੀ ਤੋਂ ਹਿੰਦੀ ਵੱਲ ਪਰਤਣ ਦਾ ਕਾਰਨ ਕਿਤੇ ਇਹ ਤਾਂ ਨਹੀਂ ਸੀ ਕਿ ਪੰਜਾਬੀ ਭਾਸ਼ਾ ਤੁਹਾਡੇ ਅਹਿਸਾਸਾਂ/ਭਾਵਾਂ ਨੂੰ ਪ੍ਰਗਟ ਕਰਨ ਲਈ ਨਾਕਾਫ਼ੀ ਪ੍ਰਤੀਤ ਹੋਣ ਲੱਗੀ ਹੋਵੇ ?

- ਨਹੀਂ, ਪੰਜਾਬੀ ਜਾਂ ਹਿੰਦੀ ਭਾਸ਼ਾ ਦੇ ਨਾਕਾਫ਼ੀ ਹੋਣ ਦਾ ਕਾਰਣ ਨਹੀਂ ਸੀ। ਮੈਂ ਉਨ੍ਹਾਂ ਦਿਨਾਂ 'ਚ ਬੜੇ ਲੰਮੇ ਸਮੇਂ ਤੋਂ ਹਿੰਦੀ ਭਾਸ਼ੀ ਪ੍ਰਦੇਸ਼ਾਂ 'ਚ ਨੌਕਰੀ ਕਾਰਣ ਰਿਹਾ ਸਾਂ। ਹਿੰਦੀ ਉਰਦੂ ਦੇ ਲੇਖਕਾਂ ਨਾਲ ਉੱਠਣਾ ਬੈਠਣਾ 'ਤੇ ਸਹਿਚਾਰ ਲਾਜ਼ਿਮ ਸੀ। ਦੂਜਾ ਕਾਰਣ ਇਹ ਵੀ ਹੈ ਕਿ ਜਿਸ ਭਾਸ਼ਾ 'ਚ ਤੁਸੀਂ ਸਾਰਾ ਦਿਨ ਵਿਚਰੋ, ਉਹੀ ਭਾਸ਼ਾ ਬੋਲੋ ਸੁਣੋ ਤਾਂ ਕਈ ਵਾਰ ਸਹਿਵਨ ਹੀ ਕੁਝ ਖ਼ਿਆਲ ਉਸ ਭਾਸ਼ਾ 'ਚ ਪ੍ਰਗਟ ਹੋ ਜਾਂਦੇ ਨੇ। ਇਹ ਸਾਰੀਆਂ ਕਵਿਤਾਵਾਂ ਮੂਲ ਰੂਪ 'ਚ ਹਿੰਦੀ 'ਚ ਲਿਖੀਆਂ। ਹਿੰਦੀ ਸਾਹਿਤ ਜਗਤ 'ਚ ਇਸ ਕਿਤਾਬ ਨੂੰ ਚੰਗਾ ਹੁੰਗਾਰਾ ਮਿਲਿਆ। ਪਰ ਮੈਂ ਅਜੇ ਵੀ ਮਹਿਸੂਸ ਕਰਦਾਂ ਕਿ ਪੰਜਾਬੀ 'ਚ ਮੈਂ ਜ਼ਿਆਦਾ ਆਪਣੇ ਲਾਗੇ ਹੁੰਨਾਂ। ਜਿੰਨਾ ਸਹਿਜ ਪੰਜਾਬੀ 'ਚ ਲਿਖ, ਬੋਲ, ਸੋਚ ਤੇ ਜੀਅ ਕੇ ਮਹਿਸੂਸ ਹੁੰਦਾ ਓਨਾਂ ਕਿਸੇ ਹੋਰ ਭਾਸ਼ਾ 'ਚ ਨਹੀਂ ਸ਼ਾਇਦ...।

? ਭਟਕਣ, ਅਤ੍ਰਿਪਤੀ, ਦਵੰਦ ਅਤੇ ਪੀੜਾ 'ਮੇਰੇ ਮੇਂ ਚਾਂਦਨੀ' ਸੰਗ੍ਰਿਹ ਦੀਆਂ ਕਵਿਤਾਵਾਂ ਦੇ ਆਰ

ਪਾਰ ਫੈਲੇ ਹੋਏ ਹਨ। ਇਨ੍ਹਾਂ ਕਵਿਤਾਵਾਂ ਵਿਚਲਾ ਸੱਚ-ਝੂਠ, ਸੰਭਵ-ਅਸੰਭਵ, ਧੁੱਪ-ਛਾਂ, ਸਿਆਹ-ਸਫ਼ੇਦ, ਆਪਣਾ-ਬੇਗ਼ਾਨਾ, ਪ੍ਰਾਪਤ-ਅਪ੍ਰਾਪਤ ਕਿਸੇ ਭਵਿੱਖਮੁਖੀ ਚਿੰਤਨ ਲਈ ਆਧਾਰ ਭੂਮੀ ਬਣਨ ਦਾ ਸੰਕੇਤ ਦਿੰਦਾ ਹੈ। ਕੀ ਸੱਚ ਮੁੱਚ ਇਸ ਦੌਰ 'ਚ ਜੀਵਨ ਬੁਨਿਆਦੀ ਮਸਲਿਆਂ ਬਾਰੇ ਚਿੰਤਨੀ ਪ੍ਰਕਿਰਿਆ 'ਚੋਂ ਗੁਜ਼ਰ ਰਿਹਾ ਸੀ ? ਕੀ ਇਹ ਜੀਵਨ ਦਾ ਕੋਈ ਕਠਿਨ ਦੌਰ ਸੀ ?

- 'ਮੇਰੇ ਮੇਂ ਚਾਂਦਨੀ' ਦੀਆਂ ਕਵਿਤਾਵਾਂ ਦੇ ਸਿਰਜਣ ਸਮਿਆਂ 'ਚ ਮੈਂ ਜ਼ਿੰਦਗੀ ਦੇ ਅਜਿਹੇ ਨਵੇਂ ਅਨੁਭਵਾਂ 'ਚੋਂ ਗੁਜ਼ਰ ਰਿਹਾ ਸੀ ਜੋ ਮੇਰੇ ਲਈ ਸ਼ਾਇਦ ਅਸਲੋਂ ਨਵੇਂ ਸਨ। ਪ੍ਰੇਮ ਦਾ ਅਹਿਸਾਸ ਬਿਲਕੁਲ ਨਵੇਂ ਰੂਪ 'ਚ ਰੂ-ਬ-ਰੂ ਸੀ। ਜਿਸ 'ਚ ਪ੍ਰਾਪਤੀ ਅਤੇ ਅਪ੍ਰਾਪਤੀ ਦੋਵੇਂ ਨਾਲ ਨਾਲ ਸਨ। ਪ੍ਰੇਮ 'ਚ ਤੁਸੀਂ ਹੋ ਪਰ ਇਕ ਬੇਯਕੀਨੀ ਵੀ ਨਾਲ ਹੈ। ਕਦੇ ਸੱਭ ਕੁਝ ਸੰਭਵ ਲਗਦੈ ਕਦੇ ਅਸੰਭਵ। ਸੱਚ ਜੀਅ ਰਹੇ ਹੋ ਪਰ ਲਗਦੈ ਜਿਵੇਂ ਸੱਭ ਕੁਝ ਝੂਠ ਹੈ। ਕਦੇ ਆਪਣੇ ਬੇਗ਼ਾਨੇ ਲਗਦੇ ਨੇ ਅਤੇ ਬੇਗ਼ਾਨੇ ਆਪਣੇ। ਪ੍ਰਾਪਤ ਯਥਾਰਥ ਅਤੇ ਕਲਪਨਾਵਾਂ ਦੇ ਕਈ ਰੂਪ ਤੁਹਾਡੇ ਮੂਹਰੇ ਵਿਦਮਾਨ ਖੜ੍ਹੇ ਨੇ। ਤੁਸੀਂ ਸੱਭ ਕਾਸੇ ਨਾਲ ਕਿਵੇਂ ਨਿਬੜਨੈ ਵੱਡੀ ਚੁਣੌਤੀ ਹੈ। ਇਸ ਕਸ਼ਮਕਸ਼ 'ਚ ਤੁਸੀਂ ਆਪਣੇ ਆਪਨੂੰ ਜਾਨਣ ਦਾ ਜੋਖਿਮ ਲੈਂਦੇ ਹੋ। ਆਪਣੇ ਅੰਤਰ ਨੂੰ ਜਾਣਿਆਂ ਹੀ ਬਾਹਰ ਨੂੰ ਜਾਣਿਆ ਜਾ ਸਕਦੈ। ਪਰ ਕੀ ਬੰਦਾ ਆਪਣੇ ਆਪਨੂੰ ਪੂਰਾ ਜਾਣ ਸਕਦੈ ਇਹੋ ਹੀ ਸੱਭ ਤੋਂ ਵੱਡੀ ਘੁੰਡੀ ਹੈ। ਸ਼ਾਇਦ ਇਸੇ ਲਈ ਨਿਦਾ ਫ਼ਾਜ਼ਲੀ ਕਹਿੰਦੈ;

  ਵੋ ਸੂਫ਼ੀ ਕਾ ਕੌਲ ਹੋ ਯਾ ਪੰਡਿਤ ਕਾ ਗਿਆਨ,
  ਜਿਤਨੀ ਬੀਤੇ ਆਪ ਪਰ ਉਤਨਾ ਹੀ ਸੱਚ ਮਾਨ।

? ਚੌਥੀ ਕਾਵਿ ਪੁਸਤਕ 'ਸੁਰ ਸੰਕੇਤ' ਦੀ ਕਵਿਤਾ ਹੈ, 'ਇਥੇ ਕਿਤੇ ਹੀ'। ਕਵਿਤਾ ਵਿਚਲੀ ਮੈਂ ਕਿਤੇ ਗਵਾਚੀ ਹੋਈ ਹੈ। ਕੇਵਲ ਗਵਾਚੀ ਹੋਈ ਹੀ ਨਹੀਂ ਸਗੋਂ ਉਸ ਆਪਣੇ ਗੁੰਮ ਜਾਣ ਦਾ ਬੋਧ ਵੀ ਹੈ ਅਤੇ ਛਟਪਟਾਹਟ ਵੀ। ਕੀ ਆਪਣੀ ਹੋਂਦ ਦੇ ਗੁੰਮ-ਗਵਾਚਣ ਦਾ ਅਹਿਸਾਸ ਅਤੇ ਬੋਧ ਆਪਣੇ ਆਪਨੂੰ ਤਲਾਸ਼ਣ ਦੀ ਜੁਸਤਜੂ ਹੀ ਤੁਹਾਡੀ ਸਮੁੱਚੀ ਸਾਹਿਤ ਸਾਧਨਾ ਦਾ ਕੇਂਦਰੀ ਬਿੰਦੂ ਹੈ ਜਿਸਦੇ ਇਰਦ ਗਿਰਦ ਇਹ ਰਚਿਆ ਗਿਆ ਹੈ ਜਾਂ ਫਿਰ ਹੋਰ ਵੀ ਮਸਲੇ ਨੇ ?

- 'ਇਥੇ ਕਿਤੇ ਹੀ' ਕਵਿਤਾ 'ਚ ਆਪਣੇ ਆਪਨੂੰ ਆਪਣੇ ਕੋਲੋਂ ਹੀ ਕਿਤੇ ਰੱਖ ਕੇ ਭੁੱਲ ਜਾਣ ਤੇ ਮੁੜ ਉਸਨੂੰ ਯਾਦ ਕਰਨ ਦੀ ਕਸ਼ਮਕਸ਼ ਹੈ। ਕਵੀ ਮੈਂ ਕੋਲ ਸੱਭ ਕੁਝ ਹੈ , ਪੈੱਨ ਹੈ, ਪੈੱਨ ਸਟੈਂਡ ਵੀ, ਕਿਤਾਬਾਂ ਵੀ ਹੈਨ ਤੇ ਰਿਸ਼ਤੇ ਨਾਤੇ ਅਤੇ ਰਿਸ਼ਤੇ ਨਾਤਿਆਂ ਦੇ ਬਿੰਬ ਵੀ। ਚਸ਼ਮਾ ਵੀ ਹੈ ਦੇਖਣ ਲਈ ਪਰ ਆਪਣਾ ਆਪ ਹੀ ਨਹੀਂ ਕਿਤੇ ਦਿਖਾਈ ਦੇ ਰਿਹਾ। ਕਿਤੇ ਰੱਖਿਆ ਗਿਆ ਹੈ ਪਰ ਕਿੱਥੇ, ਕੋਈ ਪਤਾ ਨਹੀਂ ਲੱਗ ਰਿਹਾ। ਚੈੱਕ ਨਾਵਲਕਾਰ ਮਿਲਾਨ ਕੁੰਦਰਾ ਦਾ ਇਕ ਨਾਵਲ ਹੈ, ‘The Book of Laughter and Forgetting’ । ਇਸ ਨਾਵਲ 'ਚ ਉਹ ਕਹਿੰਦੈ, ‘Man's struggle against power is the struggle of memory against forgotten’। ਬੰਦੇ ਦੀ ਹੋਂਦ ਦੀ ਲੜਾਈ ਸਿਮਰਤੀਆਂ ਤੇ ਵਿਸਿਮਰਤੀਆਂ ਦੇ ਆਪਸੀ ਸੰਘਰਸ਼ 'ਚ ਹੀ ਪਈ ਹੈ। ਇਥੋਂ ਹੀ ਹੋਰਾਂ ਮਸਲਿਆਂ ਨੂੰ ਸਮਝਣ ਤੇ ਨਜਿੱਠਣ ਦਾ ਵਿਧਾ ਬਿੰਦੂ ਬਣਦੈ। ਕਿਉਂ ਕਿ ਇਹ ਹੌਸਲਾ ਕਿਸੇ ਹੋਰ ਨੇ ਨਹੀਂ ਕਰਨਾ, ਤੁਸੀਂ ਆਪ ਹੀ ਇਸ ਦੌੜ ਦੇ ਦੌੜਾਕ ਹੋ ਤੇ ਆਪ ਹੀ ਨਿਰਣਾਇਕ ਵੀ। ਫ਼ੈਸਲਾ ਕਿਸੇ ਬਾਹਰਲੇ ਦੇ ਹੱਥ ਨਹੀਂ ਤੁਹਾਡੇ ਆਪਣੇ ਹੱਥ 'ਚ ਹੈ। ਇਸੇ ਲਈ ਸ਼ਾਇਦ ਮਹਾਤਮਾ ਬੁੱਧ ਨੇ ਭਿਖਸ਼ੂ ਆਨੰਦ ਨੂੰ ਪ੍ਰਵਚਨ ਦਿੰਦਿਆਂ ਕਿਹਾ ਸੀ, “ਅਪ ਦੀਪੋ ਭਵੋ” ਭਾਵ ਮੇਰੀ ਗੱਲ ਨਾ ਸੁਣ। ਆਪਣਾ ਦੀਵਾ ਆਪ ਬਾਲ਼। ਆਪਣੇ ਪ੍ਰਕਾਸ਼ 'ਚੋਂ ਹੀ ਆਪਣਾ ਪੰਧ ਨਿਹਾਰ।

? ਕਵਿਤਾ ਸੰਗ੍ਰਹਿ 'ਨਮਿਤ' ਦੀ ਕਵਿਤਾ ਹੈ, 'ਸਿਰਜਣਾ'। ਕਵਿਤਾ ਕੁਝ ਇਸ ਤਰ੍ਹਾਂ ਹੈ :

  ਕਵਿਤਾ ਮੈਨੂੰ ਸਿਰਜਦੀ ਏ
  ਜਦੋਂ ਮੈਂ ਸਿਰਜ ਰਿਹਾ ਹੁੰਨਾਂ ਕਵਿਤਾ
  ਮੈਂ ਤਰਾਸ਼ ਰਿਹਾ ਹੁੰਨਾਂ ਉਸਦਾ ਅਮੂਰਤ

ਕਵਿਤਾ ਮੈਨੂੰ ਲੱਭਦੀ ਏ ਮੇਰੇ ਅਧਿਆਤਮ 'ਚੋਂ
ਸੋਚ ਰਿਹਾ ਹੁੰਨਾਂ ਉਸਦੇ ਰੂਪਾਕਾਰ ਵਸਤੂ ਬਾਰੇ
ਉਹ ਵੀ ਮੈਨੂੰ ਸੋਚ ਰਹੀ ਹੁੰਦੀ ਏ
ਇੰਝ ਜਾਣ ਪਛਾਣ ਲੈਂਦੇ
ਥੋੜ੍ਹਾ ਥੋੜ੍ਹਾ ਇਕ ਦੂਜੇ ਨੂੰ ਅਸੀਂ

ਕਵੀ ਤੇ ਕਵਿਤਾ ਦਾ ਇਹ ਰਿਸ਼ਤਾ ਜਿਸ 'ਚ ਦੋਵੇਂ ਹੀ ਇਕ ਦੂਜੇ ਨੂੰ ਸਮਝਣ ਦੇ ਅਮਲ 'ਚੋਂ ਗੁਜ਼ਰਦੇ ਹਨ ਅਤੇ ਦੋਵੇਂ ਹੀ ਇਕ ਦੂਜੇ ਨੂੰ ਸਿਰਜਦੇ ਹਨ। ਇਸ ਸਾਰੇ ਵਰਤਾਰੇ ਵਿਚ ਕੀ ਪਾਠਕ ਗ਼ੈਰਹਾਜ਼ਿਰ ਹੈ ? ਕੀ ਕਵੀ ਦਾ ਕਾਵਿ ਕਰਮ ਸਿਰਫ਼ ਉਸਦੇ ਸਵੈ ਲਈ ਹੈ ? ਕਿਸੇ ਭਾਵ ਵਿਰੇਚਨ ਲਈ ਜਾਂ ਜ਼ਿਹਨੀ ਅੱਯਾਸ਼ੀ ਲਈ ?

- ਕਵਿਤਾ 'ਸਿਰਜਣਾ' 'ਚ ਕਵਿਤਾ ਦੀ ਸਿਰਜਣਕਾਰੀ 'ਚ ਕਵੀ ਦੇ ਸਵੈ ਦਾ ਵੀ ਪਰਸਪਰ ਸਿਰਜਣ ਹੋ ਰਿਹਾ ਹੁੰਦੈ। ਯੂਨਾਨੀ ਦਾਰਸ਼ਨਿਕ ਪਲੂਟਾਰਕ ਦਾ ਕਹਿਣਾ ਹੈ ਕਿ ਅਸੀਂ ਆਪਣੇ ਅੰਦਰ ਜੋ ਪ੍ਰਾਪਤੀ ਕਮਾਉਂਦੇ ਹਾਂ ਉਹ ਸਾਡੇ ਬਾਹਰ ਦੀ ਵਾਸਤਵਿਕਤਾ ਨੂੰ ਹੀ ਨਹੀਂ ਅਤੇ ਅੰਦਰ ਦੇ ਅਸਲ ਨੂੰ ਵੀ ਮਜ਼ਬੂਤ ਕਰਦੀ ਹੈ। ਕਵਿਤਾ ਤੇ ਕਵੀ ਦਾ ਆਪਣਾ ਰਿਸ਼ਤਾ ਵੀ ਕੁਝ ਇਸੇ ਤਰ੍ਹਾਂ ਦਾ ਹੀ ਹੈ। ਕਵੀ ਜਦੋਂ ਕਵਿਤਾ ਦੇ ਰੂ ਬ ਰੂ ਹੁੰਦੈ ਤਾਂ ਉਸਦੇ ਅੰਦਰ ਪਾਠਕ ਦੇ ਰੂਪ 'ਚ ਉਸਦਾ ਆਲੋਚਕ ਵੀ ਪਿਆ ਹੁੰਦੈ। ਇਹ ਸਾਰੀਆਂ ਭੂਮਿਕਾਵਾਂ ਕਿਸੇ ਵਰਟੀਕਲ ਸਾਈਲੋਜ਼ 'ਚ ਨਹੀਂ ਵੰਡੀਆਂ ਹੁੰਦੀਆਂ। ਇਹੋ ਹੀ ਸਿਰਜਣਕਾਰੀ ਦਾ ਕਰਤਾਰੀ ਅਦਭੁੱਤ ਹੈ।

? 'ਨਮਿਤ' ਦੀ ਕਵਿਤਾ ਵਿਚ ਤੁਸੀਂ ਗੁਰਬਾਣੀ ਦੀ ਸ਼ਬਦ ਸ਼ਕਤੀ ਦੀ ਵਿਚਾਰਧਾਰਾ ਨੂੰ ਲੈ ਕੇ ਤੁਰਦੇ ਹੋ। ਅਜੋਕੇ ਮਨੁੱਖ ਨੂੰ ਉਦਾਸੀਆਂ ਤੇ ਸ਼ਬਦ ਸਾਧਨਾ ਰਾਹੀਂ ਆਪਣੇ ਅੰਦਰ ਝਾਤੀ ਮਾਰਨ ਲਈ ਸੰਕੇਤ ਵੀ ਕਰਦੇ ਹੋ ਅਤੇ ਕਵਿਤਾ ਦੀਆਂ ਪਰਤਾਂ ਨੂੰ ਭਾਰਤੀ ਇਤਿਹਾਸ-ਮਿਥਿਹਾਸ ਦੇ ਦੂਰ ਅਤੀਤ ਤੱਕ ਲੈ ਕੇ ਜਾਂਦੇ ਹੋ। ਕੀ ਇੱਕਵੀਂ ਸਦੀ ਦੇ ਮਨੁੱਖ ਨੂੰ ਰੌਸ਼ਨੀ ਉਸਦੇ ਅਤੀਤ ਜਾਂ ਵਿਰਸੇ ਵਿਚੋਂ ਮਿਲੇਗੀ ?

- ਗੁਰਬਾਣੀ 'ਚ ਸ਼ਬਦ, ਸ਼ਬਦ ਗੁਰੁ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਦੀ ਕਵਿਤਾ ਬਾਣੀ ਹੈ। 'ਨਮਿਤ' ਦੀਆਂ ਕਈ ਕਵਿਤਾਵਾਂ 'ਚ ਬਾਣੀ ਅਮੂਰਤ ਰੂਪ 'ਚ ਪ੍ਰੇਰਣਾ ਬਣਦੀ ਹੈ। ਉਦਾਸੀਆਂ ਤੇ ਸ਼ਬਦ ਸਾਧਨਾ ਅਸਲ 'ਚ ਬਾਹਰ ਰਾਹੀਂ ਆਪਣੇ ਅੰਦਰ ਵੱਲ ਆਉਣ ਦੀ ਪ੍ਰਕਿਰਆ ਹੈ। ਉਦਾਸੀਆਂ 'ਰੋਟਸ' ਰਾਹੀਂ ਸ਼ਬਦ ਸਾਧਨਾ ਨਾਲ ਆਪਣੀਆਂ ਜੜ੍ਹਾਂ 'ਰੋਟਸ' ਜੁੜਨਾ। ਇਹ ਜੜ੍ਹਾਂ ਸਿਰਫ਼ ਸਭਿੱਆਚਾਰਕ ਨਹੀਂ ਸਗੋਂ ਇਤਿਹਾਸ ਮਿਥਿਹਾਸ ਨਾਲ ਪਰੁਚਿਆ ਬ੍ਰਿਹਦ, ਗੁੰਝਲਦਾਰ, ਗੂੜ੍ਹਾ ਅਤੇ ਘਣਾ ਵਰਤਾਰਾ ਹੈ। ਜਰਮਨ ਭਾਸ਼ਾ ਦਾ ਇਕ ਸ਼ਬਦ ਹੈ 'Zeitgeist'/ਜੈਤਗੀਸਤ। ਇਸਦਾ ਭਾਵ ਹੈ ਸਭਿੱਆਚਾਰਕ ਸੰਦਰਭ ਜਾਂ ਸਮੇਂ ਦੀ ਆਤਮਾ। ਜਿਹੜੀ ਸਿਰਜਣਾ ਆਪਣੇ ਜੈਤਗੀਸਤ ਨਾਲ ਜੁੜ ਆਪਣੇ ਅਰਥ ਵਿਸਤਾਰ ਕਰਦੀ ਹੈ, ਉਸ 'ਚ ਹੀ ਇਤਿਹਾਸ ਮਿਥਿਹਾਸ ਦੀਆਂ ਬਹੁਧੁਨੀਆਂ ਗੂੰਜਦੀਆਂ ਹਨ। ਇਤਿਹਾਸ ਮਿਥਿਹਾਸ ਇੱਕਵੀਂ ਸਦੀ 'ਚ ਤਾਂ ਕੀ ਬਲਕਿ ਆਉਣ ਵਾਲੇ ਸਮਿਆਂ ਦੀ ਸਾਹਿਤ ਸਿਰਜਣਾ ਲਈ ਧਰੋਹਰ ਬਣਿਆ ਰਹੇਗਾ। ਇਹ ਪਿੱਛਲਖੁਰਾ ਹੋਣਾ ਨਹੀਂ ਬਲਕਿ ਇਸ 'ਚ ਭਵਿੱਖਮੁਖੀ ਹੋਣ ਦੀ ਟੋਹ ਹੈ।

? ਸਮੁੱਚੀ ਮਨੁੱਖੀ ਸਭਿੱਅਤਾ ਦਾ ਇਤਿਹਾਸ 'ਪ੍ਰਕਿਰਤੀ ਤੋਂ ਸੰਸਕ੍ਰਿਤੀ' ਤੱਕ ਦੀ ਯਾਤਰਾ ਹੈ। ਪਰ 'ਅੱਥ' ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਨੂੰ ਪੜ੍ਹਦਿਆਂ ਇੰਝ ਜਾਪਦਾ ਜੈ ਕਿ ਤੁਹਾਡਾ ਕਾਵਿ ਚਿੰਤਨ ਮਨੁੱਖ ਨੂੰ ਵਾਰ ਵਾਰ ਪ੍ਰਕਿਰਤੀ ਵੱਲ ਮੋੜਨ ਦੀ ਪ੍ਰੇਰਨਾ ਦੇ ਰਿਹਾ ਹੋਵੇ। ਇੰਝ ਜਾਪਦਾ ਹੈ ਜਿਵੇਂ ਮਨਮੋਹਨ ਮਾਨਵੀ ਜੀਵਨ ਨੂੰ ਇਕ ਨਿਸ਼ਚਿਤ ਤਰਤੀਬ ਵਿਚੋਂ ਕੱਢ ਕੇ ਪ੍ਰਕਿਰਤਕ ਵਹਿਣ ਮੁਤਾਬਕ ਤੋਰਨ ਦਾ ਇੱਛੁਕ ਹੋਵੇ ? ਕੀ ਇਹ ਮਨੁੱਖਤਾ ਦੀ ਪਿੱਛਲ ਖੁਰੀ ਯਾਤਰਾ ਤਾਂ ਨਹੀਂ ਹੋਵੇਗੀ ?

- ਤੁਸੀਂ ਕਹਿ ਰਹੇ ਹੋ ਕਿ ਸਮੁੱਚੀ ਸਭਿੱਅਤਾ ਦਾ ਇਤਿਹਾਸ 'ਪ੍ਰਕਿਰਤੀ ਤੋਂ ਸੰਸਕ੍ਰਿਤੀ' ਦੀ ਯਾਤਰਾ

ਹੈ। ਇਹ ਵਿਚਾਰ ਹੀਗੀਲੀਅਨ-ਹੁਸਰਲੀਨੀਅਨ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਹੈ। ਦਰਅਸਲ ਪ੍ਰਕਿਰਤੀ ਤੋਂ ਸੰਸਕ੍ਰਿਤੀ ਦੀ ਸੰਕ੍ਰਾਂਤੀ ਦਵੰਦਾਤਮਕ ਰੂਪ 'ਚ ਇਕਹਿਰਾ ਨਹੀਂ ਸਗੋਂ ਦਾਇਰਾਮੂਲਕ ਤੇ ਅਤਿਗੁੰਝਲਦਾਰ ਹੈ। ਬਰਟੰਡ ਰਸਲ ਇਸੇ ਲਈ ਕਹਿੰਦੈ ਕਿ ਬੰਦਾ ਪ੍ਰਕਿਰਤੀ ਮੂਹਰੇ ਪ੍ਰਾਰਥਨਾ ਤਾਂ ਦਿਨ ਰਾਤ ਕਰਦਾ ਪਰ ਇਸਦੇ ਵਿਵਹਾਰ ਨੂੰ ਸਮਝਣ ਦਾ ਯਤਨ ਨਹੀਂ ਕਰਦਾ। ਆਦਿ ਕਾਲ ਤੋਂ ਲੈ ਕੇ ਪੁਨਰ ਤੇ ਨਵ ਜਾਗਰਣ ਕਾਲ ਤੋਂ ਹੀ ਪ੍ਰਕਿਰਤੀ ਗਿਆਨ ਵਿਗਿਆਨ ਦੇ ਨਿਸ਼ਾਨੇ 'ਤੇ ਰਹੀ ਹੈ। ਯੁਆਲ ਨੋਹਾ ਹਰਾਰੇ ਆਪਣੀ ਕਿਤਾਬ 'Sapiens–A Brief History of Humankind (2011)' 'ਚ ਕਹਿੰਦਾ ਹੈ ਕਿ ਵਰਤਮਾਨ ਦੌਰ 'ਚ ਡਰ ਸੋਸ਼ਣ ਦਾ ਨਹੀਂ ਅਪ੍ਰਸੰਗਿਕ ਹੋਣ ਦਾ ਹੈ। ਉਦਾਹਰਣ ਵਜੋਂ Cart ਦੇ ਮੂਹਰੇ ਜੁਤਿਆ ਘੋੜਾ ਔਟੋਮੋਬੀਲ ਛਓਰ ਦੀ ਖੋਜ ਨਾਲ ਅਪ੍ਰਸੰਗਿਕ ਹੋ ਗਿਆ। ਘੋੜਾ ਹੁਣ ਭਵਿੱਖ 'ਚ ਚਿੜੀਆ ਘਰਾਂ 'ਚ ਹੀ ਦਿਸਿਆ ਕਰੇਗਾ। ਕੁੱਤਾ ਜੋ ਭੇੜੀਆ ਪ੍ਰਜਾਤੀ ਦਾ ਜੰਗਲੀ ਜੀਵ ਸੀ, ਦੇ ਸਦੀਆਂ ਤੋਂ ਹੋਈ ਡੋਮੈਸਟੀਕੇਸ਼ਨ ਕਾਰਣ ਹੁਣ ਆਪਣੇ ਪ੍ਰਕਿਰਤਕ ਸਰੂਪ ਤੋਂ ਪੂਰੀ ਤਰ੍ਹਾਂ ਭਿੰਨ ਹੈ। ਪ੍ਰਕਿਰਤੀ ਬਹੁਤ ਵਿਸਤ੍ਰਿਤ ਤੇ ਗੁੰਝਲਦਾਰ ਵਰਤਾਰਾ ਹੈ। ਬੰਦੇ ਨੇ ਪ੍ਰਕਿਰਤੀ ਨਾਲ ਆਪਣੇ ਮੁਫ਼ਾਦ ਤੇ ਹਿੱਤਾਂ ਲਈ ਬਹੁਤ ਬੁਰਾ ਵਿਵਹਾਰ ਕੀਤਾ। ਇਸ ਕਾਰਣ ਸਾਰੇ ਈਕੋ ਸਿਸਟਮ 'ਚ ਪੈਦਾ ਹੋਏ ਅਸੰਤੁਲਨ ਕਾਰਣ ਹੁਣ ਪ੍ਰਕਿਰਤੀ ਬੰਦੇ ਲਈ ਵੱਡਾ ਖ਼ਤਰਾ ਹੈ। ਪਰ ਪ੍ਰਕਿਰਤੀ ਬੰਦੇ ਵਾਂਗ ਅਹਿਸਾਨ ਫ਼ਰਾਮੋਸ਼ ਨਹੀਂ ਬਲਕਿ ਬੜੀ ਦਿਆਲੂ ਹੈ। ਜ਼ਰਾ ਜਿਹੀ ਸੰਵੇਦਨਾ ਦਿਖਾਓ ਪ੍ਰਕਿਰਤੀ ਬੰਦੇ ਨੂੰ ਆਪਣੀ ਗੋਦ 'ਚ ਮੁੜ ਕੈ ਲਵੇਗੀ। ਪ੍ਰਕਿਰਤੀ ਵੱਲ ਪਰਤਣ ਪਿੱਛਲਖੁਰਾ ਬਿਲਕੁਲ ਨਹੀਂ ਸਗੋਂ ਭਵਿੱਖਮੁਖੀ ਹੋਣਾ ਹੈ। ਪੰਜਾਬੀ ਲੋਕ ਸਾਹਿਤ 'ਚ ਆਉਂਦਾ ਹੈ;

> ਪੋਲੇ ਪੈਰੀਂ ਨਹੀਂ ਕਿਸੇ ਨੂੰ ਯਾਰ ਮਿਲਿਆ
> ਜੇਕਰ ਮਿਲਿਆ ਤਾਂ ਖ਼ਾਨਾ ਖ਼ਰਾਬ ਕਰਕੇ।

? 1982 'ਚ ਛਪੀ ਪਹਿਲੀ ਕਾਵਿ ਪੁਸਤਕ ਤੋਂ ਲੈ ਕੇ 2012 ਵਿਚ ਛਪੀ ਕਾਵਿ ਪੁਸਤਕ 'ਬੈਖਰੀ' ਤੱਕ ਦੇ 30 ਸਾਲਾਂ ਦੇ ਕਾਵਿ ਸਫ਼ਰ ਦੌਰਾਨ ਤੁਸੀਂ ਕਦੇ ਵੀ ਆਪਣੇ ਸਮੇਂ ਦੀ ਪ੍ਰਭਾਵੀ ਜਾਂ ਪ੍ਰਮੁੱਖ ਕਾਵਿਧਾਰਾ ਦਾ ਹਿੱਸਾ ਨਹੀਂ ਬਣੇ। ਪ੍ਰਯੋਗਵਾਦੀ , ਜੁਝਾਰਵਾਦੀ ਕਵਿਤਾ, ਦੇਹੀ ਕਾਵਿ ਜਾਂ ਦਲਿਤ ਕਾਵਿ ਕਦੇ ਵੀ ਕਿਸੇ ਇਕ ਕੋਟਿ ਵਿਚ ਨਹੀਂ ਬੱਝੇ। ਆਪਣੇ ਸਮਕਾਲ ਦੀਆਂ ਸਾਹਿਤਕ ਲਹਿਰਾਂ ਤੋਂ ਅਭਿੱਜ ਰਹਿਣ ਦਾ ਕੀ ਕਾਰਣ ਸੀ ?

- ਸਾਹਿਤ ਜਗਤ ਵਿਚ ਅਕਸਰ ਦੇਖਿਆ ਗਿਆ ਹੈ ਕਿ ਸਾਹਿਤਕਾਰ ਸਿਰਜਣਾ ਤੋਂ ਸਿਧਾਂਤ ਵੱਲ ਆਉਂਦਾ ਨੇ। ਮੇਰੇ ਨਾਲ ਇਸਤੋਂ ਥੋੜ੍ਹਾ ਅਲੱਗ ਵਾਪਰਿਆ। ਮੈਂ ਆਪਣੇ ਮੁੱਢਲੇ ਨਿਰਮਾਣ ਪੜਾਵਾਂ 'ਚ ਹੀ ਅਕਾਦਿਮਕ ਕਾਰਣਾਂ ਅਤੇ ਕੁਝ ਆਪਣੀਆਂ ਅੰਦਰਲੀਆਂ ਜਿਗਿਆਸਾਵਾਂ ਹਿੱਤ ਸਾਹਿਤ ਸਿਧਾਂਤਾਂ ਤੇ ਦਰਸ਼ਨ ਦੇ ਅਧਿਐਨ 'ਚ ਰੁਝਿਆ ਰਿਹਾ ਤੇ ਨਾਲ ਨਾਲ ਸਿਰਜਣਰਤ ਵੀ ਰਿਹਾ। ਇਸੇ ਕਾਰਣ ਸ਼ਾਇਦ ਸਿਧਾਂਤਕ ਸੂਝ ਕਾਰਣ ਮੇਰੀ ਸਿਰਜਣਾ 'ਚ ਵਿਚਾਰ ਤੇ ਵਿਚਾਰਧਾਰਾ ਦੇ ਫ਼ਰਕ ਦੀ ਸਮਝ ਕਾਇਮ ਰਹੀ। ਹੋ ਸਕਦੈ ਇਸੇ ਕਾਰਣ ਮੇਰੀ ਕਵਿਤਾ 'ਚ ਵਿਚਾਰਧਾਰਾ ਦਾ ਦਖ਼ਲ ਘੱਟ ਰਿਹਾ ਪਰ ਇਹ ਸੱਚ ਹੈ ਕਿ ਵਿਚਾਰ ਦੀ ਪੱਧਰ 'ਤੇ ਮੈਂ ਅੱਜ ਤੱਕ ਕਈ ਗੁੰਝਲਾਂ ਤੇ ਗੋਹਜਾਂ ਨਾਲ ਜੂਝਦਾ ਰਹਿਨਾ।

ਸ਼ਾਇਦ ਇਸੇ ਲਈ ਮੈਂ ਆਪਣੇ ਆਪ ਨੂੰ ਕਿਸੇ ਲਹਿਰ, ਵਾਦ ਪਾਰਟੀ ਜਾਂ ਧੜੇ ਤੋਂ ਨਿਰਲੇਪ ਸਮਝਦਾਂ। ਸੁਕਰਾਤ ਦੀ ਭਾਸ਼ਾ 'ਚ ਸੱਚਾ ਸਟੋਕਾਇਟਿਸਟ। ਮੇਰੀ ਕਾਵਿ ਪੁਸਤਕ 'ਚ 'ਬੈਖਰੀ' 'ਚ ਕਵਿਤਾ ਹੈ 'ਜ਼ਮੀਨ'। ਇਸਤੋਂ ਸ਼ਾਇਦ ਤੁਹਾਨੂੰ ਮੇਰੀ ਵਿਚਾਰ ਤੇ ਵਿਚਾਰਧਾਰਾ ਦੀ ਸਮਝ ਦੀ ਕਨਸੋਅ ਲੱਗ ਜਾਵੇ :

> ਵਿਚਾਰਧਾਰਾ
> ਨਾਭੀ ਤੋਂ ਹੇਠਾਂ ਹੁੰਦੀ ਕੰਮਜ਼ੋਰ

ਭਵਿੱਖਲਾ ਵਿਚਾਰ ਛੁਪਿਆ ਹੁੰਦੈ ਉਸ 'ਚ ਜ਼ਰੂਰ
ਪਰ ਦੇਹ ਦਾ ਉਹ ਅੰਗ ਵੀ ਹੁੰਦਾ ਉਥੇ
ਜਿਸ ਨਾਲ ਕੀਤਾ ਜਾ ਸਕਦੈ
ਹਰ ਤਰ੍ਹਾਂ ਦਾ ਵਿਭਚਾਰ...!

ਵਿਚਾਰਧਾਰਾ ਗ਼ੁਲਾਮ ਅਬਲਾ ਔਰਤ
ਜਿਸਨੂੰ ਕੋਈ ਵੀ ਕਰ ਸਕਦੈ ਕੈਦ
ਘਰ ਦੀ ਪਿਛਲੀ 'ਨੇਰੀ ਕੋਠੜੀ 'ਚ

ਧਰਮਾਤਮਾ ਪੂੰਜੀਪਤੀ ਬੁੱਧੀਜੀਵੀ
ਇਨਕਲਾਬੀ...ਉਲਟ ਇਨਕਲਾਬੀ
ਬੀਜ ਸਕਦੇ ਆਪਣਾ ਵੰਸ਼ ਬੀਅ
ਵਿਚਾਰਧਾਰਾ ਜਿੰਨੀ ਜ਼ਰਖ਼ੇਜ਼
ਹੁੰਦੀ ਨਹੀਂ ਕੋਈ ਜ਼ਮੀਨ...!

? ਤੁਹਾਡੀਆਂ ਬਹੁਤੀਆਂ ਕਾਵਿ ਪੁਸਤਕਾਂ ਦਾ ਨਾਮਕਰਣ ਰੋਜ਼ ਮਰ੍ਹਾ ਦੀ ਭਾਸ਼ਾ ਦੇ ਸ਼ਬਦਾਂ ਤੋਂ ਹੱਟਵਾਂ ਹੈ। ਘੱਟ ਵਰਤੀਂਦੇ, ਦਾਰਸ਼ਨਿਕ ਪੁੱਠ ਵਾਲੇ, ਇਤਿਹਾਸ-ਮਿਥਿਹਾਸ ਦੀ ਰੰਗਤ ਵਾਲੇ ਸ਼ਬਦ ਤੁਹਾਡੀਆਂ ਪੁਸਤਕਾਂ ਦੇ ਸਿਰਲੇਖ ਬਣਦੇ ਹਨ। ਬਹੁਤੀ ਵਾਰ ਤਾਂ ਤੁਹਾਨੂੰ ਉਨ੍ਹਾਂ ਸ਼ਬਦਾਂ ਦੇ ਅਰਥ ਭੂਮਿਕਾ ਵਿਚ ਸਪੱਸ਼ਟ ਕਰਕੇ ਹੀ ਅੱਗੇ ਤੁਰਨਾ ਪੈਂਦਾ ਹੈ। ਅਜਿਹੇ ਸ਼ਬਦਾਂ ਦੀ ਵਰਤੋਂ ਕੋਈ ਮਜ਼ਬੂਰੀ ਹੈ ਜਾਂ ਪਾਠਕ ਨੂੰ ਅਚੰਭਿਤ ਕਰਨ ਦੀ ਭਾਵਨਾ ਜਾਂ ਫਿਰ ਆਪਣੇ ਗਿਆਨ ਦੇ ਜਲਵੇ ਦਿਖਾਉਣ ਦੀ ਕੋਈ ਇੱਛਾ ?

◆ ਆਮ ਜੀਵਨ ਦੇ ਸੰਦਰਭ 'ਚ ਸ਼ੈਕਸਪੀਅਰ ਕਹਿੰਦੈ, 'ਨਾਮ 'ਚ ਕੀ ਪਿਐ ?' ਪਰ ਸਾਹਿਤ ਕਿਉਂਕਿ ਜੀਵਨ ਨਹੀਂ ਜੀਵਨ ਦਾ ਜੀਵੰਤ ਅਕਸ ਹੈ ਇਸ ਲਈ ਸਾਹਿਤ ਦੀਆਂ ਕਈ ਵਿਧਾਵਾਂ ਜਿਵੇਂ ਗਲਪ ਜਾਂ ਕਵਿਤਾ 'ਚ ਪਾਠਕੀ ਖਿੱਚ ਪੈਦਾ ਕਰਨ ਲਈ ਲੇਖਕ ਕਈ ਜੁਗਤਾਂ ਘੜਦਾ। ਕਿਤਾਬ ਦਾ ਨਾਮ ਵੀ ਇਕ ਜੁਗਤ ਹੈ। ਨਾਮ ਜੇਕਰ ਕਿਤਾਬ ਦਾ 'ਨੀਸਾਣੁ' ਨਹੀਂ ਬਣਦਾ ਤਾਂ ਉਸਦੇ ਸੰਪੂਰਣ ਪਾਠ ਦਾ ਚਿਹਨਕ ਤਾਂ ਬਹੁਤ ਬਾਅਦ 'ਚ ਆਪਣਾ ਮਹੱਤਵ ਅਖ਼ਤਿਆਰ ਕਰਦਾ। ਮੇਰਾ ਮੰਨਣਾ ਹੈ ਕਿ ਕਿਤਾਬ ਦਾ ਨਾਮ ਜੇਕਰ ਕਿਤਾਬ ਦੀ ਸੰਪੂਰਣ ਆਤਮਾ ਦਾ ਵਾਹਕ ਹੋਵੇ ਤਾਂ ਹੀ ਸ਼ਾਇਦ ਕਿਤਾਬ ਆਪਣੀ ਹਾਜ਼ਰੀ ਲਵਾਉਣ 'ਚ ਕਾਮਯਾਬ ਹੁੰਦੀ ਹੈ। ਕਾਵਿ ਸਿਰਜਣ ਦੇ ਨਾਲ ਨਾਲ ਨਾਮ ਦੀ ਵਿਆਖਿਆ ਵੀ ਇਸ 'ਚ ਸਿਰਜਣਾਤਮਕ ਭੂਮਿਕਾ ਹੀ ਨਿਭਾਅ ਰਹੀ ਹੁੰਦੀ ਹੈ। ਹਾਂ ਇਸ 'ਚ ਪਾਠਕ ਨੂੰ ਆਕਰਸ਼ਿਤ ਜਾਂ ਅਚੰਭਿਤ ਕਰਨ ਦਾ ਕਿਤੇ ਕਿਤੇ ਮੋਹ ਵੀ ਹੋ ਸਕਦੈ ਪਰ ਮੈਂ ਮੰਨਦਾ ਕਿ ਇਸ 'ਚ ਗਿਆਨ ਪ੍ਰਦਰਸ਼ਨ ਨਾਲੋਂ ਕਿਤਾਬ ਨੂੰ ਗਿਆਨ ਵਰਧਕ ਤੇ ਵੱਧ ਮਾਨਣਯੋਗ ਬਣਾਉਣ 'ਚ ਕੋਈ ਦੱਬੀ ਜਾਂ ਲੁੱਕਵੀਂ ਇੱਛਾ ਜ਼ਰੂਰ ਹੋ ਸਕਦੀ ਹੈ। ਇਹ ਲੇਖਕ ਦਾ ਭਰਮ ਵੀ ਹੋ ਸਕਦੈ ਪਰ ਮੇਰਾ ਮੰਨਣਾ ਹੈ ਕਿ ਸਾਹਿਤ 'ਚ ਅਰਥ ਭਰਮ ਹੀ ਸਿਰਜਣਾ ਦੀ ਮੂਲ ਆਤਮਾ ਹੈ ਕਿਉਂਕਿ ਦੈਰੀਦਾ ਅਨੁਸਾਰ ਅਰਥ ਨਿਸ਼ਚਿਤ ਨਹੀਂ ਬਲਕਿ ਅਰਥ ਅਪੋਰਿਆ ਹੁੰਦਾ ਹੈ। ਰਿਗਵੇਦ ਦੀ ਰਿਚਾ ਹੈ;

'ਯੋ ਅਸਯਾਧਿਆਕਸ਼:ਪਰਮੇ ਵਯੋਮਨ ਤਸੋ;
ਅੰਗ ਵੇਦ ਯਦਿ ਵਾ ਨ ਵੇਦ'।

ਭਾਵ ਇਹ ਜੋ ਕਵੀ, ਵਿਧਾਤਾ ਜਾਂ ਅਧਿਅੱਕਸ਼ ਹੈ ਉਹ ਆਪਣੀ ਕਵਿਤਾ, ਸ੍ਰਿਸ਼ਟੀ ਨੂੰ ਜਾਣਦਾ ਹੈ ਜਾਂ ਸ਼ਾਇਦ ਨਹੀਂ ਵੀ ਜਾਣਦਾ। ਇਵੇਂ ਹੀ ਮੇਰੀ ਜਾਚੇ ਸਾਹਿਤ ਸਿਰਜਣ ਜਾਂ ਕਹਿ ਲਵੋ ਜੀਵਨ ਹੀ, ਇਹ ਸਾਰਾ ਸਿਰਫ਼ ਜਾਨਣ ਜਾਂ ਨਾ ਜਾਨਣ ਦੇ ਭੇਦ 'ਤੇ ਹੀ ਟਿਕਿਆ ਹੈ। ਨਾਮ ਤਾਂ ਸਿਰਫ਼ ਦਿਓਤਕ ਹੁੰਦੇ ਨੇ ਅਸਲ ਤਾਂ ਨਾਮ ਦੇ ਪਿੱਛਲਗ ਜਾਂ ਪਿੱਠਭੂਮਨ 'ਚ ਕੀ ਹੈ, ਉਹ ਹੀ ਮਹੱਤਵਪੂਰਣ ਤੇ ਗ੍ਰਹਿਣਯੋਗ ਹੈ।

? ਤੁਹਾਡੀ ਹਰ ਪੁਸਤਕ ਸ਼ਬਦ ਅਤੇ ਅਰਥ ਦੇ ਰਿਸ਼ਤੇ ਬਾਰੇ, ਇਨ੍ਹਾਂ ਦੀ ਦਵੈਤ ਬਾਰੇ, ਦਵੰਦ ਬਾਰੇ ਚਰਚਾ ਛੇੜਦੀ ਹੈ। ਭਾਵੇਂ ਮਾਧਿਅਮ ਕਵਿਤਾਵਾਂ ਦਾ ਹੋਵੇ, ਗਲਪ ਦਾ ਜਾਂ ਸਮੀਖਿਆ ਦਾ। ਸ਼ਬਦ ਅਰਥ ਦਾ ਸਬੰਧ ਤੁਹਾਡੀ ਸਮੁੱਚੀ ਲੇਖਣੀ ਵਿਚ ਧੁਨੀ ਬਣਕੇ ਕਿਉਂ ਸਮਾਇਆ ਹੋਇਆ ਹੈ ?

• ਮੈਂ ਭਾਸ਼ਾ ਦਰਸ਼ਨ ਦਾ ਵਿਦਿਆਰਥੀ ਹਾਂ ਇਸ ਲਈ ਮੈਨੂੰ ਵਰਤਾਰਿਆਂ ਨੂੰ ਸ਼ਬਦ ਤੇ ਅਰਥ ਦੇ ਰਿਸ਼ਤਿਆਂ 'ਚੋਂ ਦੇਖਣ ਦਾ ਢੱਬ ਹੈ। ਸੰਸਕ੍ਰਿਤ 'ਚ ਕਹਿੰਦੇ ਨੇ; ਵਾਗਵੈ ਬ੍ਰਹਮ : ਭਾਵ ਵਾਕ ਹੀ ਬ੍ਰਹਮ ਹੈ। ਭਰਥਰੀਹਰੀ 'ਵਾਕਪਦੀਯ' 'ਚ ਕਹਿੰਦਾ ਹੈ ਕਿ ਸਾਰੇ ਦੁਨੀਆਵੀ ਸ਼ਾਬਦਿਕ ਪ੍ਰਯੋਗ ਮਾਨਸਿਕ ਸੰਰਚਨਾਵਾਂ ਦੁਆਰਾ ਸਿਰਜਤ ਵਸਤੂਆਂ ਰਾਹੀਂ ਹੁੰਦੇ ਹਨ। ਮੁੱਢਲੀ ਵਸਤੂ ਦਾ ਕੋਈ ਰੂਪ ਨਹੀਂ ਹੁੰਦਾ ਜਦੋਂ ਕਿ ਉਹ ਮਨ ਦੁਆਰਾ ਨਿਯਤ ਹੁੰਦੀ ਹੈ। ਘਟ, ਪਟ, ਭੇਦ ਦੀ ਪਹਿਚਾਣ ਸਿਰਜਣ ਦੇ ਭਾਵ ਬਾਰੇ ਤਾਂ ਹੀ ਤੇ ਉਸਨੂੰ ਕਹਿਣਾ ਪਿਆ ਕਿ  ਭਾਸ਼ਾ, ਯਥਾਰਥ ਦੇ ਸਮੁੰਦਰ 'ਚੋਂ ਰੂਪ ਗ੍ਰਹਿਣ ਕਰਦੀ ਹੈ। ਭਾਰਤੀ ਬੋਧੀ ਵਿਆਕਰਣਕਾਰਾਂ ਨੇ ਸੱਚ ਦੀ ਥਾਹ ਪਾਉਣ ਲਈ ਸ਼ਬਦ ਤੇ ਅਰਥ ਦੇ ਸਬੰਧਾਂ ਦੇ ਦਰਸ਼ਨ ਨੂੰ ਆਧਾਰ ਬਣਾਇਆ। ਮੈਂ ਇਨ੍ਹਾਂ ਪਰੰਪਰਾਵਾਂ ਦਾ ਅਧਿਐਨ ਕਰਦਾਂ ਰਹਿੰਨਾ ਸ਼ਾਇਦ ਇਹੋ ਕਾਰਣ ਹੈ ਕਿ ਮੇਰੀ ਵਰਤਾਰਿਆਂ ਨੂੰ ਦੇਖਣ ਦੀ ਨੀਝ ਇਨ੍ਹਾਂ 'ਚੋਂ ਬਣਦੀ ਹੋਵੇ।

? ਤੁਹਾਡੇ ਨਾਵਲ 'ਨਿਰਵਾਣ' ਵਿਚ ਵੀ ਮੁਕਤੀ ਲਈ, ਚੰਗਿਆਈ ਲਈ, ਸ਼ਾਂਤੀ ਲਈ ਅਤੇ ਸਮਤਾ ਲਈ ਦੋ ਪੱਧਰਾਂ 'ਤੇ ਸੰਘਰਸ਼ ਹੈ। ਇਕ ਸੰਘਰਸ਼ ਅੰਦਰੂਨੀ ਹੈ। ਵਿਅਕਤੀ ਦੇ ਆਪਣੇ ਖ਼ਿਲਾਫ਼ ਹੈ ਅਤੇ ਇਸ ਸੰਘਰਸ਼ ਦੀ ਇਕਾਈ ਵੀ ਵਿਅਕਤੀ ਹੈ। ਦੂਜਾ ਸੰਘਰਸ਼ ਬਾਹਰੀ ਹੈ, ਦੂਜੇ ਦੇ ਵਿਰੁਧ ਹੈ ਅਤੇ ਇਕਾਈ ਸਮਾਜ ਹੈ। ਮਸਲਾ ਨੌਂਵੀਂ ਸਦੀ ਤੇ ਇੱਕਵੀ ਸਦੀ ਦੇ ਭਾਰੂ ਪ੍ਰਵਚਨਾਂ ਵਿਚਾਲੇ ਅੰਤਰ ਦਾ ਹੈ ਜਾਂ ਫਿਰ ਨਿਰਵਾਣ ਜੀਵਨ ਦੇ ਦੋਹਾਂ ਸੱਚਾਂ ਨੂੰ ਕਿਸੇ ਇਕ ਨੁਕਤੇ 'ਤੇ ਸਮੇਟਣ ਦਾ ਹੀ ਨਾਂ ਹੈ ?

◆ 'ਨਿਰਵਾਣ' ਨਾਵਲ 'ਚ ਮੈਂ ਆਪਣੇ ਜੀਵਨ ਦੇ ਅਨੁਭਵਾਂ ਤੇ ਵਰਤਾਰਿਆਂ ਨੂੰ ਸਮਝ ਤੇ ਅਮਲ ਦੀ ਪੱਧਰ 'ਤੇ ਨਜਿੱਠਣ ਦਾ ਯਤਨ ਕੀਤਾ। ਨਾਵਲ ਲਿਖਣ ਤੋਂ ਪਹਿਲਾਂ ਮੈਂ ਇਨ੍ਹਾਂ ਮਸਲਿਆਂ ਬਾਰੇ ਪ੍ਰਾਪਤ ਭੌਤਿਕ ਅਤੇ ਅਭੌਤਿਕ ਗਿਆਨ ਪਰੰਪਰਾਵਾਂ ਨੂੰ ਸਮਝ ਇਕ ਕਥਾਨਕ ਉਸਾਰਿਆ ਤੇ ਉਸ ਕਥਾਨਕ ਦੇ ਢਾਂਚੇ 'ਚ ਕਥਾ ਦਾ ਨਿਰਮਾਣ ਆਪਣੇ ਆਪ ਹੁੰਦਾ ਗਿਆ। ਪਰ ਅੰਤਿਮ ਰੂਪ 'ਚ ਇਹੋ ਹੀ ਸਾਰ ਨਿਕਲਦਾ ਕਿ ਸਮਝਾਂ ਸੋਚਾਂ ਹੀ ਅੰਤਿਮ ਸੱਚ ਨਹੀਂ, ਸੱਚ ਤਾਂ ਕਿਤੇ ਹੋਰ ਹੈ, ਉਸ ਨੂੰ ਜਾਨਣਾ ਹੀ ਸੱਚ ਹੈ। ਇਹ ਸ਼ੇਅਰ ਇਸ ਸਾਰ ਨੂੰ ਆਪਣੇ ਕਲਾਵੇ 'ਚ ਲੈਂਦਾ ਪ੍ਰਤੀਤ ਹੁੰਦਾ ਹੈ;

ਇਕ ਮੁਅੱਮਾ ਹੈ, ਸਮਝਨੇ ਕਾ, ਨ ਸਮਝਨੇ ਕਾ,
ਜ਼ਿੰਦਗੀ ਕਾਹੇ ਕੋ ਹੈ, ਖ਼ੁਆਬ ਹੈ ਦੀਵਾਨੇ ਕਾ ।

? ਰਵੀ ਰਵਿੰਦਰ: ਆਪਣੇ ਨਾਵਲ 'ਨਿਰਵਾਣ' ਵਿਚ ਮਨਮੋਹਨ ਉਨ੍ਹਾਂ ਜੀਵਨ ਵਿਧੀਆਂ, ਧਰਮ ਮਾਰਗਾਂ ਅਤੇ ਫ਼ਲਸਫ਼ਿਆਂ ਨੂੰ ਵਧੇਰੇ ਉਚਿਆਉਂਦਾ ਹੈ ਜੋ ਤਰਕ ਆਧਾਰਿਤ ਹਨ ਪਰ ਚਿੰਤਨ 'ਚ ਉਹ ਤਰਕ ਦੀ ਥਾਂ ਅਨੁਭਵ, ਆਧੁਨਿਕਤਾ ਦੀ ਥਾਂ ਉਤਰਆਧੁਨਿਕਤਾ ਦਾ ਮੁਦੱਈ ਹੋ ਨਿਬੜਦਾ ਹੈ। ਸਾਹਿਤ ਅਤੇ ਚਿੰਤਨ ਵਿਚਲੀ ਦਵੈਤ ਦਾ ਕਾਰਨ ਸਮਝਾਓਗੇ।

◆ ਜਿਸਨੂੰ ਤੁਸੀਂ ਦਵੈਤ ਸਮਝ ਰਹੇ ਹੋ ਦਰਅਸਲ ਇਹੋ ਹੀ ਭੇਦ ਹੈ। ਆਪਣੇ ਪ੍ਰਸ਼ਨ ਨੂੰ ਜੇਕਰ ਐਨ ਉਲਟਾਅ ਲਵੋਗੇ ਤਾਂ ਇਹ ਸਾਰਾ ਭੇਦ ਸਪੱਸ਼ਟ ਹੋ ਜਾਵੇਗਾ। ਜੋ ਤੁਹਾਨੂੰ ਤਰਕ ਆਧਾਰਿਤ ਲਗ ਰਿਹੈ ਅਸਲ 'ਚ ਉਹ ਅਨੁਭਵ ਆਧਾਰਿਤ ਹੈ ਅਤੇ ਜੋ ਅਨੁਭਵ ਜਾਪ ਰਿਹੈ ਉਹ ਤਰਕ ਆਧਾਰਿਤ। ਨਿਰਵਾਣ 'ਚ ਦੋਵੇਂ ਪਾਤਰ ਆਨੰਦ ਤੇ ਮਿਲਿੰਦ ਆਪਣੀ ਅੰਤਿਮਤਾ ਤਰਕ ਦੀ ਥਾਂ ਪ੍ਰੇਮ ਦੇ ਅਨੁਭਵ 'ਚੋਂ ਪ੍ਰਾਪਤ ਕਰਦੇ ਨੇ ਅਤੇ ਦੂਜੇ ਪਾਸੇ ਆਪਣੇ ਚਿੰਤਨ 'ਚ ਮੈਂ ਅਨੁਭਵ ਦੀ ਥਾਂ ਅਨੁਭਵ ਦੀ ਪ੍ਰਮਾਣਿਕਤਾ ਦੇ ਤਰਕ ਦੀ ਗੱਲ ਕਰਦਾਂ ਹਾਂ। ਇਸ ਸਬੰਧ 'ਚ ਇਕ ਸ਼ੇਅਰ ਹੈ;

ਹੈ ਆਦਮੀ ਬਜਾਏ ਖ਼ੁਦ ਇਕ ਮਸ਼ਹਰੇ ਖ਼ਿਆਲ,
ਹਮ ਅੰਜੁਮਨ ਸਮਝਤੇ ਹੈਂ ਖ਼ਿਲਵਤ ਹੀ ਕਯੋਂ ਨ ਹੋ।

ਇਸ ਭੇਦ ਬਾਰੇ ਦੈਰੀਦਾ ਕਹਿੰਦਾ ਹੈ ਕਿ ਕਿਸੇ ਸ਼ਬਦ, ਭਾਸ਼ਾ ਅਤੇ ਲਿਖਤ ਗੱਲ ਦਾ ਕੋਈ ਇਕ

ਅਰਥ ਨਹੀਂ ਹੁੰਦਾ ਤੇ ਨਾ ਹੀ ਹੋ ਸਕਦਾ ਹੈ ਕਿਉਂ ਕਿ ਲੇਖਕ ਨੇ ਹਰ ਗੱਲ ਕਹਿ ਕੇ ਹੀ ਨਹੀਂ ਚੁੱਪ ਰਹਿ ਕੇ ਵੀ ਕਹਿਣੀ ਹੁੰਦੀ ਹੈ। ਭੇਦ ਬਾਰੇ ਕਬੀਰ ਆਪਣੀ ਵਿਲੱਖਣ ਭਾਸ਼ਾ 'ਚ ਗੱਲ ਕਰਦੈ;

ਕਬੀਰ ਇਸ ਸੰਸਾਰ ਕੋ ਸਮਝਾਊਂ ਕੈ ਬਾਰ
ਪੂੰਛ ਜੁ ਪਕੜੇ ਭੇਦ ਕਾ, ਉਤਰਾ ਚਾਹੈ ਪਾਰ।

? ਮਨਮੋਹਨ ਦੇ ਚਿੰਤਨ ਅਤੇ ਕਵਿਤਾ ਸਬੰਧੀ ਪੰਜਾਬੀ ਪਾਠਕਾਂ ਅਤੇ ਬੁੱਧੀਜੀਵੀਆਂ ਦੀ ਇਹ ਸ਼ਿਕਾਇਤ ਰਹੀ ਹੈ ਕਿ ਉਸ 'ਚ ਸੰਚਾਰ ਯੋਗਤਾ ਦੀ ਕਮੀ ਏ। ਮਨਮੋਹਨ ਸਿੱਧੇ ਸਾਧੇ ਵਿਚਾਰਾਂ ਨੂੰ ਸ਼ਬਦ ਜੰਗਲ ਵਿਚ ਦੀ ਲੰਘਾਅ ਕੇ ਪੇਸ਼ ਕਰਦਾ ਹੈ। ਪਰ ਨਿਰਵਾਣ 'ਚ ਬਿਲਕੁਲ ਉਲਟ ਵਾਪਰਿਆ ਹੈ। ਗੂੜ੍ਹ ਭਾਰਤੀ ਚਿੰਤਨ ਵੀ ਬੜੇ ਸਾਦਾ ਸ਼ਬਦਾਂ ਵਿਚ ਪੂਰੀ ਸੰਚਾਰ ਯੋਗਤਾ ਨਾਲ ਪੇਸ਼ ਹੋਇਆ ਹੈ। ਇਹ ਮਸਲਾ ਵਿਧਾ ਦਾ ਹੈ ਜਾਂ ਮਨਮੋਹਨ ਦੇ ਹੱਥ ਕੋਈ ਭੇਤ ਲੱਗ ਗਿਆ ਹੈ ?

- ਇਹ ਦੋਵੇਂ ਹੀ ਗੱਲਾਂ ਨੇ। ਮਸਲਾ ਵਿਧਾ ਦਾ ਵੀ ਹੈ ਤੇ ਸੰਚਾਰ ਦੇ ਭੇਦ ਦਾ ਵੀ। ਜਿਵੇਂ ਮੈਂ ਪਹਿਲਾਂ ਵੀ ਕਿਤੇ ਕਿਹਾ ਕਿ ਮੈਂ ਸਾਹਿਤ ਸਿਧਾਂਤ ਵੱਲੋਂ ਸਿਰਜਣਾ 'ਚ ਆਇਆ ਹਾਂ। ਇਸ ਲਈ ਹੋ ਸਕਦੈ ਕਿ ਮੇਰੀ ਪਹਿਲੜੀ ਕਵਿਤਾ 'ਚ ਅਮੂਰਤਤਾ ਭਾਰੂ ਹੋਵੇ ਅਤੇ ਜਦੋਂ ਮੈਂ ਸਿਧਾਂਤਕ ਆਲੋਚਨਾ ਕਰ ਰਿਹਾ ਹੋਵਾਂ ਉਦੋਂ ਭਾਸ਼ਾ ਦੀ ਰੂਪਕਤਾ ਦਾ ਪ੍ਰਭਾਵ ਜ਼ਿਆਦਾ ਹੋ ਸਕਦੈ। ਕਵਿਤਾ ਤੋਂ ਨਾਵਲ ਵੱਲ ਦੀ ਯਾਤਰਾ ਵੀ ਇਸੇ 'ਚੋਂ ਹੀ ਨਿਕਲੀ ਹੈ। ਨਾਵਲ ਵਿਧਾ 'ਚ ਮੈਂ ਚਿੰਤਨ ਨੂੰ ਕਵਿਤਾ ਦੀ ਭਾਸ਼ਾ 'ਚ ਢਾਲ ਕੇ ਗਲਪੀਪਨ ਪ੍ਰਦਾਨ ਕੀਤਾ ਹੈ ਅਤੇ ਮੇਰੀ ਹੁਣ ਦੀ ਕਵਿਤਾ 'ਚ ਬਿਰਤਾਂਤ ਦੀ ਪੁੱਠ ਵੱਧ ਦਿਖਾਈ ਦਿੰਦੀ ਹੈ। ਮੇਰੀ ਚਿੰਤਨ ਦੀ ਨਵੀਂ ਕਿਤਾਬ 'ਸੰਵਾਦਕੀ' ਵੀ ਇਸ ਗੱਲ ਦੀ ਗਵਾਹ ਹੈ ਜਿਸ 'ਚ ਮੈਂ ਪੱਛਮੀ ਚਿੰਤਨ 'ਚ ਨਵਾਂ ਕੀ ਵਾਪਰ ਰਿਹਾ ਹੈ ਉਸਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ।

? ਪੱਛਮੀ ਚਿੰਤਨ ਪ੍ਰਣਾਲੀਆਂ ਪ੍ਰਤੀ ਪੰਜਾਬੀ ਬੁੱਧੀਜੀਵੀਆਂ ਦਾ ਹੇਜ ਕਿਸੇ ਤੋਂ ਛੁਪਿਆ ਨਹੀਂ। ਲਗਭੱਗ 150 ਪੁਸਤਕਾਂ ਇਸ ਨਾਲ ਸਬੰਧਿਤ ਮਿਲਦੀਆਂ ਨੇ। ਪੱਛਮੀ ਚਿੰਤਨ ਸਬੰਧੀ ਪੰਜਾਬੀ ਚਿੰਤਨ ਵਿਚ ਅਜਿਹੀ ਕਿਹੜੀ ਕੁੰਦਰ ਅਜੇ ਤੱਕ ਨਹੀਂ ਲੱਭੀ ਗਈ ਸੀ ਕਿ ਤੁਸੀਂ 'ਸੰਵਾਦਕੀ' ਲਿਖਣ ਦੀ ਲੋੜ ਮਹਿਸੂਸ ਕੀਤੀ ? ਇਹ ਵੀ ਦੱਸੋ ਇਸ ਅਧਿਐਨ ਦਾ ਕੇਂਦਰ ਬਿੰਦੂ ਕਿਹੜਾ ਹੈ ?

- ਮੇਰਾ ਖ਼ਿਆਲ ਹੈ ਕਿ ਹਾਲੇ ਸ਼ਾਇਦ ਇਹ ਪੁਸਤਕ ਤੁਸੀਂ ਪੜ੍ਹੀ ਨਹੀਂ। ਫਿਰ ਵੀ ਮੈਂ ਵਿਸਥਾਰ 'ਚ ਤੁਹਾਨੂੰ ਦੱਸਣ ਦੀ ਕੋਸ਼ਿਸ਼ ਕਰਦਾ ਹਾਂ। ਇਸ ਰਾਹੀਂ ਸ਼ਾਇਦ ਪਹਿਲੀ ਵਾਰ ਪੰਜਾਬੀ 'ਚ ਪੱਛਮ ਦੇ ਮਹਾਨ ਚਿੰਤਕ ਹੈਨਰੀ ਬਰਗਸਾਂ ਦੇ ਵਿਚਾਰਾਂ ਦੀ ਗੱਲ ਹੋਈ ਹੈ ਜੋ ਸੰਵਾਦ/ਡਾਇਲਾਗ ਦੀ ਗੱਲ ਕਰਦਾ ਹੈ।

ਪੰਜਾਬੀ ਚਿੰਤਨ ਦੀ ਇਹ ਸਮੱਸਿਆ ਰਹੀ ਹੈ ਕਿ ਇਹ ਇਕ ਖ਼ਾਸ ਤਰ੍ਹਾਂ ਦੀ ਬੌਧਕ ਸਿਧਾਂਤਕਤਾ ਤੇ ਵਿਚਾਰਧਾਰਾ ਤੋਂ ਲੋੜੋਂ ਵੱਧ ਪ੍ਰਭਾਵਿਤ ਰਿਹਾ ਹੈ। ਇਸ 'ਚ ਪੰਜਾਬ, ਪੰਜਾਬੀਆਂ ਤੇ ਪੰਜਾਬੀ ਦਾ ਕੋਈ ਦੋਸ਼ ਨਹੀਂ। ਇਨ੍ਹਾਂ ਨੇ ਆਪਣੇ ਭੂਗੋਲਿਕ, ਇਤਿਹਾਸਕ, ਰਾਜਨੀਤਕ, ਸਮਾਜਿਕ-ਸੱਭਿਆਚਾਰਕ ਤੇ ਹੋਰ ਸਬੰਧਿਤ ਪ੍ਰਾਪਤ ਵਰਤਾਰਿਆਂ ਰਾਹੀਂ ਜੋ ਸਮਝਣਯੋਗ ਸੀ, ਸਮਝਿਆ, ਜੋ ਜਜ਼ਬ ਕਰਣਯੋਗ ਸੀ, ਜਜ਼ਬ ਕੀਤਾ ਤੇ ਸਮ-ਸਾਮਿਅਕ ਸਥਿਤੀਆਂ ਅਨੁਸਾਰ ਇਨ੍ਹਾਂ ਤੋਂ ਸੇਧ ਪ੍ਰਾਪਤ ਕਰ ਸੰਭਵ ਅਮਲ ਤੇ ਪ੍ਰਗਟਾਵੇ ਕੀਤੇ। ਪਰ ਇਨ੍ਹਾਂ 'ਚ ਆਪਣੀਆਂ ਸੀਮਾਵਾਂ ਤੇ ਸੰਭਾਵਨਾਵਾਂ ਤੋਂ ਪਰ੍ਹਾਂ ਜਾਣ ਦੀ ਪਿਛਲੇ ਲੰਮੇ ਅਰਸੇ ਤੋਂ ਕੋਸ਼ਿਸ਼ ਬੜੀ ਘੱਟ ਦਿੱਸਦੀ ਹੈ। ਇਸ ਕਾਰਣ ਪੰਜਾਬੀ ਚਿੰਤਨ 'ਚ ਸਵੈ-ਸੰਤੁਸ਼ਟੀ ਦਾ ਸੰਕਟ ਪੈਦਾ ਹੋਇਆ। ਇੰਞ ਪ੍ਰਤੀਤ ਹੁੰਦਾ ਹੈ ਕਿ ਇਹ ਸਾਰਾ ਕੁਝ ਇਕ ਵਿਸ਼ੇਸ਼ ਸਿਧਾਂਤਕਤਾ ਤੇ ਨੁਕਤਾ ਨਿਗਾਹ ਦੇ ਇਕਹਿਰੇਪਨ ਤੇ ਇਕਸਾਰਤਾ ਰਾਹੀਂ ਹਰ ਸਮੱਸਿਆ ਦੇ ਹੱਲ ਲੱਭਣ ਦੀ ਚੇਸ਼ਟਾ ਕਾਰਣ ਹੋਇਆ। ਇਹ ਇਕ ਤਰ੍ਹਾਂ ਦਾ ਆਧੁਨਿਕ ਵਰਤਾਰਾ ਤੇ ਜੀਵਨ ਵਿਧੀ ਹੈ । ਇਸਦੇ ਉਲਟ ਇਤਿਹਾਸ ਦੀ ਮੁੜ ਯਾਤਰਾ ਤੇ ਘੋਖ ਨੇ ਉਤਰ ਅਧਿਐਨਾਂ ਦੇ ਰੁਝਾਨ ਅਧੀਨ ਸਾਪੇਖ ਦੀ ਦ੍ਰਿਸ਼ਟੀ ਤੋਂ ਸਾਰੀਆਂ ਇਕਹਿਰਤਾਵਾਂ ਤੇ ਇਕਸਾਰਤਾਵਾਂ ਨੂੰ ਸਾਹਮਣੇ ਲਿਆਂਦਾ ਤੇ ਪ੍ਰਸ਼ਨਧੀਨ ਕੀਤਾ। ਹਰ ਵਰਤਾਰੇ ਨੂੰ ਨਵਾਂਪਨ, ਨਵੀਂ ਦਿੱਖ ਤੇ ਨਵੀਂ ਊਰਜਾ ਦੇਣ ਲਈ ਨਵੇਂ

ਸਿਧਾਂਤ ਤੇ ਸੋਚਣ ਦੇ ਦ੍ਰਿਸ਼ਟੀਕੋਣਾਂ ਦੀ ਤਲਾਸ਼ ਕੀਤੀ ਜੋ ਹੁਣ ਵੀ ਜਾਰੀ ਏ । ਇਸੇ ਵਿਚਾਰ ਅਧੀਨ 'ਖੱਬਾ-ਕੇਂਦਰ-ਸੱਜਾ' ਦਾ ਸੂਤਰ ਸਾਹਮਣੇ ਆਇਆ। ਇਸਤੋਂ ਭਾਵ ਹੈ ਕਿ ਕੀ ਅੱਤ-ਸੱਜਾ ਜਾਂ ਅੱਤ-ਖੱਬਾ ਹੋਣਾ ਨਿਰਪੇਖੀ ਨਹੀਂ ? ਕੀ ਕੋਈ ਅਜਿਹੀ ਸਥਿਤੀ ਸੰਭਵ ਹੈ ਜੋ ਕੇਂਦਰੀ ਹੋਵੇ ਪਰ ਆਪਣੀਆਂ ਸੱਜੀਆਂ ਖੱਬੀਆਂ ਬਾਹੀਆਂ ਦੇ ਹਾਂਵਾਚੀ ਪੱਖਾਂ ਨੂੰ ਜਜ਼ਬ ਕਰਦੀ ਹੋਈ ਆਪਣੀ ਹੋਂਦ ਬਣਾ ਸਕੇ।

ਇਸ ਪੁਸਤਕ ਰਾਹੀਂ ਮੇਰਾ ਇਹ ਯਤਨ ਹੈ ਕਿ ਉਨ੍ਹਾਂ ਬਹੁਵੰਦੀ, ਬਹੁਰੂਪੀ, ਬਹੁਪਰਤੀ, ਬਹੁਪਾਸਾਰੀ ਤੇ ਬਹੁਪਰਿਪੇਖੀ ਵਿਚਾਰਾਂ (ਵਿਚਾਰਧਾਰਾ ਨਹੀਂ) ਤੇ ਦ੍ਰਿਸ਼ਟੀਆਂ ਰਾਹੀਂ ਇਸ ਨਿਰਪੇਖ ਪਹੁੰਚ ਦੀ ਇਕਸਾਰਤਾ ਤੇ ਇਕਹਿਰਤਾ ਨੂੰ ਨਵੇਂ ਦਿਸਹੱਦਿਆਂ ਵੱਲ ਸੇਧਿਤ ਕੀਤਾ ਜਾ ਸਕੇ। ਪੱਛਮ 'ਚ ਦਰਸ਼ਨ, ਚਿੰਤਨ ਤੇ ਬੌਧਿਕਤਾ ਦੇ ਖੇਤਰ 'ਚ ਹੈਨਰੀ ਬਰਗਸਾਂ ਤੋਂ ਲੈ ਕੇ ਜੁਰਗੇਨ ਹੈਬਰਮਾਸ ਤੱਕ ਤੇ ਬਾਅਦ 'ਚ ਵੀ ਕਈ ਚਿੰਤਕ; ਮੈਕਸ ਵੈਬਰ, ਬਰਟੰਡ ਰਸਲ, ਮਾਰਤਿਨ ਬੂਬਰ, ਨਿਕੋਸ ਕਜ਼ਾਨਜ਼ਾਕਿਸ, ਜੌਰਜੇ ਬਾਤੱਈ, ਮਿਖਾਇਲ ਬਾਖ਼ਤਿਨ, ਹਰਬਰਟ ਮਾਰਕੂਜ਼ੇ, ਜਾਂ ਪਾਲ ਸਾਰਤਰ, ਇਮੈਨੂਐਲ ਲੈਵੀਨਾਸ, ਪਾਅਲੋ ਫਰੇਰੇ, ਗਿਲਜ਼ ਦੈਲਿਊਜ਼, ਫਰਾਂਜ਼ ਫਾਨਨ, ਸੈਮੂਅਲ ਪੀ. ਹਟਿੰਗਟਨ ਆਦਿ ਹੋਏ ਹਨ, ਜੋ ਇਕਸਾਰਤਾ ਤੇ ਇਕਹਿਰੇਪਨ ਤੋਂ ਮੁਕਤ ਹੋਣ ਲਈ ਨਵੇਂ ਦਿਸਹੱਦੇ ਤੇ ਦਿਸ਼ਾ ਦਿਖਾਉਂਦੇ ਹਨ ਅਤੇ ਚਿੰਤਨ ਤੇ ਵਿਚਾਰ ਦੇ ਨਵੇਂ ਰਾਹਾਂ ਵੱਲ ਤੋਰਦੇ ਹਨ ਜੋ ਕਿ ਸੰਵਾਦ, ਤਰਕ, ਵਿਵੇਕ, ਨੈਤਿਕਤਾ, ਪਾਰਗਾਮਤਾ, ਸਿਆਣ, ਦੂਜਾਪਨ, ਪਰਤਾ, ਪ੍ਰਸੰਨਤਾ, ਵੱਖਰਤਾ, ਸਿੱਖਿਆ ਤੇ ਮੁਕਤੀ ਜਿਹੇ ਸੰਕਲਪਾਂ ਦੇ ਰੂਬਰੂ ਹਨ। ਕਈ ਹੋਰ ਵੀ ਚਿੰਤਕ ਨੇ ਜਿਨ੍ਹਾਂ ਦੇ ਵਿਚਾਰਾਂ ਦੇ ਕੁਝ ਸੰਕੇਤ ਇਸ ਦਿਸ਼ਾ ਵੱਲ ਇੰਗਤ ਹਨ।

? ਰਵੀ ਰਵਿੰਦਰ: ਲਗਭੱਗ ਚੌਵੀ ਪੁਸਤਕਾਂ, 'ਨਿਰਵਾਣ' ਵਰਗਾ ਨਾਵਲ, ਹਰ ਸਾਲ ਇਕ ਨਵੀਂ ਪੁਸਤਕ। ਸੈਮੀਨਾਰਾਂ 'ਚ ਹਾਜ਼ਰੀ। ਏਨੀਂ ਮਿਹਨਤ ਕਰਨ ਦੀ ਸ਼ਕਤੀ ਕਿਥੋਂ ਆਉਂਦੀ ਹੈ ? ਅੱਜ ਜਦੋਂ ਹਰ ਕੋਈ ਸਮੇਂ ਦੀ ਘਾਟ ਦਾ ਰੋਣਾ ਰੋ ਰਿਹਾ ਹੈ ਤੁਸੀਂ ਸਮਾਂ ਕਿੱਥੋਂ ਕੱਢਦੇ ਹੋ ? ਨੌਕਰੀ ਅਤੇ ਸਾਹਿਤ ਸਿਰਜਣਾ ਵਿਚ ਤਾਲਮੇਲ ਕਿਵੇਂ ਬੈਠਦਾ ਹੈ ?

◆ ਜ਼ਿੰਦਗੀ 'ਚ ਤਾਲਮੇਲ ਬਿਠਾਉਣਾ ਵੀ ਇਕ ਕਲਾ ਹੈ ਚਾਹੇ ਉਹ ਸਮੇਂ ਨਾਲ ਹੋਵੇ ਜਾਂ ਤੁਹਾਡੇ ਸ਼ੌਕ ਨਾਲ ਜਾਂ ਹੋਰ ਖੇਤਰਾਂ ਨਾਲ। ਲਊ ਹੋਲਜ਼ ਕਹਿੰਦਾ 'It is not the load that break you down, it is how you carry it.'। ਸੋ ਕਹਿਣ ਦਾ ਭਾਵ ਹੈ ਕਿ ਤੁਸੀਂ ਚੀਜ਼ਾਂ ਨੂੰ ਕਿਵੇਂ ਲੈਂਦੇ ਹੋ। ਦੂਜੀ ਗੱਲ ਲਗਾਤਰ ਕਾਰਜ 'ਚ ਲੱਗੇ ਰਹਿਣ ਦੀ। ਇਸ ਬਾਰੇ ਮੈਂ ਆਪਣੀ ਗੱਲ ਸੁਕਰਾਤ ਦੇ ਸ਼ਬਦਾਂ 'ਚ ਕਹਾਂਗਾ ਕਿ ਸੱਚਾ ਸਿਰਜਕ ਤੇ ਦਾਰਸ਼ਨਿਕ ਉਹੀ ਹੈ ਜਿਸ 'ਚ ਹਰੇਕ ਤਰ੍ਹਾਂ ਦਾ ਗਿਆਨ ਪ੍ਰਾਪਤ ਕਰਨ ਦਾ ਜੋਸ਼ ਹੋਵੇ, ਜਿਸਨੂੰ ਸਦਾ ਜਾਨਣ ਦੀ ਇੱਛਾ ਰਹਿੰਦੀ ਹੈ ਅਤੇ ਜੋ ਬਿਨਾ ਜਾਣਿਆਂ ਸੰਤੁਸ਼ਟ ਨਹੀਂ। ਸੋ ਲਗਾਤਰ ਅਸੰਤੁਸ਼ਟੀ ਦਾ ਨਿਰੰਤਰ ਭਾਵ ਬਣਾ ਰਹਿਣਾ ਵੀ ਤੁਹਾਨੂੰ ਆਹਰੇ ਲਾਈ ਰੱਖਦਾ ਹੈ। ਤੀਜੀ ਗੱਲ ਆਪਣੇ ਸਮੇਂ ਦਾ ਸਦਉਪਯੋਗ। ਮੈਂ ਆਪਣੇ ਜੀਵਨ 'ਚ ਬਹੁਤ ਇਕੱਲਾ ਰਿਹਾਂ ਪਰ ਮੈਂ ਆਪਣੀ ਇਕੱਲਤਾ ਨੂੰ ਏਕਾਂਤ 'ਚ ਰੂਪਾਂਤ੍ਰਿਤ ਕੀਤਾ। ਪਿੱਛੇ ਜਿਹੇ ਮੈਂ ਜੌਨ ਸਟੀਨਬੈਕ ਦਾ ਨਾਵਲ 'East of Eden' ਪੜ੍ਹਿਆ ਜਿਸਦੀ ਇਸ ਸਤਰ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ ਕਿ ਸਾਰੀਆਂ ਮਹਾਨ ਤੇ ਕੀਮਤੀ ਸ਼ੈਆਂ ਸਦਾ ਇਕੱਲੀਆਂ ਹੀ ਹੁੰਦੀਆਂ ਨੇ। ਸੋ ਆਪਣੀ ਇਕੱਲਤਾ ਨੂੰ ਸਿਰਜਣਾਤਮਕ ਬਣਾਉਣ ਦਾ ਢੱਬ ਯਤਨ ਨਾਲ ਆ ਜਾਂਦਾ ਹੈ। ਬੱਸ ਇਸੇ ਤਰ੍ਹਾਂ ਜੀਵਨ ਬਸਰ ਹੋ ਜਾਵੇ ਇਸ ਤੋਂ ਵੱਡਾ ਗੁਣ ਕੀ ਹੋ ਸਕਦੈ। ਇਕ ਸ਼ੇਅਰ ਹੈ;

ਮੇਰੀ ਹਸਤੀ ਹੈ ਜੁਸਤਜੂ ਏ ਤਮਾਮ,
ਕਯਾ ਯਹੀ ਵਸਫ਼ ਮੁਝ ਮੇਂ ਕਮ ਹੈ।

? ਸਾਡੇ ਬਹੁਤ ਸਾਰੇ ਚਿੰਤਕਾਂ ਲਈ ਗਿਆਨ ਟੁਕੜਿਆਂ ਵਿਚ ਵੰਡਿਆ ਹੋਇਆ ਹੈ, ਜਾਂ ਵਾਦਾਂ ਵਿਚ ਜਾਂ ਫਿਰ ਧਾਰਾਵਾਂ ਵਿਚ। ਪਰ ਤੁਹਾਡੀ ਚਿੰਤਨ ਨਾਲ ਸਬੰਧਿਤ ਪੁਸਤਕ 'ਸੰਵਾਦਕੀ' ਹੋਵੇ ਜਾਂ ਫਿਰ

ਨਾਵਲ 'ਨਿਰਵਾਣ' ਤੁਸੀਂ ਗਿਆਨ ਨੂੰ ਸਮੱਗਰਤਾ ਵਿਚ ਚਿਤਵਣ, ਸਮਝਣ ਅਤੇ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਕੀ ਸਮੱਗਰਤਾ ਨੂੰ ਹੱਥ ਪਾਉਂਦਿਆਂ ਬਹੁਤ ਕੁਝ ਕਿਰ ਜਾਣ ਦੀ ਸੰਭਾਵਨਾ ਨਹੀਂ ਹੁੰਦੀ ?

- ਗਿਆਨ ਦਾ ਇਕ ਪੜਾਅ ਹੁੰਦੈ ਜਿੱਥੇ ਚਿੰਤਨ ਆਪਣੀਆਂ ਵਿਸ਼ੇਗਤ ਵੰਡੀਆਂ ਗਵਾਅ ਅਤੇ ਆਪਣੇ ਖੜ੍ਹੇਦਾਅ ਸਾਈਲੋਜ਼ ਤੱਜ ਕੇ ਜੀਵਨ ਜਗਤ ਦੇ ਵਰਤਾਰਿਆਂ ਨੂੰ ਸਮੱਗਰਤਾ 'ਚ ਦੇਖਣ, ਸਮਝਣ ਤੇ ਪ੍ਰਤੱਖਣ ਲਗਦੈ। ਇਸਦਾ ਅਧਿਆਤਮ ਪਾਰਗਾਮੀ ਹੋ ਨਿਬੜਦਾ ਅਤੇ ਵਾਧੂ ਦੇ ਭਰਮ ਭੁਲੇਖੇ ਨਿਰਮੂਲ ਹੋ ਜਾਂਦੇ ਨੇ। ਹਾਂ ਇਸ ਪਾਰਗਾਮਤਾ ਕਾਰਣ ਕਈ ਨਿੱਕੇ ਵੇਰਵੇ ਛੁੱਟ ਜਾਣ ਦਾ ਖ਼ਦਸ਼ਾ ਬਣਿਆ ਰਹਿੰਦੈ। ਪਰ ਇਹ ਖ਼ਤਰਾ ਤਾਂ ਸਦਾ ਬਣਿਆ ਰਹੇਗਾ ਬਸ ਜਿਗਿਆਸੂ ਨੂੰ ਆਪਣੀ ਤਲਾਸ਼ ਜਾਰੀ ਰੱਖਣੀ ਚਾਹੀਦੀ ਹੈ। ਕਿਸੇ ਵੱਡੇ ਸ਼ਾਇਰ ਦਾ ਕਹਿਣਾ ਹੈ;

  ਦੇਖ ਰਿੰਦਾਂ ਸੇ ਪਰੇ ਰੰਗੋ-ਚਮਨ, ਜਸ਼ਨ-ਏ-ਬਹਾਰ
  ਰਕਸ ਕਰਨਾ ਹੈ ਤੋ ਫਿਰ ਪਾਂਵ ਕੀ ਜ਼ੰਜੀਰ ਨਾ ਦੇਖ।

? ਬਤੌਰ ਪੁਲੀਸ ਅਫ਼ਸਰ ਤੁਸੀਂ ਆਮ ਲੋਕਾਂ 'ਚ ਸੈਲੀਬ੍ਰਿਟੀ ਦੀ ਤਰ੍ਹਾਂ ਹੀ ਹੁੰਦੇ ਹੋ, ਪਰ ਤੁਹਾਡਾ ਸੰਘਰਸ਼, ਕੁਰਬਾਨੀਆਂ, ਜ਼ਿੰਦਗੀ ਦੇ ਕੁਹਜ ਨਾਲ ਨਾ-ਚਾਹੁੰਦਿਆਂ ਵੀ ਦੋ ਚਾਰ ਹੋਣਾ, ਹਰ ਸਮੇਂ ਪਰਿਵਾਰ ਤੇ ਬੱਚਿਆਂ ਨੂੰ ਲੈ ਕੇ ਚਿੰਤਤ ਰਹਿਣਾ ਅਤੇ ਫਿਰ ਵੀ ਤਨਦੇਹੀ ਨਾਲ ਜ਼ਿੰਮੇਵਾਰੀ ਨਿਭਾਉਣ ਦੀ ਕੋਸ਼ਿਸ਼ ਕਰਨਾ ਇਹ ਸੱਭ ਤੁਹਾਡੀਆਂ ਲਿਖਤਾਂ ਦਾ ਹਿੱਸਾ ਨਹੀਂ ਬਣਿਆ। ਤੁਹਾਡੀ ਨੌਕਰੀ ਦੀਆਂ ਦੁਸ਼ਵਾਰੀਆਂ ਨਾ ਤੁਹਾਡੀ ਕਵਿਤਾ ਵਿਚ, ਨਾ ਨਾਵਲ ਵਿਚ ਅਤੇ ਨਾ ਹੀ ਕਿਸੇ ਇੰਟਰਵਿਊ ਦਾ ਹਿੱਸਾ ਬਣੀਆਂ। ਕਿਤੇ ਇਹ ਸਾਰਾ ਕੁਝ ਆਪਣੀ ਸਵੈ ਜੀਵਨੀ 'ਚ ਪੇਸ਼ ਕਰਨ ਦਾ ਇਰਾਦਾ ਤਾਂ ਨਹੀਂ ?

- ਮੇਰੀ ਨੌਕਰੀ ਦੀਆਂ ਦੁਸ਼ਵਾਰੀਆਂ ਅਤੇ ਮੇਰੀ ਨਿੱਜਤਾ ਤੇ ਮੇਰੇ ਨਾਲ ਜੁੜੀਆਂ ਸਮਾਜਿਕ, ਪਰਿਵਾਰਕ ਜ਼ਿੰਮੇਵਾਰੀਆਂ ਕਦੇ ਸਿੱਧੇ ਰੂਪ 'ਚ ਮੇਰੀ ਕਵਿਤਾ ਜਾਂ ਗਲਪ ਸਿਰਜਣਾ ਦਾ ਵਿਸ਼ਾ ਨਹੀਂ ਰਹੇ ਪਰ ਅਸਿੱਧੇ ਰੂਪ 'ਚ ਮੇਰੀਆਂ ਕਈ ਕਵਿਤਾਵਾਂ 'ਚ ਮਾਂ, ਪਿਤਾ, ਪਤਨੀ ਅਤੇ ਬੱਚੇ ਅਤੇ ਭੈਣਾਂ ਨਾਲ ਜੁੜੀਆਂ ਕਈ ਸਥਿਤੀਆਂ ਤੇ ਅਨੁਭਵਾਂ ਦੇ ਕਾਵਿਕ ਰੂਪਾਂਤਰਣ 'ਚ ਪੇਸ਼ ਹੋਏ ਨੇ। 'ਅੱਥ' ਤੇ 'ਬੈਖਰੀ' ਕਵਿਤਾ ਸੰਗ੍ਰਹਿਾਂ 'ਚ ਮੇਰੇ ਕਿੱਤੇ ਨਾਲ ਜੁੜੀਆਂ ਕੁਝ ਅਨੁਭੂਤੀਆਂ ਕਵਿਤਾ ਦਾ ਆਧਾਰ ਬਣੀਆਂ ਹਨ। ਨਾਵਲ 'ਨਿਰਵਾਣ' 'ਚ ਆਨੰਦ ਨਾਲ ਜੁੜੇ ਸਾਰੇ ਬਿਰਤਾਂਤ ਦੇ ਪਿੱਛੇ ਮੇਰੇ ਕਿੱਤੇ 'ਚੋਂ ਪੈਦਾ ਹੋਈ ਸੂਝ ਦ੍ਰਿਸ਼ਟੀ ਹੀ ਕਾਰਜਸ਼ੀਲ ਹੈ ਜੋ ਮੈਂ ਇਕ ਪੁਲੀਸ ਅਫ਼ਸਰ ਵਜੋਂ ਕਈ ਜ਼ਿਲ੍ਹਿਆਂ 'ਚ ਕੰਮ ਕਰਦਿਆਂ ਅਰਜਿਤ ਕੀਤੀ। ਹਾਂ ਪਰ ਇਹ ਮੈਂ ਸਿੱਧੇ ਰੂਪ 'ਚ ਕਿਸੇ ਪੁਲੀਸ ਪਾਤਰ ਰਾਹੀਂ ਨਹੀਂ ਪੇਸ਼ ਕੀਤੀ ਬਲਕਿ ਇਕ ਪੱਤਰਕਾਰ ਤੇ ਪਾਰਟੀ ਕਾਰਕੁੰਨ ਦੇ ਪਾਤਰ ਵਜੋਂ ਪ੍ਰਸਤੁਤ ਕੀਤੀ ਹੈ। ਹਾਂ ਹੋ ਸਕਦਾ ਆਉਣ ਵਾਲੇ ਸਮਿਆਂ 'ਚ ਸਵੈਜੀਵਨੀ 'ਚ ਇਨ੍ਹਾਂ ਦਾ ਚਰਚਾ ਹੋਵੇ ਕਿਉਂਕਿ ਸਵੈਜੀਵਨੀ ਦੀ ਵਿਧਾ 'ਚ ਤੱਥ ਆਧਾਰਿਤ ਗੱਲਾਂ ਹੋ ਸਕਦੀਆਂ ਨੇ।

  ਅਮਰੀਕੀ ਕਵੀ ਤੇ ਦਾਰਸ਼ਿਨਕ ਹੈਨਰੀ ਡੇਵਿਡ ਥੋਰੋ ਆਪਣੀ ਕਿਤਾਬ 'ਵਾਲਡੇਨ' 'ਚ ਦੋ ਗੱਲਾਂ ਕਹਿੰਦਾ ਹੈ ਪਹਿਲੀ ਕਿ ਕਈ ਵਾਰ ਚੀਜ਼ਾਂ ਨਹੀਂ ਬਦਲਦੀਆਂ, ਅਸੀਂ ਬਦਲ ਜਾਂਦੇ ਹਾਂ ਅਤੇ ਸਾਡੇ ਦੇਖਣ ਦਾ ਨਜ਼ਰੀਆ ਬਦਲ ਜਾਂਦੈ ਤੇ ਦੂਜੀ ਗੱਲ ਕਿ ਜੋ ਤੁਹਾਡੇ ਸਾਹਮਣੇ ਹੋ ਰਿਹਾ ਹੈ ਉਹ ਮਹੱਤਵਪੂਰਣ ਹੈ ਜਾਂ ਨਹੀਂ ਇਹ ਇਸ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਇਸਨੂੰ ਕਿਵੇਂ ਦੇਖਦੇ ਹੋ।

? ਤੁਹਾਡੀ ਪੂਰੀ ਸਾਹਿਤ ਸਾਧਨਾ ਨੂੰ, ਪੂਰੇ ਜੀਵਨ ਨੂੰ ਜੇ ਕਿਸੇ ਇਕ ਜਾਂ ਦੋ ਨੁਕਤਿਆਂ ਤੱਕ ਸੁੰਗੇੜਨਾ ਹੋਵੇ ਤਾਂ ਮੇਰੀ ਜਾਣੇ ਉਹ ਨੁਕਤੇ ਹਨ-ਚਿੰਤਨ ਤੇ ਸੰਵਾਦ। ਕੀ ਇਹ ਦੋ ਨੁਕਤੇ ਮਨਮੋਹਨ ਦੀ ਹੀ ਮੁਕਤੀ ਦੇ ਮਾਰਗ ਹਨ ਜਾਂ ਮਾਨਵ ਮੁਕਤੀ ਲਈ ਵੀ ਇਨ੍ਹਾਂ ਕੋਈ ਟੋਹਾਂ ਮਿਲ ਸਕਦੀਆਂ ਹਨ ?

- ਤੁਸੀਂ ਠੀਕ ਕਿਹਾ, ਚਿੰਤਨ ਤੇ ਸੰਵਾਦ ਦੋ ਨੁਕਤੇ ਨੇ ਜਿਨ੍ਹਾਂ ਗਿਰਦ ਮੇਰੇ ਸਾਹਿਤ ਸਾਧਨਾ ਘੁੰਮਦੀ ਹੈ। ਸ਼ਬਦ, ਸੰਵੇਦਨਾ, ਸਹਿਜ ਤੇ ਸੰਤੋਖ ਜਿਹੇ ਗੁਣਾਂ ਦੀ ਪ੍ਰਾਪਤੀ ਲਈ ਮੈਂ ਸਦਾ ਦੁਆ ਕਰਦਾ ਹਾਂ। ਮੈਨੂੰ

ਲਗਦੈ ਕਿ ਸ਼ਾਇਦ ਇਹ ਤੇ ਇਹੋ ਜਿਹੇ ਹੋਰ ਗੁਣ ਬੰਦੇ ਨੂੰ ਮੁਕਤੀ ਵੱਲ ਤੋਰਦੇ ਹਨ। ਪਰ ਸਮੁੱਚੀ ਮਾਨਵ ਮੁਕਤੀ ਮੈਨੂੰ ਵੱਡਾ ਵਰਤਾਰਾ ਜਾਪਦੈ ਕਿਉਂ ਕਿ ਇਸ 'ਚ ਜਗਤ ਦੇ ਹੋਰ ਵਰਤਾਰੇ ਤੇ ਪਹਿਲੂ ਵੀ ਸ਼ਾਮਿਲ ਨੇ। ਇਹ ਬ੍ਰਿਹਦ ਵਿਸ਼ਾ ਜਿਸ ਬਾਰੇ ਵੱਡਾ ਗੋਸ਼ਟਿ ਦਰਕਾਰ ਹੈ। ਮਨੁੱਖ ਜੀਵਨ ਦੀ ਮੁਕਤੀ ਦੀਆਂ ਸੀਮਾਵਾਂ ਤੇ ਮਜਬੂਰੀਆਂ ਨੂੰ ਬ੍ਰਿਜ ਨਾਰਾਇਣ ਰਕਬਸਤ ਦਾ ਇਹ ਸ਼ੇਅਰ ਇੰਝ ਸੰਬੋਧਿਤ ਹੈ;

ਜ਼ਿੰਦਗੀ ਕਯਾ ਹੈ ਅਨਾਸਿਰ ਮੇਂ ਜ਼ਹੂਰ-ਏ-ਤਰਤੀਬ,
ਮੌਤ ਕਯਾ ਹੈ, ਇਨਹੀਂ ਅਜਜ਼ਾ ਕਾ ਪਰੇਸ਼ਾਂ ਹੋਨਾ ।


ਮੈਨੂੰ ਲਗਦੈ ਕਿ ਸਥਾਈ ਮੁਕਤੀ ਯੁਟੋਪੀਆ ਹੈ। ਹਰ ਰੋਜ਼ ਸਾਨੂੰ ਛੋਟੇ ਛੋਟੇ ਸੰਘਰਸ਼ਾਂ 'ਚੋਂ ਛੋਟੀਆਂ ਛੋਟੀਆਂ ਮੁਕਤੀਆਂ ਹਾਸਿਲ ਹੁੰਦੀਆਂ ਹਨ। ਮਹਾਤਮਾ ਬੁੱਧ ਨੇ ਆਪਣੇ ਸ਼ਿਸ਼ ਭਿਖਸ਼ੂ ਆਨੰਦ ਨੂੰ ਕਿਹਾ ਸੀ; 'ਜੀਵਨ 'ਚ ਨਿਰਵਾਣ ਕੋਈ ਅੰਤਿਮ ਪੜਾਓ ਨਹੀਂ ਤੇ ਨਾ ਹੀ ਕੋਈ ਸ਼ੈਅ ਹੈ ਜਿਸਨੂੰ ਤੁਸੀਂ ਸਪੱਰਸ਼ ਕਰ ਸਕੋ ਸਗੋਂ ਇਹ ਅਵਸਥਾ ਹੈ ਜੋ ਨਿਰੰਤਰ ਗਤੀਸ਼ੀਲ ਹੈ। ਮਨੁੱਖ ਹਰ ਰੋਜ਼ ਛੋਟੇ ਛੋਟੇ ਨਿਰਵਾਣਾਂ ਨੂੰ ਪ੍ਰਾਪਤ ਹੁੰਦੈ। ਇਹੋ ਹੀ ਜੀਵਨ ਦਾ ਸਾਰ ਹੈ ਤੇ ਇਸੇ ਨੂੰ ਜਿਊਣ 'ਚ ਹੀ ਮੁਕਤੀ ਹੈ।


? ਲਗਭੱਗ ਦੋ ਦਰਜਨ ਪੁਸਤਕਾਂ ਦਾ ਲੇਖਕ, ਸੈਂਕੜੇ ਪੁਸਤਕਾਂ ਦਾ ਪਾਠਕ ਤੇ ਹਜ਼ਾਰਾਂ ਵਿਅਕਤੀਆਂ ਦਾ ਵਿਸ਼ਲੇਸ਼ਕ ਮਨਮੋਹਨ ਕੀ ਮਹਿਸੂਸ ਕਰਦਾ ਹੈ ਕਿ ਏਨਾਂ ਪੜ੍ਹਨ ਲਿਖਣ, ਗੁੜ੍ਹਨ ਅਤੇ ਸਮਝਣ ਤੋਂ ਬਾਅਦ ਉਸਨੇ ਸੱਚ ਮੁੱਚ ਕੁਝ ਅਜਿਹਾ ਪ੍ਰਾਪਤ ਕੀਤਾ ਹੈ ਜੋ ਉਸਦੇ ਸੰਗੀ-ਸਾਥੀ ਨਹੀਂ ਪ੍ਰਾਪਤ ਕਰ ਸਕੇ ? ਕੀ ਤੁਹਾਡਾ ਗਿਆਨ ਤੁਹਾਡੇ ਵਿਹਾਰ ਦਾ ਅੰਗ ਬਣਿਆ ਹੈ ?

◆ ਗਿਆਨ ਦੇ ਜਗਤ 'ਚ ਕੋਈ ਭੌਤਿਕ ਪ੍ਰਾਪਤੀ ਨਹੀਂ ਹੁੰਦੀ। ਇਸ 'ਚ ਕੁਝ ਅਜਿਹਾ ਨਹੀਂ ਜਿਸਨੂੰ ਤੁਸੀਂ ਦੇਖ ਸਕੋ, ਸਪੱਰਸ਼ ਕਰ ਸਕੋ, ਸੁੰਘ ਚੱਖ ਸਕੋ। ਇਹ ਤਾਂ ਅਵੱਸਥਾ ਹੈ, ਅਨੁਭੂਤੀ ਹੈ। ਸਨਾਤਨੀ ਭਾਸ਼ਾ 'ਚ ਜਿਸ ਨੂੰ ਤੁਰੀਆ ਕਹਿੰਦੇ ਨੇ। ਜਾਗਰਿਤੀ। ਪੜ੍ਹਨਾ ਲਿਖਣਾ ਅਸੰਤੁਸ਼ਟ ਬੰਦਿਆਂ ਦਾ ਕੰਮ ਹੈ। ਇਥੇ ਸੰਤੁਸ਼ਟੀ ਮੀਰਾਜ ਹੈ। ਇਸ ਮੀਰਾਜ ਕਾਰਣ ਹੀ ਲਗਾਤਾਰ ਦਾ ਆਪਣੇ ਆਪ ਨੂੰ ਜਾਨਣ ਲਈ ਤੇ ਹੋਰ ਜਾਨਣ ਲਈ ਸਾਧਨਾ ਕਰਦਾ ਰਹਿੰਦਾ ਹੈ। ਗਿਆਨ ਵੀ ਪ੍ਰੇਮ ਵਾਂਗ ਹੀ ਹੈ। ਗਿਆਨ ਤੇ ਪ੍ਰੇਮ ਦੇ ਜਗਤ 'ਚ ਠੋਸ ਪ੍ਰਾਪਤ ਕੁਝ ਨਹੀਂ ਹੁੰਦੈ ਸਗੋਂ ਨਿਰੰਤਰ ਅਪ੍ਰਾਪਤੀ ਦਾ ਅਹਿਸਾਸ ਤਾਰੀ ਰਹਿੰਦੈ। ਅਮੀਰ ਖ਼ੁਸਰੋ ਦਾ ਕਤਅ: ਹੈ;

ਖ਼ੁਸਰੋ ਦਰਿਆ ਪ੍ਰੇਮ ਕਾ, ਉਲਟੀ ਵਾ ਕੀ ਧਾਰ,
ਜੋ ਉਤਰਾ ਸੋ ਡੂਬ ਗਯਾ, ਜੋ ਡੂਬਾ ਸੋ ਪਾਰ ।

ਸੋ ਗਿਆਨ ਦੇ ਪ੍ਰੇਮ ਤੇ ਪ੍ਰੇਮ ਦਾ ਗਿਆਨ 'ਚ ਦੁਨੀਆਦਾਰੀ ਕੋਈ ਸ਼ੈਅ ਨਹੀਂ। ਇਸਦੀ ਆਪਣੀ ਹੀ ਲੀਲ੍ਹਾ ਹੈ। ਤੁਸੀਂ ਇਸਦੇ ਅੰਗ ਹੋ ਤੇ ਇਹ ਤੁਹਾਡਾ ਹਿੱਸਾ ਹੈ। ਇਹ ਅਦਵੈਤ ਹੀ ਤੁਹਾਡਾ ਜੀਵਨ ਵਿਹਾਰ ਬਣ ਜਾਂਦੈ। ਇਸ ਜਗਤ 'ਚ ਤੁਲਨਾ ਨਹੀਂ ਹੁੰਦੀ ਕਿਉਂਕਿ ਹਰ ਬੰਦੇ ਦੀ ਇਥੇ ਆਪਣੀ ਵਿਸ਼ੇਸ਼ ਭੂਮਿਕਾ ਹੈ ਅਲੱਗ ਭਾਸ਼ਾ। ਵ


ਮਨਮੋਹਨ



ਰਵੀ ਰਵਿੰਦਰ
ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ, ਦਿੱਲੀ
ਮੋਬ : 9818038041

*ਜੜ੍ਹਾਂ*

# ਹੜੱਪੇ ਵਸੇਬ ਦੀ ਜ਼ੁਬਾਨ ਦੀ ਪਛਾਣ


ਡਾ. ਮਨਜ਼ੂਰ ਏਜਾਜ਼

ਲਿਪੀਅੰਤਰ : ਅਸ਼ੋਕ ਕਾਸਿਦ, ਦੀਪ ਨਿਰਮੋਹੀ


ਡਾ. ਮਨਜ਼ੂਰ ਏਜਾਜ਼ ਲਹਿੰਦੇ ਪੰਜਾਬ ਦੇ ਲੇਖਕ, ਚਿੰਤਕ ਅਤੇ ਕਾਲਮ-ਨਵੀਸ ਹਨ। ਉਹ ਦਰਸ਼ਨ ਦੇ ਵਿਦਿਆਰਥੀ ਰਹੇ ਹਨ, ਆਰਥਿਕਤਾ ਦੇ ਮਾਹਿਰ ਹਨ। ਖੋਜੀ ਬਿਰਤੀ ਨੇ ਉਨ੍ਹਾਂ ਨੂੰ ਪੰਜਾਬ ਦੀਆਂ ਜੜ੍ਹਾਂ ਲੱਭਣ ਵੱਲ ਤੋਰ ਰੱਖਿਆ ਹੈ। ਉਨ੍ਹਾਂ ਦੀ ਨਵੀਂ ਕਿਤਾਬ 'ਪੰਜਾਬ ਦਾ ਇਤਿਹਾਸ' ਸ਼ਾਹਮੁਖੀ ਵਿਚ ਏਸੇ ਸਾਲ ਛਪੀ ਹੈ, ਜਿਸਨੂੰ ਗੁਰਮੁਖੀ ਵਿਚ ਲਿਪੀ-ਅੰਤਰਣ ਕੀਤਾ ਜਾ ਰਿਹਾ ਹੈ। ਇਹ ਕਿਤਾਬ ਪੰਜਾਬ, ਪੰਜਾਬੀ ਭਾਸ਼ਾ ਅਤੇ ਪੰਜਾਬੀ ਲੋਕਾਂ ਬਾਰੇ ਪਹਿਲੋਂ ਬਣੀਆਂ ਕਈਆਂ ਮਿੱਥਾਂ ਨੂੰ ਤਰਕ ਨਾਲ ਤੋੜਦੀ ਹੈ ਅਤੇ ਤੱਥਾਂ ਅਧਾਰਤ ਨਵੀਆਂ ਧਾਰਨਾਵਾਂ ਲੈ ਕੇ ਆਉਂਦੀ ਹੈ। ਇਸ ਦੇ ਇਕ ਪਾਠ 'ਪੁਰਾਣੇ ਪੰਜਾਬ ਦਾ ਇਤਿਹਾਸ (ਹੜੱਪਾ ਵਸੇਬ)' ਵਿਚੋਂ ਪੰਜਾਬੀ ਭਾਸ਼ਾ ਦੀਆਂ ਜੜ੍ਹਾਂ ਦੀ ਬਾਤ ਪਾਉਂਦਾ ਇਕ ਹਿੱਸਾ ਇਥੇ ਦਿੱਤਾ ਜਾ ਰਿਹਾ ਹੈ।

ਕਿਤਾਬ ਦਾ ਸਿਰਲੇਖ : ਪੰਜਾਬ ਦਾ ਇਤਿਹਾਸ • ਲੇਖਕ: ਡਾ. ਮਨਜ਼ੂਰ ਏਜਾਜ਼

ਲਿਪੀਅੰਤਰਣ : ਅਸ਼ੋਕ ਕਾਸਿਦ ਅਤੇ ਦੀਪ ਨਿਰਮੋਹੀ

ਆਰਿਆਵਾਂ ਨੂੰ ਮੁਕਾਮੀ ਮੰਨਣ ਵਾਲੇ ਤੇ ਇਹੋ ਦਾਅਵਾ ਕਰਨਗੇ ਜੋ (ਕਿ) ਹੜੱਪੇ ਦੇ ਲੋਕਾਂ ਦੀ ਜ਼ੁਬਾਨ ਸੰਸਕ੍ਰਿਤ ਦੀ ਹੀ ਕੋਈ ਸ਼ਕਲ ਹੋਵੇਗੀ, ਪਰ ਜੇ ਇੰਝ ਹੁੰਦਾ ਤੇ ਹੜੱਪਾ ਲਿਖਤਾਂ ਪੜ੍ਹੀਆਂ ਜਾਣੀਆਂ ਚਾਹੀਦੀਆਂ ਸਨ। ਆਰਿਆਵਾਂ ਨੂੰ ਬਾਹਰਲੇ ਕਹਿਣ ਜਾਂ ਇਹਨਾਂ ਨੂੰ ਮੁਕਾਮੀ, ਪਰ ਵੱਖ ਮੰਨਣ ਵਾਲੇ ਦ੍ਰਾਵੜੀ ਨੂੰ ਹੜੱਪੀਆਂ ਦੀ ਜ਼ੁਬਾਨ ਮੰਨ ਕੇ ਚਲਦੇ ਹਨ। ਉਹ ਦ੍ਰਾਵੜੀ ਨੂੰ ਪੰਜਾਬ ਦੇ ਲੋਕਾਂ ਦੀ ਪੁਰਾਣੀ (ਕਦੀਮ) ਜ਼ੁਬਾਨ ਸਮਝਦਿਆਂ ਉਹਦੇ ਦੂਜੀਆਂ ਜ਼ੁਬਾਨਾਂ 'ਤੇ ਅਸਰ ਨੂੰ ਵੀ ਮੰਨਦੇ ਹਨ।

"ਦ੍ਰਾਵਿੜਾਂ ਦੀ ਅਸਲ ਕੁਝ ਵੀ ਹੋਵੇ ਇਹ ਪੱਕੀ ਗੱਲ ਹੈ ਜੋ (ਕਿ) ਉਹ ਹਿੰਦੋਸਤਾਨੀ ਆਬਾਦੀ ਵਿੱਚ ਮੁੱਢਲੀ ਹੈਸੀਅਤ ਰਖਵਾਉਂਦੇ ਹਨ। ਉੱਤਰੀ ਤੇ ਦੱਖਣੀ ਹਿੰਦੁਸਤਾਨ ਵਿੱਚ ਅੱਜ ਵੀ ਉਨ੍ਹਾਂ ਦੀਆਂ ਜ਼ੁਬਾਨਾਂ ਦਾ ਅਸਰ ਹੈ। ਦ੍ਰਾਵਿੜੀ ਜ਼ੁਬਾਨਾਂ ਦਾ ਅਸਰ ਵੇਦਾਂ, ਕਲਾਸਿਕੀ ਸੰਸਕ੍ਰਿਤ, ਪ੍ਰਾਕਿਰਤਾਂ ਤੇ ਉਨ੍ਹਾਂ ਤੋਂ ਨਿਕਲੀਆਂ ਅੱਜ-ਕੱਲ੍ਹ ਦੀਆਂ ਬੋਲੀਆਂ ਵਿੱਚ ਮਿਲਦਾ ਹੈ।"

ਪਰ ਅਸੀਂ ਇਸ ਗੱਲ ਨੂੰ ਵਜ਼ਨਦਾਰ ਸਮਝਦਿਆਂ ਜੋ (ਕਿ) ਹੜੱਪੀਆਂ ਦੀ ਜ਼ੁਬਾਨ ਦ੍ਰਾਵੜੀ ਨਹੀਂ ਸੀ, ਅਸੀਂ ਇਹਨੂੰ "ਮੁਲੋਹਾ" ਨਾਂ ਨਾਲ ਪਛਾਣਾਂਗੇ। ਇਸ ਦੇ ਕਾਰਣ ਇਹ ਹਨ:

1. ਹੜੱਪਾ ਵਸੇਬ ਦੀਆਂ ਲਿਖਤਾਂ ਨਾ ਪੜ੍ਹੇ ਜਾਣ ਕਾਰਣ ਸਾਨੂੰ ਇਸ ਇਲਾਕੇ ਤੇ ਇਸ ਦੇ ਲੋਕਾਂ ਦੇ ਨਾਂ ਦਾ ਅਜੇ ਪਤਾ ਨਹੀਂ। ਸਿਰਫ਼ ਮੈਸੋਪੋਟਾਮੀਆ ਦੀਆਂ ਖੁਦਾਈਆਂ ਤੇ ਉਸ ਦੀਆਂ ਪੜ੍ਹੀਆਂ ਗਈਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਹੜੱਪਾ ਵਸੇਬ ਦੇ ਲੋਕਾਂ ਨੂੰ 'ਮੁਲੋਹਾ' ਸੱਦਿਆ ਜਾਂਦਾ ਸੀ। ਜ਼ਾਹਿਰ ਗੱਲ ਹੈ ਕਿ ਇਹ ਲਫਜ਼ ਮੈਸੋਪੋਟਾਮੀਆ ਵਾਲਿਆਂ ਨੂੰ ਹੜੱਪੇ ਦੇ ਵਿਉਪਾਰੀਆਂ ਰਾਹੀਂ ਪਤਾ ਲੱਗਦਾ ਹੋਵੇਗਾ। ਇਸ ਲਈ ਜਿਨ੍ਹਾਂ ਚਿਰ ਹੜੱਪੇ ਦੀ ਲਿਖਾਈ ਨਹੀਂ ਪੜ੍ਹੀ ਜਾਂਦੀ ਅਸੀਂ ਇਸ ਇਲਾਕੇ ਦੇ ਲੋਕਾਂ ਦੀ ਜ਼ੁਬਾਨ ਨੂੰ ਮੁਲੋਹਾ ਕਹਾਂਗੇ।

2. ਇਸ ਇਲਾਕੇ ਵਿੱਚ ਹੜੱਪਾ ਤੇ ਮੋਹਿੰਜੋਦਾੜੋ ਦੋ ਵੱਡੇ ਸ਼ਹਿਰ ਸਨ ਜਿਨ੍ਹਾਂ ਵਿਚਕਾਰ ਦਰਿਆਵਾਂ ਰਾਹੀਂ ਆਮ ਵਿਉਪਾਰ ਹੁੰਦਾ ਸੀ। ਇਸ ਲਈ ਸਾਡਾ ਗੋਏਡ (ਅੰਦਾਜਾ) ਕਿ ਇਸ ਇਲਾਕੇ ਦੀ ਇੱਕ ਜ਼ੁਬਾਨ ਵੀ ਹੋਵੇਗੀ

ਜਿਹਦੀਆਂ ਅਜੋਕੀਆਂ ਸ਼ਕਲਾਂ ਸਿੰਧੀ ਤੇ ਪੰਜਾਬੀ ਵਿੱਚ ਹਨ। ਇਸ ਲਈ ਨਾ ਤੇ ਉਸ ਪੁਰਾਣੀ ਜ਼ੁਬਾਨ ਨੂੰ ਪੰਜਾਬੀ ਕਿਹਾ ਜਾ ਸਕਦਾ ਹੈ ਤੇ ਨਾ ਹੀ ਸਿੰਧੀ: ਇਸ ਲਈ ਇਨ੍ਹਾਂ ਦਾ ਸਾਂਝਾ ਨਾਂ ਮੁਲੋਹਾ ਮਿੱਥਿਆ ਗਿਆ ਹੈ।

3. ਹੁਣ ਤੀਕਰ ਕਿਹਾ ਜਾਂਦਾ ਹੈ ਕਿ ਇਸ ਇਲਾਕੇ ਦੀਆਂ ਪੰਜਾਬੀ ਤੇ ਸਿੰਧੀ ਵਰਗੀਆਂ ਜ਼ੁਬਾਨਾਂ ਸੰਸ਼ਕ੍ਰਿਤ, ਪ੍ਰਾਕ੍ਰਿਤਾਂ ਤੇ ਉਪ-ਭਾਸ਼ਾਵਾਂ ਤੋਂ ਬਣੀਆਂ। ਪਰ ਇਹ ਸਾਰੀਆਂ ਸੂਰਤਾਂ ਤਾਂ ਆਰਿਆਵਾਂ ਦੇ ਆਉਣ ਦੇ ਮਗਰੋਂ ਦੀਆਂ ਹਨ। ਇਸ ਲਈ ਆਰਿਆਵਾਂ ਦੇ ਆਉਣ ਤੋਂ ਪਹਿਲਾਂ ਦੀ ਇਸ ਇਲਾਕੇ ਦੀ ਜ਼ੁਬਾਨ ਨੂੰ ਮੁਲੋਹਾ ਦੇ ਨਾਂ ਨਾਲ ਪਛਾਨਣਾਂ ਬਿਹਤਰ ਹੋਵੇਗਾ।

4. ਜੇਕਰ ਉਸ ਜ਼ੁਬਾਨ ਦਾ ਨਾਂ ਪੰਜਾਬ ਦੇ ਬਿਆਨ ਕੀਤੇ ਗਏ ਨਾਵਾਂ (ਸਪਤ ਸਿੰਧੂ, ਵਾਹੀਕਾ, ਬਲਹੀਕਾ, ਅਭੀਰ, ਵਗੈਰਾ) ਕਿਹਾ ਜਾਵੇ ਤੇ ਇਹ ਸਾਰੇ ਨਾਂ ਆਰਿਆਵਾਂ ਦੇ ਪਾਏ ਹੋਏ ਹਨ। ਇਹ ਕਈ ਤਰ੍ਹਾਂ ਦੇ ਨਾਂ ਵੇਦਾਂ ਦੇ ਸ਼ਾਇਰਾਂ ਨੇ ਆਪਣੇ ਖਾਸ ਇਲਾਕੇ ਤੇ ਹਾਲਾਂ ਮੁਜਬ (ਅਨੁਸਾਰ) ਦਿੱਤੇ ਹੋਵਣ ਗਏ। ਇਸ ਲਈ ਅਸੀਂ ਇਨ੍ਹਾਂ ਨਾਵਾਂ ਦੀ ਥਾਂ ਮੁਲੋਹਾ ਇਸ ਲਈ ਮਿੱਥ ਰਹੇ ਹਾਂ ਕਿ ਉਹ ਇੱਕ ਤੀਸਰੀ ਧਿਰ ਵੱਲੋਂ ਆਇਆ ਹੈ। ਇਹ ਧਿਰ ਉਨ੍ਹਾਂ ਲੋਕਾਂ ਦੀ ਜਾਣੂ ਵੀ ਸੀ ਤੇ ਨਾਂ ਰੱਖਣ ਵਿੱਚ ਉਸਦੀ ਚੰਗੀ-ਭੈੜੀ (ਨੀਤ) ਸ਼ਾਮਿਲ ਨਹੀਂ ਸੀ।

ਬਹੁਤੇ ਇਤਿਹਾਸਕਾਰ ਤੇ ਦ੍ਰਾਵੜੀ ਨੂੰ ਹੀ ਪੰਜਾਬ ਦੀ ਪੁਰਾਣੀ ਜ਼ੁਬਾਨ ਮੰਨਦੇ ਹਨ ਪਰ ਸੂਝਵਾਨਾਂ ਦੀ ਇਕ ਨਵੀਂ ਢਾਣੀ ਦਾ ਦਾਅਵਾ ਹੈ ਕਿ ਪੰਜਾਬ, ਸਿੰਧ ਦੇ ਲੋਕਾਂ ਦੀ ਪੁਰਾਣੀ ਜ਼ੁਬਾਨ ਦ੍ਰਾਵੜੀ ਦੀ ਥਾਂ ਪੇਰਾ ਮੁੰਡਾ ਤੇ ਦੱਖਣੀ ਏਸ਼ੀਆਂ (Austro Asiatic) ਦੀਆਂ ਜ਼ੁਬਾਨਾਂ ਨਾਲ ਜੁੜੀ ਹੋਈ ਹੈ। ਮੁਲੋਹਾ ਦੀ ਇਨ੍ਹਾਂ ਜ਼ੁਬਾਨਾਂ ਨਾਲ ਸਾਂਝ ਤੇ ਕੁਝ ਹੋਰ ਗੱਲਾਂ ਨੂੰ ਸਾਹਮਣੇ ਰੱਖਦਿਆਂ ਮਾਈਕਲ ਵਾਲਟਰ ਹੋਰਾਂ ਇਹ ਨਜ਼ਰੀਆ ਉਸਾਰਿਆ ਹੈ ਕਿ ਪੰਜਾਬੀ ਤੇ ਸਿੰਧੀ ਵਰਗੀਆਂ ਬੋਲੀਆਂ ਦ੍ਰਾਵੜੀ ਜ਼ੁਬਾਨਾਂ ਦੀਆਂ ਰਿਸ਼ਤੇਦਾਰ ਨਹੀਂ ਹਨ। ਇਹਦੇ ਸਬੂਤ ਵਿੱਚ ਉਹ ਕਹਿੰਦੇ ਹਨ ਕਿ ਰਿਗਵੇਦ ਦੇ ਸਭ ਤੋਂ ਪਹਿਲੇ ਵਾਰੇ (ਕਾਲ/ਯੁੱਗ) ਵਿੱਚ ਦ੍ਰਾਵੜੀ ਲਫ਼ਜ਼ ਨਹੀਂ ਆਇਆ ਪਰ ਦੂਜੇ ਤੇ ਤੀਜੇ (ਅਖੀਰੀ) ਵਾਰਿਆਂ (ਕਾਲਾਂ/ਯੁੱਗਾਂ) ਵਿੱਚ ਦ੍ਰਾਵੜੀ ਲਫ਼ਜ਼ ਆਉਣਾ ਸ਼ੁਰੂ ਹੋ ਜਾਂਦੇ ਹਨ। ਇਸ ਦਾ ਮਤਲਬ ਹੈ ਜੋ ਦ੍ਰਾਵੜੀ ਬੋਲਣ ਵਾਲੇ ਪਹਿਲੇ ਆਰਿਆਵਾਂ ਤੋਂ ਮਗਰੋਂ ਪੰਜਾਬ ਆਏ। ਉਹਨਾਂ ਦਾ ਖਿਆਲ ਹੈ ਕਿ ਇਹ ਦ੍ਰਾਵੜੀ ਮਸ਼ਰਕੀ (ਪੂਰਬ) ਇਰਾਨ ਤੋਂ ਸਿੰਧ ਰਾਹੀਂ ਪੰਜਾਬ ਆਏ। ਇਸ ਤੋਂ ਉਹ ਕਹਿੰਦੇ ਹਨ :

> "ਇਕ ਵੱਡਾ ਨਤੀਜਾ ਇਹ ਨਿਕਲਦਾ ਹੈ ਕਿ ਸਿੰਧ ਵਸੇਬ ਦੇ ਲੋਕਾਂ ਤੇ ਖਾਸ ਤੌਰ 'ਤੇ ਪੰਜਾਬ ਦੀ ਜ਼ੁਬਾਨ ਜ਼ਰੂਰ ਪੇਰਾ ਮੁੰਡਾ ਤੇ ਜਨੂਬੀ (ਦੱਖਣੀ) ਏਸ਼ੀਆਂ ਦੀ ਜ਼ੁਬਾਨ ਨਾਲ ਜੁੜਦੀ ਹੈ।"

ਇਸ ਗੱਲ ਨੂੰ ਅੱਗੇ ਵਧਾਦਿਆਂ ਉਹ ਕਹਿੰਦੇ ਹਨ ਕਿ:

> "ਮੁੱਕਦੀ ਗੱਲ ਇਹ ਹੈ ਕਿ ਰਿਗਵੇਦ ਤੋਂ ਪਹਿਲਾਂ ਪੰਜਾਬ ਅਜਿਹਾ ਇਲਾਕਾ ਹੈ ਜਿੱਥੇ ਪੇਰਾ ਮੁੰਡਾ ਦੀ ਥੱਲੇ (ਜ਼ੁਬਾਨ ਦੀਆਂ) ਦੀਆਂ ਤਹਿਆਂ ਜ਼ਾਹਿਰ ਤੌਰ 'ਤੇ ਮੌਜੂਦ ਹਨ। ਇਹ ਸਗੋਂ ਮਾਸੀਕਾ ਦੀ ਜ਼ੁਬਾਨ x ਵਰਗੀਆਂ ਹਨ, ਜਿਹੜੀ ਗੰਗਾਵਾਦੀ ਦੀ ਹਿੰਦੀ ਦੇ ਕੁਝ ਲਫ਼ਜ਼ਾਂ ਵਿੱਚ ਦਿਖਦੀਆਂ ਹਨ।ਆਮ ਤੌਰ 'ਤੇ ਪੇਰਾ ਮੁੰਡਾ ਤੇ ਜ਼ੁਬਾਨ x ਦੀ ਲਫਜ਼ਾਲੀ ਵਿੱਚ ਜੋ ਉੱਘੜ ਕੇ ਆਉਂਦਾ ਹੈ ਉਹ ਜੜ੍ਹੀ ਬੂਟੀਆਂ, ਜਾਨਵਰਾਂ, ਜ਼ਰਾਇਤ, ਦਸਤਕਾਰਾਂ, ਝਾੜੇ-ਪਿਸ਼ਾਬ ਦੀ ਥਾਂ, ਕੱਪੜੇ, ਘਰੋਕੀ ਸਮਾਨ, ਨਾਚ ਦੇ ਲਫ਼ਜ਼ ਹਨ। ਇਹਨਾਂ ਵਿੱਚ ਕੁਝ ਧਾਰਮਕ ਅਕੀਦਿਆਂ ਬਾਰੇ ਵੀ ਸ਼ੈਅਵਾਂ (ਚੀਜਾਂ, ਵਸਤਾਂ) ਹਨ। ਦ੍ਰਾਵੜੀ ਵਿਉਪਾਰੀਆਂ ਦੀ ਲਫ਼ਜਾਲੀ ਦਾ ਕੋਈ ਨਿਸ਼ਾਨ ਰਿਗਵੇਦ ਵਿਚ ਨਹੀਂ ਮਿਲਦਾ ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਜਾਂ ਤੇ ਇਸ ਜ਼ੁਬਾਨ ਦੇ ਬੋਲਣ ਵਾਲੇ ਕੋਈ ਨਿਸ਼ਾਨੀ ਛੇੜੇ ਬਿਨ੍ਹਾਂ ਗਾਇਬ ਹੋ ਗਏ ਤੇ ਜਾਂ ਇਹ ਗੱਲ ਵਜ਼ਨੀ ਲੱਗਦੀ ਹੈ ਕਿ ਸਿੰਧ ਵਸੇਬ ਵਾਰੇ (2600-1900 BC) ਵਿਚ ਪੰਜਾਬ ਦੀ ਜ਼ੁਬਾਨ ਪੇਰਾ ਮੁੰਡਾ ਸੀ।"

ਮਾਈਕਲ ਵਾਲਟਰ ਦਾ ਕਹਿਣ ਹੈ ਕਿ ਸਿੰਧ ਵਸੇਬ ਦੀਆਂ ਲਿਖਤਾਂ ਅਜੇ ਤੀਕਰ ਇਸ ਲਈ ਨਹੀਂ ਪੜ੍ਹੀਆਂ ਗਈਆਂ ਜੋ ਸਾਰੇ ਕਾਢ ਕਰਨ ਵਾਲੇ ਦ੍ਰਾਵੜੀ ਨੂੰ ਮੁੱਢ ਬਣਾ ਕੇ ਚਲਦੇ ਰਹੇ ਹਨ। ਉਨ੍ਹਾਂ ਦਾ ਪੂਰਾ ਨਜ਼ਰੀਆਂ ਇਹ ਹੈ ਕਿ ਪੇਰਾ ਮੁੰਡਾ ਤੇ ਦੱਖਣੀ ਏਸ਼ੀਆਈ ਜ਼ੁਬਾਨਾ ਬੋਲਣ ਵਾਲੇ ਪੁਰਾਣੇ ਲੋਕਾਂ ਨੇ ਹੀ ਕੰਬੋਡੀਆਂ ਤੋਂ ਲੇ ਕੇ ਮੈਸੋਪੋਟਾਮੀਆ ਤੀਕਰ ਨਵੇਂ ਵਸੇਬ ਉਸਾਰੇ। ਸਿੰਧ ਦਾ ਵਸੇਬ ਵੀ ਉਹਨਾਂ ਵਸਾਇਆ ਜਿਹਦਾ ਪਹਿਲਾ ਤੇ ਮੁੱਢਲਾ (ਮਰਕਜ਼) ਕੇਂਦਰ ਪੰਜਾਬ ਸੀ।

ਇੱਥੇ ਇਸ ਗੱਲ ਦਾ ਵੇਰਵਾ ਕਰਨ ਦੀ ਲੋੜ ਹੈ ਕਿ ਜ਼ੁਬਾਨ ਕਿਉਂ ਪੇਤਲੀ ਜਾਂ ਸੰਘਣੀ ਪਛੂੰਹੀਂ (ਪਿਛਾਂਹ ਖਿੱਚੂ) ਹੁੰਦੀ ਹੈ? ਜ਼ਾਹਿਰ ਗੱਲ ਹੈ ਕਿ ਜ਼ੁਬਾਨ ਬੰਦਿਆਂ ਦੀ ਜੁੜਤ ਨਾਲ ਉਸਰਦੀ ਹੈ ਤੇ ਉਨ੍ਹਾਂ ਦੀਆਂ ਆਪਸੀ ਲੋੜਾਂ ਦੇ ਮੁੱਢ ਤੇ ਅੱਗੇ ਵੱਧਦੀ ਹੈ ਜੇਕਰ ਸਮਾਜ ਵਿੱਚ ਪੈਦਾਵਾਰੀ ਦੂਜੀਆਂ ਅਦਲਾਂ-ਬਦਲੀਆਂ ਹੋਵਣ ਤੇ ਨਵੀਂਆਂ ਲੋੜਾਂ ਲਈ ਨਵੇਂ ਲਫ਼ਜ਼ ਘੜ੍ਹੇ ਜਾਂਦੇ ਹਨ ਜਾਂ ਪਹਿਲੇ ਤੋਂ ਮੌਜੂਦ ਲਫ਼ਜ਼ਾਲੀ (ਸ਼ਬਦਾਵਲੀ) ਨੂੰ ਨਵੀਆਂ ਘੜਤਾਂ ਰਾਹੀਂ ਬਦਲ ਕੇ ਵਰਤ ਲਿਆ ਜਾਂਦਾ ਹੈ। ਮਿਸਾਲ ਦੇ ਤੌਰ ’ਤੇ ਇਨਸਾਨਾਂ ਦੀ ਜਿਹੜੀ ਢਾਣੀ ਜੰਗਲ ਵਿੱਚੋਂ ਖਾਧ-ਖੁਰਾਕ ਲੱਭ ਕੇ ਜਾਂ ਸ਼ਿਕਾਰ ਕਰ ਕੇ ਗੁਜ਼ਾਰਾ ਕਰਦੀ ਰਹੀ ਹੈ ਉਸ ਵਿੱਚ ਪਸ਼ੂਪਾਲ ਜਾ ਵਾਹੀ-ਬੀਜੀ ਦੇ ਸਮਾਜ ਦੀ ਲਫ਼ਜ਼ਾਲੀ (ਸ਼ਬਦਾਵਲੀ) ਨਹੀਂ ਹੋ ਸਕਦੀ। ਜੇਕਰ ਸਮਾਜ ਅਜੇ ਪਸ਼ੂਪਾਲ ਦੀ ਮੰਜ਼ਿਲ ’ਤੇ ਹੈ ਤੇ ਉਸ ਕੋਲ ਵਾਹੀ-ਬੀਜੀ ਦੀ ਲਫ਼ਜ਼ਾਲੀ ਨਹੀ ਹੋਵੇਗੀ। ਪਰ ਜੇ ਕਰ ਪਸ਼ੂਪਾਲ ਨਾਲ ਵਾਹੀ-ਬੀਜੀ ਵੀ ਹੋ ਰਹੀ ਹੈ (ਵਾਹੀ-ਬੀਜੀ ਵਿੱਚ ਪਸ਼ੂਪਾਲ ਪਾਲਣ ਮਜਬੂਰੀ ਵੀ ਹੈ) ਤੇ ਫਿਰ ਜ਼ੁਬਾਨ ਦਾ ਖਿਲਾਰ ਵੀ ਮੋਕਲਾ ਹੁੰਦਾ ਜਾਵੇਗਾ। ਫਿਰ ਜ਼ੁਬਾਨ ਦੇ ਵਧਾ ਇਕਸਾਰੀ ਤੇ ਖਿਲਾਰ ਦਾ ਇਸ ਨਾਲ ਮੁੱਢਲਾ ਸੰਬੰਧ (ਤਾਅਲੁਕ) ਹੈ ਕਿ ਜ਼ੁਬਾਨ ਦੇ ਬੋਲਣ ਵਾਲਿਆਂ ਦਾ ਘੇਰਾ ਕਿੰਨਾ ਵੱਡਾ ਹੈ। ਜੇਕਰ ਲੋਕ ਆਪਣੀਆਂ ਨਿੱਕੀਆਂ-ਨਿੱਕੀਆਂ ਥਾਵਾਂ ’ਤੇ ਇੱਕ ਦੂਜੇ ਨਾਲ ਸ਼ੈਅਵਾਂ (ਚੀਜਾਂ, ਵਸਤਾਂ) ਦਾ ਵਟਾਂਦਰਾ ਹੀ ਕਰਦੇ ਹਨ ਤੇ ਜ਼ੁਬਾਨ ਵੀ ਉਸ ਦੀਆਂ ਹੱਦਾਂ ਵਿੱਚ ਰਹੇਗੀ ਪਰ ਜੇਕਰ ਮੰਡੀ ਦੇ ਨਿਜ਼ਾਮ ਵਿੱਚ ਦੂਰੋਂ-ਦੂਰੋਂ ਹਰ ਤਰ੍ਹਾਂ ਦੇ ਲੋਕ ਆਉਂਦੇ ਹੋਵਣ ਤੇ ਜ਼ੁਬਾਨ ਵਿੱਚ ਖਿਲਾਰ ਤੇ ਇਕਸਾਰੀ ਆਉਂਦੀ ਜਾਂਦੀ ਹੈ।

ਇਨ੍ਹਾਂ ਮੁੱਢਲਿਆਂ ਅਸੂਲਾਂ ਨੂੰ ਸਾਹਮਣੇ ਰੱਖਦਿਆਂ ਅਸੀਂ ਪੰਜਾਬ ਦੇ ਪੁਰਾਣੇ ਇਤਿਹਾਸ (ਕਦੀਮ ਤਾਰੀਖ) ਵੱਲ ਆਉਂਨੇ ਹਾਂ। ਖੁਦਾਈਆਂ ਵਿੱਚੋਂ ਹੜੱਪਾ ਵਸੇਬ ਬਾਰੇ ਕੁਝ ਗੱਲਾਂ ਸਾਬਿਤ ਹਨਃ ਇਹ ਕਿ ਵਾਹੀ-ਬੀਜੀ ਦਾ ਚੋਖਾ ਅੱਗੇ ਵਧਿਆ ਨਿਜਾਮ ਸੀ ਤੇ ਉਸ ਵਿੱਚ ਵੱਡੇ-ਵੱਡੇ ਸ਼ਹਿਰ ਵੀ ਸਨ। ਇਸ ਦਾ ਮਤਲਬ ਹੈ ਕਿ ਹੜੱਪਾ ਵਸੇਬ ਦੀ ਜ਼ੁਬਾਨ ਵਿੱਚ ਪਸ਼ੂ-ਪਾਲਣ, ਵਾਹੀ-ਬੀਜੀ ਤੇ ਵਿਉਪਾਰ ਰਾਹੀਂ ਪੈਦਾ ਹੋਵਣ ਵਾਲੀ ਲਫ਼ਜਾਲੀ ਮੌਜੂਦ ਸੀ। ਵੱਡੇ ਸ਼ਹਿਰਾਂ ਦੀ ਹੋਂਦ ਤੋਂ ਇਹ ਨਿਕਲਦਾ ਕਿ ਉਸ ਵਸੇਬ ਦੀ ਜ਼ੁਬਾਨ ਵਿੱਚ ਖਿਲਾਰ ਤੇ ਇਕਸਾਰਤਾ ਅੱਗੇ ਵੱਧ ਚੁੱਕੀ ਹੋਵੇਗੀ। ਫਿਰ ਇਹ ਵੀ ਹੈ ਕਿ ਇਸ ਤਰ੍ਹਾਂ ਦਾ ਅੱਗੇ ਵਧਿਆ ਸਮਾਜ, ਸ਼ਿਕਾਰ ਕਰਨ ਜਾਂ ਪਸ਼ੂਪਾਲਣ ਵਾਲਿਆਂ ਤੋਂ ਬਹੁਤਾ ਪੇਚੀਦਾ ਰਹਿੰਦਾ ਹੈ ਤੇ ਉਨ੍ਹਾਂ ਦੀ ਜ਼ੁਬਾਨ ਵੀ ਬਹੁਤੀ ਸੰਘਣੀ ਤੇ ਕਈਆਂ ਪਰਤਾਂ ਵਾਲੀ ਹੁੰਦੀ ਹੈ। ਇਸ ਮੁੱਢਲੇ ਅਸੂਲ ਰਾਹੀਂ ਜਾਂਚੀਏ ਤੇ ਸਾਨੂੰ ਪਤਾ ਹੈ ਕਿ ਬਾਹਰੋਂ ਆਉਣ ਵਾਲੇ ਆਰਿਆ ਪਸ਼ੂਪਾਲਣ ਦੀ ਮੰਜ਼ਿਲ ਤੇ ਸਨ ਤੇ ਉਨ੍ਹਾਂ ਦੀ ਸਾਰੀ ਲਫ਼ਜ਼ਾਲੀ (ਸ਼ਬਦਾਵਲੀ) ਗਾਵਾਂ ਦੇ ਆਲੇ-ਦੁਆਲੇ ਘੁੰਮਦੀ ਸੀ। ਸ਼ੁਰੂ ਵਿੱਚ ਉਨ੍ਹਾਂ ਦੀ ਜ਼ੁਬਾਨ ਵਿੱਚ ਵਾਹੀ-ਬੀਜੀ ਤੇ ਵਿਉਪਾਰ ਦੀ ਲਫ਼ਜ਼ਾਲੀ ਨਹੀਂ ਸੀ। ਇਸੇ ਲਈ ਰਿਗਵੇਦ ਦੇ ਪਹਿਲੇ ਵਾਰੇ (Period) ਵਿੱਚ ਸਾਰੀਆਂ ਹਮਦਾਂ ਸਿੱਧੀਆਂ-ਸਿੱਧੀਆਂ ਤੇ ਇੱਕ ਪਾਸੜ ਹਨ ਜਿਨ੍ਹਾਂ ਵਿੱਚ ਦੇਵਤਾਵਾਂ ਕੋਲੋਂ ਮਾਲ ਡੰਗਰ ਦੇ ਵਧਾ ਤੇ ਔਲਾਦ ਦੀਆਂ ਦੁਆਵਾਂ ਮੰਗੀਆਂ ਗਈਆਂ ਹਨ। ਅੱਗੇ ਜਾ ਕੇ ਅਸੀਂ ਗੱਲ ਕਰਾਂਗੇ ਕਿ ਉਸ ਵੇਲੇ ਉਨ੍ਹਾਂ ਦੇ ਦੇਵਤਾ ਵੀ ਬੰਦਿਆਂ ਵਰਗੇ ਹੀ ਹਨ ਕਿਉਂਕਿ ਉਹ ਉਸ ਤੋਂ ਵੱਧ ਸੋਚਣ ਜੋਗੇ ਹੀ ਨਹੀਂ ਸਨ। ਫਿਰ ਜਿਵੇਂ-ਜਿਵੇਂ ਉਨ੍ਹਾਂ ਦਾ ਸਮਾਜ ਅੱਗੇ ਵਧਿਆ ਉਨ੍ਹਾਂ ਦੇ ਦੇਵਤਾ ਵੀ ਬੰਦਿਆ ਨਾਲੋਂ ਬਹੁਤੇ ਵੱਖ ਤੇ ਖਿਆਲੀ ਹੁੰਦੇ ਗਏ। ਸਗੋਂ ਇਹ ਵੀ ਹੈ ਕਿ ਪਹਿਲੇ ਵਾਰੇ (Period) ਦੇ ਵੱਡੇ ਦੇਵਤਾ( ਜਿਵੇਂ ਇੰਦਰ) ਬਾਅਦ ਦੇ ਵਾਰੇ ਵਿੱਚ ਮੁੱਢੋ ਗਾਇਬ ਹੋ ਗਏ।

ਇਸ ਗੱਲ ਨੂੰ ਸਮਝਣ ਲਈ ਪੰਜਾਬ ਦਾ ਪਿਛਲੇ ਪੰਜ ਸੌ ਵਰ੍ਹਿਆਂ ਦਾ ਇਤਿਹਾਸ ਵੇਖ ਲਓ। ਪੰਜਾਬ ਦੇ ਚੜ੍ਹਦੇ ਤੇ ਗਬਲੇ ਹਿੱਸੇ ਵਿੱਚ ਵਾਹੀ-ਬੀਜੀ ਤੇ ਮਾੜੀ ਮੋਟੀ ਮੰਡੀ ਦਾ ਨਿਜਾਮ ਵੀ ਸੀ। ਬਹੁਤੇ ਸ਼ਹਿਰ ਵੀ ਇਸੇ ਇਲਾਕੇ ਵਿੱਚ ਹੀ ਉਸਰੇ। ਲਹਿੰਦਾ ਪੰਜਾਬ ਪਸ਼ੂਪਾਲਣ ਦੀ ਮੰਜ਼ਿਲ ’ਤੇ ਹੀ ਸੀ ਤੇ ਵਾਹੀ ਬਹੁਤ ਹੀ ਘੱਟ ਸੀ। ਇਸਲਈ ਤੁਸੀਂ ਵੇਖੋ ਪੰਦਰਵੀਂ ਸਦੀ ਤੇ ਬਾਬਾ ਗੁਰੂ ਨਾਨਕ ਤੋਂ ਲੈ ਕੇ ਵੀਹਵੀ ਸਦੀ ਤਾਈਂ ਆਉਣ ਵਾਲੇ ਬਹੁਤੇ ਸ਼ਾਇਰ, ਸ਼ਾਹ ਹੁਸੈਨ, ਬੁੱਲੇ ਸ਼ਾਹ, ਵਾਰਿਸ਼ ਸ਼ਾਹ, ਪੀਲੂ, ਹਾਫਿਜ਼ ਬਰਖੁਰਦਾਰ, ਹਾਸ਼ਮ ਸ਼ਾਹ, ਕਾਦਰ ਯਾਰ, ਮੀਆਂ ਮੁਹੰਮਦ ਤੇ ਮੌਲਵੀ ਗੁਲਾਮ ਰਸੂਲ ਤਾਈਂ ਕੋਈ ਵੀ ਲਹਿੰਦੇ ਪੰਜਾਬ ਦੇ ਪਸ਼ੂਪਾਲ ਸਮਾਜ ਵਿੱਚੋਂ ਨਹੀਂ ਆਇਆ। ਸੁਲਤਾਨ ਬਾਹੂ ਹੋਰਾਂ ਦੀ ਵੀ ਪੜ੍ਹਾਈ ਚੜ੍ਹਦੇ ਪੰਜਾਬ ਤੇ ਦਿੱਲੀ ਵਿੱਚ ਹੋਈ ਸੀ। ਦਮੋਦਰ ਦਾਸ ਹੁਰਾਂ ਦੇ ਹੀਰ ਦੇ ਪਿੰਡ ਹੱਟੀ ਪਾਉਣ ਨੂੰ ਖਿਆਲੀ ਮੰਨ ਲਈਏ ਤੇ ਇਹ ਦੱਸਣਾ ਮੁਸ਼ਕਿਲ ਹੈ ਕਿ ਉਹ ਕਿੱਥੋਂ ਦੇ ਸਨ। ਲਹਿੰਦੇ ਪੰਜਾਬ ਵਿੱਚ ਵੀਹਵੀਂ ਸਦੀ ਤੇ ਆਖਰੀ ਹਿੱਸੇ ਵਿੱਚ ਵੱਡੇ ਸ਼ਾਇਰ ਖਵਾਜਾ ਗੁਲਾਮ ਫਰੀਦ ਹੋਏ ਪਰ ਉਨ੍ਹਾਂ ਦੀ ਸ਼ਾਇਰੀ ਵਿੱਚ ਵੀ ਰਿਗਵੇਦ ਦੇ ਪਹਿਲੇ ਵਾਰਿਆਂ (Periods) ਤਰ੍ਹਾਂ ਸਾਰੀਆਂ ਸੈਨਤਾਂ ਪਸ਼ੂਪਾਲ ਸਮਾਜ ਦੀਆਂ ਹਨ ਤੇ ਵਾਹੀ-ਬੀਜੀ ਜਾਂ ਹੋਰ

ਵਸਤਾਂ ਦੀ ਦੱਸ ਨਹੀਂ ਪੈਂਦੀ। ਇਸ ਵਿਚ ਮਾਣ ਜਾਂ ਹੀਣਤਾ ਵਾਲੀ ਕੋਈ ਗੱਲ ਨਹੀਂ ਕਿਉਂ ਸਮਾਜ ਦੇ ਪੈਦਾਵਾਰੀ ਨਿਜਾਮ ਨਾਲ ਹੀ ਸਮਾਜੀ ਤੇ ਜ਼ੁਬਾਨ ਦੀਆਂ ਲੋੜਾਂ ਜੁੜੀਆਂ ਹੋਈਆਂ ਹਨ।

ਇਸ ਸਾਰੇ ਪਿਛੋਕੜ ਵਿੱਚ ਵੇਖੋ ਤੇ ਇਸ ਗੱਲ ਦਾ ਨਿਤਾਰਾ ਕੋਈ ਮੁਸ਼ਕਿਲ ਨਹੀਂ ਕਿ ਬਾਹਰੋਂ ਆਉਣ ਵਾਲੇ ਪਸ਼ੂਪਾਲ ਆਰਿਆਵਾਂ ਦੀ ਜ਼ੁਬਾਨ ਹੜੱਪੇ ਵਸੇਬ ਦੇ ਲੋਕਾਂ ਦੀ ਜ਼ੁਬਾਨ ਤੋਂ ਬਹੁਤ ਪਿੱਛੇ ਹੋਵੇਗੀ। ਮੁਕਾਮੀ ਲੋਕਾਂ ਤੇ ਕਬਜੇ ਪਾਰੋਂ ਉਹਨ੍ਹਾਂ ਦੀ ਜ਼ੁਬਾਨ ਨੂੰ ਯਾਦ ਕਰਨ ਤੇ ਅੱਗੇ ਵਧਾਣ ਵਾਲੇ ਤਬਕਿਆਂ ਦੀ ਲਗਾਤਾਰ ਹੋਂਦ ਨਾਲ ਵੇਦਾਂ ਦੀ ਸ਼ਕਲ ਵਿੱਚ ਪੁਸਤਕਾਂ ਵੀ ਬਣ ਗਈਆਂ। ਇਹ ਇੰਝ ਹੀ ਹੈ ਜਿਵੇਂ ਮੁਸਲਮਾਨਾਂ ਦੇ ਵਾਰੇ (Period) ਦੀਆਂ ਸਾਰੀਆਂ ਮੁੱਢਲੀਆਂ ਪੁਸਤਕਾਂ ਫਾਰਸੀ ਵਿੱਚ ਬਣੀਆਂ ਤੇ ਇਸ ਵਾਰੇ (Period) ਬਾਰੇ ਕਾਢ ਕਰਣ ਵਾਲੇ ਉਨ੍ਹਾਂ ਤੋਂ ਹੀ ਲਾਭ ਲੈਂਦੇ ਹਨ। ਇਸੇ ਹੀ ਤਰ੍ਹਾਂ ਪੁਰਾਣੇ ਪੰਜਾਬ ਤੇ ਕਾਢ ਕਰਨ ਵਾਲਿਆਂ ਕੋਲ ਵੇਦਾਂ ਤੋਂ ਵੱਖ ਕੁਝ ਹੈ ਹੀ ਨਹੀਂ ਸੀ ਇਸ ਲਈ ਸਭ ਨੇ ਉਨ੍ਹਾਂ ਪੇਤਲੀਆਂ ਜਿਹੀਆਂ ਹਮਦਾਂ (ਭਜਨ, ਪ੍ਰਸ਼ੰਸਾ ਵਾਲੇ ਗੀਤ) ਵਿੱਚੋਂ ਹੀ ਸਭ ਕੁਝ ਲੱਭਣ ਦਾ ਟਿੱਲ ਲਾਇਆ। ਹਕੀਕਤ ਇਹ ਹੈ ਕਿ ਜਿਹੜੀ ਜ਼ੁਬਾਨ (ਪੁਰਾਣੀ ਸੰਸਕ੍ਰਿਤ) ਹਮਦਾਂ ਤੇ ਫਿਰ ਮਗਰੋਂ ਹਾਕਮ ਮੇਲ (ਹਾਕਮ ਜਮਾਤ) ਦੀਆਂ ਲੋੜਾਂ ਲਈ ਬਣੀ ਉਹ ਲੋਕਾਈ ਦੀ ਜ਼ੁਬਾਨ ਤੋਂ ਮੁੱਢੋਂ ਵੱਖ ਸੀ। ਜਦ ਆਰਿਆਵਾਂ ਦੀਆਂ ਪੈਦਾਵਾਰੀ ਤੇ ਸਮਾਜੀ ਲੋੜਾਂ ਵਧੀਆਂ ਤੇ ਉਨ੍ਹਾਂ ਨੂੰ ਮਜਬੂਰਨ ਮੁਕਾਮੀ ਜ਼ਬਾਨਾਂ ਤੋਂ ਲਫਜ਼ਾਲੀ ਲੈਣੀ ਪਈ। ਰਿਗਵੇਦ ਦੇ ਪਹਿਲੇ ਵਾਰੇ (Period) ਤੇ ਪਾਣਿਨੀ ਦੀ ਲਫਜ਼ਾਲੀ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ ਕਿਉਂਕਿ ਪਾਣਿਨੀ ਦੇ ਵੇਲੇ ਤੀਕਰ ਸੰਸਕ੍ਰਿਤ ਮੁਕਾਮੀ ਜ਼ੁਬਾਨਾਂ ਦੀ ਢੇਰ ਲਫ਼ਜ਼ਾਲੀ (ਸ਼ਬਦਾਵਲੀ) ਲੈ ਚੁੱਕੀ ਸੀ। ਪਰ ਇਹ ਸਭ ਕੁਝ ਕਰ ਕੇ ਵੀ ਸੰਸਕ੍ਰਿਤ ਲੋਕਾਈ ਦੀ ਜ਼ੁਬਾਨ ਨਾ ਬਣੀ ਤੇ ਅਖੀਰ ਕਿਤੇ ਉਤਲੇ ਖਾਨਿਆਂ ਵਿੱਚ ਕੈਦ ਹੋ ਗਈ। ਸੰਸਕ੍ਰਿਤ ਦੇ ਸਭ ਤੋਂ ਨੇੜੇ ਹਿੰਦੀ ਜ਼ੁਬਾਨ ਹੈ ਪਰ ਉਹਦੇ ਵਿੱਚ ਵੀ 80% ਲਫ਼ਜ਼ ਦੂਜੀਆਂ ਬੋਲੀਆਂ ਤੋਂ ਲਏ ਗਏ ਹਨ। ਇਹ ਗੱਲ ਮੰਨਣਯੋਗ ਹੈ ਕਿ ਮੁਕਾਮੀ ਜ਼ੁਬਾਨਾਂ ਨੇ ਜੇ ਸੰਸਕ੍ਰਿਤ ਤੋਂ ਲਫ਼ਜ਼ਾਲੀ ਲਈ ਤੇ ਫਾਰਸੀ ਅਰਬੀ ਤੋਂ ਵੀ ਘੱਟ ਨਹੀਂ ਲਈ। ਪਰ ਅਖੀਰ ਤੇ ਪੰਜਾਬੀ ਵਰਗੀ ਲੋਕ ਜ਼ੁਬਾਨਾਂ ਨੇ ਆਪਣੀ ਪਛਾਣ ਕਾਇਮ ਰੱਖੀ।

ਪਰ ਗੁੰਝਲ ਇਹ ਪਈ ਕਿ ਸੰਸਕ੍ਰਿਤ ਵਿੱਚ ਪੁਸਤਕਾਂ ਵੀ ਬਣ ਗਈਆਂ, ਹਾਕਮ ਮੇਲ (ਹਾਕਮ ਜਮਾਤ) ਦੇ ਅਸ਼ਰਾਫੀਆਂ (ਕੁਲੀਨ ਵਰਗ) ਦਾ ਰੋਅਬ ਵੀ ਸੀ ਤੇ ਇਸ ਦੇ ਪਿੱਛੇ ਇਕ ਲੰਮੀ-ਚੌੜੀ ਪੰਡਿਤਵਾਦੀਆਂ ਦਾ ਪਰਚਾਰ ਵੀ, ਇਸ ਲਈ ਸਾਰੀਆਂ ਲੋਕ ਜ਼ੁਬਾਨਾਂ ਤੇ ਕਾਢ ਕਰਨ ਵਾਲਿਆਂ ਹਰ ਲਫ਼ਜ ਦਾ ਮੁੱਢ ਸੰਸਕ੍ਰਿਤ ਵਿੱਚੋਂ ਲੱਭਣਾ ਸ਼ੁਰੂ ਕਰ ਦਿੱਤਾ। ਇਹ ਉਲਟਾ ਗੇੜ ਸੀ ਕਿ ਜਿਨ੍ਹਾਂ ਜ਼ੁਬਾਨਾਂ ਤੋਂ ਸੰਸਕ੍ਰਿਤ ਨੇ ਲਫ਼ਜ਼ ਲਏ ਸਨ ਉਨ੍ਹਾਂ ਨੇ ਹੀ ਆਪਣੇ ਟਾਬਰੀ ਜ਼ੁਬਾਨਾਂ ਦੀ ਥਾਂ ਸੰਸਕ੍ਰਿਤ ਤੋਂ ਲਫ਼ਜ਼ ਮੰਗਣੇ ਸ਼ੁਰੂ ਕਰ ਦਿੱਤੇ। ਇਸੇ ਹੀ ਪਿਛੋਕੜ ਵਿੱਚ ਇਹ ਦਾਅਵਾ ਵੀ ਸੱਚਾ ਲੱਗਣ ਲੱਗ ਪਿਆ ਕਿ ਸੰਸਕ੍ਰਿਤ ਹੀ ਹਿੰਦੁਸਤਾਨ ਦੀਆਂ ਜ਼ੁਬਾਨਾਂ ਦੀ ਮਾਂ ਹੈ।

ਸੰਸਕ੍ਰਿਤ ਵਰਤਣ ਵਾਲੇ ਹਾਕਮ ਤੇ ਪੁਜਾਰੀ ਮੇਲ (ਜਮਾਤ) ਨੇ ਰਲ਼ ਕੇ ਸਾਰੇ ਹਿੰਦੋਸਤਾਨ ਤੇ ਰਾਜ ਕੀਤਾ ਸੀ ਇਸ ਲਈ ਉਨ੍ਹਾਂ ਸਾਰਿਆਂ ਇਲਾਕਿਆਂ ਦੀਆਂ ਜ਼ੁਬਾਨਾਂ ਵਿੱਚੋਂ ਲਫ਼ਜ਼ ਲਏ: ਇਸ ਨਾਲ ਇਹ ਭੁਲੇਖਾ ਜੰਮਿਆ ਕਿ ਸੰਸਕ੍ਰਿਤ ਉਨ੍ਹਾਂ ਜ਼ੁਬਾਨਾਂ ਦਾ ਮੁੱਢ ਹੈ। ਇਹ ਹੀ ਸੱਤ ਸੌ ਸਾਲ ਦੇ ਫ਼ਾਰਸੀ ਗਲਬੇ ਨਾਲ ਹੋਇਆ ਕਿ ਇਸ ਇਲਾਕੇ ਦੀ ਹਰ ਜ਼ੁਬਾਨ ਵਿੱਚ ਸੈਕੜਿਆਂ ਅਰਬੀ ਤੇ ਫ਼ਾਰਸੀ ਲਫ਼ਜ਼ ਆ ਗਏ। ਇਸ ਲਈ ਇਥੇ ਜੰਮਣ ਵਾਲੀ ਉਰਦੂ ਜ਼ਬਾਨ ਦੇ ਹਰ ਲਫ਼ਜ਼ ਦਾ ਮੁੱਢ ਅਰਬੀ ਫ਼ਾਰਸੀ ਵਿੱਚੋਂ ਲੱਭਣ ਦਾ ਵਰਤਾਰਾ ਸ਼ੁਰੂ ਹੋ ਗਿਆ। ਪਾਕਿਸਤਾਨ ਵਿੱਚ ਇਸ ਵਰਤਾਰੇ ਦੇ ਨਾਲ-ਨਾਲ ਹਰ ਨਵੀਂ ਇਲਮੀ ਲੋੜ ਲਈ ਫ਼ਾਰਸੀ ਤੇ ਅਰਬੀ ਡਿਕਸ਼ਨਰੀਆਂ ਨੂੰ ਹੀ ਮੁੱਢ ਮੰਨਿਆ ਗਿਆ। ਚੜ੍ਹਦੇ ਪੰਜਾਬ ਵਿੱਚ ਆਲਮਾਂ-ਫਾਜ਼ਲਾਂ ਨੇ ਇਹੋ ਜਿਹੀਆਂ ਲੋੜਾਂ ਲਈ ਸੰਸਕ੍ਰਿਤ ਤੇ ਹਿੰਦੀ ਦਾ ਵਿਰਦ ਸ਼ੁਰੂ ਕਰ ਦਿੱਤਾ।

ਸੰਸਕ੍ਰਿਤ ਦੀ ਇਸ ਮੁੱਢਲੀ ਹੈਸੀਅਤ ਨੂੰ ਕੁਝ ਆਲਮਾ ਨੇ ਚੈਲਿੰਜ ਕਰਨਾ ਸੁਰੂ ਕੀਤਾ ਹੈ ਤੇ ਦੋ ਸਦੀਆਂ ਤੋਂ ਬਣੇ ਹੋਏ ਨਜ਼ਰੀਏ ਸਗੋਂ ਇਤਕਾਦ ਤੇ ਈਮਾਨ ਬਾਰੇ ਸਵਾਲ ਚੁੱਕੇ ਹਨ। ਵਾਲਟਰ ਨੇ ਇਸ ਬਾਰੇ ਕਿਹਾ ਹੈ ਕਿ, "ਰਿਗਵੇਦ ਦੇ ਸੱਤ ਸੌ ਸਾਲਾਂ ਵਿੱਚ ਪੰਜਾਬ ਅੰਦਰ ਪਸ਼ੂਪਾਲਣਾ ਵੱਧਦਾ ਰਿਹਾ ਜਿਸ ਵਿੱਚ ਛੜੇ (ਸਿਰਫ਼) ਦਰਿਆਵਾਂ ਦੇ ਨਾਂ ਬਦਲੇ ਗਏ। ਪਰ ਕੁਝ ਹੜੱਪੇ ਵਸੇਬ ਦੇ ਮਗਰੋਂ ਦੇ ਪੇਂਡੂ ਲੋਕਾਂ ਨੇ ਵਾਹੀ-ਬੀਜੀ ਜਾਰੀ ਰੱਖੀ। ਖਾਸ ਕਰ ਉਨ੍ਹਾਂ ਇਲਾਕਿਆਂ ਵਿੱਚ ਜਿੱਥੇ ਵੇਲੇ-ਵੇਲੇ ਨਾਲ ਹੜ੍ਹ ਪੈਂਦੇ ਸਨ ਜਾ ਪਾਣੀ ਲਾਉਣ ਦਾ ਕੋਈ ਹੋਰ ਪ੍ਰਬੰਧ ਹੋ ਸਕਦਾ ਸੀ। ਇਹ ਲੋਕ ਮੁੱਢੋਂ ਆਰਿਆਵਾਂ ਤੋਂ ਵੱਖ ਸਨ ਤੇ ਬਕੌਲ ਕਿਓਪਰ (Kuiper) ਦੇ ਵਾਹੀ-ਬੀਜੀ ਦੀ ਸਾਰੀ ਲਫ਼ਜ਼ਾਲੀ

ਗੈਰ-ਆਰਿਆਵਾਂ (Non-Indo Aryan) ਵੱਲੋਂ ਆਈ। ਇਸ ਗੱਲ 'ਤੇ ਵੀ ਗੁਹ ਕਰੋ ਕਿ ਰਿਗਵੇਦ ਦੇ ਅਖੀਰੀ ਵਾਰੇ (Period) ਵਿੱਚ ਵੀ ਵਿਸ਼ਵਮਿੱਤਰ ਤੇ ਉੱਹਦੇ ਪੁੱਤਰ "ਕਿਕਾਟਾ" ਨਾਂ ਦੇ ਮੁਕਾਮੀ ਲੋਕਾਂ ਦੀ ਘੱਟ ਮੱਤ ਬਾਰੇ ਕਹਿੰਦੇ ਹਨ ਕਿ ਕਿਕਾਟਾ ਨੂੰ ਗਾਵਾਂ ਦੀ ਕੇਹ (ਕਿਆ) ਸਾਰ ਹੋ ਸਕਦੀ ਹੈ"। ਜ਼ਾਹਿਰ ਗੱਲ ਹੈ ਕਿ ਕਿਕਾਟਾ ਕਬੀਲੇ ਦੇ ਮੁਕਾਮੀ ਹੜੱਪੀ ਲੋਕ ਵਾਹੀ-ਬੀਜੀ ਵਾਲੇ ਸਨ ਤੇ ਉਹਨਾਂ ਨੂੰ ਗਾਵਾਂ ਦੀ ਆਰਿਆਵਾਂ ਵਰਗੀ ਚਿੰਤਾ ਨਹੀਂ ਹੋ ਸਕਦੀ ਸੀ।

ਕਿਉਪਰ ਨੇ ਆਪਣੀ ਗੱਲ ਨੂੰ ਸਾਬਿਤ ਕਰਨ ਲਈ 380 ਲਫਜ਼ਾਂ ਦੀ ਲਿਸਟ ਦਿੱਤੀ ਹੈ ਜਿਹੜੇ ਕਿਸੇ ਵੀ ਤਰ੍ਹਾਂ ਇੰਡੋ-ਯੂਰਪੀਅਨ ਜਾ ਆਰਿਆਵਾਂ ਦੇ ਨਹੀਂ ਹੋ ਸਕਦੇ। ਕਿਉਪਰ ਦਾ ਤੇ ਇਹ ਵੀ ਦਾਅਵਾ ਹੈ ਕਿ ਰਿਗਵੇਦ ਦੀਆਂ ਹਮਦਾਂ ਵਿੱਚ ਵੀ ਲਫ਼ਜ਼ਾਂ ਦੀ ਵੀ ਰਲਤ ਹੈ (Kuiper, 1991)। ਉਹ ਫ੍ਰੈਕਲਿਨ ਸਾਊਥ ਵਰਥ ਦੇ ਇਸ ਨਤੀਜੇ ਦੀ ਵੀ ਹਮਾਇਤ ਕਰਦੇ ਹਨ ਕਿ ਸੰਸਕ੍ਰਿਤ ਤੇ ਮੁਕਾਮੀ ਜ਼ੁਬਾਨਾਂ ਦੀ ਰਲ਼ਤ ਉੱਤਲੀ ਪੱਧਰ ਥਾਂ ਥੱਲੜੇ ਲੋਕਾਂ ਦੇ ਮੇਲ-ਜੋਲ ਨਾਲ ਹੋਈ। ਇਸ ਤੋਂ ਵਾਲਟਜ਼ ਇਹ ਨਤੀਜਾ ਕੱਢਦੇ ਹਨ ਕਿ ਇਹ ਥੱਲੜੀ ਪੱਧਰ ਦੇ ਉਨ੍ਹਾਂ ਲੋਕਾਂ ਰਾਹੀਂ ਹੋਈ ਜਿਹੜੇ ਮੁਕਾਮੀ ਜ਼ੁਬਾਨਾਂ ਦੇ ਜਾਨਣ ਦੇ ਨਾਲ-ਨਾਲ ਸੰਸਕ੍ਰਿਤ ਵੀ ਜਾਣਦੇ ਸਨ। ਅਸੀਂ ਅੱਗੇ ਜਾ ਕੇ ਦੱਸਾਂਗੇ ਕਿ ਇਨ੍ਹਾਂ ਵਿੱਚ ਮੁਕਾਮੀ ਜ਼ੁਬਾਨਾਂ ਦੇ ਗਵੱਈਏ ਵੀ ਸਨ ਜਿਹੜੇ ਆਰਿਆਵਾਂ ਦੀ ਇਬਾਦਤ ਵੇਲੇ ਹਮਦਾਂ ਵੀ ਪੜ੍ਹਦੇ ਸਨ। ਇਹ ਇੰਝ ਹੀ ਹੈ ਜਿਵੇਂ ਮਹਿਦੀ ਹਸਨ ਤੇ ਗੁਲਾਮ ਅਲੀ ਖਾਂਦੇ-ਪੀਂਦੇ ਤਬਕਿਆਂ ਤੋਂ ਕਮਾਈ ਕਰਨ ਲਈ ਗ਼ਜ਼ਲਾਂ ਗਾਉਂਦੇ ਸਨ।

ਸਵਾਲ ਇਹ ਹੋ ਕਿ ਜੇ ਅਸੀਂ ਸੰਸਕ੍ਰਿਤ ਨੂੰ ਪੰਜਾਬੀ ਦੀ ਮਾਂ ਮੰਨਣ ਦੀ ਬਜਾਏ ਇਹ ਮੰਨੀਏ ਕਿ ਇਹ ਬੋਲੀ ਆਰਿਆਵਾਂ ਦੇ ਆਉਣ ਤੋਂ ਪਹਿਲਾਂ ਪੂਰੀ ਲੋਕ ਜ਼ੁਬਾਨ (ਜਾਂ ਇਸ ਦੀ ਕੋਈ ਸ਼ਕਲ) ਸੀ ਤੇ ਫਿਰ ਇਹ ਵੇਖਿਆ ਜਾਣਾ ਚਾਹੀਦਾ ਹੈ ਕਿ ਉਸ ਵੇਲੇ ਇਸ ਤਰ੍ਹਾਂ ਹੋਰ ਕਿਹੜੀਆਂ ਜ਼ੁਬਾਨਾਂ ਸਨ। ਮਤਲਬ ਇਹ ਕਿ ਪੰਜਾਬੀ ਕਿਹੜੇ ਟੱਬਰ ਦੀ ਜ਼ੁਬਾਨ ਸੀ। ਪਿੱਛੇ ਗੱਲ ਛੋਹੀ ਗਈ ਸੀ ਕਿ ਵਾਲਟਜ਼ ਦਾ ਨਜ਼ਰੀਆਂ ਹੈ ਕਿ ਪੰਜਾਬੀ ਮੁੰਡਾ ਤੇ ਦੱਖਣੀ ਏਸ਼ੀਆ (Austro Asiatic) ਜ਼ੁਬਾਨਾਂ ਦੇ ਟੱਬਰ ਵਿੱਚੋਂ ਹੈ । ਉਨ੍ਹਾਂ ਦੇ ਇਸ ਨਜ਼ਰੀਏ ਨੂੰ ਜਾਚਣ ਲਈ ਅਸੀਂ ਕੁਝ ਠੁੰਗੇ ਮਾਰ ਕੇ ਵੇਖਿਆ ਹੈ ਤੇ ਲੱਗਦਾ ਹੈ ਕਿ ਉਨ੍ਹਾਂ ਦੇ ਦਾਅਵੇ ਵਿੱਚ ਵਜ਼ਨ ਹੈ।

ਮਿਸਾਲ ਦੇ ਤੌਰ 'ਤੇ ਅੱਜ ਵੀ ਪੰਜਾਬ ਤੋਂ ਦੁਰਾਡੇ ਕਈ ਹਿੰਦੋਸਤਾਨੀ ਇਲਾਕਿਆਂ ਵਿੱਚ ਬੋਲੀ ਜਾਵਣ ਵਾਲੀਆਂ ਜ਼ੁਬਾਨਾਂ ਦੇ ਲਫਜ਼ ਪੰਜਾਬੀ ਨਾਲ ਸਾਂਝੇ ਹਨ। ਇਨ੍ਹਾਂ ਵਿੱਚ ਸੰਥਾਲੀ ਜ਼ੁਬਾਨ ਵੀ ਹੈ ਜਿਹੜੀ ਆਸਾਮ, ਬਿਹਾਰ, ਝਾਰਖੰਡ, ਮਿਜ਼ੋਰਮ, ਉੜੀਸਾ ਤੇ ਬੰਗਾਲ ਦੇ ਕਈ ਇਲਾਕਿਆ ਵਿੱਚ ਬੋਲੀ ਜਾਂਦੀ ਹੈ। ਇਸ ਦੇ ਪੰਜਾਬੀ ਨਾਲ ਸਾਂਝੇ ਲਫਜ਼ ਵੇਖੇ ਤੇ ਪਤਾ ਲਗਦਾ ਹੈ ਕਿ ਕਈ ਹਜਾਰ ਹਨ। ਉਂਝ ਤੇ ਦੋਹਾਂ ਜ਼ੁਬਾਨਾਂ ਵਿੱਚ ਹੀ ਸੰਸਕ੍ਰਿਤ, ਹਿੰਦੀ, ਫਾਰਸੀ ਤੇ ਅਰਬੀ ਦੇ ਬਹੁਤ ਸਾਰੇ ਲਫ਼ਜ਼ ਵੜ ਗਏ ਹਨ ਤੇ ਉਹ ਸਾਂਝੇ ਵੀ ਹਨ ਪਰ ਅਸੀਂ ਸਿਰਫ ਇੱਥੇ ਕੁਝ ਅਜਿਹੇ ਲਫਜ਼ ਹੀ ਦਿਆਂਗੇ ਜਿਹੜੇ ਦੋਹਾਂ ਜ਼ੁਬਾਨਾਂ ਤੋਂ ਵੱਖ ਕਿਤੇ ਘੱਟ ਮਿਲਦੇ ਹਨ: ਕੁੜੀ, ਇੱਟ, ਰੰਡੀ, ਬੇਵਾ, ਝੋਲਾ (ਥੈਲਾ), ਬੁੱਢੀ (ਜਨਾਨੀ), ਬਾਲ (ਬੱਚਾ), ਦੁਖੜਾ, ਦਾਮੁੜ (ਧਮੋੜੀ), ਜੋਤਾ (ਵਾਹਨ ਦੀ ਸ਼ਿਫਟ, ਰਾਂਝਾ ਜੋਤਰਾ ਵਾਹ ਕੇ ਥੱਕ ਰਿਹਾ), ਜੋਤਾ( ਜੋਤਰ), ਲੋਹ (ਰੋਟੀਆਂ ਪਕਾਉਣ ਵਾਲਾ ਬਹੁਤ ਵੱਡਾ ਤਵਾ) ਉਨ੍ਹਾਂ (ਉਹ) ਵਗੈਰਾ। ਫਿਰ ਲਫ਼ਜ਼ਾਂ ਦੀ ਇੱਕ ਉਹ ਲੜੀ ਹੈ ਜੋ ਇਨ੍ਹਾਂ ਜ਼ੁਬਾਨਾਂ ਤੋਂ ਸੰਸਕ੍ਰਿਤ ਤੇ ਹਿੰਦੀ ਵਿੱਚ ਗਈ ਹੋਵੇਗੀ ਜਿਵੇਂ ਕਾਂਸਾ (ਪਿੱਤਲ), ਪਿੱਪਲ, ਪਿੱਤਲ, ਜਾਲਣ (ਅੱਗ ਬਾਲਣਾ), ਮੋਰ, ਘਾਹ, ਕੋਹਣੀ, ਛੜੀ, ਬਾਰਗੀ (ਭਾਜੀ), ਕਾਹੂ (ਕਾਂ), ਦਾੜ੍ਹੀ, ਸਾਨਮ (ਸਾਲਮ), ਪੰਖੜ (ਪਖੇਰੂ, ਪੰਛੀ), ਸਾਏ (ਸੌ 100), ਬਾਗਣ (ਬਾਗ), ਜਵਾਈ, ਕਹਿਣੀ (ਕਹਾਣੀ, ਦੁਖ, ਬਾਹਰੇ (ਬਾਹਰ), ਬੈਰੀ (ਵੈਰੀ ਜਾਂ ਦੁਸ਼ਮਣ), ਦਨਮ (ਹਰ ਰੋਜ), ਚੁੱਲਾ, ਜਾਲਾ (ਜਾਲ), ਜਵਾਨ, ਕਾਤਬ (ਉਂਗਲੀ) ਵਗੈਰਾ। ਪਰ ਇਸ ਤੋਂ ਵੀ ਵੱਧ ਇਹ ਹੈ ਕਿ ਸੰਥਾਲੀ ਦੇ ਬਹੁਤ ਸਾਰੇ ਲਫਜ਼ ਪੰਜਾਬੀ ਲਫਜ਼ਾਂ ਦੇ ਮੁੱਢ ਦਾ ਪਤਾ ਦਸਦੇ ਹਨ। ਸੰਥਾਲੀ ਵਿੱਚ ਜੰਗੀਂ ਜਾਂ ਜੰਗਾਂ ਪੈਰ ਲਈ ਹੈ, ਜਿਹੜਾ ਬਾਬਾ ਫਰੀਦ ਨੇ ਵਰਤਿਆ ਹੈ (ਫ਼ਰੀਦ ਇਨ੍ਹੀ ਨਿੱਕੀ ਜੰਗੀਂ ਥਲ ਡੂੰਗਰ ਭਵਿਓਮ) ਤੇ ਵਾਰਸ਼ ਸ਼ਾਹ ਹੋਰਾਂ ਪਹਾੜੀ ਲਹਿਜੇ ਦੇ ਡਾਇਲਾਗ ਵਿੱਚ ਲਿਖਿਆ ਹੈ (ਕਦੇ-ਕਦੇ ਵੰਝੀਂ ਛੱਕੇ ਮਾਹਣੂਆ ਵੋ ਝੰਗੀ ਕਾਪ ਸੁਟੂ ਜਿਵੇਂ ਕੰਟ ਕਾਰਾ) ਪੰਜਾਬੀ ਵਿੱਚ ਝੰਗੀ ਦਾ ਮਤਲਬ ਲਿਤਾ ਲਿਆ ਜਾਂਦਾ ਹੈ ਪਰ ਇਸ ਦਾ ਮੁੱਢ ਪੈਰ ਹੈ। ਸੰਥਾਲੀ ਵਿੱਚ ਪੇਟ ਲਈ ਗੋਬਰੀ ਦਾ ਲਫਜ਼ ਹੈ ਤੇ ਲੱਗਦਾ ਹੈ ਗੋਬਰ ਜਾਂ ਗੋਹਾ ਇੱਥੋਂ ਹੀ ਨਿਕਲਿਆ ਹੈ। ਇਸੇ ਤਰ੍ਹਾਂ ਏਸ ਜ਼ੁਬਾਨ ਵਿੱਚ ਸੱਪ ਲਈ ਬੀਨ ਦਾ ਲਫਜ਼ ਹੈ ਤੇ

ਸੱਪਾਂ ਵਾਲਿਆਂ ਦੀ ਵਜਾਵਣ ਵਾਲੀ ਬੀਨ ਦਾ ਮੁੱਢ ਜਾਪਦਾ ਹੈ। ਗਾਵਣ ਲਈ ਸਰਨ ਤੇ ਜ਼ੁਬਾਨ ਲਈ ਅਲਨ ਦੇ ਲਫਜ਼ਾਂ ਤੋਂ ਲੱਗਦਾ ਹੈ ਕਿ ਪੰਜਾਬ ਵਿੱਚ ਗਾਉਣ ਦੀ ਸੁਰ ਲਾਉਣਾ ਇੱਥੋਂ ਬਣਿਆ ਹੈ ਤੇ ਇਲਾਵਨ ਤੋਂ ਇਲਵਾਨਾ ਤੇ ਅਲਾਪ ਵਗੈਰਾ ਨਿਕਲੇ ਹਨ। ਸੰਥਾਲੀ ਦੇ ਲਫਜ਼ਾਂ ਦਾ ਇੱਕ ਜਖੀਰਾ ਹੈ ਜਿਹੜਾ ਪੰਜਾਬੀ ਲਫਜ਼ਾਲੀ ਦੇ ਮੁੱਢ ਦੀ ਦਸ ਪਾਉਂਦਾ ਹੈ।

ਸੰਥਾਲੀ ਪੇਰਾ ਮੁੰਡਾ (para munda) ਜਾਂ ਦੱਖਣੀ ਏਸ਼ੀਆਈ ਜ਼ੁਬਾਨਾਂ ਦੇ ਟੱਬਰ ਵਿੱਚੋਂ ਮੰਨੀ ਜਾਂਦੀ ਹੈ। ਬੇਵਾ ਔਰਤ ਲਈ ਰੰਡੀ ਦਾ ਲਫਜ਼ ਪੰਜਾਬੀ ਤੋਂ ਵੱਖ ਘੱਟ ਜ਼ੁਬਾਨਾਂ ਵਿੱਚ ਲੱਭਦਾ ਹੈ। ਇਨ੍ਹਾਂ ਵਿੱਚੋਂ ਵੇਖੋ ਕਿ ਕੁੜੀ, ਰੰਡੀ ਤੇ ਇੱਟ ਜਿਹੇ ਲਫਜ਼ ਤੇ ਪੰਜਾਬੀ ਦੇ ਸਭ ਤੋਂ ਨੇੜੇ ਦੀ ਜ਼ੁਬਾਨ ਸਿੰਧੀ ਵਿੱਚ ਵੀ ਨਹੀਂ ਹਨ। ਸਿੰਧੀ ਵਿੱਚ ਕੁੜੀ ਨੂੰ ਛੋਹਰੀ, ਇੱਟ ਨੂੰ ਸਰ ਤੇ ਬੇਵਾ ਨੂੰ ਜ਼ਾਲ ਰਨ, ਵਿਧਵਾ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਕਈ ਅਜਿਹੇ ਇਜ਼ਹਾਰ ਹਨ ਜਿਨ੍ਹਾਂ ਦਾ ਅੱਗਾ-ਪਿੱਛਾ ਪਤਾ ਨਹੀਂ ਲਗਦਾ। ਜਿਵੇਂ 'ਅੱਕੜ-ਬੱਕੜ ਬੰਨੇ ਪੋ' ਹੈ। ਸੰਥਾਲੀ ਵਿੱਚ 'ਅੱਕੜ-ਬੱਕੜ' ਦਾ ਮਤਲਬ ਹੈ ਬਿਨ੍ਹਾ ਕਿਸੇ ਸਿਲਸਲੇ ਦੇ (Random) ਗਿਣਨਾ ਜਾਂ ਗੱਲ ਕਰਨਾ ਤੇ 'ਪੋ' ਦਾ ਮਾਇਨਾ (ਮਤਲਬ) ਹੈ ਖੋਦਣਾ ਜਾਂ ਲੱਭਣਾ। ਇਸੇ ਤਰ੍ਹਾਂ 'ਨੀਲ ਕਰਾਈਆਂ ਨੀਲਕਾਂ', ਦਾ ਇਜ਼ਹਾਰ ਹਾਂ। ਸੰਥਾਲੀ ਵਿੱਚ 'ਨੀਲ' ਦਾ ਮਤਲਬ ਕਿਸੇ ਨੂੰ ਨੀਝ ਨਾਲ ਵੇਖਣਾ, ਜਾਨਣਾ ਤੇ ਪਛਾਨਣਾ ਹੈ ਜਿਸ ਨੂੰ ਤੁਸੀਂ ਪੰਜਾਬੀ ਦਾ 'ਅੱਖ ਲੱਗਣਾ' ਵੀ ਕਹਿ ਸਕਦੇ ਹੋ ਤੇ 'ਨੀਲਕਾਂ' ਦਾ ਮਤਲਬ ਮੇਲਾ ਹੈ। ਇਸ ਲਈ ਇਹਦਾ ਮਤਲਬ ਨਿਕਲੀਆ ਕਿ ਅੱਖ ਲੱਗੀ ਤੇ ਮੇਲਾ (ਯਾਨੀ ਮੇਲ ਹੋ ਗਿਆ) ਲੱਗਾ।

ਸੰਥਾਲੀ ਵਿੱਚ ਤੇ ਪੰਜਾਬੀ ਵਿੱਚ ਇੱਕ ਹੀ ਤਰ੍ਹਾਂ ਕਿਸੇ ਲਫਜ਼ ਦੇ ਨਾਲ "ਅਲਫ" "ਨਾ" ਲਾ ਕੇ ਉਲਟਾਇਆ ਜਾਂਦਾ ਹੈ ਜਿਵੇਂ ਭਾਗਾ (ਕਿਸਮਤ ਵਾਲਾ) ਤੋਂ ਅਭਾਗਾ (ਬਦ ਕਿਸਮਤ) ਬੰਦਾ ਹੈ। ਪੰਜਾਬੀ ਵਿੱਚ ਲਫ਼ਜ਼ ਨੂੰ ਦੋਹਰਾ ਰੂਪ ਦੇਣਾ ਬੜਾ ਆਮ ਹੈ ਜਿਵੇਂ "ਰੋਟੀ-ਸ਼ੋਟੀ" "ਪਾਣੀ-ਵਾਣੀ" "ਕੰਮ-ਵੰਮ" ਵਗੈਰਾ। ਪੰਜਾਬੀ ਵਿੱਚ ਤੇ ਇਹ ਸਿਰਫ਼ ਬੋਲਣ ਵਿੱਚ ਆਉਂਦਾ ਹੈ ਪਰ ਸੰਥਾਲੀ ਵਿੱਚ ਇਸ ਨਾਲ ਲਿਖੇ ਜਾਣ ਵਾਲੇ ਲਫ਼ਜ਼ ਬਣਦੇ ਹਨ।

ਇਸ ਤਰ੍ਹਾਂ ਅਸੀਂ ਮੁੰਡਾ ਟੱਬਰ ਦੀ ਇੱਕ ਹੋਰ ਜ਼ੁਬਾਨ ਖਾਸੀ ਤੇ ਉਡਦੀ ਸੀ ਝਾਤ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਵਿੱਚ ਅਸੀਂ ਬਹੁਤੇ ਲਫਜ਼ ਤੇ ਨਹੀਂ ਲੱਭ ਸਕੇ ਪਰ ਕੁਝ ਲੱਭੇ ਲਫਜ਼ ਪੰਜਾਬੀ ਦੀ ਮੁੱਢਲੀ ਲਫਜ਼ਾਲੀ ਨਾਲ ਸਾਂਝ ਦਾ ਇਸ਼ਾਰਾ ਦਿੰਦੇ ਹਾਂ। ਸਾਖੀ ਵਿੱਚ ਦਰਿਆ ਲਈ 'ਵਾਹ' (ਸੰਥਾਲੀ ਵਿੱਚ ਦਰਿਆਉ) ਜਿਹੜਾ ਪੰਜਾਬੀ ਵਿੱਚ ਵੀ ਵਰਤਿਆ ਜਾਂਦਾ ਹੈ (ਜਦੋਂ ਤੀਕਰ ਹੈ ਜ਼ਮੀਨ-ਅਸਮਾਨ ਕਾਇਮ, ਤੱਦੋਂ ਤੱਕ ਇਹ ਵਾਹ ਸਭ ਵਹਿਣ ਗਏ ਨੀ, ਵਾਰਸ਼ ਸ਼ਾਹ ਬੰਦ 391)। ਇੱਥੋਂ ਹੀ ਪੰਜਾਬੀ ਦਾ ਲਫਜ਼ ਵਹਿਨੀ (ਨਾਲੀ) ਨਿਕਲਿਆ ਹੈ। ਖਾਸੀ ਤੇ ਪੰਜਾਬੀ ਵਿੱਚ ਪਿਸ਼ਾਬ ਲਈ ਮੂਤ ਦਾ ਇੱਕ ਹੀ ਲਫ਼ਜ਼ ਹੈ। ਖਾਸੀ ਵਿੱਚ ਹੜ੍ਹ ਲਈ, ਵਿਹ, ਦਾ ਲਫ਼ਜ਼ ਹੈ ਤੇ ਮੈਨੂੰ ਯਾਦ ਹੈ ਜੇ ਜੋ ਸਾਡੇ ਪਿੰਡ ਤੋਂ ਪੰਜ-ਛੇ ਮੀਲ ਦੂਰ ਤੱਕ "ਵਿਆਹ" ਜਾਂ "ਵੇਹਾ" ਨਾਂ ਦੀ ਦਾ ਨਾਲਾ ਸੀ ਜਿਸ ਵਿੱਚ ਹੜ੍ਹ ਦੇ ਦਿਨਾਂ ਵਿੱਚ ਪਾਣੀ ਆਉਂਦਾ ਸੀ। ਖਾਸੀ ਵਿੱਚ ਹੜ੍ਹ ਲਈ 'ਡਾਕ' ਦਾ ਲਫਜ਼ ਵੀ ਹੈ ਜਿਹੜਾ ਪੰਜਾਬੀ ਵਿੱਚ ਡੱਕਾ (ਡੱਕ ਦੇਣਾ, ਰੋਕ ਦੇਣਾ)) ਲੱਗਣ ਨਾਲ ਪਾਣੀ ਉੱਪਰ ਚੜ੍ਹਨ ਲਈ ਵਰਤਿਆ ਜਾਂਦਾ ਸੀ। ਖਾਸੀ ਵਿੱਚ ਭਰਾ ਲਈ ਭਾ (ਮੈਂ ਆਪਣੇ ਵੱਡੇ ਭਰਾਵਾਂ ਨੂੰ ਭਾ ਹੀ ਕਹਿੰਦਾ ਸਾਂ) ਤੇ ਪਰਾ (ਚੜ੍ਹਦੇ ਪੰਜਾਬ ਵਿੱਚ ਭਰਾ ਨੂੰ ਪਰਾ ਕਹਿੰਦੇ ਹਨ) ਭੈਣ ਲਈ (ਬਣੀਮਨ), ਹਾਥੀ ਲਈ ਹਾਥੀ, ਸ਼ੇਰ ਲਈ ਸਿੰਘ ਤੇ ਸੱਪ ਲਈ ਸਬੀਨ ਦੇ ਲਫਜ਼ ਹਨ। ਸੰਥਾਲੀ ਵਿੱਚ ਸੱਪ ਨੂੰ ਬੀਨ (ਸੱਪਾਂ ਵਾਲਿਆਂ ਦੇ ਵਜਾਵਣ ਵਾਲੀ) ਕਿਹਾ ਜਾਂਦਾ ਹੈ ਜਿਹੜੇ ਖਾਸੀ ਵਿੱਚ ਸਬੀਨ ਹੋ ਗਿਆ ਹੈ। ਖਾਸੀ ਵਿੱਚ ਨਾਗ ਲਈ 'ਵਿਹ' ਦਾ ਲਫ਼ਜ਼ ਹੈ ਜਿਹਦਾ ਪੰਜਾਬੀ ਵਿੱਚ ਮਤਲਬ ਸੱਪ ਦਾ ਜ਼ਹਿਰ ਹੈ। ਥੱਲੇ ਨਿੱਕੀ ਜਿਹੀ ਲਫ਼ਜ਼ਾਲੀ ਦੀ ਲਿਸਟ ਵੇਖੋ ਤੇ ਇਹ ਵੀ ਧਿਆਨ ਰਹੇ ਕਿ ਹੋ ਸਕਦਾ ਹੈ ਕਿ ਸੰਸਕ੍ਰਿਤ ਤੇ ਹੋਰ ਜ਼ੁਬਾਨਾਂ ਵਿੱਚ ਮੁੰਡਾ ਤੇ ਦੱਖਣੀ ਏਸ਼ੀਆਈ (Austro Asiatic) ਦੀਆਂ ਜ਼ੁਬਾਨਾਂ ਵਿੱਚੋਂ ਲਫ਼ਜ਼ ਗਏ ਹੋਵਣ।

ਵਿਹ= ਨਾਗ (ਪੰਜਾਬੀ ਵਿੱਚ ਸੱਪ ਦਾ ਜ਼ਹਿਰ) ਲੋਈ= ਅੱਖ (ਜਿਨ ਲੋਇਨ ਜੱਗ ਮੋਇਆ, ਬਾਬਾ ਫਰੀਦ) ਕੋਤਨੋ- ਕਿੰਨਾਂ। ਇਲ ਕੰਮ= ਕੰਮ ਦੇਣਾ, ਨੌਕਰੀ ਦੇਣਾ। ਅੰਨਾ= ਝੱਲਾ। ਅੰਤਰੋ- ਕੋਰਸ, ਅਫੀਮ, ਮਾਮਲਾ। ਅਸ਼ਾਰ= ਅਚਾਰ, ਆਟਾ। ਅਤੂਰ= ਇਤਰ। ਆਵਾਜ= ਆਵਾਜ਼, ਵਾਜ। ਅਤ= ਭਰਨਾ, ਵੇਰ। ਭਾ= ਭਰਾ (ਸੰਥਾਲੀ ਵਿੱਚ ਵੀ)। ਭਾਉ= ਭੌਂ, ਖੌਫ (ਤਨਹਾ ਨਹੀਂ ਭੌ ਜੰਮਦਾ)। ਬਾਮਣ= ਬਾਹਮਣ, ਬ੍ਰਹਮਣ। ਬਾਣ= ਕਿਸੇ ਤੇ ਜੁਲਮ ਕਰਨਾ, ਕਿਸੇ ਤੇ ਥੱਪਣਾ। ਬਾਣੀਆਂ= ਸੁਨਿਆਰਾ। ਬਾਰ= ਬਾਹਰ। ਬਰਾਂਡੋ= ਬਰਾਂਡਾ। ਬਾਸਲੀ= ਬਾਂਸੁਰੀ। ਬਤਾਈ=

ਬਿਆਨ ਕਰਨਾ। ਭਾ= ਹਿੱਸਾ (ਭਾਲ, ਹਿੱਸੇ ਵੰਡਣਾ)। ਭਾਈ= ਯਾਰ, ਬੇਲੀ, ਭੂਤ। ਬਿਆਹ= ਵਿਆਹ, ਬਦੇਸੀ-ਬੇਹਆ। ਵਿਹ= ਜ਼ਹਿਰ। ਬਸਤੀ= ਮਾਸ਼ਕੀ, ਬਹਿਸ਼ਤੀ। ਬੋਇਅਤ= ਬੁੱਤਾ, ਚਾਲਾਕੀ। ਕਦਾਮ= ਜ਼ੋਰ ਨਾਲ ਵਧਣਾ (ਮਾਟੀ ਕੁਦਮ ਕਰੇਂਦੀ)। ਖਾ= ਪਿਉ ਵੱਲੋਂ, ਇਸ ਤੋਂ ਖਾਨਦਾਨ। ਖਾਲ਼ਾ= ਕਹੀ ਨਾਲ ਮਿੱਟੀ ਸੁੱਟਣਾ, ਖਲਾਸ= ਖਿਲਕੀ (ਖਲਕੀ), ਖਿੜਕੀ। ਖੁਰਾ= ਲੱਭਣ ਦੇ ਨਿਸ਼ਾਨ (ਪੰਜਾਬੀ ਵਿੱਚ ਖੁਰ ਤੋਂ)। ਖਡ= ਖੁਡੀ, ਖਜੂਰ। ਖਭੋਜਾ= ਚਾਵਲ ਉਬਾਲਣਾ, ਖਾਜਾ। ਖੋਰਸ਼ਾ= ਖਰਚਾ। ਖਰਾ= ਘੜਾ। ਖੁਰਨ= ਖੈਰ ਹੋਣਾ, ਖੇਰੀਅਤ। ਖਰੂ= ਜਾਨਵਰਾਂ ਦਾ ਧੱਪ-ਧੱਪ ਖੁਰੀਆਂ ਮਾਰਨਾ, ਇਸ ਤੋਂ ਖੌਰੂ ਤੇ ਖੌਰੂ ਪਾਵਣਾ ਨਿਕਲਿਆ ਹੈ। ਖੁਰਾ= ਖੁਰਾ ਕੱਢਣਾ, ਲੱਭਣਾ, ਇਹ ਵੀ ਜਾਨਵਰਾਂ ਦੇ ਖੁਰ ਤੋਂ ਨਿਕਲਿਆ ਹੈ। ਖੁੱਤੀ, ਖੁੱਤੀ (ਖੁੱਤੀ ਵਿੱਚ ਮੂਤਣਾ)

ਅਸਲ ਵਿੱਚ ਪੰਜਾਬੀ ਤੇ ਸਿੰਧੀ ਦੀ ਮੁੱਢਲੀ ਲਫ਼ਜ਼ਾਲੀ ਖਾਸ ਤੌਰ ’ਤੇ ਪੈਦਾਵਰੀ ਅਮਲ ਨਾਲ ਜਰਾਈ ਦਾ ਕੋਈ ਇਨਸਾਈਕਲੋਪੀਡੀਆ ਜਾਂ ਡਾਟਾ ਨਹੀਂ ਬਣਿਆ। ਇਸ ਕਰਕੇ ਵੀ ਹੜੱਪਾ ਵਸੇਬ ਤੇ ਕਾਢ ਕਰਨ ਵਾਲੇ ਇਤਿਹਾਸਕਾਰ ਜਾਂ ਜ਼ੁਬਾਨਾਂ ਦੇ ਮਾਹਿਰ ਮੁੱਢਲਾ ਨਿਤਾਰਾ ਨਹੀਂ ਕਰ ਸਕਦੇ। ਉਹ ਹਰ ਲਫਜ਼ ਦਾ ਮੁੱਢ ਲੱਭਣ ਲਈ ਆਰਿਆਵਾਂ ਦੇ ਲਿਖੇ ਰਿਗਵੇਦ ਜਾਂ ਇਸ ਤਰ੍ਹਾਂ ਦੀਆਂ ਧਾਰਮਿਕ ਕਿਤਾਬਾਂ ਨੂੰ ਹੀ ਵੇਖਦੇ ਹਨ ਹਾਲਾਂ ਪੁਰਾਣੀ ਪੰਜਾਬੀ ਤੇ ਸਿੰਧੀ ਜ਼ੁਬਾਨਾਂ ਦਾ ਬੜਾ ਘੱਟ ਹਿੱਸਾ ਇਨ੍ਹਾਂ ਲਿੱਖਤਾਂ ਵਿੱਚ ਆਇਆ ਹੈ। ਤੁਸੀਂ ਪੰਜਾਬੀ ਵਿੱਚ ਵਾਹੀ ਬੀਜੀ ਦੀ ਥੋੜੀ ਜਿਹੀ ਲਫ਼ਜ਼ਾਲੀ ਵੇਖੋ ਤੇ ਪਤਾ ਲੱਗੇਗਾ ਜੋ ਇਨ੍ਹਾਂ ਵਿੱਚੋਂ ਕੁਝ ਲਫ਼ਜ਼ ਤੇ ਸੰਸਕ੍ਰਿਤ ਨੇ ਲੈ ਲਏ ਹਨ ਪਰ ਬਹੁਤਿਆਂ ਦਾ ਮੁੱਢ ਅਜੇ ਵੀ ਉਸ ਜ਼ੁਬਾਨ ਵਿੱਚ ਨਹੀਂ ਲੱਭਦਾ।

ਜੇਕਰ ਪੈਦਾਵਰੀ ਢੰਗ ਤੇ ਜਿਨਸਾਂ ਨੂੰ ਵੇਖੋ ਤੇ ਇਹ ਪਤਾ ਲਗਦਾ ਹੈ ਕਿ ਹੜੱਪੀ ਕਈ ਫਸਲਾਂ ਉਗਾਉਂਦੇ ਸਨ। ਵਾਹੀ ਲਈ ਢੱਗਿਆਂ ਦੀ ਵਰਤੋਂ ਚੋਖੇ ਯਕੀਨ ਨਾਲ ਕਹੀ ਜਾ ਸਕਦੀ ਹੈ ਕਿਉਂਕਿ ਇਸ ਤੋਂ ਬਿਨ੍ਹਾਂ ਢੱਗੇ ਦੇ ਵਡਿਆਏ ਜਾਣ ਦੀ ਕੋਈ ਵਜ੍ਹਾ ਨਜ਼ਰ ਨਹੀਂ ਆਉਂਦੀ। ਵਾਹੀ ਕਰਨ ਲਈ ਹਲ਼ ਤੋਂ ਬਿਨ੍ਹਾਂ ਵਾਫ਼ਰ ਪੈਦਾਵਾਰ ਬਹੁਤੀ ਹੀ ਔਖੀ ਗੱਲ ਹੈ। ਰਿਗਵੇਦ ਵਿੱਚ ਹਲ਼ ਨੂੰ ਲੰਘਾਲਾ ਤੇ ਸਿਰ ਵਰ ਕਿਹਾ ਗਿਆ ਹੈ ਪਰ ਫਾਲ਼ੇ ਲਈ ਫਾਲ਼ੇ ਦਾ ਲਫ਼ਜ਼ ਹੀ ਵਰਤਿਆ ਗਿਆ ਹੈ। ਰਿਗਵੇਦ ਤੋਂ ਮਗਰੋਂ ਲਿੱਖੇ ਜਾਵਣ ਵਾਲੇ ਅਥਰਵੇਦ ਵਿੱਚ ‘ਬੜਾ ਹਾਲਾ’, ਤੇ ‘ਮਹਾ ਹਾਲਾ’, (ਵੱਡਾ ਹਲ਼) ਦੇ ਨਾਲ-ਨਾਲ ਢੱਗੇ ਜੋਵਣ ਲਈ ‘ਯੋਗਾ’ ਦੇ ਲਫ਼ਜ਼ ਵੀ ਵਰਤੇ ਗਏ ਹਨ ਤੇ ਜ਼ਮੀਨ ਲਈ ਬੋਡਣ ਵਰਤਿਆ ਗਿਆ ਹੈ ਜਿਹੜਾ ਪੰਜਾਬੀ ਵਿੱਚ ਭੂਈ ਹੋ ਗਿਆ ਹੈ। ਵਾਹੀ ਲਈ ਉਹਨਾਂ ਨੂੰ ਵੱਖ ਕੋਈ ਬਹੁਤੇ ਲਫ਼ਜ਼ ਨਹੀਂ ਮਿਲਦੇ। ਪਰ ਜੇ ਤੁਸੀਂ ਪੰਜਾਬੀ ਵਿਚ ਜੋਨਾ ਨੂੰ ਹੀ ਲੈ ਲਵੋ ਤੇ ਇਸ ਤੋਂ ਨਿਕਲਣ ਵਾਲੇ ਲਫਜ਼ ਵੇਖੋ: ਯੋਗ (ਦੋ ਢੱਗਿਆ ਦੀ ਜੋੜੀ), ਜੂਲਾ (ਢੱਗਿਆਂ ਦੀਆਂ ਗਰਦਣਾਂ ਤੇ ਪਾ ਕੇ ਹਲ ਖਿੱਚਣ ਲਈ ਬਣਾਇਆ ਲਕੜੀ ਦਾ ਫ੍ਰੇਮ), ਜੋਤਰ (ਢੱਗਿਆਂ ਨੂੰ ਜੂਲੇ ਵਿੱਚ ਰੱਖਣ ਲਈ ਬਾਹਰ ਪਾਇਆ ਗਿਆ ਰੱਸਾ) ਤੇ ਜੋਤਰਾ (ਇਕ ਵਾਰ ਵਿੱਚ ਹਲ ਵਾਉਣ ਦਾ ਸੈਸ਼ਨ ਜਾਂ ਅਮਲ)। ਜੋਗ ਦਾ ਮਤਲਬ ਜੋੜਨਾ ਹੈ ਤੇ ਇੱਥੋਂ ਹੀ ਜੋਗੀ ਦਾ ਲਫ਼ਜ਼ ਬਣਿਆ ਹੈ। ਹੱਲ ਵਿੱਚ ਲੋਹੇ ਦੇ ਫਾਲੇ ਦੇ ਥੱਲੇ ਲੱਗਾ ਲੱਕੜੀ ਦਾ ‘ਚੋ’ ਤੇ ਢੱਗਿਆਂ ਨੂੰ ਜੂਲੇ ਦੇ ਅੰਦਰ ਰੱਖਣ ਲਈ ਲੱਕੜੀ ਦੀਆਂ ਬਣੀਆਂ ‘ਅਰਲੀਆਂ’ ਇਸ ਤੋਂ ਵੱਖ ਹਨ ਜਿਨ੍ਹਾਂ ਦਾ ਵੇਦਾਂ ਵਿੱਚ ਕੋਈ ਜ਼ਿਕਰ ਨਹੀਂ ਹੈ।

ਅਸਲ ਵਿੱਚ ਪੈਦਾਵਾਰੀ ਸੰਦਾਂ (ਔਜ਼ਾਰਾਂ) ਤੇ ਪੈਦਾਵਾਰੀ ਅਮਲ ਲਈ ਵਰਤੀ ਜਾਣ ਵਾਲੀ ਪੂਰੀ ਲਫਜ਼ਾਲੀ ਨਾ ਹੀ ਵੇਦਾਂ, ਉਪਨਿਸ਼ਦਾਂ ਵਗੈਰਾ ਵਿੱਚ ਹੈ ਤੇ ਨਾ ਹੀ ਇਨ੍ਹਾਂ ਦੀਆਂ ਜੜ੍ਹਾ ਫ਼ਾਰਸੀ ਤੇ ਅਰਬੀ ਵਿੱਚ ਹਨ। ਕਣਕ ਦਾ ਲਫਜ਼ ਕਿਥੋਂ ਤੇ ਕਦੋਂ ਆਇਆ ਏਸ ਦਾ ਕੋਈ ਪਤਾ ਨਹੀਂ। ਕਣਕ ਪੈਦਾ ਹੋਵਣ ਦੇ ਅਮਲ ਦੀ ਮੋਟੀ ਮੋਟੀ ਲਫਜ਼ਾਲੀ ਵੇਖੋ: ਜਮੀਨ, ਸੁੰਜੀ (ਸਿੰਜਣਾ) ਜਾਂਦੀ ਹੈ, ਜ਼ਮੀਨ ‘ਵਤਰ’ ’ਤੇ ਆਵੇ ਤੇ ਹਲ ਫੇਰ ਕੇ ਬੀ ਖਿਲਾਰਿਆ ਜਾਂਦਾ ਹੈ ਤੇ ਉਸ ’ਤੇ ‘ਸੁਹਾਗਾ’ ਫੇਰਿਆ ਜਾਂਦਾ ਹੈ। ਜਦ ਕਣਕ ਪੱਕ ਜਾਂਦੀ ਹੈ ਤੇ ‘ਲਾਵੇ’ ਉਸ ਨੂੰ ਵੱਢਦੇ ਹਨ, ‘ਭਰੀਆਂ’ ਬੰਨ੍ਹ ਕੇ ‘ਪਿੜ’ ਬਣਾਇਆ ਜਾਂਦਾ ਹੈ, ਢੱਗਿਆਂ ਦੇ ਪਿੱਛੇ ‘ਫਲੇ’ ਪਾ ਕੇ ਕਣਕ ਨੂੰ ‘ਗਾਹਿਆ’ ਜਾਂਦਾ ਹੈ (ਇਸ ਨੂੰ ਗਾਹ ਪਾਉਣਾ ਕਹਿੰਦੇ ਹਨ), ਫਿਰ ਗਾਹੀ ਹੋਈ ਕਣਕ ਦੀ ‘ਧੜ’ ਬਣਾਈ ਜਾਂਦੀ ਹੈ ਜਿਸ ਨੂੰ ‘ਉਡਾਵੇ’ ‘ਛੱਜਾਂ’ ਨਾਲ ਹਵਾ ਵਿੱਚ ਉਡਾ ਕੇ ਦਾਣੇ ਤੇ ਤੂੜੀ ਵੱਖ-ਵੱਖ ਕਰਦੇ ਹਨ। ਦਾਨਿਆ ਦਾ ਢੇਰ ਬਣਾਇਆ ਜਾਂਦਾ ਹੈ ਜਿਸ ਨੂੰ ‘ਬੋਹਲ’ ਕਹਿੰਦੇ ਹਨ ਤੇ ਤੂੜੀ ਦੇ ਢੇਰ ਨੂੰ ਸਾਂਭਣ ਲਈ ਕਣਕ ਦੇ ‘ਨਾੜਾਂ’ ਨਾਲ ‘ਮੁਸਲ’ ਬਣਾਇਆ ਜਾਂਦਾ ਹੈ। ਇਸੇ ਤਰ੍ਹਾਂ ਗੰਨਾ ਬੀਜਿਆ ਜਾਂਦਾ ਹੈ, ਉਸ ਦੀ ‘ਗੋਡੀ’ ਹੁੰਦੀ ਹੈ, ਨਵੇਂ ਬੀਜੇ ਕਮਾਦ ਨੂੰ ‘ਲੈਰਾ’ ਤੇ ਪਿਛਲੇ ਸਾਲਾਂ ਦਿਆਂ ‘ਮੁੱਡਾਂ’ ਵਿੱਚੋਂ ਉੱਗੇ ਨੂੰ ‘ਮੂਡਾ’ ਕਿਹਾ ਜਾਂਦਾ ਹੈ। ਗੰਨੇ ਛਿਲੇ ਜਾਂਦੇ ਹਨ ਤੇ ਉੱਤੋਂ ਲਿੱਥਣ ਵਾਲੇ ਸੁੱਕੇ ਪੱਤਰਾਂ

ਨੂੰ 'ਖੋਰੀ' ਤੇ ਉਨ੍ਹਾਂ ਦਾ ਹਰਾ ਹਿੱਸਾ 'ਆਗ' ਵੱਖ ਕਰਕੇ 'ਵੇਲਣੇ' ਵਿੱਚ 'ਪੀੜੇ' ਜਾਂਦੇ ਹਨ ਵੇਲਣੇ ਨੂੰ ਚਲਾਵਣ ਲਈ ਢੱਗੇ ਦੀ ਅੱਖ 'ਤੇ ਖੋਪੇ ਬੰਨੇ ਜਾਂਦੇ ਹਨ। ਗੰਨਿਆਂ ਵਿੱਚੋਂ 'ਰਹੁ' ਨਿਕਲਦੀ ਹੈ ਜਿਸ ਨੂੰ 'ਚੁੰਬੇ' ਤੇ ਵੱਡੇ ਕੜਾਹੇ ਵਿੱਚ ਉਬਾਲਿਆ ਜਾਂਦਾ ਹੈ, ਚੁੰਬੇ ਵਿੱਚ ਅੱਗ ਬਾਲਣ ਲਈ ਕੱਖ ਕਾਨੇ ਸੁੱਟਣ ਵਾਲੇ ਨੂੰ ਝੋਕਾ ਆਖਿਆ ਜਾਂਦਾ ਹੈ। ਜਦ ਰਹੁ ਉੱਬਲ-ਉੱਬਲ ਕੇ ਗਾੜ੍ਹੀ ਹੋ ਜਾਂਦੀ ਹੈ ਤੇ ਉਸ ਨੂੰ 'ਪੱਤ' ਕਿਹਾ ਜਾਂਦਾ ਹੈ, ਤੇ ਪੱਤ ਨੂੰ 'ਗੰਢ' (ਲੱਕੜੀ ਦਾ ਫ਼ਰੇਮ) ਵਿਚ ਉਲੱਦਿਆ ਜਾਂਦਾ ਹੈ ਤੇ ਉਸ ਦੇ ਠੰਡਾ ਹੋਵਣ 'ਤੇ ਖੁਰਪੀ ਨਾਲ ਗੁੜ ਦੀਆਂ ਪੇਸੀਆਂ ਬਣਾਈਆਂ ਜਾਂਦੀਆਂ ਹਨ ਜਾਂ ਮਲ਼ ਕੇ ਸ਼ੱਕਰ ਬਣਾਈ ਜਾਂਦੀ ਹੈ, ਸ਼ੀਰਾ ਜਮਾ ਕੇ ਉਸ ਤੋਂ ਖੰਡ ਵੀ ਬਣਾਈ ਜਾਂਦੀ ਸੀ। ਇਸ ਤਰ੍ਹਾਂ ਕਪਾਹ ਬਾਰੇ ਦੱਸਿਆ ਜਾ ਸਕਦਾ ਹੈ।

ਤੁਸੀਂ ਵੇਖੋ ਕਿ ਜਿਨਸਾਂ ਦੇ ਪੈਦਾ ਹੋਵਣ ਦੀ ਹਰ ਮੰਜ਼ਿਲ ਲਈ ਵੱਖਰੀ ਲਫ਼ਜ਼ਾਲੀ ਹੈ ਜਿਹੜੀ ਪੂਰੀਆਂ ਲਿਖਤਾਂ ਵਿੱਚ ਨਹੀਂ ਲੱਭਦੀ। ਇਸ ਵਿੱਚੋਂ ਕੁਝ ਲਫ਼ਜ਼ਾਲੀ ਚੌਥੀ ਸਦੀ ਈ. ਪੂ. ਦੇ ਪਾਨਿਨੀ ਵਿੱਚ ਲੱਭ ਜਾਂਦੀ ਹੈ ਪਰ ਇਹ ਪਤਾ ਨਹੀਂ ਲੱਗਦਾ ਕਿ ਇਹ ਮੁਕਾਮੀ ਜ਼ੁਬਾਨਾਂ ਬੋਲਣ ਵਾਲਿਆਂ ਵੱਲੋਂ ਆਈ ਜਾਂ ਬਾਹਰੋਂ ਆਉਣ ਵਾਲੇ ਨਾਲ ਲੈ ਕੇ ਆਏ। ਇਹ ਗੱਲ ਤੇ ਬੁਹਤੇ ਮੰਨਦੇ ਹਨ ਜੋ ਪਾਨਿਨੀ ਦੇ ਵੇਲਿਆਂ ਤੀਕਰ ਵੀ ਸੰਸਕ੍ਰਿਤ ਉੱਤਲੀ ਪੱਧਰ ਦੇ ਪੜ੍ਹੇ-ਲਿਖੇ ਤਬਕਿਆਂ ਵਿੱਚ ਹੀ ਸੀ ਪਰ ਫਿਰ ਵੀ ਮੁਕਾਮੀ ਬੋਲੀਆਂ ਨੇ ਸੰਸਕ੍ਰਿਤ ਤੇ ਅਸਰ ਪਾਇਆ ਹੋਵੇਗਾ ਜੇ ਪੈਦਾਵਾਰੀ ਅਮਲ ਵਿੱਚ ਜੇ ਆਰਿਆਵਾਂ ਦੇ ਪਸ਼ੂ ਪਾਲ ਸਮਾਜ ਕੋਲ ਕੋਈ ਲਫਜ਼ ਨਹੀ ਹੈ ਤੇ ਉਹ ਬਾਹਰੋਂ ਕਿਸੇ ਹੋਰ ਬੋਲੀ ਵਿੱਚ ਹੀ ਲਿਆ ਗਿਆ ਹੋਵੇਗਾ। ਇਹ ਵੀ ਕਿਹਾ ਗਿਆ ਹੈ ਕਿ ਆਰਿਆ ਵਾਹੀ-ਬੀਜੀ ਨੂੰ ਘਟੀਆਂ ਕੰਮ ਸਮਝਦੇ ਸਨ। ਇਸ ਤੋ ਹੋਰ ਵੀ ਸਾਬਿਤ ਹੁੰਦਾ ਹੈ ਕਿ ਵਾਹੀ-ਬੀਜੀ ਤੇ ਹੋਰ ਪੈਦਾਵਾਰੀ ਢੰਗਾਂ ਦੀ ਲਫਜ਼ਾਲੀ ਪੁਰਾਣੇ ਹੜੱਪੀਆਂ ਵੱਲੋਂ ਹੀ ਆਈ ਹੋਵੇਗੀ। ਅਸੀਂ ਅੱਗੇ ਜਾ ਕੇ ਦੱਸਾਗੇ ਕਿ ਹੜੱਪੇ ਦੇ ਉਜਾੜੇ ਮਗਰੋਂ ਜਿਹੜੇ ਲੋਕ ਦੱਖਣ ਵੱਲ ਚੱਲੇ ਗਏ ਉਨ੍ਹਾਂ ਨੂੰ ਦਰਾਵੜ ਕਿਹਾ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਦ੍ਰਾਵੜੀ ਜ਼ੁਬਾਨਾਂ ਦਾ ਬਾਕੀ ਸਾਰੀਆਂ ਬੋਲੀਆਂ 'ਤੇ ਅਸਰ ਪਿਆ ਜਿਸ ਬਾਰੇ ਕੈਂਬਰਿਜ਼ ਹਿਸਟਰੀ ਆੱਫ ਇੰਡੀਆਂ ਵਿੱਚ ਵੀ ਲਿਖਿਆ ਗਿਆ (ਕੈਬਰਿਜ਼ ਹਿਸਟਰੀ ਆਫਿ ਇੰਡੀਆਂ, ਜਿਲਦ ਪਹਿਲੀ ਸਫ਼ਾ42) ਹੈ ਤੇ ਕ੍ਰਿਸ਼ਨ ਤ੍ਰਿਪਾਠੀ ਹੋਰੀਂ ਉਹਨੂੰ ਮੰਨਦਿਆ ਲਿਖਦੇ ਹਨ:

> "ਦ੍ਰਾਵੜਾਂ ਦੇ ਨਿਸ਼ਾਨ, ਵੈਦਿਕ, ਸੰਸਕ੍ਰਿਤ, ਪ੍ਰਾਕ੍ਰਿਤਾਂ, ਦੂਜੀਆਂ ਲੋਕ ਬੋਲੀਆਂ ਤੇ ਉਨ੍ਹਾਂ ਤੋਂ ਨਿਕਲੀਆਂ ਮੁਕਾਮੀ ਜ਼ੁਬਾਨਾਂ ਵਿੱਚ ਦਿਸਦੇ ਹਨ। ਇਸ ਲਈ ਇਹ ਗੱਲ ਪੱਕੀ ਪੱਧਰ 'ਤੇ ਕਹੀ ਜਾ ਸਕਦੀ ਹੈ ਕਿ ਹਿੰਦੀ ਆਰਿਆਵਾਂ ਤੋ ਪਹਿਲਾਂ ਦ੍ਰਾਵਿੜੀ (ਜ਼ੁਬਾਨਾਂ) ਹੀ (ਸ਼ੁਮਾਲੀ) ਉੱਤਰ ਤੇ (ਜਨੂਬ) ਦੱਖਣ ਵਿੱਚ ਗਾਲਬ ਸਨ।"

ਵਾਹੀ ਬੀਜੀ ਨਾਲ ਜੁੜੀ ਲਫਜ਼ਾਲੀ ਤੇ ਪੰਜਾਬੀ ਕਲਾਸਿਕਲ ਅਦਬ ਵਿੱਚ ਵੀ ਸਵਾਏ ਵਾਰਿਸ਼ ਸ਼ਾਹ ਤੋਂ ਬਹੁਤ ਘੱਟ ਨਜ਼ਰ ਆਉਂਦੀ ਹੈ। ਬਾਬਾ ਫ਼ਰੀਦ ਵਿੱਚ ਸ਼ਾਇਦ ਇੱਕ ਥਾਂ 'ਤੇ, ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ, ਵਿੱਚ ਫ਼ਸਲ ਬਚਣ ਤੇ ਉਜਾੜੇ ਜਾਵਣ ਦਾ ਜ਼ਿਕਰ ਹੋਇਆ ਹੈ। ਸ਼ਾਹ ਹੁਸੈਨ ਚਰਖੇ 'ਤੇ ਕੱਤਣ ਦੇ ਅਮਲ ਦੇ ਹਰ ਹਿੱਸੇ ਦਾ ਜ਼ਿਕਰ ਕੀਤਾ ਹੈ ਪਰ ਵਾਹੀ ਬੀਜੀ ਦਾ ਸਾਇਦ ਐਨਾ ਹੀ ਹੈ ਕਿ, ਚੀਨਾ ਰੇਤ ਨ ਗੜ੍ਹ ਵੇ ਅੜਿਆ। ਬੁੱਲੇ ਸ਼ਾਹ ਹੁਰਾਂ ਵੀ ਕੱਤਣ ਦੇ ਅਮਲ ਦੀਆਂ ਸੈਨਤਾਂ ਬਣਾਈਆਂ ਹਨ। ਵਾਰਸ਼ ਸ਼ਾਹ ਹੁਰਾਂ ਆਪਣੀ ਹੀਰ ਵਿੱਚ ਕਈਆਂ ਥਾਵਾਂ 'ਤੇ ਵਾਹੀ ਦੇ ਕਈਆਂ ਪੱਖਾਂ ਦਾ ਜਿਕਰ ਕੀਤਾ ਹੈ ਜਿਵੇਂ, "ਰਾਂਝਾਂ ਜੋਤਰਾ ਵਾਹ ਕੇ ਥੱਕ ਰਿਹਾ, ਲਾਹ ਅਰਲੀਆਂ ਛਾਓਂ ਨੂੰ ਆਉਂਦਾ ਹੈ"। "ਗਾਹਵਣ ਹੋਰ ਤੇ ਰਾਹਕ ਨੇ ਹੋਰ ਇਸ ਦੇ, ਖਾਂਵੰਦ ਹੋਰ ਦਮ ਹੋਰਨਾਂ ਮਾਰਨੇ ਨੀ", "ਕਿਸੇ ਡਾਹ ਕੇ ਮੋਟਰਾ ਜੋ ਭਾਬੋ"। ਵਾਰਿਸ਼ ਸ਼ਾਹ ਨੂੰ ਛੱਡ ਕੇ ਕਿਸੇ ਵੀ ਕਲਾਸੀਕਲ ਸ਼ਾਇਰ ਦਾ ਵਾਹੀ ਬੀਜੀ ਦੀ ਲਫਜ਼ਾਲੀ ਨੂੰ ਨਾ ਵਰਤਣ ਤੋਂ ਇਹ ਨਤੀਜਾ ਤੇ ਨਿਕਲ ਨਹੀਂ ਸਕਦਾ ਕਿ ਬਾਰ੍ਹਵੀਂ ਤੇ ਅਠਾਰਵੀਂ ਸਦੀ ਵਿਚਕਾਰ ਹੱਲ ਨਾਲ ਵਾਹੀ ਨਹੀਂ ਸੀ ਕੀਤੀ ਜਾ ਰਹੀ ਸੀ: ਇਸ ਤੋਂ ਸਿਰਫ ਇਹ ਨਿਕਲ ਸਕਦਾ ਹੈ ਕਿ ਇਨ੍ਹਾਂ ਵਿੱਚੋਂ ਬਹੁਤੇ ਸ਼ਾਇਰ ਸ਼ਹਿਰੀ ਸਨ ਤੇ ਵਾਹੀ-ਬੀਜੀ ਨਾਲ ਉਨ੍ਹਾਂ ਦਾ ਸੰਬੰਧ ਘੱਟ ਸੀ। ਇਸ ਤੋਂ ਇਹ ਨਤੀਜਾ ਵੀ ਕੱਢਿਆ ਜਾ ਸਕਦਾ ਹੈ ਕਿ ਵੇਦਾਂ ਤੇ ਉਪਨਿਸ਼ਦਾਂ ਦੇ ਲਿਖਣ ਵਾਲਿਆਂ ਆਰਿਆਵਾਂ ਦਾ ਵਾਹੀ-ਬੀਜੀ ਨਾਲ ਮੁੱਢੋਂ ਤਾਅਲੁਕ ਨਹੀਂ ਸੀ। ਜੇ ਇਹ ਗੱਲ ਹੈ ਤੇ ਫਿਰ ਸੰਸਕ੍ਰਿਤ ਦੀਆਂ ਡਿਕਸ਼ਨਰੀਆਂ ਵਿੱਚੋਂ ਇਸ ਲਫਜ਼ਾਲੀ ਦੀਆਂ ਜੜ੍ਹਾਂ ਕਦੀ ਲੱਭ ਹੀ ਨਹੀਂ ਸਕਦੀਆਂ। ੴ

## ਕਵਿਤਾਵਾਂ : ਅਵਤਾਰਜੀਤ

### *ਗ਼ਮ ਦੀਆਂ ਚਿੜੀਆਂ*

ਤਨ ਦਾ ਅੰਬਰ ਜੋਬਨ-ਮੱਤਾ
ਮਨ ਦੇ ਬਾਗ਼ ਵਿਰਾਨ ਵੇ
ਸੁਪਨੇ ਦਾ ਫੁੱਲ ਸੂਹਾ ਸੂਹਾ
ਗ਼ਮ ਦੀਆਂ ਚਿੜੀਆਂ ਖਾਣ ਵੇ

ਅੱਗ ਦੇ ਅੰਗ ਲਿਫ਼-ਲਿਫ਼ ਜਾਂਦੇ
ਸੁੱਕ ਗਏ ਸਾਵਣ ਤਿਪ-ਤਿਪ ਜਾਂਦੇ
ਲੱਗੀ ਪੱਤਝੜ ਘਰ ਸਜਾਣ ਵੇ

ਸਾਹਵਾਂ ਦੀ ਸਰਗਮ ਟੁੱਟ-ਟੁੱਟ ਜਾਂਦੀ
ਰੂਹ ਦੀ ਰਾਵੀ ਸੁੱਕ-ਸੁੱਕ ਜਾਂਦੀ
ਰੰਗੀ ਹੌਲੀ ਭੁੱਲ-ਭੁੱਲ ਜਾਣ ਵੇ

ਮੌਜ਼ ਦੇ ਪਾਣੀ ਬੁੱਲ੍ਹਾ ਦੀ ਸਿਸਕੀ
ਕਾਇਆ-ਕਾਗ਼ਦ ਕੱਚ ਦੀ ਕਿਸ਼ਤੀ
ਅੰਗ ਵਿਸ਼ੀਅਰ ਬਣ-ਬਣ ਜਾਣ ਵੇ

ਜੰਮਣ-ਜੂਹ ਵੀ ਜੰਗਲ ਹੋਈ
ਨਾਵਾਂ ਰਹਿ ਗਿਆ ਕੋਈ ਕੋਈ
ਹਰ ਉਤਸਵ ਕਬਰ ਸਮਾਨ ਵੇ

ਦੋ ਬੂੰਦ, ਨਦੀਆਂ ਕੀ ਮਾਣ ਅਸਾਡਾ
ਦੋ ਅੱਖ ਦੇ ਹੰਝੂ, ਕੀ ਹਾਣ ਅਸਾਡਾ
ਨਾ ਪੱਤ ਸਾਹਾਂ ਦੇ ਰੂਹ ਨੂੰ ਹਾਣ ਵੇ

ਸੁਪਨੇ ਦਾ ਫੁੱਲ ਸੂਹਾ-ਸੂਹਾ
ਗ਼ਮ ਦੀਆਂ ਚਿੜੀਆਂ ਖਾਣ ਵੇ...

### *ਜਿਲਦ ਤੋਂ ਜ਼ਿਬਾ ਕਵਿਤਾ*

ਕਵਿਤਾ ਲਿਖਣਾ ਜ਼ਿੰਦਗੀ ਜਿਉਣ ਦਾ ਮਕਸਦ
ਲਿਖਣ ਦਾ, ਗਾਉਣ ਦਾ, ਜਿਉਣ ਦਾ
ਕਿਉਂ ਹੋ ਰਿਹਾ ਹੈ ਰੰਗ ਅਸਤ
ਕਵਿਤਾ-ਕਿਤਾਬ ਤੋਂ ਸੰਗਦੀ
ਕੰਪਿਊਟਰ ਤੋਂ ਡਰਦੀ—ਸੈਟਾਲਾਈਟ ਤੋਂ ਤ੍ਰਭਕਦੀ
ਸੰਗੀਤ ਤੋਂ ਸੁੰਨ-ਬੇਸੁਰੀਆਂ ਆਵਾਜ਼ਾਂ ਦਰਮਿਆਨ
ਆਪਣਾ ਅਸਤਿਤਵ ਤਲਾਸ਼ਦੀ

ਅੱਥਰੇ ਵੇਗ ਦਾ ਚਲਨ ਕਵਿਤਾ ਸ਼ਿੰਗਾਰ ਲਈ ਭਾਣੇ
ਬੁਟੀਕ ਤੇ ਬਿਊਟੀ ਪਾਰਲਰ

ਬੇਰੂਪ ਸ਼ਬਦਾਵਲੀ ਦਾ ਮੇਕਅਪ
ਨਾਮਾ ਦਾ ਮੁਖੌਟੇ ਹਰ ਗਲੀ ਚੌਕ ਅੰਦਰ
ਸ਼ਨਾਖ਼ਤ ਮਨਫ਼ੀ ਸੁਹੱਪਣ ਦਾ ਸੰਕੇਤ
ਰੰਗ ਬਦਲ ਦੀ ਸਭਿਅਤਾ—
ਸੌਂ ਰਹੀਆਂ ਸ਼ਤਾਬਦੀਆਂ ਗੁੰਮ ਹੋਈਆਂ ਤਸਵੀਰਾਂ
ਅੱਖਰਾਂ ਦੀ ਅਣਖ–ਅਰਥਾਂ ਦਾ ਮੁਜ਼ਰਾ
ਪੰਡਾਲ ਦੀ ਪਰੰਪਰਾ—ਅਪਾਹਜ਼ ਤਾੜੀਆਂ ਦਾ ਮੌਨ ਸ਼ੋਰ
ਅਵਾਮ ਦੇ ਸੁਭਾ 'ਚ ਅਸ਼ਲੀਲਤਾ ਦੀ ਅਵਾਰਾਗਰਦੀ
ਗੀਤਾਂ ਦੇ ਘੁੰਗਰੂ ਉਦਾਸ ਛਣਛਣ ਦੀ ਛਮਕ

ਕਵਿਤਾ ਜੜ੍ਹਾਂ ਪੁੱਛਦੀ ਅਸਮਾਨ ਦਾ ਭੁਲੇਖਾ ਮਿਲਦਾ
ਮਿੱਟੀ ਦੀ ਮਹਿਕ ਲੋਚਦੀ—ਮਨ 'ਚ ਦਫ਼ਨਾ ਸ਼ੋਰ 'ਚ ਫਨਾਅ
ਜਿਉਣ ਦੇ ਅਰਥ ਮੰਗਦੀ
ਜ਼ਿਲਦ ਤੋਂ ਜਿਭ੍ਹਾ–ਜਜ਼ਬਾਤਾਂ ਤੋਂ ਸਿਵਾ

ਕਵਿਤਾ ਕਿਤਾਬ ਤੋਂ ਸੰਗਦੀ—ਕੰਪਿਊਟਰ ਤੋਂ ਡਰਦੀ
ਸੈਟਾਲਾਈਟ ਤੋਂ ਤ੍ਰਭਕਦੀ—ਧਰਾਤਵ ਮੰਗਦੀ
ਕਵਿਤਾ ਮਨਾਂ ਦੇ ਮਾਨ ਸਰੋਵਰ ਦੀ ਬੁਲੰਦੀ ਤਲਾਸ਼ਦੀ

## *ਬੱਚੇ ਦਾ ਹਲਫ਼ੀਆ ਬਿਆਨ*

ਮੈਂ ਆਧੁਨਿਕ ਸਮੇਂ ਦਾ ਬੱਚਾ—ਤੁਹਾਡੇ ਦੇਸ਼ ਦਾ ਭਵਿੱਖ
ਧਰਤੀ ਦੀ ਵਿਰਾਸਤ—ਅਸਮਾਨ ਦੀ ਸ਼ਨਾਖ਼ਤ ਹਾਂ

ਮੈਂ ਜੰਮਿਆ
ਲੈ ਕੇ ਲਹੂ 'ਚੋਂ ਬੌਂਦਲੇ ਤੁਖ਼ਮ ਦੀ ਤਾਸੀਰ
ਸਿਸਕ ਰਹੀ ਸਿਰਜਣਾ ਦਾ ਭਰੂਣ
ਅੱਖ ਖੁੱਲ੍ਹਣ ਤੋਂ ਹੁਣ ਤੱਕ
ਸਾਹਾਂ 'ਚੋਂ ਜ਼ਿੰਦਗੀ ਦੇ ਅਸਲੀ ਅਰਥਾਂ ਨੂੰ ਤਲਾਸ਼ਦਾ ਹਾਂ
ਮਾਂ ਦੀ ਛਾਤੀ ਦੇ ਸਮੁੰਦਰ ਦੀ ਨਹੀਂ
ਕਾਰਖ਼ਾਨਿਆਂ ਦੇ ਬਨਾਉਟੀ ਦੁੱਧ ਦੀ ਚੁੰਘਣੀ ਚੁੰਘੀ ਹੈ
ਮੈਂ ਸਸਤੇ ਲਾਡ ਦਾ ਸੁਆਦ ਲਿਆ ਹੈ
ਲੋਰੀ ਦੀ ਥਾਂ ਵਾਲ–ਕਲੌਕ 'ਚ ਫਿੱਟ ਹੋਏ
ਮਮਤਾ ਦੇ ਤਿੜਕਣ ਦੀ ਆਵਾਜ਼ ਸੁਣੀ ਹੈ
ਮਾਂ ਦੀ ਬੁੱਕਲ ਦਾ ਨਜ਼ਾਰਾ, ਪਾਪਾ ਦੀਆਂ ਕੁਤਕੁਤਾਰੀਆਂ ਦਾ ਲੁਤਫ਼
ਕਰੈੱਚ ਦੀ ਅੱਕੀ ਹੋਈ ਅੰਮਾਂ ਤੋਂ ਲੈਂਦਾ ਹਾਂ

ਬਹੁਤ ਕੁਝ ਸਿੱਖਦਾ ਉਸ ਤੋਂ
ਲਹੂ ਦੀ ਬੇਪਛਾਣਗੀ—ਮਨਾਂ ਦਾ ਬਿਗ਼ਾਨਾਪਣ
ਅੰਦਰ ਦਾ ਇਕਲਾਪਾ
ਆਪਣੇ ਅੰਦਰ ਇਕੱਲੇ ਰਹਿਣ ਦਾ ਸੰਤਾਪ
ਬੁਰਾ ਨਾ ਮਨਾਇਓ—ਮੇਰੇ ਵਿਵਹਾਰ 'ਤੇ
ਜੇ ਮੈਂ ਆਪਣੀ ਤਹਿਜ਼ੀਬ ਨੂੰ ਸਰਸਰੀ ਵਾਕਿਫ਼ ਵਾਂਗ ਮਿਲਾ ਤਾਂ

ਪਿਤਰੋ—ਮੁਆਫ਼ ਕਰ ਦੇਣਾ
ਸ਼ਨਾਖ਼ਤ ਭਾਵੇਂ ਕਦੇ ਵੀ ਸੰਕੇਤ ਦੀ ਮੁਹਤਾਜ਼ ਨਹੀਂ ਹੁੰਦੀ
ਮੈਂ ਆਧੁਨਿਕ ਬੱਚਾ ਤੁਹਾਡਾ ਭਵਿੱਖ ਹਾਂ
ਤੁਹਾਡੇ ਲਹੂ ਦੀ ਲਿਸ਼ਕੋਰ ਹਾਂ

## *ਤਲਾਸ਼ 'ਚ ਹੀ ਤਖ਼ਤ ਹੁੰਦਾ ਹੈ*

ਜਾਗਦੇ ਜ਼ਮਾਨੇ ਦੀ ਜਵਾਨੀ ਰੈਂਪ 'ਤੇ ਨੱਚਦੀ
ਪੇਜ਼-3 ਕਲਚਰ ਦੀ ਕਲਾ 'ਚ ਜਿਉਂਦੀ
ਗਲੋਬ ਨੂੰ ਆਪਣੇ ਹੱਥਾਂ 'ਚ ਘੁੰਮਾਉਂਦੀ
ਮਿੱਟੀ ਤੋਂ ਮੁਨਕਰ ਅਰਥਾਂ ਦੀ ਤਲੀਮ
ਕਤਰੇ ਹੋਏ ਪਰਾਂ ਵਾਲਾ ਵਕਤ ਦਾ ਪਰਿੰਦਾ
ਜਿਸ ਦੀ ਉਡਾਨ ਨਾ ਜਮ੍ਹਾਂ ਹੁੰਦੀ ਨਾ ਮਨਫ਼ੀ

ਅਪਹਾਜ਼ ਇਤਿਹਾਸ ਦਾ
ਟੁੱਟਿਆ ਹੋਇਆ ਪਹੀਆ
ਜ਼ਿੰਦਗੀ ਦੇ ਸੰਗੀਤ 'ਚੋਂ
ਮੁਰਦਾ ਰਵਾਇਤਾਂ ਦਾ ਗਿਆਨ
ਕਿਤੇ ਪਿੱਛੇ ਰਹਿ ਗਈ ਬੰਸਰੀ, ਸ਼ੰਖ, ਤੋਰ ਦੀ ਤਾਲ
ਹੁਣ ਪਿਆਨੋ ਤੇ ਸੈਕਸੋਫੋਨ ਮੇਰੇ ਸਾਥ ਸਾਥ

ਜਵਾਨੀ ਹਾਂ—
ਸਭਿਆਚਾਰ ਦੇ ਤਿੜਕੇ ਸ਼ੀਸ਼ੇ 'ਚੋਂ
ਸੰਸਾਰ ਦਾ ਚੇਹਰਾ ਬੇਪਛਾਣ ਕਰਦੀ
ਆਪਣੇ ਹੀ ਅੰਦਰ ਕਿਸੇ ਨੁੱਕਰ 'ਚ
ਆਪਣੀ ਸ਼ਨਾਖ਼ਤ ਤਲਾਸ਼ਦੀ
ਖ਼ੂਨ 'ਚ ਕਿਤੇ ਮਰ ਰਹੇ ਮੇਰੇ
ਮਿੱਟੀ ਦਾ ਹੁਸਨ ਤੇ ਮਰਿਆਦਾ

ਮੈਂ ਜਵਾਨੀ ਹਾਂ
ਮੈਨੂੰ ਤਲਾਸ਼ ਦੇਵੋ—ਬਾਦਸ਼ਾਹੋ
ਤਖ਼ਤ ਤਾਂ ਮੈਂ ਆਪ ਹੀ ਬਣ ਜਾਵਾਂਗੀ
ਅੱਖਾਂ ਨੇ ਮੇਰੇ ਉਨੀਂਦਾ ਵਰਤਮਾਨ—ਸੁਜਾਖੇ ਕੱਲ੍ਹ ਦੀ ਸੰਭਾਵਨਾ ਤਲਾਸ਼ਦੀ
ਮੈਂ ਜਵਾਨੀ ਹਾਂ
ਰੈਪ-ਚੈਨ ਤੇ ਤੁਹਾਡੇ ਤੋਂ ਪਰ੍ਹਾਂ ਹਾਂ



ਅਜ਼ੀਮ ਪੰਜਾਬੀ ਸ਼ਾਇਰ ਅਵਤਾਰਜੀਤ (ਅਵੀ ਅਟਵਾਲ) ਜਿਸ ਦੇ ਗਲੇ ਵਿਚ ਸਰਸਵਤੀ ਅਤੇ ਖ਼ਿਆਲਾਂ ਵਿਚ ਅੰਬਰਾਂ ਦੀ ਉੱਚੀ ਉਡਾਰੀ ਹੈ, ਰੂਹਾਂ ਵਿਚ ਅੱਖਰਾਂ ਦੀ ਪਾਕੀਜ਼ਗੀ ਹੈ, ਦਿਲ ਵਿਚ ਜਿਸ ਦੇ ਮੋਹ ਦਾ ਠਾਠਾਂ ਮਾਰਦਾ ਦਰਿਆ ਹੈ, ਸਲੀਕੇ ਵਿਚ ਧਰਤੀ ਜਿੱਡੀ ਸੋਚ ਅਤੇ ਇਨਸਾਨੀਅਤ ਨਾਲ ਲਬਰੇਜ਼ ਸ਼ਖ਼ਸੀਅਤ ਹੈ, ਸਾਹਾਂ ਤੋਂ ਵੀ ਨੇੜਲੀ ਅਪਣੱਤ ਹੈ। ਅਵਤਾਰਜੀਤ ਸ਼ਬਦਾਂ ਰਾਹੀਂ ਜੋ ਕਿਸੇ ਵੀ ਸਧਾਰਨ ਜਿਹੀ ਦੂਸਰੇ ਦੀ ਸ਼ਖ਼ਸੀਅਤ ਨੂੰ ਚਿਰੰਜੀਵੀ ਅਸੀਸ ਦੇ ਦਿੰਦਾ ਹੈ। ਉਸ ਦੀ ਉਕਾਬ ਵਰਗੀ ਸੋਚ ਅਤੇ ਉਸ ਦੀਆਂ ਪੈੜਾਂ ਦੇ ਅਸੀਮ ਸਫ਼ਰ ਨੂੰ ਦੁਆ ਦਿੰਦਾ ਹਾਂ। -**ਪ੍ਰੋ. ਅਨੂਪ ਵਿਰਕ**

*ਚਿੰਤਨ*

# ਗੁਰੂ ਨਾਨਕ ਬਾਣੀ ਅਤੇ ਅਸਹਿਣਸ਼ੀਲਤਾ

ਅਰਵਿੰਦਰ ਕੌਰ ਧਾਲੀਵਾਲ

'ਗੁਰੂ ਨਾਨਕ ਦੇਵ ਜੀ' ਦਾ ਅਕਸ ਬੇਸ਼ੱਕ ਮੇਰੇ ਮਨ ਅੰਦਰ ਬਚਪਨ ਤੋਂ ਲੈ ਕੇ ਅੱਜ ਤੱਕ ਜਾਗਦਿਆਂ/ ਸੌਣ ਲੱਗਿਆਂ ਹਮੇਸ਼ਾਂ ਵੇਖੀ ਤਸਵੀਰ ਵਾਲਾ ਹੀ ਰਿਹਾ ਹੈ। ਉਸ ਗਹਿਰ ਗੰਭੀਰ ਮੁਦਰਾ ਵਾਲੀ ਤਸਵੀਰ ਤੇ ਗੁਰੂ ਨਾਨਕ ਬਾਣੀ, ਭਾਵਨਾਤਮਕ ਪੱਧਰ 'ਤੇ ਮੇਰੇ ਲਈ ਇਕੋ ਰੂਪ ਰਹੇ ਹਨ। ਗੁਰੂ ਨਾਨਕ ਇਕ ਪੈਗੰਬਰ, ਫ਼ਕੀਰ ਜਾਂ ਗੁਰੂ ਨਾ ਰਹਿ ਕੇ ਇਕ ਦਰਵੇਸ਼ ਰੂਹ, ਮਾਰਗਦਰਸ਼ਕ ਅਤੇ ਰੂਹਾਨੀਅਤ ਦੇ ਮੁਜਸਮੇ ਹਨ। ਅੱਖਾਂ ਬੰਦ ਕਰਕੇ ਰੱਬ ਦਾ ਨਾਂ ਚੇਤੇ ਕਰਦਿਆਂ ਮਨ ਅੰਦਰ ਆਕਾਰ ਲੈ ਜਾਂਦੀ ਉਹ ਅਦੁੱਤੀ ਸ਼ਕਤੀ ਹਨ ਜੋ ਨਿਰਾਕਾਰ ਦੇ ਰਾਹ ਦਸੇਰੇ ਬਣਦੇ ਹਨ। ਉਨ੍ਹਾਂ ਦੀ ਬਾਣੀ ਦਾ ਪ੍ਰਭਾਵ ਵੀ ਓਨਾ ਗੂੜ੍ਹਾ ਹੈ।

ਗੁਰੂ ਨਾਨਕ ਸਾਹਿਬ ਦੀ ਬਾਣੀ ਕਈ ਵਿਸ਼ੇ ਅੰਗੀਕਾਰ ਕਰਦੀ ਹੈ। ਸਭਿਆਚਾਰ, ਨੈਤਿਕ ਕੀਮਤਾਂ, ਆਦਰਸ਼, ਸਮਾਜ, ਰਾਜਸੀ ਪ੍ਰਬੰਧ ਤੋਂ ਲੈ ਕੇ ਮਨੁੱਖ ਦੇ ਨਿੱਜ ਤੱਕ ਦੇ ਪੈਂਡਿਆਂ ਦੀ ਅਗਵਾਈ ਕਰਦੀ ਹੈ। ਇਹ ਬਾਣੀ ਚਿਰਕਾਲ ਤੋਂ ਤੁਰੀ ਆ ਰਹੀ ਉਸ ਬ੍ਰਾਹਮਣਵਾਦੀ ਪ੍ਰਥਾ ਦਾ ਖੰਡਨ ਕਰਦੀ ਹੈ, ਜੋ ਜੀਵਨ ਦੇ ਅਧਿਆਤਮਕ ਸੋਮਿਆਂ ਨਾਲੋਂ ਟੁੱਟ ਚੁੱਕੀ ਸੀ। ਸਮਕਾਲੀ ਸਮਾਜਕ ਵਿਵਸਥਾ ਦੇ ਪਤਨਮੁਖੀ ਕਿਰਦਾਰ ਦੀ ਵੀ ਆਲੋਚਨਾ ਕਰਦੀ ਹੈ। ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਸੁਨੇਹਾ ਦਿੰਦੀ ਮਨੁੱਖਤਾ ਨੂੰ ਪ੍ਰੇਮ, ਸਬਰ, ਸੰਤੋਖ, ਸਹਿਜ ਤੇ ਧੀਰਜ ਆਦਿ ਮੁੱਲਾਂ ਨੂੰ ਅਪਨਾਉਣ ਦਾ ਪਾਠ ਪੜ੍ਹਾਉਂਦੀ ਹੈ। ਕੁਝ 'ਕਹਿਣ' ਅਤੇ 'ਸੁਣਨ' ਦੀ ਸੰਵਾਦ ਜੁਗਤ ਨੂੰ ਜੀਵਨ ਵਿਚ ਢਾਲਣ ਦਾ ਸ਼ਬਦ ਦ੍ਰਿੜ ਕਰਵਾ ਕੇ ਗੁਰੂ ਸਾਹਿਬ ਪੂਰਬਲੀ ਲੋਕ ਪਰੰਪਰਾ ਨਾਲ ਸੰਵਾਦ ਰਚਾਉਂਦੇ ਹਨ।

'ਕਹਿਣ' ਦੇ ਨਾਲ-ਨਾਲ 'ਸੁਣਨ' ਨੂੰ ਵੀ ਗੁਰੂ ਨਾਨਕ ਬਾਣੀ ਵਿਚ ਉਨਾ ਹੀ ਮਹੱਤਵਪੂਰਨ ਸਮਝਿਆ ਗਿਆ ਹੈ, ਜਿਸ ਵਿਚ ਦੋਵੇਂ ਪੱਖਾਂ ਦਾ ਧਰਮ ਸਹਿਜਤਾ ਤੇ ਸੰਜਮਤਾ ਹੈ। ਇਹੀ ਸਹਿਜਤਾ ਤੇ ਸੰਜਮ 'ਸਹਿਣਸ਼ੀਲਤਾ' ਹੈ। 'ਸਹਿਣਸ਼ੀਲਤਾ' ਸ਼ਬਦ 'ਅਸਿਹਣਸ਼ੀਲਤਾ' ਦਾ ਵਿਰੋਧੀ ਹੈ। 'ਅਸਹਿਣਸ਼ੀਲਤਾ' ਉਦੋਂ ਪੈਦਾ ਹੁੰਦੀ ਹੈ ਜਦੋਂ ਕੋਈ ਆਪਣੇ ਵਿਸ਼ਵਾਸਾਂ ਬਾਰੇ ਕਾਲਪਨਿਕ ਅਜੇਤੂ ਭਰਮ ਪਾਲਦਾ ਹੈ। ਉਸਨੂੰ ਆਪਣੇ ਸਹੀ ਜਾਂ ਉਚਿਤ ਹੋਣ ਬਾਰੇ ਰੂੜੀਵਾਦੀ ਨਿਸ਼ਚਾ ਹੁੰਦਾ ਹੈ। ਅਜਿਹੀ ਪ੍ਰਕਿਰਤੀ ਦਾ ਸਮਾਜ ਉਨ੍ਹਾਂ ਵਿਚਾਰਾਂ ਦੀ ਅਭਿਵਿਅਕਤੀ ਅਤੇ ਨਜ਼ਰੀਏ ਨੂੰ ਨਹੀਂ ਸਹਿਣ ਕਰ ਸਕਦਾ ਜੋ ਨਵੇਂ ਸਿਧਾਂਤਾਂ ਤੇ ਪਰੰਪਰਕ ਗਿਆਨ ਨੂੰ ਚੁਣੌਤੀ ਦਿੰਦੇ ਹੋਣ। ਨਤੀਜੇ ਵਜੋਂ, ਗ਼ੈਰ ਰਵਾਇਤੀ ਅਤੇ ਵੱਖਰੇ **ਵਿਚਾਰਧਾਰਕ ਦ੍ਰਿਸ਼ਟੀਕੋਣ ਨੂੰ ਦਬਾ ਦਿੱਤਾ ਜਾਂਦਾ ਹੈ। ਇਹ ਦਮਨਕਾਰੀ ਨੀਤੀਆਂ ਦਾ ਮੁੱਖ ਪ੍ਰਯੋਜਨ ਹੁੰਦਾ ਹੈ।'**

ਗੁਰੂ ਨਾਨਕ ਬਾਣੀ ਅਜਿਹੇ ਵਰਤਾਰੇ ਦੀ ਵਿਰੋਧੀ ਹੈ। ਗੁਰੂ ਨਾਨਕ ਧਾਰਮਿਕ ਆਜ਼ਾਦੀ ਅਤੇ ਭਾਰਤ ਵਿਚ ਧਾਰਮਿਕ ਵਿਵਸਥਾ ਦੇ ਹਾਮੀ ਸਨ। ਉਹ ਉਸ ਵਿਅਕਤੀਗਤ ਸੁਤੰਤਰਤਾ ਦੇ ਹਮਾਇਤੀ ਸਨ, ਜੋ ਦੂਸਰੇ ਦੀ ਸੁਤੰਤਰਤਾ ਨੂੰ ਭੰਗ ਨਾ ਕਰੇ। ਸਮਾਨਤਾ ਤੇ ਨਿਆਂ ਦਾ ਵਿਅਕਤੀਗਤ ਸੁਤੰਤਰਤਾ ਨਾਲ ਗਹਿਰਾ ਸਬੰਧ ਹੈ। ਗੁਰੂ ਨਾਨਕ ਦਾ ਵਿਚਾਰ ਹੈ ਕਿ ਉਸ ਨਿਆਂ ਦਾ ਕੋਈ ਅਰਥ ਨਹੀਂ ਜੋ ਸਮਾਜਕ ਅਸਮਾਨਤਾਵਾਂ ਦਾ ਵਿਰੋਧ ਨਹੀਂ ਕਰਦਾ। ਸਮਾਜਕ ਨਾਬਰਾਬਰੀ ਸ਼ੋਸ਼ਣ ਨੂੰ ਉਪਜਾਉਂਦੀ ਹੈ, ਜਿਸ ਦੀ ਬਾਣੀ ਵਿਚ ਸਖ਼ਤ ਸ਼ਬਦਾਂ ਵਿਚ ਨਿੰਦਾ ਹੋਈ ਹੈ:

> ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਪੰਨਾ 141 ਗੁਰੂ ਗ੍ਰੰਥ ਸਾਹਿਬ।

'ਵਸੁਧੇਵ ਕੁਟੁੰਬਕਮ' ਦੀ ਮਾਨਤਾ ਹੈ ਕਿ ਜਿਸ ਦੇ ਅਨੁਸਾਰ ਪੂਰਾ ਵਿਸ਼ਵ ਇਕ ਪਰਿਵਾਰ ਹੈ, ਇਹ ਸਿਧਾਂਤ ਦੇਣ ਵਾਲਾ ਭਾਰਤ ਹੈ, ਜਿਸ ਦੇ ਸਮਾਜਕ ਪ੍ਰਬੰਧ ਵਿਚ ਭਾਈਚਾਰਿਆਂ ਦਰਮਿਆਨ ਜਿੰਨੇ ਮਰਜ਼ੀ ਅਪਵਾਦ ਜਾਂ ਵਿਚਾਰਧਾਰਕ ਮਤਭੇਦ ਰਹੇ ਹੋਣ ਪਰ ਕਿਸੇ ਬਾਹਰੀ ਹਮਲਾਵਰ ਦੇ ਸਾਹਵੇਂ ਇਹ ਹਮੇਸ਼ਾ ਆਪਸੀ ਪਿਆਰ ਤੇ

ਸੁਹਿਰਦਤਾ ਦਾ ਹਾਮੀ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਇਸੇ ਸਾਂਝੀਵਾਲਤਾ ਦੀ ਬਾਤ ਪਾਉਂਦੀ ਹੈ ਜੋ ਹਿੰਦੂ, ਮੁਸਲਮਾਨ ਜਾਂ ਸਿੱਖ ਨੂੰ ਕੇਵਲ ਚੰਗਾ ਹਿੰਦੂ, ਚੰਗਾ ਮੁਸਲਮਾਨ ਜਾਂ ਚੰਗਾ ਸਿੱਖ ਬਣਨ 'ਤੇ ਜ਼ੋਰ ਦਿੰਦੀ ਹੈ। ਗੁਰੂ ਨਾਨਕ ਦੇਵ ਜੀ ਧਾਰਮਿਕ ਆਜ਼ਾਦੀ ਦੇ ਹਾਮੀ ਸਨ।

ਉਨ੍ਹਾਂ ਦੀ ਵਿਚਾਰਧਾਰਾ ਸੱਤਾ-ਵਿਹੂਣੇ ਵਰਗਾਂ ਤੇ ਸਧਾਰਨ ਲੋਕਾਂ ਦੀ ਵਿਚਾਰਧਾਰਾ ਹੈ। ਆਮ ਲੋਕਾਂ ਦਾ ਪੱਖ ਪੂਰਨ ਵਾਲੀ ਇਹ ਵਿਚਾਰਧਾਰਾ ਹਰ ਪ੍ਰਕਾਰ ਦੇ ਦਮਨ ਤੇ ਸ਼ੋਸ਼ਣ ਦੇ ਖ਼ਿਲਾਫ਼ ਅਵਾਜ਼ ਉਠਾਉਂਦੀ ਹੈ।

ਗੁਰੂ ਨਾਨਕ ਸਾਹਿਬ ਦੀ ਮੁਗਲ ਸ਼ਾਸਕ ਬਾਬਰ ਦੇ ਹਮਲੇ ਖ਼ਿਲਾਫ਼ ਕੀਤੀ ਸਖ਼ਤ ਸ਼ਬਦਾਂ ਵਿਚ ਨਿੰਦਾ ਇਤਿਹਾਸਕ ਤੌਰ 'ਤੇ ਇਕੋ ਇਕ ਅਜਿਹਾ ਪ੍ਰਮਾਣ ਹੈ, ਜਿਸ ਵਰਗਾ ਹਵਾਲਾ ਸ਼ਾਇਦ ਹੀ ਹੋਰ ਕਿਧਰੇ ਮਿਲਦਾ ਹੋਵੇ, ਜੋ ਸੱਤਾ ਦੇ ਖ਼ਿਲਾਫ਼ ਸਖ਼ਤ ਸ਼ਬਦਾਂ ਵਿਚ ਸਪੱਸ਼ਟ ਵਿਰੋਧ ਦਰਜ ਕਰਾਉਂਦੀ ਹੈ। ਇਸ ਤਰ੍ਹਾਂ ਬਾਬਰਬਾਣੀ ਇਕੋ ਇਕ ਅਜਿਹੀ ਰਚਨਾ ਬਣ ਜਾਂਦੀ ਹੈ ਜੋ ਸਮੇਂ ਦੇ ਸਮਾਜ ਤੇ ਇਤਿਹਾਸ ਨੂੰ ਦਰਸਾਉਂਦੀ ਹੈ। ਇਸ ਇਤਿਹਾਸਕ ਹਵਾਲੇ ਵਿਚ ਬਾਬਰ ਦੁਆਰਾ ਕੀਤੀ ਗਈ ਹਰ ਤਰ੍ਹਾਂ ਦੀ ਬਰਬਾਦੀ ਦਾ ਵਰਨਣ ਹੈ। ਉੱਤਰ ਆਧੁਨਿਕਤਾ ਦੇ ਅਨੁਸਾਰ **"Text ਨੂੰ ਇਤਿਹਾਸ ਸਥਾਪਤ ਕਰਦਾ ਹੈ ਤੇ ਇਤਿਹਾਸ ਨੂੰ Text ਸਥਾਪਿਤ ਕਰਦੀ ਹੈ।"** ਬਾਬਰ ਬਾਣੀ ਅਜਿਹੀ Text ਹੈ ਜਿਸ ਦੀ ਬਾਗ਼ੀਆਨਾ ਸੁਰ ਸਪੱਸ਼ਟ ਰੂਪ ਵਿਚ ਬਾਬਰ ਦੇ ਵਿਰੁਧ ਅਤੇ ਲੋਧੀਆਂ ਅਸਫ਼ਲਤਾ ਤੇ ਕਾਇਰਤਾ ਨੂੰ ਦਰਸਾਉਂਦੀ ਹੈ। ਜਦ ਗੁਰੂ ਨਾਨਕ ਏਮਨਾਬਾਦ ਵਿਚ ਠਹਿਰੇ ਹੋਏ ਸਨ ਤਾਂ ਬਾਬਰ ਨੇ ਏਮਨਾਬਾਦ 'ਤੇ ਹਮਲਾ ਕਰ ਦਿੱਤਾ। ਖ਼ੂਬ ਲੁੱਟਮਾਰ ਕੀਤੀ ਅਤੇ ਬਹੁਤ ਸਾਰੇ ਲੋਕਾਂ ਨੂੰ ਕੈਦ ਵੀ ਕਰ ਲਿਆ। ਉਸ ਸਮੇਂ ਹਿੰਦੂਆਂ ਮੁਸਲਮਾਨਾਂ ਅਤੇ ਹੋਰ ਫਿਰਕਿਆਂ ਦੀ ਹੋਈ ਦੁਰਦਸ਼ਾ ਅਸਹਿਣਸ਼ੀਲਤਾ ਪੈਦਾ ਕਰਦੀ ਹੈ ਜਿਸ ਉਤੇ ਗੁਰੂ ਨਾਨਕ ਬਾਣੀ ਪ੍ਰਤੀਕਿਰਿਆ ਦਿੰਦੀ ਹੈ :

> ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।
> ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।
> ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥੧॥
> (ਕਰਤਾ ਤੂ ਸਭਨਾ ਦਾ ਸੋਈ।(ਆਸਾ ਮਃ ੧)

ਕਿਸੇ ਵੀ ਸਮਾਜ ਤੇ ਆਰਥਿਕਤਾ ਦੀ ਬਣਤਰ ਵਿਚ ਵੱਖ-ਵੱਖ ਵਿਚਾਰਧਾਰਾਵਾਂ ਆਪਸੀ ਵਿਰੋਧ, ਸੰਘਰਸ਼ ਜਾਂ ਦਵੰਦ ਦੇ ਰਿਸ਼ਤੇ ਵਿਚ ਬੱਝੀਆਂ ਕੰਮ ਕਰਦੀਆਂ ਹਨ। ਇਹ ਵਿਚਾਰਧਾਰਾਵਾਂ ਧਰਮ, ਕੌਮ, ਜ਼ਾਤ, ਫਿਰਕਿਆਂ ਅਤੇ ਵਰਗਾਂ ਦੇ ਆਧਾਰ 'ਤੇ ਵੰਡੇ ਹੋਏ ਮਨੁੱਖੀ ਭਾਈਚਾਰਿਆਂ ਦੇ ਜਿਊਣ-ਢੰਗ ਦਾ ਨਿਰਧਾਰਨ ਕਰਦੀਆਂ ਹਨ। ਭਾਰਤੀ ਇਤਿਹਾਸ ਵਿਚ ਹਿੰਦੂ ਧਰਮ ਸੱਭ ਤੋਂ ਪੁਰਾਣਾ ਧਰਮ ਹੈ। ਵੈਦਿਕ ਪਰੰਪਰਾ ਨੇ ਇਸ ਧਰਮ ਦੇ ਬਾਹਰਲਿਆਂ ਲਈ ਰਾਹ ਬੰਦ ਕਰਕੇ ਇਸਨੂੰ ਵਰਣ ਵੰਡ ਵਿਚ ਬਦਲ ਦਿੱਤਾ ਜਿਸ ਨਾਲ ਮਨੁੱਖ ਦੀ ਅਹਿਮੀਅਤ ਘਟਾ ਕੇ ਧਰਮ ਦੀ ਅਹਿਮੀਅਤ ਨੂੰ ਵਧਾ ਦਿੱਤਾ ਗਿਆ। ਜਿਵੇਂ ਹਿੰਦੂਕੁਸ਼ ਪਰਬਤ ਤੋਂ ਪਾਰ ਜਾਣ ਤੇ ਮਨੁੱਖ ਨੂੰ ਮਲੇਸ਼ ਐਲਾਨ ਦਿੱਤਾ ਜਾਂਦਾ ਸੀ। ਉਹ ਚਾਹ ਕੇ ਵੀ ਹਿੰਦੂ ਧਰਮ ਵਿਚ ਵਾਪਸ ਨਹੀਂ ਆ ਸਕਦਾ ਸੀ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਜਿਹੇ ਸੱਤਾ-ਵਿਹੂਣੇ, ਸਧਾਰਨ ਤੇ ਲਤਾੜੇ ਲੋਕਾਂ ਦੇ ਹੱਕ ਵਿਚ ਖਲੋਂਦੀ ਹੈ। ਆਮ ਲੁਕਾਈ ਦੀ ਇਹ ਵਿਚਾਰਧਾਰਾ ਕਿਸੇ ਵੀ ਕਿਸਮ ਦੇ ਸ਼ੋਸ਼ਣ ਦੇ ਖ਼ਿਲਾਫ਼ ਅਵਾਜ਼ ਬੁਲੰਦ ਕਰਦੀ ਹੈ। ਜੇਕਰ ਵੇਲੇ ਦੀ ਸਥਾਪਿਤ ਵਿਚਾਰਧਾਰਾ ਹਾਕਮ ਸ਼੍ਰੇਣੀ ਦੀ ਚੌਧਰ ਨੂੰ ਬਣਾਈ ਰੱਖਣ ਲਈ ਅਤੇ ਆਪਣੇ ਹਿੱਤਾਂ ਦੀ ਪੂਰਤੀ ਤੱਕ ਸੀਮਤ ਰਹਿੰਦੀ ਹੈ ਤਾਂ ਗੁਰੂ ਨਾਨਕ ਦੀ ਵਿਚਾਰਧਾਰਾ ਇਸ ਦਮਨਕਾਰੀ ਵਿਚਾਰਧਾਰਾ ਨੂੰ ਵੰਗਾਰਦੀ ਅਤੇ ਰੋਹ-ਵਿਦਰੋਹ ਨੂੰ ਜ਼ੁਬਾਨ ਦਿੰਦੀ ਹੈ।

> ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
> ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
> ਹਉ ਭਾਲਿ ਵਿਕੁੰਨੀ ਹੋਈ ਆਧੇਰੈ ਰਾਹੁ ਨ ਕੋਈ॥ ..(ਆਦਿ ਗ੍ਰੰਥ, 145)

ਗੁਰੂ ਨਾਨਕ ਸਾਹਿਬ ਦੀ ਇਹ ਵਿਚਾਰਧਾਰਾ ਜਿਸ ਧਿਰ ਪ੍ਰਤੀ ਰੋਸ ਪ੍ਰਗਟ ਕਰਦੀ ਹੈ, ਉਸ ਧਿਰ ਦੀ ਮੂਲ ਪ੍ਰਵਿਰਤੀ ਲੁੱਟ-ਖਸੁੱਟ ਉਪਰੰਤ ਸਥਾਪਤ ਹੋਣ ਦੀ ਹੈ। ਸੱਤਾ ਹਾਸਲ ਕਰਨਾ ਉਸ ਧਿਰ ਦਾ ਮੂਲ ਮਨੋਰਥ ਹੈ। ਇਸਦਾ ਗੁਰੂ ਨਾਨਕ ਬਾਣੀ ਵਿਚ ਸਪੱਸ਼ਟ ਪ੍ਰਮਾਣ ਮਿਲਦਾ ਹੈ।

> ਜਿਨ ਸਿਰਿ ਸੋਹਨਿ ਪਟੀਆ ਮਾਗੀ ਪਾਇ ਸੰਧੂਰੁ।

ਸੇ ਸਿਰ ਕਾਤੀ ਮੁੰਨੀਅਨਿ, ਗਲ ਵਿਚ ਆਵੈ ਧੂੜਿ।
ਮਹਲਾ ਅੰਦਰਿ ਹੋਦੀਆ ਹੁਣ ਬਹਣਿ ਨ ਮਿਲਨਿ ਹਦੂਰ ॥੨॥
ਆਦੇਸੁ ਬਾਬਾ ਆਦੇਸੁ ॥
ਆਦਿ ਪੁਰਖ ਤੇਰਾ ਅੰਤ ਨ ਪਾਇਆ ਕਰਿ ਕਰਿ ਵੇਖਹਿ ਵੇਸ ॥੨॥ਰਹਾਉ ॥
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ।
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ।
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ।।੨॥.... (ਰਾਗ ਆਸਾ ਮ: ੧ ਅਸਟਪਦੀਆ)
ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ।
ਸਾਹਾਂ ਸੁਮੰਤ ਗਵਾਈਆ ਰੰਗ ਤਮਾਸੇ ਚਾਇ।
ਬਾਬਰ ਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥੫॥ (ਰਾਗ ਆਸਾ ਮ: ੧ ਅਸਟਪਦੀਆ)

ਉਪਰੋਕਤ ਬਾਣੀ ਤੋਂ ਉਸ ਸਮੇਂ ਦਾ ਸਭਿਆਚਾਰਕ ਚਿੱਤਰ ਮਿਲ ਜਾਂਦਾ ਹੈ। ਖਾਨ-ਪਾਨ ਅਤੇ ਇਸਤਰੀਆਂ ਦੀ ਵੇਸ਼ਭੂਸ਼ਾ ਦਾ ਦ੍ਰਿਸ਼ ਸਾਕਾਰ ਹੁੰਦਾ ਹੈ। ਬਾਬਰ ਦੇ ਜ਼ੁਲਮ ਦੀ ਤਸਵੀਰ ਅੱਖਾਂ ਅੱਗੇ ਫਿਰ ਜਾਂਦੀ ਹੈ। ਲੋਧੀ ਵੰਸ਼ ਦੀ ਨਿਰਬਲਤਾ ਅਤੇ ਐਸ਼ਪ੍ਰਸਤੀ ਦਾ ਚਿੱਤਰ ਵੀ ਅੱਖਾਂ ਅੱਗੇ ਸਾਕਾਰ ਹੁੰਦਾ ਹੈ।

ਬਾਬਰ ਦੇ ਹਮਲੇ ਤੋਂ ਪਹਿਲਾਂ ਦਾ ਯੁੱਗ ਵੀ ਕੋਈ ਚੰਗੀ ਹਾਲਤ ਵਾਲਾ ਨਹੀਂ ਸੀ। ਪਿੱਛੇ ਕੀਤੇ ਗਏ ਜ਼ਿਕਰ ਅਨੁਸਾਰ ਸ਼ਾਸਕ ਵਰਗ ਅਤੇ ਧਨਵਾਨ ਲੋਕਾਂ ਵਿਚ ਹੰਕਾਰ ਭਰਿਆ ਹੋਇਆ ਸੀ। ਮਾਲ-ਦੌਲਤ ਰੂਪ-ਜਵਾਨੀ ਤੇ ਬਹੁ ਪਰਿਵਾਰ ਨੇ ਅਮੀਰਾਂ ਨੂੰ ਅੰਨ੍ਹਾ ਕੀਤਾ ਹੋਇਆ ਸੀ। ਬਾਬਰ ਦੇ ਹਮਲੇ ਤੋਂ ਬਾਅਦ ਇਸ ਸਮਾਜ ਦੀ ਤਸਵੀਰ ਹੋਰ ਦਮਨਕਾਰੀ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਸੱਤਾ ਵਿਹੂਣੇ ਵਰਗਾਂ ਤੇ ਸੁਧਾਰ ਲੋਕਾਂ ਦੀ ਵਿਚਾਰਧਾਰਾ ਹੈ। ਇਹ ਵਿਚਾਰਧਾਰਾ ਆਮ ਲੁਕਾਈ ਦਾ ਪੱਖ ਪੂਰਦੀ ਹੋਈ ਹਰ ਕਿਸਮ ਦੇ ਸ਼ੋਸ਼ਣ ਦੇ ਖ਼ਿਲਾਫ਼ ਅਵਾਜ਼ ਬੁਲੰਦ ਕਰਦੀ ਹੈ। ਇਸ ਵਿਚ ਮੁਗ਼ਲ ਸਾਮੰਤਵਾਦ ਦੀਆਂ ਕੱਟੜ ਮਜ਼ਹਬੀ ਨੀਤੀਆਂ ਅਤੇ ਆਰਥਿਕ ਲੁੱਟ-ਖਸੁੱਟ ਦਾ ਡਟ ਕੇ ਵਿਰੋਧ ਕੀਤਾ ਗਿਆ ਹੈ। ਬ੍ਰਾਹਮਣਵਾਦੀ ਕਰਮਕਾਂਡਾਂ ਅਤੇ ਮਨੂੰਵਾਦੀ ਜਾਤੀ ਪ੍ਰਬੰਧ ਦਾ ਵੀ ਖੰਡਨ ਕਰਦੀ ਇਹ ਵਿਚਾਰਧਾਰਾ ਸ਼ੋਸ਼ਿਤ ਵਰਗ ਦੇ ਹੱਕ ਵਿਚ ਪੁੱਗਦੀ ਹੈ। ਭਾਈ ਗੁਰਦਾਸ ਨੇ ਇਸਦਾ ਖ਼ੂਬ ਵਰਨਣ ਕੀਤਾ ਹੈ।

ਕਲਿ ਕਾਤੀ ਕੁਤੇ ਮੁਹੀ ਖਾਜ ਹੋਇਆ ਮੁਰਦਾਰ ਗੁਸਾਈਂ।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨ ਕੂੜੁ ਕੁਸਤਿ ਮੁਖਹੁ ਆਲਾਈ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤ ਬਿਧਿ ਭਾਈ।
ਸੇਵਕੁ ਬੈਠਨ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।
ਕਾਜੀ ਹੋਇ ਰਿਸ਼ਵਤੀ ਵਢੀ ਲੈਕੇ ਹਕ ਗਵਾਈ।
ਇਸਤ੍ਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ।
ਵਰਤਿਆ ਪਾਪ ਸਭਸ ਜੁਗ ਮਾਹੀ। (ਭਾਈ ਗੁਰਦਾਸ ਵਾਰ-੨ ਪਉੜੀ 30)

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਮਕਾਲੀ ਸਥਿਤੀਆਂ ਬਾਰੇ ਜਿਸ ਪ੍ਰਕਾਰ ਦੇ ਸਵਾਲ ਚੁੱਕੇ ਹਨ (ਜਿਵੇਂ - ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ- ਆਦਿ ਗ੍ਰੰਥ ਪੰਨਾ 469) ਉਨ੍ਹਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਵੇਲੇ ਦਾ ਸਾਮੰਤਵਾਦੀ ਨਿਜ਼ਾਮ ਇਸ ਵੇਲੇ ਦੇ ਬਰਾਸਤਾ ਲੋਕਤੰਤਰ ਕਾਰਪੋਰੇਟ ਨਾਲੋਂ ਬਹੁਤਾ ਵੱਖਰਾ ਨਹੀਂ ਸੀ। ਅੱਜ ਦੇ ਸਮੇਂ ਵੀ ਸਧਾਰਨ ਲੋਕਾਂ ਅੰਦਰ ਅਵਿਸ਼ਵਾਸ ਦੀ ਭਾਵਨਾ ਪਸਰੀ ਹੋਈ ਹੈ, ਸਹਿਣਸ਼ੀਲਤਾ ਲਗਭਗ ਨਾ ਦੇ ਬਰਾਬਰ ਹੈ। ਜਿਵੇਂ-ਜਿਵੇਂ ਵਿਸ਼ਵੀਕਰਨ ਹੋ ਰਿਹਾ ਹੈ ਤਿਵੇਂ-ਤਿਵੇਂ ਦੁਨੀਆਂ ਦੇ ਵੱਖ-ਵੱਖ ਸਮਾਜਾਂ ਤੇ ਦੇਸ਼ਾਂ ਵਿਚ ਕਈ ਪ੍ਰਕਾਰ ਦੇ ਪਰਿਵਰਤਨ ਵਾਪਰ ਰਹੇ ਹਨ। ਜੇਕਰ ਸੰਵਾਦ ਪੈਦਾ ਹੋ ਰਿਹਾ ਹੈ ਤਾਂ ਕਈ ਚੁਣੌਤੀਆਂ ਵੀ ਪੈਦਾ ਹੋ ਰਹੀਆਂ ਹਨ। ਅਸਮਾਨਤਾ (ਵਰਨ, ਵਰਗ, ਜਾਤੀ, ਧਰਮ, ਨਸਲ ਵੰਡਾਂ) ਤੇ ਗਰੀਬੀ ਨਾਲ ਸੰਘਰਸ਼ ਤਰੱਕੀ ਦੇ ਰਾਹ ਵਿਚ ਰੁਕਾਵਟ ਪੈਦਾ ਕਰਦਾ ਹੈ ਤੇ ਉਸਦੀ ਗਤੀ ਧੀਮੀ ਕਰਦਾ ਹੈ। ਜਦਕਿ ਨਿਸ਼ਚਿਤ ਤੌਰ 'ਤੇ ਜੇਕਰ ਕਿਧਰੇ ਲੋਕਤੰਤਰ ਹੈ ਤਾਂ ਉਸ ਦੇਸ਼ ਵਿਚ ਵੱਖ-ਵੱਖ ਵਿਚਾਰਧਾਰਾਵਾਂ ਪ੍ਰਵਾਨਿਤ ਹੋਣੀਆਂ ਚਾਹੀਦੀਆਂ ਹਨ।

ਅੱਜ ਅਸੀਂ ਜਿਸ ਜਗ੍ਹਾ ਪਹੁੰਚ ਚੁੱਕੇ ਹਾਂ ਜਿਥੇ ਮੁੱਖ ਧਾਰਾ ਤੋਂ ਵੱਖਰੇ ਦ੍ਰਿਸ਼ਟੀਕੋਣ ਨੂੰ ਕਰੋਧ ਦੀ ਭਾਵਨਾ ਨਾਲ

ਵੇਖਿਆ ਜਾਂਦਾ ਹੈ। ਅਜਿਹੇ ਦ੍ਰਿਸ਼ਟੀਕੋਣ ਨੂੰ ਉੱਚੀ ਸੁਰ ਵਿਚ ਦਬਾਉਣ ਦਾ ਯਤਨ ਕੀਤਾ ਜਾਂਦਾ ਹੈ। ਇਹ ਬੰਦਸ਼ਾਂ ਏਨੀ ਤੇਜ਼ੀ ਨਾਲ ਫ਼ੈਲਦੀਆਂ ਹਨ ਜਿਵੇਂ ਕੋਈ ਛੂਤ ਦਾ ਰੋਗ ਫੈਲਦਾ ਹੈ।

ਪਿਛਲੇ ਕੁਝ ਸਾਲਾਂ ਤੋਂ ਅੱਤਵਾਦ, ਹਿੰਸਾ, ਰੰਗਭੇਦ, ਨਫ਼ਰਤ ਵਰਗੀਆਂ ਕਈ ਗਤੀਵਿਧੀਆਂ ਨਿਰੰਤਰ ਸਾਹਮਣੇ ਆ ਰਹੀਆਂ ਹਨ। ਇਹ ਸਥਿਤੀਆਂ ਅਸਹਿਣਸ਼ੀਲਤਾ ਨੂੰ ਜਨਮ ਦਿੰਦੀਆਂ ਹਨ। ਅਜਿਹੀ ਅਸਹਿਣਸ਼ੀਲਤਾ ਦੀ ਵੀ ਕੋਈ ਇਕ ਪ੍ਰਕਾਰ ਨਹੀਂ ਹੁੰਦੀ। **ਹਰਬੰਸ ਖਜੂਰੀਆ ਇਸਨੂੰ ਕਈ ਕਿਸਮਾਂ ਵਿਚ ਵੰਡ ਕੇ ਵੇਖਦਾ ਹੈ। ਭਾਈਚਾਰਕ ਦਵੰਦ ਤੇ ਅਸਹਿਣਸ਼ੀਲਤਾ, ਧਾਰਮਿਕ ਅਸਹਿਣਸ਼ੀਲਤਾ, ਵਿਚਾਰਧਾਰਕ ਅਸਹਿਣਸ਼ੀਲਤਾ, ਸਮਾਜਕ/ ਆਰਥਿਕ ਹੈਸੀਅਤ ਕਰਕੇ ਪੈਦਾ ਹੁੰਦੀ ਅਸਹਿਣਸ਼ੀਲਤਾ ਤੇ ਇਥੋਂ ਤੱਕ ਕਿ ਜਾਤੀ, ਭਾਸ਼ਾ ਤੇ ਖਿੱਤੇ 'ਤੇ ਆਧਾਰਿਤ ਅਸਹਿਣਸ਼ੀਲਤਾ** (Speaking tree.in) ਸਮਾਜਕ ਤੰਗਦਿਲੀ ਉਨ੍ਹਾਂ ਵਿਚਾਰਾਂ ਦੀ ਅਭਿਵਿਅਕਤੀ ਨੂੰ ਅਸਵੀਕਾਰ ਕਰਦੀ ਹੈ ਜੋ ਪਰੰਪਰਕ ਗਿਆਨ ਨੂੰ ਚੁਣੌਤੀ ਦਿੰਦੇ ਹੋਣ। ਨਤੀਜੇ ਵਜੋਂ ਕਈ ਦੇਸ਼ਾਂ ਵਿਚ ਧਰਮ, ਘੱਟ ਗਿਣਤੀ, ਸ਼ਰਨਾਰਥ ਅਤੇ ਪਰਵਾਸ ਨਾਲ ਸਬੰਧਿਤ ਮਾਨਵ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ। ਭਾਰਤ ਦੀ ਸਥਿਤੀ ਸੱਭ ਤੋਂ ਸ਼ਰਮਨਾਕ ਹੈ।

ਮਾਨਵ ਅਧਿਕਾਰਾਂ ਦੀ ਰਾਖੀ ਕਰਦਿਆਂ ਗੁਰੂ ਨਾਨਕ ਸਥਾਪਤੀ ਨਾਲ ਵਿਰੋਧ ਪ੍ਰਗਟ ਕਰਦੇ ਹਨ। ਉਨ੍ਹਾਂ ਦੀ ਬਾਣੀ ਵਿਚੋਂ ਅਜਿਹੇ ਸਮਾਜ ਦਾ ਸੰਕਲਪ ਉੱਭਰਦਾ ਹੈ, ਜੋ ਹੱਕ, ਸੱਚ ਤੇ ਇਨਸਾਫ਼ 'ਤੇ ਖੜ੍ਹਾ ਹੋਵੇ। ਜਿਥੇ ਰਾਜੇ ਕਸਾਈ ਨਾ ਹੋਣ ਅਤੇ ਪ੍ਰਜਾ ਗਿਆਨ ਵਿਹੂਣੀ ਨਾ ਹੋਵੇ।

ਪਿਛਲੇ ਕੁਝ ਸਾਲਾਂ ਤੋਂ ਅਸਹਿਣਸ਼ੀਲਤਾ ਦੇ ਹਵਾਲੇ ਨਾਲ ਕਈ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਨੇ ਮਾਨਵ ਅਧਿਕਾਰਾਂ ਨੂੰ ਸ਼ਰਮਿੰਦਾ ਕੀਤਾ ਹੈ। **'ਜਿਹੋਵਾ ਵਿਟਨੈੱਸ ਫੇਥ' ਜਿਸ ਵਿਚ ਸਬੰਧਤ ਵਿਦਿਆਰਥੀਆਂ ਨੂੰ ਮੁੱਖ ਧਾਰਾ ਤੋਂ ਵੱਖਰੀ, ਵਿਚਾਰਧਾਰਾ ਰੱਖਣ ਕਰਕੇ ਬਿਨਾਂ ਕਿਸੇ ਪਰਮਾਣ ਦੇ ਸਕੂਲੋਂ ਕੱਢ ਦਿੱਤਾ ਗਿਆ। ਦਾਦਰੀ ਵਿਚ ਇਕ ਨੌਜਵਾਨ ਨੂੰ ਕੁਝ ਲੋਕਾਂ ਨੇ ਮਿਲਕੇ ਇਸ ਲਈ ਮਾਰ ਦਿੱਤਾ ਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਉਹ ਗਊ ਮਾਸ ਦੀ ਵਰਤੋਂ ਕਰਦਾ ਹੈ।** ਇਸ ਘਟਨਾ ਤੋਂ ਜੋ ਸਥਿਤੀ ਪੈਦਾ ਹੋਈ ਉਸਦੇ ਵਿਰੋਧ ਵਿਚ ਭਾਰਤੀ ਅੰਗਰੇਜ਼ੀ ਲੇਖਕ ਨਯਨਤਾਰਾ ਸਹਿਗਲ ਨੇ ਆਪਣਾ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਾਪਸ ਕੀਤਾ, ਫਿਰ ਇਹ ਸਿਲਸਿਲਾ ਤੁਰ ਪਿਆ ਤੇ ਕਈ ਲੇਖਕਾਂ ਤੇ ਸਾਹਿਤਕਾਰਾਂ ਨੇ ਆਪਣੇ ਸਨਮਾਨ ਵਾਪਸ ਕੀਤੇ।

ਜਿਸ ਵਿਅਕਤੀਗਤ ਸੁਤੰਤਰਤਾ ਨੂੰ ਗੁਰੂ ਨਾਨਕ ਸਾਹਿਬ ਨੇ ਬਾਣੀ ਦੇ ਮਾਡਲ ਵਜੋਂ ਦਿੱਤਾ ਉਸੇ ਦਾ ਭਾਰਤੀ ਸੰਵਿਧਾਨ ਹਾਮੀ ਹੈ। ਗੁਰੂ ਨਾਨਕ ਅਜਿਹੇ ਧਾਰਮਿਕ ਵਰਤਾਰੇ ਦੇ ਕੱਟੜ ਵਿਰੋਧੀ ਸਨ ਜੋ ਮਾਨਵੀ ਅਧਿਕਾਰਾਂ ਦਾ ਹਨਨ ਕਰਦਾ ਹੈ। ਉਹ ਧਾਰਮਿਕ ਅਜ਼ਾਦੀ ਤੇ ਬਹੁਵਿਧ ਧਾਰਮਿਕ ਵਿਵਸਥਾ ਦੇ ਹਾਮੀ ਸਨ।

ਗੁਰੂ ਨਾਨਕ ਯੁੱਗ ਨੂੰ ਇਤਿਹਾਸਕਾਰਾਂ ਨੇ ਹਿੰਦੂ, ਮੁਸਲਮਾਨ ਸਮਨਵਯ ਦਾ ਯੁੱਗ ਵੀ ਆਖਿਆ ਹੈ। **'ਇਸ ਯੁੱਗ ਵਿਚ ਸੂਫ਼ੀ ਆਪਣੇ ਪੁਰਾਤਨ ਇਸਲਾਮਿਕ ਵਿਰਸੇ ਦੀ ਪੁਨਰ ਵਿਆਖਿਆ ਕਰ ਰਹੇ ਸਨ ਅਤੇ ਦੂਸਰੇ ਪਾਸੇ ਸੰਤ ਭਗਤ ਆਪਣੇ ਪੁਰਾਤਨ ਹਿੰਦੂ ਵਿਰਸੇ ਦਾ ਰੂਪਾਂਤਰ ਕਰ ਰਹੇ ਸਨ। ਇਸ ਸੁਮੇਲ ਨਾਲ ਜੋ ਦੌਰ ਆਰੰਭ ਹੋਇਆ ਉਸਨੇ ਇਕ ਵਿਸ਼ੇਸ਼ ਪ੍ਰਕਾਰ ਦੇ ਸਰਬ ਸਾਂਝੇ ਸਭਿਆਚਾਰ ਨੂੰ ਵਿਕਸਿਤ ਕਰਨ ਦੀ ਨੀਂਹ ਰੱਖੀ।'** (ਡਾ: ਜਗਬੀਰ ਸਿੰਘ, ਗੁਰੂ ਨਾਨਕ ਬਾਣੀ ਵਿਚ ਸਭਿਆਚਾਰਕ ਕ੍ਰਾਂਤੀ, ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਪੰਨਾ-357)

ਗੁਰੂ ਨਾਨਕ ਦੇਵ ਜੀ ਦੀ ਬਾਣੀ ਖਿਮਾ, ਸਹਿਣਸ਼ੀਲਤਾ, ਪਰਉਪਕਾਰ, ਪ੍ਰੇਮ, ਧੀਰਜ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਦਿੰਦੀ ਹੈ। ਉਨ੍ਹਾਂ ਦੀ ਇਸ ਭਾਵਨਾ ਸਵਰੂਪ ਵਿਚ ਸਰਬ-ਸਾਂਝੇ ਗੁਰੂ ਹਨ। ਉਨ੍ਹਾਂ ਨੂੰ ਉਨ੍ਹਾਂ ਦੀ ਵਿਚਾਰਧਾਰਾ ਸਦਕਾ ਹਿੰਦੂਆਂ-ਮੁਸਲਮਾਨਾਂ, ਰਿਸ਼ੀਆਂ-ਮੁਨੀਆਂ, ਸਾਧੂ-ਸੰਤਾਂ ਅਤੇ ਸੂਫ਼ੀਆਂ ਨੇ ਸਰਵੋਚ ਸਨਮਾਨ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿਚ ਸਹਿਣਸ਼ੀਲਤਾ ਦੀ ਉੱਤਮਤਾ ਦਾ ਵਖਿਆਨ ਕਰਦੇ ਹਨ , ਜਿਸਨੂੰ ਆਪਣਾਕੇ ਚੱਲਣ ਵਿਚ ਹੀ ਸਰਬੱਤ ਦਾ ਭਲਾ ਤੇ ਸ਼ਾਂਤੀ ਦਾ ਪਸਾਰਾ ਹੋ ਸਕਦਾ ਹੈ।

ਜਤੁ ਪਹਾਰਾ ਧੀਰਜੁ ਸੁਨਿਆਰੁ। ਅਹਰਣਿ ਮਤਿ ਵੇਦੁ ਹਥਿਆਰੁ।<br>
ਭਉ ਖਲਾ ਅਗਨਿ ਤਪਤਾਉ। ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ।<br>
ਘੜੀਐ ਸਬਦ ਸਚੀ ਟਕਸਾਲ। (ਪਾਉੜੀ 38, ਜਪੁਜੀ ਸਾਹਿਬ)

ਵ

ਸੰਪਰਕ : 99142-11422

# ਦੰਡਕਾਰਣ

*ਵਿਸਥਾਪਨ 3*

ਅਗਲੇ ਪੈਰ੍ਹਾਗ੍ਰਾਫ਼ ਵਿਚ ਜਿਹੜਾ ਵਾਕਿਆ ਦਰਜ ਹੈ ਉਹ ਮੈਂ 2011 ਅਗਸਤ ਦੇ ਆਖ਼ਰੀ ਦਿਨੀਂ ਆਪਣੀ ਡਾਇਰੀ ਵਿਚ ਲਿਖਿਆ ਸੀ। ਉਸ ਦਾ ਇਕ ਡਰਾਫ਼ਟ 30 ਅਕਤੂਬਰ ਦੇ ਜਨਸੱਤਾ ਵਿਚ ਮੇਰੇ ਕਾਲਮ 'ਨਕਸਲ ਡਾਇਰੀ' ਵਿਚ ਵੀ ਛਪਿਆ ਸੀ। ਉਸ ਨੂੰ ਲਿਖਦੇ ਸਮੇਂ ਮੈਨੂੰ ਉਸ ਸੂਬੇ ਵਿਚ ਆਏ ਸਿਰਫ਼ ਇਕ ਹਫ਼ਤਾ ਹੀ ਬੀਤਿਆ ਸੀ। ਰਾਇਪੁਰ ਤੋਂ ਬਾਹਰ ਇਹ ਮੇਰੀ ਪਹਿਲੀ ਯਾਤਰਾ ਸੀ। ਅੱਜ ਛੇ ਵਰ੍ਹੇ ਬਾਅਦ ਪੁਰਾਣੀਆਂ ਡਾਇਰੀਆਂ ਨੂੰ ਫਰੋਲਦੇ ਹੋਏ ਬਸਤਰ ਕਥਾ ਦਾ ਆਖ਼ਰੀ ਡਰਾਫ਼ਟ ਤਿਆਰ ਕਰ ਰਿਹਾ ਹਾਂ ਅਤੇ ਹੈਰਾਨ ਹਾਂ ਕਿ ਬਸਤਰ ਤੋਂ ਪਹਿਲਾਂ ਹੀ ਇਨਸਾਨ ਦੀਆਂ ਅੱਖਾਂ ਵਿਚ ਮੈਨੂੰ ਇਸ ਜੰਗਲ ਦਾ ਸਭ ਤੋਂ ਵਿਸ਼ਾਲ, ਬਹੁਤ ਵੱਡਾ ਅਤੇ ਡਰਾਉਣਾ ਸੱਚ ਕਿਵੇਂ ਦਿਖਾਈ ਦੇ ਗਿਆ। ਆਪਣੀ ਪਹਿਲੀ ਹੀ ਬਸਤਰ ਯਾਤਰਾ 'ਚ ਆਖ਼ਰ ਕਿਵੇਂ ਇਹ ਲਿਖ ਦਿੱਤਾ ਕਿ ਫਰੇਬ ਆਦਿਵਾਸੀ ਦੀ ਕੁਦਰਤੀ ਲੋੜ ਬਣ ਗਿਆ ਹੈ। ਕੀ ਬਸਤਰ ਦਾ ਜੰਗਲ ਮੇਰੇ ਉੱਤੇ ਇਲਹਾਮ ਵਾਂਗ ਵਰ੍ਹਿਆ ਸੀ?

23 ਅਗਸਤ 2011, ਪਿੰਡ ਭੱਦਰਕਾਲੀ, ਬੀਜਾਪੁਰ ਜ਼ਿਲ੍ਹਾ।

ਪਹਿਲਾਂ ਕਾਰ, ਫੇਰ ਬਾਈਕ ਅਤੇ ਅੰਤ ਵਿਚ ਕਿਸ਼ਤੀ ਦੁਆਰਾ ਨਦੀ ਪਾਰ ਕਰ ਆਂਧਰਾ ਪ੍ਰਦੇਸ਼ ਦੀ ਸਰਹੱਦ ਛੂੰਹਦਿਆਂ ਇਸ ਜੰਗਲ ਤਕ ਪਹੁੰਚਿਆ, ਜਿਥੇ 19 ਅਗਸਤ ਨੂੰ ਨਕਸਲੀ ਹਮਲੇ ਵਿਚ ਇਕ ਪੇਂਡੂ ਅਤੇ ਦਸ ਜਵਾਨ ਮਰੇ ਸਨ। ਲਾਸ਼ਾਂ ਅਠਾਰਾਂ ਘੰਟਿਆਂ ਤਕ ਚਿੱਕੜ ਅਤੇ ਮੀਂਹ ਵਿਚ ਪਈਆਂ ਰਹੀਆਂ ਕਿਉਂਕਿ ਦੁਬਾਰਾ ਹਮਲੇ ਦੇ ਡਰੋਂ ਪੁਲਿਸ ਆਪਣੇ ਸਾਥੀਆਂ ਨੂੰ ਚੁੱਕਣ ਨਹੀਂ ਗਈ। ਪਿੰਡ ਵਾਲੇ ਖ਼ੁਦ ਹੀ ਲਾਸ਼ਾਂ ਨੂੰ ਅਗਲੀ ਸਵੇਰ ਬੈਲ-ਗੱਡੀ ਵਿਚ ਲੱਦ ਲੈ ਕੇ ਆਏ।

ਉਹ ਭੋਪਾਲ ਪਟਨਮ ਵਿਚ ਛੋਟਾ ਜਿਹਾ ਕਾਰੋਬਾਰ ਕਰਦਾ ਸੀ। ਲਗਭਗ ਪੰਜਾਹ ਵਰ੍ਹਿਆਂ ਦੀ ਉਮਰ ਦਾ ਬਤੌਰ ਪੁਲਿਸ ਮੁਖਬਰ ਮੈਨੂੰ ਮਿਲਿਆ। ਮੈਨੂੰ ਥਾਣੇ ਲੈ ਗਿਆ। ਸਿਪਾਹੀਆਂ ਨਾਲ ਮੇਰੀ ਜਾਣ-ਪਛਾਣ ਕਰਵਾਈ। ਜੰਗਲ ਅਤੇ ਪਹਾੜੀਆਂ ਨਾਲ ਘਿਰੇ ਉਸ ਕਸਬੇ ਦੇ ਫਾਰੈਸਟ ਰੈਸਟ ਹਾਊਸ ਵਿਚ ਮੇਰੇ ਠਹਿਰਣ ਦਾ ਪ੍ਰਬੰਧ ਵੀ ਕੀਤਾ। ਮੈਨੂੰ ਕਿਸੇ ਵੀ ਖ਼ਤਰੇ ਤੋਂ ਬੇਫ਼ਿਕਰ ਰਹਿਣ ਦਾ ਭਰੋਸਾ ਵੀ ਦਿੱਤਾ। ਦੂਜੀ ਸ਼ਾਮ ਉਸਦੇ ਲਾਅਨ ਅਤੇ ਉਸ ਦੇ ਚਸ਼ਮੇ ਦੇ ਪਿੱਛੇ ਲਕੀਰਾਂ ਬਦਲਣ ਲੱਗੀਆਂ। ਆਵਾਜ਼ ਦਾ ਰੰਗਣ ਵੀ। ਨਫ਼ਰਤ ਦੀ ਸਰਹੱਦ 'ਤੇ ਟਿਕੀ ਖਾਖੀ ਵਿਰੁੱਧ ਉਸ ਦੀ ਬੇਰੁਖੀ ਬਾਹਰ ਆ ਖਿੱਲਰ ਗਈ। ਇਸ ਵਾਰ ਉਹ ਮੈਨੂੰ ਪੁਲਸ ਦੁਆਰਾ ਸਤਾਇਆ ਜਬਰਦਸਤੀ ਮੁਖਬਰ ਬਣਾਇਆ ਗਿਆ ਕੋਈ ਸਧਾਰਨ ਆਦਮੀ ਲੱਗਿਆ। ਮੈਂ ਸੁਣਿਆ ਸੀ ਕਿ ਪੁਲਸ ਜਬਰਦਸਤੀ ਸਥਾਨਕ ਲੋਕਾਂ ਨੂੰ ਮੁਖਬਰ ਬਣਾਉਂਦੀ ਹੈ।

ਪਰ ਨਹੀਂ। ਉਸ ਦੀ ਆਵਾਜ਼ ਉਸ ਦੇ ਚਿਹਰੇ ਵਾਂਗ ਹੀ ਦੋ-ਰੰਗੀ ਸੀ। ਉਹ ਥਾਣੇਦਾਰ ਦੇ ਸਾਹਮਣੇ ਉਸ ਦਾ ਖ਼ਾਸ ਆਦਮੀ ਸੀ ਪਰ ਕੁਝ ਦੇਰ ਬਾਅਦ ਉਸ ਦੀਆਂ ਆਂਦਰਾਂ ਵਿਚ 'ਨਕਸਲੀ ਪੀਰਾਂ' ਲਈ



# ਮੌਤ ਕਥਾ

## ਆਸ਼ੂਤੋਸ਼ ਭਾਰਦਵਾਜ

ਅਨੁਵਾਦ : *ਨਛੱਤਰ*

ਆਸ਼ੂਤੋਸ਼ ਭਾਰਦਵਾਜ ਨੇ ਅਗਸਤ 2011 ਤੋਂ ਸਤੰਬਰ 2015 ਤਕ ਇੰਡੀਅਨ ਐਕਸਪ੍ਰੈਸ ਦੇ ਲਈ ਮੱਧ ਭਾਰਤ ਦੇ ਮਾਓਵਾਦੀ ਇਲਾਕਿਆਂ ਦੀ ਖ਼ਬਰ ਨਵੀਸੀ ਕੀਤੀ ਸੀ। ਉਸ ਨੇ ਫ਼ਰਜ਼ੀ ਮੁਕਾਬਲੇ, ਆਦਿਵਾਸੀ ਸੰਘਰਸ਼, ਮਾਓਵਾਦੀ ਵਿਦਰੋਹ ਬਾਰੇ ਲਗਾਤਾਰ ਲਿਖਿਆ, ਜਿਸ ਲਈ ਉਸ ਨੂੰ ਖ਼ਬਰ ਨਵੀਸੀ ਦੇ ਬਹੁਤ ਸਾਰੇ ਸਨਮਾਨ ਮਿਲੇ। ਇਸੇ ਦੌਰਾਨ ਉਸ ਨੇ ਅਣਗਿਣਤ ਦਿਨ ਅਤੇ ਰਾਤਾਂ ਮਾਓਵਾਦੀਆਂ, ਸੁਰੱਖਿਆ ਦਸਤਿਆਂ ਅਤੇ ਉਨ੍ਹਾਂ ਦੇ ਅਖੌਤੀ ਮੁਖਬਰਾਂ ਦੇ ਨਾਲ ਸੰਘਣੇ ਜੰਗਲਾਂ ਵਿਚ ਸਥਿਤ ਉਨ੍ਹਾਂ ਦੇ ਖ਼ੁਫ਼ੀਆ ਅੱਡਿਆਂ ਉੱਤੇ ਬੰਦੂਕਾਂ ਅਤੇ ਬਾਰੂਦੀ ਸੁਰੰਗਾਂ ਦੇ ਵਿਚਕਾਰ ਗੁਜ਼ਾਰੇ ਸਨ। ਜਿਥੇ ਜੀਵਨ ਅਤੇ ਮੌਤ ਦਾ ਫ਼ਰਕ ਸਿਰਫ਼ ਇਕ ਸੰਜੋਗ ਰਹਿ ਜਾਂਦਾ ਹੈ। ਜਿਥੇ ਮਹੂਆ ਅਤੇ ਤਾੜੀ ਸਰੂਰ ਨਹੀਂ ਸਗੋਂ ਬਦਲੇ ਦਾ ਰੂਪਕ ਬਣਦੇ ਹਨ। ਦੋ ਵਰ੍ਹਿਆਂ ਬਾਅਦ ਉਹ ਪਿੱਛੇ ਮੁੜ ਕੇ ਦੇਖਦਾ ਹੈ। ਆਪਣੀਆਂ ਪੁਰਾਣੀਆਂ ਡਾਇਰੀਆਂ ਅਤੇ ਖ਼ਬਰਾਂ ਫਰੋਲਦਾ ਹੈ। ਆਪਣੇ ਧੁਰ ਅੰਦਰ ਦਰਜ ਲਹੂ ਦੀਆਂ ਅਣਗਿਣਤ ਕਥਾਵਾਂ ਵਰਤਮਾਨ ਦੀਆਂ ਉਂਗਲਾਂ ਨਾਲ ਪਲਟਦਾ ਹੈ ਅਤੇ ਇਹ ਹਾਸਲ ਕਰਦਾ ਹੈ ਕਿ ਇਹ ਵਕਫ਼ਾ ਮੌਤ ਨੂੰ ਦੇਖਣ ਦੀ ਇਕ ਨਵੀਂ ਦ੍ਰਿਸ਼ਟੀ ਦਿੰਦਾ ਹੈ, ਪਿਛਲੀ ਨਜ਼ਰ ਅਤੇ ਦਰਜ ਹੋਏ ਸ਼ਬਦਾਂ ਦਾ ਇਸਲਾਹ ਵੀ ਕਰਦਾ ਹੈ। ਮੌਤ ਦੇ ਇਸਲਾਹ ਦੀ ਇਹ ਦੂਜੀ ਕਿਸ਼ਤ...।

ਮਿੱਠਾ ਮਿੱਠਾ ਦਰਦ ਵੀ ਸੀ। ਉਸ ਨੂੰ ਜੰਗਲ ਅੰਦਰ ਜਾਣ ਦੇ ਸਾਰੇ ਰਸਤੇ ਪਤਾ ਸਨ, ਜਿਹੜੇ ਉਹ ਮੈਨੂੰ ਦਿਖਾਉਂਦਾ ਸੀ ਪਰ ਜੰਗਲ ਵਿਚ ਨਕਸਲੀਆਂ ਦੇ ਵਿਚਕਾਰ ਉਸ ਨੂੰ ਚਾਚੇ ਦੇ ਪੁੱਤ ਸਿਪਾਹੀਆਂ ਦੀ ਯਾਦ ਆਉਣ ਵਾਲੀ ਸੀ।

ਉਹ ਇਸ ਪ੍ਰਜਾਤੀ ਦਾ ਅਜਿਹਾ ਇਕੱਲਾ ਨਹੀਂ ਸੀ। ਇਹ ਸੱਚ ਹੈ ਕਿ ਕਿਸੇ ਮੁਖਬਰ ਜਾਂ ਜਾਸੂਸਾਂ ਦੇ ਦੋਵੇਂ ਕੈਂਪਾਂ ਵਿਚ ਸੰਪਰਕ ਸੰਬੰਧ ਹੁੰਦੇ ਹਨ। ਦੋਵੇਂ ਦਲਾਂ ਵਿਚ ਉਹ ਡੂੰਘੀ ਤਰ੍ਹਾਂ ਘੁਲਿਆ ਮਿਲਿਆ ਉਨ੍ਹਾਂ ਤੋਂ ਦਾਣਾ-ਪਾਣੀ, ਹਫ਼ਤਾ, ਮਹੀਨਾ ਲੈਂਦਾ ਹੈ ਪਰ ਉਸ ਦਾ ਵਿਚਾਰਕ-ਭਾਵਨਾਤਮਕ ਲਗਾਓ ਨਿਸ਼ਚਤ ਹੈ। ਉਹ ਕਿਸੇ ਇਕ ਗੁੱਟ ਦਾ ਹੀ ਮੂਲ ਨਾਗਰਿਕ ਪਹਿਲੇ ਦੀਆਂ ਗੁਪਤ-ਸੂਚਨਾਵਾਂ ਦੂਸਰੇ ਨੂੰ ਦਿੰਦਾ ਹੈ। ਪਰ ਬਸਤਰ ਵਿਚ ਇਕ ਅਨੋਖੀ ਪ੍ਰਜਾਤੀ ਵੀ ਜਨਮ ਲੈ ਚੁੱਕੀ ਹੈ ਜਿਹੜੀ ਦੋਵਾਂ ਦੀ ਮਤਰੇਈ ਹੈ। ਦੋਵਾਂ ਨੂੰ ਹੀ ਡੰਗ ਮਾਰਦੀ ਹੈ। ਇਨਸਾਨ ਇਕ ਪਰ ਚਿਹਰੇ ਅਤੇ ਜ਼ੁਬਾਨਾਂ ਦੋ। ਪੁਲਸ ਦਾ ਨਕਸਲੀਆਂ ਨੂੰ ਫੜ ਸਕਣਾ ਜਾਂ ਨਕਸਲੀਆਂ ਦਾ ਪੁਲਸ ਉੱਤੇ ਛਾਪਾ ਮਾਰ ਹਮਲਾ ਅਕਸਰ ਉਸੇ ਦੀ ਹੀ ਗੁਪਤ ਸੂਚਨਾ ਦਾ ਸਿੱਟਾ ਹੈ। ਫਰੇਬ ਦੀ ਤਿੱਖੀ ਲਕੀਰ ਉੱਤੇ ਸਰਕਦਾ ਇਹ ਮੁਖਬਰ ਜਿਸ ਦਿਨ ਜਿਧਰ ਪਿੱਠ ਦਿਖਾ ਡਕਾਰ ਲੈਂਦਾ ਹੈ, ਉਥੇ ਕੁਝ ਜਾਨਾਂ ਦੀ ਕਮੀ ਹੋ ਜਾਂਦੀ ਹੈ।

ਉਸ ਦੇ ਲਈ ਇਸ ਕਰਕੇ ਖ਼ਤਰਾ ਦੂਹਰਾ ਹੈ ਕਿ ਦੋਵਾਂ ਗੁੱਟਾਂ ਨਾਲ ਯਾਰੀ ਰੱਖਦਾ ਮੁਖਬਰ ਖ਼ੰਜਰ ਦੀ ਧਾਰ ਉੱਤੇ ਚਹਿਕਦਾ ਚਮਕਦਾ ਹੈ। ਜਿਸ ਦਿਨ ਇਸ ਦੀ ਪਹਿਚਾਣ ਖੁੱਲ੍ਹੀ ਦੋਵੇਂ ਰੰਗਾਂ ਦੀਆਂ ਗੋਲੀਆਂ ਉਸ ਨੂੰ ਛਲਣੀ ਕਰ ਦੇਣਗੀਆਂ। ਇਸ ਦੇ ਬਾਵਜੂਦ ਉਹ ਇਸ ਭਿਆਨਕ ਖ਼ਤਰੇ ਨੂੰ ਬੰਨ੍ਹੀ ਫਿਰ ਰਿਹਾ ਹੈ। ਕੀ ਇਹ ਲਾਲਚੀ ਹੈ ? ਧੋਖੇਬਾਜ਼ ? ਚਲਾਕ ਜਾਂ ਇਕ ਬੇਫ਼ਿਕਰ ਸੂਰਮਾ ?

ਨਹੀਂ, ਇਹ ਸਿਰਫ਼ ਜਾਨ ਬਚਾਉਣੀ ਚਾਹ ਰਿਹਾ ਹੈ। ਦੋਵੇਂ ਗੁੱਟਾਂ ਦੇ ਘੋਲ ਵਿਚ ਫਸ ਜੰਗਲ ਅੰਦਰ ਰਹਿੰਦਾ ਇਹ ਮਜਬੂਰ ਆਦਿਵਾਸੀ ਜਾਣਦਾ ਹੈ ਕਿ ਵੱਡਿਆਂ ਦੀ ਲੜਾਈ ਵਿਚ ਸਿਰਫ਼ ਉਹੋ ਹੀ ਪੀਸਿਆ ਜਾਂ ਮਾਰਿਆ ਜਾਏਗਾ। ਪੁਲਸ ਅਤੇ ਨਕਸਲੀ ਦੋਵੇਂ ਹੀ ਇਸ ਤੋਂ ਜਬਰਦਸਤੀ ਸੂਚਨਾ ਲੈਂਦੇ ਹਨ। ਉਸ ਨੂੰ ਹਾਕਮ ਦੇ ਹੁਕਮ ਦੀ ਪਾਲਣਾ ਕਰਨੀ ਹੀ ਪਏਗੀ। ਇਹੋ ਹੁਕਮ ਦੀ ਪਾਲਣਾ ਉਸ ਤੋਂ ਦੋ-ਤਰਫ਼ਾ ਫਰੇਬ ਰਚਵਾਉਂਦੀ ਹੈ।

ਹਥਿਆਰ ਲਈ ਘੁੰਮਦੇ ਵਿਚਾਰੇ ਖਾਖੀ-ਲਾਲ ਸੈਨਾਪਤੀ ਨਹੀਂ ਜਾਣਦੇ ਕਿ ਉਨ੍ਹਾਂ ਦੀ ਸੈਨਾ ਅਤੇ ਖ਼ੁਦ ਉਨ੍ਹਾਂ ਦਾ ਜਿਉਣ-ਮਰਨ ਕਿਸ ਹੱਦ ਤਕ ਇਸ ਗ਼ੈਰ-ਸੈਨਾਨੀ ਦੇ 'ਮੂਡ' 'ਤੇ ਟਿਕਿਆ ਹੋਇਆ ਹੈ। ਦੋ ਪ੍ਰੇਮਿਕਾਵਾਂ ਦੇ ਵਿਚ ਜਿਉਂਦਾ ਇਹ ਜਿਹੜੀ ਰਾਤ ਜਿਥੇ ਮਨ ਚਾਹੇ ਉਸ ਬਿਸਤਰ ਉੱਤੇ ਗੁਜ਼ਾਰ ਦਿੰਦਾ ਹੈ ਅਤੇ ਦੂਸਰੀ ਨੂੰ ਪਤਾ ਵੀ ਨਹੀਂ ਲੱਗਦਾ।

ਕਿਸੇ ਨੂੰ ਇਹ ਵੀ ਨਹੀਂ ਪਤਾ ਕਿ ਬਸਤਰ ਵਿਚ ਇਕ ਪੂਰੀ ਪ੍ਰਜਾਤੀ ਦਾ ਪ੍ਰਣਾਲੀ ਤੰਤਰ ਵਿਧਾਨ ਬਦਲ ਰਿਹਾ ਹੈ ਅਤੇ ਫ਼ਰੇਬ ਉਨ੍ਹਾਂ ਦੀ ਕੁਦਰਤੀ ਲੋੜ ਬਣਦਾ ਜਾ ਰਿਹਾ ਹੈ।

**ਸੁਫ਼ਨਾ 2**

**ਦੀਵਾਲੀ, 13 ਨਵੰਬਰ, 2012**

ਬੀਜਾਪੁਰ ਦਾ ਰਾਜਸਥਾਨੀ ਢਾਬਾ। ਦੋ ਤਿੰਨ ਦਿਨ ਪਹਿਲਾਂ ਬੀਜਾਪੁਰ ਪੁਲਿਸ ਨੇ ਦੋ ਲੜਕਿਆਂ ਅਤੇ ਇਕ ਵਰਦੀਧਾਰੀ ਅਖੌਤੀ ਨਕਸਲੀ ਨੂੰ ਇਥੋਂ ਦੇ ਸਥਾਨਕ ਮੀਡੀਆ ਦੇ ਸਾਹਮਣੇ ਪੇਸ਼ ਕੀਤਾ ਸੀ, ਇਹ ਆਖ ਕਿ ਇਕ ਵੱਡੇ ਰੈਕਟ ਦਾ ਪਰਦਾਫਾਸ਼ ਹੋਇਆ ਹੈ ਜਿਹੜਾ ਨਕਸਲੀਆਂ ਨੂੰ ਨਾਬਾਲਗ ਲੜਕੀਆਂ ਦੀ ਸਪਲਾਈ ਕਰਦਾ ਸੀ। ਇਹ 'ਬਦਨਾਮ ਨਕਸਲੀ' ਗੁੱਜਾ ਮੁੱਖ ਸਪਲਾਇਰ ਸੀ। ਜਦੋਂ ਇਹ ਤਸਵੀਰਾਂ ਟੀ.ਵੀ. ਉੱਤੇ ਆ ਰਹੀਆਂ ਸਨ ਤਾਂ ਮੈਨੂੰ ਇਹ ਚਿਹਰਾ ਜਾਣਿਆ-ਪਛਾਣਿਆ ਜਿਹਾ ਲੱਗਿਆ। ਗੁੱਜਾ ਤੋਂ ਕੁਝ ਮਹੀਨੇ ਪਹਿਲਾਂ ਇਸੇ ਜ਼ਿਲ੍ਹੇ ਦੇ ਅੰਦਰਲੇ ਇਲਾਕਿਆਂ ਵਿਚ ਭਟਕਦੇ ਸਮੇਂ ਫਰਸਪੱਲੀ ਪਿੰਡ 'ਚ ਮੁਲਾਕਾਤ ਹੋਈ ਸੀ। ਇਸ ਦੇ ਕੋਲ ਛੋਟਾ ਜਿਹਾ ਤੀਰ-ਕਮਾਨ ਸੀ, ਲੋਹੇ ਦੀ ਨੋਕ ਵਾਲੇ ਤਿੰਨ ਤੀਰ ਸਨ। ਉਸ ਸਮੇਂ ਮੈਨੂੰ ਉਹ ਨਕਸਲੀਆਂ ਦਾ ਮੁਖਬਰ ਲੱਗਿਆ ਸੀ। ਮੁਖਬਰ 'ਲੜਕੀਆਂ ਦਾ ਸਪਲਾਇਰ' ਕਿਉਂ ਅਤੇ ਕਿਵੇਂ ਹੋਇਆ।

ਸਿਰਫ਼ ਦੋ ਦਿਨ ਦੀ ਤਫ਼ਤੀਸ਼ ਤੋਂ ਬਾਅਦ ਪਤਾ ਲੱਗ ਗਿਆ ਕਿ ਪੁਲਿਸ ਦੇ ਇਸ ਦਾਅਵੇ 'ਤੇ ਖੁੱਲ੍ਹ ਕੇ ਹੱਸਿਆ ਜਾ ਸਕਦਾ ਹੈ ਅਤੇ ਮੈਂ ਹੱਸਿਆ ਵੀ।

ਪਰ ਇਹ ਯਾਤਰਾ ਕਿਸੇ ਹੋਰ ਕਾਰਨ ਕਰਕੇ ਯਾਦ ਰਹੇਗੀ। ਇਸ ਖ਼ਬਰ ਦੀ ਖੋਜ ਵਿਚ ਇਕ ਮਾਸਟਰ ਜੀ ਨਾਲ ਮੁਲਾਕਾਤ ਹੋਈ। ਉਸ ਦਾ ਨਾਂ ਸੱਤਿਆ ਨਰਾਇਣ ਸੀ ਪਰ ਉਹ ਬੀਜਾਪੁਰ ਦਾ ਰਹਿਣ ਵਾਲਾ ਨਹੀਂ ਸੀ ਸਗੋਂ ਕਿਤੋਂ ਬਾਹਰੋਂ ਆ ਉਥੇ ਸਰਕਾਰੀ ਸਕੂਲ ਵਿਚ ਪੜ੍ਹਾਉਂਦਾ ਸੀ।

ਉਹ ਮਾਦੇਡ ਪਿੰਡ ਆਪਣੇ ਘਰ ਲੈ ਗਿਆ। ਉਸ ਦੇ ਘਰ 'ਚ ਇਕ ਵੱਡੇ ਮੂੰਹ ਵਾਲਾ ਖੂਹ ਹੈ। ਜਿਸ ਵਿਚ ਕਿੰਨੇ ਸਾਰੇ

ਆਲਸੀ ਕੱਛੂ ਊਂਘਦੇ ਰਹਿੰਦੇ ਹਨ। ਉਹ ਮਾਸਟਰ ਦੁਖੀ ਸੀ ਕਿ ਕੁਝ ਦਿਨ ਪਹਿਲਾਂ ਉਸ ਖੂਹ ਵਿਚੋਂ ਇਕ ਕੱਛੂ ਕੋਈ ਚੋਰੀ ਕਰਕੇ ਲੈ ਗਿਆ। ਉਹ ਇਸ ਗੱਲੋਂ ਵੀ ਹੈਰਾਨ ਸੀ ਕਿ ਕੋਈ ਕਿਵੇਂ ਉਸ ਦੇ ਘਰ ਅੰਦਰ ਆਇਆ, ਖੂਹ ਵਿਚ ਉਤਰਿਆ ਅਤੇ ਕੱਛੂ ਚੋਰੀ ਕਰਕੇ ਲੈ ਗਿਆ। ਉਹ ਵੀ ਸਿਰਫ਼ ਇਕ। ਕੱਛੂ ਖ਼ੁਦ ਤਾਂ ਉੱਛਲ ਕੇ ਚੋਰ ਕੋਲ ਆ ਨਹੀਂ ਜਾਏਗਾ। ਖੂਹ ਕਾਫ਼ੀ ਡੂੰਘਾ ਸੀ। ਕਈ ਬਹੁਤ ਵੱਡੇ ਕੱਛੂ ਥੱਕੇ ਹਾਰੇ ਪਾਣੀ ਵਿਚ ਡੁੱਬ ਤਰ ਰਹੇ ਸਨ। ਮਾਸਟਰ ਜੀ ਕੱਛੂ ਚੋਰੀ ਹੋਣ ਦੀ ਰਿਪੋਰਟ ਵੀ ਪੁਲਸ ਕੋਲ ਲਿਖਵਾਉਣਾ ਚਾਹੁੰਦੇ ਸਨ ਅਤੇ ਕੱਛੂ ਨੂੰ ਠੀਕ ਠਾਕ ਵਾਪਸ ਲੈ ਆਉਣ ਵਾਲੇ ਲਈ ਇਨਾਮ ਦਾ ਐਲਾਨ ਵੀ ਕਰਨਾ ਚਾਹੁੰਦੇ ਸਨ ਪਰ ਜਦੋਂ ਉਹ ਥਾਣੇ ਗਏ ਤਾਂ ਸਿਪਾਹੀ ਉਸ ਦੀ ਗੱਲ ਸੁਣ ਹੱਸਣ ਲੱਗੇ। ਉਹ ਹੁਣ ਚਾਹੁੰਦੇ ਸਨ ਕਿ ਮੈਂ ਕੱਛੂ ਦੀ ਚੋਰੀ ਬਾਰੇ ਆਪਣੇ ਅਖ਼ਬਾਰ ਨੂੰ ਖ਼ਬਰ ਭੇਜਾਂ। ਮੈਂ ਦੱਸਿਆ ਕਿ ਮੈਂ ਹੁਣੇ-ਹੁਣੇ ਪੁਲਸ ਦੇ ਦਾਅਵੇ ਵਾਲੀ ਖ਼ਬਰ ਨੂੰ ਚੁਣੌਤੀ ਦਿੰਦੀ ਹੋਈ ਖ਼ਬਰ ਲਿਖ ਕੇ ਆ ਰਿਹਾ ਹਾਂ। ਅਕਸਰ ਇਸੇ ਤਰ੍ਹਾਂ ਦੀ ਖ਼ਬਰ ਨਵੀਸੀ ਕਰਦਾ ਹਾਂ ਤਾਂ ਉਹ ਬੋਲੇ ਕਿ ਕੱਛੂ ਦੀ ਚੋਰੀ ਵੀ ਤਾਂ ਤਫ਼ਤੀਸ਼ ਦਾ ਮਾਲਾ ਹੈ। ਪੁਲਿਸ ਸਾਥ ਨਹੀਂ ਦੇ ਰਹੀ, ਤੁਸੀਂ ਤਾਂ ਦਿਉ।

ਮੈਂ ਫੇਰ ਆਖਿਆ ਕਿ ਮੇਰਾ ਤਾਂ ਦਿੱਲੀ ਦਾ ਅਖ਼ਬਾਰ ਹੈ। ਇਹ ਅਖ਼ਬਾਰ ਤਾਂ ਹਵਾਈ ਜਹਾਜ਼ ਰਾਹੀਂ ਸਿਰਫ਼ ਰਾਏਪੁਰ ਵਿਚ ਹੀ ਆਉਂਦਾ ਹੈ। ਬੀਜਾਪੁਰ ਵੀ ਨਹੀਂ ਪਹੁੰਚਦਾ। ਤੁਹਾਡੇ ਪਿੰਡ ਤਾਂ ਬਹੁਤ ਦੂਰ ਦੀ ਗੱਲ ਹੈ। ਕਿਸੇ ਸਥਾਨਕ ਅਖ਼ਬਾਰ ਵਿਚ ਕੱਛੂ ਚੋਰੀ ਦੀ ਖ਼ਬਰ ਛਪੇਗੀ ਤਾਂ ਸ਼ਾਇਦ ਕੋਈ ਫ਼ਰਕ ਪਵੇ।

"ਦਿੱਲੀ ਵਿਚ ਗੱਲ ਫੈਲੇਗੀ ਤਾਂ ਚੰਗਾ ਹੀ ਹੋਵੇਗਾ ਨਾ। ਏਥੋਂ ਦੀ ਪੁਲਸ 'ਤੇ ਡੰਡਾ ਵੀ ਵਰ੍ਹੇਗਾ।" ਉਹ ਅਜੇ ਵੀ ਅੜੇ ਹੋਏ ਸਨ। ਮੇਰੇ ਨਾਲ ਜ਼ਿਦਣ ਲੱਗੇ ਕਿ ਮੈਂ ਉਸ ਦੇ ਖੂਹ ਦੀਆਂ ਤਸਵੀਰਾਂ ਖਿੱਚਾਂ, ਜਿਥੇ ਬਾਕੀ ਕੱਛੂ ਤੈਰ ਰਹੇ ਸਨ। ਸ਼ਾਇਦ ਜੁਲਾਈ ਜਾਂ ਅਗਸਤ ਦੀ ਬਰਸਾਤ ਵਿਚ ਉਸ ਖੂਹ ਨੂੰ ਕੈਮਰੇ ਦੀ ਅੱਖ ਨਾਲ ਦੇਖਦੇ ਹੋਏ ਮੈਨੂੰ ਯਾਦ ਆਇਆ ਕਿ ਇਕ ਡੱਡੂ ਮੇਰੇ ਰਾਏਪੁਰ ਵਾਲੇ ਘਰੋਂ ਵੀ ਉਸੇ ਤਰ੍ਹਾਂ ਗ਼ਾਇਬ ਹੋ ਗਿਆ ਸੀ। ਪਤਾ ਨਹੀਂ ਉਹ ਘਰ ਦੇ ਅੰਦਰ ਕਿਵੇਂ ਆ ਗਿਆ ਸੀ। ਮੇਰੇ ਘਰ ਦੀ ਦੇਹਲੀ ਕਾਫ਼ੀ ਉੱਚੀ ਸੀ, ਇਸ ਲਈ ਉਸ ਦਾ ਛੜੱਪਾ ਮਾਰ ਅੰਦਰ ਆਉਣਾ ਇੰਨਾ ਆਸਾਨ ਨਹੀਂ ਰਿਹਾ ਹੋਵੇਗਾ। ਘਰ ਅੰਦਰਲਾ ਵਿਹੜਾ ਕਾਫ਼ੀ ਵੱਡਾ ਹੈ। ਡੱਡੂ ਲਈ ਉਥੇ ਰਹਿਣਾ, ਮਿੱਟੀ, ਗੰਡੋਇਆਂ ਅਤੇ ਕੀੜੇ-ਪਤੰਗਿਆਂ ਵਿਚੋਂ ਮਜ਼ੇਦਾਰ ਰਿਹਾ ਹੋਏਗਾ। ਅੰਦਰ ਆਉਣ ਦੀ ਮਿਹਨਤ ਉਹ ਕਿਉਂ ਕਰੇਗਾ ?

ਇਕ ਸ਼ਾਮ ਘਰ ਪਹੁੰਚ ਤਾਲਾ ਖੋਲ੍ਹਿਆ ਤਾਂ ਉਹ ਹਾਲ ਦੇ ਵਿਚਕਾਰ ਬੈਠਾ ਟਰ-ਟਰਾਅ ਰਿਹਾ ਸੀ। ਹਾਲ ਅੰਦਰ ਰੱਖੇ ਟੀ.ਵੀ. ਦੀ ਸਕਰੀਨ ਉੱਤੇ ਉਸ ਦਾ ਅਕਸ ਚਮਕ ਰਿਹਾ ਸੀ। ਅਸੀਂ ਦੋਵੇਂ ਇਕ ਦੂਜੇ ਨੂੰ ਸਕਰੀਨ ਉੱਤੇ ਦੇਰ ਤਕ ਦੇਖਦੇ ਪਰਖਦੇ ਰਹੇ। ਮੈਨੂੰ ਲੱਗਿਆ ਮੈਂ ਪਹਿਲੀ ਵਾਰ ਕਿਸੇ ਡੱਡੂ ਨੂੰ ਡੱਡੂ ਦੀ ਅੱਖ ਨਾਲ ਦੇਖ ਰਿਹਾ ਸਾਂ।

ਮੇਰੇ ਘਰ ਅੰਦਰ ਤਿੰਨ ਕਮਰੇ ਸਨ ਅਤੇ ਤਿੰਨੋਂ ਹੀ ਖ਼ਾਲੀ। ਕੁਰਸੀ, ਮੇਜ਼ ਅਤੇ ਬੁੱਕ ਸ਼ੈਲਫ਼ ਤੋਂ ਬਿਨਾਂ ਕੋਈ ਹੋਰ ਫਰਨੀਚਰ ਨਹੀਂ। ਮੈਂ ਇਕ ਕਮਰੇ ਵਿਚ ਫ਼ਰਸ਼ ਉੱਤੇ ਗੱਦਾ ਵਿਛਾ ਕੇ ਸੌਂਦਾ ਸਾਂ। ਮੈਂ ਦੂਸਰਾ ਕਮਰਾ ਉਸ ਮਹਿਮਾਨ ਨੂੰ ਦੇ ਦਿੱਤਾ। ਕਦੇ ਬਰੈੱਡ ਦੇ ਟੁਕੜੇ ਉਸ ਨੂੰ ਪਾ ਦਿੰਦਾ ਅਤੇ ਕਦੇ ਵਿਹੜੇ ਵਿਚਲੀ ਮਿੱਟੀ ਥਾਲੀ ਵਿਚ ਪਾ ਉਸ ਲਈ ਰੱਖ ਦਿੰਦਾ ਤਾਂ ਕਿ ਉਹ ਉਸ ਵਿਚੋਂ ਕੀੜੇ ਲੱਭ ਸਕੇ। ਇਕ ਕੌਲੀ ਵਿਚ ਪਾਣੀ ਰੱਖ ਦਿੱਤਾ। ਜਦੋਂ ਘਰੋਂ ਬਾਹਰ ਜਾਂਦਾ ਤਾਂ ਉਸ ਦਾ ਕਮਰਾ ਬੰਦਾ ਕਰ ਦਿੰਦਾ ਤਾਂ ਕਿ ਉਹ ਮਹਾਰਥੀ ਛੜੱਪੇ ਮਾਰ ਭੱਜ ਨਾ ਜਾਵੇ। ਮੈਂ ਉਸ ਦਾ ਨਾਂ ਵੀ ਰੱਖ ਦਿੱਤਾ—ਟੂ ਟੂ।

ਟੂ ਟੂ ਜੀ ਨਾਲ ਦੋਸਤੀ ਵੀ ਹੋ ਗਈ। ਮੈਂ ਦੇਰ ਤਕ ਉਸ ਦੇ ਗਲੇ ਦੇ ਹੇਠਾਂ ਲਟਕਦੇ ਢਿੱਲੇ ਮਾਸ ਨੂੰ ਹਿਲਦਿਆਂ ਦੇਖਦਾ ਰਹਿੰਦਾ।

ਬਚਪਨ ਵਿਚ ਪੜ੍ਹੀ ਡੱਡੂ ਅਤੇ ਰਾਜਕੁਮਾਰੀ ਦੀ ਕਹਾਣੀ ਯਾਦ ਆਉਂਦੀ। ਇਹ ਵੀ ਦੁੱਖ ਹੁੰਦਾ ਕਿ ਕਦੇ ਸਕੂਲ ਵਿਚ ਬਾਇਆਲੌਜੀ ਕਲਾਸ 'ਚ ਟੂ ਟੂ ਜੀ ਦੇ ਕਿਸੇ ਵੱਡੇ ਵਡੇਰੇ ਨੂੰ ਬਕਾਇਦਾ ਮੇਜ਼ ਉੱਤੇ ਲੰਮੇ ਪਾ ਕੇ ਉਸ ਦੀ ਹੱਤਿਆ ਕੀਤੀ ਸੀ।

ਪਰ ਕੁਝ ਦਿਨ ਬਾਅਦ ਟੂ ਟੂ ਜੀ ਗ਼ਾਇਬ ਹੋ ਗਏ। ਇਕ ਦਿਨ ਵਾਪਸ ਆ ਮੈਂ ਦਰਵਾਜ਼ਾ ਖੋਲ੍ਹਿਆ ਤਾਂ ਉਹ ਉਥੇ ਨਹੀਂ ਸੀ। ਕੀ ਉਹ ਖਿੜਕੀ ਵਿਚੋਂ ਦੀ ਛਾਲ ਮਾਰ ਗਿਆ। ਪਰ ਖਿੜਕੀ ਤਾਂ ਬੰਦ ਸੀ ਅਤੇ ਫਰਸ਼ ਤੋਂ ਵੀ ਬਹੁਤ ਉੱਚੀ ਸੀ। ਇੰਨਾ ਉੱਚਾ ਤਾਂ ਉਹ ਛੜੱਪਾ ਹੀ ਨਹੀਂ ਮਾਰ ਸਕੇਗਾ। ਬਿੱਲੀ ਵੀ ਅੰਦਰ ਨਹੀਂ ਆ ਸਕਦੀ। ਦਰਵਾਜ਼ਾ ਬਿਲਕੁਲ ਫ਼ਰਸ਼ ਨੂੰ ਛੂਹ ਰਿਹਾ ਸੀ। ਪਰ ਕੀ ਟੂ ਟੂ ਜੀ ਨੇ ਆਪਣੀ ਦੇਹ ਨੂੰ ਇਸ ਤਰ੍ਹਾਂ ਇਕੱਠਾ ਕਰ ਲਿਆ ਹੋਵੇਗਾ ਕਿ ਉਹ ਚੌਥਾਈ ਸੈਂਟੀਮੀਟਰ ਬਰਾਬਰ ਦਰਵਾਜ਼ੇ ਦੇ ਹੇਠਲੀ ਥਾਂ ਵਿਚੋਂ ਨਿਕਲ ਗਏ ਹੋਣਗੇ। ਜੇ ਅਜਿਹਾ ਹੀ ਕਰਨਾ ਸੀ ਤਾਂ ਉਹ ਪਹਿਲੇ ਦਿਨ ਹੀ ਕਰ ਸਕਦੇ ਸਨ।

ਟੂ ਟੂ ਜੀ ਦੀ ਗੁੰਮਸ਼ੁਦਗੀ ਅਜੇ ਤਕ ਭੇਤ ਬਣੀ ਹੋਈ ਹੈ। ਜਦੋਂ ਵੀ ਟੂ ਟੂ ਜੀ ਬਾਰੇ ਸੋਚਦਾ ਹਾਂ ਤਾਂ ਮੁਰਾਕਾਮੀ ਦੀ ਕਹਾਣੀ 'ਦਾ ਐਲੀਫੈਂਟ ਵੈਲਿਸ਼ਜ' ਯਾਦ ਆਉਂਦੀ ਹੈ।

ਖੂਹ ਦੀ ਫੋਟੋ ਖਿੱਚਣ ਤੋਂ ਬਾਅਦ ਟੂ ਟੂ ਜੀ ਨੂੰ ਯਾਦ ਕਰਦੇ ਹੋਏ, ਮੈਂ ਮਾਸਟਰ ਜੀ ਨੂੰ ਆਖਿਆ ਸੀ ਕਿ ਹੋ ਸਕਦਾ ਹੈ ਉਨ੍ਹਾਂ ਦਾ ਕੱਛੂ ਕਿਸੇ ਨੇ ਚੋਰੀ ਨਾ ਕੀਤਾ ਹੋਵੇ ਅਤੇ ਉਹ ਆਪਣੇ ਆਪ ਹੀ ਕਿਧਰੇ ਚਲਿਆ ਗਿਆ ਹੋਵੇ। "ਕਿਹੋ ਜਿਹੀ ਗੱਲ ਕਰ ਰਹੇ ਓ ਤੁਸੀਂ...ਤੁਸੀਂ ਏਸ ਬਾਰੇ ਖ਼ਬਰ ਲਿਖੋ ਨਾ।"

ਉਨ੍ਹਾਂ ਦੇ ਘਰੋਂ ਮੁੜਨ ਤੋਂ ਬਾਅਦ ਮੈਂ ਬਹੁਤ ਸਮੇਂ ਤਕ ਇਹ ਕਲਪਨਾ ਕਰਦਾ ਰਿਹਾ ਕਿ ਬਸਤਰ ਦੇ ਕਿਸੇ ਪਿੰਡ ਦੇ ਇਕ ਘਰੇਲੂ ਖੂਹ ਦੇ ਵਿਚੋਂ ਕੱਛੂ ਦੀ ਗੁੰਮਸ਼ੁਦਗੀ ਦੀ ਖ਼ਬਰ ਨੂੰ ਰਾਸ਼ਟਰੀ ਪੱਧਰ ਦਾ ਬਣਾ ਕੇ ਕਿਵੇਂ ਉਭਾਰਿਆ ਜਾ ਸਕਦਾ ਹੈ, ਦਿੱਲੀ ਦੇ ਲਾਇਕ ਬਣਾਇਆ ਜਾ ਸਕਦਾ ਹੈ। ਲਗਭਗ ਹਫ਼ਤੇ ਬਾਅਦ ਮੈਨੂੰ ਸੁਫ਼ਨਾ ਵੀ ਆਇਆ ਕਿ ਮਾਸਟਰ ਜੀ ਦੇ ਕੱਛੂ ਬਾਰੇ ਮੇਰੀ ਖ਼ਬਰ ਪਹਿਲੇ ਪੰਨੇ ਉੱਤੇ ਉਸੇ ਤਸਵੀਰ ਨਾਲ ਛਪੀ ਹੈ ਜਿਹੜੀ ਮੈਂ ਖਿੱਚੀ ਸੀ। ਮੈਨੂੰ ਫੋਟੋ ਕਰੈਡਿਟ ਵੀ ਦਿੱਤਾ ਗਿਆ ਹੈ।

### ਮੌਤ 2

1 ਸਤੰਬਰ, 2011, ਝਾੜਖੰਡ ਦੀ ਸਰਹੱਦ 'ਤੇ ਸਰਗੂਜਾ ਜ਼ਿਲ੍ਹੇ ਦਾ ਪਿੰਡ ਕਰਛਾ

ਮੇਰੀਆਂ ਪੰਜ ਸਹੇਲੀਆਂ ਸਨ—ਸੁਖਿਨੀ, ਸੁਕਤਾ, ਸੁਰੀਲਾ, ਭੂਤਨੀ, ਲੜਗੁਦਨੀ। ਨਾਂ ਮੈਂ ਹੀ ਰੱਖੇ ਸਨ। ਪੰਜਵੀਂ ਕਲਾਸ ਤੋਂ ਬਾਅਦ ਹੀ ਮੈਂ ਮਾਂ-ਬਾਪ ਨੂੰ ਆਖ ਦਿੱਤਾ—ਸਕੂਲ ਖ਼ਤਮ, ਹੁਣ ਸਹੇਲੀਆਂ ਨਾਲ ਕਨਹਰ ਨਦੀ ਦੇ ਕੰਢੇ ਖੇਲਾਂਗੀ। ਹੁਣ ਮੈਂ ਨਹੀਂ ਹਾਂ, ਉਹ ਪੰਜੇ ਮੇਰੀ ਛੋਟੀ ਭੈਣ ਨੂੰ ਘੇਰੀ ਖੜ੍ਹੀਆਂ ਹਨ। ਸਾਡੀ ਝੁੱਗੀ ਦੇ ਪਿਛਲੇ ਪਾਸੇ ਚੁਨਚੁਨਾ ਦੀਆਂ ਪਹਾੜੀਆਂ ਅਤੇ ਨਾ ਸਮਝੇ ਜਾਣ ਵਾਲਾ ਜੰਗਲ। ਜ਼ਿੰਮੇਵਾਰੀ ਹੁਣ ਛੋਟੀ ਦੀ ਹੈ। ਉਸ ਨੂੰ ਨਹੀਂ ਪਤਾ ਵੱਡੀ ਭੈਣ ਦੀਆਂ ਸਹੇਲੀਆਂ ਉਸ ਦੀ ਦੋਸਤ ਬਣ ਸਕਣਗੀਆਂ ਜਾਂ ਨਹੀਂ। ਇਸ ਵਰ੍ਹੇ ਬਰਸਾਤ ਬਹੁਤ ਹੋ ਰਹੀ ਹੈ। ਝੁੱਗੀ ਇਕ ਦਮ ਤਰ ਪਰ ਉਹ ਭੁੱਖੀਆਂ ਸਨ ਅਤੇ ਮੇਰੀ ਛੋਟੀ ਭੈਣ ਛੱਤਰੀ ਲੈ ਬੱਕਰੀਆਂ ਨੂੰ ਚਰਾਉਣ ਨਿਕਲ ਜਾਂਦੀ ਹੈ, ਉਸੇ ਕਨਹਰ ਦੇ ਕੰਢੇ ਜਿਥੇ ਮੈਂ ਜ਼ਮੀਨ ਹੇਠਾਂ ਸੁੱਤੀ ਹੋਈ ਹਾਂ।

ਮੇਰੀਆਂ ਸਾਰੀਆਂ ਚੀਜ਼ਾਂ ਪੁਰਾਣੇ ਕੱਪੜੇ, ਟੁੱਟੇ ਖਿਡੌਣੇ, ਸਕੂਲ ਅਤੇ ਸਕੂਲ ਦੀਆਂ ਕਾਪੀਆਂ ਵੀ ਮੇਰੇ ਨਾਲ ਜ਼ਮੀਨ ਦੇ ਅੰਦਰ ਦਫ਼ਨ ਕਰ ਦਿੱਤੀਆਂ ਗਈਆਂ ਹਨ। ਸਿਰਫ਼ ਇਕ ਪੁਰਾਣੀ ਛੋਟੀ ਜਹੀ ਤਸਵੀਰ ਬਚੀ ਹੈ ਮੇਰੇ ਮਾਂ-ਬਾਪ ਕੋਲ। ਮੈਂ ਸਕੂਲ ਦੀ ਵਰਦੀ ਵਿਚ ਹਾਂ। ਕਈ ਵਰ੍ਹੇ ਪਹਿਲਾਂ ਕਿਸੇ ਮੇਲੇ ਵਿਚ ਜਾਂ ਕਿਤੇ ਹੋਰ ਖਿਚਵਾਈ ਗਈ ਸੀ। ਇਨ੍ਹੀਂ ਦਿਨੀਂ ਮੇਰੇ ਘਰ ਕਈ ਲੋਕ ਦੂਰੋਂ ਦੂਰੋਂ ਆ ਰਹੇ ਹਨ। ਮਾਂ ਬਾਪ ਝੁੱਗੀ ਦੇ ਅੰਦਰ ਜਾਂਦੇ ਹਨ, ਉਸ ਧੁੰਦਲੀ ਫੋਟੋ ਨੂੰ ਬਕਸੇ ਅੰਦਰੋਂ ਕੱਢ ਕੇ ਲਿਆ ਸਭ ਨੂੰ ਦਿਖਾਉਂਦੇ ਹਨ। ਲੋਕ ਬਾਪੂ ਨੂੰ ਕਹਿੰਦੇ ਹਨ ਕਿ ਉਸ ਪੁਰਾਣੀ ਫੋਟੋ ਨੂੰ ਉਹ ਹੱਥ ਵਿਚ ਫੜ ਸਾਹਮਣੇ ਦੇਖਣ। ਫੇਰ ਉਹ ਮੇਰੀ ਫੋਟੋ ਦੀ ਫੋਟੋ ਖਿੱਚਦੇ ਹਨ।

ਪਹਿਲਾਂ ਉਨ੍ਹਾਂ ਨੇ ਉਸ ਨੂੰ ਮਾਰ ਦਿੱਤਾ। ਫੇਰ ਆਖਿਆ ਕਿ ਉਹ ਨਕਸਲੀ ਹੈ ਅਤੇ ਹੁਣ ਉਹ ਮੇਰੀ ਬੇਟੀ ਨੂੰ ਬਦਚਲਨ ਵੀ ਕਹਿੰਦੇ ਹਨ।

ਬਾਪੂ ਸਭ ਨੂੰ ਦੱਸਦਾ ਹੈ।

ਕੱਦ ਸਾਢੇ ਪੰਜ ਫੁੱਟ ਦਾ ਰਿਹਾ ਹੋਏਗਾ। ਸ਼ਾਇਦ ਮੇਰਾ ਬਾਪੂ ਹਰ ਸਾਲ ਇਕ ਇੰਚ ਗੁਆਚਦਾ ਜਾ ਰਿਹਾ ਹੈ। ਮਾਂ ਸ਼ੁਰੂ ਤੋਂ ਹੀ ਅੱਧ-ਖੁੱਲ੍ਹੀ ਅੱਧ-ਬੰਦ ਗੱਠੜੀ ਵਾਂਗ ਜਿਉਂਦੀ ਆਈ ਹੈ। ਇਕ ਖੁੱਲ੍ਹੀ ਹੋਈ ਮੈਲੀ ਗੱਠੜੀ ਜਿਹੜੀ ਕਦੇ ਵੀ ਆਪਣੇ ਆਪ ਬੰਦ ਹੋ ਸਕਦੀ ਹੈ ਜਾਂ ਪੂਰੀ ਖੁੱਲ੍ਹ ਕੇ ਖਿੰਡ ਸਕਦੀ ਹੈ।

ਸਾਡੀ ਝੁੱਗੀ ਦੇ ਬਾਹਰ ਪੀਲੇ ਰੰਗ ਦਾ ਸਰਕਾਰੀ ਠੱਪਾ ਲੱਗਿਆ ਹੋਇਆ ਹੈ। ਇਥੇ ਕਈ ਰੰਗਾਂ ਦੇ ਠੱਪੇ ਹੁੰਦੇ ਹਨ। ਜਿਸ ਦਾ ਜਿਹੋ ਜਿਹਾ ਰਾਸ਼ਨ ਕਾਰਡ, ਉਸ ਦੀ ਝੁੱਗੀ ਉੱਤੇ ਉਹੋ ਜਿਹਾ ਠੱਪਾ ਲਾ ਦਿੱਤਾ ਜਾਂਦਾ ਹੈ। ਮੈਂ ਅੱਜ ਤਕ ਸਮਝ ਨਹੀਂ ਸਕੀ, ਮੁਫ਼ਤ ਦੇ ਚਾਵਲਾਂ ਦਾ ਪੀਲੇ ਰੰਗ ਨਾਲ ਕੀ ਮਤਲਬ ਹੈ।

ਜੰਗਲ ਦੇ ਵਿਚ ਸਾਡੀ ਝੁੱਗੀ ਤੋਂ ਦੂਸਰਾ ਘਰ ਲਗਭਗ ਪੰਜ ਸੌ ਮੀਟਰ 'ਤੇ ਹੈ। ਚੁਨਚੁਨਾ ਦੀਆਂ ਪਹਾੜੀਆਂ ਨਕਸਲੀਆਂ ਦਾ ਇਲਾਕਾ। ਇਨ੍ਹਾਂ ਘਰਾਂ ਨੇ ਅਜੇ ਤਕ ਪੱਖਾ ਨਹੀਂ ਦੇਖਿਆ।

ਦੋ ਮਹੀਨੇ ਪਹਿਲਾਂ ਆਪਣੇ ਘਰ ਤੋਂ ਲਗਭਗ ਚਾਰ ਕਿਲੋਮੀਟਰ ਦੂਰ ਰਾਤ ਦੇ ਤਿੰਨ ਵਜੇ ਮੈਨੂੰ ਪੁਲਸ ਦੀਆਂ ਦੋ ਗੋਲੀਆਂ ਲੱਗੀਆਂ ਸਨ। ਇਕ ਛਾਤੀ ਉੱਤੇ ਅਤੇ ਦੂਜੀ ਲੱਕ ਤੋਂ ਹੇਠਾਂ। ਪੁਲਸ 'ਪੰਤਾਲੀ ਨਕਸਲੀਆਂ ਦਾ ਜਥਾ' ਫੜਨ ਨਿਕਲੀ ਸੀ ਅਤੇ ਰਾਤ ਦੇ ਤਿੰਨ ਵਜੇ ਹੋਏ ਇਨਕਾਊਂਟਰ ਵਿਚ ਉਨ੍ਹਾਂ ਦੀਆਂ ਗੋਲੀਆਂ ਦੇ ਦੂਸਰੇ ਪਾਸੇ ਮੈਂ ਸੀ। 'ਪੰਤਾਲੀ ਨਕਸਲੀਆਂ' ਨੂੰ ਫੜਨ ਲਈ ਸਿਰਫ਼ ਤਿੰਨ ਗੋਲੀਆਂ ਚੱਲੀਆਂ ਜਿਨ੍ਹਾਂ ਵਿਚੋਂ ਦੋ ਮੇਰੇ ਅੰਦਰ ਸਮਾ ਗਈਆਂ।

ਮੇਰੇ ਪਿੰਡੇ ਅਤੇ ਕੱਪੜਿਆਂ ਉੱਤੇ ਆਦਮੀਆਂ ਦੇ ਤਾਜ਼ੇ ਧੱਬੇ ਸਨ, ਅਜਿਹਾ ਉਸ ਡਾਕਟਰ ਨੇ ਆਪਣੇ ਕਾਗ਼ਜ਼ ਉੱਤੇ

ਲਿਖਿਆ ਹੈ ਜਿਸ ਨੇ ਮੇਰੇ ਜਾਣ ਤੋਂ ਬਾਅਦ ਮੈਨੂੰ ਟੋਹ ਕੇ ਦੇਖਿਆ। ਪਰ ਉਸ ਨੇ ਹੋਰ ਵੀ ਬਹੁਤ ਕੁਝ ਇਸ ਕਾਗ਼ਜ਼ ਉੱਤੇ ਲਿਖਿਆ ਹੈ।

ਇਸ ਤੋਂ ਬਾਅਦ ਜੋ ਕੁਝ ਹੋਇਆ ਉਹ ਮੇਰੇ ਕੋਲੋਂ ਦੱਸਿਆ ਨਹੀਂ ਜਾ ਸਕਣਾ। ਮੇਰੇ ਬਾਪੂ ਨੂੰ ਸੁਣਨਾ ਚੰਗਾ ਨਹੀਂ ਲੱਗਦਾ। ਮੇਰੀ ਮਾਂ ਦੱਸਦੀ ਹੈ ਕਿ ਇਸ ਸਭ ਤੋਂ ਤਾਂ ਚੰਗਾ ਹੈ ਤੂੰ ਜ਼ਮੀਨ ਹੇਠਾਂ ਦੱਬੀ ਗਈ। ਚੰਗਾ ਹੁੰਦਾ ਅਸੀਂ ਵੀ ਤੇਰੇ ਨਾਲ ਹੀ ਦੱਬ ਜਾਂਦੇ ਪਰ ਮੇਰੀਆਂ ਸਹੇਲੀਆਂ ? ਮੇਰੀਆਂ ਬੱਕਰੀਆਂ। ਉਨ੍ਹਾਂ ਲਈ ਤਾਂ ਕਿਸੇ ਨੂੰ ਜ਼ਮੀਨ ’ਤੇ ਰਹਿਣਾ ਹੀ ਪਏਗਾ। ਉਨ੍ਹਾਂ ਲਈ ਮੇਰੀ ਭੈਣ ਹੈ ਅਜੇ। ਪਰ ਉਹ ਵੀ ਤਾਂ ਇਸੇ ਜੰਗਲ ਵਿਚ ਰਹਿੰਦੀ ਹੈ। ਕਦੋਂ ਤਕ ਬਚੀ ਰਹੇਗੀ ਉਹ। ਮੇਰੀਆਂ ਸਹੇਲੀਆਂ ਸਾਰਾ ਸਾਰਾ ਦਿਨ ਉਸ ਮਿੱਟੀ ਨੂੰ ਸੁੰਘਦੀਆਂ ਰਹਿੰਦੀਆਂ ਹਨ ਜਿਸ ਦੇ ਹੇਠਾਂ ਮੈਂ ਲੇਟੀ ਹੋਈ ਹਾਂ।

## **ਵਿਸਥਾਪਨ-4**

ਫਰਵਰੀ 2014, ਅਬੂਝਮਾੜ੍ਹ

ਇਹ ਮੇਰਾ ਇਸ ਮਾਓਵਾਦੀ ਦਸਤੇ ਦੇ ਨਾਲ ਨੌਵਾਂ ਦਿਨ ਹੈ। ਮੈਂ ਉਨ੍ਹਾਂ ਦੇ ਨਾਲ ਸੰਘਣੇ ਜੰਗਲ ਵਿਚ ਉਨ੍ਹਾਂ ਦੇ ਅੱਡਿਆਂ ’ਤੇ ਰਹਿ ਰਿਹਾ ਹਾਂ। ਅਸੀਂ ਰਾਤ ਕਿਸੇ ਨਦੀ, ਦਰਖ਼ਤਾਂ ਦੇ ਝੁੰਡਾਂ ਦੇ ਕਿਨਾਰੇ ਖੁੱਲ੍ਹੇ ਅਸਮਾਨ ਹੇਠਾਂ ਗੁਜ਼ਾਰਦੇ ਹਾਂ। ਸਵੇਰੇ ਉੱਠ ਕੇ ਦੂਜੀ ਥਾਂ ਲਈ ਤੁਰ ਪੈਂਦੇ ਹਾਂ ਅਤੇ ਦੁਪਹਿਰ ਤਕ ਨਵਾਂ ਪੜਾਅ ਲੱਭ ਲੈਂਦੇ ਹਾਂ। ਗੁਰੀਲਾ ਲੜਾਕੂ ਅਕਸਰ ਇਕ ਥਾਵੇਂ ਦੋ ਰਾਤਾਂ ਠਹਿਰਣ ਤੋਂ ਬਚਦੇ ਹਨ ਕਿਉਂਕਿ ਪੁਲਸ ਦੇ ਹਮਲੇ ਦਾ ਖ਼ਤਰਾ ਬਣਿਆ ਰਹਿੰਦਾ ਹੈ। ਖਾਣ ਲਈ ਚਾਵਲ, ਦਾਲ ਅਤੇ ਬਰਤਨ ਜਿਥੇ ਰੁਕਦੇ ਹਨ ਉਥੋਂ ਦੇ ਨਜ਼ਦੀਕੀ ਪਿੰਡੋਂ ਲੈ ਆਉਂਦੇ ਹਨ। ਲੱਕੜਾਂ ਵੱਢ ਕੇ ਚੁੱਲ੍ਹਾ ਬਣਾ ਲੈਂਦੇ ਹਨ।

ਉਹ ਸਾਡੇ ਨਾਲ ਚਾਰ ਦਿਨਾਂ ਤੋਂ ਹੈ। ਜਦੋਂ ਮੈਂ ਉਸ ਨੂੰ ਪਹਿਲੇ ਦਿਨ ਮਾਓਵਾਦੀਆਂ ਦੇ ਨਾਲ ਪਿੰਡੋਂ ਅਨਾਜ ਅਤੇ ਭਾਂਡੇ ਲਈ ਆਉਂਦਿਆਂ ਦੇਖਿਆ ਤਾਂ ਹੈਰਾਨ ਹੋ ਗਿਆ ਸਾਂ। ਪੈਂਟ ਕਮੀਜ਼ ਪਹਿਨੇ ਚੌਦਾਂ-ਪੰਦਰਾਂ ਸਾਲਾਂ ਦਾ ਮੁੰਡਾ। ਭਾਵੇਂ ਉਹ ਆਦਿਵਾਸੀ ਸੀ, ਗੌਂਡੀ ਬੋਲ ਰਿਹਾ ਸੀ, ਕੁਹਾੜੀ ਨਾਲ ਤੇਜ਼ੀ ਨਾਲ ਲੱਕੜਾਂ ਕੱਟ ਦਿੰਦਾ ਸੀ ਪਰ ਉਸ ਦੇ ਲਹਿਜ਼ੇ ਵਿਚ ਜੰਗਲ ਦੇ ਬਾਸ਼ਿੰਦੇ ਵਰਗਾ ਕੁਝ ਕਿਧਰੇ ਵੀ ਨਹੀਂ ਸੀ। ਇਕ ਦਿਨ ਬਾਅਦ ਜਦੋਂ ਮੇਰੀ ਉਸ ਨਾਲ ਗੱਲ ਹੋਈ ਤਾਂ ਹੋਰ ਜ਼ਿਆਦਾ ਹੈਰਾਨ ਹੋਇਆ। ਉਹ ਇਕਦਮ ਸਾਫ਼ ਹਿੰਦੀ ਬੋਲਦਾ ਸੀ। ਉਸ ਦੀ ਹਿੰਦੀ ਵਿਚ ਗੌਂਡੀ ਦਾ ਇਕ ਸ਼ਬਦ ਵੀ ਨਹੀਂ ਸੀ ਅਰਥਾਤ ਉਹ ਉਥੋਂ ਦਾ ਨਹੀਂ ਸੀ। ਕਿੱਥੋਂ ਆਇਆ ਹੈ ? ਇਥੇ ਕਿਉਂ ਹੈ ?

ਮੈਂ ਉਸ ਦੇ ਬਾਰੇ ’ਚ ਪੁੱਛਣਾ ਚਾਹੁੰਦਾ ਸਾਂ ਪਰ ਮੈਨੂੰ ਉਸ ਦੇ ਨਾਲ ਭੋਰਾ ਵੀ ਇਕੱਲਤਾ ਨਹੀਂ ਸੀ ਮਿਲ ਰਹੀ। ਮਾਓਵਾਦੀ ਮੇਰੇ ਉੱਤੇ ਭਰੋਸਾ ਜ਼ਰੂਰ ਕਰਦੇ ਸੀ, ਇਸੇ ਲਈ ਹੀ ਮੈਨੂੰ ਆਪਣੇ ਨਾਲ ਰਹਿਣ ਦਿੱਤਾ ਸੀ ਪਰ ਮੈਂ ਮਹਿਸੂਸ ਕਰ ਚੁੱਕਿਆ ਸਾਂ ਕਿ ਮੈਨੂੰ ਕਿਸੇ ਇਕ ਗੁਰੀਲੇ ਨਾਲ ਇਕੱਲਿਆਂ ਗੱਲ ਕਰਨ ਦਾ ਮੌਕਾ ਨਹੀਂ ਸੀ ਦਿੱਤਾ ਜਾ ਰਿਹਾ। ਮੈਂ ਸਾਰਾ ਸਾਰਾ ਦਿਨ ਸਭ ਨਾਲ ਗੱਲਾਂ ਜ਼ਰੂਰ ਕਰਦਾ ਸਾਂ। ਇੰਟਰਵਿਊ ਅਤੇ ਨੋਟਸ ਵੀ ਲੈਂਦਾ ਰਹਿੰਦਾ ਸਾਂ ਪਰ ਦੋ ਤਿੰਨ ਗੁਰੀਲੇ ਹਮੇਸ਼ਾ ਮੇਰੇ ਨਾਲ ਰਹਿੰਦੇ ਸਨ ਕਿ ਜੇ ਇਕ ਕੁਝ ਜ਼ਿਆਦਾ ਬੋਲ ਰਿਹਾ ਤਾਂ ਦੂਸਰਾ ਉਸ ਨੂੰ ਉਸੇ ਪਲ ਟੋਕ ਦੇਵੇ ਜਾਂ ਮੇਰੀ ਗੱਲ ਕੱਟ ਕੇ ਮੈਨੂੰ ਹੀ ਕੁਝ ਹੋਰ ਪੁੱਛਣ ਲਈ ਆਖ ਦੇਵੇ।

ਉਸ ਲੜਕੇ ਨੂੰ ਲੈ ਕੇ ਮੇਰੀ ਬੇਚੈਨੀ ਵਧ ਰਹੀ ਸੀ। ਮੈਨੂੰ ਪਤਾ ਸੀ ਕਿ ਮਾਓਵਾਦੀ ਛੋਟੀ ਉਮਰ ਦੇ ਮੁੰਡਿਆਂ ਨੂੰ ਭਰਤੀ ਕਰ ਦੇਂਦੇ ਹਨ ਪਰ ਉਹ ਨਵਾਂ ਰੰਗਰੂਟ ਵੀ ਨਹੀਂ ਸੀ ਲੱਗ ਰਿਹਾ ਕਿਉਂਕਿ ਉਹ ਮਾਓਵਾਦੀ ਵਰਦੀ ਵਿਚ ਨਹੀਂ ਸਗੋਂ ਸਾਦਾ ਕੱਪੜਿਆਂ ਵਿਚ ਸੀ। ਉਹ ਸਿਰਫ਼ ਮਾਓਵਾਦੀਆਂ ਦੇ ਨਿੱਕੇ-ਨਿੱਕੇ ਕੰਮ ਜ਼ਰੂਰ ਕਰਦਾ ਰਹਿੰਦਾ। ਨਦੀ ਤੋਂ ਪਾਣੀ ਲੈ ਆਉਂਦਾ। ਉਨ੍ਹਾਂ ਦੇ ਸਵੇਰ ਦੀ ਪਰੇਡ ’ਚ ਊਂਘਦਾ ਜਿਹਾ ਹਿੱਸਾ ਲੈ ਲੈਂਦਾ ਅਤੇ ਪੂਰਾ ਦਿਨ ਦਰਖ਼ਤ ਨਾਲ ਢੋਅ ਲਾ ਕੇ ਬੈਠ ਸੁੱਤਾ ਰਹਿੰਦਾ।

ਤੀਜੇ ਦਿਨ ਮੈਂ ਗੱਲ ਉਲਟਾਉਂਦਿਆਂ ਮਾਓਵਾਦੀਆਂ ਨੂੰ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਉਹ ਜੰਗਲ ਦੇ ਹੀ ਇਕ ਪਿੰਡ ਦਾ ਹੈ ਅਤੇ ਉਨ੍ਹਾਂ ਦੀ ਪਾਰਟੀ ਵਿਚ ਭਰਤੀ ਹੋਣਾ ਚਾਹੁੰਦਾ ਹੈ, ਇਸ ਲਈ ਉਸ ਨੂੰ ਨਾਲ ਲੈ ਆਏ ਹਨ।

ਪੰਜਵੇਂ ਦਿਨ ਮੈਨੂੰ ਉਸ ਨਾਲ ਗੱਲ ਕਰਨ ਦਾ ਮੌਕਾ ਮਿਲਿਆ। ਉਦੋਂ ਤਕ ਉਹ ਮੈਨੂੰ ਰੋਜ਼ਾਨਾ ਦੇਖਦੇ ਹੋਣ ਕਰਕੇ ਮੇਰੇ ਨਾਲ ਸਹਿਜ ਵੀ ਹੋ ਗਿਆ ਸੀ ਅਤੇ ਥੋੜ੍ਹਾ ਥੋੜ੍ਹਾ ਆਪਣਾਪਣ ਵੀ ਮਹਿਸੂਸ ਕਰਨ ਲੱਗਿਆ ਸੀ। ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ। ਉਸ ਦਾ ਪਿੰਡ ਤਾਂ ਅਬੂਝਮਾੜ੍ਹ ਸੀ ਪਰ ਉਹ ਨਰਾਇਣਪੁਰ ਜ਼ਿਲ੍ਹਾ ਹੈੱਡਕੁਆਟਰ ਵਿਖੇ ਇਕ ਹੋਸਟਲ ’ਚ ਅੱਠਵੀਂ ਕਲਾਸ ਵਿਚ ਪੜ੍ਹਦਾ ਸੀ। ਬਚਪਨ ਤੋਂ ਹੀ ਪਿੰਡੋਂ ਬਾਹਰ ਪੜ੍ਹਨ ਚਲਿਆ ਗਿਆ ਸੀ। ਛੁੱਟੀਆਂ ਵਿਚ ਘਰ ਆਇਆ ਹੋਇਆ ਸੀ। ਕੁਝ ਦਿਨ ਪਹਿਲਾਂ ਮਾਓਵਾਦੀ ਉਸ ਦੇ ਪਿੰਡ ਪਹੁੰਚੇ ਅਤੇ ਉਸ ਨੂੰ ਨਾਲ ਲੈ ਆਏ। ਉਹ ਉਨ੍ਹਾਂ ਦੇ

ਨਾਲ ਨਹੀਂ ਆਉਣਾ ਚਾਹੁੰਦਾ ਸੀ।

ਉਹ ਘਰ ਅਤੇ ਵਾਪਸ ਸਕੂਲ ਮੁੜਨ ਲਈ ਤਰਲੋਮੱਛੀ ਹੋ ਰਿਹਾ ਸੀ ਪਰ ਉਹ ਉਸ ਨੂੰ ਆਪਣੀ ਪਾਠ ਪੁਸਤਕ ਵਿਚ ਦਰਜ ਕ੍ਰਾਂਤੀ ਦਾ ਪਾਠ ਪੜ੍ਹਾਉਂਦੇ ਹਨ ਅਤੇ ਕਿਉਂਕਿ ਉਹ ਪੜ੍ਹਨ-ਲਿਖਣ 'ਚ ਕਈ ਹੋਰ ਮੁੰਡਿਆਂ ਨਾਲੋਂ ਤੇਜ਼ ਹੈ ਇਸ ਲਈ ਉਸ ਨੂੰ ਕਦੇ ਇਹ ਵੀ ਕਹਿੰਦੇ ਹਨ ਕਿ ਉਹ ਉਨ੍ਹਾਂ ਨੂੰ ਉਹ ਪਾਠ ਪੜ੍ਹ ਕੇ ਸੁਣਾਵੇ। ਸਵੇਰੇ ਉਸ ਨੂੰ ਆਪਣੀ ਡਰਿਲ ਵਿਚ ਸ਼ਾਮਲ ਕਰਦੇ ਹਨ ਅਤੇ ਲੜਾਈ ਦੇ ਪੈਂਤੜੇ ਵੀ ਸਿਖਾਉਂਦੇ ਹਨ।

ਮਾਓਵਾਦੀਆਂ ਨੂੰ ਉਸ ਦੇ ਬਾਰੇ 'ਚ ਪੁੱਛਦਾ ਹਾਂ ਤਾਂ ਉਹ ਆਖਦੇ ਹਨ ਕਿ ਉਹ ਆਪਣੀ ਮਰਜ਼ੀ ਨਾਲ ਉਨ੍ਹਾਂ ਦੇ ਨਾਲ ਆਇਆ ਹੈ। ਪਰ ਉਸ ਨੂੰ ਡਰ ਲੱਗਣ ਲੱਗ ਪਿਆ ਹੈ ਕਿ ਜੇ ਇਹ ਗੱਲ ਫੈਲ ਗਈ ਕਿ ਉਹ ਨਕਸਲੀਆਂ ਦੇ ਨਾਲ ਰਿਹਾ ਸੀ ਤਾਂ ਉਸ ਦਾ ਸਕੂਲ ਜਾਣਾ ਮੁਸ਼ਕਿਲ ਹੋ ਜਾਏਗਾ। ਜੇ ਪੁਲਸ ਨੂੰ ਪਤਾ ਲੱਗ ਗਿਆ ਤਾਂ ਉਹ ਉਸ ਤੋਂ ਅੰਦਰਲਾ ਭੇਤ ਜਾਨਣਾ ਚਾਹੇਗੀ। ਪੁੱਛ-ਗਿੱਛ ਕਰੇਗੀ ਅਤੇ ਉਸ ਨੂੰ ਮਜਬੂਰ ਵੀ ਕਰੇਗੀ ਕਿ ਇਹ ਪੜ੍ਹਾਈ ਛੱਡ ਪੁਲਸ ਦਾ ਮੁਖਬਰ ਬਣ ਜਾਵੇ ਅਤੇ ਫਰੇਬ ਦੇ ਰਸਤੇ 'ਤੇ ਚੱਲ ਪਵੇ। ਬਸਤਰ ਦੇ ਜੰਗਲਾਂ ਵਿਚ ਇਸ ਤਰ੍ਹਾਂ ਦੇ ਇਨਸਾਨ ਅਣਗਿਣਤ ਮਿਲਣਗੇ ਜਿਹੜੇ ਆਪਣੀ ਪਹਿਚਾਣ ਗੁਆ ਚੁੱਕੇ ਹਨ ਅਤੇ ਜਿਨ੍ਹਾਂ ਦਾ ਇਕੋ ਇਕ ਨਾਂ ਹੈ—ਮੁਖਬਰ।

ਮੈਂ ਨਿਸਚਾ ਕਰਦਾ ਹਾਂ ਕਿ ਘੱਟੋ ਘੱਟ ਇਸ ਬੱਚੇ ਨਾਲ ਅਜਿਹਾ ਨਹੀਂ ਹੋਣ ਦੇਵਾਂਗਾ। ਨਰਾਇਣਪੁਰ ਵਿਚ ਤੈਨਾਤ ਆਈ.ਏ.ਐੱਸ. ਅਧਿਕਾਰੀ ਮੇਰਾ ਦੋਸਤ ਹੈ। ਸੰਵੇਦਨਸ਼ੀਲ ਨੌਜੁਆਨ। ਉਸ ਨੂੰ ਆਖਾਂਗਾ ਕਿ ਉਹ ਸੁਨਿਸਚਤ ਕਰੇ ਕਿ ਉਹ ਬੱਚਾ ਜਦੋਂ ਸਕੂਲ ਵਾਪਸ ਪਹੁੰਚੇ ਤਾਂ ਉਸ ਨੂੰ ਕੋਈ ਮੁਸ਼ਕਲ ਨਾ ਆਏ। ਪੁਲਸ ਵਾਲੇ ਜਾਂ ਸਕੂਲ ਦੇ ਮਾਸਟਰ ਕਦੇ ਉਸ ਨੂੰ ਤੰਗ ਨਾ ਕਰਨ।

ਪਰ ਉਹ ਜਦੋਂ ਹੋਏਗਾ ਉਦੋਂ ਹੋਏਗਾ। ਕੀ ਉਸ ਦੀ ਨਾਜ਼ੁਕ ਚੇਤਨਾ ਤੋਂ ਕਦੇ ਇਸ ਗੁਰੀਲਾ ਜੀਵਨ ਦੇ ਨਿਸ਼ਾਨ ਮਿਟ ਜਾਣਗੇ। ਕੀ ਉਹ ਕਦੇ ਇਨ੍ਹਾਂ ਬੰਦੂਕਾਂ ਅਤੇ ਬਾਰੂਦ ਨੂੰ ਭੁੱਲ ਸਕੇਗਾ ਜਿਸ ਦੇ ਵਿਚਕਾਰ ਉਹ ਇਸ ਸਮੇਂ ਜਿਉ ਰਿਹਾ ਹੈ ? ਹਥਿਆਰਬੰਦ ਕ੍ਰਾਂਤੀ ਦੀ ਜਿਹੜੀ ਜ਼ਿੰਮੇਵਾਰੀ ਇਤਿਹਾਸ ਦੇ ਪਵਿੱਤਰ ਫ਼ਰਜ਼ ਦੇ ਤੌਰ 'ਤੇ ਉਸ ਉੱਤੇ ਪਾਈ ਜਾ ਰਹੀ ਹੈ ਉਸ ਦਾ ਭਾਰ ਉਹ ਕਿਵੇਂ ਢੋਏਗਾ ? ਇਹ ਭਾਰ ਉਸ ਨੂੰ ਕਿਸ ਤਰ੍ਹਾਂ ਝੁਕਾਏਗਾ ?

ਫ਼ਰੇਬ ਹੁਣ ਬਸਤਰ ਦੇ ਆਦਿਵਾਸੀ ਦੀ ਸਰੀਰਕ ਜ਼ਰੂਰਤ ਬਣਦਾ ਜਾ ਰਿਹਾ ਹੈ। ਆਦਿਵਾਸੀ ਦੀ ਚੇਤਨਾ ਦੀ ਲਾਸ਼ ਉੱਤੇ, ਉਸ ਦੀ ਰੂਹ ਅਤੇ ਅਸਥੀਆਂ ਦੀ ਰਾਖ ਨਾਲ ਮੁਖਬਰ ਦਾ ਜਨਮ ਹੁੰਦਾ ਹੈ। ਇਹ ਇਤਿਹਾਸਕ ਤਬਦੀਲੀ ਇਤਿਹਾਸ ਦੇ ਪੰਨਿਆਂ ਅੰਦਰ ਦਰਜ ਹੋਣੀ ਅਜੇ ਬਾਕੀ ਹੈ।

## ਮੌਤ ਕਥਾ-2

27 ਮਈ, 2012। ਦਾਂਤੇਵਾੜਾ।

ਡੈੱਥ ਰਿਪੋਰਟਰ। ਨੌਂ ਮਹੀਨੇ। ਕੀ ਕਿਸੇ ਦੇ ਜੀਵਨ ਦੇ ਸ਼ਾਇਦ ਸਭ ਤੋਂ ਵਿਸ਼ਾਲ ਸੱਚ ਦੇ ਨਾਲ ਸੰਬੰਧ ਇਸ ਤਰ੍ਹਾਂ, ਇੰਨੀ ਜਲਦੀ ਪੂਰੀ ਤਰ੍ਹਾਂ ਨਾਲ ਬਦਲ ਸਕਦਾ ਹੈ ?

ਪਿਛਲੀ 15 ਅਗਸਤ ਦਿੱਲੀ ਦੀ ਇਕ ਹਨੇਰੀ ਅਤੇ ਨਾ ਰੁਕਣ ਵਾਲੀ ਵਰ੍ਹਦੀ ਸਵੇਰ ਨੂੰ ਤੂੰ ਇਥੋਂ ਲਈ ਚੱਲਿਆ ਸੀ। ਕਾਰ, ਕੁਝ ਕਿਤਾਬਾਂ, ਲੈਪਟਾਪ ਅਤੇ ਸੰਪਾਦਨ ਦੀ ਹਿਦਾਇਤ ਜ਼ਿੰਦਗੀ ਤੋਂ ਵੱਡੀ ਕੋਈ ਰਿਪੋਰਟ ਨਹੀਂ ਹੁੰਦੀ। ਲਗਾਤਾਰ ਪੌਣੇ ਤਿੰਨ ਸੌ ਰਾਤਾਂ ਇਸ ਸੂਬੇ ਵਿਚ। ਲਗਭਗ ਅੱਧੀਆਂ ਰਾਤਾਂ ਸਫ਼ਰ, ਚਲਦੀ ਕਾਰ ਜਾਂ ਬਸਤਰ ਸਰਗੂਜ ਦੇ ਜੰਗਲਾਂ ਵਿਚ ਗੁਜ਼ਾਰੀਆਂ ਹੋਣਗੀਆਂ। ਕਿੰਨੀਆਂ ਹੀ ਕਿਸਮਾਂ ਦੀਆਂ ਬੰਦੂਕਾਂ ਨਾਲ ਦੋਸਤੀ ਹੋਈ। ਪਰਤੱਖ ਗੋਲੀ ਦੀ ਤਾਕਤ। ਮੁੱਠਭੇੜ ਵਾਲੀ ਥਾਵੇਂ ਖਿੱਲਰੇ ਕਾਰਤੂਸਾਂ ਦੇ ਖ਼ਾਲੀ ਖੋਖੇ। ਚਿੱਕੜ ਉੱਤੇ ਛਪੀ ਤਾਜ਼ੇ ਲਹੂ ਦੀ ਤਪਸ਼। ਸੰਘਣੇ ਜੰਗਲ ਅੰਦਰਲਾ ਖ਼ੌਫ਼। ਅਣਗਿਣਤੀ ਲਾਸ਼ਾਂ। ਤੇਰੀਆਂ ਫਾਈਲਾਂ ਵਿਚ ਪੋਸਟ ਮਾਰਟਮ ਰਿਪੋਰਟਾਂ ਇਕੱਠੀਆਂ ਹੁੰਦੀਆਂ ਗਈਆਂ। ਦੋ ਮੁਰਦਾ ਦੇਹਾਂ ਦੀ ਚੀਰ ਫਾੜ ਅਰਥਾਤ ਪੋਸਟ ਮਾਰਟਮ ਦੀ ਵੀਡੀਓ ਕਲੀਪਿੰਗ ਮੋਬਾਇਲ ਫ਼ੋਨ ਵਿਚ। ਪੁਲਸ ਮੁੱਠਭੇੜ ਵਿਚ ਮਾਰੀ ਗਈ ਇਕ ਪੰਦਰਾਂ ਸਾਲ ਦੀ ਆਦਿਵਾਸੀ ਬੱਚੀ। ਮਾਂ ਬਾਪ ਨੇ ਆਖਿਆ ਕਿ ਪੁਲਸ ਨੇ ਬਲਾਤਕਾਰ ਕੀਤਾ ਅਤੇ ਉਸ ਦੋਂ ਬਾਅਦ ਕਤਲ। ਪਰ ਪੁਲਸ ਨੇ ਉਸ ਨੂੰ ਨਕਸਲੀ ਅਤੇ ਗ੍ਰਹਿ ਮੰਤਰੀ ਨੇ ਉਸ ਦੇ ਬਦਚਲਣ ਹੋਣ ਦਾ ਵੀ ਐਲਾਨ ਕਰ ਦਿੱਤਾ।

ਇਸ ਤੋਂ ਬਿਨਾਂ ਇਕ ਸਿਪਾਹੀ, ਜਿਹੜਾ ਪਹਿਲਾਂ ਨਕਲਸੀ ਸੀ ਅਤੇ ਉਸ ਉੱਤੇ ਪੁਲਸ ਜ਼ਿਆਦਤੀਆਂ ਦੇ ਕਈ ਆਰੋਪ ਸਨ ਪਰ ਉਸ ਦੀ ਮੌਤ ਬਹੁਤ ਵੱਡੀ ਸ਼ੱਕੀ ਨਕਸਲੀ ਹਮਲੇ 'ਚ ਹੋਈ। ਇਨ੍ਹਾਂ ਦੋਹਾਂ ਦੇ ਪੋਸਟ ਮਾਰਟਮ ਤੇਰੇ ਨੌਕੀਆ 5130 ਦੀ ਸਕਰੀਨ ਉੱਤੇ ਚਮਕਦੇ ਹਨ। ਡਾਕਟਰ ਛਾਤੀ ਪਾੜ ਕੇ ਗੋਲੀ ਕੱਢ ਰਿਹਾ ਹੈ। ਮੁਰਦਾ ਦੇਹ ਦੇ ਅੰਗ ਫਰੋਲ

ਰਿਹਾ ਹੈ। ਇਸ ਤੋਂ ਬਿਨਾਂ ਬਹੁਤ ਸਾਰੀਆਂ ਮੁਰਦਾਂ ਦੇਹਾਂ ਦੀਆਂ ਖ਼ੂਨ ਨਾਲ ਲੱਥਪੱਥ ਤਸਵੀਰਾਂ।

ਮੌਤ ਦੇ ਇਹ ਨੌਂ ਮਹੀਨੇ।

ਹੁਣ ਤਕ ਜ਼ਿੰਦਗੀ ਵਿਚ ਨਜ਼ਦੀਕੀ ਰਿਸ਼ਤੇਦਾਰ ਅਤੇ ਜਾਣ-ਪਛਾਣ ਵਾਲਿਆਂ ਦੀ ਮੌਤ ਗਿਣੋਗੇ ਤਾਂ ਸਿਰਫ਼ ਅੱਠ ਦਸ। ਇਨ੍ਹਾਂ ਵਿਚੋਂ ਇਕ ਤੇਰੇ ਸਾਹਮਣੇ ਹੋਈ, ਉਹ ਤੇਰੀ ਯਾਦ 'ਚ ਸਾਂਭੀ ਹੋਈ ਹੈ।

ਪਰ ਇਥੇ ? ਲਗਭਗ ਸੱਠ ਲਾਸ਼ਾਂ ਤੇਰੇ ਲੈਪਟਾਪ ਵਿਚੋਂ ਦੀ ਗੁਜ਼ਰ ਚੁੱਕੀਆਂ ਹਨ, ਜਿਨ੍ਹਾਂ ਵਿਚੋਂ ਕਈਆਂ ਨਾਲ ਉਨ੍ਹਾਂ ਦੀ ਮੌਤ ਤੋਂ ਬਾਅਦ ਸੰਬੰਧ ਬਣਿਆ ਸੀ। ਉਹ ਰਿਸ਼ਤਾ ਨਹੀਂ ਜਿਹੜਾ ਖ਼ਬਰ-ਨਵੀਸ ਦੀ ਕਿਸੇ ਖ਼ਬਰ ਜਾਂ ਕਤਲ ਦੀ ਤਫ਼ਤੀਸ਼ ਨਾਲ ਬਣਦਾ ਹੈ, ਸਗੋਂ ਜਿਹੜਾ ਮੁਰਦਾ ਦੇਹ ਦੇ ਬੀਤੇ ਵਿਚ ਜਾ ਉੱਘੜਦਾ ਹੈ। ਕਿਸੇ ਕਤਲ ਨੂੰ ਖੰਘਾਲਦੇ ਅਤੇ ਉਸ ਦੇ ਤੰਤੂਆਂ ਨੂੰ ਛੂੰਹਦੇ ਸਮੇਂ ਤੁਹਾਨੂੰ ਅਚਾਨਕ ਅਹਿਸਾਸ ਹੁੰਦਾ ਹੈ ਕਿ ਤੁਸੀਂ ਉਸ ਦੇ ਨਜ਼ਦੀਕੀ ਹੋ। ਬਚਪਨ ਵਿਚ ਗੁੰਮ ਹੋਏ ਰਿਸ਼ਤੇਦਾਰ ਹੋ ਜਿਹੜੇ ਉਸ ਦੀ ਮਿੱਟੀ ਕਿਉਂਟਣ ਅਤੇ ਉਸ ਦੇ ਪ੍ਰੇਤ ਨਾਲ ਸੰਬੰਧ ਬਣਾਉਣ ਲਈ ਆ ਗਏ ਹੋ।

ਮਰਨ ਵਾਲੇ ਦਾ ਅਤੀਤ ਤੁਹਾਡੀ ਰੂਹ ਉੱਤੇ ਬਾਰੂਦ ਵਾਂਗ ਫਟਦਾ ਹੈ। ਉਹ ਨੌਜਵਾਨ ਪੁਲਸ ਅਧਿਕਾਰੀ (ਉਸ ਸਮੇਂ ਬਿਲਾਸਪੁਰ ਐੱਸ. ਪੀ. ਰਾਹੁਲ ਸ਼ਰਮਾ) ਮਤਲਬ ਜਿਸ ਨੇ ਇਸ ਮਾਰਚ 'ਚ ਰੀਵਾਲਵਰ ਆਪਣੇ ਮੱਥੇ ਉੱਤੇ ਰੱਖ ਘੋੜਾ ਦਬਾ ਦਿੱਤਾ। ਉਹ ਆਪਣੇ ਸੁਸਾਈਡ ਨੋਟ ਵਿਚ 'ਬਾਸ ਦਾ ਦਬਾਓ' ਲਿਖ ਗਿਆ ਸੀ। ਇਹ ਇਕ ਆਤਮ ਹੱਤਿਆ ਵੀ ਹੋ ਸਕਦੀ ਸੀ ਜੇ ਤੂੰ ਉਸ ਦੀ ਪਤਨੀ ਨੂੰ ਨਾ ਮਿਲਿਆ ਹੁੰਦਾ। ਉਹ ਮੌਤ ਤੋਂ ਕੁਝ ਘੰਟੇ ਤਕ ਕਿੰਨੇ ਸਹਿਜ ਸੀ। ਪਿਛਲੀ ਰਾਤ ਥਾਣੇ ਤੋਂ ਬਾਅਦ ਪਤਨੀ ਨਾਲ ਪਾਰਕ ਵਿਚ ਘੁੰਮਦੇ ਹੋਏ ਕੁਝ ਦਿਨਾਂ ਬਾਅਦ ਆਉਣ ਵਾਲੇ ਬੇਟੇ ਦੇ ਜਨਮ ਦਿਨ ਦੀ ਤਿਆਰੀ ਕਰ ਰਹੇ ਸਨ। ਕਿਸ ਨੂੰ ਬੁਲਾਉਣਾ ਹੈ ਅਤੇ ਖਾਣ-ਪੀਣ ਲਈ ਕੀ ਕੁਝ ਹੋਏਗਾ। ਸਵੇਰੇ ਦਫ਼ਤਰੋਂ ਆਪਣ ਪਤਨੀ ਨਾਲ ਫ਼ੋਨ 'ਤੇ ਗੱਲ ਵੀ ਕੀਤੀ ਸੀ। ਪਤਨੀ ਬੋਲੀ ਸੀ—ਰਾਜਮਾਂਹ ਬਣੇ ਹਨ ਉਸ ਦੀ ਪਸੰਦ ਦੇ। "ਚੰਗਾ...ਫੇਰ ਟਿਫਨ ਕੀ ਮੰਗਵਾਵਾਂਗਾ, ਘਰ ਹੀ ਖਾਣ ਆ ਜਾਊਂਗਾ।"

ਉਸ ਤੋਂ ਕੁਝ ਸਮੇਂ ਬਾਅਦ ਹੀ ਉਸ ਦੀ ਮੁਰਦਾ ਦੇਹ ਘਰ ਆਈ ਸੀ।

ਉਸ ਨੇ ਤਿੰਨ ਮਹੀਨੇ ਪਹਿਲਾਂ ਹੀ ਆਪਣੀ ਬਦਲੀ ਰਾਏਗੜ ਤੋਂ ਬਿਲਾਸਪੁਰ ਕਰਵਾਈ ਸੀ ਤਾਂ ਕਿ ਆਪਣੀ ਪਤਨੀ ਨਾਲ ਰਹਿ ਸਕੇ, ਜਿਹੜੀ ਬਿਲਾਸਪੁਰ ਵਿਚ ਕੰਮ ਕਰਦੀ ਸੀ।

ਕੀ ਉਹ ਪੁਲਸ ਵਾਲਾ ਜਿਹੜਾ ਦੇਸ ਦੇ ਉਸ ਜ਼ਿਲ੍ਹੇ ਵਿਚ ਨੌਕਰੀ ਕਰ ਚੁੱਕਿਆ ਹੋਵੇ ਜਿਥੇ ਨਕਸਲੀਆਂ ਦੀਆਂ ਸਭ ਤੋਂ ਜ਼ਿਆਦਾ ਹੱਤਿਆਵਾਂ ਹੋਈਆਂ ਹੋਣ, ਬਹੁਤ ਸਖ਼ਤ ਸਮਝੇ ਜਾਣ ਵਾਲੇ ਮਹਿਕਮੇ ਨਾਲ ਜੁੜਿਆ ਹੋਵੇ, ਬੇਹੱਦ ਦਬਾਓ 'ਚ ਜਿਉ ਰਿਹਾ ਹੋਵੇ, ਉਹ ਇਸ ਤਰ੍ਹਾਂ ਖ਼ੁਦ ਨੂੰ ਖ਼ਤਮ ਕਰੇਗਾ ? ਅਤੇ ਰਾਜਮਾਂਹ-ਚਾਵਲ ? ਕੀ ਕੋਈ ਕਦੇ ਜਾਣ ਸਕੇਗਾ ਕਿ ਰਿਵਾਲਵਰ ਮੱਥੇ ਉੱਤੇ ਰੱਖਣ ਤੋਂ ਪਹਿਲਾਂ ਉਸ ਦੇ ਜ਼ਿਹਨ 'ਚ ਕੀ ਕੁਝ ਵਾਪਰ ਰਿਹਾ ਹੋਏਗਾ ?

ਅਜਿਹੇ ਹੀ ਪਲਾਂ ਵਿਚ ਕਿਸੇ ਨੇ ਆਖਿਆ ਸੀ, "ਤੈਨੂੰ ਛੱਤੀਸਗੜ੍ਹ ਰਿਪੋਰਟਰ ਦੀ ਥਾਵੇਂ ਡੈੱਥ ਰਿਪੋਰਟਰ ਆਖਣਾ ਚਾਹੀਦਾ।" ਡੈੱਥ ਬਿਊਰੋ ਚੀਫ਼। ਡੈੱਥ ਸਬ ਐਡੀਟਰ। ਡੈੱਥ ਕਾਪੀ ਐਡੀਟਰ। ਡੈੱਥ ਨਿਊਜ਼ ਐਡੀਟਰ। ਡੈੱਥ ਸੀਨੀਅਰ ਐਡੀਟਰ। ਡੈੱਥ ਐਸੋਸੀਏਟ ਐਡੀਟਰ। ਡੈੱਥ ਐਗਜੀਕਿਊਟਿਵ ਐਡੀਟਰ। ਡੈੱਥ ਮੈਨੇਜਿੰਗ ਐਡੀਟਰ। ਡੈੱਥ ਐਡੀਟਰ-ਇਨ-ਚੀਫ਼ ਵੀ ਹੁੰਦਾ ਹੋਏਗਾ।

ਅਖ਼ਬਾਰ ਦੇ ਪੰਨਿਆਂ ਉੱਤੇ ਮੌਤ ਸਿਰਫ਼ ਇਕ ਸੰਖਿਆ ਹੁੰਦੀ ਹੈ ਅਤੇ ਡਾਇਰੀ ਦੇ ਪੰਨਿਆਂ 'ਚ ਨਾ ਸਹੀ ਜਾਣ ਵਾਲੀ ਧੜਕਣ। ਨੌਂ ਮਹੀਨਿਆਂ ਵਿਚ ਕੀ ਦੇਖਿਆ-ਸਿੱਖਿਆ ? ਮੌਤ।

ਲਾਸ਼ ਇਕ ਛਲਾਵਾ ਹੈ, ਆਪਣੇ ਆਪ ਨੂੰ ਅਨੇਕਾਂ ਰੂਪਾਂ ਵਿਚ ਖੋਲ੍ਹਦੀ ਹੈ ਅਤੇ ਪਾਠਕ ਦੇ ਨਾਲ ਖੇਡਦੀ ਹੈ। ਜੀਵਨ ਲਾਸ਼ ਦਾ ਉਤਸਵ ਹੈ। ਅੱਗ ਦਾ ਪ੍ਰਵੇਸ਼ ਆਖ਼ਰੀ ਪੜਾਓ।

ਇਨ੍ਹਾਂ ਸਾਰੀਆਂ ਲਾਸ਼ਾਂ ਵਿਚੋਂ ਇਕ ਤੇਰੇ ਸਿਰ ਉੱਤੇ ਕਿਸੇ ਸਿਆਹ ਪਰਿੰਦੇ ਵਾਂਗ ਲਗਾਤਾਰ ਮੰਡਰਾਉਂਦੀ ਰਹੀ ਹੈ। ਲਾਸ਼ ਵੀ ਨਹੀਂ। ਉਸ ਦੀ ਪੋਸਟ ਮਾਰਟਮ ਰਿਪੋਰਟ ਜਿਸ ਵਿਚ ਡਾਕਟਰ ਨੇ ਅਨੋਖੀ ਟਿੱਪਣੀ ਪੇਸ਼ ਕੀਤੀ ਸੀ, "ਹੈਵਿੰਗ ਡਾਈਲੇਟਿਡ ਵੈਜਾਇਨਾ। ਹੈਬਚੂਅਲ ਅਬਾਊਟ ਸੈਕਸੂਅਲ ਇੰਟਰਕੋਰਸ।"

ਸਿਰਫ਼ ਸੱਤ ਸ਼ਬਦ।

ਸ਼ਾਇਦ ਦੁਨੀਆ ਦੀ ਪਹਿਲੀ ਪੋਸਟ ਮਾਰਟਮ ਰਿਪੋਰਟ ਜਿਸ ਵਿਚ ਡਾਕਟਰ ਇਕ ਬੱਚੀ ਦੇ ਅਖੌਤੀ ਸਰੀਰਕ ਸੰਬੰਧ ਨੂੰ ਸਿੱਧ ਕਰਦਾ ਹੈ ਅਤੇ ਉਸ ਦੀ ਗਵਾਹੀ ਵੀ ਦਿੰਦਾ ਹੈ।

ਇਹ ਆਦਿਵਾਸੀ ਬੱਚੀ ਆਪਣੀਆਂ ਪੰਜ ਸਹੇਲੀਆਂ ਨਾਲ ਉੱਤਰੀ ਛੱਤੀਸਗੜ੍ਹ ਦੇ ਝਾਰਖੰਡ ਨੂੰ ਛੂੰਹਦੇ ਇਕ ਪਿੰਡ ਵਿਚ ਖੇਡਿਆ ਕਰਦੀ ਸੀ। 2000 ਜੁਲਾਈ ਦੀ ਇਕ ਰਾਤ, ਤੇਰੇ ਇਥੇ ਆਉਣ ਤੋਂ ਲਗਭਗ ਡੇਢ ਮਹੀਨਾ ਪਹਿਲਾਂ ਉਹ

ਆਪਣੇ ਘਰੋਂ ਦੂਰ ਜੰਗਲ ਵਿਚ ਪੁਲਸ ਦੀਆਂ ਗੋਲੀਆਂ ਨਾਲ ਵਿੰਨ੍ਹੀ ਹੋਈ ਮਿਲੀ। ਅਗਸਤ ਦੇ ਅੰਤ ਵਿਚ ਜਦੋਂ ਤੂੰ ਉਸ ਦੇ ਪਿੰਡ ਕਰਛਾ ਪਹੁੰਚਿਆ ਤਾਂ ਸਿਰਫ਼ ਉਸ ਦਾ ਪਿੰਡ ਹੀ ਨਹੀਂ ਸਗੋਂ ਵੀਹ ਕਿਲੋਮੀਟਰ ਦੂਰ ਤਕ ਪਿੰਡਾਂ ਵਾਲੇ ਸਹੁੰ ਖਾ ਕੇ ਆਖਦੇ ਸਨ—ਉਹ ਨਕਸਲੀ ਨਹੀਂ ਸੀ, ਪਹਿਲਾਂ ਬਲਾਤਕਾਰ ਫੇਰ ਇਨਕਾਊਂਟਰ।

ਇਸ ਪ੍ਰਦੇਸ ਦੇ ਗ੍ਰਹਿ ਮੰਤਰੀ ਨਨਕੀ ਰਾਮ ਕੰਵਰ, ਜਿਹੜਾ ਉਸ ਲੜਕੀ ਵਾਂਗ ਹੀ ਆਦਿਵਾਸੀ ਸੀ, ਤੈਨੂੰ 'ਆਨ ਰਿਕਾਰਡ' ਬੋਲਿਆ ਸੀ—ਪੋਸਟ ਮਾਰਟਮ ਰਿਪੋਰਟ ਆਖਦੀ ਤਾਂ ਹੈ ਉਹ 'ਆਦੀ' ਸੀ। ਜੇ ਇੰਨੇ ਸਾਰੇ ਪੁਲਸ ਵਾਲਿਆਂ ਨੇ ਕੁਝ ਕੀਤਾ ਹੁੰਦਾ ਤਾਂ ਸੋਜ ਨਹੀਂ ਸੀ ਆਉਣੀ ? ਰਾਤ ਤਿੰਨ ਵਜੇ ਉਹ ਕਿਸ ਨੂੰ ਮਿਲ ਕੇ ਆ ਰਹੀ ਸੀ ?

ਚਾਰ ਪੰਨਿਆਂ ਦੀ ਰਿਪੋਰਟ। ਪੋਸਟ ਮਾਰਟਮ ਰਿਪੋਰਟ ਦਾ ਕੰਮ ਸਿਰਫ਼ ਇੰਨਾ ਹੀ ਕਿ ਚੋਟ ਦਾ ਕਾਰਨ—ਹਾਲਾਤ ਅਤੇ ਚੋਟ ਦਾ ਮੌਤ ਨਾਲ ਸੰਬੰਧ ਦੱਸੇ। ਚੋਟ ਦੇ ਕਾਲਮ ਵਿਚ ਸਭ ਤੋਂ ਹੇਠਾਂ ਚਿੰਨ੍ਹਤ ਕਰਕੇ ਜਬਰਦਸਤੀ ਪਾਈ ਗਈ ਐਂਟਰੀ ਵਿਚ ਸੱਤ ਸ਼ਬਦ—ਪੋਸਟ ਮਾਰਟਮ ਕਰਨ ਵਾਲਾ ਡਾਕਟਰ, ਉਹ ਵੀ ਆਦਿਵਾਸੀ, ਖੰਘਾਲੇ ਜਾਣ 'ਤੇ ਦੱਸਦਾ ਹੈ ਕਿ ਸਮੁੱਚੇ ਪੋਸਟ ਮਾਰਟਮ ਦੀ ਵੀਡੀਓ ਰਿਕਾਰਡਿੰਗ ਹੋਈ ਹੈ ਤਾਂ ਕਿ ਰੌਲਾ ਨਾ ਪਵੇ ਅਤੇ ਉਹ ਸੀਡੀ ਵੀ ਪ੍ਰਾਪਤ ਕਰਵਾ ਸਕਦਾ ਹੈ।

ਕੀ ਇਹ ਸੱਚਮੁੱਚ ਹੀ ਹੋਇਆ ਹੈ ਜਾਂ ਪਾਸੋਲੀਨੀ ਦੀ ਫ਼ਿਲਮ 'ਸਾਲੋ' ਦਾ ਕੋਈ ਬਿਨਾਂ ਸੰਪਾਦਿਤ ਕੀਤਾ ਹੋਇਆ ਟੁਕੜਾ ਹੈ ?

ਉਸੇ ਰਿਪੋਰਟ ਦੇ ਅਨੁਸਾਰ ਉਹ ਸਿਰਫ਼ ਪੰਦਰਾਂ ਸਾਲ ਦੀ ਸੀ।

ਅੱਜ ਇਕ ਸਤੰਬਰ ਦੋ ਹਜ਼ਾਰ ਗਿਆਰਾਂ ਹੈ। ਪਹਾੜੀਆਂ ਨਾਲ ਘਿਰੇ ਇਸ ਪਿੰਡ ਵਿਚ ਇਕ ਝੁੱਗੀ ਦੇ ਬਾਹਰ ਉਸ ਦੀਆਂ ਪੰਜ ਮਾਸੂਮ ਬੱਕਰੀਆਂ ਇਕ ਬਾੜੇ ਵਿਚ ਚੁੱਪਚਾਪ ਬੰਦ ਹਨ। ਮੀਂਹ ਪੈ ਰਿਹਾ ਹੈ ਪਰ ਉਨ੍ਹਾਂ ਦੇ ਬਾੜੇ ਵਿਚ ਬਿਲਕੁਲ ਵੀ ਹਲਚਲ ਨਹੀਂ। ਤੂੰ ਇੰਨੀਆਂ ਸ਼ਾਂਤ ਬੱਕਰੀਆਂ ਕਦੇ ਨਹੀਂ ਦੇਖੀਆਂ। ਪੰਜ ਮਾਸੂਮ ਬੱਚੀਆਂ ਜਿਨ੍ਹਾਂ ਨੂੰ ਪਹਿਲੀ ਵਾਰ ਮਾਂ ਘਰੇ ਇਕੱਲੇ ਛੱਡ ਬਾਹਰ ਗਈ ਹੈ, ਇਹ ਆਖ ਕੇ ਕਿ ਉਸ ਦੇ ਆਉਣ ਤਕ ਰੌਲਾ ਨਹੀਂ ਪਾਉਣਾ, ਕਿਸੇ ਨੂੰ ਤੰਗ ਨਹੀਂ ਕਰਨਾ। ਮਾਂ ਨੂੰ ਮੁੜਨ ਲੱਗਿਆਂ ਦੇਰ ਹੁੰਦੀ ਜਾ ਰਹੀ ਹੈ। ਪੰਜੇ ਪ੍ਰੇਸ਼ਾਨ ਹਨ ਪਰ ਕਿਉਂਕਿ ਮਾਂ ਪਹਿਲੀ ਵਾਰ ਉਨ੍ਹਾਂ ਤੋਂ ਦੂਰ ਗਈ ਹੈ ਇਸ ਲਈ ਉਸ ਦੀ ਗ਼ੈਰਹਾਜ਼ਰੀ ਦਾ ਆਦਰ ਕਰਨਾ ਚਾਹੁੰਦੀਆਂ ਹਨ। ਚੁੱਪਚਾਪ ਵਰ੍ਹਦੇ ਅਸਮਾਨ ਦੇ ਹੇਠਾਂ ਖੜ੍ਹੀਆਂ ਹਨ।

ਕੀ ਆਦਮੀ ਵੀ ਇਸੇ ਤਰ੍ਹਾਂ ਚੁੱਪਚਾਪ ਮੌਤ ਦੀ ਬਰਸਾਤ ਵਿਚ ਭਿੱਜਦਾ ਰਹਿੰਦਾ ਹੈ ? ਉਸ ਨੂੰ ਭੋਰਾ ਵੀ ਅਹਿਸਾਸ ਨਹੀਂ ਹੁੰਦਾ ਕਿ ਜਿਸ ਨੂੰ ਉਹ ਜ਼ਿੰਦਗੀ ਸਮਝ ਰਿਹਾ ਹੈ, ਅਸਲ ਵਿਚ ਉਹ ਮੌਤ ਦੀ ਵਾਛੜ ਹੈ ਜਿਨ੍ਹਾਂ ਨੂੰ ਉਹ ਆਪਣੀ ਜ਼ਿੰਦਗੀ ਦੇ ਦੁਰਲੱਭ ਪਲ ਸਮਝਦਾ ਆਇਆ ਹੈ, ਉਹ ਉਨ੍ਹਾਂ ਬੂੰਦਾਂ ਦਾ ਪਾਗਲਪਣ ਨਾਚ ਹੈ।

ਤੂੰ ਇਸ ਸਮੇਂ ਇਸ ਪੀਲੀ ਮੋਹਰ ਵਾਲੀ ਝੁੱਗੀ ਦੇ ਬਾਹਰ ਉਨ੍ਹਾਂ ਪੰਜਾਂ ਦੇ ਨਾਲ ਭਿੱਜ ਰਿਹਾ ਏਂ। ਇਸ ਜੰਗਲ ਵਿਚ ਇਹ ਤੇਰਾ ਸਿਰਫ਼ ਪੰਦਰਵਾਂ ਦਿਨ ਹੈ। ਇੰਨੇ ਦਿਨਾਂ ਵਿਚ ਤੇਰੀ ਤੇਰ੍ਹਵੀਂ ਮੌਤ ਹੈ। ਕੀ ਤੂੰ ਇਹ ਵੀ ਅਨੁਮਾਨ ਲਾ ਸਕਦਾ ਏਂ ਕਿ ਅਗਲੇ ਮਹੀਨਿਆਂ ਵਿਚ ਇਹ ਬਰਸਾਤ ਪਤਾ ਨਹੀਂ ਤੇਰੇ ਅੰਦਰ ਉੱਡਦੇ ਕਿੰਨੇ ਅਵਾਰਾ ਪਰਿੰਦਿਆਂ ਅਤੇ ਉਨ੍ਹਾਂ ਦੇ ਬੇਸੁਧ ਅਸਮਾਨਾਂ ਨੂੰ ਜਲਾ ਕੇ ਰਾਖ ਕਰ ਦਏਗੀ ਅਤੇ ਉਸ ਰਾਖ ਨਾਲ ਪਤਾ ਨਹੀਂ ਕੀ ਕੁਝ ਤੇਰੇ ਅੰਦਰ ਪੈਦਾ ਨਹੀਂ ਹੋ ਜਾਏਗਾ, ਜਿਸ ਉੱਤੇ ਇਸ ਜੰਗਲ ਦੀ ਮੋਹਰ ਲੱਗੀ ਹੋਏਗੀ। ਉਹ ਮੋਹਰ ਨਹੀਂ ਜਿਹੜੀ ਰਾਸ਼ਨ ਦੇਣ ਬਦਲੇ ਲੋਕਾਂ ਦੇ ਘਰਾਂ ਉੱਤੇ ਲੱਗ ਜਾਂਦੀ ਹੈ ਤਾਂ ਕਿ ਉਸ ਇਨਸਾਨ ਨੂੰ ਆਪਣੀ ਔਕਾਤ ਹਮੇਸ਼ਾ ਯਾਦ ਰਹੇ, ਸਗੋਂ ਉਹ ਮੋਹਰ ਜਿਸ ਦੀ ਨੱਕਾਸ਼ੀ ਨਾਲ ਬੜੀ ਕੋਸ਼ਿਸ਼ ਨਾਲ ਕਿਸੇ ਰੂਹ ਉੱਤੇ ਆਪਣੀ ਬਰਾਦਰੀ ਦਾ ਸਥਾਈ ਨਿਵਾਸ ਬਣਾਉਣ ਲਈ ਕਰਦਾ ਹੈ।

(ਮਾਸਿਕ 'ਹੰਸ' ਵਿਚੋਂ ਧੰਨਵਾਦ ਸਹਿਤ)



ਚਰਚਿਤ ਨੌਜਵਾਨ ਕਥਾਕਾਰ ਅਤੇ ਪੱਤਰਕਾਰ ਆਸ਼ੂਤੋਸ਼ ਭਾਰਦਵਾਜ ਮੱਧ ਭਾਰਤ ਦੇ ਨਕਸਲ ਇਲਾਕੇ ਵਿਚ ਆਪਣੀ ਖ਼ਬਰਨਵੀਸੀ ਲਈ ਜਾਣਿਆ ਜਾਂਦਾ ਹੈ। ਉਸ ਨੂੰ ਇਸ ਕੰਮ ਲਈ ਕਾਫ਼ੀ ਪੁਰਸਕਾਰ ਮਿਲੇ ਹਨ। ਉਸ ਦੇ ਸਾਹਿਤਕ ਨਿਬੰਧਾਂ ਅਤੇ ਡਾਇਰੀ ਦਾ ਇਕ ਸੰਗ੍ਰਹਿ ਛੇਤੀ ਹੀ ਪ੍ਰਕਾਸ਼ਿਤ ਹੋਣ ਵਾਲਾ ਹੈ। ਉਸ ਨੂੰ ਕ੍ਰਿਸ਼ਨ ਬਲਦੇਵ ਵੈਦ ਫੈਲੋਸ਼ਿਪ ਮਿਲੀ ਹੈ। ਉਹ ਭਾਰਤੀ ਉੱਚ ਅਧਿਐਨ ਸੰਸਥਾਨ, ਸ਼ਿਮਲਾ ਵਿਚ ਫੈਲੋ ਹੈ। E-mail : abharwdaj@gmail.com, Mob : 09406001949, ਅਨੁਵਾਦਕ : 9313292863, E-mail : nachhatar2003@gmail.com



ਕਵਿਤਾ : ਤਰਸੇਮ

*ਟੋਭਾ ਟੇਕ ਸਿੰਘ ਦੀ ਧੀ*

ਵਖਤਾਂ ਮਾਰੀ ਕੋਈ ਬੇਚੈਨ ਰੂਹ ਸੀ ਉਹ
ਜਿਸਦੀ ਕਿਸਮਤ ਦੇ ਅੱਖਰ ਵਿਉ ਮਾਤਾ ਨੇ ਨਹੀਂ
ਸੰਤਾਲੀ ਦੀ ਆਜ਼ਾਦੀ ਨੇ ਲਿਖੇ

ਉਦੋਂ ਆਸਮਾਨ ਦਾ ਰੰਗ ਨੀਲਾ ਨਹੀਂ
ਲਾਲ ਸੀ
ਧਰਤੀ ਪੀਲੀ ਭੂਕ ਵਰਗੀ ਜ਼ਰਦ
ਹਉਕੇ ਦਫ਼ਨ ਹੋ ਗਏ ਕਿਤੇ ਡੂੰਘੇ ਦਿਲ 'ਚ
ਅਤੇ ਅੱਖਾਂ 'ਚ ਹੰਝੂ
ਜਦ ਧਰਤੀਆਂ ਬਦਲੀਆਂ
ਅੱਖਾਂ ਵੀ ਬਦਲ ਗਈਆਂ

ਅਸੰਖ ਜਨਿਆ-ਜਣੀਆਂ ਵਿੱਚ
ਇੱਕ ਰਾਮ ਪਿਆਰੀ ਵੀ ਸੀ ਲਾਹੌਰ ਦੀ
ਜਿਸਦੀ ਧਰਤ ਹੁਣ ਉਸਦੀ ਨਹੀਂ ਸੀ
ਮੀਲਾਂ ਦਾ ਸਫ਼ਰ ਸਦੀਆਂ 'ਚ ਬਦਲ ਗਿਆ

ਪੱਤੀ-ਗਵਾੜ, ਗਲੀ-ਮੁਹੱਲੇ, ਬਾਜ਼ਾਰ
ਕੀ ਹਾੜ੍ਹ-ਸਿਆਲ
ਨੰਗੇ ਪੈਰੀਂ ਤੁਰੀ ਫ਼ਿਰਦੀ, ਭੱਜੀ ਫ਼ਿਰਦੀ
ਇਹਨਾਂ ਰਾਹਾਂ 'ਤੇ ਤੁਰਦਿਆਂ
ਗੌਤਮ ਵੀ ਸਿਧਾਰਥ ਬਣ ਗਿਆ ਸੀ
ਪਰ ਉਹ ਨਾ ਬਣ ਸਕੀ
ਉਸਦੇ ਵਾਲ਼ਾਂ 'ਚ ਚਾਂਦੀ ਫਿਰ ਗਈ
ਤਾਂਬਈ ਝੁਰੜਾਏ ਚਿਹਰੇ 'ਤੇ
ਅੱਖਾਂ ਦੇ ਟੋਏ ਹੋਰ ਡੂੰਘੇ ਹੋ ਗਏ
ਉਸਦੇ ਪੈਰਾਂ ਦੀਆਂ
ਪਾਟੀਆਂ ਬਿਆਈਆਂ ਦਾ ਲਹੂ
ਉਸ ਦੀਆਂ ਅੱਖਾਂ 'ਚੋਂ ਉਦੋਂ ਦਿਸਦਾ
ਜਦ ਕੋਈ ਜਣਾ ਉਸਨੂੰ
'ਰਾਮ ਪਿਆਰੀ ਉਇ... ਆੜੂ ਉਇ'
ਕਹਿ ਕੇ ਛੇੜਦਾ

ਅਤੇ ਲੁਕ ਜਾਂਦਾ
ਉਹ ਆਵਾਜ਼ ਵੱਲ ਇੱਟ-ਰੋੜਾ ਮਾਰਦੀ
ਇਹਨਾਂ ਇੱਟ-ਰੋੜਿਆਂ ਨੇ ਹੱਥਾਂ ਨੂੰ ਅੱਟਣ ਦਿੱਤੇ
ਉਹ ਕਮਲੀ ਸੀ ਪਰ ਸੀ ਮਾਂ ਵੀ
ਉਹ ਛੇੜਨ ਵਾਲੇ ਬੱਚੇ ਦੇ ਕਦੇ ਰੋੜਾ ਨਾ ਮਾਰਦੀ
ਮਾਰਦੀ ਜ਼ਰੂਰ ਪਰ ਧਰਤੀ 'ਤੇ ਦੂਣੇ ਜ਼ੋਰ ਨਾਲ
ਜਿਵੇਂ ਉਸ ਦੇ ਪਾਗ਼ਲਪਣ ਦੀ ਜ਼ਿੰਮੇਵਾਰ
ਇਹ ਧਰਤੀ ਹੋਵੇ

ਬੱਚਿਆਂ ਨੂੰ ਦੇਖ ਉਹਨਾਂ ਨੂੰ ਪਿਆਰ ਕਰਨਾ ਲੋਚਦੀ
ਤਾਂ ਉਹ ਡਰ ਜਾਂਦੇ, ਭੱਜ ਜਾਂਦੇ
ਬੱਚਿਆਂ ਵਰਗਾ ਉਸਦਾ ਆਪਣਾ ਬੱਚਾ ਵੀ ਸੀ
ਜਿਸਨੂੰ ਘੜੇ 'ਚ ਬੰਦ ਕਰਕੇ ਚੱਪਣ ਰੱਖ ਦਿੱਤਾ
ਬੱਚੇ ਦੇ ਨਾ ਰਹਿਣ 'ਤੇ ਵੀ ਰੋਈ ਨਹੀਂ
ਪੱਥਰ ਪਹਾੜਾਂ 'ਤੇ ਹੀ ਨਹੀਂ
ਬੰਦੇ ਦੇ ਅੰਦਰ ਵੀ ਹੁੰਦੇ ਨੇ
ਹੱਲੇ-ਗੁੱਲੇ 'ਚ ਹਜ਼ਾਰਾਂ ਬੱਚੇ ਮਰੇ
ਕੀ ਧਰਤੀ ਰੋਈ?

ਉਸਦੇ ਮੋਢਿਆਂ 'ਤੇ ਲਟਕਦੀ ਗਠੜੀ
ਜੋ ਕਦੇ ਮਸ਼ਕ ਵਾਂਗ ਪਿੱਠ 'ਤੇ ਆ ਜਾਂਦੀ
ਉਸਦੇ ਭਾਰ ਨਾਲੋਂ ਭਾਰੀ
ਮੋਢਿਆਂ-ਪਿੱਠ ਨੂੰ ਹੋਰ ਝੁਕਾ ਦਿੰਦੀ
ਤੁਰਦੀ ਜਾਂਦੀ ਜਿਵੇਂ ਕੋਈ ਕੀੜੀ ਲਗਦੀ

ਕਦੇ-ਕਦੇ ਥੱਕ ਹਾਰ ਕੇ
ਗਲੀ ਦੇ ਕਿਸੇ ਕੰਧ-ਕੌਲ਼ੇ ਨਾਲ
ਗਠੜੀ ਸਹਾਰੇ ਟੇਢੀ ਜਿਹੀ ਹੋ ਜਾਂਦੀ
ਅੱਖ ਬੰਦ ਕਰੀ ਪਈ
ਉਹ ਕਦੇ ਲਾਹੌਰ ਦੀ ਨੂਰਾਂ ਜਾਪਦੀ
ਕਦੇ ਅੰਮ੍ਰਿਤਸਰ ਦੀ ਪੰਜਾਬੋ ਜਾਪਦੀ

ਗਠੜੀ ਵਿੱਚ ਕੀ ਹੁੰਦਾ
ਕੋਈ ਨਹੀਂ ਸੀ ਜਾਣਦਾ
ਪਰ ਗਠੜੀਓਂ ਬਾਹਰ ਲਟਕਦੇ ਫਟੇ ਹੋਏ ਕੱਪੜੇ
ਉਸ ਨਾਲ ਵਾਪਰੇ ਹਾਦਸੇ ਦੀ ਗਵਾਹੀ ਦਿੰਦੇ
ਹਾਦਸਿਆਂ ਦੇ ਨਿਸ਼ਾਨ
ਕਿਸੇ ਬੇਗਾਨੇ ਦੇ ਨਹੀਂ
ਆਪਣਿਆਂ ਦੇ ਸਨ
ਉਹ ਗਰਮੀ 'ਚ ਵੀ
ਦੋ-ਦੋ, ਤਿੰਨ-ਤਿੰਨ ਸਲਵਾਰਾਂ ਪਾਉਂਦੀ
ਅਤੇ ਕਈ-ਕਈ ਕੁੜਤੇ
ਸ਼ਾਇਦ ਉਹ ਭੁੱਲਣਾ ਨਹੀਂ ਚਾਹੁੰਦੀ ਸੀ

ਹਾਦਸਿਆਂ ਦੇ ਹਉਕੇ

ਰਾਮ ਪਿਆਰੀ, ਰਾਮ ਪਿਆਰੀ ਕਦੋਂ ਸੀ
ਮਹਿਜ਼ ਮਾਸ ਦਾ ਲੋਥੜਾ ਸੀ
ਕਾਂ-ਕੁੱਤਿਆਂ ਵਾਂਗ ਚੂੰਢਦੇ...ਸੁੱਟ ਜਾਂਦੇ
ਕਦੇ ਕੋਈ...ਕਦੇ ਕੋਈ

ਸ਼ੁਕਰ ਹੈ ਲੁੱਟੀ-ਖਸੁੱਟੀ ਸਕੀਨਾ* ਨੂੰ ਹੋਸ਼ ਆ ਗਿਆ ਸੀ
ਪਰ ਰਾਮ ਪਿਆਰੀ ਨੂੰ ਕਦੇ ਹੋਸ਼ ਨਾ ਆਇਆ

ਲੋਕਾਂ ਦੇ ਦਰਵਾਜ਼ਿਆਂ 'ਤੇ ਖੜ੍ਹਦੀ
ਤੁਰ ਪੈਂਦੀ ਬੋਲਦੀ ਕੁੱਝ ਨਾ
ਕੋਈ ਚਾਹ ਪਿਆ ਦੇਵੇ ਜਾਂ ਰੋਟੀ, ਖਾ ਲੈਂਦੀ


ਇੱਕ ਦਿਨ ਦਰਵਾਜ਼ੇ 'ਤੇ ਖੜ੍ਹੀ ਦੇਖੀ
ਤਾਂ ਮੈਂ ਡਰ ਗਿਆ
ਮਾਂ ਕੂੰਡੇ 'ਚ ਮਸਾਲਾ ਰਗੜ ਰਹੀ ਸੀ
ਉਹ ਮਾਂ ਵੱਲ ਦੇਖੀ ਜਾਵੇ
ਬੋਲੇ ਕੁਝ ਨਾ
ਕੀ ਚਾਹੀਦਾ ਹੈ ਰਾਮ ਪਿਆਰੀਏ?
ਮਾਂ ਹੱਸੀ ਜਿਵੇਂ ਉਸਦੀ ਜਾਣੂ ਹੋਵੇ
ਉਹ ਕੂੰਡੇ 'ਤੇ ਨਜ਼ਰ ਗੱਡੀ ਖੜ੍ਹੀ ਰਹੀ
ਮਾਂ ਨੇ ਰੋਟੀ 'ਤੇ ਮਸਾਲਾ ਧਰ ਕੇ ਦਿੱਤਾ
ਉਹ ਰੋਟੀ ਨੂੰ ਇਉਂ ਦੇਖ ਰਹੀ ਸੀ
ਜਿਵੇਂ ਰੋਟੀ ਉਸਨੇ ਪਹਿਲੀ ਵਾਰ ਦੇਖੀ ਸੀ

ਅਕਸਰ ਪਾਗ਼ਲਾਂ ਦੀ ਭਾਸ਼ਾ ਸਮਝ ਨਹੀਂ ਆਉਂਦੀ
ਪਰ ਉਹ ਜੇ ਕੁਝ ਨਹੀਂ ਵੀ ਬੋਲਦੀ
ਤਾਂ ਵੀ ਸਮਝ ਆ ਜਾਂਦੀ
ਜਿਵੇਂ ਸਮਝ ਆਉਂਦੀ ਮੈਨੂੰ ਮੇਰੀ ਮਾਂ ਦੀ ਬੋਲੀ...

*ਸਆਦਤ ਹਸਨ ਮੰਟੋ ਦੀ ਕਹਾਣੀ 'ਖੋਲ੍ਹ ਦੋ' ਦੀ ਨਾਇਕਾ



ਸੰਪਰਕ : B-IV/814, ਦਸਮੇਸ਼ ਗਲੀ, ਨੇੜੇ ਗਾਂਧੀ ਆਰੀਆ ਹਾਈ ਸਕੂਲ, ਬਰਨਾਲਾ-148101
ਮੋਬਾ. : 098159-76485, ਈ-ਮੇਲ : tarsemmeetu@gmail.com



ਮੁਲਾਕਾਤ

# ਤਾਰਿਕ ਅਲੀ ਦੀ ਡੇਵਿਡ ਐਡਗਰ ਨਾਲ ਗੱਲਬਾਤ

**ਅਨੁਵਾਦ : ਪ੍ਰੋ. ਰਾਕੇਸ਼ ਰਮਨ**

ਸਵਾਲ : ਆਪਣੇ ਪਰਿਵਾਰਕ ਪਿਛੋਕੜ ਬਾਰੇ ਕੁਝ ਗੱਲਾਂ ਦੱਸੋਗੇ?

ਜਵਾਬ : ਮੇਰਾ ਪਰਿਵਾਰ ਅਟਕ ਜ਼ਿਲ੍ਹੇ ਦੇ ਖੱਟਰ ਕਬੀਲੇ ਨਾਲ ਤਾਅਲੁਕ ਰੱਖਦਾ ਸੀ। ਇਹ ਇਕ ਜ਼ਿਮੀਂਦਾਰਾ ਪਰਿਵਾਰ ਸੀ। ਜੀਨ-ਵਿਗਿਆਨੀ ਇਸ ਦੀਆਂ ਜੜ੍ਹਾਂ 11ਵੀਂ ਸਦੀ ਦੇ ਰਾਜਪੂਤਾਂ ਵਿਚ ਦੇਖਦੇ ਹਨ, ਜਿਨ੍ਹਾਂ ਦਾ ਇਸਲਾਮ ਨਾਲ ਸੰਪਰਕ ਸੌ ਸਾਲ ਮਗਰੋਂ ਸ਼ੁਰੂ ਹੋਇਆ ਸੀ। ਇਹ ਸੰਪਰਕ ਉੱਤਰ ਵਲੋਂ ਆਏ ਧਾੜਵੀ ਮੁਸਲਮਾਨਾਂ ਦੀ ਔਲਾਦ ਨਾਲ ਅੰਤਰ-ਵਿਆਹਾਂ ਕਾਰਨ ਬਣਿਆ ਸੀ। ਇਹ ਸਭ ਕੁਝ ਮੁਗਲਾਂ ਦੇ ਪ੍ਰਵੇਸ਼ ਤੋਂ ਦੋ ਸੌ ਸਾਲ ਪਹਿਲਾਂ ਤੱਕ ਮੁਕੰਮਲ ਹੋ ਚੁੱਕਾ ਸੀ। ਕੁਟੰਬ ਦਾ ਮੁਖੀ ਆਪਣੇ ਕੋਲ 10 ਹਜ਼ਾਰ ਹਥਿਆਰਬੰਦ ਬੰਦੇ ਰੱਖ ਸਕਦਾ ਸੀ। 19ਵੀਂ ਸਦੀ ਦੇ ਅੱਧ ਤੱਕ ਪਰਿਵਾਰ, ਜਾਇਦਾਦ ਲਈ ਕੁਲੀਨਾਂ ਦੀਆਂ ਲੜਾਈਆਂ ਦੀ ਪ੍ਰਯੋਗਸ਼ਾਲਾ ਬਣ ਗਿਆ ਸੀ। ਸਖ਼ਤ ਮਿਜ਼ਾਜ਼ ਜ਼ਿਮੀਦਾਰਾਂ ਨੇ ਅੱਗੇ ਜਾ ਕੇ ਮਾਮਲੇ ਉਲਝਾ ਦਿਤੇ। ਸਬੱਬ ਨਾਲ ਮੇਰੇ ਮਾਪਿਆਂ ਨੂੰ ਪਤਾ ਨਹੀਂ ਸੀ ਕਿ ਉਨ੍ਹਾਂ ਕੋਲ ਕਿੰਨੀ ਜ਼ਮੀਨ ਹੈ। ਪਰ ਇਸ ਨੇ ਉਦੋਂ ਤਕ ਉਨ੍ਹਾਂ ਲਈ ਮੁਸੀਬਤ ਖੜੀ ਕਰੀ ਰੱਖੀ ਜਦੋਂ ਤਕ ਇਹ ਦੀ ਵਿਕਰੀ ਨੇ ਉਨ੍ਹਾਂ ਨੂੰ ਲੰਮੇ ਸਮੇਂ ਲਈ ਇਸ ਤੋਂ ਦੂਰ ਨਾ ਕਰ ਦਿਤਾ।

ਮੁਢਲੇ ਤੌਰ 'ਤੇ ਮੇਰੇ ਦੋਵੇਂ ਦਾਦੇ ਉਸ ਧੜੇ ਨਾਲ ਸਬੰਧ ਰੱਖਦੇ ਸਨ, ਜਿਹੜਾ ਅੰਗਰੇਜ਼ਾਂ ਦਾ ਹਮਾਇਤੀ ਸੀ। ਪਰਿਵਾਰ ਵਿਚ ਵੱਡੀ ਦਰਾੜ ਸਿੱਖਾਂ ਦੀ ਲੜਾਈਆਂ ਸਮੇਂ ਪਈ। ਇਕ ਧਿਰ ਦੇ ਸਿੱਖਾਂ ਦੀ ਹਮਾਇਤ ਕਰਨ 'ਤੇ ਅਤੇ ਦੂਜੀ ਦੇ ਅੰਗਰੇਜ਼ਾਂ ਨਾਲ ਖੜ੍ਹਨ 'ਤੇ। 1857 ਵਿਚ ਆਜ਼ਾਦੀ ਦੀ ਪਹਿਲੀ ਲੜਾਈ (ਅੰਗਰੇਜ਼ੀ ਦੀਆਂ ਇਤਿਹਾਸ ਪੁਸਤਕਾਂ ਵਿਚ ਸੈਨਿਕ ਵਿਦਰੋਹ ਨਾਲ ਜਾਣੀ ਜਾਂਦੀ) ਸਮੇਂ ਵੀ ਇਹੋ ਦਰਾੜ ਸੀ। ਮੈਂ ਸੋਚਦਾ ਹਾਂ ਕਿ ਦੋਹਾਂ ਵਡਾਰੂਆਂ ਨੇ ਬੜੀ ਸੋਚ-ਸਮਝ ਨਾਲ ਦੋਵਾਂ ਪਾਸਿਆਂ ਦੀ ਹਮਾਇਤ ਕੀਤੀ ਤਾਂ ਕਿ ਹੁਕਮਰਾਨ ਵਰਗ ਦੀ ਕੋਈ ਵੀ ਧਿਰ ਜਿੱਤੇ, ਪਰਿਵਾਰ ਦਾ ਕੋਈ ਨੁਕਸਾਨ ਨਾ ਹੋਵੇ। ਇਸ ਵਾਰ ਹੀ ਨਹੀਂ, ਅਕਸਰ ਹੀ ਇਸ ਤਰ੍ਹਾਂ ਹੁੰਦਾ ਸੀ।

19ਵੀਂ ਸਦੀ ਦੇ ਵਿਚਕਾਰਲੇ ਸਾਲਾਂ ਦੇ ਇਕ ਝਗੜੇ ਵਿਚ ਪਰਿਵਾਰ ਦੀ ਵੰਡ ਦੀਆਂ ਜੜ੍ਹਾਂ ਹਨ। ਸਤੰਬਰ 1846 ਵਿਚ ਮੇਰੇ ਵਡੇਰੇ ਪਰਿਵਾਰ ਦੇ ਮੁਖੀ ਸਰਦਾਰ ਕਰਮ ਖਾਂ ਨੂੰ ਉਸ ਦੇ ਮਤਰੇਏ ਭਰਾ ਫ਼ਤਿਹ ਖਾਂ ਨੇ ਬਿਨਾਂ ਸਹਾਇਕਾਂ ਅਤੇ ਹਥਿਆਰਾਂ ਤੋਂ ਆਉਣ ਦਾ ਸੱਦਾ ਦਿਤਾ। ਉਹ ਇਕ ਨਦੀ ਕਿਨਾਰੇ ਮਿਲੇ। ਦੋਵੇਂ ਘੋੜਿਆਂ ਉੱਪਰ ਸਵਾਰ ਸਨ। ਬਗ਼ੈਰ ਚਿਤਾਵਨੀ ਤੋਂ ਗੁਸਤਾਖ਼ ਫ਼ਤਹਿ ਖਾਂ ਨੇ ਤਲਵਾਰ ਧੂਹ ਲਈ ਅਤੇ ਤਲਵਾਰ ਦੇ ਇਕੋ ਜ਼ਬਰਦਸਤ ਵਾਰ ਨਾਲ ਆਪਣੇ ਵੱਡੇ ਭਰਾ ਦਾ ਸਿਰ ਧੜ ਤੋਂ ਅਲੱਗ ਕਰ ਦਿਤਾ। ਘੋੜੀ, ਜਿਸ ਉੱਪਰ ਕਤਲ ਕੀਤੇ ਬੰਦੇ ਦਾ ਧੜ ਸੀ, ਰਿਆਸਤ ਦੇ ਤਬੇਲੇ ਆ ਵੜੀ। ਵਿਧਵਾ ਨੇ ਜਨਰਲ ਅਬੋਟ ਨੂੰ, ਜਿਸ ਦਾ ਕੈਂਪ ਉਥੋਂ 40 ਮੀਲ ਦੂਰ ਸੀ, ਸਹਾਇਤਾ ਲਈ ਬੇਨਤੀ ਕੀਤੀ। ਉਹ ਬੜੀ ਗੰਭੀਰਤਾ ਨਾਲ ਫ਼ਿਕਰਮੰਦ ਸੀ ਕਿ ਉਸ ਦੇ ਪੰਜ ਪੁੱਤਰਾਂ ਨੂੰ ਵੀ ਉਨ੍ਹਾਂ ਦੇ ਚਾਚੇ ਵਲੋਂ ਮੌਤ ਦੇ ਘਾਟ ਉਤਾਰ ਦਿਤਾ ਜਾਵੇਗਾ। ਪ੍ਰੰਤੂ ਅਗਲਾ ਦੁਖਾਂਤ ਟਲ਼ ਗਿਆ। ਅਬੋਟ ਸਿਪਾਹੀ ਲੈ ਕੇ ਆਇਆ ਅਤੇ ਪਰਿਵਾਰ ਨੂੰ ਲੜਕਿਆਂ ਦੇ ਜਵਾਨ ਹੋਣ ਤੱਕ ਸੁਰੱਖਿਆ ਦੇ ਗਿਆ।

ਕਰਮ ਖਾਂ ਦਾ ਸਭ ਤੋਂ ਵੱਡਾ ਮੁੰਡਾ ਸਰਦਾਰ ਮੁਹੰਮਦ ਹਯਾਤ ਖਾਂ ਬਰਤਾਨੀਆ ਦਾ ਜਾਨੂੰਨੀ ਵਫ਼ਾਦਾਰ ਬਣ ਗਿਆ। ਉਹ ਉਨ੍ਹਾਂ ਤਰਫੋਂ ਦੋਵੇਂ ਅਫ਼ਗਾਨ ਯੁੱਧਾਂ ਵਿਚ ਲੜਿਆ। ਮੇਰੇ ਮਾਂ-ਬਾਪ ਉਸੇ ਦੇ ਹੀ ਵੰਸ਼ਜ ਸਨ। ਚੜ੍ਹਦੀ ਉਮਰ ਵਿਚ ਮੈਂ ਹਮੇਸ਼ਾ ਸਾਮਰਾਜ ਵਿਰੋਧੀ ਧਿਰ ਪ੍ਰਤੀ ਈਰਖਾਲੂ ਸੀ। ਮੇਰੇ ਪਿਤਾ ਦੀ ਨਸੀਹਤ ਸੀ ਕਿ ਆਪਣੇ ਆਪ ਨੂੰ ਜ਼ਿਆਦਾ ਭੁਲੇਖੇ ਵਿਚ ਨਾ ਰੱਖੋ, 'ਸਾਮਰਾਜ ਵਿਰੋਧੀ ਸ਼ਾਇਦ ਓਨੇ ਠੋਸ ਨਾ ਹੋਣ, ਜਿੰਨੇ ਤੁਸੀਂ ਸਮਝਦੇ ਹੋ।'

ਦੋਵੇਂ ਮੇਰੇ ਮਾਤਾ ਵੀ ਤੇ ਪਿਤਾ ਵੀ, ਸਿਆਸੀ ਪੱਖੋਂ ਪਰਿਵਾਰ ਨਾਲੋਂ ਟੁੱਟੇ ਹੋਏ ਸਨ ਅਤੇ ਕਮਿਊਨਿਸਟ ਬਣ ਗਏ ਸਨ। ਮੇਰੇ ਪਿਤਾ ਪਾਰਟੀ ਵਿਚ ਬਹੁਤ ਸਰਗਰਮ ਸਨ, ਜਿਸ ਕਾਰਨ ਉਨ੍ਹਾਂ ਦੇ ਵਿਆਹ ਵਿਚ ਕੁਝ ਦੇਰੀ ਹੋ ਗਈ ਸੀ। ਮੇਰੇ ਨਾਨਾ ਨੇ ਮੇਰੀ ਮਾਤਾ ਨੂੰ ਇਕ ਕਮਿਊਨਿਸਟ ਨਾਲ ਵਿਆਹ ਕਰਵਾਉਣ ਤੋਂ ਮਨ੍ਹਾ ਕਰ ਦਿਤਾ। ਹਾਲਾਤ ਇਹ ਬਣ ਗਏ ਕਿ ਮੇਰੇ ਪਿਤਾ ਬ੍ਰਿਟਿਸ਼ ਇੰਡੀਅਨ ਆਰਮੀ ਵਿਚ ਭਰਤੀ ਹੋ ਗਏ। ਪ੍ਰੰਤੂ ਅਪਰੇਸ਼ਨ ਬਾਰਬਰੋਸਾ ਤੋਂ ਮਦਦ ਮਿਲੀ, ਕਿਉਂਕਿ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਨੇ ਆਪਣੇ ਸਾਰੇ ਉੱਪਰਲੇ ਅਤੇ ਦਰਮਿਆਨੇ ਮੈਂਬਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਉਹ ਬ੍ਰਿਟਿਸ਼ ਆਰਮੀ ਵਿਚ ਸ਼ਾਮਲ ਹੋ ਜਾਣ ਅਤੇ ਸੋਵੀਅਤ ਯੂਨੀਅਨ ਦੀ ਰੱਖਿਆ ਕਰਨ। ਦਸੰਬਰ 1942 ਵਿਚ ਖਿੱਚੀ ਮੇਰੇ ਪਿਤਾ ਦੀ ਵਿਆਹ ਦੀ ਫ਼ੋਟੋ ਵਿਚ ਉਨ੍ਹਾਂ ਦੇ ਚਿਹਰੇ ਉੱਪਰ ਭਰਵੀਂ ਮੁਸਕਾਨ ਹੈ ਅਤੇ ਉਹ ਫ਼ੌਜੀ ਵਰਦੀ ਵਿਚ ਹਨ। ਵੱਡੀ ਗਿਣਤੀ ਵਿਚ ਬ੍ਰਿਟਿਸ਼ ਕਮਿਊਨਿਸਟਾਂ ਦੀ ਤਰ੍ਹਾਂ ਉਹ ਮੌਂਟੀ ਕੈਸੀਨੋ ਦੇ ਮੁਹਾਜ਼ 'ਤੇ ਲੜੇ।

ਮੇਰੀ ਮਾਤਾ, ਜਿਨ੍ਹਾਂ ਦਾ ਪਿਤਾ ਪੰਜਾਬ ਦਾ ਵਜ਼ੀਰੇ ਸਦਰ ਸੀ, ਨੇ ਭਾਵੁਕ ਹੋ ਕੇ ਆਪਣੇ ਸਾਰੇ ਜ਼ੇਵਰ ਸੀ.ਪੀ.ਆਈ. ਨੂੰ ਦਾਨ ਕਰ ਦਿਤੇ। ਇਹ ਕਰਨ ਤੋਂ ਪਹਿਲਾਂ ਉਹ ਨਹਿਰੂ ਨੂੰ ਖ਼ਤ-ਪੱਤਰ ਲਿਖਦੇ ਰਹੇ, ਜਿਹੜੇ ਉਸ ਸਮੇਂ ਜੇਲ੍ਹ ਵਿਚ ਸਨ। ਇਕ ਵਾਰ ਜਦੋਂ ਨਹਿਰੂ ਚਾਹ ਦੇ ਸੱਦੇ 'ਤੇ ਆਏ, ਉਹ ਦੇ ਪਿਤਾ ਨੇ ਉਹ ਦੀ ਜਾਣ-ਪਛਾਣ ਇਹ ਕਹਿੰਦਿਆਂ ਕਰਵਾਈ, ''ਮੇਰੀ ਛੋਟੀ ਧੀ, ਅਫ਼ਸੋਸ ਕਿ ਇਹ ਤੁਹਾਡੀ ਵੱਡੀ ਪ੍ਰਸੰਸਕ ਹੈ।'' ਨਹਿਰੂ ਨੇ ਮਗਰੋਂ ਪੱਤਰ ਵਿਹਾਰ ਵਿਚ ਉਹਦੇ ਲਈ ਭਾਰਤੀ ਇਤਿਹਾਸ ਦੀ ਵਿਆਖਿਆ ਕੀਤੀ ਅਤੇ ਕਿਹਾ ਕਿ ਉਹਦੀ ਕ੍ਰਾਂਤਮੁਖੀ ਸੋਚ ਇਕ ਚੰਗੀ ਗੱਲ ਸੀ। ਇਸ ਗੱਲੋਂ ਡਰਦਿਆਂ ਕਿ ਉਹਦਾ ਪਿਤਾ ਜ਼ਰੂਰ ਉਹਦੇ ਪੱਤਰ ਵੇਖ ਲਵੇਗਾ, ਉਹ ਨੇ ਇਹ ਨਸ਼ਟ ਕਰ ਦਿਤੇ। ਤਦ ਉਹ ਜਿਨਾਹ ਨੂੰ ਮਿਲਣ ਚਲੀ ਗਈ, ਜਿਸ ਨੇ ਉਹਨੂੰ ਕਿਹਾ ਕਿ ਉਹਨੇ ਉਸ ਦੇ ਸੱਭ ਤੋਂ ਵੱਡੇ ਵਿਰੋਧੀ ਨੂੰ ਮਿਲਣ ਦੀ ਗੁਸਤਾਖ਼ੀ ਕੀਤੀ ਸੀ।

ਮੇਰੇ ਪਿਤਾ ਦੀ ਮੇਰੇ ਲਈ ਨਸੀਹਤ ਬੜੀ ਢੁਕਵੀਂ ਸੀ, ''ਤੇਰੇ ਚਾਚੇ-ਚਾਚੀਆਂ ਬੜੇ ਮੋਹਵੰਤੇ ਲੋਕ ਹਨ, ਉਹ ਤੈਨੂੰ ਪਿਆਰ ਕਰਦੇ ਹਨ ਅਤੇ ਤੂੰ ਕਦੇ ਕਿਸੇ ਦਾ ਅਨਾਦਰ ਨਹੀਂ ਕਰਨਾ। ਇਸ ਨੂੰ ਪਸੰਦ ਕਰਦੇ ਹਾਂ ਜਾਂ ਨਹੀਂ, ਪਰ ਅਸੀਂ ਪਰਿਵਾਰ ਦੇ ਅੰਗ ਹਾਂ। ਫਿਰ ਵੀ ਮੂਰਖ਼ਤਾ ਦੇ ਪੱਧਰ ਨੂੰ ਘਟਾ ਕੇ ਨਹੀਂ ਦੇਖਣਾ। ਜਦੋਂ ਮੈਂ ਦੇਖਦਾ ਹਾਂ ਕਿ ਤੇਰੀ ਮਾਤਾ ਦੇ ਪੰਜੇ ਭਰਾ ਕਿੰਨੇ ਮੂਰਖ਼ ਹਨ ਤਾਂ ਲੱਗਦਾ ਹੈ ਕਿ ਕਿਤੇ ਤਾਂ ਕਿਤੇ ਇਸ ਦਾ ਕੋਈ ਰਚਨਾਤਮਿਕ ਨਮੂਨਾ ਪਿਆ ਹੈ।

ਸਵਾਲ : ਤੇ ਤੁਹਾਡਾ ਘਰ ਟਰੇਡ ਯੂਨੀਅਨਿਸਟਾਂ ਅਤੇ ਕਿਸਾਨ ਆਗੂਆਂ ਨਾਲ ਹੀ ਨਹੀਂ ਸਗੋਂ ਲੇਖਕਾਂ ਨਾਲ ਵੀ ਭਰਿਆ ਰਹਿੰਦਾ ਸੀ?

ਜਵਾਬ : ਸਾਡਾ ਘਰ ਅਕਸਰ ਕਿਸਾਨ ਆਗੂਆਂ, ਟਰੇਡ ਯੂਨੀਅਨ ਆਗੂਆਂ, ਕ੍ਰਾਂਤੀਕਾਰੀ ਕਵੀਆਂ, ਨਿਬੰਧਕਾਰਾਂ, ਕਹਾਣੀਕਾਰਾਂ ਨਾਲ ਭਰਿਆ ਰਹਿੰਦਾ ਸੀ ਅਤੇ ਆਮ ਕਰਕੇ ਇਸ ਤੋਂ ਪਰਿਵਾਰ ਦੇ ਮੈਂਬਰ ਪੁਰਾਣੇ ਪਰਿਵਾਰਿਕ ਦੋਸਤ ਉਤਸ਼ਾਹਿਤ ਨਹੀਂ ਸਨ ਹੁੰਦੇ। ਪਾਕਿਸਤਾਨ ਵਿਚ ਕਮਿਊਨਿਸਟ ਪਾਰਟੀ 'ਤੇ ਪਾਬੰਦੀ ਸੀ ਅਤੇ ਇਸ ਦੇ ਦੋ ਆਗੂਆਂ ਉੱਪਰ ਵੀ। ਭਾਰਤ ਤੋਂ ਭੇਜੇ ਗਏ ਮੁਸਲਿਮ ਬੁੱਧੀਜੀਵੀ ਬੰਜਰ ਭੂਮੀ ਨੂੰ ਜਰਖੇਜ਼ ਕਰਨ ਲਈ ਪਾਰਟੀ ਬਣਾਉਣ ਦੇ ਯਤਨ ਕਰ ਰਹੇ ਸਨ। ਇਨ੍ਹਾਂ ਵਿਚੋਂ ਇਕ ਸ਼ਾਨਦਾਰ ਸਾਹਿਤਕ ਆਲੋਚਕ ਸੱਜ਼ਾਦ ਜ਼ਹੀਰ ਸੀ, ਜਿਹੜਾ ਪਾਰਟੀ ਸਕੱਤਰ ਸੀ। ਜਦੋਂ ਪਾਰਟੀ 'ਤੇ ਪਾਬੰਦੀ ਲੱਗੀ, ਉਹ ਰੂਪੋਸ਼ ਹੋ ਗਏ ਅਤੇ ਉਹ ਸਾਡੇ ਘਰ ਸੀ। ਉਹ ਅਲੀਗੜ੍ਹ ਯੂਨੀਵਰਸਿਟੀ ਤੋਂ ਆਏ ਹੋਏ ਸਾਹਿਤ ਦਾ ਆਲੋਚਕ ਹੋਣ ਦਾ ਵਿਖਾਵਾ ਕਰਦਾ ਸੀ। ਇਕ ਰਾਤ ਅਸੀਂ ਖਾਣਾ ਖਾ ਰਹੇ ਸੀ, ਦਰਵਾਜ਼ੇ 'ਤੇ ਦਸਤਕ ਹੋਈ। ਮੇਰੇ ਦਾਦਾ ਜੀ ਦਾ ਇਕ ਪੁਰਾਣਾ ਤੇ ਪਿਆਰਾ ਦੋਸਤ ਅੰਦਰ ਆਇਆ, ਜਿਹੜਾ ਇਤਫ਼ਾਕ ਨਾਲ ਦੇਸ਼ ਦੀ ਪੁਲਿਸ ਦਾ ਇੰਸਪੈਕਟਰ ਜਨਰਲ ਵੀ ਸੀ। ਉਹ ਅੰਦਰ ਆਇਆ, ਬੈਠ ਗਿਆ ਅਤੇ ਸਾਡੇ ਨਾਲ ਖਾਣਾ ਖਾਧਾ, ਪ੍ਰੰਤੂ ਪ੍ਰੋਫੈਸਰ/ਰੂਪੋਸ਼ ਕਮਿਊਨਿਸਟ ਪਾਰਟੀ ਆਗੂ ਨੇ ਇਸ ਨੂੰ ਬੜੇ ਸ਼ਾਨਦਾਰ ਢੰਗ ਨਾਲ ਲਿਆ। ਉਹ ਇਹੋ ਜਿਹੇ ਲੋਕਾਂ ਨਾਲ ਨਜਿੱਠਣਾ ਜਾਣਦਾ ਸੀ। ਉਸ ਨੇ ਸਾਹਿਤ ਸਬੰਧੀ ਬਹਿਸ ਕੀਤੀ ਅਤੇ ਕੁਰਾਨ ਦੀਆਂ ਵਿਆਖਿਆਵਾਂ ਕੀਤੀਆਂ। ਖਾਣੇ ਤੋਂ ਮਗਰੋਂ ਉਹ ਬੋਲਿਆ, ''ਥੱਕ ਗਿਆ ਹਾਂ ਜਨਾਬ, ਸੌਣ ਚੱਲਿਆ ਹਾਂ।'' ਇੰਸਪੈਕਟਰ ਜਨਰਲ ਮੇਰੇ ਮਾਤਾ-ਪਿਤਾ ਵਲ ਮੁੜ ਕੇ ਆਖਣ ਲੱਗਾ, ''ਮੈਂ ਦੁਆ ਕਰਦਾ ਹਾਂ ਕਿ ਤੁਹਾਡੇ ਸਾਰੇ ਮਿੱਤਰ ਅਜਿਹੇ ਹੀ ਹੋਣ। ਐਨਾ ਤਹਿਜ਼ੀਬਯਾਫ਼ਤਾ ਨੌਜਵਾਨ ਤੁਹਾਨੂੰ ਕਿਥੋਂ ਲੱਭ ਪਿਆ?'' ਇਕ ਹਫ਼ਤਾ ਮਗਰੋਂ ਜਦੋਂ ਉਹ ਅਲੋਪ ਹੋਏ ਕਮਿਊਨਿਸਟ ਆਗੂ ਦੀਆਂ ਤਸਵੀਰਾਂ

ਦੇਖ ਰਿਹਾ ਸੀ, ਉਹਨੇ ਦੇਖਿਆ ਕਿ ਜਿਸ ਨੌਜਵਾਨ ਨੂੰ ਉਹ ਰਾਤ ਦੇ ਖਾਣੇ 'ਤੇ ਮਿਲਿਆ ਸੀ, ਅਸਲ ਵਿਚ 'ਮੋਸਟ ਵਾਂਟਡ' ਦੀ ਸੂਚੀ ਵਿਚ ਸ਼ਾਮਲ ਸੀ।

ਦੂਜਾ ਪੱਖ ਹੋਰ ਵੀ ਹਸਾਉਣਾ ਸੀ; ਉਹ ਹੱਸਦੇ ਅਤੇ ਟਿੱਚਰਾਂ ਕਰਦੇ, ਪ੍ਰੰਤੂ ਟਰੇਡ ਯੂਨੀਅਨ ਆਗੂਆਂ 'ਤੇ ਰੇਲਵੇ ਮਜ਼ਦੂਰ ਆਗੂਆਂ ਕੋਲੋਂ ਬਹੁਤ ਕੁਝ ਸਿੱਖਿਆ, ਜਿਹੜੇ ਮੈਨੂੰ ਚੜ੍ਹਦੀ ਉਮਰ ਵਿਚ ਹੀ ਬਹੁਤ ਜ਼ੁੰਮੇਵਾਰ ਸਮਝਣ ਲੱਗ ਪਏ ਸਨ। ਮੈਂ ਕਹਿੰਦਾ, ''ਕੀ ਚੱਲ ਰਿਹਾ ਹੈ?'' ਉਹ ਖੋਲ੍ਹ ਕੇ ਦੱਸਦੇ, ''ਇਹ ਹੈ ਜੋ ਚੱਲ ਰਿਹਾ ਹੈ।''

ਸਵਾਲ : ਤੇ ਜਦੋਂ ਤੁਸੀਂ ਪ੍ਰਦਰਸ਼ਨ, ਜਲੂਸ ਜਥੇਬੰਦ ਕਰਨੇ ਸ਼ੁਰੂ ਕੀਤੇ ਤਾਂ ਤੁਹਾਡੇ ਮਾਪਿਆਂ ਦਾ ਕੀ ਪ੍ਰਤੀਕਰਮ ਸੀ?

ਜਵਾਬ : ਮੇਰੇ ਪਿਤਾ ਘਬਰਾ ਗਏ ਜਦੋਂ ਮੈਂ ਸਿਆਸੀ ਪੱਖੋਂ ਸਰਗਰਮ ਹੋਇਆ। ਦੇਸ਼ ਵਿਚ ਫ਼ੌਜੀ ਰਾਜ ਸੀ। ਸਿਆਸਤ ਅਤੇ ਧਰਨੇ ਜਲੂਸਾਂ ਦੀ ਮਨਾਹੀ ਸੀ। ਮੈਂ ਉਦੋਂ ਸੋਲਾਂ, ਸਾਢੇ ਸੋਲਾਂ ਸਾਲਾਂ ਦਾ ਹੋਵਾਂਗਾ ਅਤੇ ਅਜੇ ਸਕੂਲ ਵਿਚ ਹੀ ਸਾਂ ਜਦੋਂ ਮੈਂ ਅਖਬਾਰਾਂ ਵਿਚ ਪੜ੍ਹਿਆ ਸੀ ਕਿ ਇਕ ਕਾਲੇ ਅਮਰੀਕਨ ਜਿਮੀ ਵਿਲਸਨ ਨੂੰ ਇਕ ਡਾਲਰ ਚੁਰਾਉਣ ਬਦਲੇ ਮੌਤ ਦੀ ਸਜ਼ਾ ਦਿਤੀ ਗਈ। ਮੈਂ ਉਸ ਗਹਿਰੇ ਸਦਮੇ ਨੂੰ ਅੱਜ ਵੀ ਯਾਦ ਕਰ ਸਕਦਾ ਹਾਂ। ਅਸੀਂ ਇਸ 'ਤੇ ਵਿਸ਼ਵਾਸ ਨਹੀਂ ਕਰ ਸਕੇ। ਇਥੋਂ ਤਕ ਕਿ ਜੇਕਰ ਉਹਨੇ ਇਕ ਲੱਖ ਵੀ ਚੁਰਾਏ ਹੁੰਦੇ ਉਹਨੂੰ ਮੌਤ ਦੀ ਸਜ਼ਾ ਨਹੀਂ ਹੋਣੀ ਚਾਹੀਦੀ ਸੀ। ਇਸ ਲਈ ਮੈਂ ਕੁਝ ਸਕੂਲ ਦੇ ਦੋਸਤਾਂ ਨੂੰ ਇਕੱਤਰ ਕੀਤਾ ਅਤੇ ਉਨ੍ਹਾਂ ਨੂੰ ਕਿਹਾ, ''ਕੀ ਅਸੀਂ ਕੁਝ ਕਰ ਨਹੀਂ ਸਕਦੇ?'' ਸੋਚਦਾ ਹਾਂ ਕਿ ਅਸੀਂ ਕੋਈ ਸਕੂਲ ਦੀ ਵਰਦੀ ਵਿਚ ਵੀਹ ਜਣੇ ਹੋਵਾਂਗੇ, ਜਿਨ੍ਹਾਂ ਨੇ ਐਮਪਰੈੱਸ ਰੋਡ ਉੱਪਰ ਅਮਰੀਕਨ ਕੌਂਸਲੇਟ ਤੱਕ ਮਾਰਚ ਕੀਤਾ। ਰਾਹ ਵਿਚ ਸਾਡੇ ਨਾਲ ਗਲੀਆਂ ਦੇ ਜੁਆਕ ਰਲਦੇ ਗਏ। ਸਾਡੇ ਕੋਕ ਅਤੇ ਲਾਲੀਪਾਪ ਦੇ ਵਾਅਦੇ ਮਗਰੋਂ ਉਨ੍ਹਾਂ ਸੋਚਿਆ ਕਿ ਇਹ ਕੋਈ ਚੰਗਾ ਕੰਮ ਸੀ, ਕਿਉਂਕਿ ਜਿਮੀ ਵਿਲਸਨ ਇਕ ਪੱਛਮੀ ਨਾਂ ਸੀ। ਉਨ੍ਹਾਂ ਸੋਚਿਆ ਕਿ ਉਨ੍ਹਾਂ ਦਾ ਨਾਅਰਾ, ''ਨੂੰ ਮੌਤ...।'' ਇਸ ਲਈ ਅਸੀਂ ਕਿਹਾ ਕਿ ਤੁਸੀਂ ਇਹ ਨਹੀਂ ਕਹਿ ਸਕਦੇ ਕਿ ''ਜਿਮੀ ਵਿਲਸਨ ਨੂੰ ਫਾਹੇ ਲਾਓ।'' ਇਹ ਤਾਂ ਉਹ ਗੱਲ ਸੀ ਜਿਸ ਦਾ ਅਸੀਂ ਵਿਰੋਧ ਕਰਨ ਚੱਲੇ ਹਾਂ। ਜਦੋਂ ਅਸੀਂ ਉਨ੍ਹਾਂ ਨੂੰ ਗੱਲ ਖੋਲ੍ਹ ਕੇ ਸਮਝਾਈ ਉਨ੍ਹਾਂ ਨੇ ਨਾਅਰਾ ਬਦਲ ਲਿਆ, ''ਜਿਮੀ ਵਿਲਸਨ ਅਮਰ ਰਹੇ।'' ਇਸ ਤਰ੍ਹਾਂ ਅਸੀਂ ਕੌਂਸਲੇਟ ਪਹੁੰਚੇ ਅਤੇ ਕੌਂਸਲ ਜਨਰਲ ਨੂੰ ਮਿਲੇ। ਮੈਨੂੰ ਅਜੇ ਤੱਕ ਉਹਦਾ ਨਾਂ ਯਾਦ ਹੈ ਮਿ. ਸਪੈਂਗਲਰ। ਸਖ਼ਤ ਚਿਹਰੇ ਵਾਲਾ, ਝੁਰੜਾਏ ਅਤੇ ਗੁਸੈਲ ਚਿਹਰੇ ਵਾਲਾ ਜਰਮਨ ਮੂਲ ਦਾ ਆਦਮੀ। ਉਸ ਨੇ ਜਵਾਬ ਤੱਕ ਨਾ ਦਿਤਾ। ਮੈਂ ਕਿਹਾ ਕਿ ਸਾਡੇ ਕੋਲ ਇਕ ਪੱਤਰ ਹੈ ਕਿ ਤੁਸੀਂ ਇਕ ਕਾਲੇ ਅਮਰੀਕਨ ਨੂੰ ਇਕ ਡਾਲਰ ਚੁਰਾਉਣ ਬਦਲੇ ਫਾਹੇ ਟੰਗਣ ਜਾ ਰਹੇ ਹੋ ਅਤੇ ਫਿਰ ਵੀ ਤੁਸੀਂ ਕਹਿੰਦੇ ਹੋ ਕਿ ਤੁਸੀਂ ਜਮਹੂਰੀਅਤ ਪਸੰਦ ਹੋ... ਇਹ ਨਾਮੰਨਣ ਯੋਗ ਵਰਤਾਉ ਹੈ। ਉਸ ਦਾ ਪ੍ਰਤੀਕਰਮ ਸਾਡੇ ਨਾਮ ਪੁੱਛਣ ਵਿਚ ਸੀ ਅਤੇ ਜਦੋਂ ਅਸੀਂ ਦੱਸ ਦਿਤੇ ਉਸ ਨੇ ਸਾਨੂੰ ਰੋਕ ਲਿਆ ਅਤੇ ਕਿਹਾ ਕਿ ਅਸੀਂ ਅਗਲੀ ਸਵੇਰ ਆਪਣੇ ਪ੍ਰਿੰਸੀਪਲ ਨੂੰ ਮਿਲੀਏ, ''ਉਹਨੂੰ ਦੱਸੋ ਕਿ ਤੁਸੀਂ ਕੌਣ ਹੋ? ਤੁਸੀਂ ਇਹ ਸਭ ਕਿਉਂ ਕੀਤਾ ਅਤੇ ਉਸ ਤੋਂ ਅਨੁਸ਼ਾਸਨੀ ਕਾਰਵਾਈ ਬਾਰੇ ਪੁੱਛਿਆ ਜਾ ਰਿਹਾ ਹੈ।'' ਇਹ ਮੇਰਾ ਅਮਰੀਕੀ ਜਮਹੂਰੀਅਤ ਨਾਲ ਪਹਿਲਾ ਸਿੱਧਾ ਸੰਪਰਕ ਸੀ। ਅਸੀਂ ਬੇਰੰਗ ਪਰਤੇ। ''ਯਾ ਅੱਲਾ'' – ਅਸੀਂ ਕਿਹਾ, ''ਉਸ ਜਣੇ ਨੇ ਸਾਨੂੰ ਜਵਾਬ ਤੱਕ ਨਾ ਦਿਤਾ, ਠੰਡਾ ਯਖ਼ ਬਣਿਆ ਰਿਹਾ।''

ਇਹ ਪਹਿਲਾ ਪ੍ਰਦਰਸ਼ਨ ਸੀ। ਦੂਜਾ ਮੁਜ਼ਾਹਰਾ 1961 ਵਿਚ ਕੀਤਾ, ਜਦੋਂ ਮੈਂ ਯੂਨੀਵਰਸਿਟੀ ਵਿਚ ਪੜ੍ਹਦਾ ਸੀ। ਫਿਰ ਅਸੀਂ ਅਖ਼ਬਾਰਾਂ ਵਿਚ ਪੜ੍ਹਿਆ ਕਿ ਪੈਟਰਿਕ ਲਮੂੰਬਾ ਇਕ ਕਾਂਗੋ ਆਗੂ ਦਾ ਕਤਲ ਕਰ ਦਿਤਾ ਗਿਆ ਹੈ ਅਤੇ ਅਸੀਂ ਸੋਚਿਆ ਅਤੇ ਠੀਕ ਸਿੱਧ ਹੋਏ ਕਿ ਇਹ ਅਮਰੀਕਨਾਂ ਦੁਆਰਾ ਕੀਤਾ ਗਿਆ ਸੀ ਅਤੇ ਕਈ ਘੰਟਿਆਂ ਮਗਰੋਂ ਸਾਨੂੰ ਪਤਾ ਲੱਗਾ ਕਿ ਉਹਦੀ ਲਾਸ਼ ਸੀ.ਆਈ.ਏ. ਦੀ ਕਾਰ ਵਿਚ ਸੀ, ਜਿਹੜਾ ਇਸ ਨੂੰ ਟਿਕਾਣੇ ਲਗਾਉਣ ਲਈ ਇਧਰ-ਉਧਰ ਘੁੰਮ ਰਿਹਾ ਸੀ। ਸੋ ਮੈਂ ਇਕ ਮੀਟਿੰਗ ਬੁਲਾਈ। ਮੈਂ ਵਿਦਿਆਰਥੀ ਯੂਨੀਅਨ ਦਾ ਅਹੁਦੇਦਾਰ ਸੀ, ਪ੍ਰੰਤੂ ਵਿਰੋਧ ਦੇ ਡਰੋਂ ਮੈਂ ਇਹ ਸਭ ਬਿਨਾਂ ਕਿਸੇ ਦੀ ਸਲਾਹ ਦੇ ਕੀਤਾ। 200 ਲੋਕ ਇਕ ਹਾਲ ਵਿਚ ਇਕੱਤਰ ਹੋਏ। ਇਹ ਲਾਹੌਰ ਵਿਚ 1961 ਵਿਚ ਹੋਇਆ। ਮਿਜਾਜ਼ ਪੂਰੀ ਤਰ੍ਹਾਂ ਅੰਤਰ ਰਾਸ਼ਟਰਵਾਦੀ ਸੀ ਅਤੇ ਮੈਂ ਕਿਹਾ, ''ਇਹ ਜੋ ਵਾਪਰ ਗਿਆ... ਇਹ ਐਵੇਂ ਨਹੀਂ ਜਾਣ ਦਿਤਾ ਜਾ ਸਕਦਾ, ਲਮੂੰਬਾ ਦਾ ਕਤਲ ਬਿਨਾਂ ਪ੍ਰਤੀਕਰਮ ਤੋਂ ਨਹੀਂ ਛੱਡਿਆ ਜਾਵੇਗਾ। ਆਓ, ਇਹ ਕੰਮ ਹੁਣੇ ਕਰੀਏ, ਇਸ ਤੋਂ ਪਹਿਲਾਂ ਕਿ ਸਾਨੂੰ ਕੋਈ ਰੋਕੇ। ਇਸ ਤਰ੍ਹਾਂ ਸਾਡੇ ਵਿਚੋਂ ਕੋਈ 200 ਜਣੇ ਗਲੀਆਂ ਵਿਚ ਜਲੂਸ ਦੀ ਸ਼ਕਲ ਵਿਚ ਨਿਕਲ ਪਏ – ਕਾਨੂੰਨ ਦੇ

ਬਿਲਕੁਲ ਵਿਰੁੱਧ ਅਤੇ ਅਮਰੀਕੀ ਸਫ਼ਾਰਤਖਾਨੇ ਅਤੇ ਸਰਕਾਰੀ ਰਿਹਾਇਸ਼ਗਾਹ 'ਤੇ ਪੈਟਰਿਕ ਲਮੂੰਬਾ ਦੇ ਹੱਕ ਵਿਚ ਨਾਹਰੇ ਮਾਰਦੇ ਪਹੁੰਚ ਗਏ।

ਕੁੱਝ ਨਹੀਂ ਵਾਪਰਿਆ - ਕੋਈ ਪੁਲਿਸ ਨਹੀਂ, ਕੁੱਝ ਵੀ ਨਹੀਂ। ਸਾਡੇ ਜਲੂਸ ਦੀਆਂ ਤਸਵੀਰਾਂ ਖਿੱਚੀਆਂ ਗਈਆਂ, ਸੋ ਸਾਨੂੰ ਖ਼ਬਰਾਂ ਵਿਚ ਵੀ ਕੁਝ ਥਾਂ ਮਿਲੀ ਅਤੇ ਆਪਣੀ ਪ੍ਰਾਪਤੀ ਤੋਂ ਫੜੀ ਦਲੇਰੀ ਕਰਕੇ ਕਾਲਜ ਨੂੰ ਵਾਪਸੀ ਦੇ ਰਸਤੇ ਵਿਚ ਅਸੀਂ ਨਾਅਰੇ ਲਾਉਣੇ ਸ਼ੁਰੂ ਕਰ ਦਿਤੇ 'ਤਾਨਾਸ਼ਾਹੀ ਖ਼ਤਮ ਕਰੋ, ਅਸੀਂ ਚਾਹੁੰਦੇ ਹਾਂ ਜਮਹੂਰੀਅਤ' ਅਤੇ ਇਸ ਨੇ ਸਰਕਾਰ ਦਾ ਗੁੱਸਾ ਭੜਕਾ ਦਿਤਾ। ਲਮੂੰਬਾ ਦੀ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ ਸੀ ਅਤੇ ਫਿਰ ਪ੍ਰਿੰਸੀਪਲ ਨੂੰ ਕਿਹਾ ਗਿਆ, ''ਇਨ੍ਹਾਂ ਲੜਕਿਆਂ ਨੂੰ ਕਾਬੂ 'ਚ ਰੱਖੋ।'' ਉਹ ਬੇਹੱਦ ਚੰਗਾ ਅਤੇ ਜਾਗਰੂਕ ਪ੍ਰਿੰਸੀਪਲ ਸੀ, ਜਿਸ ਨੇ ਸਾਨੂੰ ਕਿਹਾ, ''ਜੋ ਜੀਅ ਆਉਂਦਾ ਹੈ ਕਰੋ, ਪਰ ਯੂਨੀਵਰਸਿਟੀ ਦੇ ਮੈਦਾਨ ਵਿਚ ਤੇ ਗਲੀਆਂ ਵਿਚ ਮੈਂ ਤੁਹਾਡੀ ਰਾਖੀ ਨਹੀਂ ਕਰ ਸਕਦਾ। ਇਥੇ ਜੋ ਜੀਅ ਕਰਦਾ ਹੈ ਕਰੋ, ਸਿੱਖਣ ਲਈ ਪੜ੍ਹ ਸਕਦੇ ਹੋ।'' ਅਸੀਂ ਕਿਹਾ, ''ਹਾਂ, ਪਰ ਅਸੀਂ ਕੇਵਲ ਪੜ੍ਹ ਨਹੀਂ ਸਕਦੇ।'' ਮੇਰੇ ਪਿਤਾ ਨੂੰ ਦੱਸਿਆ ਗਿਆ ਕਿ ਸੱਭ ਕੁੱਝ ਹੱਥੋਂ ਨਿਕਲਦਾ ਜਾ ਰਿਹਾ ਹੈ, ਇਸ ਲਈ ਮੇਰੇ ਉੱਪਰ ਕਿਸੇ ਵੀ ਸਿਆਸੀ ਇਕੱਤਰਤਾ ਵਿਚ ਬੋਲਣ ਤੇ ਕਿਸੇ ਵੀ ਜਲੂਸ ਵਿਚ ਜਾਣ 'ਤੇ ਪਾਬੰਦੀ ਲਗਾ ਦਿਤੀ ਗਈ। ਪਾਬੰਦੀ ਨੂੰ ਬੇਅਸਰ ਕਰਨ ਲਈ ਮੇਰੇ ਦੋਸਤਾਂ ਨੇ ਕੁੱਝ ਹਾਨੀਰਹਿਤ ਬਹਿਸਾਂ ਜਥੇਬੰਦ ਕਰਨੀਆਂ ਸ਼ੁਰੂ ਕਰ ਦਿਤੀਆਂ। ''ਅਸੀਂ ਕੋਕਾ ਕੋਲਾ ਤੋਂ ਲੱਸੀ ਨੂੰ ਤਰਜ਼ੀਹ ਦਿੰਦੇ ਹਾਂ'' ਭਾਸ਼ਣ ਵੀ ਸੰਕੇਤਕ ਹੁੰਦੇ ਸਨ। ਹਾਸਾ-ਠੱਠਾ ਚੰਗਾ ਹਥਿਆਰ ਸਾਬਤ ਹੋਇਆ।

ਮੈਂ ਦੱਸਣਾ ਭੁੱਲ ਗਿਆ ਇਕ ਮੁਜ਼ਾਹਰਾ, ਜਦੋਂ ਮੈਂ 13 ਸਾਲ ਦੇ ਲਾਗੇ-ਸ਼ਾਗੇ ਸੀ। ਇਹ ਸੁਏਜ਼ ਨਹਿਰ ਵਿਰੋਧੀ 1956 ਵਿਚ ਹੋਇਆ ਵਿਸ਼ਾਲ ਮੁਜ਼ਾਹਰਾ ਸੀ। ਉਦੋਂ ਨਿਸ਼ਾਨਾ ਬਰਤਾਨਵੀ ਅਤੇ ਫ਼ਰਾਂਸੀਸੀ ਸਾਮਰਾਜ ਉੱਪਰ ਸੀ ਅਤੇ ਨਿਰਸੰਦੇਹ ਇਜ਼ਰਾਇਲ ਉੱਪਰ ਵੀ - ਅਤੇ ਇਹ ਹੈਰਾਨੀਜਨਕ ਸੀ। ਯੂਨੀਵਰਸਿਟੀ ਦੇ ਵਿਦਿਆਰਥੀ ਸਾਡੇ ਸਕੂਲ ਆਏ, ਸਕੂਲ ਬੰਦ ਕਰਾਉਣ ਲਈ ਤਾਂ ਕਿ ਅਸੀਂ ਮੁਜ਼ਾਹਰੇ ਵਿਚ ਸ਼ਾਮਲ ਹੋ ਸਕੀਏ ਅਤੇ ਪ੍ਰਿੰਸੀਪਲ ਬਰਦਰ ਹੈਂਡਰਸਨ ਨੇ ਇਕ ਦਿਨ ਲਈ ਸਕੂਲ ਬੰਦ ਕਰ ਦਿਤਾ, ਕਿਉਂਕਿ ਕੋਈ ਮਾਰਸ਼ਲ ਲਾਅ ਨਹੀਂ ਲੱਗਾ ਹੋਇਆ ਸੀ। ਫ਼ੌਜੀ ਤਾਨਾਸ਼ਾਹੀ ਨਹੀਂ ਸੀ। ਲਾਹੌਰ ਦੀਆਂ ਗਲੀਆਂ ਵਿਚ ਡੇਢ ਲੱਖ ਲੋਕਾਂ ਨੇ ਜਲੂਸ ਕੱਢਿਆ। ਸਾਡੀ ਸਰਕਾਰ ਬਰਤਾਨੀਆ ਦੇ ਪੱਖ ਵਿਚ ਸੀ, ਜਿਸ ਨੇ ਉਨ੍ਹਾਂ ਵਿਰੁੱਧ ਗੁੱਸੇ ਦੀ ਲਹਿਰ ਭੜਕਾ ਦਿਤੀ, ''ਕੀ ਆਜ਼ਾਦੀ ਦਾ ਕੋਈ ਮਤਲਬ ਨਹੀਂ ਹੁੰਦਾ? ਸਾਡਾ ਹੁਣ ਤੱਕ ਵਿਵਹਾਰ ਬਸਤੀ ਵਰਗਾ ਹੈ।''

ਮੇਰੇ ਮਾਤਾ ਜੀ ਮੇਰੀਆਂ ਸਰਗਰਮੀਆਂ ਦਾ ਮੁਕੰਮਲ ਸਮਰਥਨ ਕਰਦੇ ਸਨ। ਮੇਰੇ ਪਿਤਾ ਘੱਟ ਸਮਰਥਨ ਕਰਦੇ ਸਨ, ''ਤੂੰ ਬਿਲਕੁਲ ਪੜ੍ਹ ਨਹੀਂ ਰਿਹਾ। ਤੂੰ ਪੜ੍ਹ ਜੋ ਤੈਨੂੰ ਪਸੰਦ ਹੈ, ਜੋ ਵਧੀਆ ਹੈ, ਪਰ ਤੇਰੇ ਇਮਤਿਹਾਨ ਹੋਣੇ ਹਨ, ਇਹ ਨਾਜ਼ੁਕ ਪੜਾਅ ਹੈ, ਫੇਰ ਅਸੀਂ ਦੇਖਾਂਗੇ ਕਿ ਕੀ ਕਰਨ ਦੀ ਲੋੜ ਹੈ।'' ਇਸ ਲਈ ਉਨ੍ਹਾਂ ਦੀ ਸਲਾਹ ਸੀ, ''ਹਰ ਇਕ ਨੂੰ ਕੁਝ ਕੰਮ ਕਰਨੇ ਹੀ ਪੈਂਦੇ ਹਨ।'' ਮੈਂ ਜਵਾਬ ਦਿਤਾ, ''ਤੁਸੀਂ ਬਿਹਤਰ ਜਾਣਦੇ ਹੋ।'' ''ਹਾਂ।'' ਉਨ੍ਹਾਂ ਨੇ ਕਿਹਾ, ''ਪ੍ਰੰਤੂ ਮੈਂ ਵੀ ਕੁੱਝ ਕੰਮ ਪਹਿਲਾਂ ਕੀਤੇ।'' ''ਠੀਕ ਹੈ, ਪਰ ਉਹ ਮੇਰੇ ਲਈ ਬਹੁਤੇ ਅਰਥ ਨਹੀਂ ਰੱਖਦੇ।'' ''ਠੀਕ ਹੈ, ਇਹ ਸਾਡੇ ਲਈ ਕਰੋ।'' ਉਨ੍ਹਾਂ ਨੇ ਕਿਹਾ। ਇਸ ਤਰ੍ਹਾਂ ਦਾ ਇਹ ਪਿਤਾ-ਪੁੱਤਰ ਦਾ ਰਿਸ਼ਤਾ ਸੀ। ਮੇਰੇ ਮਾਤਾ ਵਿਚ ਵਿਚਾਲੇ ਫਸ ਜਾਂਦੇ ਸਨ, ਅੱਧੇ ਮੇਰੇ ਨਾਲ ਸਹਿਮਤ, ਅੱਧੇ ਮੇਰੇ ਪਿਤਾ ਨਾਲ। ਇਕ ਦਿਨ ਉਨ੍ਹਾਂ ਮੈਨੂੰ ਦੱਸਿਆ ਕਿ ਉਨ੍ਹਾਂ ਨੇ ਮੈਨੂੰ ਵਿਦੇਸ਼ ਭੇਜਣ ਦਾ ਫ਼ੈਸਲਾ ਕਰ ਲਿਆ ਹੈ। ਮੇਰੇ ਮਾਮਾ ਜੀ, ਸੈਨਾ ਦੇ ਖ਼ੁਫੀਆ ਵਿਭਾਗ ਦੀ ਇਕ ਉੱਚ ਅਹੁਦੇ ਦੀ ਸ਼ਖ਼ਸੀਅਤ, ਇਕ ਮੋਟੀ ਫਾਈਲ ਲੈ ਕੇ ਘਰ ਆਏ, ਜਦੋਂ ਮੈਂ ਘਰ ਨਹੀਂ ਸੀ। ''ਬਰਖ਼ੁਰਦਾਰ ਦੀ ਇਹ ਫਾਈਲ ਹੈ ਜੋ ਹੁਣ ਤੱਕ ਇਕੱਠੀ ਹੋਈ ਹੈ।'' ਉਨ੍ਹਾਂ ਨੇ ਮੇਰੇ ਪਿਤਾ ਜੀ ਨੂੰ ਦੱਸਿਆ, ''ਅਤੇ ਇਹ ਮੋਟੀ ਹੀ ਮੋਟੀ ਹੁੰਦੀ ਜਾ ਰਹੀ ਹੈ, ਇਸ ਕਰ ਕੇ ਮੇਰਾ ਸੁਝਾਅ ਹੈ ਕਿ ਉਹਨੂੰ ਮੁਲਕ 'ਚੋਂ ਬਾਹਰ ਕੱਢ ਦਿਉ ਕਿਉਂਕਿ ਉਹ ਛੇਤੀ ਹੀ ਜੇਲ੍ਹ ਵਿਚ ਬੰਦ ਕਰ ਦਿਤਾ ਜਾਵੇਗਾ ਅਤੇ ਜਿੱਥੇ ਮੈਂ ਕੁਝ ਨਹੀਂ ਕਰ ਸਕਦਾ।'' ਉਨ੍ਹਾਂ ਨੇ ਮੈਨੂੰ ਜ਼ਿਆਦਾ ਨਹੀਂ ਦੱਸਿਆ। ਕਾਫ਼ੀ ਦੇਰ ਤੱਕ ਇਹ ਜਾਣਦਿਆਂ ਕਿ ਮੈਂ ਮੁਲਕ ਛੱਡਣ ਤੋਂ ਇਨਕਾਰ ਕਰ ਦਿਆਂਗਾ। ਇਸ ਦੀ ਥਾਂ ਉਨ੍ਹਾਂ ਨੇ ਪੁੱਛਿਆ ਕਿ ਕੀ ਮੈਂ ਆਕਸਫੋਰਡ ਵਿਚ ਦਾਖ਼ਲੇ ਲਈ ਅਰਜ਼ੀ ਦੇਣੀ ਹੈ ਜਾਂ ਕੈਂਬਰਿਜ਼। ਮੈਂ ਆਕਸਫੋਰਡ ਲਈ ਅਰਜ਼ੀ ਦਿਤੀ ਅਤੇ ਮੈਨੂੰ ਦਾਖ਼ਲਾ ਮਿਲ ਗਿਆ। ਮੇਰੀ ਮਿੱਤਰ ਕੁੜੀ ਕੈਂਪਵੈੱਲ ਆਰਟ ਕਾਲਜ ਵਿਚ ਸੀ। ਉਹ ਦਾ ਪਿਤਾ ਲੰਡਨ ਵਿਚ ਰਾਜਦੂਤ ਬਣ ਗਿਆ ਸੀ। ਸੋ ਇਹ ਬਿਨਾਂ ਸ਼ੱਕ ਇਕ ਇਤਫ਼ਾਕ ਸੀ। ਪ੍ਰੰਤੂ ਮੈਂ ਕਦੇ ਵੀ ਜਾਣ ਦਾ ਚਾਹਵਾਨ ਨਹੀਂ ਸੀ, ਪ੍ਰੰਤੂ ਉਨ੍ਹਾਂ ਕਿਹਾ, ''ਤੈਨੂੰ ਚਲੇ ਜਾਣਾ ਚਾਹੀਦਾ ਹੈ।'' ਮੈਂ ਪੁੱਛਿਆ, ''ਤੁਸੀਂ ਐਨੀ ਜ਼ਿੱਦ ਕਿਉਂ ਕਰਦੇ ਹੋ? ਤੁਸੀਂ ਉਥੇ ਵਿਅਰਥ ਮੇਰੇ ਉੱਪਰ ਧੰਨ

ਬਰਬਾਦ ਕਰੋਗੇ? ਮੈਂ ਏਥੇ ਬਿਲਕੁਲ ਖੁਸ਼ ਹਾਂ।'' ਮੇਰੀ ਮਾਤਾ ਨੇ ਉਚੇਚ ਨਾਲ ਜ਼ਿੱਦ ਕੀਤੀ, ''ਨਹੀਂ... ਨਹੀਂ... ਤੈਨੂੰ ਜਾਣਾ ਹੀ ਚਾਹੀਦਾ ਹੈ।'' ਸੋ, ਇਹ ਸੀ ਸਾਰਾ ਮਾਜਰਾ ਮੇਰੇ ਆਕਸਫੋਰਡ ਜਾਣ ਦਾ।

ਸਵਾਲ : ਕੀ ਆਕਸਫੋਰਡ ਤੁਹਾਨੂੰ ਮੂਰਖ਼ਤਾਪੂਰਨ ਨਹੀਂ ਲੱਗਿਆ?

ਜਵਾਬ : ਪਾਕਿਸਤਾਨ ਵਿਚ ਪੜ੍ਹਨ ਲਈ ਪੁਸਤਕਾਂ ਦੀ ਘਾਟ ਸੀ। ਉਥੇ ਪ੍ਰਧਾਨਗੀ ਆਰਡੀਨੈਂਸ ਦੁਆਰਾ ਸਾਰੇ ਖੱਬੇਪੱਖੀ ਸਾਹਿਤ ਦੇ ਦਾਖ਼ਲੇ 'ਤੇ ਪਾਬੰਦੀ ਸੀ। ਇਸ ਲਈ ਬਿਨਾਂ ਸ਼ੱਕ ਸਾਨੂੰ ਮਾਰਕਸਵਾਦ ਸਟਡੀ ਸਰਕਲਾਂ ਵਿਚ ਪੜ੍ਹਨਾ ਪਿਆ ਸੀ, ਕਿਉਂਕਿ ਅਸੀਂ ਯੂਨੀਵਰਸਿਟੀ ਲਾਇਬ੍ਰੇਰੀ ਵਿਚ ਉਪਲੱਬਧ ਪੁਸਤਕਾਂ ਤੱਕ ਹੀ ਸੀਮਿਤ ਸੀ। ਜਦੋਂ ਮੈਂ ਆਕਸਫੋਰਡ ਗਿਆ, ਪਹਿਲੀ ਚੀਜ਼ ਸਿਰਫ਼ ਪੜ੍ਹਨਾ ਹੀ ਸੀ, ਬਿਨਾਂ ਰੋਕ ਉਹ ਕਿਤਾਬਾਂ ਜੋ ਪਾਕਿਸਤਾਨ ਵਿਚ ਕਦੇ ਉਪਲੱਬਧ ਨਹੀਂ ਸਨ : ਡੀ.ਐਚ. ਲਾਰੈਂਸ, ਹੈਨਰੀ ਮਿਲਰ, ਇਸਾਕ ਡੈਸ਼ਰ ਦੀ ਟਰਾਟਸਕੀ ਦਾ ਤ੍ਰੈਦੁਖਾਂਤ, ਖੁਦ ਟਰਾਟਸਕੀ, ਹੋਰ ਕਈ ਬਾਲਸ਼ਵਿਕ ਆਗੂ। ਇਸ ਤਰ੍ਹਾਂ ਆਕਸਫੋਰਡ ਮੇਰੇ ਲਈ ਬਹੁਤ ਖੁੱਲ੍ਹਾ-ਡੁੱਲ੍ਹਾ ਤੇ ਬਹੁਤ ਮੁਹਾਜ਼ਾਂ ਵਾਲਾ ਸੀ।

ਜਦੋਂ ਮੈਂ ਬਰਤਾਨੀਆ ਆਇਆ, ਬਹੁਤ ਸਪਸ਼ਟ ਹੈ ਕਿ ਅਮਰੀਕਾ ਨੇ ਪੁਰਾਣੇ ਬਰਤਾਨਵੀ ਸਾਮਰਾਜ ਦਾ ਕੰਮ ਆਪਣੇ ਅਧੀਨ ਲੈ ਲਿਆ ਸੀ ਅਤੇ ਇਹ ਸੀ ਸੁਏਜ਼ ਮਾਮਲਾ। ਬਰਤਾਨੀਆ, ਅਮਰੀਕਾ ਨਾਲ ਖਲੋਤਾ ਸੀ। ਮੇਰੇ ਆਉਣ ਤੋਂ ਛੇਤੀ ਮਗਰੋਂ ਉਥੇ ਆਮ ਚੋਣਾਂ ਸਨ। ਹਰਓਲਡ ਵਿਲਸਨ ਲੇਬਰ ਪਾਰਟੀ ਦੇ ਵੱਡੇ ਆਗੂਆਂ ਨੂੰ ਬਦਲ ਚੁੱਕਾ ਸੀ ਅਤੇ ਛੇਤੀ ਹੀ ਪ੍ਰਧਾਨ ਮੰਤਰੀ ਬਣ ਗਿਆ। ਮੈਂ 1964 ਵਿਚ ਲੇਬਰ ਪਾਰਟੀ ਦੀ ਚੋਣ ਮੁਹਿੰਮ 'ਚ ਭਾਗ ਲਿਆ। ਰਿਚਰਡ ਇੰਗਰਾਮਸ ਨੇ ਕਿਹਾ, ''ਮੈਂ ਚੇਅਰਮੈਨ ਹਰਓਲਡ ਦੇ ਵਿਚਾਰਾਂ ਦਾ ਸੰਗ੍ਰਹਿ ਕਿਉਂ ਨਹੀਂ ਕਰਦਾ। ਕੇਵਲ ਉਹਦੇ ਅਤੇ ਗਲਫ਼ ਸਟੀਡਮੈਨ ਦੇ ਸਰਵੋਤਮ ਵਿਚਾਰ ਲਵੋ ਅਤੇ ਇਨ੍ਹਾਂ ਨੂੰ ਸਚਿੱਤਰ ਕਰੋ।'' ਸੋ ਮੇਰੀ ਪਹਿਲੀ ਪੁਸਤਕ ਵਿਲਸਨ ਦੇ ਅਦਭੁਤ ਸਾਮਰਾਜ ਵਿਰੋਧੀ ਵਿਚਾਰਾਂ ਦਾ ਸੰਗ੍ਰਹਿ ਹੈ - ਮੇਰਾ ਭਾਵ ਵਿਚਾਰ-ਦਰ-ਵਿਚਾਰ। ਮੈਂ ਅਜੇ ਵੀ ਇਸ ਪੁਸਤਕ ਦੇ ਖ਼ਜ਼ਾਨੇ ਨੂੰ ਭਰਦਾ ਰਹਿੰਦਾ ਹਾਂ। ਵਿਲਸਨ ਨੇ ਕਦੇ ਵੀ ਵੀਅਤਨਾਮ ਵਿਚ ਸੈਨਿਕ ਟੁਕੜੀਆਂ ਨਹੀਂ ਭੇਜੀਆਂ, ਜਦੋਂ ਉਹ ਅਜਿਹਾ ਕਰਨ ਲਈ ਭਾਰੀ ਦਬਾਅ ਹੇਠ ਵੀ ਸੀ - ਇਹ ਗੱਲ ਸਾਨੂੰ ਨਹੀਂ ਭੁੱਲਣੀ ਚਾਹੀਦੀ। ਪ੍ਰੰਤੂ ਉਹ ਵਿਚਾਰਧਾਰਕ ਪੱਖੋਂ ਅਮਰੀਕਨ ਲਾਈਨ ਦਾ ਹਾਮੀ ਸੀ, ਭਾਵੇਂ ਅੱਧੇ ਮਨ ਨਾਲ ਤੇ ਬਰਤਾਨਵੀ ਰਾਜ ਕੁਝ ਪੱਧਰਾਂ 'ਤੇ ਅਮਰੀਕਾ ਲਈ ਮਦਦ ਕਰਦਾ ਸੀ। ਸੱਜੇ ਪੱਖੀ ਲੇਬਰ ਮਜ਼ਬੂਤੀ ਨਾਲ ਵੀਅਤਨਾਮ ਜੰਗ ਦੇ ਪੱਖ ਵਿਚ ਸੀ। 100 ਤੋਂ ਵੱਧ ਲੇਬਰ ਐਮ.ਪੀ. ਫਿਰ ਵੀ ਸਾਡੇ ਪੱਖ ਵਿਚ ਸਨ।

ਮੈਂ ਪੁਟਨੇ ਵਿਲਸਨ ਦਾ ਭਾਸ਼ਣ ਸੁਣਨ ਲਈ ਗਿਆ ਅਤੇ ਉਸ ਸਮੇਂ ਮੈਨੂੰ ਅੰਗਰੇਜ਼ੀ ਕ੍ਰਾਂਤੀ ਦਾ ਕੋਈ ਇਲਮ ਨਹੀਂ ਸੀ। ਵਿਲਸਨ ਨੇ ਇਉਂ ਸ਼ੁਰੂ ਕੀਤਾ, ''ਅਸੀਂ ਅੱਜ ਇਕ ਇਤਿਹਾਸਕ ਮੰਚ 'ਤੇ ਖਲੋਤੇ ਹਾਂ, ਕਿਉਂਕਿ ਅੱਜ ਦੀ ਘੜੀ ਉਹ ਬਹੁਤ ਸਾਰੇ ਵਿਵਾਦਾਂ ਨੇ ਸਿਰ ਚੁੱਕ ਲਿਆ ਹੈ, ਜਿਹੜੇ ਦੇਸ਼ ਨੂੰ ਜਮਹੂਰੀ ਬਣਾਉਂਦੇ ਹਨ। ਉਸ ਰੈਲੀ ਵਿਚ ਦੋ-ਤਿੰਨ ਹਜ਼ਾਰ ਲੋਕ ਹੋਣਗੇ ਅਤੇ ਮੈਂ ਸੋਚਦਾ ਹਾਂ ਕਿ ਇਹ ਪਹਿਲੀ ਵਾਰ ਸੀ ਜਦੋਂ ਮੈਂ ਕਿਸੇ ਸਿਆਸੀ ਆਗੂ ਨੂੰ ਆਪਣੇ ਸਰੋਤਿਆਂ ਨੂੰ ਇਤਿਹਾਸ ਦਾ ਸਬਕ ਦਿੰਦੇ ਸੁਣਿਆ।

1967 ਵਿਚ ਮੈਂ ਰਸਲ/ਸਾਰਤਰ ਦੇ ਜੰਗੀ ਅਪਰਾਧ ਟ੍ਰਿਬਿਊਨਲ ਲਈ ਉੱਤਰੀ ਵੀਅਤਨਾਮ ਗਿਆ। ਉਸ ਤਜੁਰਬੇ ਨਾਲ ਮੈਂ ਪਸੀਜ ਗਿਆ। ਉਸ ਤੋਂ ਮਗਰੋਂ ਮੈਂ ਬਰਵਰਡ ਰਸਲ ਦੁਆਰਾ ਭੇਜੀ ਗਈ ਇਕ ਟੀਮ ਵਿਚ ਸ਼ਾਮਲ ਹੋਇਆ। ਕਮੀਰੀ ਵਿਚ ਰੀਗਮ ਡੇਬਰੇ ਦੇ ਮੁਕੱਦਮੇ ਦੀ ਪੈਰਵੀ ਕਰਨ ਲਈ, ਉਸ ਦੇ ਜੀਵਨ ਨੂੰ ਬਚਾਉਣ ਦੇ ਇਕ ਹਿੱਸੇ ਵਜੋਂ। ਇਸ ਸਭ ਕੁੱਝ ਨੇ ਇਕ ਪ੍ਰਭਾਵ ਛੱਡਿਆ। ਪ੍ਰੰਤੂ ਇਹ 1968 ਵਿਚ ਖੱਬੇਪੱਖੀ ਜਰਮਨ ਵਿਦਿਆਰਥੀਆਂ ਦੀ ਜੱਥੇਬੰਦੀ ਐਸ.ਡੀ.ਐਸ. ਦੁਆਰਾ ਬੁਲਾਈ ਗਈ ਬਰਲਿਨ ਕਾਂਗਰਸ ਸੀ, ਜਿਸ ਤੋਂ ਮੈਂ ਇਕ ਜੱਥੇਬੰਦੀ ਵਿਚ ਸ਼ਾਮਲ ਹੋਣ ਦੀ ਲੋੜ ਮਹਿਸੂਸ ਕਰਨੀ ਸ਼ੁਰੂ ਕੀਤੀ। ਰੂਡੀ ਡਸ਼ਕੇ ਉਥੇ ਮੌਜੂਦ ਸੀ। ਉਲਰਾਈਕ ਮੈਨਸ਼ਾਫ਼ ਵੂਲਫ਼ ਬਰਦਰ ਸਮੇਤ ਪਿਛਵਾੜੇ ਵਿਚ ਦਿਖਾਈ ਦੇ ਰਹੇ ਸਨ। ਤਿੰਨ ਕਾਲੇ ਮੰਚ ਵੱਲ ਉੱਚੇ ਨਾਅਰੇ ਮਾਰਦੇ ਚੱਲ ਰਹੇ ਸਨ, ''ਮੈਂ ਵੀਅਤਨਾਮ ਜਾਣ ਦੇ ਵਿਰੁੱਧ ਹਾਂ, ਜਿਥੇ ਵੀ ਮੈਂ ਹਾਂ ਉਥੇ ਵੀਅਤਨਾਮ ਹੈ। ਮੈਂ ਵੀਅਤਨਾਮ ਜਾਣ ਦੇ ਵਿਰੁੱਧ ਹਾਂ।''

ਮੈਂ ਮਹਿਸੂਸ ਕੀਤਾ ਕਿ ਬਰਤਾਨੀਆ ਵਿਚ ਐਸ.ਡੀ.ਐਸ. ਵਰਗਾ ਕੁੱਝ ਨਹੀਂ ਸੀ। ਵੀਅਤਨਾਮ ਦੇ ਮੁੱਦੇ 'ਤੇ ਮੈਂ ਲੇਬਰ ਪਾਰਟੀ ਛੱਡ ਦਿਤੀ ਅਤੇ ਇਮੀਗ੍ਰੇਸ਼ਨ ਉੱਪਰ ਲੱਗੀਆਂ ਪਾਬੰਦੀਆਂ ਦੇ ਮੁੱਦੇ 'ਤੇ ਵੀ, ਪਰ ਮੈਨੂੰ ਕਿਤੇ ਸ਼ਾਮਲ ਹੋਣਾ ਚਾਹੀਦਾ ਸੀ। ਬਰਲਿਨ ਵਿਚ ਮੰਚ ਉੱਪਰ ਬੈਠਾ ਅਗਲਾ ਆਦਮੀ ਮਰਨੈਸਟ ਮੈਂਡਲ ਸੀ, ਜਿਸ ਨੇ ਮਗਰੋਂ ਦੱਸਿਆ, ''ਬਰਤਾਨੀਆ ਵਿਚ ਕਾਮਰੇਡਾਂ ਦਾ ਇਕ ਛੋਟਾ ਜਿਹਾ ਗਰੁੱਪ ਹੈ, ਜਿਸ ਵਿਚ ਤੁਹਾਨੂੰ ਦਿਲਚਸਪੀ ਹੋਵੇਗੀ।

ਉਹ ਬਹੁਤ ਕੌਮਾਂਤਰੀਵਾਦੀ ਹਨ ਅਤੇ ਵੀਅਤਨਾਮ ਸਾਡੀ ਮੁੱਖ ਤਰਜੀਹ ਹੈ। ਮੈਂ ਇਨ੍ਹਾਂ ਕਾਮਰੇਡਾਂ ਵਿਚੋਂ ਕੁਝ ਨੂੰ ਮਿਲਿਆ ਅਤੇ ਮੈਂ ਕਿਹਾ, ''ਮੈਂ ਪਰਵਾਹ ਨਹੀਂ ਕਰਦਾ, ਕਿਉਂਕਿ ਤੁਸੀਂ ਜੋ ਲਿਖਦੇ ਹੋ ਉਹ ਮੈਂ ਪਸੰਦ ਕਰਦਾ ਹਾਂ ਅਤੇ ਵਿਸ਼ੇਸ਼ ਕਰਕੇ ਜੋ ਉਹ ਲਿਖਦਾ ਹੈ, ਪ੍ਰੰਤੂ ਤੁਹਾਡੇ ਕਿੰਨੇ ਕੁ ਮੈਂਬਰ ਹਨ? ਅਤੇ ਉਨ੍ਹਾਂ ਨੇ ਇਕ ਦੂਜੇ 'ਤੇ ਨਜ਼ਰ ਮਾਰੀ, ਇਕ ਨਜ਼ਰ ਜਿਸ ਨੇ ਕਿਹਾ, ''ਕੀ ਸਾਨੂੰ ਉਹਨੂੰ ਸੱਚਾਈ ਦੱਸ ਦੇਣੀ ਚਾਹੀਦੀ ਹੈ?'' ਅਤੇ ਉਨ੍ਹਾਂ ਨੇ ਕਿਹਾ, ''ਨਾਟਿੰਗਮ ਵਿਚ 40 ਅਤੇ ਲੰਡਨ ਵਿਚ 30।'' ਇਸ 'ਤੇ ਮੈਂ ਕਿਹਾ, ''ਬਹੁਤ ਵਧੀਆ'' ਅਜਿਹਾ ਹੀ ਸਭ ਕੁੱਝ - ਇਸ ਤਰ੍ਹਾਂ ਇਹ ਸਭ ਵਾਪਰਿਆ। ਸੋ ਮੈਂ ਕੌਮਾਂਤਰੀ ਮਾਰਕਸਵਾਦੀ ਗਰੁੱਪ ਵਿਚ ਸ਼ਾਮਲ ਹੋ ਗਿਆ।

ਬਰਲਿਨ ਵਿਚ ਦੂਜੇ ਟਰਾਟਸਕਵਾਦੀ ਗਰੁੱਪ ਨੇ ਮੈਨੂੰ ਸਿਰਫ਼ ਹੈਰਾਨ ਕੀਤਾ, ਕਿਉਂਕਿ ਉਨ੍ਹਾਂ ਨੇ ਕਦੇ ਨਹੀਂ ਮੰਨਿਆ ਕਿ ਚੀਨ ਵਿਚ ਕੋਈ ਸਮਾਜਵਾਦੀ ਇਨਕਲਾਬ ਹੋਇਆ ਸੀ ਜਾਂ ਵੀਅਤਨਾਮ ਵਿਚ, ਜਾਂ ਕਿਊਬਾ ਵਿਚ ਜਾਂ ਕਿਤੇ ਹੋਰ। ਸਿਰਫ਼ 1917 ਕਰਕੇ ਏਸ਼ੀਆ ਨੂੰ ਸਦਮਾ ਪਹੁੰਚਿਆ ਅਤੇ ਤੰਗ ਨਜ਼ਰ ਸੂਡੋ ਕੇਂਦਰਿਤ ਖੇਤਰਵਾਦ ਤੋਂ ਪਰਦਾ ਚੁੱਕਿਆ ਗਿਆ। 1962 ਜਾਂ 1963 ਦੇ ਆਪਣੇ ਵਿਦੇਸ਼ ਦੌਰੇ ਸਮੇਂ ਮੇਰੇ ਮਾਤਾ ਪਿਤਾ ਨੇ ਕੇਂਦਰੀ ਲੰਡਨ ਦੇ ਕੋਫਿਕਟ ਤੋਂ ਇਕ ਰਸਾਲਾ ਖਰੀਦ ਕੇ ਲਿਆਂਦਾ। ਇਹ ਦਾ ਨਾਂ 'ਨਿਊ ਲੈਫ਼ਟ ਰੀਵਿਊ' ਸੀ। ਇਸ ਰਸਾਲੇ ਵਿਚ ਇਤਾਲਵੀ ਕਮਿਊਨਿਸਟ ਪਾਰਟੀ ਵਿਚ ਚੱਲ ਰਹੀ ਲੰਮੀ ਬਹਿਸ ਪ੍ਰਕਾਸ਼ਿਤ ਹੋਈ ਸੀ - ਵਿਸ਼ੇਸ਼ ਕਰਕੇ ਸਟਾਲਿਨਵਾਦ ਨੂੰ ਲੈ ਕੇ ਅਤੇ ਗ਼ੈਰ-ਸਟਾਲਿਨਵਾਦ ਨੂੰ ਲੈ ਕੇ ਜੋ ਮੈਂ ਪੜ੍ਹੀ ਅਤੇ ਇਕ ਵਾਰ ਮੈਂ ਡੈਸ਼ਰ ਪੜ੍ਹਿਆ ਸੀ। ਟਰਾਟਸਕੀ ਦੀ 'ਮਾਈ ਲਾਈਫ਼' ਅਤੇ ਖ਼ਾਸ ਕਰਕੇ ਜਰਮਨੀ ਵਿਚ ਫਾਸ਼ੀਵਾਦ ਦੇ ਵਿਰੁੱਧ ਸੰਘਰਸ਼। ਮੈਂ ਸੋਚਿਆ ਕਿ ਆਈ.ਐਮ.ਜੀ. ਉਹ ਜੱਥੇਬੰਦੀ ਸੀ, ਜਿਸ ਵਿਚ ਮੈਨੂੰ ਸ਼ਾਮਲ ਹੋਣਾ ਚਾਹੀਦਾ ਸੀ, ਕਿਉਂਕਿ ਮੈਂ ਸੋਵੀਅਤ ਯੂਨੀਅਨ ਦਾ ਮੂਕ ਸਮਰਥਕ ਨਹੀਂ ਸੀ। ਇਸ ਨਾਲ ਮੇਰਾ ਮੇਰੇ ਮਾਤਾ-ਪਿਤਾ ਨਾਲ ਸਬੰਧ ਵਿਗੜ ਗਿਆ, ਜਿਹੜੇ ਬਿਨਾਂ ਸ਼ੱਕ ਬਹੁਤ ਝੁੰਜਲਾਹਟ ਵਿਚ ਸਨ, ਕਿਉਂਕਿ ਉਹ ਆਪਣੀ ਮੌਤ ਤੱਕ ਸੋਵੀਅਤ ਯੂਨੀਅਨ ਦੇ ਹਮਾਇਤੀ ਬਣੇ ਰਹੇ। ਜਦੋਂ ਜੈਰੇਮੀ ਡੈਨਮਾਰਕ ਵਿਖੇ ਇਕ ਅਮਨ ਕਾਨਫ਼ਰੰਸ ਵਿਚ ਉਨ੍ਹਾਂ ਨੂੰ ਮਿਲਿਆ, ਉਹਨੇ ਪੁੱਛਿਆ ਕਿ ਉਹ ਮੇਰੇ ਬਾਰੇ ਕੀ ਸੋਚਦੇ ਸਨ। ਮੇਰੇ ਪਿਤਾ ਨੇ ਕਿਹਾ, ''ਸਾਨੂੰ ਉਸ ਉੱਪਰ ਮਾਣ ਹੈ।'' ਜਿਸ 'ਤੇ ਮੈਨੂੰ ਅਪਾਰ ਖੁਸ਼ੀ ਮਿਲੀ। ਅਜਿਹੀ ਗੱਲ ਉਨ੍ਹਾਂ ਮੈਨੂੰ ਕਦੇ ਨਹੀਂ ਸੀ ਕਹੀ।

ਬਲੈਕ ਡਵਾਰਫ ਦਾ ਵਿਚਾਰ ਕਲਾਈਵ ਗੁਡਵਿਨ ਨੇ ਦਿੱਤਾ ਸੀ, ਜਿਹੜਾ ਮੇਰਾ ਸਾਹਿਤਕ ਏਜੰਟ ਸੀ ਅਤੇ ਪਿਆਰਾ ਦੋਸਤ ਸੀ। ਇਕ ਮੀਟਿੰਗ ਜਿਹੜੀ ਉਸਨੇ ਆਪਣੇ ਘਰ ਬੁਲਾਈ ਸੀ, ਉਥੇ ਉਹਨੇ ਕਿਹਾ, ''ਸਾਥੀਓ, ਪਰਚਾ ਸ਼ੁਰੂ ਕਰਨ ਬਾਰੇ ਕੀ ਖ਼ਿਆਲ ਹੈ?'' ਅਸੀਂ ਫ਼ੈਸਲਾ ਕੀਤਾ ਕਿ ਸ਼ੁਰੂ ਕਰਾਂਗੇ। ਕ੍ਰਿਸਟੋਫ਼ਰ ਲੋਗ ਨੂੰ ਬ੍ਰਿਟਿਸ਼ ਲਾਇਬ੍ਰੇਰੀ ਵਿਚ ਕੋਈ ਸੰਭਵ ਨਾਂ ਲੱਭਣ ਲਈ ਨਿਯੁਕਤ ਕੀਤਾ ਗਿਆ। ਮੈਂ ਕਿਹਾ, ''ਮੈਂ ਰਵਾਇਤੀ ਖੱਬੇਪੱਖੀ ਨਾਵਾਂ 'ਇਹ ਕਾਮੇ' ਅਤੇ 'ਇਹ ਸਮਾਜਵਾਦ ' ਆਦਿ ਦਾ ਵਿਰੋਧ ਕਰਦਾ ਹਾਂ। ਲੋਕ ਜਿਹੜੇ ਸਿਆਸਤ ਵਿਚ ਆ ਰਹੇ ਹਨ, ਅਜਿਹੇ ਨਾਵਾਂ ਤੋਂ ਆਕਰਸ਼ਿਤ ਨਹੀਂ ਹਨ। ਕ੍ਰਿਸਟੋਫਰ ਬ੍ਰਿਟਿਸ਼ ਲਾਇਬ੍ਰੇਰੀ ਗਿਆ ਅਤੇ 19ਵੀਂ ਸਦੀ ਤੋਂ ਚਲੇ ਕ੍ਰਾਂਤੀਕਾਰੀ ਰਸਾਲਿਆਂ ਦਾ ਅਧਿਐਨ ਕੀਤਾ ਅਤੇ ਅਗਲੇ ਹਫ਼ਤੇ ਵਾਪਿਸ ਆਇਆ, ਬਹੁਤ ਉਤਸ਼ਾਹਿਤ, ਇਕ ਸੂਚੀ ਲੈ ਕੇ। ਉਸ ਨੇ ਕਿਹਾ, ''ਪ੍ਰੰਤੂ ਮੇਰਾ ਮਨਪਸੰਦ ਹੈ 'ਬਲੈਕ ਡਵਾਰਫ਼' ਕੀ ਤੁਹਾਨੂੰ ਪਤਾ ਹੈ ਕਿ ਇਹਨੂੰ ਬਲੈਕ ਡਵਾਰਫ਼ ਕਿਉਂ ਕਿਹਾ ਗਿਆ ਹੈ?'' ''ਨਹੀਂ।'' ਉਹ ਬੋਲਦਾ ਗਿਆ, ''ਇਹ ਥਾਮਸ ਵੂਲਰ ਦੁਆਰਾ ਕੱਢਿਆ ਗਿਆ ਪਰਚਾ ਸੀ। ਇਹ ਬਹੁਤ ਵੱਡਾ ਕ੍ਰਾਂਤੀਕਾਰੀ ਪੱਤਰਕਾਰ ਸੀ। ਇਹ ਪਰਚਾ ਖਾਣ ਮਜ਼ਦੂਰਾਂ ਲਈ ਸੀ। ਖਾਣਾਂ ਵਿਚ ਪੈਦਾਵਾਰ ਕਰਨ ਮਗਰੋਂ ਜਦੋਂ ਖਾਣ ਮਜ਼ਦੂਰ ਬਾਹਰ ਆਉਂਦੇ ਸਨ ਤਾਂ ਉਹ ਕਲਾਬਾਜ਼ੀਆਂ ਲਾਉਂਦੇ ਸਨ। ਉਨ੍ਹਾਂ ਦੇ ਚਿਹਰੇ ਕਾਲਖ਼ ਨਾਲ ਲਿਬੜੇ ਹੁੰਦੇ ਸਨ। ਇਸ ਕਰਕੇ ਟਾਮ ਵੂਲਰ ਨੇ ਰਸਾਲੇ ਦਾ ਨਾਂ 'ਬਲੈਕ ਡਵਾਰਫ਼. ਰੱਖਣ ਦਾ ਫ਼ੈਸਲਾ ਕੀਤਾ।'' ਅਸੀਂ ਮਤਦਾਨ ਕੀਤਾ ਅਤੇ ਹਰ ਕੋਈ ਇਸ ਦੇ ਪੱਖ ਵਿਚ ਸੀ, ਜਿਹੜਾ ਕਿ ਬਹੁਤ ਨਿਆਰਾ ਸੀ - ਸੋ ਇਸ ਤਰ੍ਹਾਂ ਸਭ ਕੁੱਝ ਵਾਪਰਿਆ ਅਤੇ ਅਸੀਂ ਬਰੌਡਸ਼ੀਟ ਲਈ ਧਨ ਜੁਟਾਇਆ। ਪਹਿਲੀ ਬਰੌਡਸ਼ੀਟ 1 ਮਈ 1968 ਨੂੰ ਪੇਸ਼ ਕੀਤੀ, ਲੋਕ ਇਸ ਵਲ ਸਹਾਇਤਾ ਲਈ ਉੱਲਰ ਪਏ। ਫਰਾਂਸੀਸੀ ਜ਼ਰੂਰ ਥੋੜ੍ਹਾ ਭੜਕੇ ਜਦੋਂ ਅਸੀਂ ਪਹਿਲਾ ਅੰਕ ਕੱਢਣ ਹੀ ਵਾਲੇ ਸਾਂ, ਜਿਹੜਾ ਕਿ ਕੁਝ ਦੁਖਦਾਇਕ ਤੇ ਅਣਕਿਆਸਿਆ ਸੀ। ਆਮ ਕਰਕੇ ਮਹਿਸੂਸ ਕੀਤਾ ਗਿਆ ਕਿ ਜਿਲਦ ਪ੍ਰਭਾਵਸ਼ਾਲੀ ਸੀ। ਅਸੀਂ ਨਿਰਣਾ ਕਰਨ ਲਈ ਵੋਟਾਂ ਪਵਾਈਆਂ। ਡੀ.ਏ.ਐਨ. ਜੋਨਜ਼ ਜਿਹੜਾ ਮਗਰੋਂ ਐਲ.ਆਰ.ਪੀ. ਬਣਿਆ, ਵਾਕ ਆਊਟ ਕਰ ਗਿਆ। ਅਸੀਂ ਸੰਪਾਦਕ ਗੁਆ ਲਿਆ। ਮੈਨੂੰ ਕੰਮ ਆਪਣੇ ਹੱਥ ਲੈਣ ਲਈ ਕਿਹਾ ਗਿਆ ਅਤੇ ਡਿਜ਼ਾਈਨਰ ਰੋਬਿਨ ਮੇਰੇ ਮੋਢਿਆਂ ਤੋਂ ਝਾਕਿਆ, ਮੈਂ ਲਿਖਿਆ, ''ਅਸੀਂ ਲੜਾਂਗੇ, ਅਸੀਂ ਜਿੱਤਾਂਗੇ, ਪੈਰਿਸ,

ਲੰਡਨ, ਰੋਮ, ਬਰਲਿਨ। ਸਰਬਸੰਮਤੀ ਪੱਖ ਵਿਚ ਹੋ ਗਈ। ਸਾਡੇ ਉੱਪਰ ਅਫਲਾਤੂਨੀ ਧੁਨ ਸਵਾਰ ਸੀ। ਪੈਸੇ ਇਕੱਠੇ ਕਰਨ ਲਈ ਅਸੀਂ ਉਨ੍ਹਾਂ ਲੋਕਾਂ ਉੱਪਰ ਪਕੜ ਬਣਾਉਣੀ ਸੀ, ਜਿਹੜੇ ਸਾਡੇ ਮਾਪਦੰਡਾਂ ਅਨੁਸਾਰ ਬਹੁਤ ਅਮੀਰ ਸਨ।

ਸਵਾਲ : ਹੁਣ ਅਸੀਂ ਵਾਪਸ 1968 ਉੱਪਰ, ਇਹਨੂੰ ਸ਼ਿਖਰ ਬਿੰਦੂ ਮੰਨ ਕੇ ਝਾਤੀ ਮਾਰਦੇ ਹਾਂ, ਤਾਂ ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰਦੇ ਹੋ, ਜੋ ਤੁਸੀਂ ਸੋਚਿਆ ਸੀ ਉਹ ਕਿੰਨਾ ਕੁ ਹੋ ਗਿਆ, ਕਿੰਨਾ ਕੁ ਤੁਸੀਂ ਕਰਨ ਜਾ ਰਹੇ ਹੋ? ਮੈਂ ਵਿਸ਼ੇਸ਼ ਤੌਰ 'ਤੇ ਵੀਅਤਨਾਮ ਮੁਹਿੰਮ ਬਾਰੇ ਸੋਚ ਰਿਹਾ ਹਾਂ।

ਜਵਾਬ : ਮੈਂ ਕਦੇ ਨਹੀਂ ਸੋਚਿਆ ਸੀ ਕਿ ਵੀਅਤਨਾਮ ਜਲੂਸ ਕਿਸੇ ਇਨਕਲਾਬ ਵੱਲ ਲੈ ਜਾਵੇਗਾ। ਮੈਂ ਅਜਿਹਾ ਕੋਈ ਅਹਿਸਾਸ ਨਹੀਂ ਰੱਖਦਾ ਸੀ ਕਿ ਅਜਿਹਾ ਵਾਪਰਨ ਜਾ ਰਿਹਾ ਸੀ। ਅਸੀਂ ਵਿਸ਼ਾਲ ਵੀਅਤਨਾਮ ਜਲੂਸ ਦੇ ਜਨਮਦਾਤਾ ਸਾਂ। ਪੂਰੇ ਯੂਰਪ ਵਿਚ ਜਰਮਨਾਂ ਨੂੰ ਸਾਡੇ ਤੋਂ ਜਾਣਕਾਰੀ ਮਿਲੀ ਅਤੇ ਫ਼ਰਾਂਸੀਸੀਆਂ ਨੂੰ ਵੀ – ਪਰ ਕੁੱਝ ਨਹੀਂ ਵਾਪਰਿਆ। 1968–1969 ਵਿਚ ਬਰਤਾਨੀਆ ਦੀ ਆਮ ਹੜਤਾਲ ਤੇ ਇਹਦੇ ਬਰਾਬਰ ਦੀ ਫਰਾਂਸ ਵਿਚ – ਪੂੰਜੀਵਾਦ ਜਾਂ ਸਮਾਜਵਾਦ ਦੇ ਇਤਿਹਾਸ ਵਿਚ ਮਾਨਵੀ ਚਿਹਰੇ ਵਾਲੀ ਸੱਭ ਤੋਂ ਵੱਡੀ ਹੜਤਾਲ ਸੀ। ਚੈਕੋਸਲਵਾਕੀਆ ਵਿਚ ਕਮਿਊਨਿਸਟਾਂ ਦੇ ਸੁਧਾਰ ਲਈ ਲਹਿਰ ਸ਼ੁਰੂ ਹੋਈ ਜਾਂ ਇਟਲੀ ਵਿਚ ਕਾਮਿਆਂ ਨੇ ਕੰਟਰੋਲ ਦੀ ਮੰਗ ਕੀਤੀ। 1968–69 ਵਿਚ ਬਰਤਾਨੀਆ ਵਿਚ ਬਹੁਤ ਜ਼ਿਆਦਾ ਰਾਜਨੀਤੀ ਸੀ। ਰਾਜਨੀਤੀ ਤੇ ਸੱਭਿਆਚਾਰ ਦਾ ਮੇਲਜੋਲ ਬਹੁਤ ਸੀ – ਸਟੋਨਜ਼, ਮੁੱਖ ਤੌਰ 'ਤੇ, ਅਤੇ ਮਗਰੋਂ ਬੀਟਲਜ਼ ਤੇ ਕਈ ਹੋਰ ਗਾਇਕਾਂ ਦੇ ਆਪਣੇ ਬੈਂਡ ਸਨ। ਰਾਜਨੀਤੀ ਅਤੇ ਸੱਭਿਆਚਾਰ ਸਾਡੀਆਂ ਪ੍ਰਾਪਤੀਆਂ ਦਾ ਸ਼ਿਖ਼ਰ ਸੀ ਤੇ ਸਭ ਵੀਅਤਨਾਮ ਦੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰਰਹੇ ਸੀ। ਕਾਮਿਆਂ ਦੀ 1970 ਤਕ ਕੋਈ ਹੜਤਾਲ ਨਾ ਹੋਈ। ਉਤੋਂ ਤਕ ਜਦੋਂ ਤਕ ਖਾਣ ਮਜ਼ਦੂਰਾਂ ਨੇ ਵੱਡੀ ਹੜਤਾਲ ਕੀਤੀ।

ਸਵਾਲ : ਤੁਸੀਂ ਕਿਉਂ ਸੋਚਦੇ ਹੋ ਕਿ 1965–75 ਤੱਕ ਦੇ ਕਾਲ ਦੀਆਂ ਇੱਛਾਵਾਂ ਬਹੁਤ ਜ਼ਬਰਦਸਤ ਸਨ?

ਜਵਾਬ : ਮੈਂ ਹਮੇਸ਼ਾ ਅਜਿਹਾ ਮਹਿਸੂਸ ਕੀਤਾ ਹੈ। ਕਿਰਤੀ ਵਰਗ ਉੱਪਰ ਲੇਬਰ ਦੀ ਸਰਦਾਰੀ ਸੀ ਅਤੇ ਕਿਰਤੀ ਵਰਗ ਉੱਪਰ ਪਾਰਲੀਮੈਂਟ ਵਿਚ ਪ੍ਰਤੀਨਿੱਧਤਾ ਲਈ ਇਹਦੀ ਮੁਕੰਮਲ ਅਜਾਰੇਦਾਰੀ ਨੇ ਇਹ ਨੂੰ ਖਣਿਜ ਕਾਮਿਆਂ ਦੀ ਹੜਤਾਲ ਤੱਕ ਆਪਣਾ ਵਿਸਥਾਰ ਕਰਨ ਤੋਂ ਰੋਕੀ ਰੱਖਿਆ ਅਤੇ ਇਥੋਂ ਤਕ ਕਿ ਵੱਡੀ ਹੜਤਾਲ ਸਮੇਂ ਵੀ ਇਥੇ ਕੰਜ਼ਰਵੇਟਿਵ ਸਰਕਾਰ ਸੀ। ਐਡਵਾਰਡ ਹੀਥ ਖਾਣ ਕਾਮਿਆਂ ਨਾਲ ਗੱਲਬਾਤ ਕਰਨ ਲਈ ਅੱਗੇ ਆਇਆ ਅਤੇ ਲਾਰੈਂਸ ਡਾਲੀ, ਯੂਨੀਅਨ ਦਾ ਕੌਮੀ ਸਕੱਤਰ ਆਪਣੇ ਪੈਰ ਮੇਜ਼ ਉੱਪਰ ਰੱਖੀ ਬੈਠਾ ਸੀ, ਜਿਉਂ ਹੀ ਹੀਥ ਅੰਦਰ ਆਇਆ, ਦੂਜੇ ਖਾਣ ਮਜ਼ਦੂਰ ਆਗੂ ਉਠ ਖੜੇ ਹੋਏ। ਡਾਲੀ ਬੈਠਾ ਰਿਹਾ, ਹੀਥ ਨੂੰ ਦੇਖਦਾ ਤੇ ਵਧਾਈ ਦਿੰਦਾ ਬੋਲਿਆ, ''ਹੈਲੋ ਮਲਾਹ!''

ਸਿਆਸੀ ਪੱਖੋਂ ਡਾਲੀ ਨਵ–ਖੱਬਿਆਂ ਦਾ ਹਿੱਸਾ ਹੋਣ ਕਾਰਨ ਇਕ ਮਿਸਾਲ ਸੀ ਅਤੇ ਐਡਵਾਰਡ ਥਾਮਪਸਨ ਅਤੇ ਡਿਊਲਰ ਆਦਿ ਨੂੰ ਪੜ੍ਹ ਚੁੱਕਾ ਸੀ। ਉਹ ਉੱਤਰੀ ਵੀਅਤਨਾਮ ਵਿਚ ਮੇਰੇ ਨਾਲ ਸੀ। ਉਹ ਹੋਚੀ ਮਿਨ ਲਈ ਸੱਭ ਤੋਂ ਵਧੀਆ ਸ਼ਰਾਬ ਦੀ ਬੋਤਲ ਆਪਣੇ ਨਾਲ ਰੱਖਦਾ ਸੀ, ਪਰ ਕਿਸੇ ਕਾਰਨ ਅਸੀਂ ਇਸਨੂੰ ਫਨੋਮ ਪੇਨ ਵਿਚ ਡੋਲ੍ਹ ਦਿਤਾ। ਸੀਅਰਗਿਲ ਵੀ ਇਹੋ ਜਿਹਾ ਹੀ ਸੀ। ਇਹ ਬੜੀ ਭਰੋਸੇਯੋਗ ਕਿਰਤੀ ਸ਼੍ਰੇਣੀ ਸੀ ਅਤੇ ਇਹਨੇ ਤਬਾਹ ਕੀਤੇ ਜਾਣ ਤੱਕ ਓਰਗਰੀਵ ਤੇ ਹੋਰ ਕਈ ਸਾਰੀਆਂ ਟੱਕਰਾਂ ਵਿਚ ਨੱਕ ਨਹੀਂ ਰਗੜੇ, ਜਿਨ੍ਹਾਂ ਨੂੰ ਥੈਚਰ ਨੇ ਠੋਸਿਆ ਸੀ, ਜਿਨ੍ਹਾਂ ਨੂੰ ਉਹ ਸੁਧਾਰ ਕਹਿੰਦੇ ਸਨ ਅਤੇ ਜਿਨ੍ਹਾਂ ਨੂੰ ਮੈਂ ਹੁਣ ਤਕ ਨਵਉਦਾਰਵਾਦੀ ਬਰਤਾਨੀਆ ਦੀ ਉਲਟੀ ਚਾਲ ਕਹਿੰਦਾ ਹਾਂ...।

ਜਦੋਂ ਅਸੀਂ 1960 ਦੇ ਦਹਾਕੇ 'ਤੇ ਨਜ਼ਰ ਮਾਰਦੇ ਹਾਂ, ਜਿਹੜਾ 1965 ਵਿਚ ਆਰੰਭ ਹੋਇਆ ਅਤੇ 1975 ਵਿਚ ਖਤਮ ਹੋਇਆ, ਇਕੋ ਇਕ ਜਿੱਤ ਪਾਕਿਸਤਾਨ ਸੀ, ਜਿਥੇ ਵਿਦਿਆਰਥੀਆਂ ਦੀ ਅਗਵਾਈ ਵਿਚ ਜਨਤਕ ਸ਼ਮੂਲੀਅਤ ਵਾਲੇ ਤਿੰਨ ਮਹੀਨਿਆਂ ਦਾ ਜਨਤਕ ਉਭਾਰ ਪੈਦਾ ਹੋਇਆ, ਜਿਸ ਵਿਚ ਕਿਰਤੀ, ਮੁਲਕ ਦੇ ਕੁੱਝ ਹਿੱਸਿਆਂ ਦੇ ਕਿਸਾਨ, ਖਾਸ ਕਰਕੇ ਸਾਰੇ ਕਿੱਤਿਆਂ, ਨਾਗਰਿਕ ਸੇਵਾਵਾਂ ਦੇ ਲੋਕ, ਵਕੀਲ ਸ਼ਾਮਲ ਸਨ, ਵੇਸ਼ਵਾਵਾਂ ਤੱਕ ਵੀ। ਉਹ ਸਾਰੇ ਬਾਹਰ ਗਲੀਆਂ 'ਚ ਆ ਨਿਕਲੇ ਅਤੇ ਜਮਹੂਰੀਅਤ ਦੀ ਮੰਗ ਕਰਨ ਲੱਗੇ। ਸਮਾਜਵਾਦ ਦੀ ਮੰਗ ਕਰਨ ਅਤੇ ਤਾਨਾਸ਼ਾਹੀ ਦੇ ਖ਼ਾਤਮੇ ਦੀ ਮੰਗ ਕਰਨ ਲੱਗੇ। ਇਹ ਹਰਮਨਪਿਆਰਾ ਨਾਹਰਾ ਸੀ, ''ਸਰਮਾਏਦਾਰੋ ਤੇ ਜਗੀਰਦਾਰੋ ਪਿੱਛੇ ਹਟੋ, ਪਾਕਿਸਤਾਨ ਅਸਾਡਾ ਹੈ।'' ਇਹ 7 ਨਵੰਬਰ 1968 ਨੂੰ ਆਰੰਭ

ਹੋਇਆ ਅਤੇ ਮਾਰਚ 1969 ਵਿਚ ਖ਼ਤਮ ਹੋਇਆ। ਤਾਨਾਸ਼ਾਹੀ ਉਖਾੜ ਦਿਤੀ ਗਈ ਅਤੇ ਆਜ਼ਾਦ ਚੋਣ ਦੀ ਪਹਿਲੀ ਵਾਰ ਆਗਿਆ ਮਿਲੀ।

ਉਹ ਇਕ ਜਿੱਤ ਸੀ। ਇਕ ਹੋਰ ਪੁਰਤਗਾਲ ਵਿਚ ਮਿਲੀ – ਯੂਰਪੀਅਨ ਵਿਦਰੋਹੀਆਂ ਨੂੰ – ਸੰਭਵ ਹੈ ਕਿ ਇਹ ਬਹੁਤ ਅਗੇਤੀ ਮਿਲੀ। ਪੁਰਤਗਾਲ ਸਭ ਤੋਂ ਛੋਟੀ ਬਸਤੀਵਾਦੀ ਤਾਕਤ ਸੀ। ਆਪਣੀਆਂ ਬਸਤੀਆਂ ਨੂੰ ਇਹ ਅਜੇ ਵੀ ਬੜੀ ਸਖ਼ਤੀ ਅਤੇ ਢੀਠਤਾਈ ਨਾਲ ਚੰਬੜੀ ਹੋਈ ਸੀ। ਪ੍ਰੰਤੂ 1960 ਵਿਚ ਅਤੇ 1970ਵਿਆਂ ਦੇ ਮੁੱਢ ਵਿਚ ਪੁਰਤਗੀਜ਼ ਸੈਨਿਕ ਤੇ ਅਧਿਕਾਰੀ ਅਤੇ ਗੁਰੀਲੇ ਰੇਡੀਓ ਤੋਂ ਵੀਅਤਨਾਮ ਤੋਂ ਪ੍ਰਸਾਰਿਤ ਹੁੰਦੀਆਂ ਖ਼ਬਰਾਂ ਸੁਣ ਅਤੇ ਦੇਖ ਰਹੇ ਸਨ ਕਿ ਕੌਮੀ ਮੁਕਤੀ ਮੋਰਚੇ ਨੇ ਖੀ ਸਨਹ ਨੂੰ ਫਤਿਹ ਕਰ ਲਿਆ ਹੈ ਅਤੇ ਜਨਵਰੀ 1968 ਵਿਚ ਵੀਅਤਨਾਮ ਨੇ ਯੂ.ਐਸ. ਸਫ਼ਾਰਤਖਾਨੇ 'ਤੇ ਕਬਜ਼ਾ ਕਰ ਲਿਆ। ਇਸ ਨਾਲ ਸੈਨਿਕਾਂ ਦਾ ਵੱਡਾ ਕ੍ਰਾਂਤੀਕਰਨ ਹੋਇਆ, ਜਿਹੜੇ ਹੁਣ ਤੱਕ ਮਾਓ ਅਤੇ ਚੀ ਗੁਵੇਰਾ ਤੇ ਹੋਚੀਮਿਨ ਪੜ੍ਹ ਰਹੇ ਸਨ, ਸਿਰਫ਼ ਇਹ ਦੇਖਣ ਲਈ ਕਿ ਦੁਸ਼ਮਣ ਕਿੰਝ ਸੋਚਦਾ ਹੈ ਅਤੇ ਇਨ੍ਹਾਂ ਤੋਂ ਉਹ ਪ੍ਰਭਾਵਿਤ ਹੋ ਗਏ। ਬਿਨਾਂ ਸ਼ੱਕ ਗੁਰੀਲਿਆਂ ਨੂੰ ਵਿਸ਼ਵੀ ਖੱਬੇਪੱਖੀਆਂ ਵਲੋਂ ਸਮਰਥਨ ਦਿਤਾ ਜਾ ਰਿਹਾ ਸੀ ਅਤੇ ਚੀਨ ਤੇ ਰੂਸ ਤੋਂ ਧੰਨ ਮਿਲ ਰਿਹਾ ਸੀ।

ਅਫ਼ਰੀਕਾ ਵਿਚ ਮਿਲੀ ਹਾਰ ਨੇ ਪੁਰਤਗੀਜ਼ ਸਮਾਜ ਦੀ ਮੱਧਵਰਗੀ ਪਰਤ ਦੀ ਸੋਚ ਬਦਲੀ ਅਤੇ ਪੱਕੇ ਸੈਨਿਕਾਂ ਦੀ ਵੀ, ਜਿਨ੍ਹਾਂ ਨੂੰ ਘਰ ਭੇਜ ਦਿਤਾ ਗਿਆ ਸੀ। ਬਸਤੀਆਂ ਵਿਚ ਉਹ ਖੱਬੇਪੱਖੀ ਨਹੀਂ ਸਨ। ਹੜਤਾਲਾਂ ਅਤੇ ਮੁਜ਼ਾਹਰੇ ਇਹ ਮੰਗ ਕਰਨ ਲਈ ਸ਼ੁਰੂ ਹੋ ਗਏ ਕਿ ਦੇਸ਼ ਆਪਣੇ ਬੁਢਾਪੇ ਦਾ ਅੰਤ ਕਰੇ ਅਤੇ ਬੋਨਾਪਾਰਟਵਾਦੀ ਤਾਨਾਸ਼ਾਹੀ ਦਾ ਵੀ। ਬਗੈਰ ਕਿਸੇ ਹਿੰਸਾ ਤੋਂ ਫ਼ੌਜ ਹਰਕਤ ਵਿਚ ਆ ਗਈ ਅਤੇ ਅਸੀਂ ਮਹਿਸੂਸ ਕੀਤਾ ਕਿ ਸੱਤਾ ਉੱਪਰ ਕ੍ਰਾਂਤੀਕਾਰੀ ਕਬਜ਼ੇ ਦੇ ਬਹੁਤ ਨੇੜੇ ਹਾਂ। ਜਰਮਨ ਸੋਸ਼ਲ ਡੈਮੋਕ੍ਰੇਟਿਕ ਪਾਰਟੀ ਦੁਆਰਾ ਸਮਰਥਤ ਮੇਰੀਓ ਸੋਰਜ਼, ਅਕਸਰ ਜਜ਼ਬਾਤੀ ਭਾਸ਼ਨ ਦਿਆ ਕਰਦਾ ਸੀ – ਤੁਸੀਂ ਜਾਣਦੇ ਹੀ ਹੋ ਡਿਸਮੋਲਿਨਜ਼ ਜਾਂ ਦਾਂਤੇ ਦੀ ਤਰ੍ਹਾਂ। ਇਹ ਪੂਰੀ ਤਰ੍ਹਾਂ ਬੇਰੰਗ ਅਫ਼ਸਰਸ਼ਾਹੀ ਸੀ, ਜਿਸਨੂੰ ਅਸੀਂ ਕਦੇ ਵੀ ਯੋਗ ਨਹੀਂ ਸੀ ਸਮਝਦੇ। ਲਿਜ਼ਬਨ ਵਿਚ ਡੇਢ ਲੱਖ ਦੀ ਭੀੜ ਨੂੰ ਸੰਬੋਧਨ ਕੀਤਾ। ਪੁਰਤਗੇਜ਼ੀ ਇਨਕਲਾਬ ਲਈ ਮੁੱਖ ਤੌਰ 'ਤੇ ਕਾਮਿਆਂ, ਕਿਸਾਨਾਂ ਅਤੇ ਵਿਦਿਆਰਥੀਆਂ ਨੂੰ। ਉਨ੍ਹਾਂ ਸਾਰਿਆਂ ਇਸ ਨੂੰ ਦਿਲਚਸਪ ਕਿਹਾ। ਸੋਰਜ਼ ਨੇ ਕਾਮਿਆਂ ਨੂੰ ਕਿਹਾ, ''ਕੀ ਅਸੀਂ ਸਮਾਜਵਾਦ ਚਾਹੁੰਦੇ ਹਾਂ?'' ''ਹਾਂ!'' ''ਕੀ ਅਸੀਂ ਸੁਧਾਰ ਚਾਹੁੰਦੇ ਹਾਂ?'' ''ਹਾਂ!'' ''ਕੀ ਅਸੀਂ ਫੈਕਟਰੀਆਂ ਅਤੇ ਸਨਅਤਾਂ ਦੀ ਰਾਜ ਮਾਲਕੀ ਚਾਹੁੰਦੇ ਹਾਂ?'' ''ਹਾਂ, ਹਾਂ, ਹਾਂ'' ''ਅਤੇ ਕੀ ਅਸੀਂ ਜਮਹੂਰੀਅਤ ਚਾਹੁੰਦੇ ਹਾਂ?''

''ਹਾਂ।'' ਪ੍ਰੰਤੂ ਘੋਰ ਖੱਬੇ ਜਮਹੂਰੀ ਜਵਾਬਦੇਹੀ ਦੇ ਸਵਾਲ ਨੂੰ ਨਜ਼ਰਅੰਦਾਜ਼ ਕਰ ਗਏ, ਜਦੋਂ ਇਨ੍ਹਾਂ ਨੇ ਪ੍ਰੋਲਤਾਰੀ ਦੀ ਤਾਨਾਸ਼ਾਹੀ ਦਾ ਸੱਦਾ ਦਿਤਾ। ਦੂਜੇ ਸ਼ਬਦਾਂ ਵਿਚ ਉਹ ਦੇਸ਼ ਨੂੰ ਇਹ ਦੱਸ ਰਿਹਾ ਜਾਪਦਾ ਸੀ ਕਿ ਇਕ ਤਾਨਾਸ਼ਾਹੀ ਨੂੰ ਦੂਜੀ ਤਾਨਾਸ਼ਾਹੀ ਨਾਲ ਤਬਦੀਲ ਕੀਤਾ ਜਾ ਰਿਹਾ ਸੀ। ਲੋਕ ਮੂਰਖ ਨਹੀਂ ਸਨ, ਬਹੁਤੇ ਪੁਰਤਗੀਜ਼ ਕਾਮੇ ਫ਼ਰਾਂਸ ਨੂੰ ਹੋ ਤੁਰੇ, ਉਹ ਜਾਣਦੇ ਸਨ ਕਿ ਸੰਸਾਰ ਵਿਚ ਕੀ ਵਾਪਰ ਰਿਹਾ ਹੈ ਅਤੇ ਉਹ ਜਾਣਦੇ ਸਨ ਕਿ ਪੂਰਬੀ ਯੂਰਪ ਕਿਹੋ ਜਿਹਾ ਸੀ। ਉਹ ਅਜਿਹੀ ਸਥਿਤੀ ਵਿਚ ਨਹੀਂ ਰਹਿਣਾ ਚਾਹੁੰਦੇ ਸਨ, ਜਿਥੇ ਮੀਡੀਆ ਇਕੋ ਬੋਲੀ ਬੋਲੇ। ਉਹ ਕੁੱਝ ਵੱਖਰਾ ਰੱਖਦੇ ਅਤੇ ਵੱਖਰਾ ਚਾਹੁੰਦੇ ਸਨ। ਸੋਰਜ਼ ਇਹ ਸੱਭ ਸਮਝਦਾ ਸੀ ਅਤੇ ਬੜੀਆਂ ਨਿਪੁੰਨ ਤੇ ਚੰਗੀ ਤਰ੍ਹਾਂ ਪ੍ਰਸਤੁਤ ਤਕਰੀਰਾਂ ਸਹਾਰੇ ਉਹ ਜਿੱਤ ਗਿਆ। ਇਸ ਤਰ੍ਹਾਂ ਬਹੁਤ ਸ਼ਕਤੀਸ਼ਾਲੀ ਇਨਕਲਾਬੀ ਭਾਵਨਾ ਹਾਰ ਗਈ। ਇਸ ਲਈ ਇਕ ਪ੍ਰਕਾਰ ਦੀ ਰਾਜਸੀ ਕਮਜ਼ੋਰੀ ਦਾ ਧੰਨਵਾਦ। ਨਿਰਸੰਦੇਹ, ਬਹੁਤ ਸਾਰੇ ਲੋਕਾਂ ਨੇ ਮਹਿਸੂਸ ਕੀਤਾ ਕਿ ਉਦੋਂ ਕੀ ਵਾਪਰ ਸਕਦਾ ਸੀ, ਪਰ ਬਹੁਤ ਦੇਰ ਹੋ ਗਈ ਸੀ।

ਸਵਾਲ : ਅਮਰੀਕਾ ਵਿਚ ਤੁਸੀਂ ਦੱਖਣ ਦੇ ਇਕ ਰਾਜ ਨੂੰ ਉਲਟਾ ਕੇ ਨਾਗਰਿਕ ਅਧਿਕਾਰਾਂ ਦੀ ਇਕ ਲਹਿਰ ਦੀ ਅਗਵਾਈ ਕੀਤੀ : ਵੀਅਤਨਾਮ ਜੰਗ ਨੂੰ ਨਤੀਜੇ ਤੱਕ ਪਹੁੰਚਣ ਲਈ ਤੁਸੀਂ ਮਜਬੂਰ ਕੀਤਾ : ਤੁਸੀਂ ਲਿੰਡਨ ਜੋਨਸਨ ਨੂੰ ਇਹ ਫ਼ੈਸਲਾ ਲੈਣ ਲਈ ਮਜਬੂਰ ਕੀਤਾ ਕਿ ਉਹ ਮੁੜ ਖੜ੍ਹਾ ਨਹੀਂ ਹੋ ਸਕਦਾ।

ਜਵਾਬ : ਸੰਯੁਕਤ ਰਾਜ ਵਿਚ ਜੰਗ ਵਿਰੋਧੀ ਲਹਿਰ ਦੀ ਚੜ੍ਹਾਈ ਦੇ ਬਰਾਬਰ 1960ਵਿਆਂ ਅਤੇ 1970ਵਿਆਂ ਵਿਚ ਕਿਸੇ ਵੀ ਹੋਰ ਸਾਮਰਾਜਵਾਦੀ ਦੇਸ਼ ਵਿਚ ਕੋਈ ਲਹਿਰ ਨਹੀਂ ਸੀ। ਯੂ.ਐਸ. ਦੇ ਇਤਿਹਾਸ ਦਾ ਇਹ ਸਿਖ਼ਰਲਾ ਮੁਕਾਮ ਸੀ, ਜਿਸ ਨੇ ਜੰਗ ਦੇ ਖ਼ਾਤਮੇ ਵਿਚ ਮਦਦ ਕੀਤੀ। ਪੂਰਾ ਦੇਸ਼ ਕੀ ਸੱਜੇ ਕੀ ਖੱਬੇ, ਕੀ ਉਦਾਰ ਤੇ ਕੀ ਪ੍ਰਤੀ ਕਿਰਿਆਵਾਦੀ, ਵੀਅਤਨਾਮ ਜੰਗ ਦੀ ਚਰਚਾ ਕਰ ਰਹੇ ਸਨ। ਜਨਵਰੀ 1968 ਵਿਚ ਵੀਅਤਨਾਮੀ ਮੁਕਤੀ ਸੈਨਾ ਦੇ ਸੈਂਕੜੇ ਕਸਬਿਆਂ, ਰਾਜਧਾਨੀ ਸਿਗੋਨ ਸਮੇਤ ਕਈ ਸੂਬਿਆਂ ਉੱਪਰ ਜ਼ਬਰਦਸਤ ਹਮਲੇ ਬੜੇ

ਨਾਟਕੀ ਅਤੇ ਪ੍ਰਭਾਵੀ ਸਨ। ਅਮਰੀਕਨ ਤੁਰੰਤ ਅਮਨ ਲਈ ਤਿਆਰ ਸਨ। ਬਜਾਏ ਇਸਦੇ ਉਨ੍ਹਾਂ ਨੇ ਅਗਲੇ ਸੱਤ ਸਾਲਾਂ ਲਈ ਲੜਾਈ ਜਾਰੀ ਰੱਖੀ। ਰਸਾਇਣਕ ਹਥਿਆਰਾਂ ਨਾਲ ਲੋਕਾਂ ਨੂੰ ਮਾਰਿਆ ਅਤੇ ਲੂਲ੍ਹੇ ਲੰਗੜੇ ਬਣਾਇਆ। ਏਜੰਟ ਔਰੈਂਜ ਨੇ ਵਾਤਾਵਰਣ ਨੂੰ ਨਸ਼ਟ ਕਰਨ ਲਈ ਵਹਿਸ਼ੀਪੁਣੇ ਦਾ ਨੰਗਾ ਨਾਚ ਕੀਤਾ, ਜੋ ਬਹੁਤੀਆਂ ਸ਼ਾਮਾਂ ਨੂੰ ਟੈਲੀਵਿਜ਼ਨ ਉੱਪਰ ਦੇਖਿਆ ਗਿਆ। ਹਰ ਰੋਜ਼ ਲਾਸ਼ਾਂ ਘਰਾਂ ਨੂੰ ਆਉਣ ਲੱਗੀਆਂ, ਸਾਰੇ ਰਾਜ ਵਿਚ ਸਸਕਾਰ ਹੋਣ ਲੱਗੇ ਅਤੇ ਵੀਅਤਨਾਮੀ ਜਿੱਤ ਰਹੇ ਸਨ। ਫੈਸਲਾਕੁਨ ਤੱਥ ਇਹ ਸੀ ਕਿ ਉਹ ਉਨ੍ਹਾਂ ਨੂੰ ਕਦੇ ਵੀ ਹਰਾ ਨਹੀਂ ਸਕੇ। ਹਰ ਸਾਲ ਜਨਰਲ ਵੈਸਟਮੋਰਲੈਂਡ ਕ੍ਰਿਸਮਿਸ ਪ੍ਰਸਾਰਣ ਦਿੰਦਾ, ''ਲੜਕੇ ਅਗਲੇ ਸਾਲ ਘਰ ਹੋਣਗੇ।'' ਠੀਕ ਹੈ, ਪਰ ਲੜਕੇ ਘਰ ਨਹੀ ਆ ਰਹੇ ਸਨ, ਪਰ ਜ਼ਖ਼ਮੀ ਅਤੇ ਉਥੇ ਹੋ ਰਹੇ ਸਭ ਕੁੱਝ ਤੋਂ ਦਹਿਸ਼ਤਜ਼ਦਾ ਲੋਕ ਆ ਰਹੇ ਸਨ ਅਤੇ ਇਹ ਬਿਨਾਂ ਕਿਸੇ ਉਚੇਰੀ ਪੈਰਵਾਈ ਤੋਂ ਸਮਕਾਲੀ ਰਾਜ ਵਿਚ ਜੰਗ ਵਿਰੋਧੀ ਲਹਿਰ ਪੈਦਾ ਕਰ ਰਿਹਾ ਸੀ। ਸਭ ਤੋਂ ਹੈਰਾਨੀ ਵਾਲੀ ਗੱਲ ਉਹ ਜਲੂਸ ਸੀ, ਜੋ ਪੈਂਟਾਗਨ ਦੇ ਸਾਹਮਣੇ ਨਿਕਲਿਆ, ਮੇਰੇ ਖ਼ਿਆਲ 'ਚ 1971 ਵਿਚ, ਜਿਹੜਾ ਮੁੱਖ ਤੌਰ 'ਤੇ ਜੀਐਲ, ਆਪਣੀਆਂ ਵਰਦੀਆਂ ਵਿਚ, ਆਪਣੇ ਸਾਰੇ ਮੈਡਲਾਂ ਸਮੇਤ, ਆਪਣੀਆਂ ਵੈਸਾਖੀਆਂ ਉੱਪਰ, ਵ੍ਹੀਲਚੇਅਰਾਂ ਉੱਪਰ ਪੈਂਟਾਗਨ ਦੇ ਬਾਹਰ ਜਲੂਸ ਕੱਢ ਰਹੇ ਸਨ ਅਤੇ ਨਾਹਰੇ ਲਗਾ ਰਹੇ ਸਨ, ''ਹੋ, ਹੋ ਹੋ ਚੀ ਮਿਨ, ਐਨ.ਐਲ.ਐਫ. ਇਜ਼ ਗੋਇੰਗ ਟੂ ਵਿਨ'' ਇਸ ਨਾਲ ਪੈਂਟਾਗਨ ਦਾ 9/11 ਦੇ ਬੰਬਾਂ ਤੋਂ ਵੀ ਵੱਧ ਦਿਲ ਦੁਖੀ ਹੋਇਆ।

ਸਵਾਲ : ਇਹ ਦੋਵੇਂ ਐਂਗਲੋ ਸੈਕਸ਼ਨ ਦੇਸ਼ਾਂ ਨੂੰ ਕਿਸੇ ਭਰੋਸੇਯੋਗ ਖੱਬੇ ਬਦਲ ਵੱਲ ਕਿਉਂ ਨਹੀਂ ਲੈ ਗਿਆ?

ਜਵਾਬ : ਘੱਟੋ-ਘੱਟ ਇਹ ਬਰਤਾਨੀਆ ਵਿਚ ਜ਼ਰੂਰ ਹੋਣਾ ਚਾਹੀਦਾ ਸੀ, ਮਜ਼ਦੂਰ ਲਹਿਰ ਦੇ ਸਿਆਸੀ ਢਾਂਚੇ ਨਾਲ ਅਤੇ ਟਰੇਡ ਯੂਨੀਅਨਾਂ ਦੁਆਰਾ ਅਸਰਦਾਇਕ ਉਨ੍ਹਾਂ ਦੀ ਸੰਸਦੀ ਆਵਾਜ਼ ਦਾ ਕੰਮ ਕਰਨ ਵਾਲੀ ਇਕ ਸਿਆਸੀ ਪਾਰਟੀ ਦੀ ਸਿਰਜਣਾ ਦੁਆਰਾ। ਉਸ ਨੂੰ ਤੋੜਨ ਲਈ ਤੁਹਾਨੂੰ ਕਿਸੇ ਬਹੁਤ ਵੱਡੀ ਚੀਜ਼ ਦੀ ਲੋੜ ਸੀ। ਇਸ ਪੱਧਰ 'ਤੇ ਇਹ ਕਹਿਣਾ, ਇਕ ਲੇਬਰ ਮੰਤਰੀ ਸੈਨਿਕ ਟੁਕੜੀ ਨੂੰ ਹੜਤਾਲੀਆਂ ਉੱਪਰ ਗੋਲੀ ਚਲਾਉਣ ਦਾ ਹੁਕਮ ਦੇਵੇ - ਅਜਿਹਾ ਖ਼ੌਫ਼ਨਾਕ ਹੁੰਦਾ ਹੈ ਅਤੇ ਮੈਂ ਅਜਿਹਾ ਕਹਿਣ ਨੂੰ ਘ੍ਰਿਣਾ ਕਰਦਾ ਹਾਂ, ਪ੍ਰੰਤੂ ਬ੍ਰਿਟਿਸ਼ ਮਜ਼ਦੂਰ ਲਹਿਰ, ਕਿਸੇ ਵੀ ਕੀਮਤ 'ਤੇ ਹਮੇਸ਼ਾ ਸਾਮਰਾਜ ਦਾ ਅਨਿੱਖੜ ਅੰਗ ਬਣੀ ਰਹੀ ਹੈ। ਇਸ ਨੇ ਕਦੇ ਵੀ ਬ੍ਰਿਟਿਸ਼ ਸਾਮਰਾਜਵਾਦ ਅਤੇ ਬਸਤੀਆਂ ਦੀ ਵਿਰੋਧਤਾ ਨਹੀਂ ਕੀਤੀ। ਦਰਅਸਲ ਉਹ ਕੁੱਝ ਦੂਸਰਿਆਂ ਫੈਬੀਅਨ ਖਾਸ ਕਰਕੇ ਸਾਰੇ ਹੀ ਸਾਮਰਾਜਵਾਦੀ ਸਨ - ਆਪਣੇ ਆਪ ਬਾਰੇ ਸੋਚਦੇ ਸਨ ਕਿ ਉਹ ਦੂਸਰਿਆਂ ਨੂੰ ਸੱਭਿਅਕ ਬਣਾ ਰਹੇ ਹਨ। ਇਸ ਕਰਕੇ ਉਥੇ ਕੋਈ ਵੀ ਸਾਮਰਾਜਵਾਦ ਵਿਰੋਧੀ ਪਰੰਪਰਾ ਕਦੇ ਵੀ ਕਾਇਮ ਨਾ ਹੋਈ। ਛੋਟੇ-ਛੋਟੇ ਗਰੁੱਪਾਂ ਦੇ ਜੁੜਨ ਤੋਂ ਇਲਾਵਾ ਜਿਵੇਂ ਕਿ ਸੁਤੰਤਰ ਲੇਬਰ ਪਾਰਟੀ ਜਾਂ ਕਮਿਊਨਿਸਟ ਪਾਰਟੀ ਨਾਲ ਜੁੜੀਆਂ ਛੋਟੀਆਂ ਟਰੇਡ ਯੂਨੀਅਨਾਂ ਜਾਂ ਫਿਰ ਖੁਦ ਛੋਟੀ ਜਿਹੀ ਕਮਿਊਨਿਸਟ ਪਾਰਟੀ, ਦੂਜੇ ਵਿਸ਼ਵ ਯੁੱਧ ਦੇ ਕਮਿਊਨਿਸਟ ਪਾਰਟੀ ਬਰਤਾਨੀਆ ਦੀ ਰਾਜਨੀਤੀ ਵਿਚ ਵੀ ਵੱਡੀ ਤਾਕਤ ਨਾ ਬਣੀ, ਜਿਵੇਂ ਇਹ ਫ਼ਰਾਂਸ ਅਤੇ ਇਟਲੀ ਵਿਚ ਬਣੀ ਸੀ।

ਸਵਾਲ : ਕੀ ਤੁਸੀਂ ਸੋਚਦੇ ਹੋ ਕਿ ਖੱਬੇ, ਅੱਤ ਖੱਬੇ ਜਿਨ੍ਹਾਂ ਵਿਚ ਤੁਸੀਂ ਸ਼ਾਮਲ ਸੀ, ਵੱਖੋ-ਵੱਖ ਰਹਿ ਕੇ ਕੰਮ ਕਰ ਸਕਦੇ ਸੀ?

ਜਵਾਬ : ਮੈਂ ਅਕਸਰ ਸੋਚਦਾ ਹਾਂ ਕਿ ਜੇਕਰ ਸਾਰੇ ਅੱਤ ਖੱਬੇ ਇਕ ਪਾਰਟੀ ਗਠਿਤ ਕਰਕੇ... ਪ੍ਰੰਤੂ ਉਹ ਕੀ ਕਰਦੇ? ਪਹਿਲੀ ਗੱਲ : ਉਹ ਇਕ ਦੂਜੇ ਨੂੰ ਮਾਰਨ ਲਈ ਭਿੜਦੇ ਜਾਂ ਸਿਆਸੀ ਤੌਰ 'ਤੇ ਮਾਰਨ ਲਈ; ਅਤੇ ਦੂਜੀ ਗੱਲ ਬਰਤਾਨੀਆ ਦੀ ਪਰੰਪਰਿਕ ਚੋਣ ਪ੍ਰਣਾਲੀ ਤੀਜੀ ਪਾਰਟੀ ਖੜੀ ਕਰਨੀ ਅਸੰਭਵ ਬਣਾ ਦਿੰਦੀ, ਜਿਵੇਂ ਕਿ ਅਸੀਂ ਲਿਬਰਲਾਂ ਦੇ ਉਭਾਰ ਅਤੇ ਪਤਨ ਤੋਂ ਦੇਖ ਹੀ ਚੁੱਕੇ ਹਾਂ ਜਾਂ ਗਰੀਨ ਪਾਰਟੀ ਵਲੋਂ ਲੱਖਾਂ ਵੋਟ ਲੈ ਕੇ ਸੰਸਦ ਦੀ ਮਾਤਰ ਇਕ ਸੀਟ ਲੈਣੀ ਵਧੇਰੇ ਨਾਟਕੀ ਮਿਸਾਲ ਹੈ। ਹੁਣ ਖੁਸ਼ੀ-ਖੁਸ਼ੀ ਮਰ ਰਿਹਾ ਯੂਕਿਪ ਲੱਖਾਂ ਵੋਟ ਲੈ ਗਿਆ, ਪਰ ਸੰਸਦ ਮੈਂਬਰ ਕੇਵਲ ਇਕ। ਚੁਣਾਵੀ ਢਾਂਚਾ, ਚੁਣਾਵੀ ਪ੍ਰਤੀਨਿੱਧਤਾ ਹਾਸਲ ਕਰਨੀ ਬਹੁਤ ਅਸੰਭਵ ਬਣਾ ਦਿੰਦਾ ਹੈ।

ਸਵਾਲ : 1980ਵਿਆਂ ਅਤੇ 1990ਵਿਆਂ ਵਿਚ ਜਦੋਂ ਪ੍ਰਤੱਖ ਹੈ ਕਿ ਖੱਬੇ ਬੈਕਫੁਟ 'ਤੇ ਹਨ, ਰਾਸ਼ਟਰੀ ਪੱਧਰ 'ਤੇ ਵੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੀ - ਰਾਸ਼ਟਰੀ ਪੱਧਰ 'ਤੇ ਥੈਚਰਵਾਦ ਨਾਲ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਮਾਜਵਾਦ ਦੇ ਢਹਿਣ ਨਾਲ - ਤੁਸੀਂ ਬਹਿਸ ਕਰ ਸਕਦੇ ਸੀ ਕਿ ਇਹ ਸਭ ਦੇ ਬਾਵਜੂਦ ਖੱਬਿਆਂ ਦੀ ਕਈ ਪੱਖੋਂ ਜਿੱਤ ਹੋਈ ਸੀ, ਪਰ ਉਹ ਸਭ ਸੱਭਿਆਚਾਰਕ ਗੱਲਾਂ ਸਨ : ਸਮਲਿੰਗੀਆਂ ਦੇ ਅਧਿਕਾਰ, ਔਰਤਾਂ ਦੇ ਲਾਭ,

ਕਾਲ਼ਿਆਂ ਦੇ ਲਾਭ, ਇਕ ਆਮ ਉਦਾਰ ਸਮਾਜ ਦੀ ਉਸਾਰੀ ਵਿਚ ਮਿਲੇ ਲਾਭ, ਕੀ ਤੁਸੀਂ ਸੋਚਦੇ ਹੋ ਕਿ ਕਮਿਊਨਿਸਟਾਂ ਨੇ ਮਹੱਤਵਪੂਰਨ ਆਰਥਿਕ ਰੂਪਾਂਤਰਣ ਪ੍ਰਤੀ ਅੱਖਾਂ ਬੰਦ ਕਰੀ ਰੱਖੀਆਂ?

ਜਵਾਬ : 1990ਵਿਆਂ 'ਚ ਕੀ ਹੋਇਆ – ਇਥੇ ਅਤੇ ਸਟੇਟਸ ਵਿਚ  ਅਤੇ ਬਾਕੀ ਯੂਰਪ ਵਿਚ – ਵਿਸ਼ਵ ਦੇ ਲੱਖਾਂ ਲੋਕਾਂ ਵਿਚ ਸਮਾਜਵਾਦ ਦੇ ਢਹਿ ਢੇਰੀ ਹੋਣ ਜਾਣ ਦੇ ਪ੍ਰਭਾਵ ਨੂੰ ਖੱਬਿਆਂ ਨੇ ਬਹੁਤ ਘਟਾ ਕੇ ਦੇਖਿਆ, ਜਿਹੜੇ ਵਿਸ਼ੇਸ਼ ਕਰਕੇ ਸੋਵੀਅਤ ਯੂਨੀਅਨ ਨੂੰ ਪਸੰਦ ਨਹੀਂ ਕਰਦੇ ਸਨ, ਪ੍ਰੰਤੂ ਇਸਦੇ ਬਣੇ ਰਹਿਣ ਵਿਚ ਖੁਸ਼ ਸਨ। ਇਸਦੀ ਹੋਂਦ ਪ੍ਰਤੀਦਵੰਦੀ ਵਜੋਂ ਸੰਯੁਕਤ ਰਾਜ ਨੂੰ ਜ਼ਰੂਰੀ ਸੀ। ਦੱਖਣੀ ਅਮਰੀਕਾ ਵਿਚ, ਏਸ਼ੀਆ ਦੇ ਵਿਸ਼ਾਲ ਭਾਗਾਂ ਵਿਚ, ਅਫ਼ਰੀਕਾ ਵਿਚ ਅਤੇ ਇਥੋਂ ਤਕ ਕਿ ਯੂਰਪ ਵਿਚ ਜ਼ਿਆਦਾ ਬੁੱਧੀਮਾਨ ਲੋਕਾਂ ਨੂੰ ਅਹਿਸਾਸ ਹੋਇਆ ਕਿ ਇਸ ਪ੍ਰਬੰਧ ਦਾ ਮੁਕੰਮਲ ਢਹਿ ਢੇਰੀ ਹੋ ਜਾਣਾ, ਵੱਡੀ ਅਨੁਪਾਤ ਵਿਚ ਖੱਬਿਆਂ ਲਈ ਨੁਕਸਾਨ ਸੀ, ਇਸ ਗੱਲ ਦਾ ਲਿਹਾਜ਼ ਕੀਤੇ ਬਗ਼ੈਰ ਕਿ ਸੋਵੀਅਤ ਯੂਨੀਅਨ ਨੂੰ ਪਸੰਦ ਕਰਦੇ ਸੀ ਜਾਂ ਨਹੀਂ। ਖੱਬੀ ਸੋਚ ਦੇ ਕੁੱਝ ਲੋਕਾਂ ਨੇ ਸੋਚਿਆ, ''ਆਹ!... ਹੁਣ ਸਾਡੀ ਵਾਰੀ ਹੈ।'' ਇਸ ਨੂੰ ਭੁੱਲਦਿਆਂ ਆਪਣੀ ਬਾਕੀ ਸਾਰੀ ਜ਼ਿੰਦਗੀ ਉਹ ਵਿਸ਼ਾਲ ਕਮਿਊਨਿਸਟ ਲਹਿਰ ਦੇ ਫੁੱਟਨੋਟਸ ਤੋਂ ਕੁੱਝ ਥੋੜ੍ਹਾ ਜਿਹਾ ਵੱਧ ਹੀ ਬਣ ਸਕੇ, ਇਸ ਤੋਂ ਬਗੈਰ ਉਹ ਆਪਣੀ ਕੋਈ ਜ਼ਿਆਦਾ ਹੋਂਦ ਨਹੀਂ ਜਤਾ ਸਕੇ। ਨਤੀਜੇ ਵਜੋਂ ਕੁੱਝ ਨੇ ਰਾਜਨੀਤੀ ਉੱਪਰੋਂ ਆਪਣੀ ਪਕੜ ਗੁਆ ਲਈ ਅਤੇ ਜ਼ਿਆਦਾ ਤੋਂ ਜ਼ਿਆਦਾ ਰੂੜ੍ਹੀਵਾਦੀ ਬਣ ਗਏ, ਜਿਸ ਤਰ੍ਹਾਂ ਉਹ ਕੰਮ ਕਰਦੇ ਸਨ, ਜੋ ਕੰਮ ਉਨ੍ਹਾਂ ਨੇ ਕੀਤਾ, ਉਸ ਤੋਂ ਇਹੋ ਜਾਪਦਾ ਹੈ, ਜੋ ਹੋ ਰਿਹਾ ਸੀ, ਉਹ ਉਨ੍ਹਾਂ ਦੀ ਸਮਝ 'ਚ ਨਹੀਂ ਸੀ ਆ ਸਕਦਾ।

ਬਹੁਪੱਖੀ ਸੋਚ ਵਾਲੇ ਲੋਕ ਕਹਿੰਦੇ ਸਨ, ''ਇਹ ਇਕ ਹਾਰ ਹੈ, ਅਸੀਂ ਪਿਟ ਗਏ ਹਾਂ।'' ਪ੍ਰੰਤੂ ਉਹ ਪਛਾਣ ਰਾਜਨੀਤੀ ਵਲ ਮੁੜ ਗਏ, ਜਿਹੜੀ ਆਓ ਯਾਦ ਕਰੀਏ ਕਿ 1960ਵਿਆਂ ਤੇ 1970ਵਿਆਂ ਵਿਚ ਆਪਣੇ ਬਾਲਪਣ ਵਿਚ ਸੀ। ਮੇਰਾ ਭਾਵ ਔਰਤਾਂ ਦੀ ਤਹਿਰੀਕ ਨੂੰ ਔਰਤ ਮੁਕਤੀ ਤਹਿਰੀਕ ਕਿਉਂ ਕਿਹਾ ਗਿਆ ਸੀ, ਜਿਹੜੀ ਤੀਜੇ ਵਿਸ਼ਵ ਵਿਚ ਸਾਮਰਾਜ ਦੇ ਵਿਰੋਧ ਨਾਲ ਜੁੜਿਆ ਹੋਇਆ ਸੰਘਰਸ਼ ਸੀ। ਸਮਲਿੰਗੀਆਂ ਦਾ ਮੁਕਤੀ ਅੰਦੋਲਨ, ਕਾਲ਼ਿਆਂ ਦਾ ਮੁਕਤੀ ਅੰਦੋਲਨ, ਕਾਲੇ ਚੀਤੇ (ਬਲੈਕ ਪੈਂਥਰਜ਼) – ਇਹ ਸਾਰੇ 1960ਵਿਆਂ ਵਿਚ ਪੈਦਾ ਹੋਏ ਅਤੇ ਜ਼ਿਆਦਾਤਰ 1970ਵਿਆਂ ਵਿਚ ਅਤੇ ਇਨ੍ਹਾਂ ਨੇ ਜ਼ੋਰਦਾਰ ਪ੍ਰਭਾਵ ਛੱਡਿਆ। ਇਸ ਕਰਕੇ ਨਹੀਂ ਕਿ ਸਮੱਸਿਆਵਾਂ ਹੱਲ ਹੋ ਗਈਆਂ, ਜਿਵੇਂ ਕਿ ਅਸੀਂ ਜਾਣਦੇ ਹਾਂ, ਯੂ.ਐਸ. ਵਿਚ ਬਲੈਕ ਲਾਈਵਜ਼ ਮੁਕਤੀ ਲਹਿਰ ਨੇ ਵੱਡੀ ਪੱਧਰ 'ਤੇ ਅਫ਼ਰੀਕਨ-ਅਮਰੀਕਨ ਹੁੱਲੜਬਾਜ਼ੀ ਨੂੰ ਜਨਮ ਦਿਤਾ। ਸੋ ਗੱਲ ਇਹ ਨਹੀਂ ਕਿ ਅਸੀਂ ਹਰ ਗੱਲ 'ਚ ਜਿੱਤੇ, ਇਥੋਂ ਤਕ ਕਿ ਕੁੱਝ ਵਿਸ਼ੇਸ਼ ਸਵਾਲਾਂ 'ਤੇ ਵੀ, ਖਾਸ ਕਰਕੇ ਨਸਲਵਾਦ ਦੇ ਸਵਾਲ ਉੱਤੇ।

ਸਵਾਲ : ਰਵਾਇਤੀ ਤੌਰ 'ਤੇ ਕਿਰਤੀ ਲਹਿਰ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਇਹ ਗਰੀਬ ਅਤੇ ਮਜ਼ਦੂਰ ਵਰਗ ਦੀ ਰੱਖਿਆ ਕਰੇਗੀ ਪਰ ਇਹ ਸਭ ਰੁਕ ਗਿਆ ਅਤੇ ਇਹ ਕੰਮ ਹੋਰ ਕਿਤੇ ਵੀ ਨਹੀਂ ਗਿਆ?

ਜਵਾਬ : ਜੋ ਅਕਸਰ ਅਣਡਿੱਠ ਹੋ ਜਾਂਦਾ ਹੈ ਉਹ ਇਹ ਹੈ ਕਿ 1991 ਵਿਚ ਕੇਵਲ ਸਰਕਾਰੀ ਸਮਾਜਵਾਦ ਢਹਿ ਢੇਰੀ ਹੋਇਆ ਸੀ : ਰਵਾਇਤੀ ਸਮਾਜਿਕ ਲੋਕਤੰਤਰ ਦਾ ਇਸ ਨਾਲ ਭੋਗ ਪੈ ਗਿਆ। 20ਵੀਂ ਸਦੀ ਦੌਰਾਨ ਪੂੰਜੀਵਾਦ ਦੇ ਅੰਤਰਗਤ ਬਦਲ ਮੌਜੂਦ ਸੀ ਕਿ ਕੁੱਝ ਸੁਧਾਰਾਂ ਲਈ ਲੜਿਆ ਜਾਵੇ, ਕ੍ਰਾਂਤੀ, ਕਮਿਊਨਿਜ਼ਮ ਜਾਂ ਜੋ ਵੀ ਇਸ ਨੂੰ ਕਹਿਣਾ ਚਾਹੋ ਦੀ ਛੱਲ ਦੇ ਬਚਾਅ ਵਜੋਂ। ਜਦੋਂ ਪੁਰਾਣਾਂ ਦੁਸ਼ਮਣ ਚਲਾ ਗਿਆ, ਸਰਮਾਏ ਅਤੇ ਇਸ ਦੇ ਆਗੂਆਂ ਨੇ ਮਹਿਸੂਸ ਕੀਤਾ ਕਿ ਇਸ ਰਾਹ ਉੱਪਰ ਚੱਲਦੇ ਰਹਿਣ ਦਾ ਕੋਈ ਕਾਰਨ ਨਹੀਂ। ਉਨ੍ਹਾਂ ਸਾਨ੍ਹ 'ਤੇ ਚੜ੍ਹੇ ਪੂੰਜੀਵਾਦ ਨੂੰ ਹੁਲਾਰਾ ਦੇ ਦਿਤਾ ਅਤੇ ਕੋਈ ਪਰਵਾਹ ਨਾ ਕੀਤੀ ਕਿ ਇਹ ਕਿਸ ਨੂੰ ਦਰੜ ਰਿਹਾ ਹੈ। ਸਮਾਜਿਕ ਜਮਹੂਰੀਅਤਾਂ ਨੇ ਇਸ ਵਿਚ ਵੱਡੀ ਭੂਮਿਕਾ ਨਿਭਾਈ। ਫ਼ਰਾਂਸ ਵਿਚ ਵੱਡੀ ਪੱਧਰ 'ਤੇ ਨਿੱਜੀਕਰਨ ਹੋਇਆ ਅਤੇ ਉਹ ਵੀ ਸਮਾਜਵਾਦੀ ਸਰਕਾਰ ਦੁਆਰਾ। ਮਿਤਰਾਂ ਅਤੇ ਜੋਸਪਿਨ, ਬਲੇਅਰ, ਮੈਂਡਲਸਨ, ਬਰਾਊਨ ਸਭ ਨਵਉਦਾਰਵਾਦ ਦੇ ਪੱਕੇ ਸਮਰਥਕ ਸਨ। ਲੋਕਾਂ ਵਲੋਂ ਭਾਰ ਸਹਿ ਲੈਣ ਦੇ ਸਬਰ ਤੋਂ ਉਨ੍ਹਾਂ ਨੂੰ ਰਾਹਤ ਮਿਲੀ। ਬਰਤਾਨੀਆ ਦੀ ਆਖ਼ਰੀ ਸਮਾਜਵਾਦੀ ਸਰਕਾਰ ਜਿਸ ਨੇ ਅਮੀਰ ਅਤੇ ਗਰੀਬ ਦੇ ਫਰਕ ਨੂੰ ਘਟਾਇਆ, ਜੇਕਰ ਕੋਈ ਇਸ ਨੂੰ ਨਫ਼ਰਤ ਵੀ ਕਰਦਾ ਹੈ ਤਾਂ ਵੀ ਇਹ ਵਿਲਸਨ ਸਰਕਾਰ ਸੀ। ਸਮਾਜਵਾਦ ਦੇ ਢਹਿ ਢੇਰੀ ਹੋਣ ਪਿੱਛੋਂ ਸੋਸ਼ਲ ਡੈਮੋਕ੍ਰੇਟਿਕ ਪਾਰਟੀਆਂ ਮੱਧਮਾਰਗੀ ਸੱਜੀਆਂ ਪਾਰਟੀਆਂ ਨਾਲੋਂ ਭਿੰਨ ਨਹੀਂ ਸਨ ਅਤੇ ਇਸ ਨਾਲ ਜੋ ਵਿਕਸਿਤ ਹੋਇਆ, ਯੂਰਪ ਅਤੇ ਦੁਨੀਆ ਦੇ ਹੋਰ ਭਾਗਾਂ ਵਿਚ ਵੀ – ਭਾਰਤ ਵੀ ਇਸ ਦੀ ਇਕ ਮਿਸਾਲ ਹੈ – ਇਹ ਨੂੰ ਮੈਂ ਅੱਤ ਦੇ ਕੇਂਦਰਵਾਦ ਵਜੋਂ ਵਰਨਣ ਕੀਤਾ ਹੈ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ

ਕਿ ਤੁਸੀਂ ਕਿਸ ਪਾਰਟੀ ਨਾਲ ਸਬੰਧ ਰੱਖਦੇ ਸੀ, ਮੱਧ-ਖੱਬੀ ਜਾਂ ਮੱਧ-ਸੱਜੀ; ਬੁਨਿਆਦੀ ਤੌਰ 'ਤੇ ਤੁਸੀਂ ਉਥੇ ਨਵਉਦਾਰਵਾਦੀ ਆਰਥਿਕ ਨੀਤੀਆਂ ਲਈ ਹੀ ਸੀ, ਸਿੱਧੇ ਜਾਂ ਅਸਿੱਧੇ ਤੌਰ 'ਤੇ ਤੁਸੀਂ ਵਿਸ਼ਵ ਭਰ ਵਿਚ ਅਮਰੀਕਾ ਦੀਆਂ ਜੰਗਾਂ ਦਾ ਸਮਰਥਨ ਕਰ ਰਹੇ ਸੀ। ਤੁਸੀਂ ਨਾਟੋ ਦੇ ਪੱਕੇ ਸਮਰਥਕ ਸੀ ਅਤੇ ਇਸ ਨਾਲ ਇਕ ਵੱਡਾ ਖ਼ਲਾਅ ਪੈਦਾ ਹੋ ਗਿਆ, ਜਿਹੜਾ ਦੋ ਚੀਜ਼ਾਂ ਵੱਲ ਲੈ ਗਿਆ। ਪਹਿਲੀ, ਵੱਡੀ ਗਿਣਤੀ ਵਿਚ ਲੋਕਾਂ ਦੇ ਟੁੱਟਣ ਵੱਲ – ਸੋਸ਼ਲ ਡੈਮੋਕ੍ਰੇਸੀ ਦੇ ਰਵਾਇਤੀ ਵੋਟਰਾਂ ਨੇ ਇਕੱਠਿਆਂ ਵੋਟ ਕਰਨੀ ਬੰਦ ਕਰ ਦਿਤੀ। ਇਸ ਤੋਂ ਇਲਾਵਾ ਬਰਤਾਨੀਆ ਵਿਚ ਹੁਣੇ ਹੋ ਕੇ ਹਟੀਆਂ ਚੋਣਾਂ ਦੇ ਅੰਕੜੇ ਝੰਜੋੜਨ ਵਾਲੇ ਹਨ। 18 ਤੋਂ 30 ਸਾਲ ਦੇ ਵਿਚਕਾਰ ਉਮਰ ਵਾਲੇ ਲੋਕਾਂ ਵਿਚੋਂ ਵੱਡੀ ਗਿਣਤੀ ਨੇ ਵੋਟ ਹੀ ਨਹੀਂ ਪਾਈ। ਇਹੋ ਕੁੱਝ ਫ਼ਰਾਂਸ ਅਤੇ ਦੂਜੇ ਦੇਸ਼ਾਂ ਵਿਚ ਵੀ ਹੋਇਆ। ਇਸ ਖ਼ਲਾਅ ਦੇ ਪੈਦਾ ਹੋਣ ਨਾਲ ਦੋ ਵਾਰ ਵਾਲ ਸਟਰੀਟ ਤਬਾਹ ਹੋਈ, ਖੱਪੇ ਪੈਦਾ ਹੋ ਗਏ, ਜਿਹੜੇ ਆਮ ਕਰਕੇ ਪੂਰ ਦਿਤੇ ਗਏ, ਫ਼ਰਾਂਸ ਅਤੇ ਹੁਣ ਜਰਮਨੀ ਵਿਚ ਸੱਜੇ ਪੱਖੀਆਂ ਦੇ ਵੱਡੇ ਉਭਾਰ ਨਾਲ। ਯੂ.ਐਸ. ਵਿਚ ਦੋ ਪ੍ਰਤੱਖ ਦਿਸਦੇ ਬਦਲ ਸਨ। ਉਪੀਨੀਅਨ ਪੋਲ ਦਰਸ਼ਾ ਰਹੇ ਸਨ ਕਿ ਬਰਨੀ ਸੈਂਡਰਸ, ਟਰੰਪ ਨੂੰ ਹਰਾ ਦੇਵੇਗਾ, ਪ੍ਰੰਤੂ ਕਲਿੰਟਨ ਰਵਾਇਤੀ ਘੋਰ ਕੇਂਦਰਵਾਦੀ ਰਾਜਨੀਤੀ ਲੈ ਕੇ ਆ ਗਈ ਅਤੇ ਪ੍ਰਧਾਨਗੀ ਦੇ ਨੇੜੇ-ਤੇੜੇ ਢੁੱਕ ਗਈ। ਬੇ-ਰਸ, ਗੋਰਾ ਨਸਲਪ੍ਰਸਤ ਖਰਬਾਂਪਤੀ ਜਿਹੜਾ ਥੋੜ੍ਹਾ ਬਹੁਤ ਆਪਣੇ ਨਿੱਜੀ ਹਿੱਤਾਂ ਲਈ ਰੀਪਬਲਿਕਨ ਪਾਰਟੀ ਵਿਚ ਰਸੂਖ ਰੱਖਦਾ ਸੀ, ਕੁੱਝ ਕੁ ਤਬਦੀਲੀਆਂ ਦੇ ਵਾਅਦੇ ਨਾਲ ਇਸ ਮੰਚ 'ਤੇ ਸੱਤਾ ਵਿਚ ਆ ਗਿਆ, ਜਿਨ੍ਹਾਂ ਵਿਚੋਂ ਕੋਈ ਵੀ ਪੂਰਾ ਨਹੀਂ ਹੋਇਆ। ਸੋ ਅਸੀਂ ਅਜੇ ਤੱਕ ਇਸ ਸਥਿਤੀ ਵਿਚ ਹਾਂ।

ਸਵਾਲ : ਖੱਬੇ ਟੁੱਟ-ਭੱਜ ਦਾ ਲਾਭ ਕਿਉਂ ਨਹੀਂ ਉਠਾ ਸਕੇ?

ਜਵਾਬ : ਸੋਸ਼ਲ ਡੈਮੋਕ੍ਰੇਟਿਕ ਪਾਰਟੀਆਂ – ਆਉ ਇਨ੍ਹਾਂ ਨਾਲ ਹੀ ਗੱਲ ਅੱਗੇ ਤੋਰੀਏ। ਹੁਣ ਤੱਕ ਸੱਜੇ ਨੂੰ ਮੁੜ ਗਈਆਂ ਸਨ, ਖਾਸ ਕਰਕੇ ਨਵ-ਲੇਬਰ ਪਾਰਟੀ, ਕਿਉਂਕਿ ਉਹ ਸਮਝਦੀਆਂ ਸਨ ਕਿ ਸਭ ਕੁੱਝ ਇਸੇ ਪਾਸੇ ਜਾ ਰਿਹਾ ਸੀ। ਇਸ ਕਰਕੇ ਜਦੋਂ ਟੁੱਟ-ਭੱਜ ਆਰੰਭ ਹੋਈ, ਜੋ ਕੁੱਝ ਉਹ ਕਰ ਸਕੇ, ਉਹ ਇਹ ਸੀ ਕਿ ਕਰ ਅਦਾ ਕਰਨ ਵਾਲਿਆਂ ਦਾ ਵੱਧ ਤੋਂ ਵੱਧ ਪੈਸਾ ਸਰਮਾਇਆ ਬਚਾਉਣ ਲਈ ਖਰਚ ਕਰ ਦਿਤਾ ਗਿਆ। ਸੱਜੇ ਤੇ ਖੱਬੇ ਦੋਵਾਂ ਵਿਚ ਕੋਈ ਫ਼ਰਕ ਨਾ ਰਿਹਾ। ਬਲੇਅਰ ਅਤੇ ਬਰਾਊਨ ਨੇ ਪਹਿਲੀ ਗੱਲ ਇਹ ਕੀਤੀ ਕਿ ਥੈਚਰ ਨਾਲ ਤਸਵੀਰਾਂ ਖਿਚਵਾਈਆਂ, ਉਹਨੂੰ ਡਾਊਨਿੰਗ ਸਟਰੀਟ ਵਿਚ ਵਾਪਸ ਆਉਣ ਲਈ ਸੱਦਾ ਦਿੱਤਾ, ਲਗਾਤਾਰਤਾ ਦਰਸਾਉਣ ਲਈ, ਮੋੜਵੇਂ ਰੂਪ ਵਿਚ ਕੈਮਰੋਨ ਨੇ ਇਹ ਤੱਥ ਨਾ ਲੁਕਾਇਆ ਕਿ ਉਹ ਬਲੇਅਰ ਦਾ ਵੱਡਾ ਪ੍ਰਸੰਸਕ ਸੀ। ਅਸੀਂ ਇਸ ਲਗਾਤਾਰਤਾ ਨੂੰ ਘੋਰ ਕੇਂਦਰਵਾਦ ਦੀ ਸਿਰਜਣਾ ਵਜੋਂ ਲੈਂਦੇ ਹਾਂ। ਨਤੀਜਾ ਮੌਕਾਪ੍ਰਸਤੀ ਵਿਚ ਸਾਹਮਣੇ ਆਇਆ। ਸੱਜੇ ਪੱਖੀ, ਨੀਮ ਫਾਸ਼ੀਵਾਦੀ, ਕੱਟੜ ਸੱਜੇ – ਜੋ ਵੀ ਤੁਸੀਂ ਇਨ੍ਹਾਂ ਨੂੰ ਕਹਿਣਾ ਚਾਹੋ – ਉਨ੍ਹਾਂ ਦੇ ਕੱਪੜਿਆਂ 'ਚੋਂ ਬਹੁਤ ਕੁੱਝ ਚੁਰਾਉਣ ਲੱਗੇ। ਜਰਮਨੀ ਖੱਬਿਆਂ ਦੀ ਪਾਰਟੀ ਦੇ ਉਭਾਰ ਦਾ ਪਹਿਲਾ ਗਵਾਹ ਸੀ, ਜਿਸ ਨੂੰ ਵਾਸਤਵ ਵਿਚ 'ਖੱਬੀ' ਕਿਹਾ ਗਿਆ ਸੀ, ਜਿਸ ਨੇ ਪੂਰਬੀ ਜਰਮਨੀ ਦੀ ਸਾਬਕਾ ਹੁਕਮਰਾਨ ਪਾਰਟੀ ਪੱਛਮੀ ਜਰਮਨੀ ਦੀ ਸੋਸ਼ਲ ਡੈਮੋਕ੍ਰੇਸੀ ਦੀ ਰੱਸੀ ਨਾਲ ਬੰਨ੍ਹੀ ਸੀ। ਸੱਭ ਤੋਂ ਵੱਡੀ ਤਰੇੜ ਜਰਮਨੀ ਵਿਚ ਪਈ, ਜਿਥੇ ਆਸਕਰ ਲਾਫੋਸਟੇਨ ਕੋਲ ਖੱਬਾ ਕੀਆਨਵਾਦੀ ਪ੍ਰੋਗਰਾਮ ਸੀ। ਉਸਨੇ ਯੁਗੋਸਲਾਵੀਆ ਉੱਪਰ ਜਰਮਨ ਜੰਗ ਦੀ ਵਿਰੋਧਤਾ ਕੀਤੀ, ਇਹ ਕਹਿ ਕੇ ਕਿ ਜਰਮਨ ਰਾਜ ਅਜੇ ਤੱਕ ਯੁਗੋਸਲਾਵੀਆ ਨੂੰ ਤੋੜਨ ਲਈ ਜ਼ੁੰਮੇਵਾਰ ਸਮਝਿਆ ਜਾਂਦਾ ਹੈ। ਇਹ ਤੱਥ ਹੈ ਕਿ ਉਸਦੀ ਖੁੱਲ੍ਹਮ-ਖੁੱਲ੍ਹੀ ਜਨਤਕ ਤੌਰ 'ਤੇ ਕਹੀ ਗਈ ਇਹ ਗੱਲ ਖੱਬਿਆਂ ਵਿਚੋਂ ਬਹੁਤਿਆਂ ਨੂੰ ਚੰਗੀ ਲੱਗੀ। ਇਸ ਨੇ ਪੂਰਬੀ ਅਤੇ ਪੱਛਮੀ ਜਰਮਨੀ ਦੇ ਖੱਬਿਆਂ ਵਿਚ ਏਕਤਾ ਕਾਇਮ ਕੀਤੀ, ਜਿਹੜੇ ਮਾੜਾ ਪ੍ਰਦਰਸ਼ਨ ਨਹੀਂ ਕਰ ਰਹੇ ਹਨ। ਇਟਲੀ ਅਤੇ ਫਰਾਂਸ ਵਿਚ ਵੀ ਕੇਂਦਰਵਾਦ ਨੂੰ ਢਾਹ ਲੱਗੀ ਹੈ। ਮਗਰਲੇ ਵਿਚ ਮੈਕਰੋਨ ਸੱਤਾ ਵਿਚ ਆਉਣ ਵਿਚ ਸਫ਼ਲ ਹੋ ਗਿਆ ਹੈ ਅਤੇ ਥੈਚਰਵਾਦੀ ਅਪ੍ਰੇਸ਼ਨ ਉੱਪਰ ਵਰ੍ਹ ਰਿਹਾ ਹੈ। ਇਟਲੀ ਵਿਚ ਕੋਈ ਸਰਕਾਰ ਨਹੀਂ ਜਿਸ ਬਾਰੇ ਅਜਿਹਾ ਕਿਹਾ ਜਾਵੇ।

ਸਵਾਲ : ਪਿਛਲੇ ਸਾਲ 8 ਜੂਨ ਦੀ ਹੈਰਾਨੀ ਦਾ ਤੁਸੀਂ ਕਿਵੇਂ ਲੇਖਾ-ਜੋਖਾ ਕਰਦੇ ਹੋ?

ਜਵਾਬ : ਦੋ ਕਾਰਨ ਹਨ। ਪਹਿਲਾ ਸਕਾਟਿਸ਼ ਸੁਤੰਤਰਤਾ ਮੁਹਿੰਮ ਹੈ, ਭਾਵੇਂ ਹੁਣ ਇਹ ਹਾਰੀ ਜਾ ਚੁੱਕੀ ਹੈ, ਜਿਸ ਤਰੀਕੇ ਨਾਲ ਇਹ ਲੜੀ ਗਈ – ਦੋਵੇਂ ਪਾਸਿਉਂ, ਪ੍ਰੰਤੂ ਨੌਜਵਾਨ ਪ੍ਰਮੁੱਖ ਤੌਰ 'ਤੇ ਸੁਤੰਤਰਤਾ ਦੇ ਪੱਖ ਵਿਚ ਸਨ – ਇਹ ਇਕ ਸ਼ਕਤੀਵਰਧਕ ਸੀ। ਉਸ ਸਮੇਂ ਮੈਂ ਕਾਫ਼ੀ ਅਰਸੇ ਲਈ ਸਕਾਟਲੈਂਡ ਵਿਚ ਸੀ। ਮੀਟਿੰਗਾਂ ਨੂੰ ਸੰਬੋਧਨ ਕਰ ਰਿਹਾ ਸੀ ਅਤੇ ਇਹ ਅਨੰਦਦਾਇਕ ਸੀ। ਪਹਿਲਾਂ ਮੈਂ ਟਾਪੂਆਂ 'ਤੇ ਅਜਿਹਾ ਨਹੀਂ ਦੇਖਿਆ ਸੀ।

ਸਕਾਟਲੈਂਡ ਵਿਚ ਦੋਵੀਂ ਪਾਸੀਂ ਲੋਕ ਰਾਜਨੀਤੀ ਬਾਰੇ ਸੋਚ ਜਾਂ ਗੱਲਾਂ ਕਰ ਰਹੇ ਸਨ। ਉਸ ਹੈਰਾਨੀ ਭਰੇ ਦ੍ਰਿਸ਼ ਨੂੰ ਕੋਈ ਕਿਵੇਂ ਭੁਲਾ ਸਕਦਾ ਹੈ, ਜਦੋਂ ਇਕ ਲੇਬਰ ਐਮ.ਪੀ. ਆਜ਼ਾਦੀ ਦੇ ਵਿਰੁੱਧ ਬੋਲ ਰਿਹਾ ਸੀ। ਗਲਾਸਗੋਵ ਦੇ ਸਟੇਸ਼ਨ 'ਤੇ ਉੱਤਰ ਗਿਆ ਅਤੇ ਇਥੇ ਪੀਪਣੀ ਵਜਾਉਣ ਵਾਲੇ ਨੇ ਮੇਲਾ ਲੁੱਟ ਲਿਆ, ''ਏਥੇ ਗੱਦਾਰ ਆ ਵੜੇ ਹਨ'' ਉਸ ਨੇ ਆਵਾਜ਼ ਦਿੱਤੀ, ''ਇਥੇ ਗੱਦਾਰ ਆ ਗਏ ਹਨ, ਲੰਡਨ ਤੋਂ, ਹੇਠਲੇ ਸਦਨ ਦੇ ਮੈਂਬਰ, ਜਿਹੜੇ ਯੂਨੀਅਨ ਦੀ ਪਿੱਠ 'ਤੇ ਖੜੇ ਹਨ।'' ਉਨ੍ਹਾਂ ਵਿਚੋਂ ਜ਼ਿਆਦਾਤਰ ਹੌਲੀ-ਹੌਲੀ ਆਪਣੀਆਂ ਸੀਟਾਂ ਹਾਰਦੇ ਗਏ।

ਦੂਜਾ ਕਾਰਨ ਇਹ ਸੀ ਵੋਟ ਪਾਉਣ ਦੀ ਉਮਰ ਘਟਾ ਕੇ 16 ਸਾਲ ਕਰ ਦਿਤੀ ਗਈ। ਇਸ ਲਈ ਸਾਰੇ ਸਕੂਲ ਸ਼ਾਮਲ ਹੋ ਗਏ। ਦੋਵੇਂ ਪਾਸਿਆਂ ਦੀ ਬਹਿਸ ਦਾ ਅਧਿਐਨ ਕਰਨ ਲਈ ਮੈਨੂੰ ਛੇ ਸਾਬਕਾ ਮੈਂਬਰਾਂ ਨੇ ਬਹੁਤ ਸਿਆਣਪ ਭਰੇ ਸਵਾਲ ਪੁੱਛੇ। ਨੌਜਵਾਨਾਂ ਨੇ ਉਵੇਂ-ਜਿਵੇਂ ਇਨ੍ਹਾਂ ਨੂੰ ਅੱਗੇ ਤੋਰ ਦਿਤਾ। ਇੰਗਲੈਂਡ ਵਿਚ ਸਮਾਜਿਕ ਨੈਟਵਰਕ ਵਿਚ ਬਹੁਤ ਨੌਜਵਾਨ ਲੋਕਾਂ ਵਲੋਂ ਦੇਖਿਆ ਗਿਆ ਸੀ। ਉਹ ਹੈਰਾਨ ਹੋਏ ਕਿ ਇਹ ਸਭ ਸਕਾਟਲੈਂਡ ਤੱਕ ਹੀ ਕਿਉਂ ਸੀਮਿਤ ਸੀ। ਉਥੇ ਇਕ ਅਹਿਸਾਸ ਸੀ, ''ਖੁਸ਼ਕਿਸਮਤ ਸਕਾਟ ਲੋਕਾਂ ਨੂੰ ਦੇਖੋ - ਉਹ ਘੱਟੋ-ਘੱਟ ਪ੍ਰਬੰਧ ਨੂੰ ਬਦਲਣ ਦਾ ਤਾਂ ਯਤਨ ਕਰ ਰਹੇ ਹਨ, ਜਦੋਂ ਕਿ ਇਥੇ ਸਾਨੂੰ ਪੂਰੀ ਤਰ੍ਹਾਂ ਲਕਵਾ ਮਾਰ ਗਿਆ ਹੈ।'' ਫੇਰ ਛੇਤੀ ਹੀ ਲੇਬਰ ਪਾਰਟੀ ਚੋਣ ਹਾਰ ਗਈ ਅਤੇ ਇਡ ਮਿਲੀਬੈਂਡ ਦੇ ਅਸਤੀਫ਼ੇ ਨਾਲ ਉਹਦੇ ਜਾਨਸ਼ੀਨ ਲਈ ਲੜਾਈ ਛਿੜ ਪਈ ਤੇ ਬਹੁਤੇ ਉਮੀਦਵਾਰਾਂ ਨੇ ਵੀ ਉਸਦੇ ਵਰਗੀ ਪੇਸ਼ਕਸ਼ ਹੀ ਕੀਤੀ। ਲੇਬਰ ਪਾਰਟੀ ਛੱਡ ਕੇ ਆਏ ਨਵ-ਲੇਬਰ ਨੂੰ ਅਕਸਰ ਟੋਕਨ ਉਮੀਦਵਾਰ ਵਜੋਂ ਆਗਿਆ ਮਿਲੀ। ਇਸ ਵਾਰ ਟੋਕਨ ਜਿੱਤ ਗਏ।

ਸਵਾਲ : ਠੀਕ ਹੈ, ਇਹ ਕੋਰਬਇਨ ਦੀ ਵਾਰੀ ਸੀ, ਕੀ ਨਹੀਂ ਸੀ?

ਜਵਾਬ : ਇਸ ਵਾਰ ਉਹ ਝਿਜਕਦਿਆਂ ਪਿਆਰ ਰੱਖਣ ਵਾਲੇ ਵਜੋਂ ਸਹਿਮਤ ਹੋਇਆ ਅਤੇ ਫਿਰ ਜੋ ਵਾਪਰਿਆ ਉਸ 'ਤੇ ਯਕੀਨ ਨਹੀਂ ਸੀ ਆਉਂਦਾ। ਇਨ੍ਹਾਂ ਸਾਰੇ ਉਮੀਦਵਾਰਾਂ ਨੂੰ ਟੈਲੀਵਿਜ਼ਨ ਅਤੇ ਰੇਡੀਓ ਉੱਪਰ ਬਰਾਬਰ ਦਾ ਸਮਾਂ ਦਿਤਾ ਗਿਆ ਅਤੇ ਕੋਰਬਇਨ ਉਹ ਕਹਿੰਦਾ ਹੈ, ਜਿਸ ਉੱਪਰ ਉਹ ਵਿਸ਼ਵਾਸ਼ ਕਰਦਾ ਹੈ, ਜਿਹੜਾ ਪਰੰਪਰਿਕ ਖੱਬਾ ਹੈ ਤੇ ਕਈ ਵਾਰ ਬਹੁਤਾ ਖੱਬਾ ਵੀ ਨਹੀਂ। ਉਸ ਨੇ ਮੈਨੂੰ ਦੱਸਿਆ ਕਿ ਕੁੱਝ ਵੱਡੇ ਮੁਜਾਹਰਿਆਂ ਪਿੱਛੋਂ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੇ ਉਸ ਕੋਲ ਆਉਣਾ ਜਾਰੀ ਰੱਖਿਆ। ਖਾਸ ਕਰਕੇ ਨੌਜਵਾਨਾਂ ਨੇ, ਕਿਉਂਕਿ ਉਨ੍ਹਾਂ ਨੇ ਉਸ ਨੂੰ ਟੈਲੀਵਿਜ਼ਨ ਉੱਪਰ ਇਹ ਕਹਿੰਦਿਆਂ ਸੁਣਿਆ ਸੀ, ਜੋ ਹੋਰ ਕਿਸੇ ਨੇ ਨਹੀਂ ਕਿਹਾ ਅਤੇ ਫ਼ੈਸਲਾ ਕੀਤਾ ਕਿ ਉਹ ਉਸ ਨੂੰ ਸੁਣਨ ਲਈ ਜਾਣਗੇ। ਇਹ ਇਕ ਆਪਮੁਹਾਰਾ ਉਭਾਰ ਸੀ - ਇਕ ਰਾਜਸੀ ਪੁਨਰ-ਜਾਗਰਣ। ਨੌਜਵਾਨਾਂ ਨੇ ਮੀਟਿੰਗਾਂ ਕੀਤੀਆਂ। ਕੋਰਬਇਨ ਦੱਸਦਾ ਸੀ, ''ਅਸੀਂ ਉਚੇਰੀ ਸਿੱਖਿਆ ਮੁੜ ਮੁਫ਼ਤ ਕਰ ਦਿਆਂਗੇ।'' ਅਤੇ ਜਦੋਂ ਉਸ ਨੇ ਇਹ ਕਿਹਾ ਤਾਂ ਉਸ ਨੂੰ ਸਭ ਤੋਂ ਵੱਧ ਹੈਰਾਨੀ ਇਸ ਗੱਲ 'ਤੇ ਹੋਈ ਕਿ ਮਿਲਣ ਆਏ ਨੌਜਵਾਨਾਂ ਨੇ ਪੁੱਛਿਆ, ''ਕੀ ਕਦੇ ਉਚੇਰੀ ਸਿੱਖਿਆ ਮੁਫ਼ਤ ਹੋਇਆ ਕਰਦੀ ਸੀ? ਸਾਨੂੰ ਤਾਂ ਕੋਈ ਖ਼ਿਆਲ ਨਹੀਂ ਸੀ।'' ਉਸ ਨੂੰ ਮਹਿਸੂਸ ਹੋਇਆ ਕਿ ਯਾਦਾਸ਼ਤ ਨਵਉਦਾਰੀ ਨੀਤੀਆਂ ਨੇ ਧੋ ਦਿਤੀ ਸੀ। ਇਸੇ ਲਈ ਉਸ ਨੇ ਆਪਣਾ ਬਹੁਤਾ ਸਮਾਂ ਇਹ ਦੱਸਣ ਵਿਚ ਲਾਇਆ, ''ਇਹ ਉਹ ਗੱਲ ਹੈ ਜੋ ਹੋਣੀ ਚਾਹੀਦੀ ਹੈ ਅਤੇ ਅਸੀਂ ਇਹ ਸਪਸ਼ਟ ਕਰ ਰਹੇ ਹਾਂ ਕਿ ਇਹ ਮੁੜ ਹੋਵੇਗੀ : ਰੇਲਵੇ ਉੱਪਰ ਕਿਸੇ ਸਮੇਂ ਸਰਕਾਰੀ ਕੰਟਰੋਲ ਹੁੰਦਾ ਸੀ ਅਤੇ ਉਹ ਬਹੁਤ ਵਧੀਆ ਹੁੰਦੀਆਂ ਸਨ। ਸੋ ਉਹਨੇ ਰੇਲਵੇ ਨੂੰ ਵਾਪਸ ਲੈਣ ਦੀ ਮੁਹਿੰਮ ਚਲਾਈ ਅਤੇ ਜਨਤਕ ਸੇਵਾਵਾਂ ਨੂੰ ਵੀ, ਸਿੱਖਿਆ ਨੂੰ ਵੀ - ਵਿਚਾਰ ਜਿਹੜੇ 1960 ਵਿਚ ਆਮ ਹੁੰਦੇ ਸਨ। ਮੇਰਾ ਭਾਵ ਅਸੀਂ ਇਹ ਸਭ ਕੁੱਝ ਦੀ ਕੇਵਲ ਜ਼ਾਮਨੀ ਲੈਂਦੇ ਸੀ, ਪ੍ਰੰਤੂ ਇਹ ਸਭ ਅਸਫ਼ਲ ਰਿਹਾ, ਕਿਉਂਕਿ ਇਹ ਸਾਰੀਆਂ ਚੀਜ਼ਾਂ ਗੁਆ ਲਈਆਂ ਗਈਆਂ ਸਨ। ਲੇਬਰ ਪਾਰਟੀ ਦਾ ਪਹਿਲਾ ਆਗੂ ਜਿਹੜਾ ਸਾਮਰਾਜਵਾਦ ਵਿਰੋਧੀ ਸੀ ਅਤੇ ਉਹ ਵੀ ਗੰਭੀਰਤਾ ਸਹਿਤ, ਜੰਗਾਂ ਦਾ ਸਮਰਥਨ ਨਹੀਂ ਕਰਦਾ ਸੀ। ਜੰਗ ਨੂੰ ਰੋਕਣ ਲਈ ਆਪਣੇ ਮੈਂਬਰਾਂ ਦੇ ਯਤਨਾਂ ਦਾ ਪੱਖ ਪੂਰਦਾ ਸੀ। ਲੋਕਾਂ ਨੂੰ ਉਹਦੀ ਕਿਸਮਤ ਉੱਪਰ ਵਿਸ਼ਵਾਸ ਨਹੀਂ ਸੀ ਅਤੇ ਇਹ ਚਮਕੀ ਅਤੇ ਅਚਾਨਕ ਮੀਡੀਆ ਅਤੇ ਲੋਕ ਜਿਹੜੇ ਲੰਡਨ ਮੀਡੀਆ ਦੇ ਸ਼ੁਦਾਈ ਸਨ, ਹੱਕੇ-ਬੱਕੇ ਰਹਿ ਗਏ। ਉਨ੍ਹਾਂ ਦੇ ਚੇਹਰਿਆਂ ਉੱਪਰ ਭੈਅ ਦਾ ਪ੍ਰਤੱਖ ਪਰਛਾਵਾਂ ਸੀ ਕਿ ਕੋਰਬਾਇਨ ਜ਼ਰੂਰ ਜਿੱਤ ਸਕਦਾ ਸੀ। ਇਹ ਦੇਖ ਕੇ ਖੁਸ਼ੀ ਹੁੰਦੀ ਸੀ।

ਸੰਸਦੀ ਲੇਬਰ ਪਾਰਟੀ ਮੈਂਬਰਾਂ ਦੀ ਵੱਡੀ ਗਿਣਤੀ ਉਹਦੇ ਵਿਰੁੱਧ ਸੀ। ਉਸ ਨੂੰ ਦੂਜੀ ਵਾਰ ਪਾਰਟੀ ਦੀ ਲੀਡਰ ਬਣਨੋਂ ਰੋਕਣ ਦੇ ਯਤਨ ਵਜੋਂ ਉਹਨੂੰ ਉਸ ਅਗਨੀ ਪ੍ਰੀਖਿਆ 'ਚੋਂ ਗੁਜ਼ਰਨਾ ਪਿਆ, ਜਿਸ ਵਿਚੋਂ ਕਿਸੇ ਵੀ ਲੇਬਰ ਪਾਰਟੀ ਲੀਡਰ ਨੂੰ ਨਹੀਂ ਸੀ ਗੁਜ਼ਰਨਾ ਪਿਆ ਅਤੇ ਜਦੋਂ ਆਵਾਜ਼ ਪਈ, ਇਹ ਨਿਮਾਣੇ ਕੋਰਬਾਈਨ ਨੂੰ ਵੋਟ ਕਰਨ

ਲਈ ਲੇਬਰ ਪਾਰਟੀ 'ਚ ਸ਼ਾਮਲ ਹੋ ਗਏ। 50 ਹਜ਼ਾਰ ਲੋਕ ਸ਼ਾਮਲ ਹੋਏ ਤਾਂ ਲੇਬਰ ਪਾਰਟੀ ਯੂਰਪ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਬਣ ਗਈ। ਅਜੇ ਵੀ ਬਰਾਊਨ ਅਤੇ ਬਲੇਅਰ ਧੜੇ ਇਹ ਨਹੀਂ ਸਮਝ ਸਕੇ ਕਿ ਨੌਜਵਾਨ ਲੋਕ ਇਹ ਸਭ ਤਬਦੀਲੀਆਂ ਚਾਹੁੰਦੇ ਹਨ। ਸੋ, ਉਹਨੇ ਸੰਸਦੀ ਲੇਬਰ ਪਾਰਟੀ ਦੀ ਮੀਟਿੰਗ ਬੁਲਾਈ, ਜਿਥੇ ਉਨ੍ਹਾਂ ਨੇ ਬੇਵਿਸ਼ਵਾਸੀ ਦਾ ਮਤਾ ਪਾਸ ਕੀਤਾ ਅਤੇ ਸਾਨੂੰ ਪੱਕਾ ਯਕੀਨ ਸੀ ਕਿ ਉਹ ਉਸਨੂੰ ਸਵੀਕਾਰ ਨਹੀਂ ਕਰਨ ਜਾ ਰਿਹਾ ਸੀ ਅਤੇ ਉਹਨੇ ਨਹੀਂ ਕੀਤਾ। ਉਹਨੇ ਕਿਹਾ, ''ਤੁਹਾਨੂੰ ਸ਼ਾਇਦ ਮੇਰੇ ਵਿਚ ਵਿਸ਼ਵਾਸ ਨਹੀਂ ਹੈ, ਲੇਬਰ ਪਾਰਟੀ ਜਿਸ ਨੂੰ ਅਸੀਂ ਉਸਾਰ ਰਹੇ ਹਾਂ, ਨੂੰ ਵਿਸ਼ਵਾਸ ਹੈ ਅਤੇ ਮੈਂ ਇਸ ਲਈ ਮੁੜ ਲੜਾਈ ਕਰਾਂਗਾ।'' ਇਸ ਤਰ੍ਹਾਂ ਉਹਦੀ ਰਾਜਨੀਤੀ ਅਤੇ ਦ੍ਰਿੜਤਾ ਦੋਵਾਂ ਨੇ ਲੋਕਾਂ ਨੂੰ ਅਚੰਭਿਤ ਕੀਤਾ। ਉਹ ਪਲ ਉਹਦੀ ਲਚਕ ਸ਼ਾਨਦਾਰ ਸੀ। ਉਹਦਾ ਅਕਸ ਖ਼ਰਾਬ ਕਰਨ ਦਾ ਨਿਸ਼ਾਨਾ ਉਹਦਾ ਅਸਤੀਫ਼ਾ ਸੀ।

ਸਵਾਲ : ਤੁਸੀਂ ਯੁਵਕ ਅੰਦੋਲਨ ਵਿਚ ਵੀ ਸ਼ਾਮਲ ਰਹੇ ਹੋ, ਜਿਸ ਦਾ ਨਾਅਰਾ ਸੀ, ''30 ਤੋਂ ਉੱਪਰ ਉਮਰ ਦੇ ਕਿਸੇ 'ਤੇ ਵੀ ਭਰੋਸਾ ਨਾ ਕਰੋ।'' 1960ਵਿਆਂ ਦੇ ਤਜ਼ਰਬੇ ਤੋਂ ਤੁਹਾਨੂੰ ਕੀ ਸਬਕ ਮਿਲਿਆ? ਕੀ ਤੁਸੀਂ ਹੁਣ ਕੋਈ ਅਗਲਾ ਰਾਹ ਸੁਝਾਅ ਸਕਦੇ ਹੋ, ਜਿਹੜਾ ਜ਼ਰੂਰ ਹੀ ਜ਼ਿਆਦਾ ਸੁਰੱਖਿਅਤ ਹੋਵੇ।

ਜਵਾਬ : ਦਰਅਸਲ, 1960ਵਿਆਂ ਦੀ ਲਹਿਰ ਅੱਗੇ ਵੱਡੀ ਸੰਸਦੀ ਚੁਣੌਤੀ ਇਕ ਪ੍ਰਬੰਧ ਕਾਇਮ ਕਰਨ ਦੀ ਸੀ। ਮੇਰਾ ਭਾਵ ਹੈ ਕਿ ਅਸੀਂ ਛੋਟੇ-ਛੋਟੇ ਗਰੁੱਪਾਂ ਵਿਚ ਸਾਂ, ਪ੍ਰੰਤੂ ਬੁਨਿਆਦੀ ਤੌਰ 'ਤੇ ਇਹ ਇਕ ਲੋਕ ਲਹਿਰ ਸੀ ਅਤੇ ਅਸੀਂ ਮਹਿਸੂਸ ਕੀਤਾ ਕਿ ਜੇਕਰ ਕੋਈ ਤਬਦੀਲੀ ਆਈ, ਇਹ ਗਲੀਆਂ 'ਚੋਂ ਆਏਗੀ। ਇਹ ਹੜਤਾਲਾਂ ਦੀ ਇਕ ਤਕੜੀ ਲਹਿਰ ਵਿਚੋਂ ਆਏਗੀ, ਪ੍ਰੰਤੂ ਅਜਿਹਾ ਨਾ ਵਾਪਰਿਆ। ਜਿਹੜਿਆਂ ਦੇਸ਼ਾਂ 'ਚ ਇਹ ਵਾਪਰਿਆ ਸੀ - ਫਰਾਂਸ ਵਿਚ ਅਤੇ ਇਟਲੀ ਵਿਚ - ਉਥੇ ਨਿਰਣਾਇਕ ਘੜੀ ਕੋਈ ਵੀ ਕਾਫ਼ੀ ਵੱਡੀ ਜੱਥੇਬੰਦੀ ਨਹੀਂ ਸੀ, ਇਹ ਕਹਿਣ ਲਈ, ''ਹੁਣ ਅਸੀਂ ਇਸ ਨੂੰ ਸਾਂਭਾਂਗੇ, ਅਸੀਂ ਹਾਰੀਏ ਭਾਵੇਂ ਹੂੰਝੇ ਜਾਈਏ, ਪ੍ਰੰਤੂ ਅਸੀਂ ਇਸ ਲਈ ਅੱਗੇ ਵਧਾਂਗੇ।'' ਇਕ ਪੈਰਿਸ ਕਮਿਊਨ ਅੰਦੋਲਨ ਦੀ ਤਰ੍ਹਾਂ 1917 ਦੀ ਲਹਿਰ ਦੀ ਤਰ੍ਹਾਂ। ਅਜਿਹੀ ਲਹਿਰ ਪੁਰਤਗਾਲ ਵਿਚ ਬਣੀ ਸੀ ਅਤੇ ਅਸਫ਼ਲ ਹੋ ਗਈ। ਬਰਤਾਨੀਆ ਵਿਚ ਖੱਬੇ ਪਾਸਿਉਂ ਕੁੱਝ ਵੀ ਨਾ ਹੋਣ ਦੀ ਸੂਰਤ ਵਿਚ ਇਹ ਜਵਾਨ ਲੋਕ ਰਾਜਸੀ ਪਾਰਟੀ ਸਥਾਪਤ ਕਰ ਸਕਦੇ ਸਨ ਅਤੇ ਇਹ ਉਹ ਗੱਲ ਸੀ ਜਿਸ ਨਾਲ ਫਰਕ ਪੈਂਦਾ ਸੀ।

ਚੋਣਾਂ ਵਿਚ ਲੇਬਰ ਪਾਰਟੀ ਸੰਸਦ ਵਿਚ ਸਭ ਤੋਂ ਵੱਡੀ ਪਾਰਟੀ ਬਣ ਕੇ ਆਈ ਅਤੇ ਇਸ ਨਾਲ ਲੋਕਾਂ ਵਿਚ ਵੱਡੀ ਆਸ ਜਾਗੀ। ਚੋਣ ਨਤੀਜਿਆਂ ਦੇ ਐਲਾਨ ਮਗਰੋਂ ਹੋਰ ਲੋਕ ਸ਼ਾਮਲ ਹੋਏ। ਇਸ ਤਰ੍ਹਾਂ ਲੋਕ ਹੜ੍ਹ ਦਾ ਪਾਣੀ ਚੜ੍ਹਦਾ ਗਿਆ। ਉਨ੍ਹਾਂ ਨੇ ਇਕ ਉਭਾਰ ਪੈਦਾ ਕਰ ਦਿਤਾ, ਜਿਨ੍ਹਾਂ ਨੇ ਸੁਤੰਤਰ ਤੌਰ 'ਤੇ ਮੁਹਿੰਮ ਚਲਾਈ, ਲੇਬਰ ਪਾਰਟੀ ਦੇ ਅੰਦਰ ਵੀ ਤੇ ਬਾਹਰ ਵੀ। ਇਸ ਲਈ ਚੌਖਟੇ ਬਿਲਕੁਲ ਵੱਖਰੇ ਸਨ ਅਤੇ ਸਮੇਂ ਬਹੁਤ ਵੱਖਰੇ ਸਨ। ਹੁਣ ਜੇਕਰ ਤੁਸੀਂ ਮੈਨੂੰ ਪੁੱਛਦੇ ਹੋ, ਇਹ ਨਵੀਂ ਲੇਬਰ ਕੋਰਬਾਇਨ ਦੀ ਅਗਵਾਈ ਵਿਚ ਅਗਲੀ ਚੋਣ ਜਿੱਤੇਗੀ? ਮੈਂ ਕਹਾਂਗਾ, ''ਹਾਂ, ਜੇਕਰ ਇਹ ਜ਼ਿਆਦਾ ਦੂਰ ਨਾ ਹੁੰਦੀ ਤਾਂ। ਮੈਂ ਸੋਚਦਾ ਹਾਂ ਇਹ ਜਿੱਤ ਸਕਦੀ ਸੀ ਅਤੇ ਇਕ ਦੁਖਦਾਇਕ ਢੰਗ ਨਾਲ। ਮੈਂ ਇਹ ਨਹੀਂ ਸੋਚ ਸਕਦਾ ਹਾਂ ਜੇਕਰ ਗਰੈਨਫਿਲ ਅਗਨੀ ਕਾਂਡ ਚੋਣਾਂ ਤੋਂ ਇਕ ਹਫ਼ਤਾ ਪਹਿਲਾਂ ਹੋ ਜਾਂਦਾ, ਇਸ ਦਾ ਨਤੀਜਾ ਨਿਸ਼ਚੇ ਹੀ ਲੇਬਰ ਦੀ ਜਿੱਤ ਦੇ ਰੂਪ ਵਿਚ ਹੋਣਾ ਸੀ, ਕਿਉਂਕਿ ਉਹ ਘਿਨਾਉਣੀ, ਖੌਫ਼ਨਾਕ ਅੱਗ ਇਸ ਗੱਲ ਦੀ ਪ੍ਰਤੀਕ ਸੀ ਕਿ ਨਵਉਦਾਰਵਾਦੀ ਨੀਤੀਆਂ ਵਿਚ ਗੜਬੜ ਹੈ।'' ਸੋ, ਕੀ ਉਹ ਨੌਜਵਾਨ ਲੋਕ ਕੋਰਬਾਇਨ ਨੂੰ ਜਿੱਤ ਦੇ ਕੰਢੇ ਲਿਜਾ ਸਕਦੇ ਹਨ? ਜਵਾਬ ਹਾਂ ਵਿਚ ਹੈ। ਸਮੱਸਿਆ ਇਹ ਹੈ ਕਿ ਕੋਰਬਾਇਨ ਉਸ ਲੇਬਰ ਪਾਰਟੀ ਦਾ ਆਗੂ ਹੈ, ਜਿਸਦੀ ਵੱਡੀ ਮੈਂਬਰਸ਼ਿਪ ਸੋਸ਼ਲ ਡੈਮੋਕ੍ਰੇਸੀ ਵਲ ਮੁੜਨਾ ਚਾਹੁੰਦੀ ਹੈ, ਪ੍ਰੰਤੂ ਜਿਸਦੇ ਸੰਸਦੀ ਪ੍ਰਤੀਨਿੱਧ ਅਜੇ ਤੱਕ ਨਵਉਦਾਰਵਾਦੀ ਤਰਜ਼ੀਹਾਂ ਨਾਲ ਬੱਝੇ ਹੋਏ ਹਨ ਅਤੇ ਬਰਾਊਨ-ਬਲੇਅਰ ਯੁੱਗ ਦੇ ਰੂੜੀਵਾਦ ਨਾਲ ਵੀ। ਕੁੱਝ ਇਕ ਨੇ ਪਛਾਣ ਰਾਜਨੀਤੀ ਦਾ ਮੁਖੌਟਾ ਆਪਣੀ ਪ੍ਰਤੀਕਿਰਿਆਵਾਦੀ ਰਾਜਨੀਤੀ ਨੂੰ ਛੁਪਾਉਣ ਲਈ ਧਾਰਨ ਕੀਤਾ ਹੋਇਆ ਹੈ, ਪਰ ਇਹ ਬਹੁਤ ਚੰਗੀ ਤਰ੍ਹਾਂ ਕੰਮ ਨਹੀਂ ਕਰ ਰਿਹਾ ਹੈ। ਸਾਦਿਕ ਖਾਨ, ਚੂਕਾ ਉਮੰਨਾ ਅਤੇ ਕੁਝ ਹੋਰ ਔਰਤਾਂ ਕੈਮਰੋਨ ਸਟਾਈਲ ਟੌਰੀ ਚੌਖਟੇ ਵਿਚ ਬਹੁਤ ਖੁਸ਼ ਹਨ। ਅਸਲ ਵਿਚ ਉਹ ਤੇ ਉਨ੍ਹਾਂ ਦੀਆਂ ਸਹਿਕਰਮੀਆਂ ਨੇ ਟੋਰੀ ਬਜਟ ਇਮੀਗ੍ਰੇਸ਼ਨ ਕਾਨੂੰਨਾਂ ਦੇ ਪੱਖ ਵਿਚ ਵੋਟ ਕੀਤੀ ਸੀ। ਜਦੋਂ ਪਾਰਟੀ ਉੱਪਰ ਨਵ ਲੇਬਰਾਂ ਦੀ ਪਕੜ ਵਧੀ, ਉਨ੍ਹਾਂ ਨੇ ਚੌਖਟੇ ਬਦਲ ਦਿਤੇ। ਉਨ੍ਹਾਂ ਨੇ ਖੇਤਰੀ ਮੁਖੀਆਂ ਨੂੰ ਜ਼ਿਆਦਾ ਤਾਕਤ ਦੇ ਦਿਤੀ। ਉਨ੍ਹਾਂ ਨੇ ਹਲਕਾ ਲੇਬਰ ਪਾਰਟੀਆਂ ਦੀ ਤਾਕਤ ਘਟਾ ਦਿਤੀ। ਜਿਹੜੀਆਂ ਬਲੇਅਰ ਅਤੇ ਬਰਾਊਨ ਦੇ ਸਟਾਫ਼ ਨੂੰ ਸੁਰੱਖਿਅਤ ਕਿਰਤੀ ਸ਼੍ਰੇਣੀ ਹਲਕਿਆਂ ਵਿਚ ਮੀਡੀਆ ਦੇ ਵਿਰੋਧ ਤੋਂ ਬਗੈਰ ਉਤਾਰਦੀਆਂ ਸਨ। ਸਭ ਕੁੱਝ ਬੁਨਿਆਦੀ ਤੌਰ 'ਤੇ ਉਨ੍ਹਾਂ ਦੇ ਕਾਬੂ ਹੇਠ ਸੀ ਅਤੇ ਇਹ ਸਭ

ਤਬਦੀਲ ਹੋਣਾ ਸਹਿਜ ਸਾਬਤ ਨਹੀਂ ਹੋ ਰਿਹਾ ਹੈ।

ਮੇਰੀ ਚਿੰਤਾ ਹੈ... ਆਓ ਆਖੀਏ ਕੋਰਬਾਇਨ ਜਿੱਤਦਾ ਹੈ। ਜਿੱਤ ਸ਼ਕਤੀਵਰਧਕ ਹੋਵੇਗੀ ਅਤੇ ਕੁੱਝ ਸਮੇਂ ਲਈ ਉਹ ਉਹਦੇ ਵਿਰੁੱਧ ਜਾਣਾ ਮੁਸ਼ਕਲ ਪਾਉਣਗੇ; ਪ੍ਰੰਤੂ ਵੱਡੇ ਮੁੱਦਿਆਂ 'ਤੇ – ਜੰਗਾਂ, ਸਰਮਾਏ ਦੇ ਮੁੜ ਕੌਮੀਕਰਨ ਅਤੇ ਕਾਨੂੰਨੀਕਰਨ ਦੇ ਮੁੱਦਿਆਂ 'ਤੇ ਉਹਨੂੰ ਕਠਿਨਾਈ ਦਾ ਸਾਹਮਣਾ ਕਰਨਾ ਪਵੇਗਾ ਅਤੇ ਮੇਰੀ ਖੁਦ ਦੀ ਭਾਵਨਾ ਇਹ ਹੈ ਕਿ ਲੇਬਰ ਦਾ ਸੱਜਾ ਧੜਾ ਰੀਮੇਨ ਪੱਖੀ ਗੈਰਆਲੋਚਨਾਤਮਿਕ ਧਾਰਨਾ ਲੈ ਕੇ ਅੱਗੇ ਆਵੇਗਾ ਅਤੇ ਉਹਨੂੰ ਹੇਠਾਂ ਸੁੱਟਣ ਦਾ ਯਤਨ ਕਰੇਗਾ, ਤਾਕਿ ਬੁਨਿਆਦੀ ਤੌਰ 'ਤੇ ਰਾਇਸ਼ੁਮਾਰੀ ਅਣਡਿੱਠ ਹੋ ਜਾਵੇ। ਉਹ ਅਜਿਹੀ ਹੀ ਯੋਜਨਾ ਬਣਾ ਰਹੇ ਹਨ, ਉਹਦੇ ਹੱਥ ਬੰਨ੍ਹ ਦਿਓ, ਜੇਕਰ ਅਸੀਂ ਉਹਨੂੰ ਹਟਾ ਨਹੀਂ ਸਕਦੇ ਤਾਂ। ਇਸ ਤਰੀਕੇ ਨਾਲ ਉਹ ਹੱਲਾ ਬੋਲਣਗੇ ਅਤੇ ਇਕਲੌਤੀ ਆਸ ਇਹ ਹੈ ਕਿ ਘੱਟੋ-ਘੱਟ ਅਗਲਾ ਸਾਲ ਖ਼ਤਮ ਹੋਣ ਤੱਕ ਜ਼ਿਆਦਾ ਤੋਂ ਜ਼ਿਆਦਾ ਸਥਾਨਕ ਲੇਬਰ ਪਾਰਟੀਆਂ ਮੈਂਬਰਸ਼ਿਪ ਨੂੰ ਉਭਾਰਨ ਨਾ ਕਿ ਅਫ਼ਸਰਸ਼ਾਹੀ ਨੂੰ।

ਸਵਾਲ : ਕੀ ਤੁਸੀਂ ਮਹਿਸੂਸ ਕਰਦੇ ਹੋ ਕਿ ਬਰਤਾਨੀਆ ਵਿਚ ਜ਼ਰੂਰ ਸੰਭਾਵਨਾ ਹੈ ਅਤੇ ਕੌਣ ਜਾਣਦਾ ਹੈ, ਸ਼ਾਇਦ ਅਮਰੀਕਾ ਵਿਚ ਵੀ ਹੋਵੇ – ਤੁਸੀਂ ਜਿਹੜੀ ਖੱਬੀ ਕਿਆਨਸੀਅਨ ਪਾਰਟੀ ਦੇ ਆਉਣ ਦਾ ਵਰਣਨ ਕੀਤਾ ਸੀ, ਉਹ ਸੱਚ ਵਿਚ ਹੀ ਉਹ ਸਭ ਲੈ ਆਵੇਗੀ, ਜਿਸ ਦੇ ਜ਼ਿਆਦਾਤਰ ਦੀ ਅਸੀਂ ਮੌਜੂਦਾ ਪ੍ਰਸਥਿਤੀਆਂ ਅਧੀਨ ਮੰਗ ਕਰਦੇ ਹਾਂ?

ਜਵਾਬ : ਲੇਬਰ ਘੋਸ਼ਣਾ ਪੱਤਰ ਸੇਵਾਵਾਂ ਦੀ ਜਨਤਕ ਮਾਲਕੀ ਦਾ ਵਾਅਦਾ ਕਰਦਾ ਹੈ, ਜਿਸ ਨੂੰ ਘੱਟ ਜਾਂ ਵੱਧ ਯੂਰਪੀਅਨ ਯੂਨੀਅਨ ਦੇ ਕਾਨੂੰਨ ਨੇ ਵਰਜਿਤ ਰੱਖਿਆ ਹੈ। ਗ਼ੈਰ-ਆਲੋਚਕ ਰੀਪੇਨਰਜ਼ ਇਸ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰਦੇ ਹਨ ਕਿ ਕੁੱਝ ਵੀ ਰਾਜ ਦੁਆਰਾ ਪੈਦਾ ਕੀਤਾ ਜਾਵੇ ਜਾਂ ਸਥਾਪਤ ਕੀਤਾ ਜਾਵੇ ਜਾਂ ਰਾਜ ਵਲੋਂ ਆਪਣੇ ਅਧਿਕਾਰ ਹੇਠ ਲਿਆ ਜਾਵੇ। ਉਨ੍ਹਾਂ ਅਨੁਸਾਰ ਜੋ ਵੀ ਨਿੱਜੀ ਸਰਮਾਏ ਨਾਲ ਮੁਕਾਬਲਾ ਕਰਦਾ ਹੈ, ਵੱਧ ਤੋਂ ਵੱਧ ਅਰਧ-ਕਾਨੂੰਨੀ ਹੈ। ਇਨ੍ਹਾਂ ਗੱਲਾਂ ਬਾਰੇ ਬਹਿਸ ਚੱਲ ਰਹੀ ਹੈ, ਜ਼ਾਹਿਰ ਹੈ ਕਿ, ਕਿਉਂਕਿ ਦੂਸਰੇ ਦੇਸ਼ ਵੀ, ਇਨ੍ਹਾਂ ਕੁੱਝ ਬਹਿਸਾਂ ਵਿਚ ਸ਼ਾਮਲ ਹਨ। ਪ੍ਰੰਤੂ ਇਹ ਪਹਿਲਾ ਬਲਾਕ ਹੈ, ਜਿਹੜਾ ਬਲਾਕ ਈਯੂ ਵਿਚ ਮਜ਼ਦੂਰਾਂ ਦਾ ਨਹੀਂ ਹੈ, ਸੋ ਯੂਰਪੀਅਨ ਯੂਨੀਅਨ ਤੋਂ ਬਾਹਰ ਪੱਖੀ ਸਰਕਾਰ ਦੇ ਅਧੀਨ ਹੋਣਾ ਫਾਇਦੇਮੰਦ ਹੋਵੇਗਾ। ਮੈਂ ਸੋਚਦਾ ਹਾਂ ਕਿ ਇਨ੍ਹਾਂ ਵਿਚੋਂ ਕੁੱਝ ਚੀਜ਼ਾਂ ਹਾਸਲ ਹੋਣਗੀਆਂ। ਅੰਦਰੋਂ ਵੀ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ, ਪ੍ਰੰਤੂ ਮੈਂ ਉਦਾਰ ਆਸ਼ਾਵਾਦੀ ਹਾਂ। ਜਿਥੋਂ ਤਕ ਲੇਬਰ ਦਾ ਸਬੰਧ ਹੈ, ਮੁਹਿੰਮ ਜੱਥੇਬੰਦ ਕਰਦਿਆਂ ਅਤੇ ਸਿਆਸਤ ਨੂੰ ਇਕ ਸਮਾਜਿਕ ਲਹਿਰ ਬਣਾਉਂਦਿਆਂ ਕੋਰਾਬਾਈਨ ਇਸ ਵਿਰੋਧ ਨਾਲ ਪਹਿਲਾਂ ਹੀ ਨਜਿੱਠ ਚੁੱਕਾ ਸੀ। ਇਸ ਕਰਕੇ ਸੇਵਾਵਾਂ/ਲੋਕਾਂ ਨੂੰ ਜਨਤਕ ਖੇਤਰ ਵਿਚ ਵਾਪਸ ਲਿਆਉਣ ਦੀ ਸੁਰੱਖਿਆ ਵਜੋਂ ਉਹਨੂੰ ਇਕ ਜਨਤਕ ਲਹਿਰ ਮੁਹੱਈਆ ਕਰਵਾਉਣੀ ਪਵੇਗੀ। ਇਹ ਇਕ ਢੰਗ ਹੋ ਸਕਦਾ ਸੀ ਅਤੇ ਲੇਬਰ ਦੇ ਸੱਜੇ ਪੱਖੀ ਸੰਸਦ ਮੈਂਬਰਾਂ ਉੱਪਰ ਦਬਾਅ ਦਾ ਕੰਮ ਕਰ ਸਕਦੀ ਸੀ, ਜਿਹੜੇ ਵਿਰੋਧ ਵਿਚ ਵੋਟ ਦੇ ਸਕਦੇ ਸੀ, ਅਲੱਗ ਰਹਿ ਸਕਦੇ ਸੀ ਜਾਂ ਕੁੱਝ ਵੀ ਕਰ ਸਕਦੇ ਸੀ ਅਤੇ ਇਥੇ ਉਹ ਕੁੱਝ ਵੀ ਹੈ, ਜਿਹਨੂੰ ਅਸੀਂ 1960ਵਿਆਂ ਅਤੇ 1970ਵਿਆਂ ਵਿਚ ਅਕਸਰ ਅੰਸ਼ਕ ਹਿਤਾਂ ਦਾ ਦਵੰਦ ਕਹਿੰਦੇ ਹੁੰਦੇ ਸੀ, ਮਤਲਬ ਕਿ ਸਾਨੂੰ ਪਹਿਲਾਂ ਹੀ ਪ੍ਰਾਪਤ ਕੀਤੇ ਹੋਏ ਲਾਭਾਂ ਨਾਲ ਚੰਬੜੇ ਰਹਿਣਾ ਚਾਹੀਦਾ ਹੈ ਜਾਂ ਉਨ੍ਹਾਂ ਨੂੰ ਹੋਰ ਜ਼ਿਆਦਾ ਹਾਸਲ ਕਰਨ ਦੇ ਜੋਖ਼ਮ 'ਤੇ ਪਾਸੇ ਰੱਖ ਛੱਡਣਾ ਚਾਹੀਦਾ ਹੈ। ਇਹ ਉਹ ਸਵਾਲ ਹੈ ਜਿਸ ਦਾ ਸੋਸ਼ਲ ਡੈਮੋਕ੍ਰੇਟਿਕ ਪਾਰਟੀਆਂ ਅਤੇ ਕਮਿਊਨਿਸਟ ਪਾਰਟੀਆਂ ਜੰਗ ਤੋਂ ਮਗਰੋਂ 1991 ਤੱਕ ਸਾਹਮਣਾ ਕਰਦੀਆਂ ਆਈਆਂ ਹਨ ਅਤੇ ਜਿਹੜਾ ਹੁਣ ਬਹੁਤ ਸਾਰੀਆਂ ਪਾਰਟੀਆਂ ਨਾਲ ਟਕਰਾਅ ਗਿਆ ਹੈ, ਜਿਨ੍ਹਾਂ ਵਿਚ ਕੋਰਬਾਈਨਿਸਟ ਲੇਬਰ ਪਾਰਟੀ ਵੀ ਸ਼ਾਮਲ ਹੈ। ਕਿਥੋਂ ਤਕ ਅੱਗੇ ਵਧਣਾ ਹੈ, ਇਹ ਰਾਜਸੀ ਦਾਅਪੇਚਾਂ ਅਤੇ ਰਣਨੀਤੀ ਦੇ ਮਾਮਲੇ ਹਨ, ਹੁਣ ਤੱਕ, ਕਾਰਬਾਈਨ ਨੇ ਆਪਣੀ ਲੜਾਈ ਲਈ ਜੋ ਉਹ ਲੇਬਰ ਪਾਰਟੀ ਦੇ ਅੰਦਰ ਤੇ ਬਾਹਰ ਚਾਹੁੰਦਾ ਹੈ, ਉਸ ਨਾਲ ਨਜਿੱਠ ਕੇ ਚੰਗਾ ਕੀਤਾ ਹੈ, ਪ੍ਰੰਤੂ ਇਹ ਪਾਰਟੀ ਦੇ ਬਾਹਰ ਹੈ, ਜੋ ਇਸ ਨੂੰ ਅੰਤ ਨੂੰ ਪਿੱਛੇ ਧਕੇਲਦਾ ਹੈ।

ਸਵਾਲ : ਕੀ ਤੁਸੀਂ ਸੋਚਦੇ ਹੋ ਕਿ ਜੋ ਹੁਣ ਵਾਪਰਿਆ ਉਹ ਪਹਿਲਾਂ ਵਾਪਰ ਸਕਦਾ ਸੀ?

ਜਵਾਬ : ਮੈਂ ਇਸ ਗੱਲ 'ਤੇ ਬਿਲਕੁਲ ਵਿਸ਼ਵਾਸ ਨਹੀਂ ਕਰਦਾ। ਮੈਂ ਯਾਦ ਕਰਦਾ ਹਾਂ ਕਿ ਇਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਮੈਂ ਬੈਲਜ਼ੀਅਮ ਜਾਣ ਲਈ ਗੱਡੀ 'ਚ ਸਫ਼ਰ ਕਰ ਰਿਹਾ ਸੀ। ਮੇਰੀ ਸਾਹਮਣੇ ਸੀਟ 'ਤੇ ਬੈਠਾ ਨੌਜਵਾਨ ਮੈਨੂੰ ਟਿਕ ਟਿਕੀ ਲਗਾਈ ਦੇਖ ਰਿਹਾ ਸੀ। ਜਦੋਂ ਮੈਂ ਉਸ ਵਲ ਵਾਪਸ ਦੇਖਿਆ, ਉਹਨੇ ਆਪਣਾ ਚਿਹਰਾ

ਢੱਕ ਲਿਆ ਅਤੇ ਜਦੋਂ ਅਸੀਂ ਗੱਡੀ 'ਚੋਂ ਉਤਰੇ ਉਸ ਨੇ ਕਿਹਾ, ''ਤੁਸੀਂ ਮੈਨੂੰ ਨਹੀਂ ਪਛਾਣਦੇ, ਤਾਰਿਕ, ਪਰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ।'' ਮੈਂ ਪੁੱਛਿਆ ਕਿਵੇਂ? ਕਹਿਣ ਲੱਗਾ- ''ਮੈਂ ਇਥੇ ਬੈਲਜ਼ੀਅਮ ਵਿਚ ਟਰਾਟਸਕੀਵਾਦੀ ਹਾਂ ਅਤੇ ਇਹੀ ਅੰਤਰਰਾਸ਼ਟਰੀ ਜਥੇਬੰਦੀ ਤੁਹਾਡੀ ਹੈ।''

ਸਵਾਲ : ਤੁਸੀਂ ਹੁਣ ਕੀ ਹੋ?

ਜਵਾਬ : ''ਮੈਂ ਮੌਜੂਦਾ ਸਰਕਾਰ ਵਿਚ ਸਿਹਤ ਮੰਤਰੀ ਹਾਂ,'' ਮੈਂ ਕਿਹਾ, ''ਠੀਕ ਹੈ, ਘੱਟੋ-ਘੱਟ ਕੁੱਝ ਨਾ ਕੁੱਝ ਤਾਂ ਹੋ, ਕਿਉਂਕਿ ਵਿੱਤ ਜਾਂ ਰੱਖਿਆ ਮੰਤਰੀ ਹੋ ਸਕਦੇ ਸੀ, ਤੁਹਾਡਾ ਚਿਹਰਾ ਢੱਕ ਲੈਣ ਦਾ ਭਾਵ ਸ਼ਾਇਦ ਇਹੋ ਹੋਵੇਗਾ। ਪ੍ਰੰਤੂ ਕੀ ਤੁਸੀਂ ਕੁੱਝ ਬਹੁਤ ਸ਼ਾਨਦਾਰ ਕਰ ਰਹੇ ਹੋ?

''ਫੈਸਲਾ ਤੁਹਾਡੇ ਹੱਥ ਹੈ।'' ਆਮ ਕਰਕੇ ਹਰੇਕ ਸੁਪਰੀਮ ਸਰਕਾਰ ਵਿਚ ਤੁਸੀਂ ਜਾਂ ਕਈ ਹੋਰ ਧੁਰ ਖੱਬੇ ਹਨ। ਜੋਸ ਮੈਰਨ ਬਰੋਸੋ ਜੋ 10 ਸਾਲਾਂ ਤੋਂ ਯੂਰਪੀਅਨ ਯੂਨੀਅਨ ਦਾ ਮੁਖੀ ਚੱਲਿਆ ਆ ਰਿਹਾ ਹੈ, ਪੁਰਤਗਾਲ ਵਿਚ ਮਾਓਵਾਦੀ ਸੀ, ਜਿਹੜਾ ਇਕ ਜਨਤਕ ਯੂਨੀਵਰਸਿਟੀ ਉੱਪਰ ਛਾਪੇ ਮਾਰਨ ਲਈ ਜਾਣਿਆ ਜਾਂਦਾ ਸੀ, ਜਿਹੜੀ ਲਿਸਬਨ ਵਿਚ ਮਾਓਵਾਦੀ ਦਫ਼ਤਰ ਵਿਚ ਭਰਨ ਲਈ ਫਰਨੀਚਰ ਚੁਰਾਉਂਦੀ ਸੀ। ਹੁਣ ਉਹ ਗੋਲਮੈਨ ਸੈਚ ਦਾ ਗ਼ੈਰ-ਕਾਰਜਕਾਰੀ ਚੇਅਰਮੈਨ ਹੈ। ਡੈਨੀਅਲ ਕੋਰਨ-ਬੈਂਟਿਫ ਇਲਾਇਸੀ ਵਿਚ ਮੌਕਰੋਨ ਦਾ ਸਲਾਹਕਾਰ ਹੈ, ਜਿਵੇਂ ਕਿ ਅਸੀਂ ਅਕਸਰ ਉਹਨੂੰ ਕਹਿੰਦੇ ਹਾਂ। ਮਾਮਲਾ ਇਹ ਨਹੀਂ ਕਿ ਉਨ੍ਹਾਂ ਨੇ ਕਦੇ ਕੋਸ਼ਿਸ਼ ਨਹੀਂ ਕੀਤੀ, ਉਹ ਪੂਰੀ ਤਰ੍ਹਾਂ ਅਸਫ਼ਲ ਹੋ ਗਏ ਹਨ, ਕਿਉਂਕਿ ਸਮੇਂ ਦੇ ਨਾਲ ਉਹ ਪੂਰੇ ਨੀਰਸ ਬਣ ਗਏ ਸਨ। ਮੇਰੇ ਲਈ ਜੋ ਪੂਰੀ ਤਰ੍ਹਾਂ ਮਨੋਰੰਜਕ ਹੈ, ਉਹ ਇਹ ਹੈ ਕਿ ਅੱਤ ਖੱਬਿਆਂ ਵਿਚੋਂ ਵਧੇਰੇ ਹੱਠਧਰਮੀ ਲੋਕ ਉਨੇ ਹੀ ਹੱਠਧਰਮੀ ਹਨ, ਜਿੰਨੀਆਂ ਕਿ ਸਰਕਾਰਾਂ, ਪ੍ਰੰਤੂ ਦੂਜੇ ਬੰਨ੍ਹੇ, ਕੁੱਝ ਲੋਕ ਜਿਹੜੇ ਬ੍ਰਾਜ਼ੀਲ ਵਿਚ ਲੂਲਾਂ ਦੁਆਲੇ ਸਨ, ਲੈਂਬਰਟਵਾਦੀ ਧੜੇ ਦੇ ਟਰਾਸਟਕੀਵਾਦੀ ਸਨ, ਜਿਹੜਾ ਫਰਾਂਸੀਸੀ ਸੋਸ਼ਲਿਸਟ ਪਾਰਟੀ ਵਿਚ ਸ਼ਾਮਲ ਹੋ ਗਿਆ ਸੀ ਅਤੇ ਜਿਸ ਨੇ ਸਾਨੂੰ ਜੋਸਪਿਨ ਦਿਤਾ, ਜਿਸਨੇ ਆਪਣੇ ਪਹਿਲੇ ਕਾਰਜਕਾਲ ਵਿਚ ਨਵਉਦਾਰੀਵਾਦ ਨਾਲ ਮੁਕੰਮਲ ਸਮਝੌਤੇ ਦੀ ਸਲਾਹ ਦਿਤੀ। ਪ੍ਰਧਾਨ ਮੰਤਰੀ ਦੇ ਤੌਰ 'ਤੇ ਇਕ ਪ੍ਰਤੀਦਵੰਦੀ ਧੜ੍ਹੇ ਵਿਚੋਂ ਐਲੇਨ ਕਰਾਵਾਈਨ ਵਿਚ ਭੱਜ ਆਇਆ ਸੀ, ਜਿਹੜੇ ਹਮੇਸ਼ਾ ਉਹਦੇ ਕੰਨ ਵਿਚ ਬੁੜਬੁੜ ਕਰਦੇ ਰਹਿੰਦੇ ਸੀ; ''ਤੈਨੂੰ ਸਦਾ ਕਹਿੰਦੇ ਹਾਂ ਕਿ ਤੇਰੇ ਤੋਂ ਪਹਿਲਾਂ ਅਸੀਂ ਸੱਤਾ ਵਿਚ ਹੁੰਦੇ ਸਾਂ।''

ਲੇਬਰ ਪਾਰਟੀ ਵਿਚ ਕੀ ਵਾਪਰਿਆ ਇਹ ਇਕ ਸਾਜਿਸ਼ੀ ਸਵਾਲ ਹੈ। ਉਨ੍ਹਾਂ ਸਮੇਤ ਹਰ ਕੋਈ ਜਿਹੜੇ ਇਸ ਦੇ ਅੰਦਰ ਸਨ, ਲੇਬਰ ਨੂੰ ਟਿਕਾਣੇ ਲਗਾ ਚੁੱਕੇ ਸਨ ਅਤੇ ਫਿਰ ਜੋ ਵਾਪਰਨਾ ਸੀ ਵਾਪਰਿਆ। ਹੁਣ ਪਾਰਟੀ ਦੇ ਅੰਦਰ ਬਿਨਾਂ ਸ਼ੱਕ ਇਕ ਸੰਘਰਸ਼ ਚੱਲ ਰਿਹਾ ਹੈ, ਦੇਖੀਏ ਕਿ ਕੀ ਤਬਦੀਲੀ ਆ ਸਕਦੀ ਹੈ, ਜਿਹੜੀ ਨੌਜਵਾਨ ਪੀੜ੍ਹੀ ਦੀਆਂ ਇੱਛਾਵਾਂ ਦੀ ਪੂਰਤੀ ਕਰ ਸਕੇ। ਜੇਕਰ ਇਹ ਨਹੀਂ ਕਰਦੀ, ਉਹ ਛੱਡ ਜਾਣਗੇ। ਰਾਜਨੀਤੀ ਅੱਜ ਬਹੁਤ ਫਿਰਤੂ ਹੋ ਚੁੱਕੀ ਹੈ। ਮੈਂ ਉਮੀਦ ਕਰਦਾ ਹਾਂ ਕਿ ਲੇਬਰ ਦੇ ਸਿਖਰਲੇ ਆਗੂ ਇਸ ਗੱਲ ਨੂੰ ਸਮਝਣਗੇ ਕਿ ਲੰਮੇ ਸਮੇਂ ਤੱਕ ਕਿਸੇ ਚੀਜ਼ ਦੀ ਜ਼ਾਮਨੀ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਨੌਜਵਾਨਾਂ ਦੀਆਂ ਕੋਈ ਸੰਸਥਾਗਤ ਵਫ਼ਾਦਾਰੀਆਂ ਨਹੀਂ ਹੁੰਦੀਆਂ। ਲੋਕ ਜੋ ਲੇਬਰ ਪਾਰਟੀ ਵਿਚ ਸ਼ਾਮਲ ਹੋਏ ਹਨ, ਵਿਅਕਤੀਗਤ ਤੌਰ 'ਤੇ ਸ਼ਾਮਲ ਹੋਏ ਹਨ। ਟਰੇਡ ਯੂਨੀਅਨ ਲੇਬਰ ਕੜੀ ਇਕ ਸੰਸਥਾਗਤ ਕੜੀ ਸੀ। ਅੱਜ ਸਾਰੇ ਯੂਰਪ ਵਿਚ ਟਰੇਡ ਯੂਨੀਅਨਾਂ ਦੀ ਮੈਂਬਰਸ਼ਿਪ ਘੱਟ ਗਈ ਹੈ। ਬਰਤਾਨੀਆ ਵਿਚ ਭਾਰੀ ਗਿਰਾਵਟ ਆਈ ਹੈ। ਸੋ, ਜੇਕਰ ਲੋਕ ਮਹਿਸੂਸ ਕਰਦੇ ਹਨ ਕਿ ਉਹ ਬੁਰੀ ਤਰ੍ਹਾਂ ਡਿੱਗ ਪਏ ਹਨ ਅਤੇ ਕਿ ਲੇਬਰ ਉਹ ਵਾਅਦੇ ਪੂਰੇ ਨਹੀਂ ਕਰ ਸਕਦੀ ਜਿਹੜੇ ਇਸ ਨੇ ਆਪਣੇ ਪਹਿਲੇ ਕਾਰਜਕਾਲ ਵਿਚ ਕੀਤੇ ਸਨ, ਉਹ ਸਿਰਫ਼ ਬਾਹਰ ਨਿਕਲ ਜਾਣਗੇ, ਛੱਡ ਜਾਣਗੇ ਅਤੇ ਫਿਰ ਤੁਸੀਂ ਵੀ ਛੱਡ ਦਿਤੇ ਜਾਵੋਗੇ ਤੇ ਕਾਹਦੇ ਲਈ ਜਾਣੇ ਜਾਉਗੇ? ਇਸੇ ਦੌਰਾਨ ਕਾਰਬਾਈਨ ਵਿਰੁੱਧ ਨਵੀਂ ਮੁਹਿੰਮ ਵਿੱਢੀ ਜਾ ਰਹੀ ਹੈ। ਉਹਨੂੰ ਕਿਸੇ ਵੀ ਕੀਮਤ 'ਤੇ ਬਦਨਾਮ ਕਰਨ ਲਈ ਲੇਬਰ ਪਾਰਟੀ ਦੀ ਹਾਰ ਲਈ ਜ਼ੁੰਮੇਵਾਰ ਠਹਿਰਾਉਣ ਸਮੇਤ। ਬਲੇਅਰ ਟੋਰੀਆਂ ਨੂੰ ਜਨਤਕ ਤੌਰ 'ਤੇ ਅਪੀਲ ਕਰ ਚੁੱਕਾ ਹੈ ਕਿ ਉਹ ਰਾਇਸ਼ੁਮਾਰੀ ਨਤੀਜਿਆਂ ਦਾ ਵਿਰੋਧ ਕਰਨ, ਕਿਉਂਕਿ ਇਹੋ ਕੋਰਬਾਈਨ ਨੂੰ ਹਰਾਉਣ ਦਾ ਇਕੋ ਇਕ ਢੰਗ ਹੈ। ਮੈਂ ਸੋਚਦਾ ਹਾਂ ਕਿ ਕੋਰਬਾਈਨ ਜਿੱਤ ਸਕਦਾ ਹੈ। ਤੱਥ ਇਹ ਹੈ ਕਿ ਉਹ ਪਰੰਪਰਿਕ ਸਿਆਸਤਦਾਨਾਂ ਵਾਂਗ ਦਿਖਦਾ ਅਤੇ ਵਰਤਾਉ ਨਹੀਂ ਕਰਦਾ, ਜਿਸ ਖ਼ੂਬੀ ਕਾਰਨ ਜ਼ਿਆਦਾ ਤੋਂ ਜ਼ਿਆਦਾ ਲੋਕ ਲੇਬਰ ਪਾਰਟੀ ਵਿਚ ਵਾਪਸ ਆਏ ਜਾਂ ਜਿਨ੍ਹਾਂ ਨੂੰ ਮੁੜ ਖੱਬੀ ਸੋਸ਼ਲ ਡੈਮੋਕ੍ਰੇਟਿਕ ਰਾਜਨੀਤੀ ਪਹਿਲੀ ਵਾਰ ਮਿਲੀ। ❂

ਸੰਪਰਕ : 9878531166

# ਸਭ ਤੋਂ ਉਲਟ, ਸਭ ਤੋਂ ਉਚਿੱਤ

ਪ੍ਰੋ. ਰਾਕੇਸ਼ ਰਮਨ

ਵਪਾਰੀ ਲੋਕ ਬੜੇ ਚਤੁਰ ਹੁੰਦੇ ਹਨ, ਬੜੀ ਤੇਜ਼ ਬੁੱਧੀ ਦੇ ਮਾਲਕ, ਖ਼ਾਸ ਕਰਕੇ ਡੰਗਰਾਂ ਦਾ ਵਪਾਰ ਕਰਨ ਵਾਲੇ। ਇਸ ਵਪਾਰ ਵਿਚ ਦਲਾਲੀ ਕਰਨ ਵਾਲੇ ਲੋਕ ਵੀ ਘੱਟ ਨਹੀਂ ਹੁੰਦੇ। ਮੰਡੀ 'ਚ ਅਜਿਹੇ ਲੋਕਾਂ ਦੀਆਂ ਕਲਾਬਾਜ਼ੀਆਂ ਦੇਖਣ ਵਾਲੀਆਂ ਹੁੰਦੀਆਂ ਹਨ। ਕਿਵੇਂ ਪਸ਼ੂ ਦੀ ਕੀਮਤ ਨਿਰਧਾਰਤ ਕਰਨ ਲਈ ਵਿਕਰੇਤਾ ਤੇ ਖਰੀਦਦਾਰ ਵਿਚਕਾਰ ਕੱਪੜੇ ਹੇਠ ਉਂਗਲਾਂ ਦੀ ਭਾਸ਼ਾ ਦਾ ਇਸਤੇਮਾਲ ਕਰਕੇ, ਚੁੱਪ ਚੁਪੀਤੇ ਪਸ਼ੂ ਵਿਕਵਾਉਣ ਦਾ ਕੰਮ ਕਰਕੇ, ਆਪਣੀ ਦਲਾਲੀ ਲੈ ਕੇ ਅਹੁ ਜਾਂਦੇ ਹਨ। ਪਸ਼ੂ-ਮੰਡੀਆਂ ਵਿਚ ਪਸ਼ੂ ਵਪਾਰੀਆਂ ਅਤੇ ਦਲਾਲਾਂ ਦੀ ਸਰਦਾਰੀ ਹੁਣ ਤਕ ਬਰਕਰਾਰ ਹੈ। ਵਪਾਰੀ ਪਸ਼ੂ ਖਰੀਦ ਕੇ ਪਸ਼ੂ-ਮੰਡੀ 'ਚ ਲਿਆਉਂਦਾ ਹੈ। ਖਰੀਦਣ ਮੌਕੇ ਉਹ ਪਸ਼ੂ ਦੇ ਮੁਲੰਕਣ ਲਈ ਹੋਰ ਮਾਪ-ਦੰਡ ਵਰਤਦਾ ਹੈ ਤੇ ਵੇਚਣ ਸਮੇਂ ਹੋਰ। ਪਸ਼ੂ ਦੇ ਲੱਛਣ ਤਾਂ ਉਹ ਹੀ ਹੁੰਦੇ ਹਨ, ਪਰ ਵਪਾਰੀ ਉਨ੍ਹਾਂ ਦੀ ਵਿਆਖਿਆ ਹੀ ਵੱਖਰੀ ਕਰਦਾ ਹੈ। ਖਰੀਦਣ ਸਮੇਂ ਉਹ ਲੱਛਣਾਂ ਦੀ ਜੋ ਵਿਆਖਿਆ ਕਰਦਾ ਹੈ, ਉਸ ਦੇ ਆਧਾਰ 'ਤੇ ਉਹਨੂੰ ਪਸ਼ੂ ਸਸਤਾ ਮਿਲ ਜਾਂਦਾ ਹੈ ਤੇ ਵੇਚਣ ਸਮੇਂ ਉਨ੍ਹਾਂ ਹੀ ਲੱਛਣਾਂ ਨੂੰ ਚੰਗਾ ਮੁੱਲ ਵੱਟਣ ਲਈ ਅੱਗੇ ਲਿਆਂਦਾ ਜਾਂਦਾ ਹੈ।

ਸਾਡੇ ਇਕ ਦੋਸਤ ਨੇ ਮੱਝ ਵੇਚਣੀ ਸੀ। ਜਿਸ ਤਰ੍ਹਾਂ ਦਾ ਇਸ ਮੱਝ ਦਾ ਹੁਲੀਆ ਸੀ, ਉਸ ਤੋਂ ਸਾਡੇ ਦੋਸਤ ਨੂੰ ਜਾਪਦਾ ਸੀ ਕਿ ਮੱਝ ਕਾਫ਼ੀ ਚੰਗੇ ਮੁੱਲ 'ਚ ਵਿਕੇਗੀ। ਵਪਾਰੀ ਗੇੜੇ ਮਾਰਨ ਲੱਗ ਪਏ। ਦੋਸਤ ਮੱਝ ਦੀਆਂ ਸਿਫ਼ਤਾਂ ਗਿਣਾਵੇ ਪਰ ਉਹ ਇਨ੍ਹਾਂ ਸਾਰੀਆਂ ਸਿਫ਼ਤਾਂ ਦਾ ਕੋਈ ਹੁੰਗਾਰਾ ਹੀ ਨਾ ਭਰਨ। ਇਕ ਵਪਾਰੀ ਨੂੰ ਉਹਨੇ ਕਿਹਾ, "ਸਿੰਗ ਤਾਂ ਵੇਖ ਕਿੰਨੇ ਕੁੰਢੇ ਆ!" ਅੱਗੋਂ ਵਪਾਰੀ ਕਹਿੰਦਾ ਜੇ ਕਿਸੇ ਹੋਰ ਮੱਝ ਨਾਲ ਭਿੜ ਪਈ, ਸਿੰਗ ਫਸ ਜੂ, ਵਢਾਉਣਾ ਪਊ! ਦੋਸਤ ਨੇ ਹੋਰ ਸਿਫ਼ਤ ਗਿਣਾਈ, "ਪੂਛ ਦੇਖ ਕਿੰਨੀ ਲੰਮੀ ਐ?" ਵਪਾਰੀ ਨੇ ਫਿਰ ਸਿਰ ਮਾਰ ਦਿੱਤਾ। ਕਹਿੰਦਾ, "ਮੱਝ ਬੈਠੀ ਤੋਂ ਪੂਛ ਕਿਸੇ ਪਸ਼ੂ ਦੇ ਖੁਰ ਹੇਠ ਮਿੱਧੀ ਗਈ, ਕਟਵਾਉਣੀ ਪਊ।" ਗੱਲ ਕੀ, ਮੱਝ ਦੇ ਗੁਣ ਵਪਾਰੀ ਨੇ ਆਪਣੀਆਂ ਸ਼ਾਤਰ ਦਲੀਲਾਂ ਨਾਲ ਐਸੇ ਔਗੁਣ ਬਣਾਏ ਕਿ ਦੋਸਤ ਵਿਚਾਰਾ ਬੜੇ ਸਸਤੇ ਵਿਚ ਮੱਝ ਛੱਡਣ ਲਈ ਰਾਜ਼ੀ ਹੋ ਗਿਆ। ਬਾਅਦ ਵਿਚ ਪਤਾ ਲੱਗਾ ਕਿ ਇਸੇ ਮੱਝ ਦਾ, ਇਨ੍ਹਾਂ ਹੀ ਲੱਛਣਾਂ ਕਰਕੇ ਵਪਾਰੀ ਨੂੰ ਚੰਗਾ ਮੁੱਲ ਮਿਲ ਗਿਆ।

ਡੰਗਰ-ਵਪਾਰ ਵਿਚ ਵੱਧ ਤੋਂ ਵੱਧ ਫ਼ਾਇਦਾ ਉਠਾਉਣ ਦੀਆਂ ਜੋ ਜੁਗਤਾਂ ਵਪਾਰੀਆਂ ਤੇ ਦਲਾਲਾਂ ਵੱਲੋਂ ਵਰਤੀਆਂ ਜਾ ਰਹੀਆਂ ਹਨ, ਉਹੋ ਜੁਗਤਾਂ ਦੇਸ਼ ਦੀ ਰਾਜਨੀਤੀ ਦੇ ਖੇਤਰ ਵਿਚ ਵੀ ਆਪਣੀ ਸਸ਼ਕਤ ਹੋਂਦ ਦਰਸਾਅ ਰਹੀਆਂ ਹਨ। ਦੇਸ਼ ਦੀ ਅਜੋਕੀ ਸੰਸਦੀ ਰਾਜਨੀਤੀ ਦੇ ਪਿੜ ਵਿਚ ਡੰਗਰ-ਵਪਾਰੀਆਂ ਦੀ ਥਾਂ ਸੰਪ੍ਰਦਾਇਕ ਰਾਜਨੀਤੀ ਦੇ ਖਿਡਾਰੀ, ਖ਼ਾਸ ਕਰਕੇ ਸੰਘ ਪਰਿਵਾਰ ਦੀਆਂ ਰਾਜਸੀ ਪਾਰਟੀਆਂ ਦੇ ਕਾਰਕੁੰਨ ਦਿਖਾਈ ਦੇ ਰਹੇ ਹਨ। ਇਨ੍ਹਾਂ ਰਾਜਸੀ ਪਾਰਟੀਆਂ ਵਿਚੋਂ ਵੀ ਡੰਗਰ-ਵਪਾਰ ਦੀਆਂ ਜੁਗਤਾਂ ਨੂੰ ਵਧੇਰੇ ਕਾਰਗਰ ਢੰਗ ਨਾਲ ਵਰਤਣ ਵਿਚ ਭਾਰਤੀ ਜਨਤਾ ਪਾਰਟੀ ਦਾ ਕੋਈ ਮੁਕਾਬਲਾ ਨਹੀਂ। ਜੇਕਰ ਵਾਪਰੀਆਂ ਵਜੋਂ ਭਾਰਤੀ ਜਨਤਾ ਪਾਰਟੀ ਦੇ ਕਾਰਕੁੰਨ ਮੋਹਰੀ ਹਨ ਤਾਂ ਦਲਾਲਾਂ ਵਜੋਂ ਇਲੈਕਟ੍ਰੋਨਿਕ ਮੀਡੀਆ ਦੇ ਇਕ ਵੱਡੇ ਹਿੱਸੇ ਵੱਲੋਂ ਡੰਗਰ-ਵਪਾਰ ਪਸ਼ੂ ਸੌਦੇ ਸਿਰੇ ਚੜ੍ਹਾਉਣ ਵਿਚ ਬੜੀ ਮੁਹਾਰਤ ਦਿਖਾਈ ਜਾ ਰਹੀ ਹੈ। ਜਿਵੇਂ ਹੱਥਾਂ 'ਤੇ ਸਾਫ਼ਾ ਸੁੱਟ ਕੇ, ਪਰਦੇ ਹੇਠ, ਬਿਨਾਂ ਕੋਈ ਅਸਲੀ ਗੱਲ ਬੋਲਿਆਂ ਇਕ-ਦੂਜੇ ਦੀਆਂ ਉਂਗਲਾਂ ਮਰੋੜ ਕੇ ਸੌਦਾ ਤੈਅ ਕੀਤਾ/ਕਰਵਾਇਆ ਜਾਂਦਾ ਹੈ, ਉਵੇਂ ਇਲੈਕਟ੍ਰੋਨਿਕ ਮੀਡੀਆ ਵਿਚ ਵੀ ਅਸਲੀ ਗੱਲਾਂ ਪਰਦੇ ਹੇਠ ਹੀ ਹੁੰਦੀਆਂ ਹਨ। ਏਥੇ ਮੁੱਖ ਸੌਦਾ ਪਾਰਟੀ ਲਈ ਵੋਟਾਂ ਭੁਗਤਾਉਣ ਦਾ ਹੁੰਦਾ ਹੈ। ਦਲਾਲ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਹੁੰਦਾ ਕਿ ਸੌਦਾ ਖਰਾ ਹੈ ਜਾਂ ਖੋਟਾ। ਉਸ ਨੇ ਤਾਂ ਆਪਣੀ ਕੇਵਲ ਹੁਸ਼ਿਆਰੀ ਦਿਖਾਉਣੀ ਹੁੰਦੀ ਹੈ। ਇਹ ਹੁਸ਼ਿਆਰੀ/ਚਲਾਕੀ ਹੀ ਤਾਂ ਇਲੈਕਟ੍ਰੋਨਿਕ ਮੀਡੀਏ ਦਾ ਵੱਡਾ ਹਿੱਸਾ ਦਿਖਾ ਰਿਹਾ ਹੈ। ਸਾਫ਼ੇ (ਕੱਪੜੇ) ਹੇਠ ਵਪਾਰੀਆਂ ਤੇ ਦਲਾਲਾਂ ਨੇ ਉਂਗਲਾਂ ਕਿਸ ਹਿਸਾਬ ਨਾਲ ਮਰੋੜੀਆਂ ਹਨ, ਇਹ ਜਾਂ ਤਾਂ ਬੇਜੀਪੀ ਨੂੰ ਪਤਾ ਹੈ ਜਾਂ ਫਿਰ ਦਲਾਲ ਮੀਡੀਆ ਘਰਾਣਿਆਂ ਦੇ ਮਾਲਕਾਂ ਨੂੰ। ਜੋ ਗੱਲ ਨਿਸ਼ਚਿਤ ਹੈ, ਉਹ ਇਹ ਹੈ ਕਿ ਇਸ ਸਮੇਂ ਦੇਸ਼ ਦੀ ਰਾਜਨੀਤੀ ਦੇ ਖੇਤਰ ਵਿਚ ਸੰਘ-ਪਰਿਵਾਰ ਨੇ ਡੰਗਰ-ਵਪਾਰ ਦੇ ਸਭਿਆਚਾਰ ਨੂੰ ਬੜੀ ਬੁਰੀ ਤਰ੍ਹਾਂ ਉਤਾਰ ਲਿਆ ਹੈ। ਮੁੱਦਾ ਆਧਾਰਿਤ ਸਵੱਛ ਤੇ ਸਿਹਤਮੰਦ ਰਾਜਨੀਤੀ ਤਾਂ ਮਹਿਜ਼ ਸੁਪਨਾ ਬਣ ਕੇ ਰਹਿ ਗਈ ਹੈ

ਕਿਉਂਕਿ ਸਾਕਾਰਾਤਮਕ ਰਾਜਨੀਤੀ ਕਰਨ ਵਾਲਿਆਂ ਦੀ ਜ਼ਿਆਦਾ ਊਰਜਾ ਤਾਂ ਬੀਜੇਪੀ ਦੇ ਕੁਟਿਲ-ਤੰਤਰ ਨੂੰ ਪਛਾੜਨ ਉਪਰ ਹੀ ਲੱਗ ਜਾਂਦੀ ਹੈ ਜਾਂ ਸਮਝ ਲਵੋ ਕਿ ਜ਼ਾਇਆ ਚਲੇ ਜਾਂਦੀ ਹੈ।

ਡੰਗਰ-ਵਪਾਰ ਮਾਡਲ ਕਿਸ ਪ੍ਰਕਾਰ ਦੇਸ਼ ਦੀ ਸੰਪ੍ਰਦਾਇਕ ਰਾਜਨੀਤੀ ਦੁਆਰਾ ਅਪਣਾਅ ਲਿਆ ਗਿਆ ਹੈ, ਇਸ ਦੀ ਇਕ ਮਿਸਾਲ ਪਿਛਲੇ ਸਰਜੀਕਲ ਅਪਰੇਸ਼ਨ ਦੌਰਾਨ ਵੀ ਸਾਹਮਣੇ ਆਈ। ਉਸ ਸਮੇਂ ਵੀ ਵਰਤਮਾਨ ਸਰਕਾਰ ਵੱਲੋਂ ਅੱਤਵਾਦੀ ਟਿਕਾਣਿਆਂ (ਕੈਂਪਾਂ) ਨੂੰ ਏਅਰ ਸਟ੍ਰਾਈਕ ਰਾਹੀਂ ਤਬਾਹ ਕਰਨ ਦਾ ਦਾਅਵਾ ਕੀਤਾ ਗਿਆ। ਪਾਕਿਸਤਾਨ ਸਰਕਾਰ ਨੇ ਭਾਰਤ ਦੀ ਵਰਤਮਾਨ ਸਰਕਾਰ ਦੇ ਦਾਅਵੇ ਨੂੰ ਖਾਰਜ ਕਰਦਿਆਂ ਪ੍ਰਤੀਕਰਮ ਦਿੱਤਾ ਕਿ ਹਮਲੇ ਵਾਲੀ ਜਗ੍ਹਾ ਉਪਰ ਕੁਝ ਵੀ ਨਹੀਂ ਸੀ। ਅੰਤਰਰਾਸ਼ਟਰੀ ਮੀਡੀਆ ਨੂੰ ਹਮਲੇ ਦੀ ਮਾਰ ਹੇਠ ਆਈ ਜਗ੍ਹਾ ਦਾ ਦੌਰਾ ਕਰਵਾਇਆ ਗਿਆ। ਅੰਤਰਰਾਸ਼ਟਰੀ ਮੀਡੀਆ ਨੇ ਵੀ ਕਿਸੇ ਕੈਂਪ ਆਦਿ ਦੇ ਤਬਾਹ ਹੋਣ ਦੀ ਪੁਸ਼ਟੀ ਨਹੀਂ ਕੀਤੀ। ਇਸ ਮੌਕੇ ਦਿੱਲੀ ਦੇ ਮੁੱਖ ਮੰਤਰੀ ਨੇ ਮੋਦੀ ਸਰਕਾਰ ਨੂੰ ਸਲਾਹ ਦਿੱਤੀ ਕਿ ਸਰਕਾਰ ਅੰਤਰਰਾਸ਼ਟਰੀ ਮੀਡੀਆ ਦਾ ਮੂੰਹ ਬੰਦ ਕਰਨ ਲਈ ਸਰਜੀਕਲ ਅਪਰੇਸ਼ਨ ਦੇ ਸਬੂਤ ਪੇਸ਼ ਕਰ ਦੇਵੇ, ਨਿਰਸੰਦੇਹ ਇਹ ਸਲਾਹ ਮੱਝ ਦੇ ਕੁੰਢੇ ਸਿੰਗਾਂ ਵਾਂਗ ਚੰਗੀ ਸੀ। ਪਰ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਤੇ ਬੁਲਾਰਿਆਂ ਨੇ ਪੈਂਦੀ ਸੱਟੇ ਅਰਵਿੰਦ ਕੇਜਰੀਵਾਲ ਨੂੰ ਪਾਕਿਸਤਾਨ ਪੱਖੀ, ਦੇਸ਼ਧ੍ਰੋਹੀ, ਸੁਰੱਖਿਆਂ ਬਲਾਂ ਦਾ ਮਨੋਬਲ ਡੇਗਣ ਵਾਲਾ ਕੌਮੀ ਵਿਰੋਧੀ ਅਨਸਰ ਗਰਦਾਨ ਦਿੱਤਾ। ਕੇਜਰੀਵਾਲ ਨੇ ਆਪਣੀ ਅਜਿਹੀ ਆਲੋਚਨਾ ਸੁਣ ਕੇ ਸ਼ਾਇਦ ਕੰਨਾਂ ਨੂੰ ਹੱਥ ਲਾ ਲਏ ਹੋਣਗੇ। ਇਸੇ ਲਈ ਤਾਂ ਉਸ ਨੇ ਪੁਲਵਾਮਾ ਤੋਂ ਬਾਦ ਕੀਤੇ ਏਅਰ ਸਟ੍ਰਾਈਕ ਬਾਰੇ ਸਿੱਧਾ ਹੀ ਨਰੇਂਦਰ ਮੋਦੀ ਦਾ ਪੱਖ ਲੈ ਲਿਆ। ਇਕੱਲੇ ਕੇਜਰੀਵਾਲ ਨੇ ਹੀ ਕਿਉਂ, ਸਮੁੱਚੀ ਵਿਰੋਧੀ ਧਿਰ ਨੇ ਇਕੋ ਸਾਹੇ ਮੋਦੀ ਸਰਕਾਰ ਦੀ ਕਾਰਵਾਈ ਨੂੰ ਸਹੀ ਮੰਨ ਲਿਆ ਤਾਂ ਕਿ ਸੰਘ-ਪਰਿਵਾਰ ਨੂੰ ਵਿਰੋਧੀ ਧਿਰ ਉੱਪਰ ਸਿਆਸੀ ਹਮਲਾ ਬੋਲਣ ਦਾ ਮੌਕਾ ਹੀ ਨਾ ਮਿਲੇ। ਪਰ ਸਿਆਸੀ ਮਾਲ ਵੇਚਣਾ ਵੀ ਤਾਂ ਸੀ, ਦਲਾਲ ਹੋਰ ਕਿਸ ਕੰਮ ਲਈ ਹੁੰਦੇ ਹਨ। ਦਲਾਲਾਂ ਨੇ ਕੂਕ-ਕੂਕ ਕੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਜਿਹੜਾ ਵੀ ਹਿੰਦ-ਪਾਕਿ ਸਦਭਾਵਨਾ ਭਰੇ ਸੰਬੰਧਾਂ ਦੀ ਗੱਲ ਕਰਦਾ ਹੈ, ਉਹ ਦੇਸ਼ ਧ੍ਰੋਹੀ ਹੈ। ਉਹ ਪਾਕਿਸਤਾਨ ਦਾ ਪੱਖ ਪੂਰ ਕੇ ਦੇਸ਼ ਨੂੰ ਕਮਜ਼ੋਰ ਕਰ ਰਿਹਾ ਹੈ। ਕਿਸੇ ਵੀ ਕਾਰਵਾਈ ਵਿਚ ਸਬੂਤ ਮੰਗਣਾ ਤੇ ਸਬੂਤ ਦੇਣਾ ਲੋਕਤੰਤਰੀ ਪ੍ਰਕਿਰਿਆ ਵਜੋਂ ਇਕ ਚੰਗੀ ਗੱਲ ਹੈ, ਇਕ ਗੁਣ ਹੈ, ਪਰ ਸਿਆਸੀ ਵਪਾਰੀ ਆਪਣੇ ਵੱਡੇ ਫਾਇਦੇ ਲਈ ਗੁਣ ਨੂੰ ਔਗੁਣ ਬਣਾ ਕੇ ਪੇਸ਼ ਕਰ ਦਿੰਦੇ ਹਨ। ਔਗੁਣ ਨੂੰ ਗੁਣ ਬਣਾ ਕੇ ਪੇਸ਼ ਕਰਨਾ ਵੀ ਇਸ ਸਿਆਸੀ ਵਪਾਰ ਦਾ ਇਕ ਉੱਘੜਵਾਂ ਲੱਛਣ ਹੈ। ਜਿਵੇਂ ਝੂਠ ਬੋਲਣਾ ਇਕ ਔਗੁਣ ਹੈ, ਪਰ ਸਿਆਸੀ ਵਪਾਰ ਕਰਨ ਵਾਲਿਆਂ ਵੱਲੋਂ ਇਹ ਬੜੇ ਧੜੱਲੇ ਨਾਲ ਬੋਲਿਆ ਜਾ ਰਿਹਾ ਹੈ।

ਸੰਘ-ਪਰਿਵਾਰ ਦੀ ਸਿਆਸਤ ਪ੍ਰਤੀ ਸਾਵਧਾਨੀ ਵਰਤਦਿਆਂ ਏਅਰ ਸਟ੍ਰਾਈਕ ਦੇ ਮਾਮਲੇ ਵਿਚ ਸਮੁੱਚੀ ਵਿਰੋਧੀ ਧਿਰ ਨੇ ਨਰੇਂਦਰ ਮੋਦੀ ਦੀ ਪਿੱਠ ਥਾਪੜ ਦਿੱਤੀ। ਇਸ ਸੰਬੰਧੀ ਜੋ ਵੀ ਕਿਹਾ ਗਿਆ, ਉਹਦੇ ਬਾਰੇ ਕੋਈ ਕਿੰਤੂ-ਪਰੰਤੂ ਨਹੀਂ ਕੀਤਾ ਗਿਆ। ਸਰਕਾਰ ਦੇ ਸਭ ਦਾਅਵੇ, ਸਭ ਅੰਕੜੇ ਵਿਰੋਧੀ ਧਿਰ ਨੇ ਪ੍ਰਵਾਨ ਕਰ ਲਏ ਤੇ ਨਾਲ ਇਹ ਵੀ ਕਿਹਾ ਕਿ ਮੋਦੀ ਸਰਕਾਰ ਅੱਤਵਾਦ ਦੇ ਸਫ਼ਾਏ ਲਈ ਪਾਕਿਸਤਾਨ ਪ੍ਰਤੀ ਕੋਈ ਢਿੱਲ ਨਾ ਵਰਤੇ। ਵਿਰੋਧੀ ਧਿਰ ਦੇ ਇਸ ਪੱਖ (ਸਟੈਂਡ) ਦੇ ਉਲਟ ਕੇਵਲ ਇਕੋ ਸਿਆਸਤਦਾਨ ਨੇ ਪੱਖ ਲਿਆ। ਇਹ ਸਿਆਸਤਦਾਨ ਹੈ ਪੰਜਾਬ ਸਰਕਾਰ ਦਾ ਕੈਬਨਿਟ ਮੰਤਰੀ ਨਵਜੋਤ ਸਿੰਧ ਸਿੱਧੂ। ਜਦੋਂ ਵੀ ਕਦੇ ਸਿਆਸਤ ਤੋਂ ਉੱਪਰ ਉੱਠ ਕੇ ਨਿਰਪੱਖਤਾ ਨਾਲ ਗੱਲ ਹੋਏਗੀ ਤਾਂ ਸਿੱਧੂ ਦੇ ਸਭ ਤੋਂ ਉਲਟ ਪੱਖ ਨੂੰ ਹੀ ਸ਼ਾਇਦ ਸਭ ਤੋਂ ਉਚਿੱਤ ਪੱਖ ਸਮਝਿਆ ਜਾਵੇਗਾ।

ਡੰਗਰ ਵਪਾਰ ਸਿਆਸੀ ਸਭਿਆਚਾਰ ਵਾਲਿਆਂ ਨੇ ਨਵਜੋਤ ਸਿੰਘ ਸਿੱਧੂ ਨੂੰ ਪੁਲਵਾਮਾ ਦੁਖਾਂਤ ਤੋਂ ਪਹਿਲਾਂ ਹੀ ਵਿਵਾਦਾਂ ਵਿਚ ਘੜੀਸ ਲਿਆ ਸੀ। ਮੁੱਦਾ ਇਹ ਬਣਾਇਆ ਸੀ ਕਿ ਸਿੱਧੂ ਨੇ ਆਪਣੀ ਪਾਕਿਸਤਾਨ ਫੇਰੀ ਸਮੇਂ ਉਥੋਂ ਦੇ ਸਿਖ਼ਰਲੇ ਫ਼ੌਜੀ ਜਰਨੈਲ ਨੂੰ ਗਲਵੱਕੜੀ ਪਾਈ ਸੀ। ਫ਼ਜ਼ੂਲ ਕਿਸਮ ਦੇ ਆਰੋਪਾਂ ਦੀਆਂ ਸਿੱਧੂ ਅਜੇ ਸਫ਼ਾਈਆਂ ਹੀ ਪੇਸ਼ ਕਰ ਰਿਹਾ ਸੀ ਕਿ ਪੁਲਵਾਮਾ ਕਾਂਡ ਵਾਪਰ ਗਿਆ। ਪੁਲਵਾਮਾ ਕਾਂਡ ਤੋਂ ਪਹਿਲਾਂ ਜੋ ਸਫ਼ਾਈਆਂ ਗਲਵੱਕੜੀ ਸੰਬੰਧੀ ਸਿੱਧੂ ਨੇ ਪੇਸ਼ ਕੀਤੀਆਂ ਸਨ, ਉਨ੍ਹਾਂ ਸਾਰੀਆਂ ਦਾ ਸਾਰੰਸ਼ ਇਹ ਸੀ ਕਿ ਉਹ (ਸਿੱਧੂ) ਪੂਰੀ ਸੁਹਿਰਦਤਾ ਨਾਲ ਹਿੰਦ-ਪਾਕਿ ਰਿਸ਼ਤਿਆਂ ਨੂੰ ਸੁਖਾਵੇਂ ਬਣਾਉਣ ਦੀ ਦਿਸ਼ਾ ਵਿਚ ਕੰਮ ਕਰ ਰਿਹਾ ਹੈ। ਪੁਲਵਾਮਾ ਕਾਂਡ ਤੋਂ ਬਾਦ ਵੀ ਉਸ ਨੇ ਚੰਗੇ ਰਿਸ਼ਤਿਆਂ ਦੀ ਸੰਭਾਵਨਾ ਪ੍ਰਤੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਚੰਦ ਅੱਤਵਾਦੀਆਂ ਦੀ ਘ੍ਰਿਣਿਤ ਕਾਰਵਾਈ ਲਈ ਪਾਕਿਸਤਾਨ ਨੂੰ ਜ਼ੁੰਮੇਵਾਰ ਨਾ ਠਹਿਰਾਇਟਾ ਜਾਵੇ ਅਤੇ ਪਾਕਿਸਤਾਨ ਨਾਲ ਸੰਬੰਧ ਸੁਧਾਰਨ ਲਈ ਯਤਨ ਜ਼ਾਰੀ ਰੱਖੇ ਜਾਣ। ਸਿੱਧੂ ਦੇ ਇਹ ਬਿਆਨ ਬਿਲਕੁਲ ਸਹੀ ਸਨ; ਸਵੱਛ ਰਾਜਨੀਤੀ ਦੇ ਗੁਣ ਸਨ, ਦੋਵਾਂ ਦੇਸ਼ਾਂ ਦੇ ਅਵਾਮ ਦੇ ਹਿੱਤ ਵਿਚ ਸਨ, ਪਰ ਅਰਥਾਂ ਦਾ ਅਨਰਥ ਕਰ ਦਿੱਤਾ ਗਿਆ। ਦੇਸ਼ ਦੇ ਇਕ ਉੱਚਕੋਟੀ ਦੇ ਕ੍ਰਿਕਟਰ ਨੂੰ, ਦੇਸ਼

ਲਈ ਸੱਚੀਆਂ-ਸੁੱਚੀਆਂ ਭਾਵਨਾਵਾਂ ਰੱਖਣ ਵਾਲੇ ਵਿਅਕਤੀ ਨੂੰ, ਦੇਸ਼ਧ੍ਰੋਹੀ ਗਰਦਾਨ ਦਿੱਤਾ ਗਿਆ। ਸੱਚਮੁੱਚ ਹੀ ਗੁਣਾਂ ਨੂੰ ਔਗੁਣ ਬਣਾ ਕੇ ਪੇਸ਼ ਕਰਨ ਵਿਚ ਭਾਰਤੀ ਜਨਤਾ ਪਾਰਟੀ ਤੇ ਪੂਰੇ ਸੰਘ-ਪਰਿਵਾਰ ਦਾ ਕੋਈ ਤੋੜ ਨਹੀਂ ਹੈ।

ਪਾਕਿਸਤਾਨ ਫੇਰੀ ਸੰਬੰਧੀ ਆਪਣੇ ਪ੍ਰਭਾਵ ਸਾਂਝੇ ਕਰਦਿਆਂ ਨਵਜੋਤ ਸਿੰਘ ਸਿੱਧੂ ਨੇ ਕਿਤੇ ਇਹ ਵੀ ਕਿਹਾ ਸੀ ਕਿ ਅਸੀਂ ਪਾਕਿਸਤਾਨ ਵਿਚ ਦੱਖਣ ਭਾਰਤ ਨਾਲੋਂ ਜ਼ਿਆਦਾ ਸਹਿਜ ਮਹਿਸੂਸ ਕਰਦੇ ਹਾਂ। ਅਸੀਂ, ਭਾਵ ਪੰਜਾਬੀ, ਆਪਣੀ ਬੋਲੀ, ਆਪਣੇ ਵਰਗਾ ਰਹਿਣ-ਸਹਿਣ ਤੇ ਇਕੋ ਜਿਹਾ ਚੌਗਿਰਦਾ ਰੱਖਣ ਵਾਲੇ ਲੋਕਾਂ ਨਾਲ ਸੁਭਾਵਕ ਹੀ ਨੇੜਤਾ ਮਹਿਸੂਸ ਕਰ ਸਕਦੇ ਹਾਂ। ਗੱਲ ਏਥੇ ਹੀ ਨਹੀਂ ਮੁੱਕਦੀ, ਅਸੀਂ ਅਰਬ-ਇਰਾਨ ਤੇ ਮੱਧ ਏਸ਼ੀਆ ਤਕ ਇਕੋ ਹੀ ਭੋਇੰ-ਖੰਡ ਦੇ ਵਸਨੀਕ ਹਾਂ। ਸਾਡੇ ਦਰਮਿਆਨ ਨਾ ਕੇਵਲ ਅਨੇਕਾਂ ਸਾਂਝਾਂ ਹਨ ਸਗੋਂ ਇਤਿਹਾਸ ਵਿਚ ਅਸੀਂ ਇਸ ਵਿਸ਼ਾਲ ਭੋਇੰ ਵਿਚ ਕਦੇ ਇਕ ਤੇ ਕਦੇ ਦੂਸਰੀ ਰਾਜਨੀਤਕ ਇਕਾਈ ਅਧੀਨ ਆਉਂਦੇ ਰਹੇ ਹਾਂ। ਇਸ ਭੋਇੰ ਖੰਡ ਵਿਚ ਸਮੇਂ ਦੌਰਾਨ ਵਪਾਰ ਆਪਣੀ ਚਰਮਸੀਮਾ ਉੱਪਰ ਸੀ। ਸਰਹੱਦੀ ਤਣਾਓ ਨੇ ਸਾਡੇ ਵਪਾਰ ਪਾਸੋਂ ਖ਼ੁਸ਼ਕੀ ਦਾ ਮਾਰਗ ਖੋਹ ਲਿਆ ਹੈ, ਸੰਪ੍ਰਦਾਇਕ ਰਾਜਨੀਤੀ ਕਰਨ ਵਾਲੇ, ਕਿਸੇ ਗੁੱਝੀ ਸਾਜ਼ਿਸ਼ ਤਹਿਤ, ਮਰਨ-ਮਰਾਉਣ, ਜੰਗ ਛੇੜਨ, ਬਦਲਾ ਲੈਣ ਆਦਿ ਦੀਆਂ ਗੱਲਾਂ ਕਰ ਰਹੇ ਹਨ, ਜਦ ਕਿ ਇਸ ਬਰਬਾਦੀ ਵਾਲੀ ਸੋਚ ਦੀ ਥਾਂ ਦੇਸ਼ ਦੀ ਖ਼ੁਸ਼ਹਾਲੀ ਲਈ ਖ਼ੁਸ਼ਕੀ ਦੇ ਮਾਰਗ ਨੂੰ ਮੁੜ ਬਹਾਲ ਕਰਨ ਦੀ ਲੋੜ ਹੈ, ਜਿਵੇਂ ਕਿ ਚੀਨ ਰੇਸ਼ਮ ਦੇ ਮਾਰਗ ਨੂੰ ਮੁੜ ਤੋਂ ਆਧੁਨਿਕ ਢੰਗ ਨਾਲ ਉਸਾਰ ਰਿਹਾ ਹੈ।

ਜਦੋਂ ਵਿਰੋਧੀ ਧਿਰ ਨੇ ਪੱਕੀ ਹੀ ਧਾਰ ਲਈ ਕਿ ਮੋਦੀ ਨੂੰ ਪੁੱਛਣਾ ਹੀ ਨਹੀਂ ਕਿ ਕਿੰਨੇ ਮਰੇ, ਕਿੰਨੇ ਕੈਂਪ ਉਖਾੜ ਦਿੱਤੇ ਗਏ, ਕਿਸ ਨੇ ਮਰੇ ਅੱਤਵਾਦੀਆਂ ਦੀ ਗਿਣਤੀ ਕੀਤੀ, ਅੰਕੜੇ ਵੱਖ-ਵੱਖ ਕਿਉਂ ਦੱਸੇ ਜਾ ਰਹੇ ਹਨ ਤਾਂ ਨਵਜੋਤ ਸਿੰਘ ਸਿੱਧੂ ਨੇ ਫਿਰ ਉਲਟ ਸਟੈਂਡ ਲੈ ਲਿਆ, ਪੂਰੀ ਵਿਰੋਧੀ ਧਿਰ ਤੋਂ ਉਲਟ। ਉਸ ਨੇ ਪੁੱਛਿਆ ਏਅਰ ਸਟ੍ਰਾਈਕ ਦੇ ਨਿਸ਼ਾਨੇ ਵਾਲੀ ਜਗ੍ਹਾ ’ਤੇ ਤਾਂ ਕੁਝ ਵੀ ਵਿਖਾਈ ਨਹੀਂ ਦੇ ਰਿਹਾ, ਮੋਦੀ ਤੇ ਉਹਦੇ ਸਾਥੀਆਂ ਦੇ ਦਾਅਵੇ ਦੇ ਪੱਖ ਵਿਚ ਤਾਂ ਕੁਝ ਵੀ ਨਜ਼ਰ ਨਹੀਂ ਆ ਰਿਹਾ, ਸਾਡੇ ਜਹਾਜ਼ ਅੱਤਵਾਦੀ ਕੈਂਪ ਉਖਾੜਨ ਗਏ ਸੀ ਜਾਂ ਫਿਰ ਦਰਖ਼ਤ ਉਖਾੜਨ ? ਫਿਰ ਸਿੱਧੂ ਉਪਰ ਚਹੁਤਰਫ਼ੀ ਸ਼ਬਦੀ ਹਮਲੇ ਆਰੰਭ ਕਰ ਦਿੱਤੇ ਗਏ। ਦਰਅਸਲ, ਸੰਘ ਪਰਿਵਾਰ ਆਪਣੇ ਪਿੰਜਰਿਆਂ ਵਿਚ ਅਜਿਹੇ ਜਜ਼ਬਾਤੀ ਮੁੱਦੇ ਰੱਖਦਾ ਹੈ (ਜਾਣ ਬੁੱਝ ਕੇ) ਕਿ ਜਦੋਂ ਹੀ ਕੋਈ ਦਲੀਲ ਨਾਲ ਗੱਲ ਕਰਨ ਵਾਲਾ ਇਸ ਮੁੱਦੇ ਵੱਲ ਵਧਦਾ ਹੈ, ਠਾਹ ਦੇ ਕੇ ਪਿੰਜਰੇ ਦਾ ਮੂੰਹ ਬੰਦ ਹੋ ਜਾਂਦਾ ਹੈ। ਸੰਘ ਪਰਿਵਾਰ ਵਾਲੇ ਸਿੱਧੂ ਸ਼ੇਰ ਨੂੰ ਵੀ ਇਸੇ ਵਿਧੀ ਰਾਹੀਂ ਹੀ ਪਿੰਜਰੇ ਵਿਚ ਡੱਕਣ ਦੀ ਤਾਕ ਵਿਚ ਹਨ।

ਡੰਗਰ-ਵਪਾਰ ਸਭਿਆਚਾਰ ਦੇ ਕੁਸੈਲੇ ਵਿਵਹਾਰ ਦਾ ਵਿਰੋਧ ਕਰਕੇ, ਹਿੰਦ ਉਪ ਮਹਾਂਦੀਪ ਦੇ ਅਵਾਮ ਦੇ ਹਿੱਤਾਂ ਪ੍ਰਤੀ ਚਿੰਤਾ ਦਾ ਇਜ਼ਹਾਰ ਕਰਕੇ, ਜੰਗ ਨੂੰ ਗ਼ੈਰ-ਜ਼ਰੂਰੀ ਕਰਾਰ ਦੇ ਕੇ ਅਤੇ ਏਅਰ ਸਟ੍ਰਾਈਕ ਸੰਬੰਧੀ ਸਰਕਾਰ ਤੋਂ ਢੁਕਵੇਂ ਸਵਾਲ ਪੁੱਛ ਕੇ ਨਵਜੋਤ ਸਿੰਘ ਸਿੱਧੂ ਨੇ ਕੋਈ ਗੁਨਾਹ ਨਹੀਂ ਕੀਤਾ ਹੈ, ਸਗੋਂ ਪੰਜਾਬੀਅਤ ਦੀ ਲੱਜ ਪਾਲ਼ੀ ਹੈ। ਪੰਜਾਬੀਆਂ ਨੂੰ ਉਸ ਦੇ ਪੁਲਵਾਮਾ ਅਤੇ ਏਅਰ ਸਟ੍ਰਾਈਕ ਸੰਬੰਧੀ ਲਏ ਗਏ ਤਰਕ ਆਧਾਰਤ ਸਟੈਂਡ ਉਪਰ ਹਮੇਸ਼ਾ ਮਾਣ ਰਹੇਗਾ। ਇਕੱਲੇ ਪੰਜਾਬ ਨੂੰ ਹੀ ਕਿਉਂ ਅਮਨ ਅਤੇ ਭਾਈਚਾਰੇ ਦੀ ਜ਼ਿੰਦਗੀ ਬਸਰ ਕਰਨ ਦੀ ਲੋਚਾ ਰੱਖਣ ਵਾਲੇ ਸੰਸਾਰ ਦੇ ਸਭ ਲੋਕਾਂ ਨੂੰ ਹੀ ਉਸ ਉੱਪਰ ਮਾਣ ਰਹੇਗਾ। ਉਸ ਵੱਲੋਂ ਇਕੱਲਾ ਰਹਿਣ ਜਾਣ ਦੀ ਸੂਰਤ ਵਿਚ ਵੀ ਕੀਤੀ ਸੱਚ ਦੀ ਪਹਿਰੇਦਾਰੀ ਨੂੰ ਸਲਾਮ ਕਰਦਿਆਂ ਆਓ ਸੋਸ਼ਲ ਮੀਡੀਆ ਦੇ ਸ੍ਰੋਤ ਤੋਂ ਹਾਸਲ ਹੋਇਆ ਇਕ ਲਤੀਫ਼ਾ ਸਾਂਝਾ ਕਰੀਏ—

ਬਾਪ : ਬੇਟਾ, ਰਿਜ਼ਲਟ ਕਿਵੇਂ ਰਿਹਾ ?

ਬੇਟਾ : ਕਾਲਜ ਵਿਚ ਟਾਪ ਕੀਤਾ ਹੈ ਪਾਪਾ।

ਬਾਪ : ਅੱਛਾ, ਬਈ ਵਾਹ ! ਜ਼ਰਾ ਮਾਰਕਸ਼ੀਟ ਤਾਂ ਦਿਖਾਈਂ।



ਬੇਟਾ : ਪਾਪਾ, ਤੁਸੀਂ ਕਾਲਜ ਦੇ ਕੰਮਕਾਜ ’ਤੇ ਸਵਾਲ ਕਰ ਰਹੇ ਹੋ। ਤੁਸੀਂ ਮੇਰੀ ਯੋਗਤਾ ਉੱਪਰ ਉਂਗਲੀ ਉਠਾ ਰਹੇ ਹੋ। ਤੁਸੀਂ ਵਿਸ਼ਵਵਿਦਿਆਲੇ ਦੇ ਮਨੋਬਲ ਨੂੰ ਡੇਗ ਰਹੇ ਹੋ। ਤੁਸੀਂ ਸਿੱਖਿਆ ਜਗਤ ਦਾ ਬਿੰਬ ਖਰਾਬ ਕਰ ਰਹੇ ਹੋ।

ਬਾਪ : ਇਕ ਵਾਰ ਮਾਰਕਸ਼ੀਟ ਤਾਂ ਦਿਖਾ।

ਬੇਟਾ : ਮਾਰਕਸ਼ੀਟ ਚੋਰੀ ਹੋ ਗਈ।

ਸੰਪਰਕ : 88375 92976

*ਜੀਵਨ ਯਾਦਾਂ*

# ਸਾਨੂੰ ਇਕ ਪਲ ਚੈਨ ਨਾ ਆਵੇ

ਇਲਿਆਸ ਘੁੰਮਣ

ਅਨੁਵਾਦ : ਪਾਲ ਸਿੰਘ ਵੱਲਾ

ਸੰਨ ਸੰਤਾਲੀ ਦੀ ਵੰਡ ਵੇਲੇ ਹੋਰ ਲੱਖਾਂ ਲੋਕਾਂ ਨਾਲ ਉੱਜੜਣ ਵਾਲਿਆਂ ਵਿਚ ਜਲੰਧਰ ਦੀ 'ਵਸਤੀ ਸ਼ੇਖ' ਦੇ ਵਸਨੀਕ ਤੇ ਹਿੰਦੁਸਤਾਨ ਦੇ ਨਾਮੀ ਗਰਾਮੀ ਕੱਵਾਲ ਉਸਤਾਦ ਮੌਲਾ ਬਖ਼ਸ਼ ਦੇ ਚਾਰ ਸਪੁੱਤਰ ਮੁਬਾਰਕ ਅਲੀ ਖਾਂ, ਸਲਾਮਤ ਅਲੀ ਖਾਂ, ਫ਼ਤਹਿ ਅਲੀ ਖਾਂ ਤੇ ਨਵਾਜ਼ਸ਼ ਅਲੀ ਖਾਂ ਸ਼ਾਮਿਲ ਸਨ। ਲਹਿੰਦੇ ਪੰਜਾਬ ਵਿਚ ਆ ਕੇ ਇਨ੍ਹਾਂ ਚਾਰ ਭਰਾਵਾਂ ਨੂੰ ਸਾਂਦਲ ਬਾਰ ਦੇ ਮੁੱਖ ਨਗਰ ਲਾਇਲਪੁਰ ਵਿਚ ਸਿਰ ਲੁਕਾਉਣ ਲਈ ਥਾਂ ਮਿਲੀ। ਜੜ੍ਹਾਂ ਤੋਂ ਜ਼ੋਰੀਂ ਪੁੱਟੇ ਗਏ ਸਾਰੇ ਪਨਾਹਗੀਰਾਂ ਨੂੰ ਹੀ ਆਪਣੇ ਅਸਲ ਵਤਨਾਂ ਦੀਆਂ ਯਾਦਾਂ ਸਤਾਉਂਦੀਆਂ ਰਹਿੰਦੀਆਂ ਨੇ। ਏਸ ਕੱਵਾਲ ਟੱਬਰ ਨੂੰ ਤਾਂ ਉਹ ਨਗਰੀ ਛੱਡਣੀ ਪਈ ਸੀ ਜਿਸ ਵਿਚ ਪਿਛਲੇ ਛੇ ਸੌ ਸਾਲ ਤੋਂ ਇਨ੍ਹਾਂ ਦੇ ਵੱਡੇ-ਵਡੇਰੇ ਰਹਿੰਦੇ ਆਏ ਸਨ। ਗੀਤ-ਸੰਗੀਤ ਦੇ ਪਿੜ ਵਿਚ ਆਪਣੇ ਬਾਕੀ ਦੇ ਭਰਾਵਾਂ ਤੋਂ ਮੋਹਰੇ ਰਹਿਣ ਵਾਲਾ ਉਸਤਾਦ ਫ਼ਤਹਿ ਖਾਂ ਤਾਂ ਕੁਝ ਵਧੇਰੇ ਹੀ ਸੋਚਾਂ ਵਿਚ ਡੁੱਬਾ ਰਹਿੰਦਾ। ਹੋਰ ਕਈ ਮਸਲਿਆਂ ਸਣੇ ਉਹਦਾ ਇਕ ਦੁੱਖ ਬੜਾ ਜ਼ਾਤੀ ਕਿਸਮ ਦਾ ਸੀ। ਉਹ ਚਿਰਾਂ ਤੋਂ ਪੁੱਤਰ ਲਈ ਦੁਆਈਂ ਮੰਗਦਾ ਆਇਆ ਸੀ ਪਰ ਉਹਦੇ ਘਰ ਚਾਰ ਧੀਆਂ ਇਕ ਦੂਜੀ ਦੀ ਉਂਗਲ ਫੜ ਆ ਗਈਆਂ ਸਨ। ਚੋਖੀ ਚਿੰਤਾ ਏਸ ਲਈ ਵੀ ਸੀ ਕਿ ਇਨ੍ਹਾਂ ਵਿਚੋਂ 'ਰਾਜੇ' ਨਾਂ ਦੀ ਇਕ ਧੀ ਬੌਣੀ ਅਤੇ ਜਮਾਂਦਰੂ ਬੱਜੀ ਵੀ ਸੀ।

ਉਸਤਾਦ ਫ਼ਤਹਿ ਅਲੀ ਖਾਂ ਨੇ ਆਪਣੇ ਮੁਰਸ਼ਦ ਦੀਵਾਨ ਸਾਹਬ ਤੋਂ ਦੁਆਵਾਂ ਕਰਵਾਈਆਂ, ਹੋਰ ਕਈ ਦਰਗਾਹਾਂ ਉੱਤੇ ਹਾਜ਼ਰੀ ਭਰੀ, ਓੜਕ ਰੱਬ ਨੇ ਉਸ ਨੂੰ ਇਕ ਪੁੱਤਰ ਨਾਲ ਨਵਾਜ਼ ਹੀ ਦਿੱਤਾ, ਅੱਧਖੜ ਉਮਰ ਦਾ ਕਵਾਲ ਸੌ-ਸੌ ਸੁਖਣੇ ਸੁੱਖ ਕੇ ਜੰਮੇ ਪੁੱਤਰ ਦੀ ਖ਼ੁਸ਼ੀ ਨਾਲ ਜਿਵੇਂ ਖੀਵਾ ਹੋਇਆ ਫਿਰਦਾ ਸੀ। ਕਈ ਦਿਨਾਂ ਤਕ ਉਹਦੇ ਘਰ ਜਸ਼ਨ ਮਨਾਇਆ ਜਾਂਦਾ ਰਿਹਾ। ਮੁੰਡੇ ਦੀ ਮਾਂ ਇਕਬਾਲ ਬੇਗ਼ਮ ਉਰਫ਼ ਨੰਨੀ ਬੇਗ਼ਮ ਤਾਂ ਪੁੱਤ ਨੂੰ ਵੇਖ-ਵੇਖ ਨਹੀਂ ਸੀ ਰੱਜਦੀ ਪਈ। ਚੌਹਾਂ ਭੈਣਾਂ—ਕਨੀਜ਼, ਫ਼ਾਤਿਮਾ, ਨਫ਼ੀਸ ਜਹਾਂ, ਰਾਜੇ ਤੇ ਬਲਕੀਸ ਬਾਸਲਾ ਨੂੰ ਖੇਡਣ ਲਈ ਖਿਡਾਉਣਾ ਲੱਭ ਗਿਆ ਸੀ। ਉਹ ਆਪ ਵਿਚਾਲੇ ਵਾਰੀਆਂ ਬੰਨ੍ਹ ਕੇ ਉਸ ਨੂੰ ਕੁੱਛੜ ਚੁੱਕ ਚੁੱਕ ਕੇ ਆਪਣੇ ਮਨ ਦੇ ਚਾਅ ਪੂਰੇ ਕਰਦੀਆਂ। 13 ਅਕਤੂਬਰ 1948 ਈ. ਨੂੰ ਜੰਮੇ ਏਸ ਕਾਕੇ ਦਾ ਨਾਂ ਪਰਵੇਜ਼ ਅਲੀ ਖਾਂ ਰੱਖਿਆ ਗਿਆ ਸੀ ਪਰ ਸਾਰਾ ਟੱਬਰ ਪਿਆਰ ਨਾਲ ਉਸ ਨੂੰ ਪੇਜੀ ਪੇਜੀ ਆਖ ਬੁਲਾਉਂਦਾ ਸੀ। ਪੇਜੀ ਤੋਂ ਬਾਅਦ ਉਸਤਾਦ ਫ਼ਤਹਿ ਅਲੀ ਖਾਂ ਦੇ ਘਰ ਇਕ ਹੋਰ ਲੜਕਾ ਫ਼ਰਖ਼ ਵੀ ਪੈਦਾ ਹੋਇਆ ਪਰ ਵੱਡਾ ਲੜਕਾ ਹੀ ਪੂਰੇ ਪਰਿਵਾਰ ਦੀਆਂ ਅੱਖਾਂ ਦਾ ਤਾਰਾ ਬਣਦਾ ਰਿਹਾ। ਸਰੀਰ ਵੱਲੋਂ ਪੇਜੀ ਆਪਣੇ ਮੋਟੇ ਤਾਜ਼ੇ ਨਾਨੇ ਪੀਰ ਦਾਦ ਖਾਂ ਉੱਤੇ ਗਿਆ ਸੀ। ਉਹ ਬਾਲਪੁਣੇ

ਤੋਂ ਹੀ ਚੰਗਾ ਤੱਕੜਾ ਖਵਾਕਾ ਸਾਬਤ ਹੋਇਆ ਸੀ। ਫੇਰ ਮਾਂ ਤੇ ਭੈਣਾਂ ਉਹਦੀ ਟਹਿਲ ਸੇਵਾ ਵੀ ਚੋਖੀ ਕਰਦੀਆਂ ਸਨ। ਏਸ ਲਈ ਛੋਟੀ ਉਮਰੇ ਈ ਉਹ ਖਾ-ਖਾ ਕੇ ਖਿੱਦੂ ਬਣ ਗਿਆ। ਸਕੂਲੇ ਆਣ ਜਾਣ ਜੋਗਾ ਹੋਇਆ, ਗਲੀ ਵਿਚੋਂ ਲੰਘਦੇ ਨਿੱਕਰ ਸ਼ਰਟ ਵਿਚ ਮਸਾਂ ਮਰ ਕੇ ਪੂਰੇ ਆਏ ਗੋਲ ਮਟੋਲ ਮੁੰਡੇ ਨੂੰ ਵੇਖ ਕੇ ਲੋਕਾਂ ਦੇ ਹਾਸੇ ਛੁੱਟ ਜਾਂਦੇ। ਘਰ ਦੇ ਦੂਜੇ ਜੀਆਂ ਲਈ ਤਾਂ ਉਹ ਪੇਜੀ ਈ ਸੀ ਪਰ ਉਹਦੇ ਬਾਪ ਨੇ ਮੋਹ ਵਿਚ ਉਹਦੇ ਕਈ ਹੋਰ ਨਾਂ ਵੀ ਰੱਖੇ ਹੋਏ ਸਨ। ਉਸ ਦਾ ਗੋਰਾ ਤੇ ਅੰਗਿਆਰਾਂ ਵਾਂਗੂੰ ਭਖਦਾ ਰੰਗ ਵੇਖ ਕੇ ਉਸਤਾਦ ਫ਼ਤਹਿ ਅਲੀ ਖਾਂ ਕਦੇ ਉਹਨੂੰ 'ਲਾਲ ਦੀਨ' ਆਖ ਬੁਲਾਉਂਦਾ, ਪਿੰਡ-ਪਿੰਡ ਪਕੌੜੇ ਖਾਂਦਾ ਵੇਖ ਕੇ ਉਸ ਨੂੰ 'ਪਕੌੜੀ ਮੱਲ' ਕਹਿ ਕੇ ਲਾਡੀਆਂ ਕਰਦਾ ਤੇ ਉਸ ਦਾ ਘੋਨਾ ਮੋਨਾ ਸਿਰ ਤੇ ਭਾਰਾ ਸਰੀਰ ਵੇਖ ਕੇ ਉਹਨੂੰ ਕਦੇ 'ਪੰਡਤ' ਵੀ ਆਖ ਦੇਂਦਾ। ਪੇਜੀ ਭੋਲਾ ਭਾਲਾ ਤਾਂ ਹੈ ਸੀ ਪਰ ਹਾਸੇ ਮਸ਼ੌਲ ਵਿਚ ਕਿਸੇ ਤੋਂ ਪਿੱਛੇ ਨਹੀਂ ਸੀ ਰਹਿੰਦਾ। ਉਸਤਾਦ ਫ਼ਤਹਿ ਅਲੀ ਖਾਂ ਚੰਗੇ ਮੂਡ ਵਿਚ ਹੁੰਦਾ ਤਾਂ ਪੁੱਤਰ ਨੂੰ ਕੋਲ ਬੁਲਾ ਕੇ ਆਖਦਾ, 'ਹਾਈ ਬਈ ਪੰਡਤਾ ! ਅੱਜ ਫੇਰ ਕੋਈ ਹਾਸੇ ਵਾਲੀ ਗੱਲ ਹੋ ਜਾਏ...' ਜਵਾਬ ਵਿਚ ਪੇਜੀ ਅਜਿਹੇ ਚੁਟਕਲੇ ਸੁਣਾਉਂਦਾ ਕਿ ਹੱਸ ਹੱਸ ਕੇ ਸਾਰੇ ਘਰ ਵਾਲਿਆਂ ਦੇ ਢਿੱਡੀਂ ਪੀੜਾਂ ਪੈ ਜਾਂਦੀਆਂ ਪਰ ਦੂਜੇ ਪਾਸੇ ਉਹ ਡਰੂ ਐਨਾ ਸੀ ਕਿ ਗਰਮੀਆਂ ਵਿਚ ਰਾਤੀਂ ਵਿਹੜੇ ਵਿਚ ਸੌਣ ਵੇਲੇ ਆਪਣੀਆਂ ਭੈਣਾਂ ਨੂੰ ਆਖਦਾ ਤੁਸੀਂ ਮੇਰੀ ਮੰਜੀ ਦੇ ਚੁਫ਼ੇਰੇ ਆਪਣੀਆਂ ਮੰਜੀਆਂ ਡਾਹੋ, ਮੈਨੂੰ ਅੰਨ੍ਹੇਰੇ ਕੋਲੋਂ ਬਹੁਤ ਡਰ ਆਉਂਦਾ ਜੇ। ਪੇਜੀ ਡੂੰਘੇ ਪਾਣੀ ਤੋਂ ਵੀ ਬਹੁਤ ਡਰਦਾ ਸੀ। ਨਹਿਰ ਛੱਪੜ ਤੋਂ ਵੀ ਦੂਰ ਈ ਰਹਿੰਦਾ ਸੀ। ਇਕ ਦਿਨ ਜਦ ਉਹ ਆਪਣੇ ਚਾਚੇ ਤਾਏ ਦੇ ਪੁੱਤਰਾਂ ਨਾਲ ਸੈਰ ਕਰਨ ਲਈ ਗਿਆ ਤਾਂ ਮੁੰਡਿਆਂ ਨੂੰ ਸ਼ਰਾਰਤ ਸੁੱਝੀ ਅਤੇ ਉਨ੍ਹਾਂ ਪੇਜੀ ਨੂੰ ਨਹਿਰ ਵਿਚ ਧੱਕਾ ਦੇ ਦਿੱਤਾ। ਉਹ ਵਿਚਾਰਾ ਤਾਂ ਪਾਣੀ ਤੋਂ ਡਰਦਾ ਈ ਬੜਾ ਸੀ। ਦੋ-ਚਾਰ ਗੋਤੇ ਖਾ ਕੇ ਲੱਗ ਗਿਆ ਕੁਰਲਾਉਣ। ਚਾਚੇ ਤਾਏ ਦੇ ਪੁੱਤਰ ਭਰਾ ਏਹ ਵੇਖ ਕੇ ਆਪ ਵੀ ਘਾਬਰ ਗਏ ਤੇ ਉਹਦੀ ਮਦਦ ਲਈ ਤੁਰਤ ਨਹਿਰ ਵਿਚ ਕੁੱਦ ਪਏ। ਪਰ ਏਹ ਸੁੱਕੇ ਨਿਤਾਣੇ ਸਰੀਰਾਂ ਵਾਲੇ ਮੁੰਡੇ ਮੋਟੇ ਤਾਜ਼ੇ ਪੇਜੀ ਨੂੰ ਪਾਣੀ ਵਿਚੋਂ ਕਿਵੇਂ ਕੱਢਦੇ। ਫੇਰ ਜਿਹੜਾ ਵੀ ਉਹਦੇ ਨੇੜੇ ਜਾਂਦਾ, ਮੌਤ ਮੂਹਰੇ ਵੇਖ ਕੇ ਅੱਤ ਦਰਜਾ ਡਰਿਆ ਹੋਇਆ ਪੇਜੀ ਉਹਨੂੰ ਇੰਜ ਘੁੱਟ ਕੇ ਆਪਣੀਆਂ ਬਾਹਵਾਂ ਦੇ ਜੱਫੇ ਵਿਚ ਲੈ ਲੈਂਦਾ ਕਿ ਅਗਲੇ ਨੂੰ ਵੀ ਮਰਨ ਹਾਕਾ ਕਰ ਛੱਡਦਾ। ਏਸੇ ਲਈ ਸਾਰੇ ਮੁੰਡੇ ਆਪਣੀਆਂ ਜਾਨਾਂ ਬਚਾ ਕੇ ਕੰਢੇ ਨਾਲ ਜਾ ਖੜੋਤੇ ਤੇ ਪਾਣੀ ਨਾਲ ਕੌਡੀ ਖੇਡਦੇ ਪੇਜੀ ਨੂੰ ਵੇਖ-ਵੇਖ ਹਾਲ ਦੁਹਾਈ ਪਾਉਣ ਲੱਗ ਪਏ। ਚੰਗੀ ਕਿਸਮਤ ਨੂੰ ਉਧਰੋਂ ਲੰਘਦੇ ਕੁਝ ਗੱਭਰੂਆਂ ਦੇ ਕੰਨੀਂ ਏਹ ਕੁਰਲਾਟਾਂ ਪਈਆਂ ਤਾਂ ਉਨ੍ਹਾਂ ਨਹਿਰ ਵੱਲ ਦੌੜ ਲਾਈ। ਖੁੱਲ੍ਹਾ ਪਾਣੀ ਢਿੱਡ ਵਿਚ ਜਾਣ ਨਾਲ ਹੋਰ ਫੁਲ ਕੇ ਫੁੱਟਬਾਲ ਬਣੇ ਪੇਜੀ ਨੂੰ ਉਨ੍ਹਾਂ ਗੱਭਰੂਆਂ ਹੀ ਕਿਸੇ ਹਾਲ ਖਿੱਚ ਖਿੱਚ ਕੇ ਨਹਿਰੋਂ ਬਾਹਰ ਕੱਢਿਆ।

ਮੁੰਡਿਆਂ ਨੂੰ ਪੁੱਠੀ ਮੱਤ ਦੇਣ ਵਾਲੇ ਦੀ ਗੱਲ ਵਧੇਰੇ ਚੰਗੀ ਜਾਪਦੀ ਏ, ਜਿਨ੍ਹਾਂ ਕਰਕੇ ਪੇਜੀ ਨਹਿਰ ਵਿਚ ਡੁੱਬਦਾ ਡੁੱਬਦਾ ਬਚਿਆ ਸੀ। ਉਨ੍ਹਾਂ ਵਿਚੋਂ ਹੀ ਦੋ ਮੁੰਡੇ ਇਕ ਦਿਨ ਫੇਰ ਉਹਦੇ ਕੋਲ ਆਏ ਤੇ ਬੋਲੇ, 'ਪੇਜੀ ! ਤੈਨੂੰ ਨਹੀਂ ਪਤਾ ਜਿਸ ਸਿਨਮੇ ਵਿਚ ਫ਼ਿਲਮ 'ਮੰਜ਼ਲ' ਲੱਗੀ ਹੋਈ ਏ ਪੂਰੇ ਲਾਇਲਪੁਰ ਨੂੰ ਹੀ ਓਧਰ ਖਿੱਚ ਲੱਗੀ ਹੋਈ ਏ। ਆ ਸਾਡੇ ਨਾਲ ਚੱਲ। ਅਸੀਂ ਤੈਨੂੰ ਵੀ ਇਹ ਫ਼ਿਲਮ ਵਿਖਾ ਦੇਵਾਂਗੇ। ਹਾਂ, ਕੋਈ ਪੱਜ ਪਾ ਕੇ ਅੰਮਾਂ ਕੋਲੋਂ ਪੈਸੇ ਫੜ ਲਈਂ। ਤੈਨੂੰ ਸਿਰਫ਼ ਸਾਰਿਆਂ ਦੇ ਟਿਕਟ ਹੀ ਖਰੀਦਣੇ ਪੈਣਗੇ, ਬਾਕੀ ਖਾਣ-ਪੀਣ ਦਾ ਸਾਰਾ ਖ਼ਰਚਾ ਸਾਡਾ ਹੋਏਗਾ।'

ਭੋਲਾ ਪੇਜੀ ਫੇਰ ਉਨ੍ਹਾਂ ਦੀਆਂ ਗੱਲਾਂ ਵਿਚ ਆ ਕੇ ਫ਼ਿਲਮ ਵੇਖਣ ਚਲਾ ਗਿਆ। ਜਦ ਖਾਣ-ਪੀਣ ਦਾ ਵੇਲਾ ਆਇਆ ਤਾਂ ਸਾਰਿਆਂ ਰਲ ਸਲਾਹ ਜੋੜੀ ਕਿ 'ਜਹਾਂਗੀਰ ਪਲਾਅ' ਬਣਾਉਣ ਵਾਲੇ ਰੈਸਟੋਰੈਂਟ 'ਤੇ ਚੱਲਦੇ ਹਾਂ। ਉਹ ਚੌਲ ਵੀ ਵਧੀਆ ਪਕਾਉਂਦਾ ਏ ਤੇ ਅੱਠ ਆਨੇ ਵਿਚ ਭਰੀ ਪਲੇਟ ਦੇ ਦੇਂਦਾ ਏ। ਰੈਸਟੋਰੈਂਟ ਵਿਚ ਜਾ ਕੇ ਜਦ ਉਹ ਆਪਣੀ ਆਪਣੀ ਚੌਲਾਂ ਨਾਲ ਭਰੀ ਥਾਲੀ ਦਾ ਥੱਲਾ ਵੀ ਸਾਫ਼ ਕਰ ਬੈਠੇ ਤੇ ਪੈਸੇ ਦੇਣ ਵੇਲੇ ਉਨ੍ਹਾਂ ਦੋਹਾਂ ਮੁੰਡਿਆਂ ਕੋਲੋਂ ਨਿਰੀ ਇਕ ਧੇਲੀ ਹੀ ਬਰਾਮਦ ਹੋਈ। ਪੇਜੀ ਬਹੁਤ ਘਬਰਾਇਆ ਪਰ ਉਹਨੇ ਰੱਬ ਦਾ ਸ਼ੁਕਰ ਅਦਾ ਕੀਤਾ ਜਦ ਉਹਨੂੰ ਆਪਣੇ ਬੋਝੇ ਵਿਚੋਂ ਵੀ ਬਚੀ ਹੋਈ ਇਕ ਅਠਿਆਨੀ ਲੱਭ ਪਈ। ਉਨ੍ਹਾਂ ਏਹ ਸਾਰਾ ਧੰਨ ਜੋੜ ਕੇ ਜਦ ਡੇਢ ਰੁਪਈਆ ਰੈਸਟੋਰੈਂਟ ਵਾਲੇ ਦੀ ਤਲੀ ਉੱਤੇ ਧਰਿਆ, ਉਹ ਤਾਂ ਇਕਦਮ ਭੁੜਕ ਈ ਪਿਆ ਤੇ ਬੋਲਿਆ, 'ਮੁੰਡਿਓ ! ਤੁਹਾਨੂੰ ਏਹ ਪਤਾ ਨਹੀਂ ਕਿ ਮੈਂ ਅੱਜ ਤੜਕੇ ਤੋਂ ਈ ਸਾਰੇ ਖਾਣਿਆਂ ਦੇ ਰੇਟ ਵਧਾ ਦਿੱਤੇ ਸਨ, ਡੇਢ ਰੁਪਈਏ ਹੋਰ ਕੱਢੋ । ਹੁਣ ਚੌਲਾਂ ਦੀ ਪਲੇਟ ਅੱਠ ਆਨੇ ਦੀ ਨਹੀਂ, ਪੂਰੇ ਇਕ ਰੁਪਈਏ ਦੀ ਹੋ ਗਈ ਏ।'

ਇਹ ਸੁਣ ਕੇ ਤਿੰਨਾਂ ਮੁੰਡਿਆਂ ਦੇ ਪੈਰਾਂ ਹੇਠੋਂ ਭੋਏਂ ਖਿਸਕ ਗਈ ਤੇ ਉਹ ਲੱਗ ਪਏ ਆਪਣੇ ਜੰਮਣ ਵਾਲਿਆਂ ਨੂੰ

ਯਾਦ ਕਰਨ। ਉਨ੍ਹਾਂ ਨੂੰ ਵਿਲਕਦੇ ਵੇਖ ਕੇ ਰੈਸਟੋਰੈਂਟ ਵਾਲੇ ਦੇ ਮਨ ਵਿਚ ਵੀ ਤਰਸ ਪੁੰਗਰ ਪਿਆ ਤੇ ਉਸ ਵੇਖਿਆ, 'ਪੁੱਤਰੋ ! ਮੈਂ ਮੰਨ ਲਿਆ ਏ ਕਿ ਤੁਹਾਡੀਆਂ ਆਵਾਜ਼ਾਂ ਬਹੁਤ ਸੁਰੀਲੀਆਂ ਨੇ ਤੇ ਤੁਸੀਂ ਪੱਕੇ ਰਾਗ ਅਲਾਪਣ ਵਾਲਿਆਂ ਗਾਇਕਾਂ ਦੀ ਪੀੜ੍ਹੀ ਵਿਚੋਂ ਹੀ ਜਾਪਦੇ ਹੋ, ਪਰ ਏਥੇ ਇੰਜ ਕੋਰਸ ਵਿਚ ਰੋ-ਰੋ ਕੇ ਮੇਰੀ ਗਾਹਕੀ ਕਾਹਨੂੰ ਖ਼ਰਾਬ ਕਰਦੇ ਓ। ਮੈਂ ਕੋਈ ਐਡਾ ਵੀ ਜ਼ਾਲਮ ਨਹੀਂ। ਜੇ ਤੁਹਾਡੇ ਕੋਲ ਹੋਰ ਡੇਢ ਰੁਪਈਆ ਕੋਈ ਨਹੀਂ ਤਾਂ ਭੋਰਾ ਚਿੰਤਾ ਨਾ ਕਰੋ, ਮੇਰੇ ਵੀ ਰੈਸਟੋਰੈਂਟ ਦੇ ਨਿਰੇ ਡੇਢ ਸੌ ਭਾਂਡੇ ਈ ਧੋਣ ਵਾਲੇ ਪਏ ਹੋਏ ਨੇ। ਉੱਠੋ, ਉਨ੍ਹਾਂ ਨੂੰ ਸਾਫ਼ ਕਰੋ।'

ਘਰ ਨਾ ਪਰਤੇ ਆਪਣੇ ਲਾਡਲੇ ਪੁੱਤਰ ਨੂੰ ਢੂੰਡਦਾ ਭਾਲਦਾ ਉਸਤਾਦ ਫ਼ਤਹਿ ਅਲੀ ਖਾਂ ਜਦ ਅੱਧੀ ਰਾਤ ਨੂੰ ਉਸ ਰੈਸਟੋਰੈਂਟ ਪੁੱਜਾ ਤਾਂ ਉਥੇ ਉਨ੍ਹਾਂ ਨੂੰ ਮੈਲ-ਕੁਚੈਲ ਤੇ ਥਿੰਦੇ ਨਾਲ ਲਿਬੜੇ ਹੱਥਾਂ ਨਾਲ ਦਬਾਦਬ ਭਾਂਡੇ ਮਾਂਜੀ ਜਾ ਰਿਹਾ ਪੇਜੀ ਲੱਭ ਪਿਆ। ਏਸ ਵਾਕਏ ਨਾਲ ਪੂਰੇ ਟੱਬਰ ਦਾ ਪਰੇਸ਼ਾਨ ਹੋਣਾ ਤਾਂ ਕੁਦਰਤੀ ਹੀ ਸੀ ਪਰ ਪਨਾਹਗੀਰ ਕਵਾਲ ਨੂੰ ਤਾਂ ਆਪਣੇ ਪੁੱਤਰ ਦੀ ਭਲਕ ਬਾਬਤ ਢੇਰ ਚਿੰਤਾ ਲੱਗ ਗਈ ਸੀ। ਰਿਸ਼ਤੇਦਾਰਾਂ ਦੇ ਬਹੁਤ ਸਾਰੇ ਮੁੰਡੇ ਗਾਇਕੀ ਵਿਚ ਉਸਤਾਦ ਫ਼ਤਹਿ ਅਲੀ ਖਾਂ ਦੇ ਸ਼ਗਿਰਦ ਬਣੇ ਹੋਏ ਸਨ ਪਰ ਉਹਨੇ ਆਪਣੇ ਸਕੇ ਪੁੱਤਰ ਪਰਵੇਜ਼ ਅਲੀ ਖਾਂ ਨੂੰ ਸੰਗੀਤ ਬਾਰੇ ਕੁਝ ਨਹੀਂ ਸੀ ਦੱਸਿਆ। ਉਹ ਪੇਜੀ ਨੂੰ ਸਮਝਾਉਂਦਾ ਹੋਇਆ ਆਖਦਾ, 'ਅਸੀਂ ਬਾਲੜੀ ਉਮਰ ਤੋਂ ਸਾਲਾਂ ਬੱਧੀ ਇਕ ਦਿਨ ਵਿਚ ਅਠਾਰਾਂ ਅਠਾਰਾਂ ਘੰਟੇ ਕਲਾਸਿਕੀ ਸੰਗੀਤ ਸਿੱਖਣ ਦੀ ਮਸਲਸਲ ਕਿਰਤ ਕੀਤੀ ਪਰ ਏਸ ਜੀਵਨ ਵਿਚ ਜੋ ਸਾਨੂੰ ਲੱਭਾ, ਉਹ ਵੀ ਤੂੰ ਵੇਖ ਹੀ ਰਿਹਾ ਏਂ। ਹੁਣ ਤਾਂ ਸਾਥੋਂ ਵਤਨ ਵੀ ਦੂਰ ਹੋ ਗਿਆ ਏ, ਨਾ ਉਹ ਦਰਗਾਹਾਂ ਰਹੀਆਂ ਹਨ, ਨਾ ਉਹ ਕਦਰਦਾਨ ਮਿਹਰਬਾਨ ਰਹੇ। ਮੇਰੀ ਮੰਨ ਤੇ ਗਾਇਕੀ ਵੱਲ ਆਵਣ ਦੀ ਥਾਂ ਤੂੰ ਸਿਰ ਸੁੱਟ ਕੇ ਪੜ੍ਹੀ ਜਾ। ਤੇਰੀ ਪੜ੍ਹਾਈ ਦਾ ਖ਼ਰਚਾ ਪੂਰਾ ਕਰਨ ਲਈ ਮੈਨੂੰ ਆਪਣਾ ਆਪ ਵੀ ਵੇਚਣਾ ਪਿਆ ਤਾਂ ਏਸ ਤੋਂ ਵੀ ਮੈਂ ਨਹੀਂ ਟਲਾਂਗਾ। ਚੰਗਾ ਚੋਖਾ ਪੜ੍ਹ ਲਿਖ ਕੇ ਤੂੰ ਡਾਕਟਰ ਜਾਂ ਇੰਜੀਨੀਅਰ ਬਣ ਗਿਆ ਤੇ ਫੇਰ ਸਾਰੀ ਹਯਾਤੀ ਪਿਆ ਮੌਜਾਂ ਮਾਣੀਂ।' ਏਸੇ ਸੋਚ ਕਰਕੇ ਹੀ ਉਸਤਾਦ ਫ਼ਤਹਿ ਅਲੀ ਖਾਂ ਨੇ ਆਪਣੇ ਪੁੱਤਰ ਨੂੰ ਲਾਇਲਪੁਰ ਦੇ ਇਕ ਵਧੀਆ ਤਾਲੀਮੀ ਅਦਾਰੇ 'ਪਾਕਿਸਤਾਨ ਮਾਡਲ ਹਾਈ ਸਕੂਲ' ਵਿਚ ਪੜ੍ਹਨੇ ਪਾਇਆ ਸੀ ਪਰ ਪੇਜੀ ਦਾ ਮਨ ਗਾਇਕ ਬਣਨ ਨੂੰ ਲੋਚਦਾ ਸੀ। ਉਹਨੇ ਆਪਣੀ ਮਾਂ ਇਕਬਾਲ ਬਾਨੋ ਉਰਫ਼ ਨੰਨੀ ਬੇਗ਼ਮ ਨੂੰ ਆਪਣੀ ਰੀਝ ਦੱਸੀ ਤਾਂ ਉਹਨੇ ਆਪਣੇ ਘਰਵਾਲੇ ਦਾ ਤਰਲਾ ਕੀਤਾ। ਉਸਤਾਦ ਫ਼ਤਹਿ ਅਲੀ ਖਾਂ ਮੰਨ ਤਾਂ ਗਿਆ ਪਰ ਦੂਜੇ ਨਵੇਂ ਸਿੱਖਣ ਆਏ ਮੁੰਡਿਆਂ ਦੇ ਨਾਲ ਪੇਜੀ ਦੀ ਆਵਾਜ਼ ਟੈਸਟ ਕਰਨ ਦੀ ਸ਼ਰਤ ਵੀ ਰੱਖੀ। ਅਗਲੇ ਦਿਨ ਜਦ ਆਪਣੀ ਵਾਰੀ ਆਵਣ ਉੱਤੇ ਪੇਜੀ ਨੇ ਕੁਝ ਗਾਉਣ ਦਾ ਯਤਨ ਕੀਤਾ ਤਾਂ ਦੂਜੇ ਮੁੰਡਿਆਂ ਲਈ ਆਪਣੇ ਹਾਸੇ ਰੋਕਣੇ ਮੁਸ਼ਕਿਲ ਹੋ ਗਏ ਸਨ। ਇਸ ਲਈ ਕਿ ਉਹਦੇ ਮੂੰਹੋਂ ਐਨੀ ਬਾਰੀਕ ਆਵਾਜ਼ ਨਿਕਲ ਰਹੀ ਸੀ, ਲੱਗਦਾ ਸੀ ਕਿ ਕੋਈ ਨਿੱਕੀ ਜਿਹੀ ਬਾਲੜੀ ਚੀਂ ਚਾਂ, ਚੀਂ ਚਾਂ ਕਰ ਰਹੀ ਹੋਵੇ। ਉਸਤਾਦ ਫ਼ਤਹਿ ਅਲੀ ਖਾਂ ਜਿਸ ਨੂੰ ਅੱਗੇ ਹੀ ਪੇਜੀ ਤੋਂ ਕੋਈ ਆਸ ਨਹੀਂ ਸੀ, ਹੁਣ ਬਿਲਕੁਲ ਈ ਉਹਦੇ ਤੋਂ ਬੇਉਮੀਦ ਹੋ ਗਿਆ ਪਰ ਆਪਣੀ ਸਵਾਣੀ ਦੇ ਕਈ ਵਾਰ ਆਖਣ ਉੱਤੇ ਉਹਨੇ ਪੇਜੀ ਨੂੰ ਤਬਲਾ ਵਜਾਉਣ ਦਾ ਵਲ ਜ਼ਰੂਰ ਸਿਖਾਉਣਾ ਸ਼ੁਰੂ ਕਰ ਦਿੱਤਾ। ਪੇਜੀ ਛੇਤੀ ਹੀ ਚੰਗਾ ਤਬਲਾ ਵਜਾਉਣ ਲੱਗ ਪਿਆ ਸੀ। ਪਰ ਉਹਨੂੰ ਵੇਖ ਕੇ ਫ਼ਿਕਰਾਂ ਵਿਚ ਡੁੱਬੀ ਨੰਨ੍ਹੀ ਬੇਗਮ ਆਖਦੀ, 'ਕੀ ਸਾਰੀ ਉਮਰ ਮੇਰਾ ਪੁੱਤ ਦੂਜੇ ਗਾਇਕਾਂ ਪਿੱਛੇ ਬਹਿ ਕੇ ਤਬਲਾ ਹੀ ਵਜਾਉਂਦਾ ਰਹੇਗਾ ? ਕੀ ਇਹ ਕਦੀ ਮੋਹਰੀ ਕੱਵਾਲ ਨਹੀਂ ਬਣ ਸਕੇਗਾ ?' ਇਹ ਸੁਣ ਕੇ ਉਸਤਾਦ ਫ਼ਤਹਿ ਅਲੀ ਖਾਂ ਖਿਝ ਕੇ ਆਖਦਾ, 'ਗਾਇਕ ਬਣਨਾ ਕੋਈ ਜ਼ਰੂਰੀ ਏ, ਇਹ ਡਾਕਟਰ ਕਿਉਂ ਨਹੀਂ ਬਣਨ ਦਾ ਯਤਨ ਕਰਦਾ।' ਇਨ੍ਹਾਂ ਦਿਨਾਂ ਵਿਚ ਪੇਜੀ ਨੂੰ ਵੇਖ ਕੇ ਅਕਸਰ ਉਸਤਾਦ ਫ਼ਤਹਿ ਅਲੀ ਖਾਂ ਦੇ ਮੂੰਹ ਉੱਤੇ ਇਹ ਗੱਲ ਆ ਜਾਂਦੀ। 'ਓ ਪੰਡਤ ! ਓ ਲਾਲ ਦੀਨਾ ! ਤੂੰ ਗਾਇਕ ਨਹੀਂ ਬਣ ਸਕਦਾ। ਹਾਂ, ਫ਼ਰਖ਼ (ਨਿੱਕਾ ਭਰਾ) ਜ਼ਰੂਰ ਗਾ ਸਕਦਾ ਏ।

ਟੈਸਟ ਵਿਚ ਨਾਕਾਮ ਰਹਿਣ ਮਗਰੋਂ ਪੇਜੀ ਹੁਣ ਗੀਤ ਸੰਗੀਤ ਦੀ ਸਿਖਲਾਈ ਵੇਲੇ ਆਪਣੇ ਬਾਪ ਦੇ ਸ਼ਾਗਿਰਦਾਂ ਦੀ ਜਮਾਤ ਵਿਚ ਨਹੀਂ ਸੀ ਬੈਠ ਸਕਦਾ। ਪਰ ਦੂਰ ਦੀਆਂ ਮੰਜ਼ਲਾਂ ਦੇ ਰਾਹੀ ਇਕ ਰਾਹ ਬੰਦ ਹੋਇਆਂ ਵੀ ਕਦੋਂ ਰੁਕਦੇ ਨੇ। ਇਕ ਦਿਨ ਆਪਣੇ ਸ਼ਾਗਿਰਦਾਂ ਨੂੰ ਸੰਗੀਤ ਦੀ ਸਿੱਖਿਆ ਦੇ ਕੇ ਜਦ ਉਸਤਾਦ ਫ਼ਤਹਿ ਅਲੀ ਖਾਂ ਨਾਲ ਦੇ ਕਮਰੇ ਵਿਚ ਗਿਆ ਤਾਂ ਇਹ ਵੇਖ ਸੁਣ ਕੇ ਹੈਰਾਨ ਰਹਿ ਗਿਆ ਕਿ ਉਥੇ ਆਪਣੇ ਹਾਲ ਵਿਚ ਮਸਤ ਬੈਠਾ ਪੇਜੀ ਅੱਖਾਂ ਮੀਟੀ ਬੜੇ ਸੋਹਣੇ ਸੁਰ ਵਿਚ ਉਹ ਗੀਤ ਗਾ ਰਿਹਾ ਸੀ ਜਿਹੜਾ ਉਹ ਹੁਣੇ ਹੁਣੇ ਹੀ ਆਪਣੇ ਸ਼ਾਗਿਰਦਾਂ ਨੂੰ ਸਿਖਾ ਕੇ ਹਟਿਆ ਸੀ।

ਪੇਜੀ ਨੂੰ ਮੌਕੇ 'ਤੇ ਫੜੇ ਜਾਣ ਦਾ ਪਤਾ ਲੱਗਾ ਤਾਂ ਉਹਨੇ ਸੋਚਿਆ ਅੱਗੇ ਤਾਂ ਬਾਪ ਦੀ ਮਾਰ ਤੋਂ ਬਚਦਾ ਆਇਆ ਹਾਂ, ਪਰ ਅੱਜ ਨਾ ਬਚਿਆ। ਉਹ ਸਹਿਮ ਜ਼ਰੂਰ ਗਿਆ ਪਰ ਨਾਲ ਈ ਉਸ ਨੇ ਮਨ ਵਿਚ ਸੱਚ ਬੋਲਣ ਦਾ ਤਹੱਈਆ ਵੀ ਕਰ ਲਿਆ। 'ਏਹ ਗਾਇਕੀ ਤੂੰ ਕਿੱਥੋਂ ਸਿੱਖੀ ?' ਵਾਲੇ ਆਪਣੇ ਬਾਪ ਦੇ ਸਵਾਲ ਦੇ ਜਵਾਬ ਵਿਚ ਉਹਨੇ ਸਹਿਜ ਸੁਭਾਅ ਹੀ ਦੱਸ ਦਿੱਤਾ ਕਿ ਪਿਛਲੇ ਵਾਹਵਾ ਚਿਰ ਤੋਂ ਬੂਹੇ ਨਾਲ ਕੰਨ ਲਾ-ਲਾ ਕੇ ਮੈਂ ਉਹ ਸਭ ਕੁਝ ਸੁਣਦਾ ਆਇਆ ਹਾਂ ਜੋ ਤੁਸੀਂ ਆਪਣੇ ਸ਼ਾਗਿਰਦਾਂ ਨੂੰ ਸਿਖਾਉਂਦੇ ਰਹੇ ਹੋ। ਦੂਜੇ ਸ਼ਾਗਿਰਦ ਵੀ ਗੀਤ ਸੰਗੀਤ ਬਾਰੇ ਜ਼ਰੂਰ ਕੁਝ ਜਾਣ ਗਏ ਹੋਣਗੇ ਪਰ ਸਿਆਣੇ ਕਵਾਲ ਨੇ ਮਹਿਸੂਸ ਕਰ ਲਿਆ ਸੀ ਕਿ ਉਹਦਾ ਸਪੁੱਤਰ ਤਾਂ ਚੋਰੀ-ਚੋਰੀ ਕਾਫ਼ੀ ਕੁਝ ਈ ਸਿੱਖ ਗਿਆ ਸੀ। ਉਸੇ ਵੇਲੇ ਹੀ ਪੇਜੀ ਨੇ ਡਰਦੇ-ਡਰਦੇ ਆਪਣੇ ਬਾਪ ਅੱਗੇ ਏਹ ਵੀ ਜ਼ਾਹਰ ਕਰ ਦਿੱਤਾ ਸੀ ਕਿ ਡਾਕਟਰ ਇੰਜੀਨੀਅਰ ਬਣਨਾ ਉਹਦੇ ਵੱਸ ਦਾ ਰੋਗ ਨਹੀਂ, ਉਹ ਤਾਂ ਗਾਇਕ ਹੀ ਬਣਨਾ ਚਾਹੁੰਦਾ ਏ।

ਬਿਨਾਂ ਕੁਝ ਆਖੇ ਆਪਣੇ ਬਾਪ ਨੂੰ ਉਥੋਂ ਜਾਂਦੇ ਵੇਖ ਕੇ ਪੇਜੀ ਨੂੰ ਹੈਰਾਨੀ ਤਾਂ ਜ਼ਰੂਰ ਹੋਈ ਹੋਏਗੀ ਪਰ ਆਉਣ ਵਾਲੀ ਰਾਤ ਉਸਤਾਦ ਫ਼ਤਹਿ ਅਲੀ ਖਾਂ ਲਈ ਵੀ ਬਹੁਤ ਅਹਿਮ ਬਣ ਗਈ ਸੀ। ਉਸ ਰਾਤ ਹੀ ਉਹਨੇ ਇਹ ਫ਼ੈਸਲਾ ਲੈਣਾ ਸੀ ਕਿ ਡਾਕਟਰ ਜਾਂ ਇੰਜੀਨੀਅਰ ਬਣਨ ਲਈ ਪੁੱਤਰ ਉੱਤੇ ਭਾਰ ਪਾਈ ਰੱਖੇ ਜਾਂ ਆਪਣੇ ਵਰਗਾ ਦਰਗਾਹਾਂ ਉੱਤੇ ਗਾਉਣ ਵਾਲਾ ਕਵਾਲ ਬਣਾਉਣ ਲਈ ਉਹਦੀ ਸਿੱਖਿਆ ਆਰੰਭ ਦੇਵੇ।

ਸਾਰੀ ਰਾਤ ਸੋਚਦੇ ਰਹਿਣ ਪਿੱਛੋਂ ਵੀ ਉਹ ਆਪਣੀ ਜ਼ਿੰਦਗੀ ਦਾ ਇਹ ਅਹਿਮ ਫ਼ੈਸਲਾ ਨਹੀਂ ਸੀ ਕਰ ਸਕਿਆ ਪਰ ਅਗਲੇ ਦਿਨ ਉਹਦੇ ਘਰ ਇਕ ਅਜਿਹੀ ਹਸਤੀ ਮਹਿਮਾਨ ਬਣ ਕੇ ਆਈ ਸੀ ਜਿਹਦੇ ਤੋਂ ਉਹਨੂੰ ਚੰਗਾ ਮਸ਼ਵਰਾ ਮਿਲਣ ਦੀ ਪੂਰੀ ਉਮੀਦ ਸੀ। ਉਹ ਪ੍ਰਾਹੁਣਾ ਪੀਰ ਗ਼ੁਲਾਮ ਗ਼ੌਸ਼ ਸਮਦਾਨੀ ਸੀ ਜਿਸ ਨੂੰ ਇਸ ਘਰ ਵਿਚ ਪੀਰਾਂ ਦਰਵੇਸ਼ਾਂ ਜਿੰਨਾ ਹੀ ਮਾਣ ਦਿੱਤਾ ਜਾਂਦਾ ਸੀ। ਪੂਰੀ ਗੱਲ ਸੁਣ ਕੇ ਪੀਰ ਗ਼ੁਲਾਮ ਗ਼ੌਸ਼ ਸਮਦਾਨੀ ਨੇ ਆਖਿਆ ਕਿ ਕਰੜੀ ਮਿਹਨਤ ਕਰੇ ਤਾਂ ਇਹ ਕਾਕਾ ਵੱਡਾ ਗਾਇਕ ਬਣ ਸਕਦਾ ਏ ਪਰ ਇਹਦਾ ਨਾਉਂ ਢੁਕਵਾਂ ਨਹੀਂ ਰੱਖਿਆ ਗਿਆ।

ਉਸਤਾਦ ਫ਼ਤਹਿ ਅਲੀ ਖਾਂ ਨੇ ਪੀਰ ਗ਼ੁਲਾਮ ਗ਼ੌਸ਼ ਸਮਦਾਨੀ ਕੋਲੋਂ ਹੀ ਢੁਕਵੇਂ ਨਾਂ ਦਾ ਮਸ਼ਵਰਾ ਮੰਗਿਆ ਤਾਂ ਹੁਕਮ ਹੋਇਆ, 'ਤੇਰਾ ਨਾਂ ਫ਼ਤਹਿ ਅਲੀ ਖਾਂ ਹੈ, ਤੇਰੇ ਪੁੱਤਰ ਦੇ ਨਾਉਂ ਵਿਚ ਦੋ ਵਾਰ ਫ਼ਤਹਿ ਆ ਜਾਵੇ ਤਾਂ ਪੂਰੇ ਜੱਗ ਨੂੰ ਹੀ ਉਹਦਾ ਗੀਤ ਸੰਗੀਤ ਫ਼ਤਹਿ ਕਰ ਲਏਗਾ। ਏਸ ਲਈ ਉਹਦਾ ਨਾਉਂ 'ਨੁਸਰਤ ਫ਼ਤਹਿ ਅਲੀ ਖਾਂ' ਰੱਖ ਦੇ।' ਇਸ ਨਾਉਂ ਦੀ ਸਲਾਹ ਦੇਣ ਪਿੱਛੋਂ ਪੀਰ ਜੀ ਨੇ ਬੁੱਢੇ ਕਵਾਲ ਦਾ ਸਪੁੱਤਰ ਨੁਸਰਤ ਫਤਹਿ ਅਲੀ ਖਾਂ ਦੀ ਆਵਾਜ਼ ਸੁਰੀਲੀ ਤੇ ਰਸ ਭਰੀ ਹੋਣ ਲਈ ਰੱਬ ਅੱਗੇ ਦੁਆਵਾਂ ਵੀ ਮੰਗੀਆਂ।

ਪਰਵੇਜ਼ ਅਲੀ ਖਾਂ ਉਰਫ਼ ਪੇਜੀ ਤੋਂ ਜਦ ਉਹ ਮੁੰਡਾ ਨੁਸਰਤ ਫ਼ਤਹਿ ਅਲੀ ਖਾਂ ਬਣਿਆ ਤਾਂ ਉਹਦੀਆਂ ਸਾਰੀਆਂ ਅਵਾਰਾਗਰਦੀਆਂ ਇਕਾ ਇਕ ਹੀ ਖ਼ਤਮ ਹੋ ਗਈਆਂ। ਉਸਤਾਦ ਫ਼ਤਹਿ ਅਲੀ ਖਾਂ ਨੇ ਆਪਣੇ ਉਸ ਰਵਾਇਤੀ ਢੰਗ ਨਾਲ ਉਹਨੂੰ ਸੰਗੀਤ ਦੀ ਸਿੱਖਿਆ ਦੇਣੀ ਆਰੰਭ ਦਿੱਤੀ ਜਿਸ ਮੂਜਬ ਸ਼ਾਗਿਰਦ ਨੂੰ ਮੁਕੰਮਲ ਤੌਰ ਸੰਗੀਤ ਦੇ ਸਮੁੰਦਰ ਵਿਚ ਟੁੱਭੀ ਲਾਉਣੀ ਪੈਂਦੀ ਏ। ਉਹ ਮਸੱਲਸਲ ਸਿੱਖਦਾ ਏ, ਗਾਉਂਦਾ ਗਾਉਂਦਾ ਈ ਸੌਂਦਾ ਏ ਤੇ ਫੇਰ ਜਾਗ ਕੇ ਉਹਦੇ ਤੋਂ ਅੱਗੇ ਗਾਉਣ ਲੱਗ ਪੈਂਦਾ ਏ। ਏਸ ਸਖ਼ਤ ਸਿਖਲਾਈ ਦੇ ਸਿੱਟੇ ਵੀ ਛੇਤੀ ਦਿਸਣ ਲੱਗ ਪਏ, ਥਕੇਵੇਂ ਨਾਲ ਬੇਸੁਰਤ ਪਏ ਬਾਲ ਨੁਸਰਤ ਫ਼ਤਹਿ ਅਲੀ ਖਾਂ ਦਾ ਸੱਜਾ ਪੈਰ ਸੁੱਤੇ ਪਏ ਹੋਏ ਵੀ ਇਕ ਖ਼ਾਸ ਧੁਨ ਮੂਜਬ ਹਿਲਦਾ ਰਹਿੰਦਾ। ਇਹ ਇਸ ਗੱਲ ਦਾ ਇਸ਼ਾਰਾ ਸੀ ਕਿ ਗੀਤ ਸੰਗੀਤ ਉਹਦੇ ਦਿਲ ਦਿਮਾਗ਼, ਕੀ ਪੂਰੇ ਸਰੀਰ ਨੂੰ ਹੀ ਇਕ ਸੁਰ ਵਿਚ ਕਰ ਰਿਹਾ ਏ। ਏਸ ਕਰੜੀ ਸਿੱਖਿਆ ਦੇ ਦੌਰਾਨ ਸ਼ਾਗਿਰਦ ਨੂੰ ਖ਼ੁਰਾਕ ਵੀ ਕਿਸੇ ਪਹਿਲਵਾਨ ਬਣ ਰਹੇ ਜਣੇ ਜਿੰਨੀ ਚਾਹੀਦੀ ਹੁੰਦੀ ਏ। ਨੁਸਰਤ ਫ਼ਤਹਿ ਅਲੀ ਖ਼ਾਂ ਦੀ ਮਾਂ ਉਹਨੂੰ ਬਾਦਾਮ, ਗਿਰੀਆਂ, ਚਾਰ ਮਗ਼ਜ਼, ਗੁਲਕੰਦ, ਮੁਰੱਬੇ, ਹਰੀੜਾਂ ਤੇ ਹੋਰ ਪਤਾ ਨਹੀਂ ਕੀ ਕੁਝ ਖਾਣ ਲਈ ਦੇਂਦੀ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਵਸਤਾਂ ਖਾਣ ਲਈ ਉਹਦਾ ਮਨ ਹੀ ਨਾ ਕਰ ਰਿਹਾ ਹੁੰਦਾ ਪਰ ਆਪਣੀ ਜਿਸਮਾਨੀ ਤਾਕਤ ਨੂੰ ਬਹਾਲ ਰੱਖਣ ਲਈ ਤੇ ਆਪਣੇ ਦਿਮਾਗ਼ ਨੂੰ ਤੇਜ਼ ਕਰਨ ਲਈ ਇਹ ਸਭ ਕੁਝ ਉਹਨੂੰ ਖਾਣਾ ਹੀ ਪੈਂਦਾ। ਨੁਸਰਤ ਫ਼ਤਹਿ ਅਲੀ ਖਾਂ ਨੇ ਸਭ ਤੋਂ ਪਹਿਲਾਂ ਤਬਲਾ ਵਜਾਉਣਾ ਸਿੱਖਿਆ। ਇਹਦੇ ਤੋਂ ਬਾਅਦ ਉਹ ਸਾਰੰਗੀ, ਬਾਂਸੁਰੀ ਤੇ ਹਾਰਮੋਨੀਅਮ ਵਜਾਉਣ ਦਾ ਵੀ ਜਾਣ ਗਿਆ। ਏਸ ਕੱਵਾਲ ਪਰਿਵਾਰ ਦੇ ਵਡਿੱਕੇ ਬੈਂਜੋ ਵੀ ਬਹੁਤ ਵਧੀਆ ਢੰਗ ਨਾਲ ਵਜਾਉਂਦੇ ਆਏ ਸਨ। ਨੁਸਰਤ ਨੇ

ਕਿਰਤ ਕਰਕੇ ਇਹ ਕਲਾ ਵੀ ਸਿੱਖ ਲਈ। ਨੁਸਰਤ ਫ਼ਤਹਿ ਅਲੀ ਖ਼ਾਂ ਨੇ ਕਈ ਰੰਗਾਂ ਦੀ ਗਾਇਕੀ ਦੀ ਸਿੱਖਿਆ ਲਈ ਜਿਸ ਵਿਚ ਖ਼ਿਆਲ, ਤਰਾਨਾ, ਕਾਫ਼ੀ, ਕਵਾਲੀ, ਲੋਕ ਗੀਤ, ਠੁਮਰੀ, ਦਾਦਰਾ ਤੇ ਦਰੁਪਤ ਵਗ਼ੈਰਾ ਸ਼ਾਮਿਲ ਸੀ।

12 ਮਾਰਚ 1964 ਈ. ਨੂੰ ਨੁਸਰਤ ਫ਼ਤਹਿ ਅਲੀ ਖ਼ਾਂ ਦੀ ਜ਼ਿੰਦਗੀ ਨੇ ਇਕ ਨਵਾਂ ਮੋੜ ਲਿਆ। ਇਸ ਦਿਨ ਉਹਦਾ ਬਾਪ ਆਪਣੇ ਆਖ਼ਰੀ ਸਾਹ ਲੈ ਰਿਹਾ ਸੀ। ਸਾਰੀ ਉਮਰ ਆਪਣੇ ਅਸਲ ਵਤਨਾਂ ਨੂੰ ਯਾਦ ਕਰਕੇ ਠੰਡੇ ਹਓਕੇ ਭਰਨ ਵਾਲੇ ਉਸਤਾਦ ਫ਼ਤਹਿ ਅਲੀ ਖ਼ਾਂ ਨੂੰ ਨੁਸਰਤ ਨੇ ਮਰਨ ਮੰਜੇ ਉੱਤੇ ਲੰਮੇ ਪਏ ਹੋਏ ਵੀ ਸੇਜਲ ਅੱਖਾਂ ਨਾਲ ਆਪਣੀ ਜੱਦੀ ਨਗਰੀ ਦਾ ਈ ਨਾਂ ਜਪਦੇ ਹੋਏ ਵੇਖਿਆ ਤਾਂ ਏਹ ਮੰਜ਼ਰ ਵੇਖ ਕੇ ਨੁਸਰਤ ਦੇ ਸਾਰੇ ਸਰੀਰ ਵਿਚ ਜਿਵੇਂ ਇਹਦੀ ਪੂਰੀ ਪੀੜ ਹੀ ਘੁਲ ਗਈ ਹੋਵੇ। ਬਾਪ ਦੇ ਗੁਜ਼ਰਨ ਪਿੱਛੋਂ ਘਰ ਦਾ ਸਾਰਾ ਭਾਰ ਸੋਲ੍ਹਾਂ ਵਰ੍ਹਿਆਂ ਦੇ ਹੋ ਰਹੇ ਨੁਸਰਤ ਦੇ ਮੋਢਿਆਂ ਉੱਤੇ ਆਣ ਪਿਆ ਸੀ। ਉਹਨੇ ਦਸਵੀਂ ਦਾ ਇਮਤਿਹਾਨ ਤਾਂ ਵੀ ਦੇ ਦਿੱਤਾ ਸੀ ਪਰ ਹੁਣ ਏਹਦੇ ਤੋਂ ਅੱਗੇ ਪੜ੍ਹਨ ਲਈ ਨਾ ਘਰ ਵਿਚ ਧਨ ਸੀ, ਨਾ ਉਸ ਕੋਲ ਵਿਹਲ ਰਹੀ ਸੀ ਪਰ ਗੀਤ ਸੰਗੀਤ ਦੀ ਜਿਹੜੀ ਸਿਖਲਾਈ ਬਾਕੀ ਰਹਿ ਗਈ ਸੀ, ਉਹ ਉਹਨੇ ਆਪਣੇ ਉਸਤਾਦ ਸਲਾਮਤ ਅਲੀ ਖ਼ਾਂ ਤੇ ਉਸਤਾਦ ਮੁਬਾਰਕ ਅਲੀ ਖ਼ਾਂ ਕੋਲੋਂ ਲੈਣੀ ਜਾਰੀ ਰੱਖੀ। ਇਸ ਲਈ ਜਦ ਜੰਨਤ ਵਾਸੀ ਕਵਾਲ ਦਾ ਚਲੀਹੇ ਉੱਤੇ ਉਹਦੀ ਰੂਹ ਦੇ ਸੁੱਖਾਂ ਲਈ ਦੁਆਵਾਂ ਮੰਗਣ ਲਈ ਪਾਕਿਸਤਾਨ ਵਿਚਲੇ ਸਾਰੇ ਵੱਡੇ ਗਾਇਕ ਇਕੱਠੇ ਹੋਏ ਤਾਂ ਏਸ ਮੌਕੇ ਉੱਤੇ ਕਵਾਲੀ ਗਾ ਕੇ ਉਹਨੇ ਆਪਣੇ ਬਾਪ ਨੂੰ ਸਲਾਮੀ ਪੇਸ਼ ਕੀਤੀ। ਲੋਕਾਂ ਸੁਣਿਆ ਹੋਇਆ ਸੀ ਕਿ ਉਸਤਾਦ ਫ਼ਤਹਿ ਅਲੀ ਖ਼ਾਂ ਆਪਣੇ ਪੁੱਤਰ ਨੂੰ ਉੱਚੀ ਤਾਲੀਮ ਦਿਵਾਉਣਾ ਚਾਹੁੰਦਾ ਸੀ ਤੇ ਉਹਨੂੰ ਆਪਣੇ ਫ਼ਨ ਤੋਂ ਦੂਰ ਰੱਖਦਾ ਰਿਹਾ ਸੀ। ਇਸ ਲਈ ਇਕੱਠ ਵਿਚ ਹਾਜ਼ਰ ਵੱਡੇ ਗਾਇਕ ਉਹਦੀ ਗਾਇਕੀ ਸੁਣ ਕੇ ਹੈਰਾਨ ਈ ਰਹਿ ਗਏ। ਇੰਜ ਆਪਣੀ ਜ਼ਿੰਦਗੀ ਦੀ ਪਲੇਠੀ ਪਰਫਾਰਮੰਸ ਵਿਚ ਹੀ ਨੁਸਰਤ ਫ਼ਤਹਿ ਅਲੀ ਖ਼ਾਂ ਦੀ ਗਾਇਕੀ ਨੂੰ ਗੀਤ ਸੰਗੀਤ ਦੇ ਉਸਤਾਦਾਂ ਸੁਤਹਾਰਾਂ ਵੱਲੋਂ ਮਾਨਤਾ ਮਿਲ ਗਈ। ਇਸ ਤੋਂ ਬਾਅਦ ਉਹ ਦਰਗਾਹਾਂ ਤੇ ਨਿੱਜੀ ਮਹਿਫ਼ਲਾਂ ਵਿਚ ਗਾਉਣ ਲੱਗ ਪਿਆ। ਰੇਡੀਓ, ਟੀ.ਵੀ. ਵਾਲੇ ਉਹਨੂੰ ਬੁਲਾਉਣ ਲੱਗ ਪਏ। ਸੰਗੀਤ ਕੰਪਨੀਆਂ ਧੜਾਧੜ ਉਹਦੀਆਂ ਕੈਸਟਾਂ ਰਿਲੀਜ਼ ਕਰਨ ਲੱਗ ਪਈਆਂ।

ਨੁਸਰਤ ਫ਼ਤਹਿ ਅਲੀ ਖ਼ਾਂ ਹੁਣ ਪਾਕਿਸਤਾਨ ਤੋਂ ਬਾਹਰ ਜਾ ਕੇ ਵੀ ਗੀਤ ਸੰਗੀਤ ਦੇ ਪ੍ਰੋਗਰਾਮ ਪੇਸ਼ ਕਰਨ ਲੱਗ ਪਿਆ ਸੀ। 1980 ਵਿਚ ਪਹਿਲੀ ਵਾਰ ਇਕ ਏਸ਼ੀਅਨ ਪ੍ਰਮੋਟਰ ਨੇ ਅਮਰੀਕਾ ਵਿਚ ਉਹਦੇ ਪ੍ਰੋਗਰਾਮ ਕਰਵਾਏ, ਜੋ ਕਾਫ਼ੀ ਕਾਮਯਾਬ ਰਹੇ। ਪਰ ਉਹਦੀ ਗਾਇਕੀ ਨੂੰ ਜਗਤ ਪੱਧਰ ਉੱਤੇ ਭਰਵਾਂ ਹੁੰਗਾਰਾ ਮਿਲਣ ਦਾ ਸਬੱਬ ਬਰਤਾਨੀਆ ਵਿਚ ਹੋਇਆ ਇਕ ਭਾਰੀ ਸੰਗੀਤ ਮੇਲਾ ਬਣਿਆ ਸੀ। 1984 ਵਿਚ ਲੰਡਨ ਤੋਂ ਨੇੜੇ ਕੁ ਲੈਸਟਰ ਵਿਚ ਹੋਏ ਇਸ ਕੰਨਸਰਟ ਵਿਚ ਬਹੁਤ ਸਾਰੇ ਦੇਸ਼ਾਂ ਦੇ ਵੱਡੇ-ਵੱਡੇ ਗਵੱਈਏ ਤੇ ਸੰਗੀਤਕਾਰ ਸਾਂਝ ਪਾ ਰਹੇ ਸਨ ਜਦ ਕਿ ਪੂਰੀ ਦੁਨੀਆ ਤੋਂ ਲੱਖਾਂ ਲੋਕ ਉਨ੍ਹਾਂ ਨੂੰ ਸੁਣਨ ਲਈ ਏਥੇ ਆਣ ਜੁੜੇ ਸਨ। ਇਸ ਸੰਗੀਤ ਮੇਲੇ ਵਿਚ ਬਣਾਏ ਗਏ ਤਿੰਨ ਸਟੇਜਾਂ ਤੋਂ ਇਕੋ ਵੇਲੇ ਵੱਖ-ਵੱਖ ਗਾਇਕ ਆਪਣੇ ਆਪਣੇ ਫ਼ਨ ਦਾ ਵਿਖਾਵਾ ਕਰਦੇ ਸਨ ਤੇ ਸੁਣਨ ਵਾਲੇ ਆਪਣੀ ਪਸੰਦ ਦੇ ਗਾਇਕ ਦੇ ਸਟੇਜ ਚੁਫ਼ੇਰੇ ਆ ਇਕੱਠੇ ਹੁੰਦੇ ਸਨ। ਹਰ ਗਾਇਕ ਨੂੰ ਅੱਧਾ ਘੰਟਾ ਵਕਤ ਦਿੱਤਾ ਜਾ ਰਿਹਾ ਸੀ। ਏਸੇ ਹਿਸਾਬ ਮੂਜਬ ਨੁਸਰਤ ਫ਼ਤਹਿ ਅਲੀ ਖ਼ਾਂ ਦੀ ਵਾਰੀ ਰਾਤ ਦੇ ਸਾਢੇ ਗਿਆਰਾਂ ਵਜੇ ਆਈ। ਜਦ ਉਹਨੇ ਗਾਉਣਾ ਸ਼ੁਰੂ ਕੀਤਾ ਤਾਂ ਇਕ ਅਜੀਬ ਵਾਕਿਆ ਹੋਇਆ ਕਿ ਬਾਕੀ ਦੇ ਦੋਵੇਂ ਸਟੇਜ ਸੁਣਨ ਵਾਲਿਆਂ ਤੋਂ ਵਾਂਝੇ ਹੋ ਗਏ। ਫੇਰ ਉਸ ਤੋਂ ਵੀ ਵੱਡਾ ਚਮਤਕਾਰ ਇਹ ਵਾਪਰਿਆ ਕਿ ਗਾਉਣ ਵਾਲੇ ਆਪਣੀ ਗਾਇਕੀ ਭੁੱਲ ਕੇ ਨੁਸਰਤ ਫ਼ਤਹਿ ਅਲੀ ਖ਼ਾਂ ਦੇ ਸਟੇਜ ਕੋਲ ਆਉਣ ਲੱਗ ਪਏ। ਰਾਤ ਦੇ ਬਾਰਾਂ ਵਜੇ ਉਹਦੀ ਗਾਇਕੀ ਲਈ ਮਿੱਥਿਆ ਵੇਲਾ ਤਾਂ ਮੁੱਕ ਗਿਆ ਸੀ ਪਰ ਹੁਣ ਲੋਕਾਂ ਦਾ ਇਹ ਹੜ੍ਹ ਬਾਹਵਾਂ ਚੁੱਕ ਕੇ ਇਕ ਈ ਮੰਗ ਕਰ ਰਿਹਾ ਸੀ 'ਹੋਰ ਗਾਓ, ਹੋਰ ਗਾਓ'। ਇਸ ਮੌਕੇ ਤੇ ਕੁਝ ਵਧੇਰੇ ਹੀ ਮੁਤਾਸਰ ਹੋਏ ਸੁਤਹਾਰਾਂ ਜਦ ਪੁੱਛਿਆ ਕਿ ਇਹ ਕਿਸ ਬੋਲੀ ਦੀ ਗਾਇਕੀ ਹੈ ? ਤਾਂ ਨੁਸਰਤ ਫ਼ਤਹਿ ਅਲੀ ਖ਼ਾਂ ਦੀਆਂ ਅੱਖਾਂ ਵਿਚ ਪਾਣੀ ਉਤਰ ਆਇਆ ਤੇ ਉਹਨੇ ਜਵਾਬ ਦਿੱਤਾ, 'ਇਹ ਮੇਰੀ ਨਿਮਾਣੀ ਮਾਂ ਬੋਲੀ ਪੰਜਾਬੀ ਦੀ ਗਾਇਕੀ ਏ।' ਇਸ ਤੋਂ ਬਾਅਦ ਨੁਸਰਤ ਫ਼ਤਹਿ ਅਲੀ ਖ਼ਾਂ ਜੋ ਗਾਉਣ ਲੱਗਾ ਤਾਂ ਸਵੇਰ ਦੇ ਪੰਜ ਵਜੇ ਤਕ ਗਾਉਂਦਾ ਹੀ ਚਲਾ ਗਿਆ। ਇਹ ਸੰਗੀਤ ਮੇਲਾ ਇਕ ਅਜਿਹੇ ਖੁੱਲ੍ਹੇ ਡੁੱਲ੍ਹੇ ਮੈਦਾਨ ਵਿਚ ਹੋ ਰਿਹਾ ਸੀ ਜਿਥੇ ਠੰਡ ਤੋਂ ਬਚਣ ਦਾ ਪ੍ਰਬੰਧ ਮੌਜੂਦ ਨਹੀਂ ਸੀ। ਫੇਰ ਵਾਧਾ ਇਹ ਕਿ ਨੁਸਰਤ ਨੇ ਲੋੜ ਮੂਜਬ ਗਰਮ

ਕੱਪੜੇ ਵੀ ਨਹੀਂ ਸਨ ਪਾਏ ਹੋਏ। ਇਸ ਸਖ਼ਤ ਸਰਦੀ ਦੇ ਬਾਵਜੂਦ ਵੀ ਉਹ ਸਿਰਫ਼ ਪੰਜਾਬੀ ਸੰਗੀਤ ਨੂੰ ਮਨਵਾਉਣ ਲਈ ਹੀ ਬੜੇ ਹੌਸਲੇ ਤੇ ਹਿੰਮਤ ਨਾਲ ਮਸੱਲਸਲ ਸਾਢੇ ਪੰਜ ਘੰਟੇ ਤਕ ਗਾਉਂਦਾ ਰਿਹਾ। ਇਸ ਕਾਰਨਾਮੇ ਦਾ ਹੀ ਸਿੱਟਾ ਸੀ ਕਿ ਅਗਲੇ ਕਈ ਦਿਨਾਂ ਤਕ ਬਰਤਾਨੀਆਂ ਦੀਆਂ ਅਖ਼ਬਾਰਾਂ ਵਿਚ ਪੰਜਾਬੀ ਗਾਇਕੀ ਦੀ ਸਲਾਹਣਾ ਬਾਰੇ ਲੇਖ ਤੇ ਖ਼ਤ ਛਪਦੇ ਰਹੇ। ਤਬਸਰਾਕਾਰਾਂ ਨੁਸਰਤ ਫ਼ਤਹਿ ਅਲੀ ਖ਼ਾਂ ਨੂੰ ਆਪਣੇ ਗੀਤ ਸੰਗੀਤ ਨਾਲ ਸੁਤਹਾਰਾਂ ਉੱਤੇ ਟੂਣਾ ਕਰ ਦੇਣ ਵਾਲਾ ਗਵੱਈਆ ਮਿੱਥਿਆ। ਕੁਝਨਾਂ ਸੰਗੀਤ ਪੜਚੋਲੀਆਂ ਲਿਖਿਆ ਕਿ ਮਾਈਕਲ ਜੈਕਸਨ ਤੇ ਹੋਰ ਵੱਡੇ ਪੌਪ ਗਾਇਕਾਂ ਦੀ ਗਾਇਕੀ ਸੁਣ ਕੇ ਸੁਣਨ ਵਾਲਿਆਂ ਦੇ ਮਨ ਕਾਹਲੇ ਪੈਣ ਲੱਗ ਪੈਂਦੇ ਨੇ ਤੇ ਉਨ੍ਹਾਂ ਨੂੰ ਫ਼ਸਾਦ ਪਾਉਣ ਦੀ ਪ੍ਰੇਰਨਾ ਮਿਲਦੀ ਹੈ, ਜਦ ਕਿ ਏਸ ਮਸ਼ਰਕੀ ਗਾਇਕੀ ਦੀ ਜਾਦੂ ਕਰਨ ਵਾਲੀ ਗਾਇਕੀ ਸੁਣ ਕੇ ਮਨ ਵਿਚ ਜਿਵੇਂ ਠੰਡ ਜਿਹੀ ਪੈਣੀ ਸ਼ੁਰੂ ਹੋ ਜਾਂਦੀ ਏ ਤੇ ਫ਼ਸਾਦੀ ਵੀ ਸ਼ਾਂਤ ਹੋ ਜਾਂਦੇ ਨੇ। ਮਗ਼ਰਬੀ ਸੁਤਰਾਹ ਪੰਜਾਬੀ ਨਾ ਜਾਣਦੇ ਹੋਏ ਵੀ ਨੁਸਰਤ ਫ਼ਤਹਿ ਅਲੀ ਖ਼ਾਂ ਦੀ ਗਾਇਕੀ ਦਾ ਕਿੰਜ ਆਨੰਦ ਮਾਣਦੇ ਸਨ, ਏਸ ਘੁੰਡੀ ਨੂੰ ਸਮਝਣਾ ਵੀ ਜ਼ਰੂਰੀ ਏ। ਇਕ ਵੱਡਾ ਗਾਇਕ ਹੋਣ ਦੇ ਨਾਲ ਉਸਤਾਦ ਫ਼ਤਹਿ ਅਲੀ ਖ਼ਾਂ ਇਕ ਮਹਾਨ ਸੰਗੀਤਕਾਰ ਵੀ ਸੀ। ਉਹਨੂੰ ਪਤਾ ਸੀ ਕਿ ਸਾਰੀ ਦੁਨੀਆ ਦੇ ਵਸਨੀਕਾਂ ਦੇ ਮੁੱਢਲੇ ਮਨੁੱਖੀ ਜਜ਼ਬੇ ਇਕੋ ਜਿਹੇ ਹੀ ਹੁੰਦੇ ਨੇ ਤੇ ਸੰਗੀਤ ਰਾਹੀਂ ਇਨ੍ਹਾਂ ਦਾ ਕਿੰਜ ਇਜ਼ਹਾਰ ਕੀਤਾ ਜਾ ਸਕਦਾ ਏ। ਫੇਰ ਪੂਰਬੀ ਅਤੇ ਪੱਛਮੀ ਸੰਗੀਤ ਦੀ ਜਿਥੇ ਜੁੜਤ ਜਾ ਜੁੜਦੀ ਏ, ਉਸ ਤੋਂ ਵੀ ਉਹ ਪੂਰੀ ਤਰ੍ਹਾਂ ਜਾਣੂ ਸੀ। ਏਸ ਲਈ ਉਹਨੇ ਆਪਣੀ ਗਾਇਕੀ ਵਿਚ ਬੜੀ ਮੁਹਾਰਤ ਨਾਲ ਦੋਵੇਂ ਤਰ੍ਹਾਂ ਦਾ ਸੰਗੀਤ ਵਰਤਿਆ। ਸੰਗੀਤ ਨੂੰ ਇਕ ਆਲਮੀ ਜ਼ਬਾਨ ਵਜੋਂ ਪੇਸ਼ ਕਰਨ ਦਾ ਇਹ ਤਜਰਬਾਂ ਐਨਾ ਕਾਮਯਾਬ ਰਿਹਾ ਸੀ ਕਿ ਅਗਲੇ ਤੇਰਾਂ ਸਾਲਾਂ ਵਿਚ ਅਮਰੀਕਾ, ਯੂਰਪ ਤੇ ਏਸ਼ੀਆ ਦੇ ਚਾਲੀ ਤੋਂ ਵੱਧ ਦੇਸ਼ਾਂ ਵਿਚ ਹੋਏ ਗਾਇਕੀ ਦੇ ਬੇਸ਼ੁਮਾਰ ਵੱਡੇ-ਵੱਡੇ ਪ੍ਰੋਗਰਾਮਾਂ ਨੇ ਨੁਸਰਤ ਫ਼ਤਹਿ ਅਲੀ ਖ਼ਾਂ ਦਾ ਨਾਂ ਸ਼ੁਹਰਤ ਦੇ ਆਸਮਾਨਾਂ ਤਕ ਪਹੁੰਚਾ ਦਿੱਤਾ ਸੀ। ਆਪਣੀ ਬੇਮਿਸਾਲ ਗਾਇਕੀ ਕਰਕੇ ਹੀ ਵੱਖ-ਵੱਖ ਦੇਸ਼ਾਂ ਤੇ ਆਲਮੀ ਪੱਧਰ ਦੀਆਂ ਤਨਜੀਮਾਂ ਵੱਲੋਂ ਮਿਲੇ ਆਵਰ ਮਾਣ ਕਰਕੇ ਨੁਸਰਤ ਫ਼ਤਹਿ ਅਲੀ ਖ਼ਾਂ ਦੇ ਘਰ ਆਲਮੀ ਐਵਾਰਡਾਂ ਦਾ ਇਕ ਪੂਰਾ ਭੰਡਾਰ ਇਕੱਠਾ ਹੁੰਦਾ ਚਲਾ ਗਿਆ ਸੀ। ਉਸਤਾਦ ਫ਼ਤਹਿ ਅਲੀ ਖ਼ਾਂ ਵਾਂਗੂੰ ਨੁਸਰਤ ਫ਼ਤਹਿ ਅਲੀ ਖ਼ਾਂ ਨੂੰ ਵੀ ਪਾਕਿਸਤਾਨ ਦੇ ਸਦਰ ਵੱਲੋਂ ਤਮਗ਼ਾ ਹੁਸਨੇ ਕਾਰ ਕਰਦਗੀ (Pride of Performance) ਮਿਲਿਆ ਸੀ। ਪਰ ਪੁੱਤਰ ਆਪਣੇ ਬਾਪ ਤੋਂ ਬਹੁਤ ਅੱਗੇ ਨਿਕਲ ਗਿਆ ਸੀ। ਜੇ ਉਹ ਇਕ ਪਾਸੇ ਏਸ਼ੀਆ ਵਿਚ ਜਾਪਾਨ ਸਰਕਾਰ ਵੱਲੋਂ Haroka Award ਹਾਸਿਲ ਕਰ ਰਿਹਾ ਹੁੰਦਾ ਤਾਂ ਦੂਜੇ ਪਾਸੇ ਯੂਰਪ ਵਿਚ ਫਰਾਂਸ ਦੀ ਹਕੂਮਤ ਆਪਣੇ ਕੌਮੀ ਤਿਉਹਾਰ (Avigon Festival) 'ਤੇ ਬੁਲਾ ਕੇ ਆਪਣੇ ਸਭ ਤੋਂ ਵੱਡੇ ਸੋਲ ਐਵਾਰਡ (Grand Prix) ਨਾਲ ਉਹਨੂੰ ਵਡਿਆ ਰਹੀ ਹੁੰਦੀ। ਸੰਨ 1995 ਵਿਚ ਜਦ ਯੂਨੈਸਕੋ ਨੇ ਉਹਨੂੰ ਯੂਨੈਸਕੋ ਇੰਟਰਨੈਸ਼ਨਲ ਐਵਾਰਡ ਦੇਣ ਦਾ ਵੀ ਐਲਾਨ ਕਰ ਦਿੱਤਾ ਤਾਂ ਪੂਰੇ ਜੱਗ ਵਿਚ ਨੁਸਰਤ ਫ਼ਤਹਿ ਅਲੀ ਖ਼ਾਂ ਦੀ ਵਧੇਰੀ ਧੁੰਮ ਪੈ ਗਈ। ਮਹਾਨ ਪੰਜਾਬੀ ਗਾਇਕ ਨੂੰ ਗੀਤ ਸੰਗੀਤ ਦੀ ਦੁਨੀਆ ਦਾ ਇਹ ਵੱਡਾ ਐਵਾਰਡ ਜਰਮਨੀ ਵਿਚ ਹੋਏ ਇਕ ਸ਼ਾਨਦਾਰ ਫੰਕਸ਼ਨ ਵਿਚ ਪੇਸ਼ ਕੀਤਾ ਗਿਆ। ਨੁਸਰਤ ਫ਼ਤਹਿ ਅਲੀ ਖ਼ਾਂ ਹਿੰਦ-ਪਾਕਿ ਦਾ ਉਹ ਕੱਲਾ ਗਾਇਕ ਬਣ ਗਿਆ ਸੀ ਜੋ ਬਾਲੀਵੁੱਡ (ਮੁੰਬਈ) ਤੇ ਲਾਲੀਵੁੱਡ (ਲਾਹੌਰ) ਵਿਚ ਬਣਨ ਵਾਲੀਆਂ ਫ਼ਿਲਮਾਂ ਨੂੰ ਆਪਣੇ ਗੀਤ ਸੰਗੀਤ ਨਾਲ ਸ਼ਿੰਗਾਰਨ ਦੇ ਨਾਲ-ਨਾਲ ਹਾਲੀਵੁੱਡ (ਕੈਲੀਫੋਰਨੀਆ) ਦੀਆਂ ਫ਼ਿਲਮਾਂ ਵਿਚ ਵੀ ਆਪਣੀ ਕਲਾ ਦਾ ਜਾਦੂ ਜਗਾ ਰਿਹਾ ਸੀ।

Dead Man Walking ਤੇ Last Temptation of Christ ਜਿਹੀਆਂ ਫ਼ਿਲਮਾਂ ਵਿਚ ਦਿੱਤੇ ਉਹਦੇ ਸੰਗੀਤ ਨੇ ਯੂਰਪ ਤੇ ਅਮਰੀਕਾ ਦੇ ਸੰਗੀਤ ਪ੍ਰੇਮੀਆਂ ਨੂੰ ਵੀ ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਂ ਦਾ ਦੀਵਾਨਾ ਬਣਾ ਦਿੱਤਾ ਸੀ। ਨੁਸਰਤ ਫ਼ਤਹਿ ਅਲੀ ਖ਼ਾਂ ਨੇ ਆਪਣੀ ਕਲਾ ਨਾਲ ਪੱਛਮੀ ਸੰਗੀਤ ਦੇ ਵੱਡੇ-ਵੱਡੇ ਗੁਰੂਆਂ ਨੂੰ ਐਨਾ ਮਤਾਸਰ ਕਰ ਦਿੱਤਾ ਸੀ ਕਿ ਇਕ ਪਾਸੇ ਬਰਤਾਨੀਆ ਦਾ ਮਸ਼ਹੂਰ ਸੰਗੀਤਕਾਰ Peter Gabrel ਉਹਦੇ ਗੁਣ ਗਾ ਰਿਹਾ ਸੀ ਤਾਂ ਦੂਜੇ ਪਾਸੇ 'ਨਿਊਯਾਰਕ ਟਾਈਮਜ਼' ਵਿਚ ਨੁਸਰਤ ਫ਼ਤਹਿ ਅਲੀ ਖ਼ਾਂ ਦੀ ਆਵਾਜ਼ ਬਾਰੇ ਲਿਖਿਆ ਗਿਆ—The Greatest Voice on Earth। ਇਕ ਮਗ਼ਰਬੀ ਸੰਗੀਤ ਵਿਚ ਨਾਕਦ Greg Salter ਨੇ ਤਾਂ ਇਥੋਂ ਤਕ ਲਿਖ ਦਿੱਤਾ ਸੀ ਕਿ ਸੂਫ਼ੀਆਨਾ ਕਲਾਮ ਗਾ ਕੇ ਏਸ ਕਲਾਕਾਰ ਨੇ ਪੂਰੀ ਦੁਨੀਆ ਵਿਚ ਅਮਨ ਸ਼ਾਂਤੀ ਦਾ ਜੋ ਸੁਨੇਹਾ ਵਰਤਾਇਆ ਏ, ਉਹਦੇ ਲਈ ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਂ ਨੂੰ ਅਮਨ ਦਾ ਨੋਬਲ ਇਨਾਮ ਦੇਣਾ ਚਾਹੀਦਾ ਹੈ। ਪੂਰਬੀ ਸੰਗੀਤ ਦੇ ਜਾਦੂ ਨੂੰ ਸਮਝਣ ਲਈ ਗ਼ੈਰ ਮੁਲਕੀ ਯੂਨੀਵਰਸਿਟੀਆਂ ਵੀ ਨਸਰਤ ਫ਼ਤਹਿ ਅਲੀ

ਖਾਂ ਦੀ ਕਲਾ ਦਾ ਲਾਭ ਲੈਣ ਲੱਗ ਪਈਆਂ ਸਨ ਅਤੇ ਉਹ ਅਮਰੀਕੀ ਯੂਨੀਵਰਸਿਟੀਆਂ ਵਿਚ ਆਪਣੇ ਸੰਗੀਤ ਬਾਰੇ ਲੈਕਚਰ ਦੇਂਦਾ ਰਿਹਾ। ਪੰਜਾਬੀ ਬੋਲੀ ਨੂੰ ਦੁਨੀਆ ਭਰ ਵਿਚ ਹੋਰ ਮਾਨਤਾ ਦਿਵਾਉਣ ਦੇ ਸਿਲਸਿਲੇ ਵਿਚ ਨੁਸਰਤ ਫ਼ਤਹਿ ਅਲੀ ਖ਼ਾਂ ਮੁਸਤਕਬਿਲ ਵਿਚ ਵੀ ਬਹੁਤ ਕੁਝ ਕਰਨਾ ਚਾਹੁੰਦਾ ਸੀ। ਜਿਵੇਂ ਕਿ ਮਸ਼ਹੂਰ ਅਮਰੀਕੀ ਗਾਇਕ ਮੈਡੋਨਾ ਨਾਲ ਰਲ ਕੇ ਗੀਤ ਰਿਕਾਰਡ ਕਰਾਉਣ ਲਈ ਉਹਦਾ ਪ੍ਰੋਗਰਾਮ ਪੱਕਾ ਹੋ ਚੁੱਕਾ ਸੀ। ਇਹ ਗੀਤ ਨਵੰਬਰ 1997 ਵਿਚ ਰਿਕਾਰਡ ਕੀਤਾ ਜਾਣਾ ਸੀ ਤੇ ਏਸ ਸਾਂਝੇ ਗੀਤ ਵਿਚ ਮੈਡੋਨਾ ਨੇ ਅੰਗਰੇਜ਼ੀ ਵਿਚ ਗਾਉਣਾ ਸੀ। ਗਾਇਕੀ ਦੇ ਪਾਰਖਾਂ ਦੇ ਵਿਚਾਰ ਇਹ ਨੇ ਕਿ ਜੇ ਨੁਸਰਤ ਫ਼ਤਹਿ ਅਲੀ ਖ਼ਾਂ ਨੂੰ ਜ਼ਿੰਦਗੀ ਮੁਹਲਤ ਦੇਂਦੀ ਤਾਂ ਮੈਡੋਨਾ ਨਾਲ ਉਹਦਾ ਰਿਕਾਰਡ ਕੀਤਾ ਜਾਣ ਵਾਲਾ ਉਹ ਗਾਣਾ ਆਲਮੀ ਪੱਧਰ ਉੱਤੇ ਪੰਜਾਬੀ ਗਾਇਕੀ ਦੀ ਸ਼ੁਹਰਤ ਨੂੰ ਸਿਖ਼ਰਾਂ ਤਕ ਪਹੁੰਚਾ ਦੇਂਦਾ।

ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਂ ਨੇ ਆਪਣੀ ਜ਼ਿੰਦਗੀ ਵਿਚ ਪੰਜਾਬੀ ਲੇਖਕਾਂ ਨਾਲ ਜੁੜਤ ਰੱਖੀ। ਇਹ ਨੇੜਤਾ ਹੁੰਦੀ ਵੀ ਕਿਉਂ ਨਾ, ਪੰਜਾਬੀ ਲੇਖਕਾਂ ਦੀਆਂ ਸ਼ਾਇਰੀ ਰਚਨਾਵਾਂ ਨੇ ਈ ਉਹਨੂੰ ਏਸ ਥਾਂ ਤਕ ਅਪੜਾਇਆ ਸੀ। ਜਿਨ੍ਹਾਂ ਗੀਤਾਂ ਉੱਤੇ ਕਵਾਲੀਆਂ ਕਰਕੇ ਨੁਸਰਤ ਫ਼ਤਹਿ ਅਲੀ ਖ਼ਾਂ ਦੁਨੀਆ ਭਰ ਵਿਚ ਮਸ਼ਹੂਰ ਹੋਇਆ, ਉਨ੍ਹਾਂ ਵਿਚੋਂ ਬਹੁਤੇ ਫ਼ੈਸਲਾਬਾਦ (ਲਾਇਲਪੁਰ) ਦੇ ਮਹੱਲਾ ਜਵਾਲਾ ਨਗਰ ਵਿਚ ਰਹਿੰਦੇ ਇਕ ਗ਼ਰੀਬ ਜਿਹੇ ਪੰਜਾਬੀ ਸ਼ਾਇਰ ਬਰੀ ਨਜ਼ਾਮੀ ਦੀਆਂ ਲਿਖੀਆਂ ਹੋਈਆਂ ਸਨ। (ਬਰੀ ਨਜ਼ਾਮੀ ਵੀ 14 ਮਈ 1998 ਨੂੰ ਪੱਕਾ ਵਿਛੋੜਾ ਦੇ ਗਏ ਨੇ) ਲਾਇਲਪੁਰ ਤੋਂ ਲਾਹੌਰ ਆ ਕੇ ਨੁਸਰਤ ਫ਼ਤਹਿ ਅਲੀ ਖ਼ਾਂ ਨੇ 318 ਬਦਰ ਬਲਾਕ ਅਲਾਮਾ ਇਕਬਾਲ ਟਾਊਨ ਵਾਲੀ ਜਿਸ ਕੋਠੀ ਵਿਚ ਰਿਹਾਇਸ਼ ਰੱਖੀ, ਉਸ ਦੀ ਮਾਲਕਾ ਮਸ਼ਹੂਰ ਪੰਜਾਬੀ ਲੇਖਕਾ ਅਫ਼ਜ਼ਲ ਤੌਸੀਫ਼ ਸੀ। ਏਸੇ ਕੋਠੀ ਵਿਚ ਈ 11 ਜਨਵਰੀ 1994 ਨੂੰ ਮੈਂ ਆਪਣੇ ਸੰਗੀਆਂ (ਮੁਹੰਮਦ ਖ਼ਾਲਿਦ ਨਜ਼ੀਰ, ਨੁਰਾਈਨ ਸਾਦੀਆ) ਸਣੇ ਨੁਸਰਤ ਫ਼ਤਹਿ ਅਲੀ ਖ਼ਾਂ ਦਾ ਇਕ ਲੰਮਾ ਇੰਟਰਵਿਊ ਲਿਆ ਜਿਹੜਾ ਬਾਅਦ ਵਿਚ 'ਅਜੀਤ' ਜਲੰਧਰ, 'ਰਵੇਲ' ਲਾਹੌਰ', 'ਸੋਹਣੀ ਧਰਤੀ' ਕਰਾਚੀ ਤੇ ਹੋਰ ਕਈ ਦੇਸੀ ਵਿਦੇਸ਼ੀ ਅਖ਼ਬਾਰ ਰਸਾਲਿਆਂ ਵਿਚ ਛਪਿਆ।

ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਂ ਦਾ ਜਦ ਗੀਤ-ਸੰਗੀਤ ਦੀ ਦੁਨੀਆ ਉੱਤੇ ਰਾਜ ਕਾਇਮ ਹੋ ਚੁੱਕਿਆ ਸੀ ਉਸ ਵੇਲੇ ਵੀ ਉਸ ਨੂੰ ਆਪਣੀ ਜ਼ਿੰਦਗੀ ਵਿਚ ਕਈ ਜ਼ਾਤੀ ਕਿਸਮ ਦੀਆਂ ਔਕੜਾਂ ਨਾਲ ਲੋਹਾ ਲੈਣਾ ਪੈਂਦਾ ਰਿਹਾ। ਉਹਦੀਆਂ ਚਾਰ ਵੱਡੀਆਂ ਭੈਣਾਂ ਵਿਚੋਂ ਸਭ ਤੋਂ ਨਿੱਕੀ ਬਲਕੀਸ ਬਾਸਲਾ ਜੋ ਰੰਗ ਰੂਪ ਤੇ ਵਜੂਦ ਨਾਲੋਂ ਬਿਲਕੁਲ ਨੁਸਰਤ ਫ਼ਤਹਿ ਅਲੀ ਖ਼ਾਂ ਵਰਗੀ ਸੀ, ਉਹਦਾ ਤਾਂ ਇੰਤਕਾਲ ਹੋ ਗਿਆ ਸੀ ਪਰ ਵੱਡੀਆਂ ਦੋ ਭੈਣਾਂ ਕਨੀਜ਼ ਫ਼ਾਤਿਮਾ ਤੇ ਨਫ਼ੀਸ ਜਹਾਂ ਬੇਵਾ ਹੋ ਕੇ ਉਹਦੇ ਜੱਦੀ ਘਰ ਆ ਬੈਠੀਆਂ ਸਨ ਜਦ ਕਿ ਚੌਥੀ ਮਾਜ਼ਵਰ ਭੈਣ 'ਰਾਜੇ ਆਪੀ' ਦੀ ਤਾਂ ਸ਼ਾਦੀ ਹੀ ਨਹੀਂ ਹੋ ਸਕੀ ਸੀ। ਮਸਾਂ ਤਿੰਨ ਫੁਟ ਕੱਦ ਵਾਲੀ ਰਾਜੇ ਆਪੀ ਵੀ ਜਮਾਂਦਰੂ ਫ਼ਨਕਾਰ ਸੀ। ਉਹ ਆਪਣੇ ਛੋਟੇ ਛੋਟੇ ਹੱਥਾਂ ਨਾਲ ਵਧੀਆ ਚਿਤਰਕਾਰੀ ਕਰਦੀ ਸੀ। (ਨੁਸਰਤ ਫ਼ਤਹਿ ਅਲੀ ਖ਼ਾਂ ਦੇ ਅਚਾਨਕ ਚਲਾਣਾ ਕਰਨ ਦੇ ਕੁਝ ਈ ਚਿਰ ਪਿੱਛੋਂ ਇਹ ਭੈਣ ਵੀ ਵੀਰ ਦਾ ਵਿਛੋੜਾ ਨਾ ਸਹਾਰਦੇ ਹੋਏ ਗੁਜ਼ਰ ਗਈ ਸੀ) ਇਹ ਤਿੰਨੇ ਵੱਡੀਆਂ ਭੈਣਾਂ ਜਿਨ੍ਹਾਂ ਮਾਵਾਂ ਵਾਂਗ ਨੁਸਰਤ ਫ਼ਤਹਿ ਅਲੀ ਖ਼ਾਂ ਨੂੰ ਪਾਲਿਆ ਸੀ, ਉਨ੍ਹਾਂ ਦੀ ਪੂਰੀ ਜ਼ੁੰਮੇਵਾਰੀ ਉਹਦੇ ਮੋਢਿਆਂ ਉੱਤੇ ਸੀ। ਉਹ ਵੀ ਐਨਾ ਚੰਗਾ ਵੀਰ ਸਾਬਤ ਹੋਇਆ ਕਿ ਉਹਨੂੰ ਗਾਇਕੀ ਕਰਕੇ ਜੋ ਵੀ ਕਮਾਈ ਹੁੰਦੀ, ਰਿਹਾ ਵਹਿਦੇ ਵਿਚੋਂ ਇਨ੍ਹਾਂ ਤਿੰਨਾਂ ਲੋੜਵੰਦ ਭੈਣਾਂ ਨੂੰ ਬਰਾਬਰ ਹਿੱਸਾ ਦਿੰਦਾ ਰਿਹਾ। ਨੁਸਰਤ ਫ਼ਤਹਿ ਅਲੀ ਖ਼ਾਂ ਦੀ ਸ਼ਾਦੀ ਆਪਣੇ ਤਾਏ ਤੇ ਸੰਗੀਤ ਸਿਖਲਾਈ ਵਿਚ ਆਪਣੇ ਗੁਰੂ ਸਲਾਮਤ ਅਲੀ ਖਾਂ ਦੀ ਧੀ ਨਾਹੀਦ ਗ਼ਜ਼ਾਲਾ ਨਾਲ 1979 ਵਿਚ ਹੋਈ ਸੀ। ਸ਼ਾਦੀ ਤੋਂ ਕੁਝ ਸਾਲ ਬਾਅਦ ਤਕ ਉਹਦੇ ਘਰ ਕੋਈ ਔਲਾਦ ਨਹੀਂ ਸੀ ਹੋਈ। ਨੁਸਰਤ ਫ਼ਤਹਿ ਅਲੀ ਖ਼ਾਂ ਨੇ ਆਪਣੇ ਨਿੱਕੇ ਵੀਰ ਫ਼ਰਖ਼ ਦੀ ਨਵੀਂ ਜੰਮੀ ਧੀ ਨੂੰ ਆਪਣੀ ਧੀ ਬਣਾ ਕੇ ਆਪਣੇ ਏਸ ਜ਼ਾਤੀ ਮਸਲੇ ਨੂੰ ਹੱਲ ਕੀਤਾ ਸੀ। ਏਸ ਬੱਚੀ ਦਾ ਨਾਂ ਅਫ਼ਸ਼ੀਨ ਤੇ ਪਿਆਰ ਦਾ ਨਾਉਂ ਗੁੜੀਆ ਸੀ। ਰੱਬ ਦਾ ਕਰਨ ਅਜਿਹਾ ਹੋਇਆ ਕਿ 1984 ਵਿਚ ਨੁਸਰਤ ਫ਼ਤਹਿ ਅਲੀ ਖ਼ਾਂ ਦੇ ਆਪਣੇ ਘਰ ਵਿਚ ਵੀ ਇਕ ਬੱਚੀ ਦਾ ਜਨਮ ਹੋ ਗਿਆ। ਜਿਹਦਾ ਨਾਂ ਨਿੱਦਾ ਰੱਖਿਆ ਗਿਆ। ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਂ ਦਾ ਤਰੀਜਾ ਜ਼ਾਤੀ ਮਸਲਾ ਉਹਦੀਆਂ ਜਿਸਮਾਨੀ ਬਿਮਾਰੀਆਂ ਸਨ। ਸ਼ੱਕਰ-ਰੋਗ ਤਾਂ ਉਹਦੇ ਟੱਬਰ ਵਿਚੋਂ ਮੁੱਢੋਂ ਈ ਚੱਲਿਆ ਆ ਰਿਹਾ ਸੀ। ਪਰ ਵਜੂਦ ਜ਼ਿਆਦਾ ਭਾਰਾ ਹੋਣ ਕਰਕੇ ਨੁਸਰਤ ਫ਼ਤਹਿ ਅਲੀ ਖਾਂ ਉੱਤੇ ਏਸ ਰੋਗ ਦਾ ਹਮਲਾ ਕੁਝ ਛੇਤੀ ਹੀ ਗੰਭੀਰ ਰੂਪ ਵਿਚ ਹੋ ਗਿਆ ਸੀ। ਏਸ ਨਾਮੁਰਾਦ ਬਿਮਾਰੀ ਨਾਲ ਨਜਿੱਠਣ ਲਈ ਡਾਕਟਰ ਉਹਨੂੰ ਆਪਣਾ ਵਜ਼ਨ ਘੱਟ

ਕਰਨ ਲਈ ਆਖਦੇ ਸਨ ਪਰ ਏਸ ਸਿਲਸਿਲੇ ਵਿਚ ਉਹਦੇ ਕੋਲੋਂ ਬਦਪ੍ਰਹੇਜ਼ੀ ਹੋ ਜਾਂਦੀ ਸੀ। ਉਹ ਖੁੱਲ੍ਹ ਡੁੱਲ੍ਹ ਕੇ ਖਾਣਾ ਖਾਂਦਾ ਤੇ ਮਿੱਠਾ ਚੱਖਣ ਤੋਂ ਵੀ ਨਾ ਟਲਦਾ। ਨਾਹੀਦ ਭਾਬੀ ਦਾ ਕਹਿਣਾ ਹੈ ਕਿ ਉਹ ਗਰਮੀਆਂ ਵਿਚ ਮੇਰੇ ਹੱਥ ਦੇ ਪੱਕੇ ਹੋਏ ਕਰੇਲੇ ਗੋਸ਼ਤ ਅਤੇ ਸਰਦੀਆਂ ਵਿਚ ਮੇਥੀ ਗੋਸ਼ਤ ਬੜੇ ਸ਼ੌਂਕ ਨਾਲ ਖਾਂਦਾ ਸੀ। ਭਾਬੀ ਆਖਦੀ ਏ ਮੈਂ ਤਾਂ ਇਕ ਅੰਬ ਤੋਂ ਵੱਧ ਨਹੀਂ ਸੀ ਖਾਣ ਦੇਂਦੀ ਪਰ ਉਹ ਮੇਰੀ ਗ਼ੈਰਹਾਜ਼ਰੀ ਵਿਚ ਨੌਕਰ ਕੋਲੋਂ ਹੋਰ ਅੰਬ ਮੰਗਵਾ ਕੇ ਚੋਰੀ ਚੋਰੀ ਖਾ ਜਾਂਦਾ ਸੀ। ਨੁਸਰਤ ਫ਼ਤਹਿ ਅਲੀ ਖ਼ਾਂ ਦੇ ਬਹੁਤਾ ਖਾਣ ਬਾਰੇ ਕੁਝ ਲੋਕਾਂ ਆਪਣੇ ਕੋਲੋਂ ਵੀ ਗੱਲਾਂ ਜੋੜ ਲਈਆਂ ਨੇ। ਜਿਵੇਂ ਕਿ ਫ਼ੈਸਲਾਬਾਦ ਦੇ ਬੂਟੇ ਕਬਾਬਾਂ ਵਾਲੇ ਨੇ ਇਹ ਗੱਲ ਧੁਮਾਈ ਹੋਈ ਏ, 'ਜੇ ਨੁਸਰਤ ਫਤਹਿ ਅਲੀ ਖ਼ਾਂ ਹਰ ਰੋਜ਼ ਮੇਰੇ ਕੋਲੋਂ ਢੇਰਾਂ ਦੇ ਢੇਰ ਕਬਾਬ ਮੰਗਵਾ ਕੇ ਨਾ ਖਾਂਦਾ ਰਹਿੰਦਾ ਤਾਂ ਮੇਰਾ ਹੋਟਲ ਤਾਂ ਬੰਦ ਈ ਹੋ ਗਿਆ ਸੀ।' ਏਸ ਨੂੰ ਗੱਪ ਹੀ ਸਮਝ ਲਿਆ ਜਾਏ ਤਾਂ ਵੀ ਏਸ ਸੱਚ ਤੋਂ ਮੁੱਖ ਨਹੀਂ ਮੋੜਿਆ ਜਾ ਸਕਦਾ ਕਿ ਨੁਸਰਤ ਫ਼ਤਹਿ ਅਲੀ ਖ਼ਾਂ ਦਾ ਜੁੱਸਾ ਦਿਨੋ ਦਿਨ ਭਾਰਾ ਹੁੰਦਾ ਚਲਾ ਗਿਆ। ਡਾਕਟਰਾਂ ਉਹਨੂੰ ਚਿਤਾਵਨੀ ਵੀ ਕਰਾਈ ਕਿ ਪੰਜ ਫੁੱਟ ਛੇ ਇੰਚ ਕੱਦ ਵਾਲੇ ਬੰਦੇ ਦਾ ਦੋ ਸੌ ਪੌਂਡ ਤੋਂ ਵੀ ਵਧਿਆ ਹੋਇਆ ਭਾਰ ਬਹੁਤ ਖ਼ਤਰਨਾਕ ਹੋ ਸਕਦਾ ਏ। ਇਕ ਡਾਕਟਰ ਬੇਲੀ ਤਾਂ ਨੁਸਰਤ ਫ਼ਤਹਿ ਅਲੀ ਖ਼ਾਂ ਦੇ ਪਿੱਛੇ ਹੀ ਪੈ ਗਿਆ ਤੇ ਕਈ ਹਫ਼ਤਿਆਂ ਦੀ ਮਸੱਲਸਲ ਕਿਰਤ ਮਗਰੋਂ ਉਹਦਾ ਕਈ ਕਿਲੋ ਗ੍ਰਾਮ ਵਜ਼ਨ ਘੱਟ ਕਰਨ ਵਿਚ ਕਾਮਯਾਬ ਵੀ ਹੋ ਗਿਆ। ਪਰ ਏਸ ਜਿਸਮਾਨੀ ਹਾਲਤ ਵਿਚ ਨੁਸਰਤ ਫ਼ਤਹਿ ਅਲੀ ਖ਼ਾਂ ਨੇ ਗਾਇਕੀ ਦਾ ਰਿਆਜ਼ ਕਰਨ ਦਾ ਜਦ ਯਤਨ ਕੀਤਾ ਤਾਂ ਉਸ ਤੋਂ ਠੀਕ ਤੌਰ 'ਤੇ ਗਾਇਆ ਹੀ ਨਾ ਗਿਆ। ਮੁਕੰਮਲ ਚੈੱਕਅਪ ਮਗਰੋਂ ਡਾਕਟਰਾਂ ਏਹ ਦੱਸ ਕੇ ਸਭ ਨੂੰ ਹੈਰਾਨ ਕਰ ਦਿੱਤਾ ਕਿ ਨੁਸਰਤ ਫਤਹਿ ਅਲੀ ਖ਼ਾਂ ਦੀ ਆਵਾਜ਼ ਵਿਚ ਮੌਜੂਦ ਮਿੱਠਤ, ਲੋਚ ਤੇ ਪਹਾੜੀ ਝਰਨਿਆਂ ਜਿਹੀ ਝਰਨਾਹਟ ਦਾ ਸਿੱਧਾ ਸੰਬੰਧ ਉਹਦੀ ਭਾਰੀ ਦੇਹ ਨਾਲ ਸੀ ਤੇ ਉਹਦੀ ਆਵਾਜ਼ ਦੇ ਖ਼ਰਾਬ ਹੋਣ ਦਾ ਸਬੱਬ ਉਹਦੇ ਜਿਸਮ ਦਾ ਹੌਲਾ ਹੋ ਜਾਣਾ ਏ। ਇਸ ਮੌਕੇ 'ਤੇ ਨੁਸਰਤ ਫ਼ਤਹਿ ਅਲੀ ਖ਼ਾਂ ਨੇ ਆਖਿਆ ਸੀ, 'ਬੇਸੁਰੇ ਬਣ ਕੇ ਲੰਮੀ ਉਮਰ ਜੀਣਾ ਮੈਨੂੰ ਪਸੰਦ ਨਹੀਂ। ਮੈਂ ਸੁਰੀਲਾ ਹੀ ਰਹਿਣਾ ਚਾਹੁੰਦਾ ਹਾਂ, ਭਾਵੇਂ ਮੇਰੇ ਜੀਣ ਦੇ ਦਿਨ ਕਿੰਨੇ ਹੀ ਥੋੜ੍ਹੇ ਕਿਉਂ ਨਾ ਹੋ ਜਾਣ...।' ਇਹਦੇ ਤੋਂ ਕੁਝ ਦਿਨਾਂ ਬਾਅਦ ਨੁਸਰਤ ਫ਼ਤਹਿ ਅਲੀ ਖ਼ਾਂ ਇਕ ਮਹਿਫ਼ਲ ਵਿਚ ਬੜੀ ਸੋਹਣੀ ਸੁਰ ਨਾਲ ਗਾ ਰਿਹਾ ਸੀ। ਪਰ ਹੁਣ ਉਸ ਦਾ ਭਾਰ ਅੱਗੇ ਤੋਂ ਵੀ ਕਿਤੇ ਵਧਿਆ ਹੋਇਆ ਜਾਪਦਾ ਸੀ। ਕਰੀਬੀ ਸੱਜਣ ਉਹਦੀ ਆਵਾਜ਼ ਵਿਚਲੇ ਗੁਣ ਮੁੜ ਜ਼ਾਹਰ ਹੋਣ ਉੱਤੇ ਤਾਂ ਖ਼ੁਸ਼ ਸਨ ਪਰ ਗਾਇਕੀ ਦੀ ਖ਼ਾਤਰ ਨੁਸਰਤ ਫ਼ਤਹਿ ਅਲੀ ਖ਼ਾਂ ਵੱਲੋਂ ਆਪਣੀ ਜ਼ਿੰਦਗੀ ਨੂੰ ਵੀ ਖ਼ਤਰੇ ਵਿਚ ਪਾ ਦੇਣ ਦਾ ਸਾਰਿਆਂ ਨੂੰ ਦੁੱਖ ਵੀ ਹੋ ਰਿਹਾ ਸੀ।

ਚਾਲ੍ਹੀ ਸਾਲਾਂ ਦੀ ਹੱਦ ਟੱਪਣ ਮਗਰੋਂ ਨੁਸਰਤ ਫ਼ਤਹਿ ਅਲੀ ਖ਼ਾਂ ਦਾ ਵਜੂਦ ਪੂਰੀ ਤਰ੍ਹਾਂ ਸ਼ੱਕਰ ਰੋਗ ਦੇ ਸ਼ਕੰਜੇ ਵਿਚ ਆ ਚੁੱਕਾ ਸੀ। ਹੁਣ ਹੋਰ ਕੋਈ ਰੋਗ ਵੀ ਉਹਦੇ ਜਿਸਮ ਵਿਚ ਆਪਣੀ ਥਾਂ ਬਣਾਉਣ ਵਿਚ ਕਾਮਯਾਬ ਹੋ ਗਏ ਸਨ। ਸੱਚੀ ਗੱਲ ਏ ਡਾਇਬੈਟੀਜ਼ ਸੌ ਬਿਮਾਰੀਆਂ ਦੀ ਜੜ੍ਹ ਹੁੰਦੀ ਏ। ਉਹ ਥੋੜ੍ਹਾ ਜਿਹਾ ਪੈਦਲ ਚੱਲਦਾ ਤਾਂ ਉਹਦਾ ਬਲੱਡ ਪ੍ਰੈਸ਼ਰ ਬਹੁਤ ਉੱਚਾ ਚਲਾ ਜਾਂਦਾ। ਜਿਥੇ ਵੀ ਉਹਦਾ ਕੋਈ ਪ੍ਰੋਗਰਾਮ ਹੋਣਾ ਹੁੰਦਾ ਤਾਂ ਇੰਤਜ਼ਾਮੀਆ ਅੱਗੇ ਇਹ ਸ਼ਰਤ ਜ਼ਰੂਰ ਰੱਖਦਾ ਕਿ ਗੀਤ ਸੰਗੀਤ ਪੇਸ਼ ਕਰਨ ਵਾਲੇ ਸਟੇਜ਼ ਤਕ ਪੁੱਜਣ ਲਈ ਉਹਨੂੰ ਜ਼ਿਆਦਾ ਟੁਰਨਾ ਨਾ ਪਵੇ। ਖ਼ਾਸ ਕਰਕੇ ਪੌੜੀਆਂ ਚੜ੍ਹਨ ਤੋਂ ਤਾਂ ਉਹ ਬਹੁਤ ਘਬਰਾਉਣ ਲੱਗ ਪਿਆ ਸੀ। ਜਿਥੇ ਪ੍ਰਬੰਧਕ ਏਸ ਗੱਲ ਦਾ ਖ਼ਿਆਲ ਨਾ ਰੱਖਦੇ, ਉਥੇ ਪੈਦਲ ਚੱਲਣ ਪਿੱਛੋਂ ਆਪਣੇ ਚੜ੍ਹੇ ਹੋਏ ਸਾਹ ਸਵਾਹਰੇ ਕਰਨ ਤੇ ਉੱਚੇ ਹੋ ਗਏ ਬਲੱਡ ਪ੍ਰੈਸ਼ਰ ਨੂੰ ਕਾਬੂ ਕਰਨ ਲਈ ਉਹ ਕਾਫ਼ੀ ਵੇਲਾ ਲੈਂਦਾ। ਕਈ ਵਾਰ ਡਾਕਟਰਾਂ ਦੀ ਲੋੜ ਵੀ ਪੈ ਜਾਂਦੀ ਤੇ ਉਹਦੇ ਪ੍ਰੋਗਰਾਮ ਅਕਸਰ ਦੇਰ ਨਾਲ ਸ਼ੁਰੂ ਹੁੰਦੇ। ਪ੍ਰੋਗਰਾਮ ਮੁੱਕਣ ਉੱਤੇ ਉਹਦਾ ਜੋੜ ਜੋੜ ਅੱਤ ਥਕੇਵੇਂ ਨਾਲ ਦੁਖ ਰਿਹਾ ਹੁੰਦਾ ਅਤੇ ਉਹ ਮਾਲਿਸ਼ ਕਰਾਉਣ ਦੀ ਲੋੜ ਮਹਿਸੂਸ ਕਰਦਾ। ਏਸ ਕੰਮ ਲਈ ਉਹਨੇ ਦੋ ਮਾਲਸ਼ੀਏ ਪੱਕੇ ਤੌਰ ਮੁਲਾਜ਼ਮ ਰੱਖ ਲਏ ਸਨ। ਇਹ ਮਾਲਸ਼ੀਏ ਉਹਦੇ ਨਾਲ ਵਿਦੇਸ਼ਾਂ ਵਿਚ ਵੀ ਜਾਂਦੇ ਰਹੇ। ਪਰ ਇਹ ਬੜੀ ਹੈਰਾਨੀ ਵਾਲੀ ਗੱਲ ਸੀ ਕਿ ਇਕ ਵਾਰ ਉਹ ਗਾਉਣ ਲੱਗ ਪੈਂਦਾ ਤਾਂ ਫੇਰ ਕਈ-ਕਈ ਘੰਟੇ ਬਿਨਾਂ ਵਿਚਕਾਰ ਆਰਾਮ ਕੀਤੇ ਗਾਉਂਦਾ ਹੀ ਚਲਾ ਜਾਂਦਾ। ਜੇ ਉਸ ਨੂੰ ਕੋਈ ਜਿਸਮਾਨੀ ਤਕਲੀਫ਼ ਹੁੰਦੀ ਵੀ ਤਾਂ ਏਸ ਗਾਇਕੀ ਦੇ ਦੌਰਾਨ ਉਹ ਵੀ ਖ਼ਤਮ ਹੋਈ ਹੋਈ ਜਾਪਦੀ। ਇਹਦੇ ਬਾਰੇ ਉਹ ਬੜੇ ਮਾਣ ਨਾਲ ਆਪਣੇ ਬੇਲੀਆਂ ਨੂੰ ਦੱਸਦਾ ਕਿ ਇਹ ਸਭ ਕੁਝ ਉਹਨੂੰ ਸੂਫ਼ੀ ਬਜ਼ੁਰਗਾਂ ਦੇ ਸਦਕੇ ਹੀ ਹੁੰਦਾ ਹੈ, ਜਿਨ੍ਹਾਂ ਦਾ ਪੰਜਾਬੀ ਕਲਾਮ ਮੈਂ ਗਾਉਂਦਾ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਬਹੁਤ ਸਾਰੇ ਸ਼ਬਦਾਂ ਦਾ ਗਾਇਨ ਕਰਨਾ ਉਸ ਦੀ ਉਹ ਦਿਲੀ ਰੀਝ ਸੀ ਜਿਹੜੀ ਕਿ ਉਸ ਦੀ ਮਨਸ਼ਾ ਮੁਤਾਬਕ ਪੂਰੀ ਨਾ ਹੋ ਸਕੀ। ਅਸਲ ਵਿਚ ਏਸ ਪੌਣ ਪਾਣੀ ਨੂੰ ਗਾਇਨ ਕਰਨ ਲਈ ਆਪਣੇ ਮਨ ਵਿਚ ਜੋ ਇਕ ਉੱਚਾ ਮਈਆਰ ਬਣਾਇਆ

ਸੀ, ਉਸ ਦੇ ਮੁਤਾਬਕ ਤਿਆਰੀ ਅਤੇ ਪ੍ਰਬੰਧ ਕਰਨ ਦਾ ਨੁਸਰਤ ਫ਼ਤਹਿ ਅਲੀ ਖ਼ਾਂ ਨੂੰ ਪੂਰੀ ਤਰ੍ਹਾਂ ਮੌਕਾ ਹੀ ਨਹੀਂ ਮਿਲ ਸਕਿਆ ਸੀ।

ਆਪਣੀ ਸਿਹਤ ਵੱਲੋਂ 1997 ਦਾ ਸਾਲ ਨੁਸਰਤ ਫ਼ਤਹਿ ਅਲੀ ਖ਼ਾਂ ਲਈ ਸ਼ੁਰੂ ਵਿਚ ਤਾਂ ਕੋਈ ਜ਼ਿਆਦਾ ਬੁਰਾ ਨਹੀਂ ਸੀ ਲੱਗ ਰਿਹਾ ਪਰ ਅਗਸਤ ਦੇ ਮੁੱਢ 'ਤੇ ਹੀ ਇਹ ਪਤਾ ਲੱਗਣ ਉੱਤੇ ਪੂਰਾ ਪਰਿਵਾਰ ਢੇਰ ਪ੍ਰੇਸ਼ਾਨ ਹੋ ਗਿਆ ਸੀ ਕਿ ਸ਼ੂਗਰ ਨੇ ਉਸ ਦੇ ਗੁਰਦਿਆਂ ਨੂੰ ਬੁਰੀ ਤਰ੍ਹਾਂ ਮਤਾਸਰ ਕਰ ਦਿੱਤਾ ਹੈ। ਉਸ ਦੇ ਜਿਗਰ ਵਿਚ ਪਾਣੀ ਇਕੱਠਾ ਹੋਣ ਲੱਗ ਪਿਆ ਸੀ। ਜਿਗਰ ਸਾਫ਼ ਕਰਾਉਣ ਲਈ ਉਹ ਲਾਹੌਰ ਦੇ ਇਕ ਹਸਪਤਾਲ ਵਿਚ ਦਾਖ਼ਲ ਹੋਇਆ ਸੀ ਪਰ ਆਪਣੇ ਤੋਂ ਇਹ ਰੋਗ ਭਾਰੀ ਹੁੰਦਾ ਵੇਖ ਕੇ ਏਸ ਹਸਪਤਾਲ ਦੇ ਡਾਕਟਰਾਂ ਉਹਨੂੰ ਵਿਦੇਸ਼ ਜਾਣ ਦੀ ਸਲਾਹ ਦਿੱਤੀ ਸੀ। ਲੰਡਨ ਜਾ ਕੇ ਉਹ ਉਥੇ ਦੇ ਕਰੋਮਵੈੱਲ ਹਸਪਤਾਲ ਵਿਚ ਐਡਮਿਟ ਹੋ ਗਿਆ ਸੀ। ਏਸ ਹਸਪਤਾਲ ਵਿਚ ਇਲਾਜ ਕਰਾਉਂਦਿਆਂ ਪੰਜਵਾਂ ਦਿਨ ਹੋਇਆ ਸੀ ਕਿ ਡਾਕਟਰਾਂ ਇਹ ਕਾਢ ਕੱਢੀ ਕਿ ਉਹਦੀ ਬਿਮਾਰੀ ਵਿਗੜ ਕੇ Hepatitis B ਤੇ C ਜਿਹੇ ਅੱਤ ਮਾਰੂ ਰੋਗ ਦਾ ਰੂਪ ਧਾਰਨ ਕਰ ਗਈ ਏ ਤੇ ਏਸ ਦਾ ਠੀਕ ਇਲਾਜ ਅਮਰੀਕਾ ਵਿਚ ਈ ਹੋ ਸਕਦਾ ਏ। ਅਮਰੀਕਾ ਭੇਜਣ ਦੀ ਤਿਆਰੀ ਵਿਚ ਹੀ ਕਰੋਮਵੈੱਲ ਹਸਪਤਾਲ ਦੇ ਇਕ ਸਪੈਸ਼ਲਿਸਟ ਡਾਕਟਰ ਵਾਲਨ ਨੇ ਨੁਸਰਤ ਫ਼ਤਹਿ ਅਲੀ ਖ਼ਾਂ ਦੇ ਜਿਗਰ ਦਾ ਇਲਾਜ ਸ਼ੁਰੂ ਕੀਤਾ। ਪਰ 15 ਅਗਸਤ ਜੁੰਮੇ ਦੀ ਰਾਤ ਦੇ ਅੱਠ ਵਜੇ ਤਕ ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਂ ਦੀ ਹਾਲਤ ਇਕਦਮ ਬਹੁਤ ਵਿਗੜ ਗਈ ਸੀ। ਸਾਹ ਲੈਣ ਵਿਚ ਔਖ ਹੁੰਦੀ ਵੇਖ ਕੇ ਉਹਦੇ ਮੂੰਹ 'ਤੇ ਗੈਸ ਮਾਸਕ ਚੜ੍ਹਾ ਦਿੱਤਾ ਗਿਆ ਸੀ। 16 ਅਗਸਤ ਆਏ ਸ਼ਨਿਚਰਵਾਰ ਨੂੰ ਉਹਦੀ ਹਾਲਤ ਹੋਰ ਵੀ ਮੰਦੀ ਹੋ ਗਈ ਸੀ। ਇਸ ਲਈ ਹਸਪਤਾਲ ਦੇ ਗੋਰੇ ਡਾਕਟਰਾਂ ਜ਼ਾਤੀ ਡਾਕਟਰ ਯਕੂਬ ਨੂੰ ਵੀ ਉਥੇ ਮਦਦ ਲਈ ਬੁਲਾ ਲਿਆ ਸੀ। ਉਸ ਵੇਲੇ ਨੁਸਰਤ ਫ਼ਤਹਿ ਅਲੀ ਖ਼ਾਂ ਦੇ ਕੋਲ ਉਹਦੇ ਪਰਸਨਲ ਸੈਕਟਰੀ ਹਾਜ਼ੀ ਇਕਬਾਲ, ਪਾਕਿਸਤਾਨੀ ਕ੍ਰਿਕਟ ਟੀਮ ਦੇ ਇਕ ਪਿਛਲੇ ਕਪਤਾਨ ਜਾਵੇਦ ਮੀਆਂਦਾਦ ਤੋਂ ਵੱਖ ਕੁਝ ਪੱਤਰਕਾਰ ਵੀ ਮੌਜੂਦ ਸਨ। ਆਈ.ਸੀ.ਯੂ. ਵੱਲ ਜਦ ਨੁਸਰਤ ਫ਼ਤਹਿ ਅਲੀ ਖ਼ਾਂ ਦੀ ਸਟਰੇਚਰ ਲੈ ਜਾਈ ਜਾ ਰਹੀ ਸੀ ਤਾਂ ਅਚਾਨਕ ਉਹਨੂੰ ਹੋਸ਼ ਆ ਗਈ ਤੇ ਉਹਨੇ ਆਪਣੇ ਸਕੱਤਰ ਤੋਂ ਵੱਖ ਪੱਤਰਕਾਰਾਂ ਨਾਲ ਵੀ ਥੋੜ੍ਹੀ ਬਹੁਤ ਗੱਲ ਕੀਤੀ। ਨੁਸਰਤ ਫ਼ਤਹਿ ਅਲੀ ਖ਼ਾਂ ਦੀ ਜਿਸਮਾਨੀ ਹਾਲਤ ਤੋਂ ਬੇਉਮੀਦ ਹੋਏ ਡਾਕਟਰ ਯਕੂਬ ਨੇ ਜਦ ਆਈ.ਸੀ.ਯੂ. ਤੋਂ ਬਾਹਰ ਆ ਕੇ ਹਾਜ਼ੀ ਇਕਬਾਲ ਨੂੰ ਇਹ ਆਖਿਆ ਕਿ ਉਹ ਲਾਹੌਰ ਫ਼ੂਨ ਕਰਕੇ ਭਾਬੀ ਨਾਹੀਦ ਨੂੰ ਸ਼ਾਮ ਤਕ ਲੰਡਨ ਪੁੱਜਣ ਦਾ ਆਖੇ ਤਾਂ ਬਾਹਰ ਮੌਜੂਦ ਸਾਰੇ ਸੱਜਣਾਂ ਦੇ ਰੰਗ ਪੀਲੇ ਪੈ ਗਏ ਸਨ।

16 ਅਗਸਤਰ 1997 ਨੂੰ 11.55 GMT ਉੱਤੇ ਪਾਕਿਸਤਾਨੀ ਵਕਤ ਮੁਜਬ ਪਿਛਲੇ ਪਹਿਰ ਚਾਰ ਵੱਜ ਕੇ ਪਚਵਿੰਜਾ ਮਿੰਟਾਂ ਉੱਤੇ ਪੰਜਾਬੀ ਦੇ ਮਹਾਨ ਗਾਇਕ ਨੁਸਰਤ ਫ਼ਤਹਿ ਅਲੀ ਖ਼ਾਂ ਨੇ ਹਮੇਸ਼ਾ ਹਮੇਸ਼ਾ ਲਈ ਅੱਖੀਂ ਬੰਦ ਕਰ ਲਈਆਂ ਸਨ। ਆਈ.ਸੀ.ਯੂ. ਤੋਂ ਬਾਹਰ ਆ ਕੇ ਜਦ ਯਕੂਬ ਇਹ ਮੰਦਭਾਗੀ ਖ਼ਬਰ ਪੱਤਰਕਾਰਾਂ ਨੂੰ ਦੇ ਰਿਹਾ ਸੀ ਉਸ ਵੇਲੇ ਹੀ ਹਾਜ਼ੀ ਇਕਬਾਲ ਦੇ ਮੋਬਾਇਲ ਫ਼ੂਨ ਦੀ ਘੰਟੀ ਵੱਜੀ, 'ਭਾਈ ਸਾਹਬ ਦਾ ਹੁਣ ਕੀ ਹਾਲ ਹੈ ?' ਲਾਇਲਪੁਰ ਪਾਕਿਸਤਾਨ ਵਿਚ ਬੈਠਾ ਨੁਸਰਤ ਫ਼ਤਹਿ ਅਲੀ ਖ਼ਾਂ ਦਾ ਛੋਟਾ ਭਰਾ ਫ਼ਰਖ਼ ਫ਼ੂਨ 'ਤੇ ਪੁੱਛ ਰਿਹਾ ਸੀ। ਫ਼ਰਖ਼ ਸਵੇਰ ਦਾ ਹੀ ਟੈਲੀਫ਼ੂਨ ਲਾ ਕੇ ਬੈਠਾ ਹੋਇਆ ਸੀ ਤੇ ਆਪਣੇ ਪਰਿਵਾਰ ਤੇ ਸੱਜਣਾਂ ਮਿੱਤਰਾਂ ਨੂੰ ਨੁਸਰਤ ਫ਼ਤਹਿ ਅਲੀ ਖ਼ਾਂ ਦੀ ਹਾਲਤ ਤੋਂ ਪਲ ਪਲ ਜਾਣੂ ਕਰਵਾਂਦਾ ਰਿਹਾ ਸੀ। ਫ਼ਰਖ਼ ਨੂੰ ਉਹਦੇ ਵੱਡੇ ਵੀਰ ਦੀ ਮੌਤ ਬਾਰੇ ਦੱਸਦਿਆਂ ਹਾਜ਼ੀ ਇਕਬਾਲ ਦੀਆਂ ਡਾਡਾਂ ਹੀ ਨਿਕਲ ਗਈਆਂ ਸਨ ਤੇ ਦੂਜੇ ਪਾਸੇ ਵੀ ਫ਼ੂਨ ਦਾ ਚੋਂਘਾ ਥੱਲੇ ਢਹਿ ਗਿਆ ਸੀ। ਫ਼ਰਖ਼ ਨੇ ਹੀ ਫ਼ੈਸਲਾਬਾਦ ਤੋਂ ਫ਼ੂਨ ਲਾਹੌਰ ਕਰਕੇ ਭਾਬੀ ਨਾਹੀਦ ਨੂੰ ਇਹ ਮਨਹੂਸ ਖ਼ਬਰ ਸੁਣਾਈ ਤੇ ਤੁਰੰਤ ਬਾਅਦ ਈ ਆਪਣੀ ਕਾਰ ਲਾਹੌਰ ਵੱਲ ਭਜਾ ਦਿੱਤੀ। ਇਕਦਮ ਪੁੱਜੇ ਸ਼ਾਕ ਨਾਲ ਭਾਬੀ ਨਾਹੀਦ ਬੇਹੋਸ਼ ਹੋ ਗਈ ਤਾਂ ਘਰ ਵਿਚ ਮੌਜੂਦ ਨੁਸਰਤ ਫ਼ਤਹਿ ਅਲੀ ਖ਼ਾਂ ਦਾ ਭਤੀਜਾ ਆਸਮ ਉਹਨੂੰ ਲੈ ਕੇ ਇਤਫ਼ਾਕ ਹਸਪਤਾਲ ਵੱਲ ਦੌੜ ਪਿਆ। ਜ਼ਰੂਰੀ ਇਲਾਜ ਕਰਾਵਣ ਤੇ ਹੋਸ਼ ਵਿਚ ਆਵਣ ਮਗਰੋਂ ਭਾਬੀ ਨਾਹੀਦ ਘਰ ਨੂੰ ਮੁੜ ਆਈ ਸੀ ਪਰ ਬਲੱਡ ਪ੍ਰੈਸ਼ਰ ਉੱਚਾ ਹੋ ਜਾਵਣ ਕਰਕੇ ਉਹਦੀ ਹਾਲਤ ਵੀ ਕਾਫ਼ੀ ਮੰਦੀ ਸੀ। ਉਸ ਵੇਲੇ ਦੁਨੀਆ ਦੇ ਤਕਰੀਬਨ ਸਾਰੇ ਰੇਡੀਓ ਸਟੇਸ਼ਨ ਅਤੇ ਟੀ.ਵੀ. ਚੈਨਲ ਨੁਸਰਤ ਫ਼ਤਹਿ ਅਲੀ ਖ਼ਾਂ ਦੇ ਚਲਾਣਾ ਕਰਨ ਦੀ ਖ਼ਬਰ ਹਰ ਥਾਂ ਅਪੜਾਉਣ ਵਿਚ ਰੁੱਝੇ ਹੋਏ ਸਨ। ਅਮਰੀਕਾ ਵਿਚ ਉਸ ਦਿਨ Rock'N Roll ਸੰਗੀਤ ਦੇ ਬਾਦਸ਼ਾਹ Elves Presley ਦੀ ਬਰਸੀ ਦੇ ਪ੍ਰੋਗਰਾਮ ਹੋ ਰਹੇ ਸਨ ਪਰ ਇਹ ਪਹਿਲੀ ਵਾਰ ਹੋਇਆ ਸੀ ਕਿ ਆਪਣੇ ਏਸ ਹਰਮਨ ਪਿਆਰੇ ਗਾਇਕ ਦੇ ਰੇਡੀਓ ਤੇ

ਟੀ.ਵੀ. ਚੈਨਲਾਂ ਉੱਤੇ ਚੱਲਦੇ ਪ੍ਰੋਗਰਾਮਾਂ ਨੂੰ ਰੋਕ ਕੇ ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਂ ਬਾਰੇ ਡਾਕੂਮੈਂਟਰੀ ਫ਼ਿਲਮਾਂ ਤੇ ਉਹਦੇ ਜੱਗ ਘੁੰਮੇ ਪੰਜਾਬੀ ਗੀਤ ਤੇ ਕਵਾਲੀਆਂ ਅਮਰੀਕਾ ਵਿਚ ਸੁਣਾਈਆਂ ਜਾਣ ਲੱਗ ਪਈਆਂ। ਏਸੇ ਤਰ੍ਹਾਂ ਹੀ ਫਰਾਂਸ, ਜਰਮਨ, ਬੈਲਜੀਅਮ, ਇਟਲੀ, ਜਾਪਾਨ, ਕੈਨੇਡਾ ਤੇ ਹੋਰ ਦੇਸ਼ਾਂ ਦੇ ਰੇਡੀਓ, ਟੀ.ਵੀ. ਚੈਨਲ ਏਸ ਖ਼ਬਰ ਨੂੰ ਬੜੀ ਅਹਿਮੀਅਤ ਦਿੱਤੀ। ਉਸ ਵੇਲੇ ਦੁਨੀਆ ਭਰ ਦੇ ਰੇਡੀਓ ਸਟੇਸ਼ਨ 'ਤੇ ਟੀ.ਵੀ. ਚੈਨਲ ਨੁਸਰਤ ਫ਼ਤਹਿ ਅਲੀ ਖ਼ਾਂ ਨੂੰ ਸਲਾਮ ਪੇਸ਼ ਕਰਦੇ ਹੋਏ ਉਹਦੇ ਗਾਏ ਜੋ ਪੰਜਾਬੀ ਗੀਤ ਅਤੇ ਕਵਾਲੀਆਂ ਸੁਣਾ ਰਹੇ ਸਨ। ਉਨ੍ਹਾਂ ਦੀ ਗੂੰਜ ਸੁਣ ਕੇ ਈ ਇਕ ਯੂਰਪੀ ਟੀ.ਵੀ. ਚੈਲਨ ਉੱਤੇ ਖ਼ਬਰਾਂ ਪੜ੍ਹਨ ਵਾਲੇ ਨੇ ਤਬਸਰਾ ਕੀਤਾ ਸੀ : 'This very time whole world echoes with Mast Mast.'

ਮਸ਼ਹੂਰ ਸੰਗੀਤਕਾਰ ਕਰਿਸਟਾਈਨ ਕੈਲੇ ਨੇ ਨੁਸਰਤ ਫ਼ਤਹਿ ਅਲੀ ਖ਼ਾਂ ਨੂੰ ਇਨ੍ਹਾਂ ਲਫ਼ਜ਼ਾਂ ਵਿਚ ਆਪਣੀ ਅਕੀਦਤ ਦੇ ਫੁੱਲ ਭੇਟ ਕੀਤੇ— 'He was a legend with a universal message of love and rhythm.'

ਉਂਜ ਤਾਂ ਨੁਸਰਤ ਫ਼ਤਹਿ ਅਲੀ ਖ਼ਾਂ ਨੇ ਲਾਇਲਪੁਰ ਦੇ ਮਹੱਲਾ ਲਸੂੜੀ ਸ਼ਾਹ ਵਿਚ ਮੌਜੂਦ ਆਪਣੇ ਮਾਪਿਆਂ ਨੂੰ ਅਲਾਟ ਹੋਏ ਘਰ ਤੋਂ ਵੱਖ ਉਸੇ ਸ਼ਹਿਰ ਦੀ ਇਕ ਨਵੀਂ ਬਸਤੀ ਨਿਆਮਤ ਕਲੋਨੀ ਵਿਚ ਵੀ ਇਕ ਸੋਹਣੀ ਕੋਠੀ ਬਣਵਾਈ ਹੋਈ ਸੀ ਪਰ ਲਾਹੌਰ ਵਿਚ ਉਹ ਕਈ ਸਾਲਾਂ ਤੋਂ ਕਿਰਾਏ ਦੇ ਘਰਾਂ ਵਿਚ ਹੀ ਰਹਿੰਦਾ ਰਿਹਾ। ਕਦੀ ਅਲਾਮਾ ਇਕਬਾਲ ਟਾਊਨ ਵਿਚ ਤੇ ਕਦੀ ਫ਼ੈਸਲ ਟਾਊਨ ਲਾਹੌਰ ਵਿਚ। ਲਾਹੌਰ ਵਿਚ ਵੀ ਆਪਣਾ ਇਕ ਵਧੀਆ ਘਰ ਬਣਾਉਣ ਦੀ ਉਹਨੂੰ ਸ਼ੁਰੂ ਤੋਂ ਹੀ ਬਹੁਤ ਰੀਝ ਰਹੀ ਸੀ। ਮਾਡਲ ਟਾਊਨ ਲਾਹੌਰ ਵਿਚ ਇਕ ਮਹੱਲਾਂ ਵਰਗਾ ਆਲੀਸ਼ਾਨ ਘਰ ਬਣਵਾ ਕੇ ਉਹਦਾ ਇਹ ਸੁਫ਼ਨਾ ਪੂਰਾ ਹੋਇਆ ਸੀ ਪਰ ਬਦਕਿਸਮਤੀ ਵੇਖੋ ਕਿ ਤਾਮੀਰ ਮੁਕੰਮਲ ਹੋਣ ਮਗਰੋਂ ਉਹ ਜੂਨ 1997 ਵਿਚ ਆਪਣੇ ਪਰਿਵਾਰ ਸਮੇਤ ਇਸ ਘਰ ਵਿਚ ਆਇਆ ਸੀ ਤੇ ਅਗਸਤ 1997 ਵਿਚ ਇਸ ਦੁਨੀਆ ਤੋਂ ਹੀ ਵਿਦਿਆ ਹੋ ਗਿਆ ਸੀ। ਚਾਵਾਂ ਨਾਲ ਬਣਾਏ ਸ਼ਿੰਗਾਰੇ ਉਸ ਘਰ ਵਿਚ ਉਹਨੂੰ ਮਸਾਂ ਦੋ ਮਹੀਨੇ ਹੀ ਰਹਿਣਾ ਨਸੀਬ ਹੋਇਆ ਸੀ। ਉਸ ਰਾਤ ਨੂੰ ਮੈਂ ਆਪਣੇ ਘਰ ਤੋਂ ਥੋੜ੍ਹੀ ਵਾਟ ਉੱਤੇ ਮੌਜੂਦ ਇਸ ਘਰ ਵਿਚ ਇਕ ਵਾਰ ਫੇਰ ਗਿਆ ਤਾਂ ਵੇਖਿਆ ਕਿ ਕਾਫ਼ੀ ਲੋਕ ਉਥੇ ਆ ਜੁੜੇ ਸਨ। ਨੁਸਰਤ ਫ਼ਤਹਿ ਅਲੀ ਖ਼ਾਂ ਦਾ ਭਤੀਜਾ ਆਸਮ ਤੇ ਮੈਨੇਜਰ ਮੁਮਤਾਜ਼ ਅਫ਼ਸੋਸ ਕਰਨ ਲਈ ਹੁੰਮ ਹੁਮਾ ਕੇ ਆ ਰਹੇ ਲੋਕਾਂ ਨਾਲ ਰੁੱਝੇ ਹੋਏ ਸਨ। ਉਹ ਬਹੁਤ ਸਾਰੇ ਨੌਜਵਾਨ ਮੁੰਡੇ ਜਿਹੜੇ ਨੁਸਰਤ ਫ਼ਤਹਿ ਅਲੀ ਖ਼ਾਂ ਕੋਲੋਂ ਸੰਗੀਤ ਦੀ ਸਿੱਖਿਆ ਲੈਂਦੇ ਰਹੇ ਸਨ, ਉਹ ਕੋਠੀ ਦੇ ਬਰਾਂਡੇ ਦੀਆਂ ਪੌੜੀਆਂ ਉੱਤੇ ਢੇਰੀ ਢਾਹ ਕੇ ਬੈਠੇ ਹੋਏ ਸਨ। ਉਨ੍ਹਾਂ ਵਿਚੋਂ ਕੁਝ ਆਪਣੇ ਗੁਰੂ ਦੀਆਂ ਵੱਡੀਆਂ ਤਸਵੀਰਾਂ ਫੜੀ ਇਕ ਟਕ ਉਨ੍ਹਾਂ ਵੱਲ ਵੇਖੀ ਜਾ ਰਹੇ ਸਨ ਜਦ ਕਿ ਕੁਝ ਬਰਾਂਡੇ ਦੀਆਂ ਨੁੱਕਰਾਂ ਵਿਚ ਸਿਰ ਦਿੱਤੀ ਹੰਝੂ ਵਹਾ ਰਹੇ ਸਨ। ਘਰ ਦੇ ਅੰਦਰ ਔਰਤਾਂ ਦਾ ਘੜਮੱਸ ਸੀ। ਬਹੁਤੀਆਂ ਬੀਬੀਆਂ ਆਪਣੀਆਂ ਅੱਖਾਂ ਵਿਚ ਮੁੱਕੀਆਂ ਦਈ ਰੋ ਰਹੀਆਂ ਸਨ ਤੇ ਸਭ ਤੋਂ ਉੱਚੀ ਆਵਾਜ਼ ਭਾਬੀ ਨਾਹੀਦ ਦੀਆਂ ਪੀੜ ਭਰੀਆਂ ਧਾਹਾਂ ਦੀ ਸੀ। ਨੁਸਰਤ ਫ਼ਤਹਿ ਅਲੀ ਖ਼ਾਂ ਦੀ ਇਕੱਲੀ ਇਕੱਲੀ ਧੀ ਨਿੱਦਾ ਫ਼ਾਤਮਾ ਆਪਣੀ ਮਾਂ ਤੋਂ ਵਧੇਰੇ ਦਲੇਰ ਜਾਪਦੀ ਸੀ। ਇਕ ਵਾਰ ਖੁੱਲ੍ਹ ਕੇ ਰੋ ਲੈਣ ਮਗਰੋਂ ਤੇਰ੍ਹਾਂ ਸਾਲਾਂ ਦੀ ਅਤੇ ਸੱਤਵੀਂ ਜਮਾਤੇ ਪੜ੍ਹਨ ਵਾਲੀ ਨਿੱਦਾ ਉਸ ਵੇਲੇ ਆਪਣੇ ਇਕ ਮਾਮੇ ਦੇ ਮੋਢੇ ਨਾਲ ਲੱਗੀ ਚੁੱਪਚਾਪ ਖਲੋਤੀ ਸੀ। ਹਾਂ, ਪਰ ਜਦ ਬਾਹਰੋਂ ਆਵਣ ਵਾਲੀ ਕੋਈ ਵਡੇਰੀ ਉਮਰ ਦੀ ਔਰਤ, ਨਿੱਦਾ ਨੂੰ ਆਪਣੀਆਂ ਬਾਹਵਾਂ ਦੇ ਕਲਾਵੇ ਵਿਚ ਲੈ ਕੇ ਵੈਣ ਪਾਉਂਦੀ ਤਾਂ ਫੇਰ ਉਹਨੂੰ ਵੀ ਆਪਣੇ ਆਪ ਉੱਤੇ ਕਾਬੂ ਨਾ ਰਹਿੰਦਾ ਪਰ ਬਾਅਦ ਵਿਚ ਉਹ ਛੇਤੀ ਹੀ ਆਪਣੀ ਨਿੱਕੀ ਜਹੀ ਚੁੰਨੀ ਨਾਲ ਆਪਣੀਆਂ ਅੱਥਰੂ ਕੇਰਦੀਆਂ ਅੱਖਾਂ ਪੂੰਝ ਲੈਂਦੀ।

ਦੁੱਖ ਦੀਆਂ ਪੀਂਘਾਂ ਪਾ ਕੇ ਲੱਥੀ ਏਹ ਕਾਲੀ ਰਾਤ, ਲਾਹੌਰ ਕੀ ਪੂਰੇ ਪੰਜਾਬ ਲਈ ਹੀ ਬਹੁਤ ਭਾਰੀ ਰਹੀ। ਬੱਸਾਂ, ਟਰੱਕਾਂ, ਟਰਾਲੀਆਂ ਅਤੇ ਕਾਰਾਂ ਉੱਤੇ ਲੱਦੇ ਗ਼ਮ ਦੇ ਮਾਰਿਆਂ ਹਰ ਪਾਸਿਓਂ ਲਾਹੌਰ ਵੱਲ ਮੁਹਾਰ ਕੀਤਾ। ਜਿਥੇ ਲੰਡਨ ਤੋਂ ਉਨ੍ਹਾਂ ਦੇ ਹਰਮਨ ਪਿਆਰੇ ਗਾਇਕ ਦੀ ਲਾਸ਼ ਪੁੱਜ ਰਹੀ ਸੀ। 17 ਅਗਸਤ 1997 ਨੂੰ ਸਵੇਰੇ ਸੱਤ ਵਜੇ ਤਕ ਲਾਹੌਰ ਇੰਟਰਨੈਸ਼ਨਲ ਏਅਰਪੋਰਟਾਂ ਦੇ ਬਰਾਂਡਿਆਂ ਵਿਚ ਅਤੇ ਬਾਹਰ ਸੜਕਾਂ ਉੱਤੇ ਵੀ ਤਿਲ ਧਰਨ ਦੀ ਥਾਂ ਨਹੀਂ ਸੀ ਬਚੀ। ਹਾਲਾਂਕਿ ਲਾਸ਼ ਪੌਣੇ ਅੱਠ ਵਜੇ ਏਥੇ ਪੁੱਜੀ। ਦਰਬਾਰ ਦਾਤਾ ਸਾਹਬ ਦੀ ਮਸੀਤ ਵਿਚ ਨੁਸਰਤ ਫ਼ਤਹਿ ਅਲੀ ਖ਼ਾਂ ਦੇ ਜਨਾਜ਼ੇ ਦੀ ਨਮਾਜ਼ ਪੜ੍ਹਨ ਲਈ ਪੰਜਾਬ ਦੇ ਗਵਰਨਰ ਸ਼ਾਹਿਦ ਹਾਮਦ, ਵਜ਼ੀਰੇ ਆਲਾ ਸ਼ਹਿਬਾਜ਼ ਸ਼ਰੀਫ਼ ਅਤੇ ਹੋਰ ਉੱਚੇ ਸਰਕਾਰੀ ਅਹੁਦੇਦਾਰ ਤੇ ਹੋਰ ਮਸ਼ਹੂਰ ਲੋਕ ਆ ਜੁੜੇ ਸਨ। ਲਾਹੌਰ ਏਅਰਪੋਰਟ ਤੋਂ

ਮਾਡਲ ਟਾਊਨ ਵਾਲੇ ਘਰ ਤੇ ਉਥੋਂ ਅੱਗੇ ਦਰਬਾਰ ਸਾਹਿਬ ਤਕ ਹੈਲੀਕਾਪਟਰ ਰਾਹੀਂ ਮਹਾਨ ਗਾਇਕ ਦੀ ਲਾਸ਼ ਪੁੱਜਦੀ ਕੀਤੀ ਗਈ। ਦੇਸ਼ ਦੇ ਹਾਕਮਾਂ ਅਤੇ ਨੁਸਰਤ ਫ਼ਤਹਿ ਅਲੀ ਖ਼ਾਂ ਦੇ ਘਰ ਵਾਲਿਆਂ ਤਾਂ ਆਪਣਾ ਹੱਕ ਲੈ ਲਿਆ ਸੀ। ਹੁਣ ਮਹਾਨ ਗਾਇਕ ਦੇ ਅਸਲ ਵਾਰਸਾਂ ਦੀ ਵਾਰੀ ਸੀ। ਇਹ ਚੰਗਾ ਹੋਇਆ ਕਿ ਮੀਨਾਰੇ ਪਾਕਿਸਤਾਨ ਦੇ ਖੁੱਲ੍ਹੇ ਡੁੱਲ੍ਹੇ ਪਿੜ ਵਿਚ ਆਮ ਲੋਕਾਂ ਨੂੰ ਆਪਣੇ ਹੀਰੋ ਦੇ ਆਖ਼ਰੀ ਦਰਸ਼ਨ ਕਰਾਵਣ ਦਾ ਫ਼ੈਸਲਾ ਕਰ ਲਿਆ ਗਿਆ। 11 ਵਜੇ ਦੁਪਹਿਰ ਤਕ ਮੀਨਾਰੇ ਪਾਕਿਸਤਾਨ ਦੇ ਖੁੱਲ੍ਹੇ ਪਿੜ ਵਿਚ ਲੋਕਾਂ ਦਾ ਠਾਠਾਂ ਮਾਰਦਾ ਸਮੁੰਦਰ ਇਕੱਠਾ ਹੋ ਚੁੱਕਾ ਸੀ। ਉਥੇ ਕਈ ਲੋਕ ਧਾਹਾਂ ਮਾਰ ਮਾਰ ਰੋਂਦੇ ਵੇਖੇ ਗਏ ਜਦ ਕਿ ਕੁਝ ਅਕੀਦਤ ਮੰਦ ਲੋਕ ਰਲ ਕੇ ਨੁਸਰਤ ਫ਼ਤਹਿ ਅਲੀ ਖ਼ਾਂ ਦੇ ਗਾਏ ਮਸ਼ਹੂਰ ਪੰਜਾਬੀ ਗੀਤ ਗਾ ਰਹੇ ਸਨ। ਪਰ ਹੁਣ ਉਨ੍ਹਾਂ ਗੀਤਾਂ ਦੇ ਮਾਅਨੇ ਈ ਬਦਲ ਗਏ ਲੱਗਦੇ ਸਨ। ਗਾਉਣ ਵਾਲਿਆਂ ਦੇ ਮੂੰਹਾਂ ਉੱਤੇ ਵਧੇਰੇ ਕਰਕੇ ਇਹ ਬੋਲ ਸਨ :

ਸਾਨੂੰ ਇਕ ਪਲ ਚੈਨ ਨਾ ਆਵੇ, ਸੱਜਣਾ ਤੇਰੇ ਬਿਨਾ
ਦਿਲ ਕਮਲਾ ਡੁੱਬ ਡੁੱਬ ਜਾਵੇ, ਸੱਜਣਾ ਤੇਰੇ ਬਿਨਾ

ਇਕ ਹੋਰ ਟੋਲੀ ਪੀੜ ਪਰੋਈ ਆਵਾਜ਼ ਵਿਚ ਗਾ ਰਹੀ ਸੀ—

ਦਿਲ ਮਰ ਜਾਣੇ ਨੂੰ ਕੀ ਹੋਇਆ ਸੱਜਣਾ
ਅੱਜ ਜਿੰਨਾ ਕਦੇ ਵੀ ਨਾ ਰੋਇਆ ਸੱਜਣਾ

ਇਸ ਦੇ ਨਾਲ ਹੀ ਗ਼ਮ ਮਾਰਿਆਂ ਦੀ ਇਕ ਹੋਰ ਢਾਣੀ ਨੇ ਅਲਾਪ ਛੋਹਿਆ ਹੋਇਆ ਸੀ—

ਏਸ ਤੋਂ ਡਾਢਾ ਦੁੱਖ ਨਾ ਕੋਈ
ਕਿਸੇ ਦਾ ਪਿਆਰ ਨਾ ਵਿਛੜੇ
ਯਾਰ ਨਾ ਵਿਛੜੇ

ਮੀਨਾਰੇ ਪਾਕਿਸਤਾਨ ਲਾਹੌਰ ਵਿਚ ਇਕੱਠੇ ਹੋਏ ਲੋਕਾਂ ਨੂੰ ਨੁਸਰਤ ਫ਼ਤਹਿ ਅਲੀ ਖ਼ਾਂ ਦੀ ਲਾਸ਼ ਦੇ ਦਰਸ਼ਨਾਂ ਲਈ ਇਕ ਘੰਟਾ ਵਕਤ ਦੇਣ ਮਗਰੋਂ ਉਹਨੂੰ 12 ਵਜੇ ਦੇ ਨੇੜੇ ਫ਼ੈਸਲਾਬਾਦ ਰਵਾਨਾ ਕਰ ਦਿੱਤਾ ਗਿਆ ਸੀ। ਜਿਸ ਦੇ ਪੁੱਜਣ ਤੋਂ ਪਹਿਲਾਂ ਹੀ ਅੱਠ ਬਾਜ਼ਾਰਾਂ ਵਾਲੇ ਇਸ ਸ਼ਹਿਰ ਵਿਚ ਵੀ ਆਵਾਜਾਈ ਦਾ ਚੱਕਾ ਪੂਰੀ ਤਰ੍ਹਾਂ ਬੰਦ ਹੋ ਚੁੱਕਾ ਸੀ ਤੇ ਖ਼ਲਕਤ ਦਾ ਰੁਖ਼ ਨੁਸਰਤ ਫ਼ਤਹਿ ਅਲੀ ਖ਼ਾਂ ਦੇ ਪੁਰਾਣੇ ਘਰ ਵੱਲ ਸੀ। ਪਿਛਲੇ ਪਹਿਰ ਚਾਰ ਵੱਜ ਕੇ ਪੰਜ ਮਿੰਟ ’ਤੇ ਫ਼ੈਸਲਾਬਾਦ ਦੇ ਲੰਮੇ ਚੌੜੇ ਇਕਬਾਲ ਪਾਰਕ ਵਿਚ ਏਸ ਸ਼ਹਿਰ ਦੀ ਤਵਾਰੀਖ਼ ਵਿਚ ਸਭ ਤੋਂ ਵੱਧ ਗਿਣਤੀ ਵਿਚ ਜੁੜੇ ਲੋਕਾਂ ਇਕ ਵਾਰ ਫੇਰ ਨੁਸਰਤ ਫ਼ਤਹਿ ਅਲੀ ਖ਼ਾਂ ਦੇ ਜਨਾਜ਼ੇ ਦੀ ਨਮਾਜ਼ ਪੜ੍ਹੀ ਗਈ। ਇਹਦੇ ਮਗਰੋਂ ਪੰਜਾਬੀ ਗਾਇਕ ਦੀ ਲਾਸ਼ ਨੂੰ ਪਰਤਾਬ ਨਗਰ ਦੇ ਕਬਰਸਤਾਨ ਵਿਚ ਦਫ਼ਨਾ ਦਿੱਤਾ ਗਿਆ। ਕਬਰ ਵਿਚ ਦੱਬਣ ਦੇ ਦੌਰਾਨ ਵੀ ਦੁਖੀ ਲੋਕਾਂ ਦੇ ਮੂੰਹਾਂ ਉੱਤੇ ਨੁਸਰਤ ਫ਼ਤਹਿ ਅਲੀ ਖ਼ਾਂ ਦੇ ਗਾਏ ਹੋਏ ਬੋਲ ਹੀ ਰਹੇ :

ਸੁਣ ਚਰਖ਼ੇ ਦੀ ਮਿੱਠੀ ਮਿੱਠੀ ਘੂਕ
ਮਾਹੀਆ ਮੈਨੂੰ ਯਾਦ ਆਂਵਦਾ
ਮੇਰੇ ਦਿਲ ਵਿਚੋਂ ਉੱਠਦੀ ਏ ਘੂਕ
ਮਾਹੀਆ ਮੈਨੂੰ ਯਾਦ ਆਂਵਦਾ

ਜਦ ਮਣਾਂ ਮੂੰਹੀਂ ਮਿੱਟੀ ਨਾਲ ਮਹਾਨ ਗਾਇਕ ਦੀ ਕਬਰ ਪੂਰ ਵੀ ਦਿੱਤੀ ਗਈ ਸੀ, ਉਸ ਵੇਲੇ ਵੀ ਕਬਰਸਤਾਨ ਦੀ ਇਕ ਨੁੱਕਰੇ ਖਲੋਤੇ ਅਕੀਦਤਮੰਦਾਂ ਦੀ ਇਕ ਟੋਲੀ ਰੋ ਰੋ ਕੇ ਗਾ ਰਹੀ ਸੀ :—

ਆ ਜਾ ਤੈਨੂੰ ਅੱਖੀਆਂ ਉਡੀਕਦੀਆਂ
ਸੱਜਣਾ ਤੈਨੂੰ ਅੱਖੀਆਂ ਉਡੀਕਦੀਆਂ
ਭੁੱਲ ਗਈਆਂ ਖ਼ੁਸ਼ੀਆਂ ਤੇ ਰੁਲ ਗਏ ਚਾਅ ਵੇ
ਹੁਣ ਪਤਾ ਲੱਗਾ ਕਿ ਵਿਛੋੜਾ ਕੀ ਬਲਾ ਵੇ
ਸੱਜਣਾ ਵੇ ਤੇਰੇ ਬਾਝੋਂ ਲੱਗਦਾ ਨਾ ਜੀ ਵੇ
ਜਿਥੇ ਜਾ ਕੇ ਬਹਿ ਗਿਆ ਏਂ ਉਥੇ ਤੇਰਾ ਕੀ ਵੇ

# ਸਿਖ ਗੁਰੂ ਸਾਹਿਬਾਂ ਪਰ ਅਨਹੋਏ ਵਾਰ

ਸਿੱਖਾਂ ਦੇ ਨਵੇਂ ਨਿੰਦਕ
ਪ੍ਰੋਫ਼ੈਸਰ ਜਾਦੂ ਨਾਥ ਸਰਕਾਰ ਤੇ ਸਰ ਰਾਬਿੰਦ੍ਰੋ ਨਾਥ ਟੈਗੋਰ

**–ਪ੍ਰੋ. ਪੂਰਨ ਸਿੰਘ**

'ਵਾਹਗਾ' ਦੇ ਪਿਛਲੇ ਅੰਕ ਵਿਚ ਅਸੀਂ ਜਾਦੂਨਾਥ ਸਰਕਾਰ ਤੇ ਟੈਗੋਰ ਦੇ ਉਹ ਲੇਖ ਛਾਪੇ ਸਨ, ਜਿਨ੍ਹਾਂ ਦੇ ਜਵਾਬ 'ਚ ਉਸ ਵੇਲੇ ਦੇ ਪ੍ਰੋ. ਪੂਰਨ ਸਿੰਘ ਹੁਰਾਂ ਹਥਲਾ ਪ੍ਰਤੀਕਰਮ ਕੀਤਾ ਸੀ ।

(ਸਿਖ ਗਫਲਤ ਦੀ ਨੀਂਦ ਵਿਚ ਸੁਤਾ ਪਿਆ ਹੈ, ਜਾਗਿਆ ਸਿਖ ਖਾਨਾ ਜੰਗੀ ਵਿਚ ਗਲਤਾਨ ਹੈ, ਸਿਖ ਦਾ ਵੈਰੀ ਜਾਗਦਾ ਤੇ ਸੱਟ ਦਰ ਸੱਟ ਮਾਰਦਾ ਹੈ)

ਕੁਛ ਚਿਰ ਹੋਇਆ ਹੈ ਪ੍ਰੋਫੈਸਰ ਜਾਦੂ ਨਾਥ ਸਰਕਾਰ ਨੇ ਇਕ ਲੇਖ ਅਪ੍ਰੈਲ ਪਿਛਲੀ ਦੀ ਮਾਡਰਨ ਰੀਵੀਊ ਵਿਚ ਛਪਵਾਇਆ ਸੀ, ਜਿਸਨੂੰ ਨਾਲੋ ਨਾਲ ਆਪ ਨੇ ਆਪਣੀ ਤਵਾਰੀਖ ਔਰੰਗਜ਼ੇਬ ਜਿਲਦ ਤੀਸਰੀ ਵਿਚ ਪ੍ਰਕਾਸ਼ਤ ਕੀਤਾ ਜੋ ਹੁਣ ਛਪਕੇ ਕਿਤਾਬ ਬਣ ਗਈ ਹੈ। ਇਸ ਲੇਖ ਵਿਚ ਆਪ ਨੇ ਸਰ ਰਾਬਿੰਦ੍ਰੋ ਨਾਥ ਟਾਗੋਰ ਜੀ ਦੀ ਰਾਇ ਦਿੱਤੀ ਹੈ, ਇਹ ਦੋਵੇਂ ਬੰਗਾਲੀ, ਪੰਡਤ, ਸਿੱਖ ਇਤਿਹਾਸ ਥੀਂ ਨਾਵਾਕਫ਼ ਹਨ, ਸਿੱਖੀ ਜੀਵਨ ਥੀਂ ਬੇਖਬਰ ਹਨ। ਪੰਜਾਬ ਵਿਚ ਆਪ ਇੰਨੇ ਪ੍ਰਸਿੱਧ ਨਹੀਂ, ਪਰ ਇਥੇ ਇਹ ਕਹਣਾ ਠੀਕ ਹੋਸੀ ਕਿ ਪ੍ਰੋਫੈਸਰ ਜਾਦੂ ਨਾਥ ਸਰਕਾਰ ਇਤਹਾਸ ਤੇ 'ਇਤਹਾਸ ਦੇ ਸੱਚ' ਨੂੰ ਢੂੰਢਣ ਦੇ ਵਿਚ ਬੰਗਾਲ ਦੇ ਨਵੇਂ ਗ੍ਰੈਜੁਏਟਾਂ ਦਾ ਆਗੂ ਹੈ, ਬੜਾ ਮੇਹਨਤੀ ਤੇ ਲਾਇਕ ਸਦਾਚਾਰ ਹੈ, ਨੇਕ, ਭਲੇ ਮਾਨਸ, ਸਿੱਧਾ ਸਾਧਾ ਜਿਹਾ ਚੰਗਾ ਆਦਮੀ ਹੈ ਤੇ ਆਪ ਓਹਨਾਂ ਬੰਗਾਲੀਆਂ ਪੰਡਤਾਂ ਵਿਚ ਹਨ, ਜਿਹੜੇ ਸਰ ਰਾਬਿੰਦ੍ਰੋ ਨਾਥ ਟਾਗੋਰ ਨੂੰ ਆਪਣਾ ਪੂਜਨੀਯ ਮੰਨਦੇ ਹਨ, ਆਪ ਸਰ ਰਾਬਿੰਦ੍ਰੋ ਨਾਥ ਨੂੰ ਰੂਹ ਕਰਕੇ ਪੂਜਦੇ ਹਨ, ਸਰ ਰਾਬਿੰਦ੍ਰੋ ਨਾਥ ਟਾਗੋਰ ਮਹਾ ਰਿਸ਼ੀ ਦਬਿੰਦ੍ਰੋ ਨਾਥ ਟਾਗੋਰ ਪੁਤ੍ਰ ਹਨ, ਆਪ ਨੇ ਸਾਰੀ ਉਮਰ ਗਾਉਣ ਅਰ ਨਾਵਲ ਨਵੀਸੀ ਵਿਚ ਲਾਈ ਹੈ, ਕਵੀ ਆਪ ਉੱਚੇ ਦਰਜੇ ਦੇ ਹਨ ਤੇ ਬੰਗਾਲੀ ਵਿਚ ਆਪ ਦੀ ਕਵਿਤਾ ਬੜੀ ਮਿੱਠੀ ਤੇ ਸੁਰੀਲੀ ਹੁੰਦੀ ਹੈ, ਅਮੀਰ ਘਰਾਣਾ, ਰੁਪਯਾ ਪੈਸਾ ਆਮ, ਨਾ ਕੋਈ ਫਿਕਰ ਤੇ ਨਾ ਝਮੇਲਾ। ਆਪ ਹੁਣ ਬੁੱਢੇ ਵਾਰੇ ਵਲੈਤ ਜਦ ਆਖੀਰਲੀ ਦਫਾ ਗਏ ਆਪਣੇ ਵੈਰਾਗ ਅਰ ਪਯਾਰ ਦੇ ਗੀਤ "ਗੀਤਾਂਜਲੀ" ਨਾਮੀ ਪੁਸਤਕ ਅੰਗ੍ਰੇਜ਼ੀ ਵਿਚ ਉਲਥਾ ਕੀਤਾ, ਆਪ ਨੂੰ ਇਸ ਅੰਗ੍ਰੇਜ਼ੀ ਕਿਤਾਬ ਲਈ ਨਹੀਂ, ਪਰ ਸਾਰੀ ਬੰਗਾਲੀ ਸਾਹਿਤਯ ਦੀ ਉੱਚੀ ਸੇਵਾ ਲਈ ਸਾਹਿਤਯ ਦਾ ਨੌਬਲ ਪ੍ਰਾਈਜ਼ (ਵਲੈਤ ਦਾ ਇਕ ਇਨਾਮ) ਮਿਲਿਆ, ਆਪ ਇਸ ਕਰਕੇ ਹੁਣ ਕੁਲ ਜਗਤ ਦੇ ਮੰਨੇ ਵੱਡੇ ਕਵੀਆਂ ਵਿਚ ਹਨ। ਸਾਨੂੰ ਆਪ ਦੀ ਇਸ ਵਡਿਆਈ ਦੀ ਖੁਸ਼ੀ ਹੈ, ਇਹ ਸਾਰੇ ਮੁਲਕ ਲਈ ਇਕ ਫਖਰ ਦੀ ਗੱਲ ਹੈ, ਪਰ ਜਿਹੜੀ ਨਾ ਇਨਸਾਫੀ ਆਪ ਨੇ ਸਾਡੇ ਇਤਹਾਸ ਨਾਲ ਕੀਤੀ ਹੈ ਓਸਨੂੰ ਅਸੀਂ ਕਦੀ ਮਾਫ ਨਹੀਂ ਕਰ ਸਕਦੇ। ਆਪ ਇਸ ਮਾਮਲੇ ਵਿਚ ਬਿਲਕੁਲ ਜਾਹਿਲ ਹੋਣ ਕਰਕੇ ਤੇ ਨਾਲੇ ਇੰਨਾਂ ਵੱਡਾ ਤੇ ਚੰਗਾ ਹੋਣ ਕਰਕੇ ਕਿਸੀ ਕਿਸਮ ਦੀ ਰਾਏ ਜ਼ਨੀ ਕਰਨ ਦਾ ਹੱਕ ਨਹੀਂ ਰਖਦੇ ਤੇ ਆਸ਼ਾ ਹੈ ਕਿ ਆਪਨੂੰ ਜਲਦੀ ਹੋਸ਼ ਆ ਜਾਵੇਗੀ ਤੇ 'ਇਤਹਾਸਕ ਸੱਚ' ਥੀਂ ਵਖਰਾ ਕੋਈ ਅਸਲੀ ਤੇ ਸੁਚਾ 'ਸੱਚ' ਆਪ ਦੇਖਣ ਦੇ ਕਾਂਖੀ ਹਨ। ਨਾ ਪ੍ਰੋਫੈਸਰ ਜਾਦੂ ਨਾਥ ਤੇ ਨਾ ਆਪ ਜੀ ਦੇ ਲਾਇਕ ਫਾਇਕ ਗੁਰੂ ਸਰ ਰਾਬਿੰਦ੍ਰੋ ਨਾਥ ਟਾਗੋਰ ਫਕੀਰੀ ਮਾਰਗ ਦੇ ਜਾਣੂੰ ਹੋਏ ਹਨ, ਨਾਂ ਆਪ ਨੂੰ ਆਤਮਕ ਜੀਵਨ ਦੇ ਪ੍ਰੋਫੈਸਰਾਂ ਤੇ ਕਵੀਆਂ ਨਾਲ ਗੂੜ੍ਹਾ ਮੇਲ ਕਰਨ ਦਾ ਜੀਵਨ ਵਿਚ ਕੋਈ ਮੌਕਾ ਹੋਇਆ ਹੈ, ਆਪ ਨੂੰ ਜੀਵਨ ਦੇ ਅਪਾਰ ਨੇਮਾਂ ਦਾ ਜਿਸ ਤਰ੍ਹਾਂ ਫਕੀਰ ਤੇ ਬ੍ਰਹਮ ਗਿਆਨੀ ਹਰੀ ਜਨ ਜਾਣਦੇ ਹਨ ਤੇ ਅਨੁਭਵ ਕਰਦੇ ਹਨ ਕਦੀ ਪਤਾ ਨਹੀਂ ਲੱਗਾ ਹੈ। ਦੋਵੇਂ ਅਜ ਕੱਲ ਦੀ ਰੋਸ਼ਨੀ ਦੇ ਜਗਾਏ ਹੋਏ ਦੀਵੇ ਹਨ ਅਰ ਆਪਣੇ ਜਿਹੀ ਤਬੀਅਤ ਵਾਲੇ ਲੋਕਾਂ ਦੇ ਇਕ ਤਰ੍ਹਾਂ ਦੇ ਚਾਨਣ ਹਨ, ਇਨ੍ਹਾਂ ਲੋਕਾਂ ਤੋਂ ਓਹਨਾਂ ਲੋਕਾਂ ਦੇ ਆਦਰਸ਼ ਵਿਚਾਰ, ਖਿਆਲ, ਆਚਰਨ ਹੀ ਵੱਖਰੇ ਵੱਖਰੇ ਹਨ।

ਆਪ ਦੋਵੇਂ ਸਾਹਿਬ ਬ੍ਰਹਮੋ ਸਮਾਜ ਦੇ ਰੁਕਨ ਹਨ, ਬ੍ਰਹਮੋ ਸਮਾਜ ਦੀ ਤਹਰੀਕ ਇਕ ਆਲਮ ਗੀਰ ਤਹਰੀਕ

ਕਹੀ ਜਾਂਦੀ ਹੈ ਤੇ ਇਸ ਵਿਚ ਬੜੇ ਬੜੇ ਅਕਲਾਂ ਵਾਲੇ ਬੀਬੇ ਤੇ ਚੰਗੇ ਪੁਰਖ ਕਈ ਭੁਲੇਖਿਆਂ ਵਿਚ ਬੱਧੇ ਖਯਾਲ ਨਿਰਾਕਾਰ ਬ੍ਰਹਮ ਦੇ ਉਪਾਸ਼ਕ ਹਨ, ਆਮ ਤੌਰ ਤੇ ਬ੍ਰਹਮੋ ਸਮਾਜੀ ਜਿਸ ਵਿਚ ਆਰਯਾ ਸਮਾਜੀ ਹਨ ਤੇ ਤੰਗ ਅਕਲੀ ਨਾ ਹੋਵੇ ਸਾਧਾਰਨ ਨੇਕ ਆਦਮੀ ਲਗਦਾ ਹੈ, ਪਰ ਬ੍ਰਹਮੋ ਸਮਾਜੀ ਜਿਹਾ ਕਰੂਪ ਹੋਰ ਕੋਈ ਓਦੋਂ ਨਹੀਂ ਹੁੰਦਾ, ਜਦੋਂ ਕਿ ਓਹ ਆਪਣੀ ਨੇਕੀ ਤੇ ਮੌਲਵੀ-ਪੁਣੇ ਦੀ ਕੁਰਸੀ ਤੇ ਬੈਠਕੇ ਹੋਰ ਕੁਲ ਦੁਨੀਆਂ ਨੂੰ ਨੀਵਾਂ ਜਿਹਾ ਤੇ ਤੰਗ ਦਿਲ ਜਿਹਾ ਸਮਝਦਾ ਹੈ ਤੇ ਓਸ ਜਿਹਾ ਮੂਰਖ ਹੋਰ ਕੋਈ ਪੀ ਹੋਊ, ਜਦ ਓਹ "ਜੀਵਨ" ਦੇ ਨੇਮਾਂ ਨੂੰ "ਇਖਲਾਕ" ਦੇ ਨਿਰੇ ਬਾਹਰੋਂ ਧੋਤੇ ਧਾਤੇ ਮੌਲਵੀ-ਪੁਣੇ ਉਪਰੋਂ ਵਾਰ ਦਿੰਦਾ ਹੈ ਤੇ ਇਹੋ ਜਿਹੇ ਸੜੇ ਅਰ ਮੁਰਦਾ ਜਿਹੇ ਇਖਲਾਕ ਦੇ ਅੰਨ੍ਹੇ ਜੋਸ਼ ਵਿਚ ਹਕੀਕਤ ਦੀ ਵਿਸ਼ਾਲਤਾ ਤੇ ਰੱਬ ਦੀ ਮਹਾਨਤਾ ਤੇ ਅਸਗਾਹ ਅਪਾਰਤਾ ਜਿੱਥੇ 'ਹਾਂ' ਤੇ 'ਨਾਂ' ਇਕ ਅਰਥ ਰਖਦੇ ਹਨ ਦੀ ਸਰਬ ਅਨੇਕ ਰੰਗੀ ਹਸਤੀ ਨੂੰ ਆਪਣੇ ਮਨ ਦੇ ਇਕ ਰੰਗ ਵਿਚ ਡਬੋਣਾ ਚਾਹੁੰਦਾ ਹੈ।

ਬ੍ਰਹਮੋ ਸਮਾਜੀ ਰੱਬ ਨੂੰ ਮੰਨਦੇ ਹਨ, ਪਰ ਓਹਨਾਂ ਦਾ ਰੱਬ ਉਨ੍ਹਾਂ ਦੇ ਆਪਣੇ ਮਨ ਦੀ ਘਾੜ ਹੈ ਤੇ ਨਿਤ ਨਵੀਂ ਇਖਲਾਕੀ ਘਾੜ ਹੁੰਦੀ ਰਹਿੰਦੀ ਹੈ। ਜਦ ਕਦੀ ਓਹਨਾਂ ਦੇ 'ਸ਼ੁਧ ਵਿਚਾਰ' ਥੀਂ ਆਪ ਜੀ ਦੇ ਰੱਬ ਹੋਰੀਂ ਇਧਰ ਉਧਰ ਹੋਏ, ਬੱਸ ਆਪ ਦੇ ਇਖਲਾਕੀ ਜੋਸ਼ ਦੀ ਮਾਰ ਮੋਮ ਦੇ ਬੁੱਤ ਵਾਂਗੂ ਮਾਨਸਿਕ ਰੱਬ ਨੂੰ ਭੰਨ ਤੋੜਕੇ ਆਪਣੀ ਮਰਜ਼ੀ ਵਾਂਗ ਬਣਾ ਲੈਂਦੀ ਹੈ। ਇਨ੍ਹਾਂ ਵਿਚ ਗੁਰੂ ਪੂਜਾ ਤਾਂ ਨਹੀਂ ਤੇ ਨਾ ਮੰਨਦੇ ਹਨ, ਪਰ 'ਰੱਬ' ਨੂੰ ਵੀ ਕੌਣ ਪੂਜਦਾ ਹੈ ਸਬ ਮਖੌਲ ਹੈ। ਕੋਈ ਰਾਬਿੰਦ੍ਰੋ ਨਾਥ ਨੂੰ ਤੇ ਕੋਈ ਕੇਸ਼ਬ ਚੰਦਰਸੈਨ ਨੂੰ, ਕਿਸੀ ਨਾ ਕਿਸੀ ਰੂਪ ਵਿਚ ਪੂਜਦੇ ਹਨ। ਪੂਜਦੇ ਇਹ ਲੋਕ ਭੀ ਆਪਣੇ ਯਾਰ ਆਦਮੀ ਨੂੰ ਹਨ, ਪਰ ਆਦਮੀ ਪੂਜਾ ਨੂੰ ਅਸੂਲ ਵਾਲੀ ਨਿਗਾਹ ਨਾਲ ਤ੍ਰਿਸਕਾਰ ਕਰਦੇ ਹਨ, ਸਤਿਗੁਰੂ ਪੂਜਾ ਨੂੰ ਮਖੌਲ ਕਰਦੇ ਹਨ। ਇਹ ਇਕ ਤਰ੍ਹਾਂ ਦੇ ਵੇਦਾਂਤੀ ਹਨ, ਜਿਹੜੇ ਵੇਦਾਂਤ ਦੇ ਸੱਚੇ ਤੇ ਸਿੱਧੇ ਚਟੀਲੇ ਅਦ੍ਵੈਤ ਪਖ ਥੀਂ ਘਾਬਰਦੇ ਹਨ, ਸਬ ਪੀਰਾਂ ਪੈਗੰਬਰਾਂ ਨੂੰ ਚੰਗਾ ਮੰਨਦੇ ਹਨ, ਪਰ ਸਿਰਫ ਓਥੋਂ ਤਕ ਜਿੱਥੋਂ ਤਕ ਓਹ ਮਹਾਤਮਾਂ ਯਾ ਸੰਤ ਯਾ ਫਕੀਰ ਯਾ ਪੈਗੰਬਰ ਇਨ੍ਹਾਂ ਨਾਲ ਸੰਮਤੀ ਦੇਣ। ਤਾਤਪਰਜ਼ ਕੀ ਇਹ ਇਕ ਰੰਗ ਵਿਚ ਆਪਾ ਪੂਜਦੇ ਹਨ, ਮਨ ਦੀ ਪੂਜਾ ਕਰਦੇ ਹਨ, ਏਹ ਇਸ਼ਟ ਦੇਵ ਦੀ ਪੂਜਾ, ਭਗਤੀ ਦਾ ਤੀਬਰ ਵੈਰਾਗ ਤੇ ਮਸਤੀ ਇਨ੍ਹਾਂ ਲੋਕਾਂ ਵਿਚ ਇਨ੍ਹਾਂ ਦੇ ਮੰਨੇ ਅਸੂਲਾਂ ਦੇ ਅੰਤ੍ਰੀਵ ਕਾਰਣ ਕਰਕੇ ਹੀ ਕਦੀ ਉਠ ਨਹੀਂ ਸਕਦੀ, ਇਹ ਢਿੱਲੇ ਜਿਹੇ ਸਾਧਾਰਣ ਚੰਗੇ ਗ੍ਰਹਸਥੀ ਹਨ, ਜਿਹੜੇ ਦਿਲ ਵਿਚ ਆਪਣੇ ਮਨ ਦੇ ਬਣਾਏ ਨਿਰਾਕਾਰ ਰੱਬ ਦੇ ਬੁੱਤ ਨੂੰ ਪੂਜਕੇ ਬ੍ਰਹਮੋ ਸਮਾਜ ਦੇ ਪੁਲਪਿਟ ਉੱਪਰ ਬੁਤ ਪ੍ਰਸਤੀ ਨੂੰ ਗਾਲਾਂ ਕੱਢਣਗੇ ਸਭ ਨੂੰ ਖੁਸ਼ ਕਰਨ ਦੀ ਕਰਨਗੇ ਤੇ ਈਸਾ ਮਸੀਹ ਅਰ ਸੁਆਮੀ ਦਯਾਨੰਦ ਦਾ ਨਾਂ ਇਕੋ ਲਹਜੇ ਵਿਚ ਲੋੜ ਥੀਂ ਏਹਨਾਂ ਨੂੰ ਰਤਾ ਅਰਕ ਨਹੀਂ ਆਉਂਦੀ ਤੇ ਨਾ ਝਿਜਕਦੇ ਹਨ।

ਮੈਂ ਹੈਰਾਨ ਹੋਂਦਾ ਹਾਂ ਜਦ ਇਕ ਬ੍ਰਹਮੋ ਸਮਾਜੀ ਆਪਣਾ ਪਿਆਰ ਗੁਰੂ ਨਾਨਕ ਸਾਹਿਬ ਨਾਲ ਦੱਸਦਾ ਹੋਯਾ ਓਸੇ ਦਮ ਉਹਨਾਂ ਨੂੰ ਤ੍ਰਿਸਕਾਰ ਕਰਨ ਵਾਲੇ ਨਿੰਦਕ ਨਾਲ ਪ੍ਰੀਤ ਦੀਆਂ ਗੱਲਾਂ ਕਰਦਾ ਹੈ, ਜੋ ਇਸ ਹੀ ਸੁਲਹ ਕੁਲਹੋਣਾ ਹੈ ਤਾਂ ਸੁਲਹ-ਕੁਲ ਹੋਣਾ ਹੀ ਆਤਮਿਕ ਰੋਗ ਹੈ। ਬ੍ਰਹਮੋ ਸਮਾਜ ਵਾਲਿਆਂ ਵਿਚੋਂ ਜਦ ਕਦੀ ਕੋਈ ਇਲਾਹੀ ਮਾਮ ਲਿਆਂਦੀ ਅੰਤ੍ਰੀਵਦੀ ਭਿਣਕ ਸੁਣ ਪਾਂਦਾ ਹੈ, ਓਹ ਉਸੇ ਸਮੇਂ ਉਨ੍ਹਾਂ ਵਿਚੋਂ ਨਿਕਲ ਕੇ ਚੁਪ ਹੋ ਜਾਂਦਾ ਹੈ, ਪੁਲ ਪਿਟ ਉੱਪਰ ਨਹੀਂ ਆਉਂਦਾ ਫਕੀਰ ਹੋ ਜਾਂਦਾ ਹੈ ਤੇ ਯਾ ਕਿਸੇ ਨਾ ਕਿਸੇ ਰੂਪ ਵਿਚ ਮੁੜ ਬੰਗਾਲ ਦੇ ਵੈਸ਼ਨਵ ਸਮਾਜ ਵਿਚ ਜਾ ਮਿਲਦਾ ਹੈ, ਓਥੇ ਰੂਹ ਦੀ ਗਜ਼ਾ ਹੈ ਤੇ ਏਹਨਾਂ ਬ੍ਰਹਮੋ ਮੰਦਰਾਂ ਵਿਚ ਥਕਾਵਟ ਤੇ ਰੂਹ ਦੀ ਤੰਗੀ ਤੇ ਹਾਰ!! ਆਮ ਬ੍ਰਹਮੋ ਸਮਾਜੀ ਇਲਾਹੀ ਮਾਮਲਿਆਂ ਵਿਚ ਕਦੀ ਜੋਸ਼ ਵਿਚ ਨਹੀਂ ਆਉਂਦੇ, ਹਾਂ ਪਰ ਇਖਲਾਕੀ ਬਹਸਾਂ ਵਿਚ ਤੇ ਵਾਲ ਚੀਰਵੀਂ ਇਖਲਾਕੀ ਨੁਕਤਾ ਚੀਨੀ ਵਿਚ ਇਹ ਆਲਮਗੀਰ ਪ੍ਰਕਾਸ਼ ਵੀ ਹਨੇਰਾ ਹੋ ਜਾਂਦਾ ਹੈ ਤੇ ਅੰਨ੍ਹੇ ਵਿਸ਼ਵਾਸੀਆਂ ਵਰਗੇ ਅਤੇ ਜੋਸ਼ ਵਾਲੇ ਲੋਕ ਦਿੱਸਣ ਲਗ ਜਾਂਦੇ ਹਨ, ਆਪ ਨੂੰ ਤਾਂ ਸਿਰਫ ਇਨਾ ਮਾਮਲਯਾਂ ਵਿਚ ਸ੍ਵਾਦ ਲਗਦਾ ਹੈ। ਇਹ ਇਕ ਬੇ ਰੰਗ ਜਿਹੀ ਸੰਗਤ ਹੈ, ਜਿੱਥੇ ਸਾਰੇ ਜਾਂਝੀ ਹਨ ਤੇ ਨਾ ਵਹੁਟੀ ਤੇ ਨਾ ਡੋਲਾ! ਤੇ ਨ ਮਹਾਰਾਜ ਤੇ ਨਾ ਘੋੜਾ!! ਤੇ ਇਸ ਕਰਕੇ ਆਪ ਨੂੰ ਫਕੀਰਾਂ ਦੇ ਉੱਚੇ ਇਖਲਾਕ ਹਾਂ ਜੀ ਤੇ ਸੱਚੇ ਤੇ ਨਿਰੋਲ ਸੱਚੇ ਇਖਲਾਕ ਦੀ ਵੀ ਕੁਛ ਖਬਰ ਨਹੀਂ। ਫਰਾਂਸ ਦੇ ਮੰਨੇ ਪ੍ਰਮੰਨੇ ਸਾਹਿਤਯਾ ਚਾਰਜ ਮੈਤਰਲਿੰਕ ਨੇ 'ਮਿਸਟਕ ਮੈਰੋਲਈ' ਉੱਤੇ ਹਾਂ ਜੀ ਫਕੀਰੀ ਇਖਲਾਕ ਦੇ ਕੁਛ ਅੰਗਾਂ ਪਰ ਕਟਾਖਯ ਕੀਤੇ ਹਨ, ਜੋ ਸੋਹਣੇ ਤੇ ਨਵੇਂ ਨਕੋਰ ਲਗਦੇ ਹਨ, ਪਰ ਫਕੀਰਾਂ ਦੇ ਘਰ ਵਿਚ ਓਹ ਖਿਆਲ ਅੱਗੇ ਮੌਜੂਦ ਹਨ। ਫਕੀਰਾਂ ਦਾ ਸਤਸੰਗ ਕਰਨ ਵਾਲੇ ਸੱਚੇ ਇਖਲਾਕ ਦੇ ਜਾਣੂੰ ਹੋਂਦੇ ਹਨ ਤੇ ਸਾਡੇ ਵਿਚੋਂ ਅਨਪੜ੍ਹ ਸਤਸੰਗੀ ਸਿਖ ਮੈਤਰਲਿੰਕੋ ਨੂੰ ਕਈ ਵਰਹੇ ਨਵੇਂ ਨਵੇਂ

ਕਟਾਖਯ ਦੇ ਸਕਦੇ ਹਨ, ਪਰ ਪੜ੍ਹੇ ਲਿਖਿਆਂ ਦੇ ਹਨੇਰੇ ਵਿਚ ਇਸ 'ਮੈਤਰਲਿੰਕ' ਦੇ ਚਾਨਣ ਦਾ ਪ੍ਰਕਾਸ਼ ਪੈਣਾ ਇਕ ਸ਼ੁਕਰ ਦੀ ਗੱਲ ਹੈ, ਪਰ ਬ੍ਰਹਮੋ ਸਮਾਜੀ 'ਵਾਲਟ ਵਹਿਟਮੈਨ' ਤੇ 'ਮੈਤਰਲਿੰਕ' ਆਦਿਕਾਂ ਦੇ ਇਖਲਾਕ ਨੂੰ ਧਾਰਨ ਕਰਨ ਤੋਂ ਵੀ ਅਸਮਰਥ ਹਨ। ਇਸਦਾ ਕਾਰਨ ਕੇਵਲ ਇਹ ਹੈ ਤੇ ਆਪ ਨਈ ਰੋਸ਼ਨੀ ਦੇ ਤੋਤੇ ਹਨ ਅਰ ਆਪ ਨੇ ਆਪਣੇ ਇਖਲਾਕ ਦੇ ਸਬਕ ਬੇ ਮੁਰਸ਼ਦੀਆਂ ਤੇ ਬੇ-ਪੀਰੀਆਂ ਹੋ ਗਈਆਂ ਕਈ ਇਕ ਪੱਛਮੀ ਸੁਸੈਟੀਆਂ ਪਾਸੋਂ ਪੜ੍ਹੇ ਹਨ ਪਰ ਹੁਣ ਪੱਛਮ ਦੇ ਵਿਚਾਰਵਾਨਾਂ ਨੂੰ ਤਾਂ ਹੋਸ਼ ਆ ਰਹੀ ਹੈ, ਪਰ ਓਹਨਾਂ ਦੇ ਸ੍ਵਾਂਗ ਉਤਾਰਨ ਵਾਲੇ ਹਿੰਦੀ ਹਾਲੀ ਕੁਛ ਚਿਰ ਆਪਣੇ ਪੀਰਾਂ ਨੂੰ ਭੀ ਮਖੌਲ ਕਰਕੇ ਆਪਣੀ ਆਜ਼ਾਦੀ ਤਬਾਹ ਕਰਨ ਦਾ ਸਬੂਤ ਦੇਣਗੇ, ਹਾਂ ਜੀ ਇਹ ਹਾਲ ਇਨ੍ਹਾਂ ਦਾ ਹੈ, ਓਹ ਗੂਹੜਾ ਵਿਚਾਰ ਇਨਾਂ ਲੋਕਾਂ ਵਿਚ ਨਹੀਂ। ਜਿਸਨੂੰ ਇਹ ਪਤਾ ਲਗਦਾ ਹੈ ਕਿ ਬਿਨਾਂ ਹਰ ਜਨ ਦੇ ਹਾਂ ਜੀ 'ਸਤਿਗੁਰਾਂ' ਦੇ ਉਪਾਸ਼ਨਾਂ ਕਰਨ ਵਾਲੇ ਸੱਚੇ ਸਿੱਖ ਦੇ...ਕੋਈ ਆਦਮੀ ਸੁਚੀ ਤੇ ਸੱਚੀ ਤਰ੍ਹਾਂ ਇਖਲਾਕੀਪੁਣਾ moral being ਹੋ ਹੀ ਨਹੀਂ ਸਕਦਾ। Morality ਇਖਲਾਕ ਨੂੰ ਕਾਇਮ ਰੱਖਣ ਵਾਲੇ ਤੇ ਅਟੱਲ ਕਰਨ ਵਾਲੇ ਭਾਵ ਫਕੀਰ (ਹਰ ਜਨ ਯਾ ਸਿਖ) ਦੀ ਹੱਡੀ ਮਾਸ ਵਿਚ ਜਮਾਂਦਰੂ ਹੋਂਦੇ ਹਨ, ਹਾਂ ਜੀ ਫਕੀਰ ਹਰੀ ਜਨ ਬੰਦਾ ਰੱਬ ਵਾਂਗੂ ਚੰਗਾ ਹੋਂਦਾ ਹੈ, ਅੱਵਲ ਗੁਣ ਉੱਚੇ ਇਖਲਾਕ ਦਾ 'ਜਿੰਦਾਂ ਨਾਲ' ਜਿੰਦੀ ਪਿਆਰ ਹੈ, ਇਹ ਬੰਦਗੀ ਵਾਲੇ ਬੰਦੇ ਦੇ ਦਿਲ ਵਿਚ ਅਠ ਪਹਰੀ ਹੋਂਦਾ ਹੈ। ਏਹੋ ਜਿਹਾ ਫਕੀਰ ਬੰਦਾ ਆਪਣੀ ਮਨ ਦੀ ਨਿਕੇਲ ਨੂੰ ਰੱਬ ਦੇ ਹੱਥ ਦੇਂਦਾ ਹੈ 'ਨੱਥ ਖਸਮ ਦੇ ਹੱਥ' ਫਕੀਰ ਤਾਂ ਸਿਰਫ ਚਲਦਾ ਹੈ, ਪਰ ਚਲਾਣ ਵਾਲਾ ਰੱਬ ਹੋਂਦਾ ਹੈ, ਰੱਬ ਦਾ ਇਖਲਾਕ ਤੱਕਣਾ ਹੋਵੇ ਤਦ ਇਸ ਰੱਬ ਦੇ ਬੰਦੇ ਦਾ ਇਖਲਾਕ ਤੱਕੇ, ਰੱਬ ਦੇ ਇਖਲਾਕ ਦਾ ਹੋਰ ਕੋਈ ਵੈਦ ਨਹੀਂ, ਬਾਕੀ ਮੁਰਦਾ ਇਖਲਾਕ ਬਿਨਾਂ ਪਹਰਿਆਂ ਤੇ ਪੁਲਸਾਂ ਦੇ ਭਲਾ ਕਦ ਕਾਇਮ ਰਹ ਸਕਦਾ ਹੈ। ਪਰਜਾ ਵਿਚ ਪੁਲਸ ਦੇ ਪਹਰਿਆਂ ਤੇ ਜੇਲਖਾਨਿਆਂ ਦਾ ਹੋਣਾ ਇਕ ਚਿੰਨ੍ਹ ਹੈ। ਇਹ ਚਿੰਨ੍ਹ ਦਰਸਾਂਦਾ ਹੈ ਕਿ ਮਨੁਖ ਆਪਣੇ ਇਖਲਾਕ ਨੂੰ ਬਿਨਾਂ ਪਹਰੇ ਕਾਇਮ ਨਹੀਂ ਰਖ ਸਕਦਾ। ਕਾਮ ਕ੍ਰੋਧ ਤੇ ਅਹੰਕਾਰ ਦੇ ਵਲਵਲੇ ਭਾਵੇਂ ਇਕ ਇਕੱਲੇ ਤੇ ਭਾਵੇਂ ਸਾਰੀ ਬਿਰਾਦਰੀ ਦੇ ਵਲਵਲੇ ਕਿਸੀ ਦੇ ਸਾਰੇ ਸੰਤ੍ਰੀ ਤੇ ਸੰਗੀਨ ਦਵਾਰਾ ਵਿਚ ਕਾਬੂ ਰਹ ਸਕਦੇ ਹਨ, ਜੇ ਉਠਾ ਦਿਓ, ਮਨ ਦੀਆਂ ਸੰਗੀਨਾਂ, ਤੋਪਾਂ, ਸੋਸਾਇਟੀ ਦੇ ਡਰ ਫਰਜ਼ ਦੇ ਮੰਨਣ ਤੇ ਸਿਦਕੀ ਹੋਣ ਆਦਿ ਨੂੰ ਹਟਾ ਦਿਓ, ਕਿਸੀ ਅੰਦਰ ਤੈਹ ਵਿਚ ਨਾਮਵਰੀ ਦੀ ਚੁਪ ਤੇ ਬੇ ਹਰਕਤ ਨੂੰ ਮਿਟਾ ਦਿਓ ਤੇ ਇਉਂ ਹੱਦਾਂ ਦੀਵਾਰਾਂ ਢਾਹ ਦਿਓ, ਹਾਂ ਜੀ ਜਾਤੀ ਤੇ ਮਾਨਸਿਕ ਪੁਲਸ ਹਟਾ ਦਿਓ, ਤਦ ਦੇਖੋਗੇ ਕਿ ਸਾਡੇ ਵਿਚੋਂ ਕੋਈ ਵਿਰਲਾ ਇਖਲਾਕੀ ਹੀ ਸਾਬਤ ਉਤਰੇਗਾ, ਹਾਂ ਜੀ ਓਹ ਇਖਲਾਕੀ ਪੂਰਾ ਉਤਰੇਗਾ, ਜਿਨ੍ਹਾਂ ਰੱਬ ਦਾ ਹੁਕਮ ਪਛਾਣ ਕੇ ਆਪਾ ਜਿੱਤਿਆ ਹੈ, ਹਾਂ ਜੀ 'ਨਾਨਕ ਹੁਕਮੇ ਜੇ ਬੁਝੇ ਤਾ ਹਉਮੈ ਕਹੇ ਨ ਕੋਇ' ਜਿਸਨੇ ਇਉਂ ਆਪਾ ਜਿੱਤਿਆ ਹੈ ਤੇ ਰੱਬ ਦੀ ਬੋਲੀ ਮੱਲੀ ਹੈ ਤੇ ਅਰਸ਼ਾਂ ਦਾ ਬੱਚਾ ਹੋ ਇਸ ਜੀਵਨ ਵਿਚ ਵਿਸਮਾਦ ਰਸ ਵਿਚ ਵਿਚਰ ਰਿਹਾ ਹੈ, ਹਾਂਜੀ ਸਿਵਾਇ ਓਸ ਸਾਈਂ ਲੋਕ ਦੇ ਹੋਰ ਕੌਣ ਸੱਚੇ ਇਖਲਾਕ ਦੀ ਉੱਚੀ ਘਾਟੀ ਉੱਪਰ ਆਪਣਾ ਜੀਵਨ ਅਹਿਲ ਰਖ ਸਕਦਾ ਹੈ?

ਬਾਕੀ ਮੁਰਦਾ ਇਖਲਾਕ ਮੌਲਵੀ ਪੁਣਾ ਕੂੜਾ ਇਖਲਾਕ ਤੇ ਕੂੜੀ ਵਾੜ ਹੈ, ਜਿਸ ਅੰਦਰ ਖੇਤੀ ਤਾਂ ਹੈ ਹੀ ਨਹੀਂ, ਹਰ ਜਨ ਦਾ ਇਖਲਾਕ ਵਾਹਗੁਰੂ ਨੂੰ ਵਗਦੇ ਖੂਹ ਦੇ ਬੂੜੀਏ ਦਰ ਬੂੜੀਏ ਫਸੇ ਹੋਣ ਦਾ ਨਾਮ ਹੈ, ਪਰ ਬਿਨਾਂ ਫਕੀਰਾਂ ਦੇ ਤੇ ਹਰਜਨਾਂ ਨੂੰ ਪਿਆਰ ਕਰਨ ਵਾਲੇ ਪਾਰਖੀ ਆਰਟਿਸਟਾਂ ਦੇ ਇਸ ਇਖਲਾਕ ਨੂੰ ਸਹਾਰਨਾ ਕਠਨ ਹੈ। ਕਈ ਦਫਾ ਇਸ ਇਖਲਾਕ ਦੇ ਬਾਹਰਲੇ ਰੂਪ ਅਰ ਚਿੰਨ੍ਹ ਅਰ ਸ਼ਕਲਾਂ ਭਯਾਨਕ ਹੋਂਦੀਆਂ ਹਨ, ਆਮ ਲੋਕੀਂ ਜਲਵੇ ਬਰਦਾਸ਼ਤ ਨਹੀਂ ਕਰ ਸਕਦੇ।

ਭਾਵੇਂ ਵਿਚ ਪਈ ਗਲ ਵਧਦੀ ਜਾਂਦੀ ਹੈ, ਪਰ ਕੋਈ ਪੜ੍ਹਿਆ ਹੋਇਆ ਇਹ ਨਾ ਕਹੇ ਕਿ ਇਖਲਾਕ ਤਾਂ ਇਨਸਾਨੀ ਦਾ ਇਨਸਾਨ ਫਰਜ਼ ਹੈ ਤੇ ਫ੍ਰਾਂਸ ਦੇ ਇਖਲਾਕੀ ਫਿਲਾਸਫਰ ਕਾਮਟੇ comte ਦੀਆਂ ਦਲੀਲਾਂ ਨਾਲ ਸਿਧ ਕਰੋ ਕਿ ਫਕੀਰੀ ਅਰਥਾਤ ਰੱਬ ਤੇ ਰੱਬ ਦੀ ਚੰਗਿਆਈ ਦਾ ਪਿਆਰ ਇਖਲਾਕ ਨੂੰ ਜਿੰਦ ਦੇਣ ਲਈ ਜ਼ਰੂਰੀ ਨਹੀਂ। ਇਹ ਤਾਂ ਫਰਜ਼ ਹੈ ਤੇ ਜਿਵੇਂ ਆਦਮੀ ਦਾ ਗਿਆਨ ਵਧਦਾ ਜਾਵੇਗਾ ਤੇ ਉਸਦਾ ਵਹਸ਼ੀ-ਪੁਣਾ ਉਡਕੇ ਸੱਭਯਤਾ ਆਵੇਗੀ, ਤਿਵੇਂ ਹੀ ਓਹ ਆਪੇ ਇਖਲਾਕੀ ਬੰਦਾ ਹੋ ਜਾਏਗਾ। ਰੱਬ ਦਾ ਨਾ ਵਿਚ ਖਾਹਮਖਾਹ ਲਿਆਣਾ ਫਜ਼ੂਲ ਹੈ, ਕਿਉਂਕਿ ਬਿਨਾਂ ਇਸ ਕਲਪਣਾ ਦੇ ਇਖਲਾਕੀ ਸੰਸਾਰ ਦੀ ਕਲਪਣਾ ਹੋ ਸਕਦੀ ਹੈ। ਠੀਕ! ਪਰ 'ਕਾਮਟੇ ਜੀ ਮਹਾਰਾਜ! ਫਰਜ਼ ਪੂਰਾ ਕਰਨ ਲਈ ਅਰ ਫਰਜ਼ ਨੂੰ ਫਰਜ਼ ਜਾਨਣ ਲਈ ਮੰਨਣ ਲਈ ਹਾਂਜੀ ਇਸ ਸਿਦਕ ਦੀ ਪ੍ਰਾਪਤੀ ਲਈ ਇਤਨੀ ਰੂਹ ਦੀ ਸੁਭਾਵਕ ਚੰਗਿਆਈ ਲਈ 'ਹੁਕਮ ਪਛਾਣਨ' ਦੀ ਲੋੜ ਹੈ ਤੇ ਜਿੰਨੀ ਦੁਨੀਆਂ ਨੂੰ ਚਲਾਣ ਵਾਲੇ ਹੁਕਮ ਦੀ will ਖਬਰ ਪਊ, ਉਤਨਾ ਆਦਮੀ 'ਚੰਗਾ' 'ਆਪਾ ਰਹਤ' ਹੋਊ, ਫਰਜ਼ ਪਛਾਣਨਾ

ਆਦਿਕ, ਚੰਗਾ ਹੋਣਾ ਆਦਿਕ ਇਸ ਪਿਆਰ, ਇਸ ਸਿੱਖੀ, ਇਸ ਰਯਾਨ ਦੇ ਹਾਂਜੀ ਰੱਬ ਦੇ ਪਿਆਰ ਦੇ ਰੂਪ ਹਨ, ਇਖਲਾਕ ਕਾਰਨ ਹੈ ਕਰਤਾ ਨਹੀਂ, ਕਰਤਾ ਪਿਆਰ ਹੈ, ਕਰਤਾ ਗਯਾਨ ਹੈ, ਕਰਤਾ ਇਕ ਆਲਮਗੀਰ ਹਮਦਰਦੀ ਹੈ, ਇਕ ਵਿਸ਼ਾਲ ਰੱਬ ਵਰਗੇ ਦਿਲ ਵਾਲੀ ਦੁਖਿਆਰੀ ਹੈ, ਨਾਉ ਕੁਝ ਰੁਖੋ, ਗੱਲ ਤਾਂ ਇਕ ਇਸੇ ਨੁਕਤੇ ਵਿਚ ਮੁਕਦੀ ਹੈ, ਹੋਰ ਕੋਈ ਨੁਕਤਾ ਨਹੀਂ ਅਰ ਇਸ ਨੁਕਤੇ ਪਰ ਫਕੀਰ ਆਸਨ ਜਮਾਏ ਅਹਿਲ ਬੈਠਾ ਹੈ।

ਹਾਂ ਜੀ ਬ੍ਰਹਮੋ ਸਮਾਜੀ ਇਖਲਾਕ ਦੇ ਨੁਕਤਿਆਂ ਉੱਪਰ ਅੰਨ੍ਹੇ ਜੋਸ਼ ਵਿਚ ਇਸ ਕਰਕੇ ਆਂਵਦਾ ਹੈ, ਕਿਉਂਕਿ ਓਸਦੀ ਨੇਕੀ ਇਸ ਥੀਂ ਵਧਕੇ ਹੋਰ ਕੋਈ ਤੇ ਕਿਸੀ ਤਰ੍ਹਾਂ ਦੀ ਨਿਰਵ੍ਰਤਾ ਨੂੰ ਪ੍ਰਾਪਤ ਨਹੀਂ ਹੋਈ ਤੇ ਜਦ ਇਕ ਤਕਦਾ ਤਾਂ ਪਹੁੰਚਦਾ ਹੈ ਤਦ ਬਸ ਫਿਰ ਤੂਫਾਨ ਆ ਜਾਂਦਾ ਹੈ। ਕਹਿੰਦੇ ਤਾਂ ਹਨ ਕਿ ਅਸੀਂ ਸਭ ਪੀਰਾਂ ਪੈਗੰਬਰਾਂ ਮਹਾਤਮਾਂ ਦੀ ਇਕੋ ਜਿਹੀ ਸਤਕਾਰ ਕਰਦੇ ਹਾਂ, ਪਰ ਜਦ ਇਸ ਥਾਂ ਵਿਚ ਜੋਸ਼ ਖਾਂਦੇ ਹਨ, ਤਦ ਜਿਹੜਾ ਏਹਨਾਂ ਦੀ ਮਾਨਸਿਕ ਰਾਇ ਨਾਲ ਨਾ ਮਿਲੇ ਓਹਨੂੰ ਨਿੱਕਾ ਜਿਹਾ ਬਣਾ ਦਿੰਦੇ ਹਨ, ਆਲਮਗੀਰ ਹੋਣ ਨੂੰ ਰੋਂਦੇ ਰੋਂਦੇ ਆਪ ਇੰਨੇ ਨਿੱਕੇ ਜਿਹੇ ਹੋ ਜਾਂਦੇ ਹਨ। ਆਰਯਾ ਸਮਾਜੀਆਂ ਵਾਂਗ ਤੰਗ ਅਕਲੇ ਹੋ ਵਡੇ ਥੀਂ ਵਡੇ ਦੀ ਪੱਗ ਲਾਹੁਣ ਥੀਂ ਫਰਕ ਨਹੀਂ ਕਰਦੇ, ਪਰ ਬ੍ਰਹਮੋ ਸਮਾਜੀ ਆਪਣੀ ਨਿੱਗਰਤਾ ਨੂੰ ਬਚਾਣ ਲਈ ਇਉਂ ਕਰਦਾ ਹੈ ਤੇ ਆਰਯਾ ਸਮਾਜੀ ਥੀਂ ਸਦਾ ਉੱਚਾ ਹੈ ਤੇ ਓਹਨਾਂ ਨੂੰ ਆਰਯਾ ਸਮਾਜੀਆਂ ਨਾਲ ਇਕੱਠਾ ਕਰਨਾ ਚੰਗਾ ਠੀਕ ਨਹੀਂ ਲਗਦਾ ਹੈ, ਹਾਂਜੀ ਅਕੱਠਾ ਨਾ ਲੈਣਾ ਬ੍ਰਹਮੋ ਸਮਾਜੀਆਂ ਲਈ ਚੰਗਾ ਨਹੀਂ ਲਗਦਾ, ਪਰ ਇਖਲਾਕੀ ਮਸਲਿਆਂ ਵਿਚ ਬ੍ਰਹਮੋ ਸਮਾਜੀ ਜਦ ਜੋਸ਼ ਵਿਚ ਆਵੇ, ਤਦ ਓਹ ਕਿਸੀ ਤਰ੍ਹਾਂ ਆਰਯਾ ਸਮਾਜੀ ਥੀਂ ਘਟ ਨਹੀਂ ਹੋਂਦਾ ਹਾਂ ਆਪ ਦੇ ਮਨ ਦੇ ਇਰਾਦੇ ਨੇਕ ਚਾਹੇ, ਹੋਂਦੇ ਹੋਵਨ, ਪਰ ਨਰਕ ਦੇ ਫਰਸ਼ ਨੇਕ ਇਰਾਦਿਆਂ ਨਾਲ ਹੀ ਪੱਕੇ ਬਣੇ ਪਏ ਹਨ, ਜੇ ਇਹ ਗਲ ਨਾ ਹੋਂਦੀ ਤਦ ਮੈਂ ਕਦੀ ਵੀ ਨੇਕ ਬ੍ਰਹਮੋ ਸਮਾਜੀਆਂ ਨੂੰ ਆਰਯਾ ਸਮਾਜੀ ਸੁਭਾ ਹੋਣ ਦੇ ਕਰਨ ਨਾ ਕੰਹਦਾ।

ਪ੍ਰੋਫੈਸਰ ਜਾਦੂ ਨਾਥ ਸਰਕਾਰ ਤੇ ਸਰ ਰਾਬਿਦ੍ਰੋ ਨਾਥ ਟਾਗੋਰ ਇਸ ਵਿਰਲੇ ਵਿਰਲੇ ਵੇਲੇ ਦੇ ਅੰਨ੍ਹੇ ਤੇ ਜ਼ਾਹਿਲ ਜੋਸ਼ ਵਿਚ ਆਕੇ ਸਿਖ ਇਤਹਾਸ ਉੱਪਰ ਹਰਫ ਰਖਦੇ ਹਨ। ਸਰ ਰਾਬਿਦ੍ਰੋ ਨਾਥ ਟਾਗੋਰ ਨੇ ਇਕ ਆਰਟੀਕਲ ਵਿਚ ਸਾਰੇ ਸਿਖ ਇਤਹਾਸ ਉੱਪਰ ਨਜ਼ਰ ਮਾਰੀ ਹੈ ਤੇ ਇਸ ਨਜ਼ਰ ਮਾਰਨ ਲਈ ਆਪ ਪਾਸ ਕੋਈ ਲਿਆਕਤ ਨਹੀਂ, ਸਾਰੇ ਜਹਾਨ ਵਿਚ ਮਸ਼ਹੂਰ ਹੋਣਾ, ਕਵੀ ਹੋਣਾ, ਨਾਵਲ ਲਿਖਣਾ ਤੇ ਨਾਟਕਾਂ ਵਿਚ ਨਾਮ ਪਾਣਾ ਤੇ ਸੋਹਣਾ ਗਾਣਾ ਤੇ ਇਕ ਤਰ੍ਹਾਂ ਦਾ ਰਾਜਾ ਹੋਣਾ ਆਪ ਦੀ ਸਿਖ ਇਤਹਾਸ ਉੱਪਰ ਨਜ਼ਰ ਮਾਰਨ ਦੀ ਲਿਆਕਤ ਦਾ ਕੋਈ ਸਬੂਤ ਨਹੀਂ। ਆਪ ਕਦੀ ਸਿਖ ਕੌਮ ਤੇ ਇਸਦੇ ਰੂਹਾਨੀ ਆਦਰਸ਼ਾਂ ਤੇ ਇਸਦੇ ਚਮਕਦੇ ਆਚਰਣ ਦੇ ਜਾਣੂੰ ਨਹੀਂ ਹੋਏ, ਆਪ ਨੇ ਕਦੀ ਕਿਸੇ ਸਿਖ ਫ਼ਕੀਰ ਦਾ ਸਤਸੰਗ ਨਹੀਂ ਕੀਤਾ ਤੇ ਜੇ ਕਦੀ ਆਪ ਨੇ ਕਦੀ ਸਿੱਖੀ ਨੂੰ ਦੂਰੋਂ ਤੱਕਿਆ ਭੀ ਹੈ, ਤਦ ਇਸ ਤਰ੍ਹਾਂ ਜਿਵੇਂ ਇਕ ਆਦਮੀ ਓਸ ਭਾਖਾ ਦੇ ਅੱਖਰਾਂ ਨੂੰ ਦੇਖਦਾ ਹੈ, ਜਿਹੜੀ ਓਸ ਕਦੀ ਨਹੀਂ ਪੜ੍ਹੀ। ਆਪ ਨੇ ਸਿਖ ਸਾਖੀ ਸਾਹਿਤਯ ਕਿਸੀ ਗੁਰਮੁਖ ਸਿੱਖ ਦੀ ਕੁਰਬਾਣੀ ਦਾ ਜ਼ਿਕਰ ਨਹੀਂ ਸੁਣਿਆ, ਆਪਨੇ ਸਿੱਖੀ ਦੀ ਪ੍ਰੀਤ, ਕੁਰਬਾਣੀ ਤਿਆਗ ਅਰ ਗ੍ਰਹਸਥ ਵਿਚ ਅਤੀਤ ਅਠ ਪਹਰੀ ਨਾਮ ਰਸ ਵਿਚ ਰੰਗੀ ਜ਼ਿੰਦਗੀ ਦੇ ਆਦਰਸ਼ ਨੂੰ ਅਨੁਭਵ ਨਹੀਂ ਕੀਤਾ।

ਏਹ ਕਦੀ ਸਮਝ ਹੀ ਨਹੀਂ ਸਕਦੇ ਕਿ ਗੁਰੂ ਗੋਬਿੰਦ ਸਿੰਘ ਜੀ ੨੪ ਘੰਟੇ ਘੋੜੇ ਸਵਾਰ ਤੇ ਤਲਵਾਰ ਮਾਰਦੇ ਪੂਰਣ ਜੋਤ ਨਾਲ ਸਦਾ ਜੋਤ ਰੂਪ ਸਨ, ਹਾਂਜੀ ਸਿੱਖ ਦੀ ਬਹੋਸ਼ੀ, ਬੇ-ਖਬਰੀ ਹੈ, ਪ੍ਰੀਤ, ਸੁਫਨਾ ਤੇ ਓਸਦੀ ਸੁਹੱਪਣ ਸਿਖ ਹੋਇਆਂ ਕਿਵੇਂ ਪਤਾ ਲੱਗੇ। ਅਜ ਕੱਲ ਦੇ ਪੜ੍ਹੇ ਲਿਖਿਆਂ ਦੀ ਸਭ ਥੀਂ ਰੂਹ ਦੀ ਕੰਗਾਲਤਾ ਇਸ ਥੀਂ ਸਿੱਧ ਹੁੰਦੀ ਹੈ ਕਿ ਓਹ ਜਿਥੇ ਓਹਨਾਂ ਦਾ ਕੋਈ ਦਖਲ ਨਾ ਹੋਏ ਦਖਲ ਦਿੰਦੇ ਹਨ। ਚਿਮਗਾਦੜ ਨੂੰ ਸੂਰਜ ਨਹੀਂ ਦਿੱਸਦਾ ਤੇ ਬਸ ਸੂਰਜ ਹੈ ਹੀ ਨਹੀਂ, ਇਹ ਦਲੀਲ ਕਿਹੜੇ ਮੰਤਕ ਕਰਕੇ ਸਿੱਧ ਹੈ।

ਇਕ ਲੇਖ ਨੂੰ ਅੱਗੇ ਲੈ ਕੇ ਟੁਰਨ ਤੋਂ ਪਹਲੋਂ ਇਹ ਦਸ ਦੇਣਾ ਜ਼ਰੂਰੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਲੀਮ ਮੂਜਬ ਅਸੀਂ ਗੁਰੂ ਨਾਨਕ ਦੇਵ ਜੀ ਨੂੰ ਕੀ ਮੰਨਦੇ ਹਾਂ।

ਬੋਧਾਂ ਵਾਗ ਅਸੀਂ ਰੱਬ ਤੋਂ ਮੁਨਕਰ ਤੇ ਗੁਰ ਨਾਨਕ ਨੂੰ ਆਦਮੀ ਰੱਬ ਨਹੀਂ ਮੰਨਦੇ, ਆਰਯਾਂ ਵਾਂਗੂੰ ਅਸੀਂ ਗੁਰੂ ਜੀ ਨੂੰ ਇਕ ਨਿਰਾ ਸਿਖਯਾ ਦਾਤਾ ਰਿਸ਼ੀ ਮਾਤ੍ਰ, ਪੰਡਤ ਮਾਤ੍ਰ ਯਾ ਸੁਧਾਰਕ ਮਾਤ੍ਰ ਨਹੀਂ ਮੰਨਦੇ, ਹਿੰਦੂਆਂ ਵਾਂਗੂੰ ਅਸੀਂ ਵਾਹਗੁਰੂ ਨੂੰ ਜਠਰਾ ਗਨੀ ਵਿਚ ਆਕੇ ਮਨੁੱਖ ਹੋ ਕੇ ਜੰਮ ਪਿਆ ਅਵਤਾਰ ਗੁਰੂ ਜੀ ਨੂੰ ਨਹੀਂ ਮੰਨਦੇ, ਸਾਡਾ ਰੱਬ ਅਜੋਨੀ ਹੈ। ਬ੍ਰਹਮੋ ਸਮਾਜੀਆਂ ਵਾਂਗੂ ਅਕਲੀ ਘੋੜ ਦੌੜ ਵਿਚ ਤ੍ਰਿਖਾਂ ਤੇ ਇਖਲਾਕੀ ਗੇਣਤੀ ਵਿਚ ਵਿਸਾਰਦ ਆਦਮੀ ਭੀ ਅਸੀਂ ਗੁਰੂ ਨਾਨਕ ਨੂੰ ਨਹੀਂ ਮੰਨਦੇ।

ਜੇ ਅਸੀਂ ਕਹੀਏ 'ਗੁਰੂ ਨਾਨਕ ਪਰਮੇਸ਼ਰ ਅਵਤਾਰ' ਹੈ ਤਾਂ 'ਗੁਰਬਾਣੀ' ਕਹਿੰਦੀ ਹੈ "ਸੋ ਮੁਖ ਜਲਉ ਜਿਤ ਕਪੈ ਠਾਕਰ ਜੋਨੀ" ਪਰ ਜੇ ਕਹੀਏ ਗੁਰ ਨਾਨਕ ਨਿਰਾ ਆਦਮੀ ਤੇ ਪੰਡਤ ਸੀ, ਤਾਂ ਗੁਰਬਾਣੀ ਆਖਦੀ ਹੈ :-

"ਗੁਰ ਨਾਨਕ ਦੇਵ ਗੋਬਿੰਦ ਰੂਪ"

ਇਸ ਗੱਲ ਦਾ ਵਿਆਖਯਾ ਇਹ ਹੈ ਕਿ ਵਾਹਗੁਰੂ 'ਦੇਸ, ਕਾਲ, ਨਮਿਤ' ਤੋਂ ਪਾਰ ਹੈ, ਸਾਡੀ ਅਕਲ ਦੇਸ, ਕਾਲ, ਨਮਿੱਤ ਵਿਚ ਹੈ।

ਸੋ ਇਹ ਕੈਦਣ ਅਕਲ ਉਸ ਪਾਰਬ੍ਰਹਮ ਦਾ ਪਤਾ ਨਹੀਂ ਲੈ ਸਕਦੀ, ਇਹ ਆਸਾ ਦੀ ਵਾਰ ਵਿਚ ਗੁਰੂ ਜੀ ਨੇ ਦਸ ਦਿੱਤਾ ਹੈ, ਸੋ ਉਸਦਾ ਪਤਾ ਉਹੀ ਲੈ ਸਕਦਾ ਹੈ ਜੋ ਧੁਰ ਤਕ ਪਾਰਬ੍ਰਹਮ ਤਕ ਪਹੁੰਚ ਰਖਦਾ ਹੋਵੇ, ਜੋ absolute (ਪਾਰਬ੍ਰਹਮ) ਵਿਚ ਗੰਮਤਾਂ ਰਖਦਾ ਹੋਵੇ, ਓਹ ਅਗੰਮ ਦੀ ਗੰਮਤਾ ਵਾਲਾ ਆਪਣੇ ਅਗੰਮ ਗਯਾਨ ਦੁਆਰਾ ਸਾਨੂੰ ਸਾਡੀ ਸਮਝ ਮਜ਼ਬ ਮਤ ਦੇ ਕੇ ਪਾਰਬ੍ਰਹਮ ਵਿਚ ਲੈ ਜਾਂਦਾ ਹੈ, ਉਸਨੂੰ ਅਸੀਂ ਗੁਰੂ ਨਾਨਕ ਦੇਵ ਆਖਦੇ ਹਾਂ, ਬਿਨਾਂ ਇਸਦੇ ਵਾਹਿਗੁਰੂ ਤਕ ਪੁਜਣਾ ਗੁਰਬਾਣੀ ਦੀ ਨਹੀਂ ਮੰਨਦੀ।

'ਜੇ ਸਉ ਚੰਦਾ ਉਗਵੇ ਸੂਰਜ ਚੜੇ ਹਜਾਰ॥ ਏਤੇ ਚਾਨਣ ਹੋਦਿਆ ਗੁਰ ਬਿਨ ਘੋਰ ਅੰਧਾਰ॥
ਨਾਨਕ ਗੁਰੂ ਨ ਚੇਤਨੀ ਮਨ ਅਪਨੇ ਸੁਚੇਤ। ਛੁਟੇ ਤਿਲ ਬੁਆਤ ਸਿਉ ਸੁੰਞੇ ਅੰਦਰ ਖੇਤ।
ਖੇਤੀ ਅੰਦਰ ਛੁਣਿਆ ਕਹੁ ਨਾਨਕ ਸਹੁ ਨਾਗਲ ਫਲੀਅਹ ਫਲੀਅਹ ਥਪੁਕੇ ਭੀ ਤਨ ਵਿਚ ਸੁਆਹ॥'

ਇਸ ਫਿਲਾਸਫਾਨਾ ਗੱਲ ਨੂੰ ਜੇ ਮੋਟੇ ਤ੍ਰੀਕੇ ਤੇ ਸਮਝਨਾ ਹੋਵੇ ਤਾਂ ਐਉਂ ਹੈ ਕਿ ਇਕ ਲੋਹੇ ਦਾ ਟੁਕੜਾ ਅੱਗ ਨਾਲ ਲਗ ਲਾਲ ਅੰਗਾਰ ਹੋ ਜਾਂਦਾ ਹੈ, ਇਹ ਲੋਹਾ ਲੋਹਾ ਹੈ, ਪਰ ਇਹ ਠੰਢੇ ਤੇ ਕਾਲੇ ਲੋਹੇ ਨਾਲੋਂ ਫਰਕ ਰਖਦਾ ਹੈ, ਇਸ ਲੋਹੇ ਵਿਚ ਅੱਗ ਦਾ ਆਵੇਸ਼ ਹੈ, ਇਸੀ ਤਰ੍ਹਾਂ ਗੁਰੂ ਨਾਨਕ ਜੀ ਨੂੰ ਜਗਤ ਦੀ category ਸੰਖਯਾ ਕਰਨ ਲਗਯਾਂ ਅਸੀਂ 'ਅੱਲਾ' ਨਹੀਂ ਕਹਿੰਦੇ, ਪਰ ਅੱਲਾ ਦੀ ਅਲੂਹੀਅਤੋ ਨਾਲ ਸਰਸ਼ਾਰੋ ਗੋਬਿੰਦ ਰੂਪੋ ਆਖਦੇ ਹਾਂ। ਜਿਸ ਤਰ੍ਹਾਂ ਲਾਲ ਹੋਏ ਲੋਹੇ ਵਿਚ ਅੱਗ ਪ੍ਰਤੱਖ ਹੈ, ਇੱਕੁਰ ਅਲੂਹੀਅਤ ਨਾਲ ਸਰਸ਼ਾਰ ਗੁਰੂ ਨਾਨਕ ਵਿਚ ਵਾਹਗੁਰੂ ਦਿਪਤ ਹੈ, ਜੈਸਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਯਾ ਹੈ:-

'ਭਨ ਮਥੁਰਾ ਕਛੁ ਭੇਦ ਨਹਿ ਗੁਰ ਅਰਜਨ ਪਰਤਖ ਹਰਿ।'

ਇਹ ਹਰ ਦਾ ਪਰਤੱਖ ਜਲਵਾ ਗੁਰੂ ਵਿਚ ਆਵੇਸ਼ ਰਖਦਾ ਹੈ, ਗੁਰ ਜੀ ਹਰ ਵਕਤ ਵਾਹਗੁਰੂ ਨਾਲ ਅੰਤ੍ਰਾਤਮੇ ਜੁੜੇ ਹੋਏ ਹਨ, ਓਹਨਾਂ ਵਿਚ ਅਗਨੀ ਵਾਂਗ ਰਬ ਦੀ ਅਲੂਹੀਅਤ ਦਾ ਪ੍ਰਕਾਸ਼ ਹੈ। ਦਸਮੇਂ ਪਾਤਸ਼ਾਹ ਨੇ ਭੀ ਦੱਸਿਆ ਹੈ ਜੋ ਮੋਕੋ ਪਰਮੇਸ਼ਰ ਉਚਰਹ ਸੇ ਨਰ ਨਰਕ ਕੁੰਡ ਮੈ ਪਰ ਹੈ? ਪਰ ਫੇਰ ਆਪ ਹੀ ਦਸਮੇਸ ਜੀ ਦਸਦੇ ਹਨ, ਹਰ ਹਰ ਜਨ ਦੇਊ ਏਕ ਹੈ ਬਿਥ ਬਿਚਾਰ ਕਿਛ ਨਾਹੋ ਹਰੀ ਤੇ ਹਰੀ ਦਾ ਜਨ ਇਕ ਹਨ। ਫੇਰ ਦੱਸਿਆ ਨੇ। ਅਕਾਲ ਪੁਰਖ ਵਾਚ 'ਮੈਂ ਅਪਨਾ ਸੁਤ ਤੋਹਿ ਨਿਵਾਜਾ' ਇਸੀ ਤਰਾਂ ਭਾਈ ਗੁਰਦਾਸ ਤੇ ਪੁਰਾਤਨ ਜਨਮ ਸਾਖੀ ਦਸਦੀ ਹੈ। ਸਾਡਾ ਮਜਹਬ ਵਾਹਿਗੁਰੂ ਦੇ ਗਿਆਨ ਦਾ ਹੈ, ਉਹ ਗਯਾਨ ਗੁਰੂ ਨਾਨਕ ਲਿਆਏ, ਅਸੀਂ ਗੁਰੂ ਦੇ ਗਯਾਨ ਨੂੰ ਮੁਖ ਰੱਖਣ ਵਾਲੇ ਗੁਰਮੁਖ ਹਾਂ, ਅਸੀਂ ਆਪਣੀ ਅਕਲ ਨੂੰ ਜੋ 'ਦੇਸ ਕਾਲ ਨਮਿਤ' ਦੀ ਕੈਦ ਵਿਚ ਹੈ ਮੁਖ ਰੱਖਣ ਵਾਲੇ 'ਮਨਮੁਖ' ਨਹੀਂ ਹਾਂ, ਸਾਡੇ ਸਤਗੁਰ ਤੇ ਵਾਹਗੁਰੂ ਵਿਚ ਵਿਥ ਨਹੀਂ, ਲਿਵ ਤਾਰ ਨਾਲ ਮਿਲੇ ਪਏ ਹਨ, ਐਉਂ ਦਾ ਅਕੀਦਾ ਸ੍ਰੀ ਗੁਰੂ ਗ੍ਰੰਥ ਸਾਹਬ ਵਿਚ ਸਾਡਾ ਗੁਰੂ ਸਾਹਬਾਂ ਨਾਲ ਹੈ, ਇਸਤੋਂ ਸਪਸ਼ੱਟ ਹੈ ਕਿ ਸਾਡਾ ਸਤਿਗੁਰਾਂ ਨਾਲ ਸ਼ਖਸੀ ਰਿਸ਼ਤਾ ਗੁਰ ਸਿੱਖੀ ਦਾ ਹੈ ਅਰ ਸਾਡੇ ਆਤਮਾਂ ਓਹਨਾਂ ਦੇ ਪਿਆਰ ਨਾਲ ਲਬਾ ਲਬ ਹਨ, ਅਸੀਂ ਓਹਨਾਂ ਨੂੰ ਅਲੂਹੀਅਤ ਨਾਲ ਭਰੇ, ਵਾਹਗੁਰੂ ਗਯਾਨ ਦੇ ਪਰਮ ਗਯਾਨੀ, ਵਾਹਗੁਰੂ ਸ਼ਕਤੀ ਦੇ ਪਰਮ ਧਾਰਕ, ਵਾਹਗੁਰੂ ਰਸ ਦੇ ਪੂਰਨ ਅਤੇ ਪਿਆਰੇ ਮੰਨਦੇ ਹਾਂ। ਇਹ ਦੱਸਕੇ ਅਸੀਂ ਆਪਣੀ ਲੜੀ ਫੜਦੇ ਹਾਂ, ਕਿਉਂਕਿ ਇਨ੍ਹਾਂ ਬੰਗਾਲੀਆਂ ਦੇ ਲੇਖਾਂ ਨੇ ਸਾਡੇ ਦਿਲਾਂ ਨੂੰ ਵਲੂੰਦਰ ਸੱਟਿਆ ਹੈ।

ਸਰ ਰਾਬਿੰਦ੍ਰੋ ਨਾਥ ਟਾਗੋਰ ਦੇ ਆਰਟੀਕਲ ਦਾ ਭਾਵ ਸੰਖੇਪ ਕਰਕੇ ਇਉਂ ਹੈ :-

"ਗੁਰੂ ਨਾਨਕ ਸਾਹਿਬ ਤਾਂ ਇਕ ਉੱਚੇ ਦਰਜੇ ਦੇ ਰੱਬ ਭਗਤ ਹੋਏ ਹਨ, ਪਰ ਉਨ੍ਹਾਂ ਦੇ ਮਗਰੋਂ ਸਿਖ ਗੁਰੂ ਹੌਲਿਆ ਹੌਲਿਆ ਦੁਨੀਆਂ-ਦਾਰ ਹੋਂਦੇ ਗਏ ਤੇ ਮਾਯਾ ਆਦਿਕ ਇਕੱਤ੍ਰ ਕਰਨ ਲੱਗ ਗਏ ਤੇ ਇਉਂ ਓਹ ਸ਼ੁਧ ਭਗਤੀ ਦਾ ਧਰਮ ਤੇ ਭਗਤੀ ਭਾਵ ਨਰੋਲ ਈਸ਼ਵਰ ਨਿਰਾਕਾਰ

ਨੂੰ ਮੰਨਨ ਵਾਲਾ ਧਰਮ ਗੰਗਾ ਵਤ ਜਿਉਂ ਜਿਉਂ ਹਠਾਹਾਂ ਆਉਂਦਾ ਗਿਆ, ਤਿਉਂ ਤਿਉਂ ਮੈਲਾ ਹੋਂਦਾ ਗਿਆ ਤੇ ਆਖਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਾਂ ਸਾਰਾ ਸਿਖ ਮਸਾਲਾ ਜੰਗ ਤੇ ਲੜਾਈ ਵਲ ਮੋੜ ਦਿਤਾ ਤੇ ਓਸ ਮਸਾਲੇ ਵਿਚੋਂ ਭਗਤਾਂ ਨਿਰਾਕਾਰ ਈਸ਼ਵਰ ਦੇ ਭਗਤਾਂ ਦੀ ਥਾਂ ਖੰਡਾ ਚਲਾਉਣ ਵਾਲੇ ਸਿਪਾਹੀ ਬਣਾ ਦਿੱਤੇ। ਇਉਂ ਗੁਰ ਨਾਨਕ ਸਾਹਿਬ ਦਾ ਸ਼ੁਧ (montheistic) ਬ੍ਰਹਮੋ ਸਮਾਜੀ ਧਰਮ ਇਕ ਰੱਬ ਨੂੰ ਕੇਵਲ ਮੰਨਣ ਵਾਲੇ ਗੁਰੂ ਨਾਨਕ ਦੀ ਚੰਗੀ ਤਹਰੀਕ ਇਕ ਨਿਕੀ ਛਾਵਣੀ ਵਿਚ ਆਣ ਖਤਮ ਹੋਈ। ਅਸੀਂ ਸਿਖਾਂ ਦੇ ਇਸ ਗਿਰਾਓ ਉੱਪਰ ਬੜਾ ਅਫਸੋਸ ਕਰਦੇ ਹਾਂ, ਸਿਖਾਂ ਵਿਚ ਹੁਣ ਸਦੀਆਂ ਹੋਈਆਂ ਮੁਜ ਕੋਈ ਮਨੁਖ ਨੂੰ ਤਲੀਮ ਦੇਣ ਵਾਲਾ ਆਦਮੀ ਨਹੀਂ ਆਯਾ।"

ਤਿੰਨ ਚਾਰ ਸਾਲ ਮਗਰੋਂ ਇਸ ਪਾਠ ਨੂੰ ਸਰ ਰਾਬਿੰਦ੍ਰ ਨਾਥ ਦੇ ਚੇਲੇ ਪ੍ਰੋਫੈਸਰ ਜਾਦੂ ਨਾਥ ਸਰਕਾਰ ਨੇ ਇਸੇ ਗਲ ਨੂੰ ਮਿਕਾਲਫ਼ ਸਾਹਿਬ ਦੀ ਪੋਥੀ ਵਿਚੋਂ ਸਾਬਤ ਕਰਨ ਦੀ ਕੀਤੀ ਹੈ, ਜਾਦੂ ਨਾਥ ਦਾ ਆਪਣਾ ਖਾਸ ਮਜ਼ਮੂਨ ਤਾਂ ਔਰੰਗਜ਼ੇਬ ਹੈ। ਸੁਣਿਆਂ ਹੈ ਪੜ੍ਹਦੇ ਪੜ੍ਹਦੇ ਆਪ ਹੁਣ ਔਰੰਗਜੇਬ ਨੂੰ ਬੜਾ ਚੰਗਾ ਆਦਮੀ ਜਾਣਨ ਵਾਲਿਆਂ ਵਿਚੋਂ ਇਕ ਹਨ, ਆਪ ਦੇ ਲੰਮੀਆਂ ਲੰਮੀਆਂ ਜਿਲਦਾਂ ਪਹਲਾ ਛਾਪ ਚੁਕੇ ਹਨ ਤੇ ਇਕ ਤੀਜੀ ਹੁਣ ਛਾਪੀ ਹੈ ਤੇ ਚੌਥੀ ਦੀ ਤਯਾਰੀ ਹੈ। ਆਪ ਇਸ ਤੀਜੀ ਜਿਲਦ ਵਿਚ ਸਰ ਰਾਬਿੰਦ੍ਰ ਨਾਥ ਟਾਗੋਰ ਦੀ ਰਾਏ ਨੂੰ ਇਤਹਾਸਕ ਸਚ ਦਾ ਦਰਜਾ ਦਿੰਦੇ ਹਨ ਅਰ ਆਪਦਾ ਸਭ ਜ਼ੋਰ ਮਿਕਾਲਫ ਸਾਹਿਬ ਦੀ ਪੋਥੀ ਪਰਦੇ, ਆਪ ਵੀ ਇਸ ਲੇਖ ਵਿਚ ਓਸੇ ਗੁਸੇ ਵਿਚ ਹਨ ਜੇਹੜਾ ਕਿ ਮੈਂ ਉੱਪਰ ਦਸ ਆਇਆ ਹਾਂ, ਕਦੀ ਕਦੀ ਬ੍ਰਹਮੋ ਸਮਾਜੀਆਂ ਨੂੰ ਆਰਯਾ ਸਮਾਜੀ ਬਣਾ ਦਿੰਦਾ ਹੈ। ਪਰੋਫੈਸਰ ਜਾਦੂ ਨਾਥ ਦਾ ਲੇਖ ਲੰਮਾ ਸਾਰਾ ਹੈ, ਪਰ ਤਾਤਪਰਤ ਇਉਂ ਹੈ : –

"ਗੁਰੂ ਨਾਨਕ ਸਾਹਿਬ ਇਕ ਬੇਦੀ ਜਾਤ ਦੇ ਖਤ੍ਰੀਆਂ ਵਿਚ ਜੰਮੇ ਚੰਗੇ ਈਸ਼ਵਰ ਭਗਤ ਹੋਏ ਹਨ ਤੇ ਆਪ ਨੇ ਬਹੁਤ ਸਾਰਾ ਸੁਧਾਰ ਕੀਤਾ ਤੇ ਨਾਲੇ ਜਾਦੂਨਾਥ ਸਾਰਟੀਫਿਕੇਟ ਦਿੰਦਾ ਹੈ ਕਿ ਗੁਰੂ ਸਾਹਿਬ ਦੇ ਸ਼ਬਦ ਤੇ ਬਾਣੀ ਉਨ੍ਹਾਂ ਥੀਂ ਪਹਲੇ ਹੋਏ 'ਬ੍ਰਹਮ' ਸਮਾਜੀ ਆਸ਼ੇ ਵਾਲੇ ਸੰਤਾਂ ਮਹਾਤਮਾਂ ਦੇ ਕਥਨਾਂ ਨੂੰ ਹੇਰ ਫੇਰ ਕਰਕੇ ਬਣਾਏ ਹੋਏ ਹਨ। ਮੁੜ ਲਿਖਦਾ ਹੈ ਕਿ ਹੌਲਿਆਂ ਹੌਲਿਆਂ ਆਦਮੀ-ਪੂਜਾ ਆਰੰਭ ਹੋਈ ਤੇ ਗੁਰੂ ਅਰਜਨ ਦੇਵ ਨੇ ਮਾਯਾ ਧਾਰ ਲਈ, ਗੁਰਿਆਈ ਨਿੱਕੇ ਨਿੱਕੇ ਬੱਚਿਆਂ ਨੂੰ ਮਿਲਣ ਲੱਗੀ ਰੂਹਾਨੀਅਤ ਇਕ ਜਾਇਦਾਦ ਹੋ ਗਈ, ਜਿਸਦਾ ਆਖਰੀ ਸਿੱਟਾ ਅਜ ਕੱਲ ਇਕ ਕਿਤਾਬ ਦੀ ਪੂਜਾ ਨਿਕਲਿਆ ਹੈ ਤੇ ਲਿਖਦਾ ਹੈ ਕਿ ਆਦਮੀ ਪੂਜਾ ਇੰਨੀ ਵਧੀ ਕਿ ਭਾਈ ਗੁਰਦਾਸ ਨੇ ਗੁਲਾਮ ਬਣਾਉਣ ਦਾ ਉਪਦੇਸ਼ ਕੀਤਾ ਤੇ ਇਸਦੇ ਪ੍ਰਮਾਣ ਵਿਚ ਸ਼ਬਦ ਕੇਹੜਾ ਦਿੰਦਾ ਹੈ? ਓਹ ਮਿਕਾਲਫ ਦਾ ਉਲਥਾ ਤੇ ਕਿਸ ਮੁਰਦਾ ਦਾ? "ਸ਼ਬਦਾ ਹੋਏ ਮੁਰੀਦ ਨ ਗਲੀਂ ਹੋਵਣਾ" ਲਿਖਦਾ ਹੈ ਜਦ ਸਿਖ ਇਖਲਾਕ ਥੀਂ ਇੰਨੇ ਗਿਰੇ ਤਦ ਇਸ ਥੀਂ ਹਠਾਹਾਂ ਜਾਣ ਦਾ ਹੋਰ ਕੀ ਜ਼ਿਕਰ ਕਰਨਾ ਹੈ। ਕਲਗੀਆਂ ਵਾਲੇ ਨੂੰ ਇਕ ਜਰਨੈਲ ਦੀ ਹਸੀਅਤ ਵਿਚ ਗਿਣਿਆ ਹੈ ਤੇ ਨਾਲੇ ਕਿਹਾ ਹੈ ਕਿ ਰੂਹਾਨੀਅਤ ਬਾਕੀ ਨਹੀਂ ਸੀ ਰਹੀ ਤੇ ਸਿਖ ਲੁਟੇਰੇ ਤਾਂਤੀਆਂ ਭੀਲ ਵਾਂਗੂ ਡਾਕੂ ਹੋ ਗਏ ਸਨ, ਓਹ ਇਕ ਤਰਾ ਦੇ ਬਾਦਸ਼ਾਹ ਵਕਤ ਥੀਂ ਬਾਗੀ ਲੋਕ ਸਨ ਤੇ ਉਨ੍ਹਾਂ ਨੂੰ ਮਾਰਨਾ ਔਰੰਗਜੇਬ ਦਾ ਧਰਮ ਸੀ ਤੇ ਆਖਰ ਪਦੋ ਵੈਸਰ ਜਾਦੂ ਨਾਥ ਨੇ ਏਹ ਸਿਧ ਕੀਤਾ ਹੈ ਕਿ ਮੁਗਲ ਬਾਦਸ਼ਾਹੀ ਨੂੰ ਸਿੱਖਾਂ ਨੇ ਨਹੀਂ, ਪਰ ਦੁਰਾਨੀਆਂ ਤੇ ਈਰਾਨੀਆਂ ਬਰਬਾਦ ਕੀਤਾ ਸੀ, ਇਹ ਆਪ ਦੀ ਖੋਜ ਦਾ 'ਇਤਹਾਸਕ ਸੋਚ' ਦਾ ਸਿੱਟਾ ਨਿਕਲਿਆ।

ਇਸ ਮਜ਼ਮੂਨ ਵਿਚ ਜਿੱਥੇ ਆਪ ਗੁਰੂ ਅਰਜਨ ਦੇਵ ਸਾਹਿਬ ਨੂੰ ਮਾਇਆ ਧਾਰੀ ਕਹਿੰਦੇ ਹਨ ਉਥੇ ਇੰਨੀ ਪ੍ਰਸੰਸਾ ਵੀ ਕਰਦੇ ਹਨ ਕਿ ਜਦ ਓਹ ਮੁਲਕੀ ਅਪ੍ਰਾਧ ਵਿਚ ਵੜੇ ਗਏ ਅਰ ੧੦੦੦੦੦ ਜੁਰਮਾਨਾ ਹੋਇਆ, ਤਦ ਓਹਨਾਂ ਨੇ ਗੁਰੂ ਖਜਾਨੇ ਵਿਚੋਂ ਇਹ ਜੁਰਮਾਨਾ ਦੇਣਾ ਮਨਜੂਰ ਨਹੀਂ ਕੀਤਾ ਅਰ ਕਿਹਾ ਕਿ ਮੈਂ ਇਹ ਜੁਰਮਾਨਾ ਨਾਹੱਕ ਹੋਣ ਕਰਕੇ ਨਹੀਂ ਦਿਆਂਗਾ। ਦੂਜੇ ਗੁਰੂ ਖਜ਼ਾਨਾ ਸਿੱਖਾਂ ਦਾ ਹੈ ਮੇਰਾ ਓਸ ਵਿਚੋਂ ਜੁਰਮਾਨਾ ਦੇਣਾ ਨਹੀਂ ਹੋ ਸਕਦਾ।

ਓਹਨਾਂ ਦੇ ਸ਼ਹੀਦ ਹੋਣ ਦਾ ਜ਼ਿਕਰ ਇਉਂ ਕੀਤਾ ਹੈ ਕਿ ਓਹ ਮੁਲਕੀ ਅਪ੍ਰਾਧ ਵਿਚ ਮਾਰੇ ਗਏ ਸਨ, ਆਪ ਨੂੰ ਬਹੁਤ ਵਹੁਟੀਆਂ ਵਯਾਹੁਣ ਦੀ ਬਦ ਇਖਲਾਕੀ ਬੜੀ ਬੁਰੀ ਲਗਦੀ ਹੈ ਅਰ ਸਤਿਗੁਰਾਂ ਦੇ ਸਮੇਂ ਦੇ ਇਸ ਕੰਮ ਨੂੰ ਓਹ ਇਖਲਾਕ ਥੀਂ ਢੱਠਾ ਹੋਇਆ ਦਸਦਾ ਹੈ ਅਰ ਆਪ ਮੈਕਾਲਫ ਥੀਂ ਸਿੱਧ ਕਰਦੇ ਹਨ ਕਿ ਗੁਰੂ ਹਰ ਰਾਇ ਸਾਹਿਬ ਦਾ ਵਿਆਹ ਇਕ ਸਿੱਖ ਦੀ ਸੱਤ ਲੜਕੀਆਂ ਨਾਲ ਇਕੋ ਦਿਨ ਜਦ ਓਹ ਹਾਲੀ ਬਾਲਕ ਹੀ ਸਨ ਤਦ ਹੋਯਾ। ਪਰੋਫੈਸਰ ਸਾਹਿਬ ਨੇ ਆਪਣਾ ਸਾਰਾ ਇਤਹਾਸ ਦੀ ਖੋਜ ਦਾ ਸੁਭਾਓ ਮੈਕਾਲਫ ਦੀ ਪੋਥੀ ਥੀਂ ਸਿੱਧ ਕਰਨ ਲਈ ਲਾਯਾ ਹੈ, ਆਪ ਦਾ ਸਾਰਾ ਲੇਖ ਇਖਲਾਕੀ ਨਫਰਤ ਨਾਲ ਭਰਿਆ ਹੈ, ਇਤਹਾਸ ਦੀ ਖੋਜ ਦਾ ਸੁਭਾਓ ਇਥੇਂ ਆਕੇ ਸਾਰਾ ਉਡੰਤ ਹੋ ਚੁਕਾ ਹੈ, ਆਪ ਦੇ ਦਿਮਾਗ ਦੀ ਤੱਕੜੀ ਅੰਨ੍ਹੇ ਜਿਹੇ ਜੋਸ਼ ਨਾਲ ਇਕ ਪਾਸੇ ਝੁਕੀ ਹੈ ਤੇ ਤੋਲੀ ਜਾਂਦੀ ਹੈ।

ਇਸਦਾ ਇਕ ਜਵਾਬ ਮੈਂ ਮਾਡਰਨ ਰੀਵੀਊ ਵਿਚ ਘੱਲਯਾ ਹੈ, ਜੋ ਉਨ੍ਹਾਂ ਨੇ ਕੱਟ ਵੱਢ ਕੇ ਕਈ ਹਿੱਸੇ ਛਡਕੇ ਛਾਪਿਆ ਹੈ, ਜਿਸ ਕਰਕੇ ਮੇਰੇ ਕਈ ਸਿਖ ਵੀਰਾਂ ਨੂੰ ਕਿਤੇ ਕਿਤੇ ਟਪਲੇ ਲੱਗਣ ਦਾ ਡਰ ਹੈ। ਓਹ ਇਸ ਲੇਖ ਵਿਚੋਂ ਜਿਹੜਾ ਹੁਣ ਖਾਲਸਾ ਸਮਾਚਾਰ ਦੇ ਪਾਠਕਾਂ ਦੀ ਭੇਟਾ ਹੈ ਕੋਈ ਕੋਈ ਹਿੱਸਾ ਹੈ।

ਸਭ ਥੀਂ ਵਡੀ ਗੱਲ ਤਾਂ ਇਹ ਹੈ ਕਿ ਮੈਕਾਲਫ ਦਾ ਉਲਥਾ ਸਾਡੇ ਸਿੱਖੀ ਸਾਹਤਯ ਦਾ ਮੁਰਦਾ ਜਿਹਾ ਉਲਥਾ ਓਹ ਪਿਆਰ ਮੰਡਲ ਜਿਸ ਵਿਚ ਪੰਜਾਬੀ ਵਿਚ ਓਹ ਸਾਹਿਤਯ ਲਿਖਿਆ ਹੈ ਤੇ ਜਿਸ ਪਿਆਰ ਮੰਡਲ ਵਿਚ ਬੈਠਕੇ ਅਸੀ ਓਸ ਸਾਖੀ ਸਾਹਿਤਯ ਨੂੰ ਪੜ੍ਹਦੇ ਹਾਂ ਓਹ ਮੰਡਲ ਹਾਂਜੀ ਅਨਡਿੱਠ ਮੰਡਲ ਮੈਕਾਲਫ ਸਾਹਬ ਆਪਣੀ ਪੋਥੀ ਵਿਚ ਨਹੀਂ ਪੈਦਾ ਕਰ ਸਕੇ, ਇਸ ਵਾਸਤੇ ਹੱਡੀ ਹੱਡੀ ਰਹ ਗਈ ਹੋਈ ਨੂੰ ਅੰਗ੍ਰੇਜ਼ੀ ਵਿਚ ਪੜ੍ਹਕੇ ਸਿੱਖੀ ਸਿਦਕ ਤੇ ਪਿਆਰ ਦਾ ਕੋਈ ਅੰਦਾਜ਼ਾ ਨਹੀਂ ਲਗ ਸਕਦਾ ਸਗੋਂ ਪੜ੍ਹਕੇ ਮਖੌਲਾਂ ਤੇ ਟਿਚਕਰਾਂ ਕਰਨ ਦਾ ਸਾਮਾਨ ਸਾਹਿਬ ਬਹਾਦਰ ਪੈਦਾ ਕਰ ਗਏ ਹਨ।

ਮੈਕਾਲਫ ਬਾਬਤ ਮੇਰੀ ਰਾਇ ਨੂੰ ਸ਼ਾਇਦ ਕਿਤੇ ਪਸੰਦ ਨਾ ਕੀਤਾ ਜਾਵੇ, ਮੇਰਾ ਓਹਨਾਂ ਦੀ ਜ਼ਾਤ ਪਰ ਯਾ ਓਹਨਾਂ ਦੀ ਮੇਹਨਤ ਪਰ ਹਮਲਾ ਕਰਨੇ ਦਾ ਮਤਲਬ ਨਹੀਂ। ਜੋ ਤਸਵੀਰ ਓਹਨਾਂ ਨੇ ਗੁਰਬਾਣੀ ਗੁਰ ਇਤਹਾਸ ਦੀ ਬਨਾਈ ਹੈ ਉਸ ਪਰ ਨੁਕਤਾਚੀਨੀ ਦਾ ਹਕ ਹਰਿੱਕ ਨੂੰ ਹਾਸਲ ਹੈ ਤੇ ਮੈਂ ਆਪਣਾ ਤਾਤਪਰਜ ਸਾਫ ਕਰਨ ਲਈ ਪਾਠਕਾਂ ਨੂੰ ਇਹ ਆਖਦਾ ਹਾਂ ਕਿ ਓਹ ਇਬ੍ਰਾਨੀ ਯੂਨਾਨੀ ਤੇ ਅੰਗ੍ਰੇਜ਼ੀ ਵਿਚ ਅੰਜੀਲ ਦਾ ਤਰਜਮਾਂ ਦੇਖਣ ਯਾ ਸੰਸਕ੍ਰਿਤ ਵਿਚੋਂ ਐਨੀ ਬੀਸੈਂਟ ਦਾ ਗੀਤਾ ਦਾ ਤਰਜਮਾਂ ਦੇਖਣ ਤੇ ਫੇਰ ਮੈਕਾਲਫ ਦੇ ਤਰਜਮੇਂ ਦਾ ਮੁਕਾਬਲਾ ਕਰਨ ਤਾਂ ਮੇਰਾ ਮਤਲਬ ਸਾਫ ਹੋ ਜਾਏਗਾ ਕਿ ਮੈਂ ਕੀ ਆਖਦਾ ਹਾਂ। ਇਸ ਤੋਂ ਵਧੀਕ ਮੇਰਾ ਕੁਛ ਆਸ਼ਾ ਨਹੀਂ ਹੈ ਜੋ ਗੁਰਬਾਣੀ ਦਾ ਭਾਵ ਸਾਡੇ ਹ੍ਰਿਦੇ ਪਰ ਪੈਂਦਾ ਹੈ ਸੋ ਮੈਂ ਇਕ ਅਮਰੀਕਨ ਦੇ ਆਤਮਾਂ ਪਰ ਮੈਕਾਲਫ ਦੇ ਤਰਜਮੇ ਤੋਂ ਨਹੀਂ ਪੈਦਾ ਪਰ ਸੰਸਕ੍ਰਿਤ 'ਗੀਤਾ' ਦਾ ਲਗ ਪਗ ਸਾਰਾ ਮਿੱਠਾ ਭਾਵ ਐਨੀ ਬੀਸੈਂਟ ਦੇ ਤਰਜਮੇਂ ਤੋਂ ਇਕ ਅਮਰੀਕਨ ਦੇ ਦਿਲ ਤੇ ਪੈ ਜਾਂਦਾ ਹੈ। ਜੋ ਸੁਆਦ ਕਾਲੀਦਾਸ ਦੀ ਸਕੁੰਤਲਾ ਦਾ ਸੰਸਕ੍ਰਿਤ ਪੜ੍ਹੇ ਨੂੰ ਹੈ ਲਗਪਗ ਉਹੋ ਸੁਆਦ ਫਰਾਂਸੀਸੀ ਵਿਚ ਹੋਏ ਤਰਜਮੇਂ ਦਾ 'ਗੇਟੇ' ਨੂੰ ਆ ਗਿਆ ਸੀ, ਸੋ ਮੇਰਾ ਮਤਲਬ ਇਹ ਹੈ ਕਿ ਇਸ ਰੰਗ ਵਿਚ ਨਾ ਮੈਕਾਲਫ ਦਾ ਤਰਜਮਾਂ ਹੈ ਅਰ ਨਾ ਇਤਹਾਸ ਹੈ।

ਦੂਜੀ ਗੱਲ ਇਹ ਹੈ ਕਿ ਸਾਖੀ ਸਾਹਿਤਯ ਸਾਡਾ ਪਿਆਰ ਦਾ ਸਿੱਟਾ ਹੈ, ਇਥੇ ਇਤਹਾਸ ਕਵਿਤਾ ਹੋ ਚੁਕੀ ਹੈ ਕਿਸੇ ਇਤਹਾਸਕਾਰ ਨੂੰ ਇਸ ਇਲਾਹੀ ਕਵਿਤਾ ਨੂੰ "ਇਤਹਾਸਕ ਸੱਚ" ਮੰਨਣ ਦਾ ਕੋਈ ਇਖਤਿਆਰ ਨਹੀਂ, ਤੇ ਜਾਦੂ ਨਾਥ ਦੀ ਇਹ ਸਖਤ ਗਲਤੀ ਹੈ ਕਿ ਇਕ ਤਾਂ ਮੈਕਾਲਫ ਦੇ ਰੋੜਾਂ ਨੂੰ ਓਸ ਜੀਉਂਦੇ ਭਾਵ ਸਮਝਿਆ ਤੇ ਸਭ ਥੀਂ ਵੱਡੀ ਭੁਲ ਇਹ ਹੈ ਕਿ ਸਾਡੇ ਸਾਖੀ ਸਾਹਿਤਯ ਦੀ ਕਵਿਤਾ ਨੂੰ ਓਸ ਇਤਹਾਸ ਦੀ ਖੋਜ ਦਾ ਮਸਾਲਾ ਖਿਆਲ ਕੀਤਾ ਤੇ ਆਪ ਨੇ ਇਕ ਹੋਰ ਸਖਤ ਟਪਲਾ ਖਾਧਾ ਹੈ ਓਹ ਇਹ ਕਿ ਆਪ ਨੇ ਸਤਿਗੁਰਾਂ ਨੂੰ ਇਕ ਸਾਧਾਰਣ ਇਤਹਾਸਿਕ ਪੁਰਖ ਮੰਨਿਆ ਹੈ। ਨਿਪੋਲੀਅਨ ਜੈਸੇ ਜਰਨੈਲ ਆਪਣੀ ਅਧਭੁਤ ਕਰਾਮਤਾਂ ਕਰਕੇ ਇਤਹਾਸ ਦੇ ਤਬਕੇ ਥੀਂ ਉੱਤੇ ਕੱਢੇ ਜਾ ਰਹੇ ਹਨ ਅਰ ਇਕ ਫਕੀਰਾਂ ਦਰਜੇ ਦੇ ਨੇੜੇ ਨੇੜੇ ਦਰਜਾ ਪਾ ਰਹੇ ਹਨ। ਇਤਹਾਸ ਵਾਲੇ ਓਸਦੀ ਸ਼ਖਸੀਅਤ ਤੇ ਹਰਫ ਜ਼ਨੀ ਕਰਕੇ ਆਲਮੇ ਰਵਾਹ ਵਲ ਤੱਕਣ ਲਗਦੇ ਹਨ ਤੇ ਜਿਹੜੇ ਸਦਾ ਆਪਣੇ ਰੱਬ ਨਾਲ ਜੁੜੇ ਅਰਸ਼ਾਂ ਵਿਚ ਹੀ ਵਿਚਰਦੇ ਹਨ ਅਰ ਸਦਾ ਅਮਰ ਤੇ ਜਨਮ ਮਰਨ ਥੀਂ ਰਹਤ ਨਿਰੋਲ ਰੂਹਾਨੀਅਤ ਹਨ, ਓਹਨਾਂ ਨੂੰ "ਇਤਹਾਸਿਕ ਸੱਚ" ਦੇ ਤਬਕੇ ਵਿਚ ਲਿਆ ਕੇ ਤੇ ਓਹਨਾਂ ਦਾ ਜ਼ਿਕਰ ਕਰਨਾ ਜਿਵੇਂ ਜਾਦੂ ਨਾਥ ਨੇ ਕੀਤਾ

ਹੈ ਇਹ ਸਭ ਥੀਂ ਵੱਡਾ ਕੂੜ ਹੈ ਅਸੀਂ ਸਿੱਖ ਹੋਣ ਕਰਕੇ ਪਿਆਰ ਵਿਚ ਹੀ ਨਹੀਂ ਬਰਦਾਸ਼ਤ ਕਰ ਸਕਦੇ, ਪਰ ਨਿਰਪੱਖ "ਜੀਨਅਸ" ਦੇ ਚਰਿੱਤ੍ਰਾਂ ਨੂੰ ਪੜ੍ਹਨ ਵਾਲੇ ਸਾਡੇ ਸਤਿਗੁਰਾਂ ਦਾ ਨਾਂ ਆਮ ਤ੍ਰੀਕੇ ਨਾਲ ਲੈਣ ਥੀਂ ਜ਼ਰੂਰ ਕੰਬਣਗੇ। ਮੁਹੰਮਦ ਸਾਹਿਬ ਉੱਪਰ ਭੀ ਇਸਤਰ੍ਹਾਂ ਦੇ ਹਮਲੇ ਹੋਏ ਸਨ, ਪਰ ਹਮਲੇ ਕਰਨ ਵਾਲੇ ਆਖਰ ਮਿੱਟੀ ਹੋਏ। ਯੂਰਪ ਦੇ ਕਈ ਤਾਰੀਖੀ ਗੱਪਾਂ ਮਾਰਨੇ ਵਾਲੇ ਮੁਹੰਮਦ ਸਾਹਬ ਨੂੰ ਗਾਲਾਂ ਦੇਂਦੇ ਰਹੇ, ਪਰ ਆਖਰਕਾਰ ਲਾਈਲੋ ਆਯਾ ਤੇ ਓਸਨੇ ਆਕੇ ਦਸਿਆ ਕਿ ਮੁਹੰਮਦ ਫਕੀਰ ਹੈ, ਇਕ ਹੀਰੋ (ਮਹਾਨ ਪੁਰਖ ਹੈ) ਉਸ ਪਰ ਨੁਕਤਾਚੀਨੀ ਜੋ ਕੀਤੀ ਗਈ ਹੈ ਅਨਰਥ ਕੀਤਾ ਗਿਆ ਹੈ। ਏਸੇ ਤਰ੍ਹਾਂ ਖਬਰੇ ਕਦੋ ਕੋਈ ਗੈਰ ਕੌਮ ਦਾ ਦਾਨਾ ਆਵੇ ਤੇ ਏਸ ਜਾਦੂ ਨਾਥ ਨੂੰ ਦੱਸੇ ਕਿ ਤੂੰ ਆਪਣੇ ਦੇਸ ਦੇ ਸਭ ਥੀਂ ਉੱਚੇ ਮਹਾਂ ਪੁਰਖਾਂ ਨਾਲ ਅਨਯਾਯ ਕੀਤਾ ਹੈ।

ਜਾਦੂ ਨਾਥ ਨੂੰ ਕੀ ਪਤਾ ਹੈ ਕਿ ਅਸੀਂ ਗੁਰੂ ਸਾਹਬਾਂ ਨਾਲ ਕਿਸ ਡੂੰਘੀ ਪ੍ਰੀਤ ਤਾਰ ਨਾਲ ਪ੍ਰੋਏ ਪਏ ਹਾਂ। ਸਾਡੇ ਪੰਜਾਬ ਦੀ ਬੀਰ ਤੇ ਪ੍ਰੇਮ ਭਰੀ ਧਰਤੀ ਦੇ ਖਮੀਰ ਦਾ ਉਸਨੂੰ ਪਤਾ ਨਹੀਂ, ਕੌਣ ਗੁਰੂ ਆਪਣੇ ਪੁਤ੍ਰ ਸਿਖਾਂ ਦੇ ਸਿਰ ਤੋਂ ਸਦਕੇ ਕਰਦਾ ਤੇ ਕੌਣ ਸਿਖ ਗੁਰੂ ਦੇ ਨਾਮ ਤੋਂ ਬੰਦ ਬੰਦ ਟੁਕਾਂਦੇ ਹਨ। ਜਿਸ ਧਰਤੀ ਤੇ ਸੰਸਾਰਕ ਇਸ਼ਕ ਦੇ ਨਮੂਨੇ ਹੀਰ ਰਾਂਝਾ, ਸੋਹਣੀ ਮਹੀਵਾਲ, ਸੱਸੀ ਪੁੰਨੂੰ ਦੀਆਂ ਨਜ਼ੀਰਾਂ ਨਹੀ ਲਭਦੀਆਂ ਉਸ ਇਸ਼ਕ ਰਮਾਈ ਧਰਤੀ ਦੇ ਅਰਸ਼ੀ ਪ੍ਰੇਮ ਦੇ 'ਗੁਰ ਸਿਖ' ਪ੍ਰੀਤ ਦੇ ਨਮੂਨੇ ਭੀ ਬੇਨਜ਼ੀਰ ਹਨ। ਭਾਈ ਨੰਦ ਲਾਲ ਕਹਿੰਦੇ ਹਨ, ਜਿਸਦੇ ਇਸ਼ਕ ਦੇ ਅਸੀਂ ਕੁੱਠੇ ਹਾਂ ਸਾਡੇ ਪਿਆਰ ਦਾ ਉਹ ਸ਼ੈਦਾਈ ਹੈ। ਗੁਰ ਸਿੱਖ ਰੱਬੀ ਅਰਸ਼ੀ ਪਰਮ ਪਵਿਤ੍ਰ ਸਭ ਉੱਚੀ ਪ੍ਰੀਤ ਵਿਚ ਬੱਝੇ ਪਏ ਹਨ, ਇਸ ਪ੍ਰੀਤ ਦੀ ਪ੍ਰੀਤ ਮਦ-ਹੋਸ਼ੀ ਵਿਚ ਭਾਈ ਗੁਰਦਾਸ ਵਰਗੇ ਪੰਡਤ ਤੇ ਭਾਈ ਨੰਦ ਲਾਲ ਵਰਗੇ ਆਲਮ ਸਤਗੁਰੂ ਨੂੰ 'ਰਬ' ਤਕ ਕਹ ਉਠਦੇ ਹਨ, ਮੁਲਾਣਿਆਂ ਵਾਲੇ ਹਿਸਾਬ ਇਸ ਪ੍ਰੀਤ ਮਦਹੋਸ਼ੀ ਵਿਚ ਥਾਂ ਨਹੀਂ ਰੱਖਦੇ।

ਪੰਡਤ ਪਾਂਧੇ ਤੇ ਕਾਜ਼ੀ ਮੁਲਾਂ ਚੋਹਾਂ ਨੇ ਸ਼ੋਰ ਮਚਾਇਆ ਹੈ।<br>
ਇਸ਼ਕ ਕਹੇ ਦਿਓ ਚੌਹਾਂ ਨੂੰ ਫਾਂਸੀ ਮੇਰੀ ਸ਼ਰਆ ਵਿਚ ਆਇਆ ਹੈ।

ਜੇ ਇਸ ਗੁਰੂ ਦੀ ਸਿੱਖ ਤੇ ਸਿੱਖ ਦੀ ਗੁਰੂ ਨਾਲ ਅਰਸ਼ੀ ਪਾਵਨ ਪ੍ਰੀਤ ਨੂੰ 'ਮਨੁਖ ਪੂਜਾ' ਕਿਹਾ ਜਾਂਦਾ ਹੈ ਤਾਂ ਕਿਹਾ ਜਾਵੇ, ਜੇ ਏਹ ਮਰਦੁਮ ਪ੍ਰਸਤੀ ਹੈ ਤਾਂ ਵਾਹ ਵਾਹ ਬਾਬਾ ਸਾਡੇ ਕੋਲੋ ਨਹੀਂ ਹੋ ਸਕਦਾ ਕਿ ਅਸੀਂ ਆਪਣੇ 'ਨਾਨਕ ਗੋਬਿੰਦ ਸਿੰਘ' ਅਤ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਤੋਂ ਸਦਾ ਸਦਕੇ ਨਾਂ ਹੁੰਦੇ ਰਹੀਏ ਤੇ ਨਾਂ ਸਾਡੇ ਸਤਗੁਰਾਂ ਕੋਲੋਂ ਹੋ ਸਕਦਾ ਹੈ ਕਿ ਓਹ ਅਪਨੇ ਪੁਤ, ਅਪਨਾ ਪਰਵਾਰ, ਅਪਨਾ ਮਾਲ ਸਾਰਾ ਕੁਛ ਸਾਥੋਂ ਸਦਕੇ ਨਾ ਕਰਨ ਤੇ ਸਾਨੂੰ ਚਰਨ ਰੇਣੂੰਆਂ ਨਕਾਰਿਆਂ ਨਕੰਮਿਆਂ ਨੂੰ ਪ੍ਰੇਮ ਦੀਆਂ ਰਾਗਾਂ ਵਿਚ ਆਕੇ ਐਉਂ ਨਾ ਆਖਣ :-

'ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹਿ ਮੋ ਸੇ ਗ੍ਰੀਬ ਕਰੋਰ ਪਰੇ।'<br>
'ਮੋ ਗ੍ਰਹ ਮੈ ਤਨ ਤੇ ਮਨ ਤੇ ਧਨ ਲੇ ਸਿਰ ਹੈ ਸਭ ਹੀ ਇਨ।'

ਓਹਨਾਂ ਦਾ ਇਉਂ ਜ਼ਿਕਰ ਹੀ ਕਰਨਾ ਆਪਣੀ ਜਹਾਲਤ ਦਾ ਸਬੂਤ ਦੇਣਾ ਹੈ। ਹੋਰ ਕੁਝ ਨਹੀਂ ਤਾਂ ਇਨ੍ਹਾਂ ਦੋਹਾਂ ਬੰਗਾਲੀ ਬ੍ਰਹਮੋ ਸਮਾਜ ਦੇ ਰੁਕਨਾਂ ਨੂੰ ਇੰਨੀ ਵੀ ਸ਼ਰਧਾ ਨਹੀਂ ਆਈ ਕਿ ਸਤਗੁਰੂ ਸਾਡੇ ਦਿਲਾਂ ਦੇ ਮਾਲਕ ਸਿਖ ਕੌਮ ਦੇ ਕਰਤਾ ਸਿਖ ਕੌਮ ਦੇ ਸਿਰ ਤਾਜ ਹਨ ਆਓ ਆਪਣੇ ਅਸੂਲਾਂ ਮੁਤਾਬਕ ਹੀ ਇਨ੍ਹਾਂ ਦਾ ਸਤਕਾਰ ਕਰੀਏ, ਹਿੰਦੁਸਤਾਨੀ ਲੋਕ ਆਪਣੇ ਵਡੇ ਪੁਰਖਾਂ ਦਾ ਵੀ ਇਹੋ ਜਿਹਾ ਸਤਕਾਰ ਕਰਦੇ ਹਨ।

ਸਾਡਾ ਜਵਾਬ ਸੰਖੇਪ ਨਾਲ ਓਹੋ ਹੀ ਹੈ ਜਿਹੜਾ ਮੈਨੂੰ ਇਕ ਵੇਰੀ ਮੇਰੇ ਪ੍ਰੋਫੈਸਰ ਨਾਗਾਈ ਜਨੀਅਰ ਟੋਕਯੋ ਇੰਪੀਰੀਅਲ ਯੂਨੀਵਰਸਟੀ ਨੇ ਦਿੱਤਾ ਸੀ। ਟੋਕਯੋ ਵਿਚ ਮੈਂ ਬਹੁਤ ਸਾਰਾ ਬ੍ਰਹਮੋ ਸਮਾਜੀ ਖਿਆਲ ਦਾ ਆਦਮੀ ਸੀ ਤੇ ਮੈਨੂੰ ਵੀ ਮਹਾਂ ਪੁਰਖਾਂ ਦਾ ਸਤਕਾਰ ਇਕ ਮੁਰਦਾ-ਆਦਮੀ ਪੂਜਾ ਲਗਦੀ ਸੀ ਤੇ ਏਹ ਗੱਲ ਕੌੜੀ ਜਿਹੀ ਲਗਦੀ ਸੀ, ਕੂੜਾ ਇਖਲਾਕ ਤੇ ਓਸਦੇ ਅੰਨ੍ਹੇਂ ਜੋਸ਼ ਵਿਚ ਮੈਂ ਸੀ, ਮੈਂ ਵੀ ਬ੍ਰਹਮੋ ਸਮਾਜੀ ਸ਼ੁਧ ਜੋਸ਼ ਵਿਚ ਕਹ ਬੈਠਾ "ਹੇ ਮਿਸਟਰ ਨਾਗਾਈ। ਤੁਸੀਂ ਇੰਨੇ ਪੜ੍ਹੇ ਲਿਖੇ ਹੋਕੇ ਇਕ ਆਦਮੀ (ਮਕਾਡੋ ਜਪਾਨ ਦਾ ਪਾਤਸ਼ਾਹ) ਨੂੰ ਕਿਸ ਤਰ੍ਹਾਂ ਇੱਡਾ ਉੱਚਾ ਤੇ ਪਿਆਰਾ ਮੰਨਦੇ ਹੋ, ਆਪਣੇ ਪਾਤਸ਼ਾਹ ਦਾ ਇੰਨਾ ਅੰਨ੍ਹਾਂ ਸਤਕਾਰ ਕਿਸ ਤਰ੍ਹਾਂ ਕਰਦੇ ਹੋ, ਓਹ ਤਾਂ ਕਈ ਵਹੁਟੀਆਂ ਰੱਖਦਾ ਹੈ" ਤੇ ਹੋਰ ਇਸੀ ਤਰ੍ਹਾਂ ਦੇ ਕੁਛ ਸ਼ਬਦ ਕਹੇ। ਮੈਂ ਵਿਚ ਇਖਲਾਕ ਕੁੱਦਿਆ ਸੀ, ਮੇਰਾ ਪ੍ਰੋਫੈਸਰ ਵਿਚਾਰਾ ਨਿਮਾਣਾ ਜਿਹਾ ਪੀਲਾ ਜਿਹਾ ਆਦਮੀ ਸੀ, ਮੇਰੀ ਇਹ ਗੱਲ ਸੁਣਕੇ ਅੰਗਾਰ ਵਾਂਗੂ ਲਾਲ ਹੋ ਗਿਆ, ਸਾਰਾ ਖ਼ੂਨ ਚਿਹਰੇ ਉੱਤੇ ਆ ਗਿਆ, ਅੱਖਾਂ ਬਲਣ ਲੱਗ ਪਈਆਂ ਤੇ ਮੈਨੂੰ ਕਹਣ ਲੱਗਾ:-

"ਹਾਏ! ਤੂੰ ਜ਼ੁਲਮ ਕੀਤਾ ਤੈਨੂੰ ਸਾਡੇ ਅਦਬ ਤੇ ਪਿਆਰ ਦੀ ਖਬਰ ਨਹੀਂ, ਤੂੰ ਅਜ਼ਾਦ ਬਿਦੇਸ਼ੀ ਹੈਂ, ਪਰ ਜੇ ਕਦੀ ਤੈਨੂੰ ਪਤਾ ਹੁੰਦਾ ਯਾ ਮੈਂ ਤੈਨੂੰ ਕਦੀ ਨੋਟਸ ਦਿੱਤਾ ਹੋਂਦਾ, ਤਦ ਮੈਂ ਇਹ ਗੱਲ ਕਦੀ ਨਹੀਂ ਸੀ ਸਹਾਰਨੀ, ਅੱਗ ਲਗੇ ਤੇਰੇ ਇਖਲਾਕ ਨੂੰ, ਸੜਨ ਤੇਰੇ ਖਿਆਲ, ਤੂੰ ਮੇਰੀਆਂ ਹੱਡੀਆਂ ਨੂੰ ਅੱਗ ਲਾ ਦਿੱਤੀ, ਮੈਂ ਮਰ ਜਾਵਾਂ, ਕੀ ਕਰਾਂ, ਤੂੰ ਇਹ ਕਿਉਂ ਆਖਜਾ ਹਾਂ ਜੀ! ਓਹ ਸਾਡਾ ਸਿਰਤਾਜ, ਓਹ ਸਾਡਾ ਪਾਤਸ਼ਾਹ, ਸਾਡਾ ਮਾਂ ਪਿਓ, ਸਾਡਾ ਸਭ ਕੁਛ, ਅਸੀਂ ਓਸਦੇ ਬੱਚੇ, ਅਸੀਂ ਓਸਦੇ ਗੁਲਾਮ, ਓਹ ਦਿਨ ਰਾਤ ਹੋ ਜਾਵੇਗੀ ਜਦ ਤੇਰਾ ਇਖਲਾਕੇ ਦਾ ਚਾਨਣ ਅਸਾਂ ਵਿਚ ਆਵੇਗਾ, ਬੱਸ ਅੱਗੋਂ ਕਿਸੇ ਜਾਪਾਨੀ ਦੇ ਸਾਹਮਣੇ ਇਹ ਗੱਲ ਮੂੰਹੋਂ ਨਾ ਕੱਡੀ" ਇਹ ਪ੍ਰੀਤ ਵਾਲਿਆਂ ਸਿਦਕ ਵਾਲਿਆਂ ਤੇ ਅਦਬ ਵਾਲਿਆਂ ਦਾ ਉੱਤਰ ਹੈ, ਫੋਕੇ ਮੰਤਕ, ਫੋਕੇ ਇਖਲਾਕ, ਫੋਕੀ ਫਿਲਾਸਫੀ ਅਕਲ ਦੀਆਂ ਨਾਨਾਂ ਚਾਲਾਂ ਦਾ ਇਕ ਜੀਉਂਦਾ ਉਤਰ ਹੈ। ਇਥੋਂ ਮੈਨੂੰ ਸਮਝ ਆਈ ਕਿ ਰੱਬ ਦੇ ਘੱਲੇ ਮਹਾਂ ਪੁਰਖਾਂ ਦਾ ਸਤਕਾਰ ਕਾਮਯਾਬ ਕੌਮਾਂ ਵਿਚ ਇਕ ਜ਼ਰੂਰੀ ਅੰਗ ਹੈ।

ਇਸ ਲੇਖ ਵਿਚ ਕਈ ਵਚਾਰਹਨ ਜੋ ਬਿਨਾਂ ਵਿਸਤਾਰ ਕੀਤੇ ਪੰਜਾਬੀ ਵਿਚ ਸੁਹਣੇ ਨਹੀਂ ਲੱਗਣਗੇ, ਇਸ ਲਈ ਇਸੀ ਪ੍ਰਸਤਾਵਨਿਕ ਬੰਦ ਵਿਚ ਹੁਠਾਹਾਂ ਲਿਖੇ ਵਿਚਾਰ ਵੀ ਮਿਲਾ ਦੇਣੇ ਇਥੇ ਉਚਿਤ ਹਨ।

(੨)

## ਕੂੜ ਸੱਚ

(ਪੱਛਮੀ ਤੇ ਪੂਰਬੀ ਸੱਚ ਦਾ ਆਦਰਸ਼)

ਆਦਮੀ ਜੋ ਹੱਥਾਂ ਨਾਲ ਕਾਰੀਗਰੀ ਦੇ ਕੰਮ ਕਰਦਾ ਹੈ ਓਹਨਾਂ ਨੂੰ 'ਹੁਨਰ' ਆਖਦੇ ਹਨ, ਪ੍ਰੰਤੂ ਕੁਛ ਕੰਮ ਐਸੇ ਹਨ ਜੋ ਆਲਾ ਦਿਮਾਗੀ ਨਾਲ ਸੰਬੰਧ ਰੱਖਦੇ ਹਨ, ਨਿਰੀ ਹੱਥਾਂ ਦੀ ਕਾਰੀਗਰੀ ਨਹੀਂ ਹਨ। ਜਿਸ ਤਰ੍ਹਾਂ ਕਵਿਤਾ, ਰਾਗ, ਚਿਤ੍ਰਕਾਰੀ, ਸੰਗ ਤ੍ਰਾਸ਼ੀ। ਇਨ੍ਹਾਂ ਪ੍ਰਬੀਨ ਤਾਈਆਂ ਨੂੰ ਅੰਗ੍ਰੇਜ਼ੀ ਵਿਚ ਫਾਈਨ ਆਰਟਸ ਆਖਦੇ ਹਨ ਤੇ ਸਾਡੀ ਪੰਜਾਬੀ ਦੇ ਬਨ ਰਹੇ ਲਿਟ੍ਰੇਚਰ ਵਿਚ ਇਨ੍ਹਾਂ ਦਾ ਨਾਮ 'ਕੋਮਲ ਉਨਰ' ਰੱਖਿਆ ਗਿਆ ਹੈ। ਸੋ ਥੋਹੜਾ ਜਿਹਾ ਜ਼ਿਕਰ ਇਨ੍ਹਾਂ ਦਾ ਜ਼ਰੂਰੀ ਹੈ।

ਕੋਮਲ ਉਨਰਾਂ ਵਿਚ ਦੋ ਵਾਦ ਹਨ, ਦੋ ਪੱਖ ਹਨ, ਇਕ ਕਹਿੰਦੇ ਹਨ ਕਿ ਅਸਲੀ ਮੁੱਸਵਰੀ ਵਿਚ ਦਿਸ ਦੀਆਂ ਚੀਜ਼ਾਂ ਦੇ ਰੂਪ ਅਰ ਰੰਗ ਠੀਕ ਜਿਵੇਂ ਦਿੱਸਦੇ ਹਨ ਓਵੇਂ ਹੀ ਕਾਪੀ (ਉਤਾਰਾ) ਕਰਨਾ ਚਾਹੀਏ, ਜਿੰਨੀ ਸੱਚੀ ਕਾਪੀ ਹੋਵੇ, ਓਨਾਂ ਹੀ ਸੱਚ ਹੈ। ਜਾਨਸਨ ਨੇ ਕਹਿੰਦੇ ਹਨ ਇਕ ਮੁੰਡੇ ਨੂੰ ਮਾਰਿਆ ਸੀ, ਓਹ ਇਕ ਖਿੜਕੀ ਵਿਚੋਂ ਬਾਹਰ ਤੱਕ ਰਿਹਾ ਸੀ, ਓਸ ਜਦ ਪੁੱਛਿਆ ਕੇਹੜੀ ਖਿੜਕੀ ਵਿਚੋਂ ਬਾਹਰ ਤੱਕ ਰਿਹਾ ਹੈਂ, ਤਦ ਮੁੰਡੇ ਨੇ ਕਿਹਾ ਖੱਬੀ ਵਿਚੋਂ, ਪਰ ਸੀ ਓਹ ਤਕਦਾ ਸੱਜੀ ਵਿਚੋਂ। ਇਸ ਫਰਕ ਪਰ ਡਾਕਟਰ ਸਾਹਿਬ ਨੇ ਮੁੰਡੇ ਨੂੰ ਖੂਬ ਕੁੱਟਿਆ, ਇਹ ਪੱਛਮੀ ਆਦਰਸ਼ ਸੱਚ ਤੇ ਕੂੜ ਹੈ। ਅਸਲ ਗੱਲ ਇਹ ਹੈ ਕਿ ਬਾਹਰ ਤੱਕਣਾ ਸੱਚ ਸੀ, ਓਸਦੀ (ਟਿਕਾਟਿਕੀ, ਓਸਦਾ ਰਸ, ਓਸਦਾ ਚਾ ਸੱਚ ਸੀ ਤੇ ਖੱਬੀ ਸੱਜੀ ਥੀਂ ਓਹ ਮੁੰਡਾ ਬਿਲਕੁਲ ਬੇਸੁਧ ਬੇ ਖਬਰ ਸੀ, ਸੱਜੀ ਕਹਣਾ ਯਾ ਖੱਬੀ ਕਹਣਾ ਐਸੀ ਬੇ ਖਬਰਾਂ ਦੀ ਗਲਤ ਵਿਚ ਦੋਵੇਂ ਇਕ ਤੋਲ ਦੇ ਸੱਚ ਸਨ, ਪਰ ਡਾਕਟਰ ਸਾਹਿਬ ਨੇ ਉਸ ਗ੍ਰੀਬ ਨੂੰ ਖੂਬ ਕੁੱਟਿਆ ਤੇ ਇੰਨੀ ਵਿਚਾਰ ਨਾ ਕੀਤੀ ਕਿ ਜਿਸਨੂੰ ਡਾਕਟਰ ਜੀ ਝੂਠ ਸਮਝ ਰਹੇ ਹਨ, ਓਹ ਲੜਕੇ ਨੇ ਝੂਠ ਜਾਣ ਕੇ ਨਹੀਂ ਸੀ ਕਿਹਾ, ਓਹ ਬੇ ਖਬਰੀ ਦੇ ਰੰਗ ਵਿਚ ਆਪਣੇ ਸੁਆਦ ਵਿਚ ਮਹਵ ਸੀ, ਇਸੀ ਤਰ੍ਹਾਂ ਓਹ ਆਖਦੇ ਹਨ ਕਿ ਜਿਹੜਾ ਚਿੱਤਕਾਰ ਕਿਸੇ ਦੀ ਅਸਲੀਅਤ ਥੀਂ ਇਧਰ ਉਧਰ ਹੁੰਦਾ ਹੈ ਓਸ ਨੂੰ ਅਸੀਂ ਸੱਚਾ ਕੋਮਲ ਉਨਰ ਦਾ ਜਾਣੂੰ ਨਹੀਂ ਗਿਣ ਸਕਦੇ। ਪੇੜ ਜਿਵੇਂ ਕੁਦਰਤ ਵਿਚ ਹਨ ਓਵੇਂ ਹੀ ਖਿੱਚਣਾ ਸੱਚੀ ਚਿੱਤ੍ਰਕਾਰੀ ਹੈ, ਇਤਨਾ ਠੀਕ ਹੋਵੇ ਕਿ ਅਸੀਂ ਓਸ ਚਿੱਤ੍ਰ ਥੀਂ ਪੇੜ ਦਾ ਨਾਂ ਆਦਿਕ ਬੁਝ ਸੱਕੀਏ। ਇਕ ਤਾਂ ਇਹ ਸੱਚ ਦਾ ਵਾਦ ਹੈ, ਪਰ ਇਕ ਦੂਜਾ ਵਾਦ ਇਸ ਥੀਂ ਉੱਚਾ ਆਤਮਕ ਦ੍ਰਿਸ਼ਟੀ ਵਾਲਾ ਵਾਦ ਹੈ, ਜਿਨ੍ਹਾਂ ਦੇ ਵਿਚਾਰ ਅਨੁਸਾਰ ਚਿਤ੍ਰਕਾਰੀ ਕਾਪੀ ਕਰਨ ਦਾ ਨਾਂ ਨਹੀਂ, ਕਾਪੀ ਕਰਨਾ ਸਾਧਾਰਣ ਟੈਕਨੀਕ ਹੈ, ਕਾਪੀ ਕਰਨਾ (ਉਤਾਰਾ ਕਰਨਾ) ਹੇਠਲੇ ਦਰਜੇ ਦੀ ਡਰਾਇੰਗ (ਨਕਸ਼ਾ ਕਸ਼ੀ) ਜਿਹੀ ਹੈ ਅਰ ਓਸਨੂੰ ਕੋਮਲ ਉਨਰ (ਆਰਟ ਦੀ ਸ਼੍ਰੇਣੀ ਵਿਚ ਲੈਣਾ ਭੁਲ ਹੈ, ਆਰਟ ਨਾਮ ਹੈ, ਰੱਬੀ ਸੱਚ ਨੂੰ ਤੇ ਰੱਬੀ ਰਮਜ਼ ਨੂੰ ਚਾਹੇ ਕੁਦਰਤ ਵਿਚ ਚਾਹੇ ਮਨੁੱਖ ਵਿਚ ਜਿੱਥੇ ਦਿੱਸੇ ਧਿਆਨ ਤੇ ਪਿਆਰ ਤੇ ਇਕਸੁਰਤਾ ਦੁਆਰਾ ਪ੍ਰਕਾਸ਼ ਕਰਨਾ ਬੋਲ ਸੁਣਾਣਾ ਤੇ ਆਰਟ ਓਥੋਂ ਤਕ ਕਾਮਯਾਬ ਹੋਂਦਾ ਹੈ ਜਿੱਥੇ ਤਕ ਇਨ੍ਹਾਂ ਗੁੱਝੇ ਭੇਤਾਂ ਨੂੰ

ਕਿਸੀ ਨਾ ਕਿਸੀ ਰੂਪ ਵਿਚ ਹਰੇਕ ਰੂਪ ਵਿਚ ਕਿਸੀ ਤਰ੍ਹਾਂ ਸਾਡੇ ਧਜ਼ਾਨ ਅੰਦਰ ਸਾਡੀ ਹਸਤੀ ਵਿਚ ਪ੍ਰਵੇਸ਼ ਕਰਾ ਦੇਵੇ। ਆਰਟ ਦਾ ਇਹ ਮਹਾਨ ਉਦੇਸ਼ ਕਦੀ ਕਾਪੀ ਕਰਨ ਵਾਲੇ ਪੂਰਾ ਨਹੀਂ ਕਰ ਸਕਦੇ, ਇਹ ਵਿਚਾਰ ਵਾਲੇ ਲੋਕ ਦੂਜੇ ਲੋਕਾਂ ਥੀਂ ਉਸੀ ਤਰ੍ਹਾਂ ਵੱਖ ਹਨ, ਜਿਸ ਤਰ੍ਹਾਂ Realists ਪ੍ਰਤੱਖ ਨੂੰ ਸੱਚ ਮੰਨਣ ਵਾਲੇ Idealists ਕੇਵਲ ਅੰਦਰ ਦੀ ਮਹਾਨ ਤੇ ਇਕ ਤੱਕ ਵਸਤੂ ਨੂੰ ਸੱਚ ਮੰਨਣ ਵਾਲੇ ਲੋਕਾਂ ਵਿਚ ਹੈ। ਇਕੋ ਨਾਮ ਰੂਪੋ ਦੇ ਸੱਚ ਨੂੰ ਸੱਚ ਮੰਨਦੇ ਹਨ ਤੇ ਇਕ ਨਾਮ ਰੂਪ ਥੀਂ ਪਰੇ ਤੇ ਨਾਮ ਰੂਪ ਦੇ ਆਧਾਰ ਅੰਦ੍ਰਲੇ ਬ੍ਰਹਮ ਵਸਤੂ ਨੂੰ ਸੱਚ ਮੰਨਦੇ ਹਨ ਤੇ ਇਕ ਨਾਮ ਰੂਪ ਥੀਂ ਪਰੇ ਤੇ ਨਾਮ ਰੂਪ ਦੇ ਵਟਾਓ ਨੂੰ ਓਸ ਵਸਤੂ ਦਾ ਸੁਹਣੱਪ ਜਾਣਦੇ ਹਨ, ਵਟਾਓ ਦਾ ਵਟਾਓ ਹੁੰਦਾ ਰਹਣਾ ਇਕ ਅੰਦਰਲੇ ਭੇਤ ਦੀ ਅੱਖ ਮਟੱਕਾ ਮੰਨਦੇ ਹਨ, ਅੱਖ ਮਟੱਕੇ ਦੀ ਬੋਲੀ ਦੇ ਅਰਥ ਨੂੰ ਪ੍ਰਗਟ ਕਰਨਾ ਆਰਟ ਦਾ ਆਦਰਸ਼ ਸਮਝਦੇ ਹਨ, ਇਨ੍ਹਾਂ ਦੇ ਕੋਮਲ ਉਨਰਾਂ ਦੇ ਹਥਿਆਰ 'ਧਿਆਨ ਵਿਦਜਾ' ਹੈ।

ਇਕ ਚਿਤ੍ਰਕਾਰ ਬੂਟੇ ਨੂੰ ਐਂਨ ਠੀਕ ਕੁਦਰਤ ਮਾਫਕ ਖਿੱਚਦਾ ਹੈ ਤੇ ਇਕ ਓਸ ਬੂਟੇ ਦਾ ਮਿੱਸਾ ੨ ਝਾਵਲਾ ਜੇਹਾ ਜਿਹੜਾ ਓਸਦੇ ਰੂਹ ਪਰ ਓਸ ਬੂਟੇ ਦੇ ਦੇਖਣ ਅਰ ਓਸਦੇ ਦਰਸ਼ਨ ਦੇ ਪਿਆਰ ਵਿਚ ਘੁਲ ਜਾਣ ਨਾਲ ਪੈਂਦਾ ਹੈ ਕੇਵਲ ਓਸ ਮੱਧਮ ਜਿਹੇ ਧੂੰਏ ਰੂਪੀ ਝਾਵਲੇ ਨੂੰ ਖਿਚਦਾ ਹੈ, ਇਸ ਥੀਂ ਅਸੀਂ ਕਹ ਨਹੀਂ ਸਕਦੇ ਇਹ ਅੰਬ ਹੈ ਯਾ ਕੀ ਹੈ, ਪਰ ਓਸ ਧਿਆਨ ਨੂੰ ਦੇਖਕੇ ਸਾਡੇ ਅੰਦਰ ਬੂਟੇ ਵੇਖਣ ਨਾਲ ਜਿਹੜੀ ਪ੍ਰਸੰਨਤਾ ਪੈਦਾ ਹੋਂਦੀ ਹੈ ਓਸਦਾ ਕੁਛ ਹਿੱਸਾ ਪ੍ਰਾਪਤ ਹੋਂਦਾ ਹੈ। ਹੁਣ ਆਤਮਿਕ ਦ੍ਰਿਸ਼ਟੀ ਵਾਲੇ ਲੋਕ ਇਸ ਬਾਵਲੇ ਨੂੰ ਵੇਖਕੇ ਚਿੱਤ੍ਰਕਾਰ ਦੀ ਰੂਹ ਦੇ ਧਿਆਨ ਅਰ ਓਸਦੇ ਧਿਆਨ ਵਿਚ ਬੈਠੇ ਕੁਦਰਤ ਦੇ ਅੰਦ੍ਰਲੇ ਬ੍ਰਹਮ ਸੱਚ ਦਿੱਬਜ ਸੱਚ ਨੂੰ ਅਨੁਭਵ ਕਰਦੇ ਹਨ ਅਰ ਓਸ ਅਨੁਭਵ ਨਾਲ ਓਹ ਸ਼ਾਇਦ ਓਸ ਥੀਂ ਉੱਚੇ ਸੁਖ ਅਰ ਆਤਮਿਕ ਹਰਖ ਨੂੰ ਪ੍ਰਾਪਤ ਕਰਦੇ ਹਨ, ਜਿਹੜਾ ਕਿ ਇਸ ਕਲਾਵਾਨ ਚਿਤ੍ਰਕਾਰ ਦੀ ਦ੍ਰਿਸ਼ਟੀ ਦੇ ਵਿਚ ਆਏ ਬਿਨਾਂ ਓਹ ਕੇਵਲ ਕੁਦਰਤ ਦੇ ਬੂਟੇ ਨੂੰ ਵੇਖਕੇ ਨਹੀਂ ਪ੍ਰਾਪਤ ਕਰ ਸਕਦੇ ਸਨ, ਇਸ ਗੁਣ ਕਰਕੇ ਜਿਸਦੀ ਕਮਾਲ ਦਰਜੇ ਦੀ ਉੱਚੀ ਪੂਰਣਤਾ ਸਤਿਗੁਰੂ ਨਾਨਕ ਦੇਵ ਜੀ ਦੇ "ਗੁਰ ਪ੍ਰਸਾਦਿ ਜਪ" ਵਿਚ ਹੋਈ ਹੈ ਅਰ ਜਿਥੇ ਕੋਮਲ ਉਨਰ ਤੇ ਧਜ਼ਾਨ ਦੀ ਸਿਖਰ ਚੜ੍ਹੀ ਸਭ ਥੀਂ ਉੱਚੀ ਅਵਸਥਾ ਹੈ ਅਰ ਵਾਹਿਗੁਰੂ ਸਿਮਰਨ ਦਾ ਆਰਟਿਸਟ (ਉਨਰੀਆ) ਗੁਰੂ ਹੋ ਕੇ ਮਨੁਖ ਦੇ ਰੂਹ ਨੂੰ ਇਸੀ ਕੁਦਰਤ ਤੇ ਇਸੀ ਦ੍ਰਿਸ਼ਟਮਾਨ ਵਿਚ ਦ੍ਰਿਸ਼ਟਾ ਜੀ ਦੇ ਦੀਦਾਰੇ ਕਰਾਂਦਾ ਹੈ, ਹਾਂ ਜੀ ਇਸੀ ਅਧਾਰ ਤੇ ਪ੍ਰਮਾਰਥਿਕ ਗੁਣ ਅਥਵਾ ਓਸ ਗੁਣ ਦੀ ਅੰਸ ਕਰਕੇ ਇਸ ਧਿਆਨੀ ਆਰਟ ਨੂੰ ਕਾਪੀ ਕਰਨ ਵਾਲੇ ਓਕਲੇ ਦਸ ਦੀਆਂ ਸ਼ਕਲਾਂ ਖਿੱਚਨ ਵਾਲੇ ਆਰਟ ਥੀਂ ਉੱਚਾ ਗਿਣਦੇ ਹਨ, ਕਾਪੀ ਕਰਨ ਥੀਂ ਤਾਂ ਬੂਟੇ ਨੂੰ ਇਉਂ ਹੀ ਦੇਖਣ ਨਾਲ ਜਯਾਦਾ ਸਿੱਧੀ ਰਸ ਦੀ ਰਿਸ਼ਤਾਦਾਰੀ ਪੈਦਾ ਹੋਂਦੀ ਹੈ। ਕੁਦਰਤ ਨੂੰ ਜੋ ਛੱਡਕੇ ਮਨੁਖ ਵਲ ਆਈਏ ਤਦ ਮਨੁਖ ਦੇ ਰੂਪ ਵਿਚ ਇਹ ਫਰਕ ਹੋਰ ਵੀ ਅਧਿਕ ਹੋ ਦਿਸਦਾ ਹੈ, ਫੋਟੋ ਵਾਂਗੂ ਕਿਸੀ ਆਦਮੀ ਦਾ ਚਿੱਤ੍ਰ ਖਿੱਚ ਹੋਣਾ ਇਕ ਮਸ਼ੀਨ ਵਰਗਾ ਕੰਮ ਹੈ, ਪੱਯੇ ਚਲਾਏ ਤੇ ਕੱਪੜਾ ਬੁਣਿਆ ਗਿਆ, ਪਰ ਇਕ ਕਲਾਵਾਨ ਚਿੱਤ੍ਰਕਾਰ ਤਾਂ ਸ਼ੀਰਾਜ਼ ਦੇ ਹਾਫ਼ਜ਼ ਵਾਂਗੂ ਦਿੱਸਦੇ ਮਨੁਖ ਦੇ ਪਿੱਛੇ ਜਾਏਗਾ, ਓਸਦੇ ਅੰਦਰ ਧਿਆਨ ਦੁਆਰਾ ਜੁੜੇਗਾ ਅਰ ਓਸਦੀ ਕੋਮਲ ਉਨਰੀ ਕਲਾ ਦਾ ਕਮਾਲ ਯਾ ਨਾਂ ਕਮਾਲ ਓਸ ਚੀਜ਼ ਵਿਚ ਲਿਸ਼ਕੇਗਾ ਜਿਹੜੀ ਕਿ ਓਹ ਧਿਆਨ ਦੁਆਰਾ ਇਉਂ ਆਪਣੇ ਅੰਦਰੋਂ ਪੈਦਾ ਕਰੇਗਾ। ਹਾਫ਼ਜ਼ ਕਹਿੰਦਾ ਹੈ ਸੋਹਣੀ ਚੀਜ਼ ਨੂੰ ਹੱਥ ਪੈਰ ਤੇ ਨਵਹਾਰ ਨਕਸ਼ ਦੀ ਲੋੜ ਨਹੀਂ।

"ਜ਼ੇ ਇਸ਼ਕੇ ਨਾ ਤਮਾਮੇ ਮਾ
ਜਮਾਲੇ ਯਾਰ ਮੁਸਤਗਨੀਸਤ।
ਬ ਆਬੋ ਰੰਗੋ ਖਾਲੋ ਖਤ ਚਿ
ਹਾਜਤ ਰੂਏ ਜ਼ੇਬਾ ਰਾ।"

ਅਰਥਾਤ ਸੋਹਣੀ ਚੀਜ਼, ਸੋਹਣੇ ਨਕਸ਼ ਤੇ ਚਿਹਰੇ ਆਦਿ ਥੀਂ ਪਰੇ ਹੈ, ਉੱਪਰ ਹੈ। ਹੁਣ ਅਰੂਪ ਗੁਣ ਰੂਪੀ ਸ਼ਖ਼ਸੀਅਤ ਨੂੰ ਚਿਤ੍ਰਕਾਰੀ ਦੇ ਰੰਗਾਂ ਵਿਚ ਲਿਆਵਣਾ ਇਕ ਕਰਾਮਾਤ ਹੈ ਅਰ ਇਹ ਕਰਾਮਾਤ ਹਾਂ ਜੀ ਚਿੱਤ੍ਰਕਾਰ ਦੀ ਕਰਨੀ ਕਵੀ ਦੀ ਕਰਨੀ ਵਾਂਗ ਸੱਚੇ ਚਿਤ੍ਰਕਾਰ ਤੇ ਸੱਚੇ ਕਵੀ ਦੇ ਧਿਆਨ ਥੀਂ ਸਦਾ ਘਟ ਰਹੇਗੀ। ਇਕ ਸੁਕਰਾਤ ਜਿਹੇ ਮਹਾਂ ਪੁਰਖ ਨੂੰ ਓਸ ਕਰੂਪ ਜਿਹੀ ਨਵਹਾਰ ਵਿਚ ਖਲਕਤ ਦੇ ਸਾਹਮਣੇ ਪੇਸ਼ ਕਰਨਾ ਜਿਨ੍ਹਾਂ ਅੰਦਰ ਓਸਦੀ ਰੱਬੀ ਨੇਕੀ ਢੱਕੀ ਪਈ ਸੀ ਅਰ ਦ੍ਰਿਸ਼ਟੀਗੋਚਰ ਮਾਤ੍ਰ ਸੁਕਰਾਤ ਨੂੰ ਵੈਸਾ ਹੀ ਖਿਚ ਦੇਣਾ ਇਸ ਆਤਮਿਕ ਰੰਗ ਵਾਲੇ ਕੋਮਲ ਉਨਰ ਦੇ ਨੇਮਾਂ ਅਨੁਸਾਰ ਦੁਨੀਆਂ ਨਾਲ ਧੋਖਾ ਕਰਨਾ ਹੈ। ਜਦ ਸੁਕਰਾਤ ਦਾ ਧਿਆਨ ਕਰਕੇ ਸਾਡੇ ਅੰਦਰ ਸੁਹਣੱਪ ਜਲਵਾ ਮਾਰਦੀ ਹੈ ਨੇਕੀ ਫੁੱਟ ਪੈਂਦੀ ਹੈ ਤੇ ਓਹ ਇਲਾਹੀ ਸੁਹਣੱਪ ਆਉਂਦੀ ਹੈ ਜਿਹੜੀ ਰੇਖਾਂ

ਦੀ ਹੱਦ ਥੀਂ ਉੱਚੀ ਹੈ, ਤਦ ਸੁਕਰਾਤ ਨੂੰ ਸੋਹਣੀ ਥੀਂ ਸੋਹਣੀ ਨਵਹਾਰ ਵਾਲਾ ਮਨੁਖ ਬਣਾਣਾ ਇਸ ਧਿਆਨੀ ਆਰਟ ਦਾ ਸਦਾ "ਨਾ ਤਮਾਮ" ਅਪੂਰਣ ਆਦਰਸ਼ ਹੈ। ਇਸ ਵਿਚ ਕੁਛ ਸ਼ੱਕ ਨਹੀਂ ਕਿ ਧਿਆਨ ਵਿਚ ਆਈ ਹਰ ਨੁਹਾਰ ਸੋਹਣੀ ਹੋਂਦੀ ਹੈ ਅਰ ਸੋਹਣੀ ਲਗਦੀ ਹੈ, ਇਸ ਵਾਸਤੇ ਜੇ ਕੋਝੀ ਨੁਹਾਰ ਬਣਾ ਦੇਈਏ ਯਾ ਸੋਹਣੀ ਬਣਾ ਦੇਈਏ ਉਹ ਦੋਵੇਂ ਇਕ ਤੇਲ ਦੇ ਅਪੂਰਨਤਾ ਕਰਕੇ ਕੂੜ ਜਾਮੇ ਵਿਚ ਸੱਚ ਦਾ ਪ੍ਰਗਟ ਕਰਨਾ ਹੈ ਅਰ ਸੱਜੀ ਅਰ ਪੱਖੀ ਬਾਰੀ ਵਾਂਗ 'ਧਨ ਰਿਣ' '+ –' ਇਨ੍ਹਾਂ ਦਾ 'ਕੂੜ ਸੱਚ' ਇਕ ਬਰਾਬਰ ਹੈ। ਗੱਲ ਤਾਂ ਏਹ ਹੈ ਕਿ ਚਿੱਤ੍ਰਕਾਰ ਕੁਛ ਕਰੇ ਸੁਕਰਾਤ ਦੀ ਤਸਵੀਰ ਵੇਖਕੇ ਸਾਡੇ ਅੰਦਰ ਪਿਆਰ ਅਰ ਪਿਆਰ ਦੁਆਰਾ ਓਹੋ ਵਲਵਲੇ ਪੈਦਾ ਹੋਣੇ ਲੋੜੀਏ, ਜਿਹੜੇ ਆਪ ਜੀ ਦੇ ਪਿਆਰੇ ਦੀਦਾਰ ਕਰਕੇ ਅਸੀਂ ਅਨੁਭਵ ਕੀਤਾ ਕਰਦੇ ਸਾਂ ਤੇ ਇਸਦੇ ਵਿਰੁਧ ਇਹ ਕਲਪਣਾ ਕਰਨੀਆਂ ਕਿ ਸੁਕਰਾਤ ਦਾ ਨੱਕ ਤੇ ਕੰਨ ਠੀਕ ਨਹੀਂ ਬਣਿਆ ਅਰ ਇਹ ਫਰਕ ਰਹ ਗਿਆ ਤੇ ਇਹ ਫਰਕ ਨਵਹਾਰ ਨੂੰ ਬਿਲਕੁਲ ਵਿਗਾੜਦਾ ਹੈ, ਇਹ ਆਦਰਸ਼ਕ ਕਲਪਨਾ ਨਹੀਂ ਹਨ, ਚੇਹਰਾ ਜਿਵੇਂ ਸੀ ਓਵੇਂ ਰਹੇ ਤੇ ਉਸੀ ਤਰ੍ਹਾਂ ਰਹਣਾ ਜੋਗ ਹੈ ਆਦਿਕ ਕਲਪਨਾ ਅਸਲੀ ਸਚ ਦੀਆਂ ਨਹੀਂ ਕਲਪਨਾਂ ਹਨ। ਮਿੱਟੀ, ਅੱਗ, ਹਵਾ, ਕਾਲ ਦੀ ਗਤੀ, ਦਰਯਾਵਾਂ ਦੇ ਵਹਣ, ਸਮੁੰਦ੍ਰਾਂ ਦੇ ਤਰੰਗ ਕਿਸੀ ਖਾਸ ਚਿਹਰੇ ਤੇ ਨਵਹਾਰ ਨੂੰ ਸਦਾ ਰਹਣ ਵਾਲੀਆਂ ਵਸਤੂਆਂ ਵਿਚ ਗਿਣੇ ਜਾਣ ਦੀ ਆਗਜਾ ਨਹੀਂ ਦਿੰਦੇ, ਜੇ ਦ੍ਰਿਸ਼ਟਮਾਨ ਚੇਹਰੇ ਤੇ ਨਵਹਾਰਾਂ ਹੀ ਤੱਕਣੀਆਂ ਹਨ ਤਦ ਜਗਤ ਭਰਿਆ ਪਿਆ ਹੈ, ਇਸ ਖਾਲੀ ਕਦੀ ਨਹੀਂ ਹੋਣਾ, ਵੇਕ ਵੇਕ ਦੀਆਂ ਨਵਹਾਰਾਂ ਤੇ ਚੇਹਰੇ ਤੇ ਸੂਰਤਾਂ ਦਿੱਸ ਰਹੀਆਂ ਹਨ, ਤੇ ਹਰਛਿਨ ਬਦਲ ਰਹੀਆਂ ਹਨ ਤਸਵੀਰਾਂ ਕਾਹਨੂੰ ਬਣਾਂਦੇ ਹੋ, ਆਪਣਾ ਆਪਣਾ ਸੁਕਰਾਤ ਤੇ ਗੁਜਰਿਆ ਯਾਰ ਵਤ ਮੁੜ ਚੁਣ ਲਵੋ, ਇਨ੍ਹਾਂ ਰੇਖਾਂ ਦਾ ਤਾਂ ਕਾਲ ਕਦੀ ਵੀ ਨਹੀਂ ਪੈਣਾ, ਕਾਲ ਤਾਂ ਸਦਾ ਧਿਆਨੀ ਸੰਜੋਗ ਤੇ ਧਿਆਨ ਵਿਚ ਸਿੱਧ ਅਮਰ ਵਸਤੂ ਜਿਹੜੀ ਸਾਡੇ ਯਾਰ ਵਿਚ ਸਾਨੂੰ ਚੰਗੀ ਲਗਦੀ ਸੀ ਹਾਂ ਜੀ ਓਸ ਨਾਲ ਸਦਾ ਦੇ ਧਯਾਨੀ ਵਿਸਾਲ ਦਾ ਕਾਲ ਹੈ, ਧਿਆਨ ਵਿਚ ਇਕ ਹੋਏ ਹੋਏ ਯਾਰਾਂ ਦੀ ਜੱਫੀ ਤੇ ਉਸ ਵਿਸਾਲ ਦੀ ਨੀਂਦ੍ਰ ਦੇ ਸੁਪਨ ਚਮਤਕਾਰਾਂ ਨੂੰ ਦਸਾਂ ਦਸਾਂ ਮਨੁਖ ਦੀ ਮੋਈ ਸੁਰਤਿ ਨੂੰ ਰੱਬ ਪਿਆਰ ਵਿਚ ਜਗਾਣਾ ਏਹੋ ਤਾਂ ਮਜ਼ਹਬ ਤੇ ਆਰਟ ਦਾ ਕੰਮ ਹੋਇਆ, ਮਜ਼ਹਬ ਤੇ ਆਰਟ ਤੇ ਕਵਿਤਾ ਤੇ ਪਿਆਰ ਇਨ੍ਹਾਂ ਚੀਜ਼ਾਂ ਨੇ ਤਾਂ ਕਦੀ ਵੀ ਦ੍ਰਿਸ਼ਟਮਾਨ (ਨਾਮ ਰੂਪ) ਨੂੰ ਸੱਚ ਮੰਨਣ ਵਾਲਾ ਹੋਣਾ ਹੀ ਨਾਂ ਹੋਯਾ। ਕਵਿਤਾ ਆਦਰਸ਼ ਨੂੰ ਨਿਰੀ ਨੁਹਾਰ ਵਿਚ ਕਦ ਤਕਦੀ ਹੈ, ਹਾਂ ਅੰਦਰ ਦੀ ਸੁਹਣੱਪ ਦੇ ਚਾਨਣ ਨਾਲ ਪ੍ਰਕਾਸ਼ਤ ਰੱਖੀ ਕਰੂਪਤਾ ਨੂੰ ਵੀ ਸੁਹਣੱਪ ਬਖਸ਼ਦੀ ਹੈ, ਸੁਹਣੱਪ ਹੀ ਸੁਹਣੱਪ ਦੇਖਦੀ ਹੈ।

ਦ੍ਰਿਸ਼ਟਮਾਨ ਸਦਾ ਇਕ ਖਿਣ ਦੇ ਦੀਦਾਰੇ ਲਈ ਬੱਸ ਹੈ, ਅਰ ਅੱਖਰਾਂ ਦੇ ਡਿੰਗੇ ਚਿਬੇ ਹੋਣ ਨਾਲ ਅਰਥ ਵਿਚ ਕੋਈ ਫਰਕ ਨਹੀਂ ਪੈ ਸਕਦਾ। ਉੱਚੀ ਕਵਿਤਾ, ਉੱਚਾ ਆਰਟ (ਉਨਰ) ਸਦਾ ਏਸ ਅੰਦਰਲੇ ਅਰਥ ਵਲ ਨੈਨ ਬੰਦ ਕਰਕੇ ਆਪਣੇ ਅੰਦਰ ਤੱਕੇਗਾ, ਬਾਹਰ ਮੁਖੀ ਦ੍ਰਿਸ਼ਟੀ ਅਰ ਦ੍ਰਿਸ਼ਟੀਗੋਚਰ ਚੀਜ਼ਾਂ ਨੂੰ ਕੇਵਲ ਅੰਦ੍ਰਲੇ ਧਿਆਨੀ ਅਰਥ ਅਨੁਸਾਰ ਸਾਡੇ ਸਾਹਮਣੇ ਪ੍ਰਗਟ ਕਰੇਗਾ।

ਹੁਣ ਆਪਣੀ ਆਪਣੀ ਸਮਝ ਤੇ ਰੂਹ ਦੇ ਝੁਕਾਓ ਅਨੁਸਾਰ ਲੋਕੀ ਸੱਚ ਦਾ ਸਰੂਪ ਬੰਨਣਗੇ ਕੋਈ ਤਾਂ ਪਾਰਥਿਕ ਰੂਪ ਰੰਗ ਅਰ ਬੁੱਤਾਂ ਤੇ ਰੇਖਾਂ ਨੂੰ ਹੀ ਆਖਰੀ ਸੱਚ ਮਨਣਗੇ ਅਰ ਇਹ ਕਦੀ ਗਵਾਰਾ ਨਹੀਂ ਕਰਨਗੇ ਕਿ ਚੀਜ਼ਾਂ ਦੀ ਨੁਹਾਰ ਵਿਚ ਤਿਲ ਮਾਤ੍ਰ ਭੀ ਫਰਕ ਪਵੇ ਤੇ ਦੂਜੇ ਵਿਚਾਰ ਵਾਲੇ ਕਿਸੇ ਮਨੁਖੀ ਰੂਪ ਨੂੰ ਅਨੋਖੇ ਮਨੁਖ ਵਰਗਾ ਚਿੱਤਰਿਆ ਦੇਖਕੇ ਕੋਹਾਂ ਨੱਸ ਜਾਣਗੇ, ਓਹ ਚੀਖ ਉੱਠਣਗੇ "ਹੈਂ! ਦੇਵ ਤੇ ਫਰਿਸ਼ਤੇ ਵੀ ਬੱਸ ਮਨੁਖ ਤੇ ਅਸੀ ਤੁਸੀਂ ਵੀ ਮਨੁਖ ਇਕੋ ਜਿਹੇ, ਹਾਂ ਜੀ ਇਹ ਕੂੜ ਹੈ" ਕਿਸ ਜੀਨਅਸ (ਕਲਾਵਾਨ) ਨੂੰ ਮਨੁਖ ਵਰਗਾ ਦੱਸਣਾ ਦੋਹਾਂ ਚਿੱਤ੍ਰਕਾਰੀ ਅਥਵਾ ਕਵਿਤਾ ਦੇ ਸੱਚ ਦੇ ਸ਼ਾਨ ਦੇ ਹੇਠ ਹੈ, ਇਹ ਪ੍ਰਮਾਰਥਕ ਰਸ ਥੀਂ ਜਾਣੂੰ ਲੋਕ ਓਸਦੇ ਅਨੋਖੇ ਮਨ ਵਿਚ ਕੁਛ ਦੇਖਕੇ ਕੋਮਲ ਉਨਰ ਵਾਲੇ ਦੀ ਧਿਆਨ ਸ਼ਕਤੀ ਅੱਗੇ ਸਿਰ ਝੁਕਾਓ ਦੇਣਗੇ। ਠੀਕ ਭਾਈ! ਦੇਵਤਿਆਂ ਨੂੰ ਮਨੁਖੀ ਬੋਲੀ ਵਿਚ ਦੱਸਣ ਦਾ ਹੋਰ ਕੋਈ ਤ੍ਰੀਕਾ ਨਹੀਂ, ਓਹ ਲੋਕ ਤੇ ਹਸਤੀਆਂ ਜਿਹੜੀਆਂ ਸਾਡੇ ਧਿਆਨ ਵਿਚ ਕੇਵਲ ਸਾਖੀ Subjective ਰੂਪ ਦੇ ਅਰੂਪ ਵਿਚ ਬਿਜਲੀ ਵਾਂਗ ਬਲਕੇ ਮਾਰਦੀਆਂ ਹਨ ਅਰ ਆਪਣੇ ਪ੍ਰਭਾਵਾਂ ਕਰਕੇ ਕੇਵਲ ਸੁਤੇ ਸਿਧ ਹਨ ਓਹਨਾਂ ਨੂੰ ਅਸੀਂ ਅੱਖਰਾਂ ਵਿਚ ਕਿਵੇਂ ਦਰਸਾਈਏ। ਠੀਕ "ਅੱਖਰਾਂ ਦੀ ਕੰਡ ਅਰਥ ਦੇ ਤਾਰ ਨਾਲ" ਵਿੰਗੀ ਚਿੱਬੀ ਹੋ ਜਾਣੀ ਜ਼ਰੂਰੀ ਹੈ, ਇਸ ਲਈ ਇਕ ਕੂੜਾ ਜਿਹਾ ਚਿੱਤ੍ਰ ਖਿਚ ਕੇ ਕਿਸੇ ਦਿੱਵ ਰੂਪ ਦੀ ਨੂਰਾਨੀ ਹਸਤੀ ਵਲ ਟੁੰਬ ਕੇ ਕਲਬੂਤ ਦੇ ਵੇਗ ਨੂੰ ਮੋੜਨਾ ਹੀ ਬੱਸ ਓਸਦਾ ਸੱਚਾ ਚਿੱਤ੍ਰ ਹੋ ਸਕਦਾ ਹੈ। ਪੁਰਾਣੇ ਹਿੰਦੂ ਚਿਤ੍ਰਕਾਰਾਂ ਦਾ ਬ੍ਰਹਮਾਂ ਨੂੰ ੪ ਮੂੰਹਾਂ ਵਾਲਾ, ਵਿਸ਼ਨੂੰ ਨੂੰ ਬਹੁਤ ਭੁਜਾਂ ਵਾਲਾ ਤੇ ਹੋਰਨਾਂ ਦੇਵੀ ਦੇਵਤਿਆਂ ਨੂੰ ਇਹੋ

ਜੇਹੀਆਂ ਅਦਭੁਤ ਤੇ ਓਲੇਲੀ ਸ਼ਕਲਾਂ ਦੇਣੀਆਂ ਉਨ੍ਹਾਂ ਦੇ ਧਿਆਨ ਅਰ ਚਿੱਤ੍ਰਕਾਰੀ ਦੇ ਕੋਮਲ ਉਨਰ ਦੀਆਂ ਗਲਾਂ ਹਨ, ਹਾਂ ਜੀ ਇਸੀ ਤਰ੍ਹਾਂ ਓਹਨਾਂ ਦਾ ਸਾਹਿਤਜ ਇਸ ਅਰਥ ਵਿਚ ਇਕ ਦੇ ਇਕ ਕਟਾਖਜ (Subjective) ਸਾਖੀ ਰੂਪ ਗੂਹੜੇ ਸੱਚ ਨੂੰ ਪ੍ਰਗਟ ਕਰਨਹਾਰੀ ਪਰੀ ਭਾਖਾ ਹੈ। ਦੁਖ ਕਿੱਥੇ ਆ ਕੇ ਵਾਪਰਿਆ ਹੈ ਕਿ ਹਿੰਦੂ ਕੋਮਲ ਉਨਰ ਵਾਲਿਆਂ ਦੀਆਂ ਮੂਰਤੀਆਂ ਸੰਗੀਤ, ਕਾਵਜ, ਕਲਬੂਤ ਸਾਰੇ ਮੂਰਖ ਪੁਜਾਰੀਆਂ ਨੇ ਵਹਮੀ ਪੂਜਾ ਦੇ ਹੇਠ ਲਿਆ ਕੇ ਇਕ ਅੰਧਕਾਰੀ ਧਰਮ ਦਾ ਅਡੰਬਰ ਰਚ ਦਿਤਾ ਤੇ ਐਸ ਤਰ੍ਹਾਂ ਉਨਰ ਨੂੰ 'ਵਹਮ ਤੇ ਭਰਮ' ਨਾਲ ਖਰਾਬ ਕਰ ਸੁੱਟਿਆ, ਜਿਸ ਤਰਾਂ ਗਨੇਸ਼ ਦੀ ਮੂਰਤ ਹੈ, ਚਿਤ੍ਰਕਾਰ ਇਸ ਵਿਚ ਗੰਭੀਰਤਾ ਦਸਦਾ ਹੈ ਤੇ ਲਖਸ਼ ਵਿਚ ਸੋਝੀ ਇਕ "ਖੁੱਲ੍ਹੇ ਸਪਸ਼ਟ ਭੇਦ" ਦੀ ਅਗੰਮਤਾ ਦੀ ਕਰਾਂਦਾ ਹੈ। ਪਰੰਤੂ ਜੇ ਇਹ ਤਸਵੀਰ Art Gallory ਚਿੱਤ੍ਰਸਾਲ ਵਿਚ ਰਹਿੰਦੀ ਤਾਂ ਠੀਕ ਸੀ, ਇਹ ਜਦ ਅਨਪੜ੍ਹ ਲੋਕਾਂ ਦੀ ਪੂਜਾ ਵਿਚ ਲੈ ਆਂਦੀ ਤਾਂ ਆਮ ਮਨਾਂ ਵਿਚ ਰੱਬ ਦੇ ਅੱਧਾ ਹਾਥੀ ਤੇ ਅੱਧਾ ਮਨੁਖ ਹੋਣ ਦਾ ਭਰਮ ਪੈ ਗਿਆ ਜੋ ਪਿੱਛੋਂ ਮਖੌਲ ਬਣ ਗਿਆ।

ਹਰ ਇਕ ਵਸਤੂ ਇਨਸਾਨ ਦੇ ਜੀਵਨ ਨੂੰ ਓਸ ਲਈ ਚੰਗਾ ਤੇ ਉੱਚਾ ਤੇ ਸੁਆਦਲਾ ਤੇ ਰੱਬੀ ਬਣਾਣ ਲਈ ਹੈ ਤੇ ਕੁਲ ਸੰਸਾਰ ਦਾ ਅਰਥ ਬਸ ਇਕ ਨਿੱਕੇ ਜਿਹੇ ਦੀਵੇ ਦਾ ਅਰਥ ਰੱਖਦਾ ਹੈ, ਜਿਸ ਨਾਲ ਮੇਰੇ ਅੰਦਰ ਚਾਨਣ ਹੈ ਤੇ ਆਪਣੇ ਰਾਹ ਟੁਰੀ ਜਾ ਰਿਹਾ ਹਾਂ, ਮੇਰੇ ਲਈ ਇਸ ਮਹਾਂ ਅਰਥ ਥੀਂ ਛੁਟ ਸਭ ਅਰਥ ਨੀਵੇਂ ਹਨ, ਇਹ ਅਰਥ ਮੇਰੇ ਵਾਸਤੇ ਤਦ ਮੇਰੇ ਰੂਹ ਅੰਦਰ ਆ ਸਕਦਾ ਹੈ ਜਦ ਮੇਰੀ ਦ੍ਰਿਸ਼ਟੀ 'ਦ੍ਰਿਸ਼ਟੀਗੋਚਰ' ਸੰਸਾਰ ਥੀਂ ਉਠਕੇ ਅੰਦਰ ਦੇ ਤੱਤ ਤੇ ਦਿਵਜ ਸੱਚ ਵਲ ਮੁੜੇ ਤੇ ਇਸ ਨੂੰ ਮੋੜਨ ਲਈ ਅੰਦਰ ਵਾਰ ਕਰਨ ਲਈ ਸਭ ਥੀਂ ਉੱਚੇ ਦਰਜੇ ਦੇ ਸਾਮਾਨ ਓਹ ਕਦੀ ਨਹੀਂ ਹੋ ਸਕਦੇ ਜਿਹੜੇ ਦ੍ਰਿਸ਼ਮਾਨ ਉੱਪਰ ਜ਼ੋਰ ਦੇਂਦੇ ਹਨ ਅਰ ਇਸ ਖਹੜੇ ਪੈਂਦੇ ਹਨ ਕਿ ਸੱਬ ਇਹੋ ਸੱਚ ਹੈ। ਨਹੀਂ ਅੰਦਰ ਮੋੜਨ ਲਈ ਤਾਂ ਸਾਮਾਨ ਹੋਰ ਰੰਗ ਦੇ ਹੋਂਦੇ ਹਨ, ਓਹ ਤਾਂ ਸਾਮਾਨ ਓਹ ਹਨ ਜਿਹੜੇ ਮਨੁਖ ਨੂੰ ਆਪਾ ਵਾਰ ਕੇ ਪ੍ਰੀਤ ਦੇ ਜਲ ਵਿਚ ਘੋਲ ਕੇ ਧਿਆਨ ਰੂਪ ਕਰਕੇ ਕੁਦਰਤ ਦੇ ਲਿਖੇ 'ਅਖਰਾਂ' ਦੇ ਅਰਥ ਨੂੰ ਆਪਣੇ ਰੂਹ ਦੇ ਰਸ ਵਿਚ ਪ੍ਰਤੀਤ ਕਰਾਉਂਦੇ ਹਨ ਅਰ ਜਿਨ੍ਹਾਂ ਕਰਕੇ ਓਸ ਸੱਚੀ ਅੰਦਰ ਦੀ ਖਬਰ ਦਾ "ਪਤਾ ਲਗਾਣ" ਦੀ ਖੁਸ਼ਖਬਰੀ ਕਿਸੀ ਨਾ ਕਿਸੀ ਤਰ੍ਹਾਂ ਆਪਣੇ ਜਿਹੇ ਮਨੁਖਾਂ ਤਕ ਪਹੁੰਚਾਣ ਦਾ ਚਾ ਆਉਂਦਾ ਹੈ, ਹਾਂ ਜੀ ਇਹ ਤਾਂ ਮੰਤਵ ਨਹੀਂ ਕਿ ਓਸ "ਖਬਰ" ਦਾ ਪੂਰਣ ਰੂਪ ਸਾਡੇ ਤਕ ਪਹੁੰਚ ਸਕੇ, ਕਿਉਂਕਿ ਓਹ ਤਾਂ "ਸਾਖੀ ਪਦ" ਦੀ ਹਕੀਕਤ ਹੈ ਅਰ ਦਿਸ਼ਟਾ ਜੀ ਦੇ ਦੇਸ਼ ਦੇ ਸੱਚ ਤੇ ਓਸੇ ਦੇਸ਼ ਦੇ ਸੱਚ ਦੇ ਭੇਤਾਂ ਦਾ ਹਾਲ ਹੈ, ਓਹ ਭੇਤ ਤਾਂ ਇਨ੍ਹਾਂ ਕੁਦਰਤ ਦੇ ਸਥੂਲ "ਅੱਖਰਾਂ" ਵਿਚ ਬ੍ਰਹਮਾਂਭੀ ਪੂਰੀ ਤਰ੍ਹਾਂ ਨਹੀਂ ਦਰਸਾ ਸੱਕਿਆ ਜਿਸ ਤਰ੍ਹਾਂ ਸਾਡੇ ਦੀਨ ਤੇ ਦੁਨੀ ਦੇ ਵਾਲੀ ਜਪ ਸਾਹਿਬ ਵਿਚ ਫੁਰਮਾਂਦੇ ਹਨ, ਇਨ੍ਹਾਂ "ਅਖਰਾਂ" ਨੂੰ ਵੇਖ ਕੇ ਕੇਵਲ ਅਸੀਂ ਉਸ 'ਅਰਥ' ਓਸ ਮਹਾਂ ਸੱਚ 'ਸਤਿਨਾਮ' ਦੀ ਭਿਣਕ ਪਾ ਸਕਦੇ ਹਾਂ, ਸਾਰੀ ਕੁਦਰਤ ਮਿਲਕੇ ਵੀ ਓਸ ਅਰਥ ਨੂੰ ਪ੍ਰਗਟ ਨਹੀਂ ਕਰ ਸਕਦੀ, ਏਹ ਸਾਰਾ ਜਗਤ ਆਪਣੇ ਪਦਾਰਥੀ "ਅਖਰਾਂ" ਸਮੇਤ ਰੱਬ ਦੀ ਮਿੱਠੀ ਤੇ ਸੁਰੀਲੀ ਗਾਉਂਦੀ ਰੂਪ ਹਸਤੀ, "ਹੈ" ਦਾ ਚਿੰਨ੍ਹ ਰੂਪ ਹੈ, ਦ੍ਰਿਸ਼ਟ ਮਾਨ ਧਨ ਰਿਣ (±) 'ਕੂੜ ਸੱਚ' ਹੈ, ਸਾਪੇਖਕ ਹੈ, ਨਿਰੋਲ ਸੱਚ ਅਦ੍ਰਿਸ਼ਟ ਦ੍ਰਿਸ਼ਟਾ ਹੈ, ਇਸ ਕਰਕੇ ਆਤਮਕ ਵਿਦਜਾ ਦੇ ਅਭਿਲਾਖੀਆਂ ਲਈ ਹਾਂ ਜੀ ਗੁਰਮੁਖਾਂ ਸਿੱਖਾਂ ਲਈ ਓਹ ਵਿਦਜਾ, ਓਹ ਆਰਟ, ਓਹ ਕੋਮਲ ਉਨਰ ਆਦਿਕ ਚੰਗੇ ਨਹੀਂ ਲੱਗ ਸਕਦੇ, ਜਿਨ੍ਹਾਂ ਦਾ ਲੱਖ ਦ੍ਰਿਸ਼ਮਾਨ ਅੱਖਰ ਹਨ, ਓਹ ਇਨ੍ਹਾਂ ਥੀਂ ਰੁੱਸ ਨਹੀਂ ਬਹਿੰਦੇ, ਓਹ ਜਾਣਦੇ ਹਨ ਕਿ ਇਹ ਸਭ ਚੀਜਾਂ ਦੇ ਇਨ੍ਹਾਂ ਦੇ ਗਜਾਨ ਆਦਿਕ ਰੂਹ ਦੇ ਤਜਰਬੇ ਲਈ ਹਨ, ਰੂਹ ਨੂੰ (±) ਕੂੜ ਸੱਚ ਦੇ ਰਾਹੀਂ ਆਪੇ ਆਖਰ (ਯਥਾਰਥ ਨੂੰ) ਟੋਲ ਲਵੇਗਾ। ਜਦ ਮਨੁਖ ਦੇ ਰੂਹ ਅਥਵਾ ਸੁਰਤ ਨੂੰ ਇਹ ਤਜਰਬਾ ਹੋ ਜਾਏਗਾ ਕਿ ਇਹ ਤਾਂ ਸਭ ਖੋਖਲੇ ਮਨ ਦੀਆਂ ਬਾਹਰ ਮੁਖੀ ਬ੍ਰਿਤੀਆਂ ਦੇ ਚਮਤਕਾਰੇ ਹਨ ਅਰ ਸਿੰਭਲ ਰੁੱਖ ਦੇ ਫੁਲਾਂ ਫਲਾਂ ਵਾਂਗ ਸੋਹਣੇ ਪਰ ਨਕੰਮੇ ਹਨ, ਨਹੀਂ ਕੇਵਲ ਦ੍ਰਿਸ਼ਟੀ ਮਾਤ੍ਰ ਹਨ (ਦ੍ਰਿਸ਼ਟਮਾਨ ਹੈ ਸਗਲ ਮਥੇਨਾ), ਤਦ ਓਸਦੀ ਸੁਰਤ ਅੰਦਰ ਨੂੰ ਆਪ ਮੁਹਾਰੀ ਆਪਣੇ ਸੁਭਾਓ ਦੀ ਬੱਧੀ ਮੋੜਾ ਖਾਵੇਗੀ ਤੇ ਅੰਦਰ ਵਲ ਮੁੜਕੇ 'ਨਾਮ ਰੂਪ' ਦੇ 'ਏਕੰਕਾਰ' ਦੇ 'ਸਤਿਨਾਮ' ਤੇ 'ਅਕਾਲ ਮੂਰਤਿ' ਵਲ ਮੁਹਾਰਾਂ ਮੋੜੇਗੀ। "ਕੂੜ ਨਿਖੁਟੇ ਨਾਨਕਾ ਓੜਕ ਸਚ ਰਹੀ" ਸੱਚੇ ਪਾਤਸ਼ਾਹ ਨੇ ਅੱਖਰਾਂ ਦੇ ਵਿੰਗੇ ਚਿੱਬੇ ਹੋਣ ਨੂੰ ਯਾ ਖਿੜਕੀ ਦੇ ਖੱਬੇ ਸੱਚੇ ਨੂੰ ਹਾਂ ਜੀ ਦ੍ਰਿਸ਼ਟਮਾਨ (ਨਾਮ ਰੂਪ) ਦੀਆਂ ਹੋਸ਼ੇ ਵਾਲੀਆਂ ਗੱਲਾਂ (±) ਕੂੜ ਸੱਚ ਨੂੰ 'ਸਤਿਨਾਮ' ਕਰਕੇ ਨਹੀਂ ਸੱਦਿਆ, ਓਹਨਾਂ ਤਾਂ ਆਖਰੀ ਜਗਜੀਤਨ ਨੂੰ ਕੇਂਦਰ ਦੇ ਕੁਦਰਤ ਮਨੁਖ ਦੀ ਸਾਂਝੀ ਅੰਦਰਲੀ ਨਾਨਾ ਰੰਗੀ ਤੇ ਮੁੜ ਇਕ ਰੰਗੀ, ਨਹੀਂ ਜੀ ਅਰੰਗੀ, ਨਾਨਾ ਅੰਗੀ ਤੇ ਮੁੜ ਇਕ ਅੰਗੀ, ਨਹੀਂ ਜੀ ਅਨੰਗੀ ਹਕੀਕਤ ਨੂੰ ਸੱਚ ਕਿਹਾ ਹੈ। ਰੀਅਲਸਿਟ (ਦ੍ਰਿਸ਼ਵਾਦੀ) ਦੇ ਸੱਚ ਨੂੰ ਦੇਖੋ ਸਾਹਮਣੇ ਦੀਹਦਾ ਹੈ ਤੇ ਖਿਣਖਿਣ (±) ਕੂੜ ਸੱਚ ਹੁੰਦਾ ਦਿਸ ਰਿਹਾ ਹੈ ਤੇ ਸਾਡਾ ਸੱਚ ਦੇਖੋ "ਜਿਨ ਇਹ ਲਿਖੇ ਤਿਸ ਸਿਰ ਨਾਹਿ। ਜਿਵ ਫੁਰਮਾਏ ਤਿਵੇ ਤਿਵ ਪਾਇ" ਸਾਰਾ ਜਪ ਸਾਹਿਬ ਇਸ ਸੱਚ ਦਾ

ਮੰਤਰ ਹੈ, ਮਨੁਖਾਂ ਦੇ ਚੋਣ ਥੀਂ ਹੀ ਓਹਨਾਂ ਦੇ ਰੂਹਾਨੀ ਤਜਰਬੇ ਦਾ ਪਤਾ ਲਗ ਜਾਂਦਾ ਹੈ।

ਹੁਣ ਇਸ ਨੁਕਤੇ ਥੀਂ ਜਿਸ ਤਰ੍ਹਾਂ ਸੱਚ ਤੇ (±) ਕੂੜ ਸੱਚ ਦਾ ਨਖੇੜਾ ਕੀਤਾ ਜਾਂਦਾ ਹੈ, ਇਸੀ ਤਰਾਂ ਹੁਣ ਇਕ ਵਿਦਜਾ ਤੇ ਅਵਿਦਜਾ ਦਾ ਵਿਵੇਕ ਹੋ ਸਕਦਾ ਹੈ, ਚੋਣ ਆਪਣੀ ਆਪਣੀ ਰੂਹਾਨੀ ਮੰਡਲ ਅਨੁਸਾਰ ਹੋਵੇਗੀ। ਸੱਚ ਵਿਵੇਕ ਬੱਸ ਇਤਨਾ ਹੈ ਕਿ ਅਸੀਂ ਆਪਣੇ ਆਦਰਸ਼ ਨੂੰ ਉੱਚਾ ਤੇ ਸੁੱਚਾ ਰੱਖੀਏ, ਕੁਲ ਪੂਰਬੀ ਦੇਸਾਂ ਵਿਚ ਪਾਰਖੀ ਅੱਖ ਅਸਲੀਅਤ ਹਕੀਕਤ ਵਲ ਲੱਗੀ ਹੈ ਅਰ (±) ਕੂੜ ਸੱਚ ਤੇ ਇਸਦੇ ਵੇਰਵੇ ਥੀਂ ਕੁਛ ਬੇਖਬਰ ਜਿਹੀ ਹੈ। ਕੀ ਜਾਪਾਨ ਤੇ ਕੀ ਚੀਨ, ਈਰਾਨ ਤੇ ਹਿੰਦੁਸਤਾਨ ਸਭ ਦਾ ਅੰਦਰਲਾ ਰੂਹ ਦ੍ਰਿਸ਼ਟਮਾਨ ਨੂੰ ਸੱਚਾ ਨਹੀਂ ਮੰਨ ਸਕਦਾ ਤੇ ਨਾ ਡਾਕਟਰ ਜਾਨਸਨ ਵਾਂਗ ਸੱਜੀ ਖੱਬੀ ਖਿੜਕੀ ਦੇ ਫਰਕ ਉੱਤੇ ਕਿਸੇ ਬੰਦੇ ਦੀ ਖਲ ਉਧੇੜ ਸਕਦਾ ਹੈ, ਹਾਂ ਧਿਆਨ ਦੁਆਰਾ ਓਸ ਅਗਮ ਦਾ ਜੋ ਕੁਛ ਵੀ ਪਤਾ ਲੱਗ ਸਕੇ, ਓਹਨੂੰ ਆਪਣਾ ਭਾਗ ਸਮਝਦਾ ਹੈ ਏਸ਼ੀਆ ਦੇ ਕੁਲ ਕੋਮਲ ਉਨਰ ਇਸ ਧਿਆਨ ਦੇ ਅਸਰ ਹਨ, ਏਸ਼ੀਆ ਦੀ ਕਵਿਤਾ ਵੀ ਕਾਮ, ਕ੍ਰੋਧ, ਮੋਹ ਦੇ ਵਲਵਲੇ ਪ੍ਰਦੀਪਤ ਕਰਨ ਵਾਲੀ ਅੱਗ ਲਾਣ ਵਾਲੀ ਚੀਜ਼ ਨਹੀਂ, ਠੰਢ ਪਾਣ ਵਾਲੀ, ਵਿਛੜੇ ਮਿਲਾਣ ਵਾਲੀ ਧਯਾਨੀ ਕਵਿਤਾ ਹੈ। ਧਿਆਨ ਦੁਆਰਾ ਮਰ ਗਏ ਬੱਚੇ ਮਾਂ ਦੀ ਗੋਦ ਵਿਚ ਪਾਂਦੀ ਹੈ ਅਰ ਵਿਛੜੇ ਮੀਤ ਮਿਲਾਂਦੀ ਹੈ, ਮੌਤ ਦੇ ਤਬਕੇ ਤੇ ਡਰ ਤੇ ਨਰਕਾਂ ਤੇ ਅਗਾਂ ਥੀਂ ਉੱਚੇ ਇੰਦ੍ਰੀਆਂ ਥੀਂ ਉੱਪਰ ਦੀ ਅਨੰਦੀ ਰੌ ਵਲ ਲੈ ਜਾਂਦੀ ਹੈ। ਏਸ਼ੀਆ ਵਾਲਿਆਂ ਇਹੋ ਰੰਗ ਆਪਣੇ ਕਰਮ ਅਰ ਗਜਾਨ ਨੂੰ ਉਨਰ ਨੂੰ, ਵਿਦਜਾ ਨੂੰ, ਇਤਿਹਾਸ ਨੂੰ ਚੜ੍ਹਾਇਆ ਹੈ। ਜਾਪਾਨ ਦੇ ਪ੍ਰਸਿਧ ਦਾਨੇ 'ਓਕੋ ਕੋਰਾ' ਤੇ ਹਿੰਦੁਸਤਾਨ ਦੇ ਪ੍ਰਸਿੱਧ ਦਾਨੇ 'ਕੁਮਾਰ ਸੁਆਮੀ' ਨੇ ਏਸ਼ੀਆ ਦੇ ਕੋਮਲ ਉਨਰਾਂ ਬਾਬਤ ਜੋ ਵਜਾਖਜਾ ਯੂਰਪ ਤੇ ਅਮਰੀਕਾ ਨੂੰ ਦਿੱਤੀ ਹੈ ਉਸ ਪਰ ਪੱਛਮੀ ਸਾਰੀ ਦੁਨੀਆਂ ਸਾਡੀ ਇਸੇ ਧਿਆਨ ਸ਼ਕਤੀ ਦੇ ਆਸਰੇ ਏਸ਼ੀਆ ਦੇ ਉਨਰਾਂ ਨੂੰ ਉੱਚਾ ਉਨਰ ਮੰਨ ਗਈ ਹੈ, ਸੋ ਏਹ ਮੇਰੀ ਰਾਇ ਹੀ ਨਹੀਂ ਸਾਰੇ ਏਸ਼ੀਆ ਦੇ ਇਸ ਵੇਲੇ ਦੇ ਦਾਨਿਆਂ ਦੀ ਏਹ ਸੰਮਤੀ ਹੈ।

ਜਦ ਲਾਰਡ ਕਰਜ਼ਨ ਨੇ ਕਿਹਾ ਸੀ ਕਿ ਅਸੀਂ ਇਖਲਾਕ ਵਿਚ ਓਨੇ ਉੱਚੇ ਨਹੀਂ ਜਿੰਨੇ ਓਹ ਲੋਕ ਹਨ, ਅਸੀਂ ਸੱਚ ਦੇ ਓਨੇ ਪਜਾਰੇ ਨਹੀਂ ਜਿੰਨੇ ਓਹ ਹਨ। ਤਦ ਓਸ ਨੇ ਓਸ ਆਪਣੇ ਖਿਆਲ ਅਨੁਸਾਰ ਸੱਚ ਕਿਹਾ ਹੋਓ, ਪਰ ਓ ਸਾਡੇ ਨੁਕਤਾ ਖਿਆਲ ਦੇ ਅਨਜਾਣੂੰ ਸਨ, ਸਾਡਾ ਆਚਰਨ ਵੀ ਧਜਾਨੀ ਆਚਰਨ ਹੈ ਅਰ ਖੱਬੇ ਸੱਜੇ ਦੀ ਤਮੀਜ਼ ਸਾਨੂੰ ਹੋ ਨਹੀਂ ਸਕਦੀ ਜਿਸ ਵੇਲੇ ਅਸੀਂ ਧਿਆਨ ਨਿਮਰਾਨ ਹੋਵੀਏ। ਬੇਖਬਰੀ ਜਿਹੀ ਸ੍ਵਪਨ ਜਹੇ ਵਿਚ ਜੀਵਨ ਲੰਘਾ ਲਿਆ, ਮੈਨੂੰ ਕੀ ਪਤਾ ਮੈਂ ਕੱਲ ਕੀ ਖਾਧਾ ਸੀ ਤੇ ਪਰਸੋਂ ਕੀ, ਸ੍ਵਪਨ ਆਇਆ ਸੀ, ਠੀਕ ਸਾਡੀ ਬੋਲੀ ਦ੍ਰਿਸ਼ਟਮਾਨ ਦੇ ਇਖਲਾਕ ਅਨੁਸਾਰ (±) ਕੂੜ ਸੱਚ ਹੈ। ਸਾਡੇ ਦਾਨਿਆਂ ਨੇ ਇਸ 'ਸੱਚ ਕੂੜ' ਦੇ ਜੜਿਆਂ ਨੂੰ ਦੂੰਦਾਂ ਵਿਚ ਗਿਦਿਆਂ ਹੈ ਤੇ ਅਸਲੀ ਸੱਚ ਨੂੰ ਦੂੰਦ ਅਤੀਤ ਟਿਕਾਣੇ ਤਕ ਕੇ ਉਸਦੇ ਰੰਗ ਵਿਚ ਰੱਤੇ ਤੇ ਲੱਗੇ ਰਹੇ ਹਨ, ਓਸ ਸੱਚ ਨੂੰ ਓਹਨਾਂ ਸੱਚ ਕਿਹਾ ਹੈ, ਓਸ ਸੱਚ ਨੂੰ ਸਤਗੁਰ ਨੇ 'ਸਤ' ਨਾਮ ਦਿੱਤਾ ਹੈ, ਉਸਦਾ ਨਾਮੋ ਸੱਤੋ ਹੈ ਤੇ ਓਸ 'ਸੱਚ' ਯਾ 'ਸੱਤ' ਦੀ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਿਮਾ ਦੇ ਵਯਾਖਜਾ ਕੀਤੀ ਹੈ। ਤੇ ਇਸ ਵਿਚ ਕੁਛ ਸ਼ੱਕ ਨਹੀਂ ਕਿ ਜਿਹਨੂੰ ਪੱਛਮੀ ਲੋਕ ਸੱਚ ਸਮਝੀ ਬੈਠੇ ਹਨ ਓਸ ਸਾਡਾ ਕੂੜ ਦਾ ਜੋਟੀ ਦੂਾਰ ਦੂੰਦਾਂ ਵਾਲ ਸਚ ਹੈ ਤੇ ਜਿਹਨੂੰ ਅਸੀਂ ਸੱਚ ਸਮਝੀ ਬੈਠੇ ਹਾਂ ਓਹ ਓਹਨਾਂ ਦਾ ਕੂੜ ਹੈ, ਉਨਾਂ ਦੀ ਬਿਰਤੀ ਅੰਤਰ ਮੁਖ ਵਲ ਰੁਖ ਹੀ ਨਹੀਂ ਰਖਦੀ ਇਲਾਜ ਇਸ ਬਹਸ ਦਾ ਕੁਛ ਨਹੀਂ, ਚੁਪ। ਆਪਣੀ ਆਪਣੀ ਬ੍ਰਿਤੀ ਅਨੁਸਾਰ ਤੇ ਰੂਹਾਨੀ ਮੰਡਲ ਦੇ ਨਜ਼ਾਰੇ ਅਨੁਸਾਰ ਖਿਆਲ ਪੱਕੇ ਹੋਣਗੇ, ਖਿਆਲ ਕੀ ਹੋਇਆ ਜਿਹੀ ਜਿਹੀ ਸੁਹਣੱਪ ਤੇ ਜਿਹੇ ਜਿਹੇ ਨਜ਼ਾਰੇ ਨਜ਼ਰ ਆਵਣਗੇ, ਤਿਹਾ ਤਿਹਾ ਸਾਡੇ ਮੂੰਹੋਂ ਸ਼ਬਦ ਨਿਕਲਣਗੇ। ਜਿਹੜੀ ਰੂਹ ਹਿੱਲ ਨਹੀਂ ਰਹੀ, ਚੱਲ ਨਹੀਂ ਰਹੀ, ਓਹਦੇ ਖਜਾਲ ਪੱਥਰ ਵਾਂਗ ਜੰਮੇ ਹੋਵਣ, ਪਰ ਜ਼ਿੰਦਾ ਰੂਹ ਤਾਂ ਨਿਤ ਨਵੇਂ ਨਜ਼ਾਰੇ ਦੇਖਦੀ ਹੈ ਤੇ ਨਿਤ ਨਵੀਂ ਖਬਰ ਦੇਂਦੀ ਹੈ। ਮੇਰੀਆਂ ਕੱਲ ਦੀਆਂ ਗੱਲਾਂ ਕੂੜੀ ਹੋ ਗਈਆਂ, ਹੋ ਜਾਣ ਕਹਾਂਗਾ ਮੈਂ ਉਹੋ ਜਿਹੜੀ ਗੱਲ ਮੇਰਾ ਰੂਹ ਦੇਖ ਰਿਹਾ ਹੈ (ਗੁਰੂ ਜੀ ਤਦੇ ਕਹਿੰਦੇ ਹਨ, ਜੋ ਕਿਛੁ ਬੋਲੀਏ ਸੋ ਖਤੋ ਖਤਾ) ਅਜ ਇਥੇ ਕੱਲ ਉਥੇ, ਨਜ਼ਾਰੇ ਵੱਖਰੇ-ਵੱਖਰੇ। ਬੋਲੇ ਖਾਲਸਾ ਜੀ ਦੀ ਕਿਵੇ ਬੇਰੰਗ ਤੇ ਬੇ ਰਸ ਹੋ? ਮੈਂ ਕਹਾਂਗਾ ਕੂਕਾਂਗਾ ਆਪਣੇ ਅੱਜ ਦੇ ਰੂਹ ਦੀ ਖੁਸ਼ੀ ਤੇ ਕੱਲ ਦਾ ਰੰਗ ਤੇ ਰਸ, ਜਿਵੇਂ ਬੱਦਲ ਆਕਾਸ਼ਾਂ ਵਿਚ ਰੰਗ ਤੇ ਰੂਪ ਵਟਾਂਦੇ ਜਾਂਦੇ ਹਨ। ਲਾਰਡ ਕਰਜ਼ਨ ਬੱਦਲਾਂ ਨੂੰ 'ਕੂੜ ਭਾਸਣ' ਵਾਲਾ ਇਲਜ਼ਾਮ ਦੇਵੇਗਾ, ਪਰ ਨਹੀਂ ਇਹ ਵਟਾਓ ਸੁਹਣੱਪ ਹੈ। ਬੱਦਲੋ ਮੇਰੇ ਸੋਹਣੇ ਬੱਦਲੋ! ਕੀ ਹੋਇਆ ਹਰ ਰੂਪ ਤੇ ਹਰ ਰੰਗ ਵਿਚ ਤੁਸਾਡਾ ਤਾਂ ਕੇਵਲ ਇਕੋ ਹਰੀ ਰੰਗ ਹੈ, ਖੁਸ਼ ਹੋ ਨੱਚੋ! ਅਕਲਾਂ ਵਾਲੇ ਤੁਸਾਡੇ ਪਲਕ ਪਲਕ ਪਲਟਦੇ ਰੂਪ ਦੇ ਸੁਹਣੱਪ ਨੂੰ ਕੀ ਅਨੁਭਵ ਕਰ ਸਕਦੇ ਹਨ, ਤੁਸੀਂ ਸਾਈ ਲੋਕਾਂ ਲਈ ਤੇ ਸਾਈਂ ਲੋਕ ਤੁਸਾਡੇ ਲਈ,

"ਹੂਏ ਥੇ ਕੱਲ ਇਸ਼ਾਰੇ। ਇਧਰ ਹਮਾਰੇ ਉਧਰ ਤੁਮਾਰੇ"। ਪੱਛਮੀ ਦੇਸ਼ਾਂ ਵਿਚ ਦ੍ਰਿਸ਼ਟਮਾਨ ਨੂੰ ਹੀ ਸੱਚ ਮੰਨਿਆ ਹੈ, ਓਹਨਾਂ ਦਾ "ਸਤਿਨਾਮ" ਸੱਚੇ ਪਾਤਸ਼ਾਹ ਸਤਿਗੁਰੂ ਨਾਨਕ ਵਾਲਾ ਨਹੀਂ, ਓਹਨਾਂ ਦਾ ਆਰਟ, ਕਰਮ, ਗਜਾਨ ਸਭ ਮਾਯਾ ਧਾਰੀ ਹਨ। ਅਜ ਕੱਲ ਪੱਛਮੀ ਦੇਸਾਂ ਦਾ ਪਾਸਾ ਕਈ ਕਾਰਨਾਂ ਕਰਕੇ ਇਕ ਯਾ ਕਈ ਅੰਸ਼ਾਂ ਵਿਚ ਉੱਚਾ ਹੋਣ ਕਰਕੇ ਓਹਨਾਂ ਦਾ ਇਹ ਦ੍ਰਿਸ਼ਟਮਾਨੀ ਆਦਰਸ਼ ਵੀ ਸਾਨੂੰ ਉੱਚਾ ਦਿੱਸਣ ਲੱਗ ਪਿਆ ਹੈ, ਅਸੀਂ ਅੰਦਰੋਂ ਹਾਰੇ ਬੈਠੇ ਹਾਂ, ਆਪਣਾ ਇਤਹਾਸ, ਆਪਣੀ ਮਾਈਥਾਲੋਜੀ ਆਪਣੇ ਸਾਹਿਤ ਤੇ ਆਪਣੀ ਕਵਿਤਾ ਨੂੰ ਗੱਪ ਗਪੌੜੇ ਤੇ ਕੂੜ ਸੱਚ ਕਰਕੇ ਦੇਖ ਰਹੇ ਹਾਂ, ਪਰ ਅਸਲ ਵਿਚ ਇਸ ਥਾਂ ਓਹ ਹਮੇਸ਼ਾ ਲਈ ਪੂਰਬੀ ਜੀਨਅਸ ਥੀਂ ਨੀਵੇਂ ਹਨ ਅਰ ਇਕ ਅਕੱਲੇ ਇਸ ਮਾਮਲੇ ਵਿਚ ਪੂਰਬੀ ਦੇਸ਼ਾਂ ਦੀ ਸੱਭਜਤਾ ਦੇ ਨੁਕਤੇ ਥੀਂ ਇਕ ਤਰਾਂ ਦੇ ਨਾ ਮਹਰਮ ਹਨ ਤੇ ਓਨਾਂ ਦੇ ਉੱਚੇ ਪਾਰਖੀ ਇਸ ਗੱਲ ਨੂੰ ਹੁਣ ਮੰਨਣ ਲੱਗ ਪਏ ਹਨ। ਪਰ ਇਹ ਨੇਮ ਹੈ ਕਿ ਜਦ ਇਕ ਕੌਮ ਕਿਸੀ ਖਾਸ ਅੰਸ਼ ਯਾ ਪੱਖ ਵਿਚ ਉੱਚੀ ਹੋ ਜਾਂਦੀ ਹੈ ਤਦ ਓਹ ਆਪਣੀਆਂ ਕਮਜ਼ੋਰੀਆਂ ਨੂੰ ਵੀ ਨਾਲੇ ਹੀ ਉੱਚਾ ਲੈ ਜਾਂਦੀ ਹੈ ਅਰ ਜਦ ਦੂਜੀਆਂ ਕੌਮਾਂ ਕਿਸੀ ਖਾਸ ਪੱਖ ਵਿਚ ਢੇਹ ਪੈਂਦੀਆਂ ਹਨ, ਓਹ ਆਪਣੇ ਉੱਤਮ ਥੀਂ ਉੱਤਮ ਗੁਣਾਂ ਨੂੰ ਵੀ ਕਮਜ਼ੋਰੀਆਂ ਤੇ ਗੁਨਾਹ ਗਿਣਨ ਲੱਗ ਜਾਂਦੀ ਹੈ। ਆਦਮੀ ਦੇ ਗਿਰਾਓ ਦਾ ਸੁਭਾਓ ਹੈ ਕਿ ਉਹ ਆਪੇ ਨੂੰ ਹਰ ਪਾਸੋਂ ਢੱਠਾ ਜਾਣਨ ਲੱਗ ਜਾਂਦਾ ਹੈ, ਆਖਰ ਕਾਰ ਕੌਮਾਂ ਦਾ ਗਿਰਾਓ ਚੜ੍ਹਾਓ ਵੀ ਸੁਰਤਿ ਦੇ ਗਿਰਾਓ ਚੜ੍ਹਾਓ ਦਾ ਬਾਹਰਲਾ ਚਿੰਨ੍ਹ ਹੈ, ਇਸ ਕਾਰਨ ਕਰਕੇ ਸੰਸਾਰ ਵਿਚ ਮਾੜੀਆਂ ਚੀਜ਼ਾਂ ਉੱਚੀਆਂ ਹੋ ਕਰ ਪ੍ਰਚੱਲਤ ਹੋਣ ਲੱਗ ਜਾਂਦੀਆਂ ਹਨ ਅਰ ਚੰਗੀਆਂ ਚੀਜ਼ਾਂ ਮਾੜੀਆਂ ਲੱਗਣ ਲੱਗ ਜਾਂਦੀਆਂ ਹਨ। ਏਸ਼ੀਆ ਦਾ ਇਹ ਸੁਰਤਿ ਦਾ ਗਿਰਾਓ ਹੁਣ ਆਮ ਹੋ ਰਿਹਾ ਹੈ। ਜਾਪਾਨ ਜੈਸੇ ਕੋਮਲੀ ਉਨਰੀ ਸੱਭਜ਼ਾਤਾ ਦੇ ਮੁਲਕ ਵਿਚ ਪੱਛਮੀ ਆਦਰਸ਼ ਫਤਹ ਪਾ ਰਹੇ ਹਨ, ਸੋਹਣੇ ਉਨਰੀ ਪੁਸ਼ਾਕੇ, ਮਸ਼ੀਨੀ ਪੁਸ਼ਾਕੇ ਵਿਚ ਉਥੇ ਵੀ ਬਦਲੇ ਜਾ ਰਹੇ ਹਨ, ਹੱਥਾਂ ਦੀ ਦਸਤਕਾਰੀ ਤੇ ਪਿਆਰ ਵਿਚ ਡੁਬੇ ਕੰਮ ਤੇ ਆਤਮ ਲੀਨਤਾ ਦੇ ਭਾਈਚਾਰੇ ਦੇ ਚਿੰਨ੍ਹ ਸਭ ਉਡੰਤ ਹੋ ਰਹੇ ਹਨ। ਜਾਪਾਨ ਵਿਚ ਤਾਂ ਇਸ ਗਿਰਾਓ ਥੀਂ ਬਚਾਣ ਲਈ ਮਿਸਟਰ ਓਕਾਕੁਰਾ ਜੈਸੇ ਪਾਰਖੀਆਂ ਨੇ ਆਵਾਜ਼ ਉਠਾਈ ਤੇ ਸਾਰੀ ਕੌਮ ਨੂੰ ਕਿਹਾ ਕਿ ਦੇਖਣਾ, ਇਨ੍ਹਾਂ ਲੋਹੇ ਦੇ ਪੰਜਯਾਂ ਹੇਠਾਂ ਮਨੁਖ ਦੇ ਸੋਹਣੇ ਫੁਲ ਰੂਹ ਨੂੰ ਕਤਲ ਨਾ ਕਰ ਦੇਣਾ, ਸੁਗੰਧੀ ਉਡ ਜਾਏਗੀ, ਪਿਆਰ ਧਿਆਨ ਸਭ ਨੱਸ ਖਲੋਣਗੇ, ਕਲਜੁਗ ਛਾ ਜਾਏਗਾ ਤੇ ਸਾਡੇ ਨਿਮਾਣੇ ਦੇਸ ਵਿਚ ਕੋਮਲ ਉਨਰਾਂ ਤੇ ਹਿੰਦ ਦੇ ਆਦਰਸ਼ਾਂ ਦੇ ਸੁਰਜੀਤ ਕਰਨ ਦੀ ਆਵਾਜ਼ ਸਿਸਟਰ ਨਿਵੇਦਿਤਾ ਨੇ ਉਠਾਈ ਤੇ ਆਪਣਾ ਸਾਰਾ ਜੀਵਨ ਇਧਰ ਖਰਚ ਕੀਤਾ। ਅਬਨਿੰਦਰੋ ਨਾਥ ਟਾਗੋਰ ਨੇ ਕਲਕੱਤਾ ਚਿੱਤ੍ਰਕਾਰੀ ਦਾ ਸਕੂਲ ਖੋਹਲਕੇ ਉਸ ਰੂਹਾਨੀ ਆਵਾਜ਼ ਦਾ ਚਿੱਤ੍ਰ ਖਿੱਚਿਆ। ਡਾਕਟਰ ਅਨੰਦ ਕੁਮਾਰ ਸੁਆਮੀ ਦੇ ਲੇਖ ਇਸ ਸੁਰਜੀਤਤਾ ਦੀ ਗੰਭੀਰ ਧੂਨੀ ਵਾਲੀ ਕਵਤਾ ਬਣ ਰਹੇ ਹਨ, ਓਹਨਾਂ ਨੇ ਤਾਂ ਕਮਾਲ ਕਰ ਦਿੱਤਾ ਹੈ, ਸ਼ੁਰੂ ਇਸ ਖਯਾਲ ਦਾ ਸੁਆਮੀ ਵਵੇਕਾ ਨੰਦ ਤੋਂ ਹੈ ਤੇ ਹੁਣ ਇਥੇ ਤਕ ਖਿਆਲ ਮੁੜੇ ਹਨ ਕਿ ਸਾਡੇ ਪੁਰਾਣੇ ਹਿੰਦੂ ਮੰਦਰਾਂ, ਕੰਦਰਾਂ ਤੇ ਪੱਥਰਾਂ ਵਿਚ ਉੱਕਰੀਆਂ ਤਸਵੀਰ ਉੱਤੇ ਪੱਛਮੀ ਪਾਰਖੀ ਵੀ (ਆਰਟ, ਹੁਨਰ ਦੇ ਨੁਕਤੇ ਤੋਂ) ਆਸ਼ਕ ਹੋਣ ਲੱਗੇ ਮਿਸਟਰ ਹਾਵਲ ਨੇ ਵੀ ਇਸ ਪ੍ਰਸੰਸਾ ਵਿਚ ਹਿੱਸਾ ਲਿਆ। ਕੁਝ ਦਿਨ ਹੋਏ ਹਨ ਕਿ ਕਲਕਤੇ ਹਾਈਕੋਰਟ ਦੇ ਅੰਗ੍ਰੇਜ਼ ਜੱਜ ਬਹੁਤ ਸਾਰਾ ਮੁਲ ਖਰਚ ਗਣੇਸ਼ ਜੀ ਦੀ ਇਕ ਤਸਵੀਰ ਟਾਗੋਰ ਸਕੂਲ ਦੇ ਚਿਤ੍ਰਕਾਰ ਦੀ ਮਲ ਲਈ ਤੇ ਉਨਰ ਦੀ ਪ੍ਰਸੰਸਾ ਕੀਤੀ।

ਇਕ ਕਵਲ ਫੁਲ ਬਿਰਾਜਮਾਨ ਬ੍ਰਹਮਾਂ ਇਕ ਦਾਨਵਾਨ ਦੇਵਤਾ ਦੀ ਅੰਦ੍ਰਲੀ ਤਾਕਤ ਦਾ ਵਰਨਣ ਹੈ। ਇਕ ਕਲਾਵਾਨ ਮਨੁਖ ਸਾਨੂੰ ਇਨ੍ਹਾਂ ਅੱਖਾਂ ਨਾਲ ਕਦੀ ਕਲਾਵਾਨ ਨਹੀਂ ਦਿੱਸਿਆ ਕੰਵਲ ਫੁਲ ਉੱਤੇ ਬੈਠਾ ਦੇਖ ਸਾਡੀ ਆਦਰਸ਼ ਅੱਖ ਉਚੀ ਜਾਂਦੀ ਹੈ। ਸ਼ਿਵਜੀ ਨੂੰ ਸੱਪਾਂ ਦੇ ਸਿਹਰੇ ਪਾਣੇ ਤੇ ਤ੍ਰਿਕੁਟੀ ਵਿਚ ਕਾਮਦੇਵ ਨੂੰ ਫੂਕਣਵਾਲਾ ਤੀਸਰਾ ਨੇਤ੍ਰ। ਇਹ ਸਭ ਸਾਡੇ ਇਸ ਮਹਾਨ ਚਿੱਤ੍ਰਕਾਰੀ ਦੇ ਭਾਸ਼ਾ ਸ਼ਬਦ ਹਨ, ਜੋ ਕੇਵਲ ਏਹ ਦਸਦੇ ਹਨ ਕਿ ਇਹ ਚਿਤ੍ਰ ਕਿਸੇ ਗੁਰੂ ਵਾਲੇ ਪੁਰਖਾਂ ਦੇ ਹਨ। ਦੁਖ ਹੈ ਤਾਂ ਏਹ ਕਿ ਏਹ ਚਿਤ੍ਰਕਾਰੀ ਨੀਵੇਂ ਪੁਜਾਰੀਆਂ ਦੇ ਹੱਥ ਜਾ ਕੇ ਵਹਮ ਭਰਮਾਂ ਪੂਜਾ ਤੇ ਬੁਤਾਪ੍ਰਸਤੀ ਬਣ ਜਾਂਦੀ ਹੈ ਯੂਰਪ ਵਾਲੇ ਭੀ ਹੁਣ ਧਯਾਨ ਨੁਕਤੇ ਤੋਂ ਨਹੀਂ, ਪਰ ਮਖੌਲ ਦੇ ਨੁਕਤੇ ਤੋਂ ਕੈਰੀਕੇਚਰ ਬਨਾਂਦੇ ਹਨ ਜੋ ਉਸਤਤ ਲਈ ਨਹੀਂ, ਪਰ ਨਿੰਦਾ ਲਈ ਬਨਾਏ ਜਾਂਦੇ ਹਨ ਹੁਣ ਜੇ ਪਾਦਰੀ ਲੋਕ ਇਨ੍ਹਾਂ ਦੀ ਪੂਜਾ ਕਰਾ ਦੇਣ ਤਾਂ ਓਹਨਾਂ ਦੇ ਸੈਟਾਇਰ (ਟਿਚਕਰ ਬਾਜ਼ੀ) ਦੇ ਉਨਰ ਨੂੰ ਦੋਸ ਨਹੀਂ।

੩.

"ਇਤਹਾਸ ਕਵਿਤਾ ਹੋ ਜਾਂਦੀ ਹੈ ਉੱਪਰ ਦਿੱਤੇ ਵਿਚਾਰ ਦਾ ਵਿਸਥਾਰ ਬਹੁਤ ਵੱਡਾ ਹੋ ਸਕਦਾ ਹੈ, ਪਰ ਇਥੇ ਮੈਂ

ਇਤਹਾਸ ਦੇ ਵਿਸ਼ੇ ਪਰ ਏਨਾਂ ਕਹਣਾ ਚਾਹੁੰਦਾ ਹਾਂ ਕਿ ਸਾਡੇ ਦੇਸ ਵਿਚ ਇਸ ਇਲਾਹੀ ਨਦਰ ਦਾ ਅਸਰ ਸਾਹਿਤਜ ਪਰ ਭੀ ਬਹੁਤ ਸਾਰਾ ਪਿਆ, ਅਸਲ ਵਿਚ ਉਹੋ ਕਲਾਵਾਨ ਲੋਕ ਸਾਡਾ ਸਾਹਿਤਜ ਬਣਾਣ ਵਾਲੇ ਸਨ ਤੇ ਉਸੀ ਉੱਚੀ ਤਰਜ਼ ਵਿਚ ਇਨ੍ਹਾਂ ਨੇ ਆਪਣੇ ਕੌਮ ਦੀ ਜੀਨਅਸ ਮੁਤਾਬਕ ਇਤਹਾਸ ਵੀ ਲਿਖਿਆ ਹੈ। ਓਹ ਪ੍ਰਸੰਸਾ ਜੋ ਅਜ ਸਭ ਸਾਡੇ ਪੂਰਬੀ ਆਰਟ ਉਨਰ) ਦੇ ਅਦਭੁਤ ਓਲੇਲੀ ਤੇ ਵਚਿੱਤ੍ਰ ਅੰਗੀ ਤੇ ਤਕ੍ਰੀਬਨ ਮਿਥਜਾ ਅੰਗੀ ਕਲਪਿਤ ਤਸਵੀਰਾਂ ਤੇ ਘਾੜਾਂ ਨੂੰ ਮਿਲ ਰਹੀ ਹੈ। ਉਹੋ ਪ੍ਰਸੰਸਾ ਪਾਰਖੀ ਲੋਕ ਇਕ ਦਿਨ ਸਾਡੇ ਇਤਹਾਸ ਦੇ ਲਿਖਣ ਦੇ ਤ੍ਰੀਕੇ ਨੂੰ ਦੇਣਗੇ, ਸਾਡਾ ਇਤਹਾਸ, ਸਾਡੀ ਕੌਮ ਤੇ ਦੇਸ਼ ਦੇ ਰੂਹ ਤੇ ਜੀਨਅਸ ਤੇ ਓਹਨਾਂ ਦੀ ਕਮਾਈ ਦਾ ਵਰਨਨ ਹੈ ਤੇ ਏਹਨਾਂ ਕਲਾਵਨਾਂ ਦੇ ਲਿਖੇ ਇਤਹਾਸ ਵਿਚ ਸਾਨੂੰ ਧਿਆਨ ਦੁਆਰਾ ਗੁਜ਼ਾਰੇ ਜ਼ਮਾਨੇ ਨਾਲ ਸਾਡੇ ਰੂਹ ਵਿਚ ਸਾਡਾ ਮੇਲ ਮਿਲਾਪ ਹੋਂਦਾ ਹੈ। ਇਕ ਅਟੁਟਵਾਂ ਰਿਸ਼ਤਾ ਸਭ ਥੀਂ ਪੁਰਾਣੇ ਤੇ ਅਜ ਦੇ ਜੰਮੇ ਬੱਚੇ ਵਿਚ ਆਪ ਮੁਹਾਰਾ ਓਹਨਾਂ ਦੇ ਧਿਆਨ ਦੁਆਰਾ ਗਡਿਆ ਜਾਂਦਾ ਹੈ। ਮੌਤ ਤੇ ਤਬਦੀਲੀ ਤੇ ਵਟਾਓ ਦੀਆਂ ਲਹਰਾਂ ਦੇ ਉੱਤੇ ਸਾਡਾ ਅਮਰ ਰੂਹ ਅਨੇਕ ਨਿਪੁੰਨ ਮਹਾਂ ਪਰਖਾਂ ਦੀਆਂ ਰੂਹਾਂ ਨਾਲ ਮਿਲਦਾ ਹੈ, ਜਦ ਮੋਯਾ ਕੁਝ ਵੀ ਨਹੀਂ ਤੇ ਜੀਤਿਆ ਹੈ ਹੀ ਨਹੀਂ ਤੇ ਸਦਾ ਲਈ "ਸਚ" "ਹੈ" ਰੂਪ ਹੈ, ਤਦ ਮੁਰਦਿਆਂ ਦੀਆਂ ਤਸਵੀਰਾਂ ਬਣਾ ਆਪਣੇ ਦਿਮਾਗ ਦੇ ਕਮਰਿਆਂ ਵਿਚ ਕਿਉਂ ਲਟਕਾਈਆਂ ਜਾਵਨ, ਸਾਨੂੰ ਜਨਮ ਮਰਨ ਦੀਆਂ ਤਾਰੀਆਂ ਤੇ ਸਾਧਾਰਨ ਦ੍ਰਿਸ਼ਟਮਾਨ ਦੇ ਕਰਮ ਖੇਤ ਦੇ ਸਿਆਪਿਆਂ ਨਾਲ ਕੀ ਸੰਬੰਧ? ਧਰੂ ਜੀ ਨੂੰ ਸੁਤੇਲੀ ਮਾਂ ਨੇ ਝਿੜਕਿਆ ਤੇ ਰੋਂਦੇ ਰੋਂਦੇ ਮਾਂ ਕੋਲ ਆਏ, ਓਸ ਵਿਚਾਰੀ ਨੇ ਅੰਦ੍ਰਲੇ ਰੂਹ ਦੇ ਦਰਦ ਤੇ ਪ੍ਰਕਾਸ਼ ਨਾਲ ਆਪਣੇ ਬਾਲਕ ਨੂੰ ਨਾਮ ਦਾ ਉਪਦੇਸ਼ ਦਿੱਤਾ, ਮੁੜ ਧਰੂ ਦੀ ਸਾਰੀ ਉਮਰ ਮਾਂ ਦੇ ਦੱਸੇ ਆਦਰਸ਼ ਦੇ ਦੀਦਾਰ ਲਈ ਲੱਗੀ ਰਹੀ ਆਖਰ ਜਦ ਵਾਹਗੁਰੂ ਪ੍ਰੀਤਮ ਜੀ ਆਏ, ਗਲਾ ਰੁਕ ਗਿਆ ਤੇ ਵਾਹਿਗੁਰੂ ਕੋਲੋਂ ਬਲ ਲੈ ਕੇ ਧਰੂਅ ਨੇ ਰੱਬ ਜੀ ਦੀ ਉਸਤਤ ਕੀਤੀ। ਹੁਣ ਸਾਡੇ ਕਲਾਵਾਨ ਇਤਹਾਸਕਾਰਾਂ ਨੇ ਆਪਣੇ ਤ੍ਰੀਕੇ ਦੇ ਇਤਹਾਸ ਵਿਚ ਇਸ ਜੀਵਨ ਨੂੰ ਧਰਤੀ ਥੀਂ ਚੁਕ ਸਾਡੀਆਂ ਅੱਖਾਂ ਦੇ ਸਾਹਮਣੇ ਸਦਾ ਲਈ ਅਟੱਲ ਤਾਰਾ ਬਣਾ ਦਿਖਾਇਆ, ਅਟੱਲਤਾ ਤੇ ਉੱਚਤਾ ਦੀ ਮੂਰਤ ਖਿਚ ਕੇ ਦੁਹਾਂ ਗੁਣਾਂ ਦਾ ਚੇਤਾ ਸਾਨੂੰ ਦੇ ਦਿੱਤਾ ਕਿ ਧਰੂ ਦੇ ਨਾਮ ਤੇ ਉੱਤੇ ਸਤਾਰੇ ਦਾ ਨਾਮ ਧਰੂਅ ਰੱਖ ਦਿੱਤਾ।

ਇਹ ਇਤਹਾਸ ਵਿਚ ਰੂਹਾਨੀ ਆਰਟ ਦਾ ਕਮਾਲ ਦਾ ਚਿੱਤ੍ਰ ਹੈ। ਉਂਞ ਜੇ ਸੁਤੇਲੀ ਮਾਂ ਆਪ ਨੇ ਦੇਖਣੀ ਹੋਵੇ, ਤਾਂ ਓਹ ਹੁਣ ਵੀ ਘਰ ਘਰ ਮਿਲ ਸਕਦੀ ਹੈ, ਸੱਚੀ ਦਰਦੀ ਮਾਂ ਮਿਲ ਸਕਦੀ ਹੈ, ਉਪਦੇਸ਼ ਵੀ ਹੈ, ਪਿਓ ਦੀ ਕਠੋਰਤਾ ਵੀ ਮਿਲ ਸਕਦੀ ਹੈ, ਬਾਦਸ਼ਾਹੀਆਂ ਵੀ ਮੌਜੂਦ ਹਨ, ਇਹ ਤਾਂ ਸਭ ਕੁਛ ਰੱਬ ਨੇ ਹਾਲੀ ਆਪਣੇ ਬਲੈਕ ਬੋਰਡ (ਮਸ਼ਕ ਦੇ ਤਖਤੇ) ਥੀਂ ਮੇਟਿਆ ਹੀ ਨਹੀਂ, ਉਸ ਦਾ ਖਿੱਚਿਆ ਚਿੱਤ੍ਰ ਚਲ ਰਿਹਾ ਹੈ, ਹਾਂ ਇਸ ਸਾਰੀ ਇਤਿਹਾਸਿਕ ਨਜ਼ਾਰੇ ਵਿਚ ਜੇ ਕੋਈ "ਅਮੁਲ" ਵਸਤੂ ਸੀ ਓਹ ਧਰੂਅ ਦਾ ਰੂਹ ਸੀ, ਐਸਾ ਬੱਚਾ ਦੁਰਲੱਭ ਹੈ, ਜੋ ਉਸਦੀ ਰੂਹ ਵਿਚ ਅਜੈਬ ਸੁੰਦ੍ਰਤਾ ਪ੍ਰਕਾਸ਼ੀ ਓਹ ਸਾਡੇ ਵੱਡਿਆਂ ਨੇ ਚਿੱਤਰ ਦਿੱਤੀ ਕਲਾਵਾਨ ਇਤਹਾਸਕਾਰ ਨੇ ਧਰੂਅ ਦੀ ਛਬਾਂ ਉੱਤੇ ਆਪਣਾ ਸਾਰਾ ਰੰਗ ਤੇ ਸਿਆਹੀ ਤੇ ਆਪਣੇ ਅੰਦਰ ਦੇ ਧਿਆਨ ਦੀ ਰੌਸ਼ਨੀ ਸੁੱਟੀ ਹੈ ਕਿ ਮੂਰਤ ਅਮਰ ਹੋ ਰਹੀ ਹੈ, ਉਹ ਇਤਹਾਸ ਕੀ ਜਿਹੜਾ ਸਾਡੇ ਅੰਦਰ ਨਾ ਮੁੜ ਹੋ ਗਿਆ ਹੋਵੇ। ਨਜ਼ਾਮੀ ਸ਼ਾਹ ਨਾਮਾ ਲਿਖ ਰਿਹਾ ਸੀ ਤੇ ਕਿਸੇ ਆਣਕੇ ਸ੍ਵਾਲ ਕੀਤਾ ਕਿ ਭਾਈ! ਜੰਗ ਹੋਣ ਵੇਲੇ ਤਾਂ ਤੂੰ ਨਹੀਂ ਸੀ ਤੇ ਤੂੰ ਹੁਣ ਸ਼ਾਹ ਨਾਮਾ ਲਿਖ ਰਿਹਾ ਹੈਂ। ਆਪ ਨੇ ਆਪਣਾ ਮੁਸੱਲਾ ਚੁੱਕਿਆ ਤੇ ਨੁਕਤਾਚੀਨ ਕੀ ਦੇਖਦਾ ਹੈ ਕਿ ਮਸੱਲੇ ਦੇ ਹੇਠ ਉਹ ਜੰਗ ਜਿਹੜਾ ਕਵੀ ਬਿਆਨ ਕਰ ਰਿਹਾ ਸੀ ਚਲ ਰਿਹਾ ਹੈ। ਦੇਖਿਆ ਜੇ! ਈਰਾਨ ਵਿਚ ਵੀ ਇਕ ਕੋਮਲ ਉਨਰ ਵਾਲਾ ਕਵੀ ਅਨਡਿੱਠੀ ਗੱਲ ਨੂੰ ਆਪਣੇ ਧਿਆਨ ਦੀ ਦ੍ਰਿਸ਼ਟੀ ਦਵਾਰਾ ਦੇਖਕੇ ਸਾਨੂੰ ਦਿਖਾਂਦਾ ਹੈ।

ਬਾਲਮੀਕ ਨੇ ਰਾਮਾਇਣ ਓਸ ਹੀ ਕਲਾ ਨਾਲ ਲਿਖੀ ਤੇ ਰਾਮਾਇਣ ਦਾ ਸਾਰਾ ਮੇਲਾ ਗੇਲਾ ਉਸੀ ਤਰ੍ਹਾਂ ਆਪਣੇ ਧਿਆਨ ਦੇ ਕਮਾਲ ਨਾਲ ਲਾ ਦਿੱਤਾ ਜਸ ਤਰ੍ਹਾਂ ਓਹਨਾਂ ਦੇ ਆਪਣੇ ਰੂਹ ਵਿਚ ਸੀ, ਜਦ ਤਕ ਇਕ ਹਿੰਦੂ ਵੀ ਜੀਉਂਦਾ ਹੈ, ਰਾਮਾਇਣ ਓਸ ਵਿਚ ਹੋ ਰਹੀਂ ਜਾਣੋਂ। ਬਿਆਸ ਜੀ ਨੇ ਮਹਾਂ ਭਾਰਤ ਲਿਖਿਆ, ਸਾਰਾ ਮਹਾਂ ਭਾਰਤ ਮਨੁਖਾਂ ਅੰਦਰ ਰਚ ਦਿੱਤਾ, ਨਾ ਕੋਈ ਮੋਇਆ, ਨਾ ਕੋਈ ਹੋਰ ਹੋਇਆ। ਇਸੀ ਤਰਾਂ ਭਾਗਵਤ ਵਿਚ ਕ੍ਰਿਸ਼ਨ ਜੀ ਮਨੁਖਾਂ ਦੀ ਸੁਰਤਿ ਵਿਚ ਸਦਾ ਬਿੰਦ੍ਰਾਬਨ ਦੀ ਲੀਲਾ ਰਚਾ ਰਹੇ ਹਨ। ਏਸ਼ਜਾਈ ਕਲਾਵਾਨਾਂ ਨੇ ਇਸ ਤਰ੍ਹਾਂ ਸਾਰਾ ਇਤਹਾਸ ਇਉਂ ਜੀਉਂਦੀ ਜਾਗਦੀ "ਹੁਣ" ਦੀ ਅਮਰ ਬੇਲਾ ਕਰ ਦਿਤੀ, ਰੂਹ ਦਾ ਰੰਗ ਬਣਾ ਦਿੱਤੀ, ਤਦ ਜੇ ਮਹਾਂ ਭਾਰਤ ਦੇ ਰਣ ਵਿਚ ਪਈਆਂ ਲੋਥਾਂ ਦੇ ਨੱਕ, ਕੰਨ ਨਾ ਗਿਣੇਂ ਤਾਂ ਨਾ ਸਹੀ ਤੇ ਹਰ ਇਕ ਉੱਤੇ ਚਿਟ ਤੇ ਨੰਬਰ ਲਾ ਕੇ ਮੜੋਲੀਆਂ ਦੇ ਅਜਾਇਬ ਘਰ ਨਾ ਰਚੇ ਤਾਂ ਨਾ ਸਹੀ। ਸਾਡਾ ਮਤਲਬ ਇਹ ਹੈ ਕਿ ਇਹ ਲੋਕ ਮੂਰਖ ਨਹੀਂ ਸਨ,

ਕੋਈ ਹੋਰ ਨੁਕਤਾ ਉੱਚੇ ਉਨਰ ਦਾ ਰੱਖਦੇ ਸਨ। ਭਗਤ ਧਰੂਅ ਜੀ ਨੂੰ ਕਬਰਾਂ ਤੇ ਸ਼ਮਸ਼ਾਨਾਂ ਵਿਚ ਢੂੰਡਣਾ ਸਾਡਾ ਪਾਗਲਪਨ ਹੈ, ਹਾਂ ਸਾਰੀ ਰਾਤ ਜਾਗ ਕੇ ਨਿਖਤ੍ਰਾਂ ਵਿਚ ਆਪ ਜੀ ਦੇ ਦੀਦਾਰ ਖਾਤ੍ਰ ਬੈਠਣਾ ਤੇ ਪ੍ਰਭਾਤ ਵੇਲੇ ਇਕ ਅਟੱਲ ਤਾਰੇ ਨੂੰ ਜੋ ਸਾਰੇ ਤਾਰਾ ਮੰਡਲ ਵਿਚ ਇਕ ਅਕੱਲਾ ਐਸਾ ਹੈ ਜੋ ਆਪਣੇ ਥਾਂ ਤੋਂ ਟਲਦਾ ਨਹੀਂ। ਆਪਣੇ ਦਿਲ ਦੇ ਕੰਵਲ ਸਿੰਘਾਸਨ ਉੱਪਰ ਪੈਂਦੀ ਮੱਧਮ ਮੱਧਮ ਨੂਰੀ ਫੁਹਾਰ ਵਿਚ ਲਟਕ ਦੇਖਣਾ ਤੇ ਅਮਰ ਅਟੱਲਤਾ ਦੇ ਅਨੰਤ ਖਿਆਲ ਵਲ ਚਲੇ ਜਾਣਾ ਬਸ ਇਹ ਤੇ ਕੇਵਲ ਇਹ ਸਾਡਾ ਇਤਹਾਸਕ ਅਨੁਭਵ ਹੈ ਤੇ ਪਰਮਾਰਥਿਕ ਸੱਚ ਦੇ ਨੁਕਤੇ ਥੀਂ ਤੱਕੋ ਤਾਂ ਕੀ ਹੈ? ਇਤਹਾਸ ਦੇ ਘੋਖਣ ਦਾ ਸਿੱਟਾ ਸਾਨੂੰ ਉੱਚਾ ਕਰਨਾ ਹੈ ਅਰ ਇਤਹਾਸ ਸਾਨੂੰ ਉਸੀ ਵੇਲੇ ਉੱਚਾ ਕਰਦਾ ਹੈ। ਜਦ ਓਹ ਸਾਧਾਰਣ "ਤਵਾਰੀਖੀ ਵਾਕਿਆਤ" ਥੀਂ ਉੱਚੀ ਹੋ ਕਿਸੀ "ਤਵਾਰੀਖੀ ਕਹਾਣੀ" ਨੂੰ ਸਾਡੇ ਧਿਆਨ ਵਿਚ ਦੇ ਕੇ ਸਾਡੇ ਰੂਹ ਦਾ ਆਪਣਾ ਤਜਰਬਾ ਕਰ ਦਿੰਦੀ ਹੈ। ਇਸ ਆਦਰਸ਼ ਨੇਮ ਅਨੁਸਾਰ ਸਾਡਾ ਪਿਛਲਾ ਇਤਹਾਸ ਸੱਚ ਹੈ ਤੇ ਜਿਹੜੀਆਂ ਕੂੜ ਕਹਾਣੀਆਂ ਦਿੱਸਦੀਆਂ ਹਨ ਓਹਨਾਂ ਕੂੜ ਕਹਾਣੀਆਂ ਨਾਲ ਸਾਡਾ ਰੂਹ ਖਿੜਦਾ ਹੈ ਤੇ ਹੋਰ ਅਜ ਕੱਲ ਦਾ "ਇਤਹਾਸਿਕ ਸੱਚ" ਪੜ੍ਹਕੇ ਸਾਡਾ ਰੂਹ ਦਬਦਾ ਹੈ, ਮੁਰਦਾ ਹੋਂਦਾ ਹੈ। ਅਜ ਕੱਲ ਦੇ ਪੱਛਮੀ "ਰੌਸ਼ਨੀ" ਦੇ ਹਨੇਰੇ ਵਿਚ ਡੁਬੇ ਪੜ੍ਹੇ ਪੰਡਤ ਇਨ੍ਹਾਂ ਨੂੰ "ਗੱਪਾਂ" "ਜ਼ਟਲਾਂ" ਤੇ "ਕਹਾਣੀਆਂ" ਨੂੰ ਕਦੀ "ਇਤਹਾਸ ਦਾ ਸੱਚ" ਨਹੀਂ ਪ੍ਰਤੀਤ ਕਰ ਸਕਦੇ, ਵਾਲਾਂ ਦੀ ਖਾਲ ਲਾਹ ਲਾਹ ਸੱਚ ਨੂੰ ਫੋਲਦੇ ਹਨ ਤੇ ਪਤਾ ਇੰਨਾ ਨਹੀਂ ਕਿ ਜਿਸ ਸਮੇਂ ਅਰ ਕੌਮ ਅਰ ਬਾਦਸ਼ਾਹੀ ਦਾ ਉਹ ਇਤਹਾਸ ਲਿਖਨ ਦੀ ਕਰਦੇ ਹਨ, ਓਹ ਸਾਰੀ ਦੀ ਸਾਰੀ ਇਕ ਕਹਾਣੀ, ਇਕ ਅਫਸਾਨਾ, ਇਕ ਕੂੜ ਓਹਨਾਂ ਦੇ ਕਲਮ ਫੜਨ ਥੀਂ ਪਹਲਾਂ ਹੀ ਹੋ ਚੁਕੀ ਹੈ। ਐਮਰਸਨ ਲਿਖਦਾ ਹੈ:-

"Time dissipatess to Shining Ether the solid angularities of facts. No anchor, no cable, no fences avail to keep a fact a fact, Babylou, Troy, Tyre, Palestine and evan ancient Rome are passing already into fiction. The garden of Eden, the sun standing still in Gibeon is Poetry thence forward to all nations. Who cares what the fact was, when we have made a constellation of it to hang in Heaven an Immortal Sign."

ਉਲਥਾ : "ਇਹ ਤੁਸਾਡੇ ਇਤਹਾਸਿਕ ਵਾਕਿਆਤ ਤੇ ਇਨ੍ਹਾਂ ਦੇ ਨਿੱਗਰ ਹੱਥ ਪੈਰ ਸਭ ਦੇ ਸਭ ਕਾਲ ਹੋਰੀ ਭੰਨ ਤੋੜਕੇ ਚਮਕਦੇ ਆਕਾਸ਼ ਵਿਚ ਨੇਸਤ ਕਰ ਦਿੰਦੇ ਹਨ, ਕੋਈ ਲੰਘਰ, ਕੋਈ ਰਸਾ, ਕੋਈ ਜੰਜੀਰ ਕੋਈਬਾੜ ਤੁਸਾਡੇ ਇਤਿਹਾਸਿਕ ਵਾਕਜਾਤ ਨੂੰ "ਸੱਚੀ ਗੱਲਾਂ" ਨੂੰ "ਸੱਚੀ ਗੱਲ" ਰੂਪ ਵਿਚ ਬੰਨ੍ਹਕੇ ਨਹੀਂ ਰਖ ਸਕਦੇ, ਓਹ ਗਏ ਤੇ ਓਹ ਗਏ। ਬਿਬੋਲੋਨਿਆਂ ਤੇ ਟਰਾਏ ਤੇ ਪੈਲਿਸਟੀਨ ਤੇ ਟਾਇਰ ਤੇ ਪੁਰਾਣਾ ਰੋਮ ਆਦਿਕ ਭੀ ਬੱਸ ਇਕ ਕਿੱਸਾ ਕਹਾਣੀ, ਇਕ ਅਫਸਾਨਾ, ਇਕ ਸੁਪਨਾ ਰੂਪ ਹੋ ਚੁਕੇ ਹਨ, ਅਦਨ ਦਾ ਬਾਗ ਤੇ ਗਿਥੀਅਨ ਉੱਪਰ ਸੂਰਜ ਦਾ ਖੜਾ ਹੋਣਾ ਸਦਾ ਲਈ ਹੁਣ ਸਭ ਕੌਮਾਂ ਲਈ ਇਕ ਕਵਿਤਾ ਹੈ। ਓਏ! ਇਸਦੀ ਕੌਣ ਪ੍ਰਵਾਹ ਕਰਦਾ ਹੈ, ਤੇਰਾ ਇਤਹਾਸਕ ਸੱਚ ਗੱਲ ਕੀ ਹੈ, ਜਦ ਅਸਾਂ ਉਨ੍ਹਾਂ ਗੱਲਾਂ ਦੇ ਤਾਰੇ ਬਣਾਕੇ ਆਕਾਸ਼ ਵਿਚ ਲਟਕਾ ਦਿੱਤੇ ਹਨ ਤੇ ਸਭ ਭੂਤਕਾਲ ਦਾ ਉਨ੍ਹਾਂ ਸਾਰਿਆਂ ਨੂੰ ਇਕ ਅਮਰ ਚਿੰਨ੍ਹ ਬਣਾ ਦਿੱਤਾ ਹੈ।"

ਠੀਕ! ਸਾਹਿਤਜ ਚਾਹੇ ਕਿੰਨਾ ਹੀ ਸੱਚਾ ਸੱਚਾ ਤਾਰੀਖ ਵਾਰ ਕੋਈ ਲਿਖੇ, ਆਖਰ ਸਾਡੇ ਧਿਆਨ ਵਿਚ ਪਹਲੇ ਇਕ ਕਹਾਣੀ ਰੂਪ ਹੋ ਕੇ ਲੰਘਦਾ ਹੈ। ਫਿਰ ਓਸ ਵਿਚੋਂ ਕਾਲ ਸਿਮ੍ਰਤੀ ਚੋਣਵੀਆਂ ਗੱਲਾਂ ਕੱਢਕੇ ਓਹਨਾਂ ਨੂੰ ਕਵਿਤਾ ਰੂਪ ਬਣਾ ਦਿੰਦੀ ਹੈ ਤੇ ਇਤਹਾਸ ਦਾ ਸਾਡੇ ਹਿਤ ਲਈ ਆਖੀਰਲਾ ਸਰੂਪ ਸੋਹਣੀ ਚੁਭਵੀਂ ਕਵਿਤਾ ਹੈ। ਮਹਾਂਭਾਰਥ ਵਿਚੋਂ ਨਲ ਦਮਜੰਤੀ ਦਾ ਹਾਲ ਸਾਰੀ ਦੁਨੀਆਂ ਵਿਚ ਫੈਲ ਗਿਆ ਹੈ, ਬੰਦਿਆਂ ਦਾ ਸੁਭਾਓ ਓਹੋ ਜਿਹਾ ਜੂ ਹੋਇਆ, ਹੁਣ ਦੂਰ ਚਿਰਕਾਲ ਪਹਲਾਂ ਦਾ ਧੁੰਧਲਾ ੨ ਜ਼ਮਾਨਾ ਆਪਣੀ ਦੂਰੀ ਕਰਕੇ ਹੀ ਸਾਡੇ ਲਈ ਇਤਹਾਸ ਰਹਤ ਹੋ ਚੁਕਾ ਹੈ, ਬੱਸ ਓਹਨਾਂ ਧੁੰਧਾਂ ਵਿਚੋਂ ਕੋਈ ਕੋਈ ਤਾਰਾ ਲਟਕਦਾ, ਕਦੀ ਕਿਸੀ ਵੇਦ ਮੰਤਰ ਵਿਚ ਤੇ ਕਦੀ ਕਿਸੀ ਉਪਨਿਖਦ ਦੀ ਕਹਾਣੀ ਵਿਚ ਦਿੱਸਦੇ ਹਨ ਓਹ ਤਾਰੇ ਹਨ, ਬੇਨਾਮ ਹਨ, ਓਹਨਾਂ ਨੂੰ ਤੁਸੀਂ ਕੋਈ ਨਾਮ ਕਹ ਲਵੋ। ਸਾਫ਼ ਸਿੱਧ ਹੈ ਕਿ ਕਾਲ ਖੁਦ ਇਤਹਾਸ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਫਲਾਣਾ ਹੈ ਬਾਦਸ਼ਾਹ ਕਦ ਜੰਮਿਆਂ ਸੀ ਤੇ ਕਦ ਮੋਯਾ ਸੀ ਤੇ ਓਸ ਕੀ ਕੀਤਾ ਸੀ ਤੇ ਓਸਦੇ ਕੀ ਨਤੀਜੇ ਹੋਏ ਸਨ, ਇਹ ਮਖੌਲ ਹੁਣ ਵੀ ਹਰ ਰੋਜ਼ ਹੋ ਰਹੇ ਹਨ, ਇਨ੍ਹਾਂ ਨੂੰ ਇਤਹਾਸ ਦੇ ਵਰਕਿਆਂ ਦੇ ਜੰਜੀਰਾਂ ਨਾਲ ਬੰਨ੍ਹਣਾ ਕਦ ਤਕ ਹੋ ਸਕਦਾ ਹੈ। ਮੇਰਾ ਕਹਣਾ ਇਹ ਨਹੀਂ ਕਿ ਇਹ ਪੱਛਮੀ ਇਤਹਾਸ ਵਿਦਜਾ ਕਿਸੇ ਕੰਮ ਨਹੀਂ, ਦ੍ਰਿਸ਼ਟਮਾਨ ਦੀ ਅਨੇਕ ਅੰਗੀ ਵਿਦਜਾ ਦਾ ਇਕ ਅੰਗ ਹੈ।

ਮੇਰਾ ਮਤਲਬ ਇਹ ਹੈ ਕਿ ਤੁਸੀ ਜੁ ਆਪਣੇ ਗ੍ਰੰਥਾਂ ਪੁਸਤਕਾਂ ਨੂੰ ਮਖੌਲ ਕਰਦੇ ਹੋ ਤੇ ਸਾਹਿਤਜ ਕਾਰਾਂ ਨੂੰ ਬੁਰਾ ਆਖਦੇ ਹੋ, ਓਹਨਾਂ ਦੇ ਨੁਕਤੇ ਨੂੰ ਸਮਝੋ ਤੇ ਉਸ ਵਿਚ ਓਹਨਾਂ ਦਾ ਕਲਾ ਕੌਸਲ ਹੈ, ਓਹ ਤਸਵੀਰ ਹੋਰ ਨੁਕਤੇ ਤੋਂ ਬਣਾਂਦੇ ਹਨ, ਪਛਮੀ ਹੋਰ ਤੋਂ। ਓਹ ਮੂਰਖ ਨਹੀਂ ਸਨ ਫਿਰ ਤੁਸੀਂ ਮੁਕਾਬਲਾ ਕਰੋ ਕਿ ਇਸਥੀਂ ਪੂਰਾ ਪੂਰਾ ਆਤਮਿਕ ਫਲ ਪੱਛਮੀ ਇਤਹਾਸ ਲਿਖਣ ਦਾ ਤ੍ਰੀਕਾ ਲਾਹੁੰਦਾ ਹੈ ਯਾ ਸਾਡੇ ਪੂਰਬੀ ਇਤਹਾਸ ਕਾਰ ਲਾਹੁੰਦੇ ਹਨ, ਇਸਦਾ ਉੱਤਰ ਹਰ ਕੋਈ ਆਪਣੀ ਆਤਮਿਕ ਚੋਣ ਤੇ ਆਤਮਿਕ ਲਗਾਓ ਅਨੁਸਾਰ ਦੇਵੇਗਾ। ਪੱਛਮੀ ਪਾਰਖੀ ਵੀ ਹੁਣ ਦੇਖਣ ਲੱਗ ਗਏ ਹਨ ਕਿ ਇਤਹਾਸ ਹੱਡੀਆਂ ਤੇ ਮੁਰਦੇ ਗਿਣਨ ਤੇ ਓਹਨਾਂ ਦਾ ਅਜਾਇਬ ਘਰ ਬਣਾਣ ਦਾ ਨਾਮ ਨਹੀਂ। ਜੇ ਇਸ ਵਿਚੋਂ ਜਾਤੀ ਤੇ ਮਨੁਖ ਦੇ ਰੂਹ ਦੇ ਲਾਭ ਲਈ ਕੋਈ ਸਿੱਟਾ ਅਸੀਂ ਨਾ ਕੱਢੀਏ, ਤਦ ਇਤਹਾਸ ਲਿਖਣਾ ਫਜ਼ੂਲ ਹੈ, ਸੋ ਹੁਣ ਇਸ ਕਿਸਮ ਦੇ ਵਿਸ਼ਿਆਂ ਪਰ ਪੁਸਤਕ ਲਿਖੀਆਂ ਜਾ ਰਹੀਆਂ ਹਨ। ਕਾਰ ਲਾਈਲ ਦੀ ਫਰੰਚ ਰਿਵੋਲੂਸ਼ਨ ਵਿਚ "ਕੂੜ ਨਿਖੁਟੇ ਨਾਨਕਾ ਓੜਕ ਸਚ ਰਹੀ" ਦੇ ਆਤਮਿਕ ਨੇਮ ਦਾ ਸ਼ਬਦ ਸਿਖਾਇਆ ਗਿਆ ਹੈ, ਕਈ ਇਤਹਾਸ ਦੀ ਫਿਲਾਸਫੀ ਲਿਖ ਰਹੇ ਹਨ, ਪਰ ਇਤਹਾਸ ਦੀਆਂ ਓਹ ਕਹਾਣੀਆਂ ਜੋ ਬੱਚੇ ਆਪਣੇ ਮਾਂ ਬਾਪ ਦੇ ਮੁਖ ਨਾਲ ਸੁਣਦੇ ਹਨ ਓਹ ਕਹਾਣੀਆਂ ਸਭ ਥੀਂ ਅੱਛਾ ਫਲ ਦੇਂਦੀਆਂ ਹਨ। ਅੰਗ੍ਰੇਜ਼ ਬੱਚਾ ਜਮਾਂਦਰੂ ਪਿਆਰ ਆਪਣੇ ਵੱਡੇ ਪੁਰਖਾਂ ਨਾਲ ਰੱਖਦਾ ਹੈ, ਆਪਣਾ ਇਤਹਾਸ ਓਹ ਘਰਾਂ ਵਿਚ ਕਹਾਣੀ ਰੂਪ ਵਿਚ ਸੁਣਦੇ ਹਨ, ਜਿਸ ਤਰ੍ਹਾਂ ਬੱਚਿਆਂ ਲਈ ਇਤਹਾਸ ਕਹਾਣੀ ਰੂਪ ਵਿਚ ਸਭ ਥੀਂ ਜ਼ਿਆਦਾ ਫਲਦਾਇਕ ਰੂਪ ਵਿਚ ਹੈ, ਇਸੀ ਤਰ੍ਹਾਂ ਕੌਮਾਂ ਲਈ ਇਤਿਹਾਸ ਕਵਿਤਾ ਰੂਪ ਵਿਚ ਹੈ, ਹਾਂ ਜੀ ਢਾਡੀ ਲੋਕਾਂ ਜੋ ਇਤਹਾਸ ਗਾ ਸੁਣਾਂਦੇ ਹਨ, ਓਹ ਬੀਰਾਂ ਨੂੰ ਪੈਦਾ ਕਰਨ ਵਾਲਾ ਇਤਿਹਾਸ ਹੈ, ਇਤਿਹਾਸ ਓਹਨਾਂ ਦੇ ਧਿਆਨ ਦਵਾਰਾ ਸਾਡੇ ਸਾਹਮਣੇ ਸਾਡੇ ਰੂਹ ਦਾ ਤਜਰਬਾ ਬਣਦਾ ਹੈ।

ਜਿਵੇਂ ਕਾਲ ਇਤਹਾਸ ਨੂੰ ਕਵਿਤਾ ਬਣਾ ਦਿੰਦਾ ਹੈ, ਤਿਵੇਂ "ਕਲਾਧਾਰੀ ਪੂਜਾ" Hero worship ਦਵਾਰਾ ਇਤਹਾਸ ਨਾਲੋਂ ਨਾਲ ਉੱਚੀ ਕਵਿਤਾ ਦਾ ਰੂਪ ਫੜਦਾ ਜਾਂਦਾ ਹੈ, ਇਸ ਨੂੰ ਕੋਈ ਰੋਕ ਨਹੀਂ ਸਕਦਾ। ਕਿਉਂ? ਆਮ ਲੋਕਾਂ ਦੇ ਅੰਦਰੂਨੀ ਜੀਵ ਦਾ ਸਾਨੂੰ ਓਹਨਾਂ ਦੇ ਜੀਵੰਦੇ ਜੀ ਪਤਾ ਨਹੀਂ ਲੱਗ ਸਕਦਾ ਤੇ ਜਦ ਇਕ ਇਤਹਾਸਕਾਰ ਅਧਜਾਤਮਿਕ (psychogical) ਘੋਖ ਗੁਜ਼ਰੇ ਜ਼ਮਾਨੇ ਦੇ ਲੋਕਾਂ ਦੀ ਆਰੰਭ ਕਰਦਾ ਹੈ, ਤਦ ਓਹ ਇਸਥੀਂ ਹੋਰ ਕੋਈ ਵਡਾ ਧੋਖਾ ਨਾ ਆਪ ਨੂੰ ਤੇ ਨਾਂ ਲੋਕਾਂ ਨੂੰ ਦੇ ਸਕਦਾ ਹੈ, ਓਸਦੀ ਸਾਰੀ ਘੋਖ ਕੂੜ ਹੋਣੀ ਲਾਜ਼ਮੀ ਹੈ, ਕਿਉਂਕਿ ਓਹ ਆਪਣੇ ਧਿਆਨ ਦੁਆਰਾ ਇਹ ਖੋਜ ਨਹੀਂ ਕਰਦਾ, ਓਹ ਤਾਂ ਕੇਵਲ ਅਕਲ ਦਵਾਰਾ ਨਤੀਜੇ ਅਨੁਮਾਨ ਕਰ ਕਰਕੇ ਕੱਢਦਾ ਹੈ। ਐਸੇ ਇਤਹਾਸਕਾਰ ਦੇ ਵਿਚਾਰ ਯਾ ਰਾਵਾਂ ਅਸੀਂ ਕਦੀ ਸੱਚ ਮੰਨਣ ਨੂੰ ਤਿਆਰ ਨਹੀਂ ਹੋ ਸਕਦੇ ਕਿਉਂਕਿ ਸਾਡਾ ਤਜਰਬਾ ਹੈ ਕਿ ਅਸੀਂ ਆਪਣੇ ਸਮਕਾਲੀਆਂ ਬਾਬਤ ਆਪਣੇ ਪਿਆਰਿਆਂ ਬਾਬਤ ਓਹਨਾਂ ਦੇ ਅੰਦਰ ਦੇ ਆਚਰਨ ਆਦਿਕ ਬਾਬਤ ਕਈ ਗਲਤ ਫਹਮੀਆਂ ਦੇ ਸ਼ਿਕਾਰ ਬਣਦੇ ਹਾਂ, ਤਦ ਪਿਛਲੇ ਗੁਜ਼ਰੇ ਜ਼ਮਾਨੇ ਲਈ ਸਾਡਾ ਇੰਨੀ ਦਲੇਰੀ ਕਰਨੀ ਇਕ ਕੂੜ ਦੇ ਅੰਬਾਰਾਂ ਦੇ ਅਡੰਬਰ ਰਚਨਾ ਹੈ, ਅਸਾਂ ਬਾਹਰਲੇ ਕਰਮਾਂ ਹੀ ਥੀਂ ਕਿਸੀ ਦੀ ਅੰਦਰ ਦੀ ਹਾਲਤ ਤੇ ਆਚਰਨ ਦਾ ਅੰਦਾਜ਼ਾ ਲਾਣਾ ਹੈ ਨਾ ਤੇ ਮੁੜ ਅਕਲ ਦਵਾਰਾ ਇਕ ਕਚਹਰੀ ਬੈਠੇ ਜਸ ਵਾਂਗੂ ਸ਼ਹਾਦਤ ਉੱਪਰ ਹੀ ਫੈਸਲਾ ਦੇਣਾ ਹੈ ਨਾ, ਬੱਸ ਇਹ ਬਹੁਤ ਕਰਕੇ ਕੂੜ ਹੈ ਤੇ ਜੇ ਸਾਧਾਰਣ ਲੋੜਾਂ ਦੀ ਇਕ ਕਲਾਵਾਨ ਇਹ ਘੋਖ ਮੰਨਿਆ ਕਰ ਵੀ ਲਵੇ ਤੇ ਬਹੁਤ ਕੁਛ ਠੀਕ ਜੁਟਲਾ ਵੀ ਮਾਰ ਲਵੇ, ਤਦ ਇਹ ਤਾਂ ਓਸ ਲਈ ਅਸੰਭਵ ਹੈ ਕਿ ਓਹ ਬਿਨਾਂ ਆਪ ਧਰੂ, ਪ੍ਰਹਿਲਾਦ, ਚੈਤੰਨਯ ਹੋਣ ਦੇ ਕਿਸੀ ਅਮਰੀ ਅਵਤਾਰੀ ਪੁਰਖ ਦੇ ਆਚਰਨ ਨੂੰ ਆਪਣੀ ਅਕਲ ਦਾ ਵਿਸ਼ਾ ਬਣਾ ਸਕੇ। ਕੁਲ ਦੁਨੀਆ ਦੇ ਮਹਾਂ ਪੁਰਖ ਜਦ ਓਹ ਸਰੀਰ ਵਿਚ ਸਨ, ਤਾਂ ਵੀ ਲੋਕਾਂ ਨੂੰ ਆਪਣੀ ਕਰਨੀ ਦੁਆਰਾ ਵਿਸਮਾਦ ਤੇ ਉਸਤਤ ਦੇ ਰੰਗ ਵਿਚ ਸੁਟਦੇ ਸਨ, ਅਕਲ ਤੋਂ ਉੱਤੇ ਅਸਚਰਜ ਮੰਡਲ ਵਿਚ ਸੁਟਦੇ ਸਨ, ਹੁਣ ਜਦ ਓਹ ਸਾਹਮਣੇ ਨਹੀਂ, ਤਦ ਕੋਈ ਮਨੁਖ ਅਕਲ ਦਵਾਰਾ ਤੇ ਸਾਧਾਰਣ ਸ਼ਹਾਦਤ ਦਵਾਰਾ ਓਹਨਾਂ ਦੇ ਗੰਭੀਰ ਆਏ ਤੇ ਰੱਬੀ ਆਚਰਨ ਤੇ ਅਰਸ਼ੀ ਜੀਵਨ ਦਾ ਕੀ ਅੰਦਾਜ਼ਾ ਲਗਾ ਸਕਦਾ ਹੈ, ਇਹ ਸਿਧਾ ਜਿਹਾ ਮੰਤਕ ਹੈ ਤੇ ਜਿਹੜਾ ਇਤਹਾਸਕਾਰ ਇਹ ਕਰਦਾ ਹੈ ਓਸਦੀ ਕਮੀਨੀ ਅਕਲ ਨੂੰ ਆਮ ਜ਼ਮਾਨਾ ਆਖਰ ਵੱਟੇ ਮਾਰੇਗਾ। ਜਦ ਓਹ ਸਰੀਰ ਵਿਚ ਸਨ ਤਦ ਵੀ ਸਾਡੇ ਗੀਤ ਹੀ ਸਨ, ਸਾਡੀ ਪੂਜਾ ਦੀ ਥਾਂ ਸਨ, ਸਾਡੇ ਤੀਰਥ ਸਨ, ਜਦ ਹੁਣ ਲੋਪ ਹਨ ਤਾਂ ਵੀ ਅਸੀਂ ਓਹਨਾਂ ਦੀ ਯਾਦ ਤੇ ਸੱਚੀ ਯਾਦ ਓਹਨਾਂ ਦੇ ਗੀਤ ਗਾ ਕੇ ਹੀ ਕਰ ਸਕਦੇ ਹਾਂ। ਭਾਈ ਨੰਦ ਲਾਲ ਜੀ ਨੇ ਇਸ ਆਸ਼ੇ ਕਰਕੇ ਸੱਚੇ ਪਾਤਸ਼ਾਹ ਕਲਗੀਆਂ ਵਾਲੇ ਦਾ ਜੀਵਨ ਚਰਿੱਤ੍ਰ ਕਵਿਤਾ ਵਿਚ ਲਿਖਿਆ ਹੈ, ਹੋਰ ਕੋਈ ਤਰਜ਼ ਤ੍ਰੀਕਾ ਇਹੋ ਜਿਹੇ ਆਲਮਗੀਰ ਪਿਆਰ ਦਾ ਇਤਹਾਸ ਲਿਖਣ ਲਈ ਹੋ ਨਹੀਂ ਸਕਦਾ, ਹਾਂ ਜੀ ਦੂਸਰੀ ਪਾਤਸ਼ਾਹੀ ਨੇ ਸੱਚੇ ਸਾਈਂ ਸਤਿਗੁਰੂ ਨਾਨਕ ਜੀ ਦਾ ਜੀਵਨ ਚਰਿੱਤ੍ਰ

ਆਪਣੀ ਬਾਣੀ ਵਿਚ ਲਿਖਿਆ ਹੈ। ਗੁਰੂ ਅੰਗਦ ਜੀ ਜੈਸਾ ਬਾਬਾ ਜੀ ਨੂੰ ਪਿਆਰ ਕਰਨ ਵਾਲਾ ਨਾ ਕੋਈ ਹੋਰ ਹੋਣਾ ਹੈ ਤੇ ਨਾ ਹੋਇਆ ਹੈ ਤੇ ਓਹਨਾਂ ਨੇ ਜੋ ਸ਼ਬਦ ਆਪਣੇ ਪਜਾਰ ਵਿਚ ਕਹੇ ਹਨ ਓਹ ਬਾਬਾ ਜੀ ਦਾ ਅੱਖਰਾਂ ਵਿਚ ਆਯਾ ਅਰਸ਼ੀ ਉਨਰ ਦੇ ਰੰਗਾਂ ਵਿਚ ਚਿੱਤ੍ਰਿਆ ਜੀਵਨ ਚਰਿੱਤ੍ਰ ਹੈ। ਮੰਨਿਆ ਕਿ ਇਤਹਾਸ ਲਿਖਣ ਦਾ ਪੱਛਮੀ ਯਾ ਅਰਥੀ ਤ੍ਰੀਕਾ ਦ੍ਰਿਸ਼ਟਮਾਨ ਮਨੁਖਾਂ ਦਾ ਜੀਵਨ ਚਵਿੱਤ੍ਰ ਲਿਖਣ ਲਈ ਠੀਕ ਹੋਵੇ, ਪਰ ਇਸ ਤ੍ਰੀਕੇ ਦਾ ਇਸਤਮਾਲ ਮਹਾਂ ਪੁਰਖਾਂ ਦੇ ਜੀਵਨ ਚਰਿਤ੍ਰ ਵਿਚਾਰ ਕਰਨਾ ਜਹਾਲਤ ਹੈ। ਓਹ ਮਹਾਂਪੁਰਖ ਜੋ ਆਪਣੇ "ਜਗਜੀਵਨ" ਦੀ ਉੱਚੀ ਹਕੀਕਤ ਨਾਲ ਅਠਪਹਰੀ ਪਿਆਰ ਅਰ ਧਿਆਨ ਦਵਾਰਾ ਆਭੇਦ ਰੱਖਦੇ ਹਨ, ਇਨ੍ਹਾਂ ਦਾ ਕਦਮ ਕਦਮ ਇਲਾਹੀ ਹੁਕਮ ਵਿਚ ਉਠਦਾ ਹੈ, ਹਾਂ ਜੀ ਫਕੀਰਾਂ, ਪੀਰਾਂ, ਅਵਤਾਰਾਂ ਦਾ ਜੀਵਨ ਚਰਿੱਤ੍ਰ ਜਿਨ੍ਹਾਂ ਦੀ ਦਿਨ ਚਰਯਾ ਸਦਾ ਆਤਮਿਕ ਮੰਡਲਾਂ ਵਿਚ ਹੁੰਦਾ ਹੈ। ਮੈਂ ਦਾਵੇ ਨਾਲ ਕਹਿੰਦਾ ਹਾਂ ਕਿ ਪੱਛਮੀ ਤਰਜ਼ ਕਦੀ ਇਨ੍ਹਾਂ ਦੇ ਅੰਦਰ ਦਾ ਚਮਤਕਾਰ ਨਹੀਂ ਦੇਖ ਸਕਦੀ, ਅਸਲ ਵਿਚ ਤੱਕੋ ਤਾਂ ਏਸ਼ੀਆ ਦਾ ਇਤਹਾਸ ਹੀ ਥੋੜੇ ਜਿਹੇ ਚੋਟੀ ਦੇ ਆਦਮੀਆਂ ਦਾ ਜੀਵਨ ਚਰਿੱਤ੍ਰ ਹੈ। ਹੁਣ ਅਸਲੀ ਚਰਿੱਤ੍ਰ ਇਨ੍ਹਾਂ ਦਾ ਤਾਂ ਓਹ ਹੋਣਾ ਤੇ ਜਿਹੜੀ ਕਿਸੀ ਨਾ ਕਿਸੀ ਅਰਥ ਵਿਚ ਇਨ੍ਹਾਂ ਮਹਾਂ ਪੁਰਖਾਂ ਦੇ ਅੰਦਰ ਨੂੰ ਜੀਵਨ ਦਾ ਦੀਦਾਰ ਕਰਾਈਏ। ਹਾਏ ਜੀ! ਇਕ ਸਾਧਾਰਣ ਭੋਲੇ ਪੁਰਖ ਦਾ ਜੀਵਨ ਜਿਸਦਾ ਪਰਉਪਕਾਰ ਡੂੰਘਾ ਤੇ ਲੁਕਿਆ ਹੈ ਕੋਈ ਅਕਲਾਂ ਵਾਲਾ ਇਤਹਾਸਕਾਰ ਨਹੀਂ ਦੇਖ ਸਕਦਾ ਤੇ ਜੇ ਕੋਈ ਲਿਖੇਗਾ ਤਾਂ ਕੂੜਾਂ ਦੀ ਖੈਰ ਹੀ ਬੈਠੇਗਾ ਤੇ ਇਸਥੀਂ ਅੰਦਾਜ਼ਾ ਲਗਾ ਸਕੀਦਾ ਹੈ ਕਿ ਕਿਸੀ ਅਵਤਾਰੀ ਪੁਰਖ ਦਾ ਜੀਵਨ ਚਰਿੱਤ੍ਰ ਲਿਖਣਾ ਕੂੜਾਂ ਦੇ ਢੇਰਾਂ ਦੇ ਢੇਰ ਹੀ ਲਾਣੇ ਹਨ ਤੇ ਮਖਲੂਕ ਰੱਬ ਨੂੰ ਕਾਲੇ ਤੇ ਸਫੈਦ ਤਿਰਮਿਰਿਆਂ ਦੇ ਧੋਖੇ ਵਿਚ ਪਾਣਾ ਹੈ, ਹਾਂ ਪਰ ਪਿਆਰ ਵਿਚ ਆਪਾ ਵਾਰ ਕੇ ਨਸ਼ਟ ਹੋ ਕੇ ਓਹਨਾਂ ਮਹਾਂ ਪੁਰਖਾਂ ਦੀ ਚਰਨ ਰਜ ਰੋਕੇ ਕਵਿਤਾ ਦੇ ਰੰਗ ਵਿਚ ਕਰ ਉਠਣਾ ਇਕ ਤਰ੍ਹਾਂ ਦਾ ਇਨ੍ਹਾਂ ਮਹਾਂ ਪੁਰਖਾਂ ਦਾ ਇਤਹਾਸ ਹੈ।

ਨਾਰਸ ਲੋਕਾਂ ਨੇ ਹਿੰਦੂਆਂ ਨੇ ਤੇ ਜਾਪਾਨੀਆਂ ਨੇ ਆਪਣੇ ਵਡਿਆਂ ਦਾ ਇਤਹਾਸ ਕਵਿਤਾ ਹਾਂ ਜੀ ਅਲੰਕਾਰਿਕ ਮਾਈਥਾਲੋਜੀ ਦੀ ਬੋਲੀ ਵਿਚ ਕੁਛ ਅਣੋਖੇ ਅਣੋਖੇ ਅਖਰਾਂ ਵਿਚ ਲਿਖਯਾ ਹੈ, ਹਾਂ ਜੀ ਓਹ ਦੇਵਤੇ ਜਿਹੜੇ ਅਰਸ਼ਾਂ ਵਿਚ ਵਿਚਰਦੇ ਹਨ, ਜਿਨਾਂ ਦੀ ਸੁਰਤਿ ਸਰੀਰ ਲਈ ਬਹੁਤ ਸੁਗੰਧਗੀ ਵਾਂਗ ਰਬ ਦੇ ਚਰਨਾਂ ਨੂੰ ਛੋਂਦੀ, ਲਪਟਾ ਮਾਰਦੀ, ਪਵਿਤ੍ਰਤਾ ਦੇ ਨੀਲ ਗਗਨ ਵਿਚ ਹੁਲਾਰੇ ਖਾਂਦੀ ਹੈ, ਓਹਨਾਂ ਦਾ ਜੀਵਨ ਚਰਿਤ੍ਰ ਯਾ ਇਤਿਹਾਸ ਪ੍ਰਿਥਵੀ ਵਾਲੇ ਅਕਲੀ ਨਕਤਾਚੀਨ ਕੀ ਲਿਖ ਸਕਦੇ ਹਨ? ਹਾਂ ਸੋਹਣੀ ਥੀਂ ਸੋਹਣੀ ਕਲਪਨਾ ਨੇ ਪਰ ਲਾ ਕੇ ਜਿਵੇਂ ਬਾਲਕ ਕੱਗਤ ਦੀਆਂ ਕਿਸ਼ਤੀਆਂ ਦਰਯਾ ਵਿਚ ਸੁੱਟਦੇ ਹਨ, ਇਨ੍ਹਾਂ ਦੇਵਤਿਆਂ ਦੇ ਨਾ ਲੈ ਲੈ ਕੇ ਉਡਾਣਾ ਤਾਂ ਇਕ ਤ੍ਰਾਂ ਦਾ ਅਪੂਰਣ ਇਤਹਾਸ ਜਰੂਰ ਹੈ, ਇਹ ਕਰਨਾ ਸਾਡੀ ਹਿੰਮਤ ਹੈ, ਸਾਡੇ ਪਿਆਰ ਪਰ ਚਾ ਦਾ ਸਿਟਾ ਹੈ, ਮਾੜਾ ਹੈ, ਕੂੜਾ ਹੈ, ਅਪੂਰਣ ਹੈ, ਹਾਂ ਪਰ ਇਹ ਸਾਡੀ ਧਿਯਾਨੀ ਆਰਟ ਦੀ ਕਾਰੀਗਰੀ ਦਾ ਅੰਤ ਹੈ।

ਬਸ ਜੀ! ਸ਼ਿਵਜੀ ਜਿਹੇ ਫਕੀਰ ਦਾ ਜੀਵਨ ਚਰਿਤ੍ਰ ਪਛਮੀ ਦਿਮਾਗ ਨਹੀਂ ਲਿਖ ਸਕਦਾ, ਉਨਾਂ ਤਾਂ ਇਕ ਮੁਛਾਂ ਵਾਲਾ ਦਾਹੜੀ ਮੁੰਨਾ ਜਿਹਾ ਬਾਂਕਾ ਬਨਾਕੇ ਸਪ ਦੇ ਫਣੀ ਕੇਸਾਂ ਦੇ ਜੂੜੇ ਵਿਚ ਨਕਲ ਕਰਕੇ ਲਟਕਾ ਦੇਣੀ ਹੋਈ, ਇਹ ਵੇਖਕੇ ਘ੍ਰਿਣਾ ਪੈਦਾ ਹੁੰਦੀ ਹੈ ਤੇ ਇਹ ਫਣੀ ਲਾਣੀ ਵੀ ਇਨ੍ਹਾਂ ਬੜੀ ਛਾਲ ਮਾਰੀ ਹੈ, ਨਹੀਂ ਤਾਂ ਪਤਲੂਨ, ਕੋਟ ਪਾਯਾ ਇਕ ਸਾਹਿਬ ਲੋਕ ਹੀ ਬਣਾ ਦੇਣਾ ਸੀ, ਹਾਂ ਜੀ। ਕੋਈ ਲੁੰਡੀ ਬੁਚੀ ਓਹਨਾਂ ਕੈਲਾਸ਼ੀ ਅਲਾਹ ਵਾਲੇ ਫਕੀਰ ਜੀ ਦੀ ਸਮਾਧੀ ਦੇ ਰੰਗ ਤੇ ਡੌਰੂ ਦੀ ਤਾਲ ਨਾਲ ਨੱਚਦੇ ਸ਼ਿਵਾ ਦੇ ਬ੍ਰਹਮਾਂਡ ਨਾਚ ਅਰ ਓਸ ਅਪਾਰ ਧਿਆਨ ਦੇ ਦੇਸ਼ ਤਕ ਪਰ ਨਹੀਂ ਮਾਰ ਸਕਦੀ।

ਅਜ ਕੱਲ ਦੇ ਅਕਲਾਂ ਵਾਲਿਆਂ ਲਈ ਤਾਂ ਸ਼ਿਵਜੀ, ਵਿਸ਼ਨੂੰ, ਰਾਮਚੰਦਰ, ਬੁਧ, ਈਸਾ ਤੇ ਮੁਹੰਮਦ ਸਾਹਿਬ ਗਲੀ ਵਿਚ ਜਾਂਦੇ ਪੜ੍ਹੇ ਲਿਖੇ ਆਦਮੀਆਂ ਵਾਂਗ ਸਨ, ਪੜੇ ਲਿਖਿਆਂ ਕੋਲੋਂ ਬੀ.ਏ. ਐਮ.ਏ., ਦੇ ਤਮਗੇ ਤੇ ਪੰਡਤਾਈ ਵਿਚ ਤਾਂ ਘਟ ਸਨ, ਪਰ ਕਿਸੀ ਅੰਸ਼ ਵਿਚ ਵਧ ਸਨ ਜੋੜ ਵਿਚ ਇਨ੍ਹਾਂ ਦੇ ਬਰਾਬਰ! ਵਾਹ! ਅੱਛਾ ਇਹੋ ਜੇਹੇ ਮਹਾਂ ਪੁਰਖਾਂ ਨੂੰ ਨਿਰੇ ਆਦਮੀ ਕਹਣਾ ਕੂੜ ਹੈ ਯਾ ਓਹਨਾਂ ਨੂੰ ਦੈਵੀ ਰੰਗ ਵਿਚ ਆਪਣੇ ਥੀਂ ਆਕਾਸ਼ੀ ਉੱਚਾ ਸਮਝਣਾ ਤੇ ਓਸ ਸਮਝ ਨੂੰ ਕਵਿਤਾ ਦਵਾਰਾ ਪ੍ਰਗਟ ਕਰਨਾ ਕੂੜ ਹੈ? ਜਵਾਬ ਮੁੜ ਆਪਣੀ ਆਪਣੀ ਚੋਣ ਅਨੁਸਾਰ ਹੋਵੇਗਾ। ਅਸੀਂ ਆਪਣੀ ਪਿਆਰੀ ਮਾਂ (ਜਿਸਦਾ ਦੁਧ ਪੀ ਵਡੇ ਹੋਏ ਹਾਂ) ਨੂੰ ਵੀ ਬਿਨਾਂ ਕਵਿਤਾ ਤੇ ਮਾਈਥਾਲੋਜੀ ਦੇ ਅਲੰਕਾਰ ਬਿਨਾਂ ਵਰਨਨ ਨਹੀਂ ਕਰ ਸਕਦੇ। ਸੋਚਣ ਵਾਲੀ ਗਲ ਹੈ ਜਦ "ਮਾਂ" ਦਾ ਪ੍ਰੀਤ ਧਿਆਨ ਕਰੀਏ, ਤਾਂ ਕੀ ਅਸੀਂ ਰੱਬੀ ਧਯਾਰ ਨਹੀਂ ਵੇਖਦੇ? ਤੇ ਜੇ ਓਸ ਵਿਚ ਸਬ ਦੇਵੀ ਦੇਵਤੇ ਵੇਖਦੇ ਹਾਂ ਤਦ ਕੋਈ ਦੱਸੇ ਨਾਂ, ਅਸੀਂ "ਮਾਂ" ਨੂੰ ਕਿਵੇਂ ਵਰਨਨ ਕਰੀਏ? ਹੈ ਤਾਂ ਸਾਧਾਰਣ ਅੱਖਾਂ, ਕੰਨਾਂ, ਹੱਥਾਂ ਵਾਲੀ ਇਸਤ੍ਰੀ ਰੂਪ ਤੇ ਦ੍ਰਿਸ਼ਟਮਾਨ ਵਲੋਂ ਤੱਕੋ, ਤਾਂ

ਇਕ ਮਾਸ ਦਾ ਬੁਤ। ਹੁਣ ਕੋਈ ਦੱਸੇ ਕੇਹੜਾ ਵਰਣਨ ਸੱਚ ਹੈ, ਇਹ ਕਿ ਓਹ ਇਕ ਆਮ ਇਸਤ੍ਰੀ ਹੈ, ਮਾਸ ਹੱਡੀ ਦਾ ਬੁਤ ਹੈ ਯਾ ਓਹ ਆਪਣੀ ਪ੍ਰੀਤ ਬੇ ਖਬਰੀ ਵਿਚ ਤੇ ਪ੍ਰੀਤ ਦੀ ਮਦਹੋਸ਼ੀ ਵਿਚ ਓਹਨੂੰ ਦੇਵਤਾ ਆਖਣਾ, ਓਹਨੂੰ ਦੇਵੀ ਆਖਣਾ ਹਾਂ ਜੀ ਸਾਡੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਵਾਲੀ ਆਖਣਾ, ਬੱਸ ਇਹ ਕਹਿਣਾ ਕਿ ਸਾਨੂੰ ਜੀਆ ਦਾਨ ਦੇਣ ਵਾਲੀ ਦੇਵੀ ਹੈ, ਇਹ ਹੈ ਕਵਿਤਾ ਦ੍ਰਿਸ਼ਟੀ ਕੂੜ ਪ੍ਰਸੰਸਾ, ਪਰ ਬਿਨਾਂ ਇਸ ਕੂੜ ਦੇ ਅਸੀਂ ਸਚਾਈ ਦੇ ਨੇੜੇ ਕਦੀ ਨਹੀਂ ਅੱਪੜ ਸਕਦੇ, ਮਾਸ ਦਾ ਬੁਤ ਕਹਣਾ ਸੱਚ ਹੈ, ਪਰ ਓਹ ਸਚ ਹੈ ਜੇਹੜਾ ਸਦਾ ਲਈ ਕੂੜ ਦੇ ਢੇਰ ਉੱਤੇ ਸੁਟਦਾ ਹੈ, ਸਵਾਹ ਸਿਰ ਇਹ ਅਜਿਹੇ ਸਚ ਦੇ।

ਇਸੀ ਤਰ੍ਹਾਂ ਦ੍ਰਿਸ਼ਟਮਾਨ ਸੰਸਾਰ ਦੀ ਨਕੰਮੀ ਥੀਂ ਨਕੰਮੀ ਤੇ ਨਿੱਕੀ ਥੀਂ ਨਿੱਕੀ ਵਸਤੂ ਇੰਨੀ ਰੱਬ ਦੇ ਨੂਰੀ ਹੜ ਨਾਲ ਸਿੰਜੀ ਪਈ ਹੈ ਕਿ ਧਿਆਨ ਦਵਾਰਾ ਕੇਵਲ ਓਸ ਦੇ ਅਰਥ ਨੂੰ ਅਨੁਭਵ ਕਰ ਸਕਦੇ ਹਾਂ। ਅਵਤਾਰੀ ਪੁਰਖਾਂ ਨੂੰ ਫਕੀਰਾਂ ਦਾ ਜੀਵਨ ਚਰਿੱਤ੍ਰ ਅਸੀਂ ਕੰਗਾਲ ਕੀ ਲਿਖ ਸਕਦੇ ਹਾਂ, ਓਹਨਾਂ ਦੇ ਸਾਹਮਣੇ ਸਦਾ ਚੁਪ, ਅਦਬ ਤੇ ਪਿਆਰ ਤੇ ਸਦਾ ਆਪਾ ਵਾਰ ਕੇ ਬੇਹੋਸ਼ ਜਿਹੇ ਮਦ ਹੋਸ਼ ਜਿਹੇ ਰਹਣਾ ਇਹੋ ਹੀ ਸਾਡੀ ਭਾਖਾ ਹੈ, ਸਾਡੀ ਪੂਜਾ, ਸਾਡੀ ਕਵਿਤਾ, ਸਾਡਾ ਓਹਨਾਂ ਦਾ "ਬੈ ਖਰੀਦ ਗੁਲਾਮ" ਹੋਣਾ ਹੀ ਕੇਵਲ ਬਣ ਆਉਂਦਾ ਹੈ ਤੇ ਇਸ ਤਰਾਂ ਪਿਆਰ ਨਾਲ ਓਹਨਾਂ ਨਾਲ ਅਭੇਦ ਹੋ ਆਪਣੇ ਅੰਗ ਤੇ ਰੂਹ ਦਵਾਰਾ ਓਹਨਾਂ ਨੂੰ ਪ੍ਰਗਟ ਕਰਨਾ ਓਹਨਾਂ ਦਾ ਜੀਵਨ ਚਰਿੱਤ੍ਰ ਹੈ। ਭਾਗਵਤ ਪੜ੍ਹਕੇ ਵਿਰਲਾ ਹੀ ਕੋਈ ਕ੍ਰਿਸ਼ਨ ਭਗਤ ਬਣੇਂਗਾ, ਪਰ ਜਦ ਗੋਰੰਗ ਨੇ ਆਪਣੇ ਸਰੀਰ ਅਰ ਰੂਹ ਕਰਕੇ ਕ੍ਰਿਸ਼ਨ ਚਰਿੱਤ੍ਰ ਰਚਿਆ, ਤਦ ਲੱਖਾਂ ਭਗਤ ਪੈਦਾ ਹੋ ਗਏ। ਅਸਲ ਤੇ ਸੱਚਾ ਇਤਿਹਾਸ ਕ੍ਰਿਸ਼ਨ ਜੀ ਦਾ ਓਹਨਾਂ ਨੂੰ ਆਪਣੇ ਵਿਚ ਨਿਤਜ ਅਵਤਾਰ ਕਰਨਾ ਹੈ, ਹਾਂ ਜੀ! ਇਹ ਸਾਰਾ ਇਤਹਾਸਕ ਆਦਰਸ਼ ਹੈ, ਇਹ ਸਾਡਾ ਸੱਚ ਹੈ ਤੇ ਅਸੀਂ ਹੋਰ ਗੱਲਾਂ ਬਾਤਾਂ ਤੇ ਅਕਲ ਦੀਆਂ ਸ਼ਹਾਦਤਾਂ ਤੇ ਚਤਾਈਆਂ ਨੂੰ ਕੂੜ ਨਿਰਾ ਕੂੜ ਤੇ ਕਪਟ ਗਿਣਦੇ ਹਾਂ

(੪)

(ਸਿੱਖਾਂ ਉੱਪਰ ਕੂੜੇ ਰੇਸ਼ਨਲਇਜ਼ਮ ਫੋਕੀ ਅਕਲ ਦਾ ਅਸਰ)

ਭਾਵੇਂ ਅਸੀਂ ਸਿਖ ਹੁਣੇ ਆਏ ਹਾਂ ਨਵੇਂ ਆਏ ਹਾਂ ਅਰ ਸਾਡਾ ਸਿਖ ਨਾਮ ਹੀ ਦੱਸਦਾ ਹੈ ਕਿ ਅਸੀਂ ਆਪਣੇ ਸਤਿਗੁਰਾਂ ਦੇ "ਬੈ ਖਰੀਦ" ਗੋਲੇ ਹਾਂ ਤੇ ਸਾਡਾ ਮਜ਼ਹਬ ਪਿਆਰ ਹੈ ਤੇ ਸਾਡੇ ਜੀਵਨ ਦੀ ਡੋਰ ਸਤਿਗੁਰ ਹੱਥ ਹੈ, ਪਰ ਨਹੀਂ ਅਸੀਂ ਵੀ ਹੁਣ ਪੱਛਮੀ ਅਕਲ ਬਾਜ਼ੀ ਦੇ ਸ਼ਿਕਾਰ ਹੋ ਰਹੇ ਹਾਂ, ਬੁਧੀ ਦੀ ਚਤ੍ਰਤਾ ਅਸੀਂ ਰੂਹ ਦੀ ਆਚਰਣ ਸੱਭਤਾ ਦਾ ਮਿਸਾਲਾ ਸਮਝ ਰਹੇ ਹਾਂ, ਸਿਦਕ ਦੀ ਦੌਲਤ ਤਾਂ ਅਸ਼ੋਕ ਜਹੇ ਨੂੰ ਚੱਕਰਵਰਤੀ ਰਾਜ ਤੇ ਟੱਬਰ ਟੋਰ ਸਾਰਾ ਵੇਚਕੇ ਖਰੀਦੀ ਤੇ ਸਾਨੂੰ ਸਤਗੁਰਾਂ ਨੇ ਸਿਦਕ ਦੀ ਦੌਲਤ ਅਮੁਲ ਬਖਸ਼ੀ ਤੇ ਅਸਾਂ ਨੇ ਬੇ ਕਦਰਾਂ ਨੇ ਪੱਛਮੀ ਰੌਸ਼ਨੀ ਦੇ ਹਨੇਰੇ ਦੀ ਘਬਰਾਹਟ ਵਿਚ ਸਿਦਕ ਦੇ ਮੰਡਲ ਥੀਂ ਦੂਰ ਥੱਲੇ ਅਕਲ ਦੇ ਮੰਡਲ ਦੇ ਪਿੱਤਲ ਨੂੰ ਸੋਨਾ ਜਾਣ ਨੀਲ ਗਗਨ ਛਡ ਗਲੀਆਂ ਦੇ ਸਾਹ ਘੁੱਟਦੀ ਰਾਹਾਂ ਵਿਚ ਆਪਣੇ ਦੈਵੀ ਖੰਫ ਸਾੜ ਲਏ। ਅਸਾਂ ਵੀ "ਅੰਨ੍ਹੇ ਕੁਤੇ ਹਰਨਾਂ ਮਗਰ" ਦੇਖ ਛਾਲ ਮਾਰ ਦਿਤੀ ਕਿ ਜ਼ਰੂਰ ਕੁਛ ਹੋਊ, ਇੰਨੇ ਕੁੱਤੇ ਜੋ ਜ਼ੋਸ਼ ਵਿਚ ਸਰਪੱਟ ਦੌੜ ਰਹੇ ਹਨ।

ਯੂਰਪ ਵਿਚ ਇਕ ਸੇਂਟ ਥਰਸੀ ਨਾਮੇ ਈਸਾ ਜੀ ਦੀ ਭਗਤ ਹੋਏ ਹਨ, ਇਸ ਸੇਂਟ ਥਰਸੀ ਨੇ ਈਸਾ ਦਾ ਜੀਵਨ ਚਰਿੱਤ੍ਰ ਆਪਣੇ ਰੂਹ ਵਿਚ ਯਥਾਂਰਥ ਅੰਕਤ ਕੀਤਾ ਸੀ, ਦੂਸਰੇ ਪਾਸੇ ਯੂਰਪ ਵਿਚ ਅਕਲਬਾਜ਼ਾਂ ਨੇ ਇਥੋਂ ਤਕ ਆਖ ਦਿਤਾ ਤੇ ਇਤਹਾਸਕ ਸਬੂਤ ਦਿੱਤੇ ਕਿ ਈਸਾ ਕੋਈ ਨਹੀਂ ਹੋਇਆ, ਇਕ ਬਣਾਈ ਹੋਈ ਮਿੱਥ ਹੈ ਕਦੀ ਕੋਈ ਮੁਰਦੇ ਜਿਵਾ ਸਕਦਾ ਹੈ, ਕਦੀ ਕੋਈ ਕੋਹੜੇ ਰਾਜ਼ੀ ਕਰ ਸਕਦਾ ਹੈ, ਹਮ ਸਕੈਪਟਿਕ ਹੈਂ, ਹਮ ਇਸਕੋ ਨਹੀਂ ਮਾਨ ਸਕਤੇ। ਝ੍ਰੀਤ ਹੋਇਆ ਕਿ ਜੇ ਹੋਇਆ ਭੀ ਹੋਊ, ਤਾਂ ਕੋਈ ਸਾਧਾਂਰਣ ਜਿਹਾ ਚੰਗਾ ਮਜ਼ਹਬ ਦੀ ਧੁਨ ਵਾਲਾ ਬੰਦਾ ਹੋਣਾ ਹੈ, ਜਿਸਨੂੰ ਮੁਰੀਦਾਂ ਨੇ ਚੁਕ ਅਸਮਾਨੀ ਚਾੜ੍ਹ ਦਿੱਤਾ। ਇਧਰ ਅਕਲ ਦੀ ਜਿੱਤ ਤਾਂ ਇਉਂ ਹੋਈ, ਈਸਾ ਸਾਡੇ ਵਰਗਾ ਹੋ ਗਿਆ ਤੇ ਉਧਰ ਸੇਂਟ ਥਰਸੀ ਦੀਆਂ ਕੂੜੀਆਂ ਜਿਹੀਆਂ ਦਿਸਦੀਆਂ ਟਪਲੇ ਵਾਂਗਨ ਵਹਾਰ ਵਾਲੀਆਂ ਗੂੜ੍ਹੇ ਭਾਵ ਭਰੀਆਂ ਗੱਲਾਂ ਓਹ ਵਲਵਲੇ ਪਿਅਰ ਤੇ ਸਿਦਕ ਦੇ ਪੈਦਾ ਕਰਦੀਆਂ ਹਨ, ਜਿਨ੍ਹਾਂ ਪਿੱਛੇ ਕੌਮਾਂ ਦੀਆਂ ਕੌਮਾਂ ਜਿੰਦ ਜਾਨ ਵਾਰਨ ਨੂੰ ਤਿਆਰ ਹੋ ਜਾਂਦੀਆਂ ਹਨ, ਉੱਚ ਜੀਵਨ ਪੈਦਾ ਕਰਦੀਆਂ ਹਨ, ਮਨੁਖਾਂ ਨੂੰ ਭਲਾ ਬਣਾਦੀਆਂ ਹਨ, ਪਿਆਰ ਦਾ ਮਿਸਾਲਾ ਇਸ ਪਿਆਰ ਭੁਖੇ ਸੰਸਾਰ ਵਿਚ ਵਾਧਾ ਕਰਦਾ ਹੈ। ਸਾਡੇ ਵਿਚੋਂ ਪੱਛਮੀ ਨੁਕਤਾਚੀਨੀ ਦੀ ਨਕਲ ਕਰਕੇ ਕੀ ਕਹਿੰਦੇ ਹਨ, "ਸੂਰਜ ਪ੍ਰਕਾਸ਼" ਇਕ ਹਿੰਦ ਦਿਮਾਗ ਵਾਲੇ ਪੁਰਾਣਿਕ ਜਿਹੇ ਮਨੁਖ ਨੇ ਭੰਗ ਦੇ ਲੌਰੇ ਵਿਚ ਲਿਖ ਦਿਤਾ ਹੈ ਤੇ ਸਾਡਾ ਸਾਰਾ ਸਾਖੀ ਸਾਹਿਤਕ ਐਵੇਂ ਸਿੱਧੇ ਸਾਧੇ ਭੋਲੇ ਲੋਕਾਂ ਦੀ ਭਾਵ

ਰਚਨਾਂ ਹੈ, ਇਹ ਇਤਹਾਸਕ ਨੁਕਤੇ ਥੀਂ ਬਹੁਤ ਸਾਰਾ ਕੂੜ ਦਿਸਦਾ ਹੈ। ਅਸੀਂ ਹੁਣ ਆਪਣਾ ਇਤਿਹਾਸ ਇਨ੍ਹਾਂ ਪੁਰਾਣਿਕ ਗੱਪਾਂ ਥੀਂ ਸਾਫ ਕਰਕੇ ਲਿਖਾਂਗੇ, ਸਾਡਾ ਇਤਹਾਸ ਅਕਲੀ ਹੋਣਾਂ ਚਾਹੀਏ। ਖਾਲਸਾ ਜੀ! ਭੁਲੇ ਹੋ, ਤੁਸਾਡਾ ਇਤਹਾਸ ਧਿਆਨੀ ਹੈ, ਫੋਕਾ ਅਕਲੀ ਨਹੀਂ, ਕਿਉਂਕਿ ਤੁਸਾਡੇ ਇਤਹਾਸ ਦਾ ਮਜ਼ਮੂਨ ਉੱਚਾ ਹੈ, ਬਿਨਾਂ ਧਿਆਨੀ ਤ੍ਰੀਕੇ ਦੇ ਤੁਸੀਂ ਕੁਛ ਨਹੀਂ ਲਿਖ ਸਕਦੇ, ਕੂੜ ਹੈ ਤਾਂ ਇੰਨਾ ਕਿ ਅਸਾਂ ਕਾਫ਼ੀ ਉੱਚੀ ਧਿਆਨੀ ਰੌ ਹਾਲੇਂ ਆਪਣੇ ਸਤਗੁਰਾਂ ਦੇ ਜੀਵਨ ਖਤ ਨਹੀਂ ਲਿਖ ਸਕੇ, ਹਾਂ ਜੀ ਸਾਡੇ ਸਿਰੋਮਣੀ ਕਵੀ ਭਾਈ ਸੰਤੋਖ ਸਿੰਘ ਜੀ ਨੇ ਜੋ ਕੀਤਾ ਹੈ ਉਹ ਕਮਾਈ ਇੰਨੀ ਨਿੱਗਰ ਹੈ ਕਿ ਜੇ ਕਦੀ ਤੁਸੀਂ ਸਾਰਾ ਪੜ੍ਹਿਆ ਖਾਲਸਾ, ਨਹੀਂ ਦੁਨੀਆ ਦੇ ਪੜ੍ਹੇ ਵਿਦਵਾਨ ਅਕਲ ਦੇ ਰਾਜੇ ਇਕ ਪਾਸੇ ਰੱਖ ਦਿਓ ਤੇ ਧਿਆਨੀ ਕਵਿਤਾ ਸੂਰਜ-ਪ੍ਰਕਾਸ਼ ਦੀ ਦੂਏ ਪਾਸੇ ਤੇ ਧਿਆਨ ਦਵਾਰਾ ਤੋਲੋ, ਤਦ ਪਤਾ ਲੱਗੇਗਾ, ਹਾਂ ਜੀ ਚਾਨਣ ਹੋਏਗਾ ਕਿ ਇਸ ਤੁਹਾਡੇ ਖਯਾਲ ਵਿਚ ਭੰਗ ਪੀਣ ਵਾਲੇ ਕਵੀ ਦੀ ਉਸਾਰੀ ਵਿਚ ਤੇ ਕੁਲ ਦੁਨੀਆਂ ਦੀ ਅਜ-ਕੱਲ ਦੀ ਨੁਕਤਾ ਚੀਨੀ ਦੀ ਢਾਹੁਣ ਤੇ ਉਸਾਰਨ ਦੀ ਕਮਾਈ ਵਿਚ ਕਿੰਨਾ ਕੁ ਫਰਕ ਹੈ।

ਭਾਈ ਸੰਤੋਖ ਸਿੰਘ ਜੀ ਦਾ ਸੱਚ ਆਦਰਸ਼ਿਕ ਆਤਮਿਕ ਵਿਦਯਾ ਦਾ ਸੱਚ ਹੈ ਤੇ ਇਸ ਅੱਜ ਕਲ ਦੀ ਅਕਲ ਦਾ ਉਸਾਰੀ ਦ੍ਰਿਸ਼ਟਮਾਨ ਦੀ 'ਕੂੜ ਕ੍ਰਿਯਾ' ਹੈ। ਭਾਈ ਸੰਤੋਖ ਸਿੰਘ ਜੀ ਨੂੰ ਜੀਉਂਦੇ ਭੀ ਦਿੱਕ ਕੀਤਾ ਗਿਆ, ਓਹਨਾਂ ਦੇ ਮੁਰੱਬੀ ਨੇ ਉਨ੍ਹਾਂ ਤੋਂ ਕਈ ਅਕਲੀ ਕੂੜ ਸਚ ਮੱਲੋ ਮਲੀ ਭਰਾਏ, ਜਿਨ੍ਹਾਂ ਤੋਂ ਕਈ ਵੇਰ ਓਹ ਨਸ ਤੁਰੇ ਫੇਰ ਭੀ ਜੋ ਤਸਵੀਰ ਓਹ ਖਿੱਚ ਗਏ ਹਨ ਓਹ ਧਿਆਨੀ ਉੱਚੇ ਰੰਗ ਦੀ ਅਦੁਤੀ ਕਲਾ ਕੌਸਲ ਦਾ ਕੰਮ ਹੈ। ਅਸੀ ਸਿਖ ਹਾਂ, ਸਾਡਾ ਕੰਮ ਸੀ ਸਿਦਕ ਵਾਲਿਆਂ ਨਾਲ, ਆਤਮਿਕ ਆਦਰਸ਼ ਵਾਲਿਆਂ ਨਾਲ ਭਾਈ ਵਾਲ ਹੋਣਾ ਤੇ ਅਸੀਂ ਉਲਟੇ ਹੋ ਪਏ ਸੋ ਅਜ ਆਪਣੇ ਕਈ ਸਾਲਾਂ ਦੀ ਮਿਹਨਤ ਬਾਬਤ ਨਜ਼ਰ ਮਾਰੋ ਖਾਂ, ਸਾਡੇ ਹੱਥ ਕੀ ਆਇਆ, ਸਾਡੇ ਧਿਆਨ ਵਿਚ ਦਸੇ ਪਾਤਸ਼ਾਹੀਆਂ ਸਾਨੂੰ ਆਪਣੇ ਵਰਗੇ ਲੱਗਣ ਲੱਗ ਪਏ, ਹਾਂ ਜੀ ਕਈ ਮਾਮਲਿਆਂ ਵਿਚ ਭਾਵੇਂ ਅਸੀਂ ਨਾ ਕਹੀਏ, ਤਾਂ ਵੀ ਅਸੀਂ ਓਨਾਂ ਥੀਂ ਉੱਚੇ ਹੋ ਬੈਠਦੇ ਹਾਂ, ਸਾਡੇ ਵਿਚ ਪਿਆਰ ਦੀ ਸੇਜਲ ਨਾ ਰਹੀ, ਰਕੜ ਅਕਲਬਾਜ਼ ਹੁੰਦੇ ਜਾ ਰਹੇ ਹਾਂ ਤੇ ਬਹਾਦਰੀ ਵੀ ਆਹ! ਕਿ ਅਸੀਂ ਅਕਲ ਦੀ ਸ਼ਹਾਦਤ ਬਿਨਾਂ ਕੋਈ ਗੱਲ ਨਹੀਂ ਮੰਨਦੇ, ਇਹ ਸਭ ਸਾਡਾ ਸਾਖੀ ਸਾਹਿਤਜ ਐਵੇਂ ਅਲੰਕਾਰ ਹੁਣ, ਸਾਫ ਸਿੱਧਾ ਇਤਹਾਸ ਕਰੋ। ਬਸ ਉਜਾੜੇ ਵਿਚ ਨਿੰਦਾ ਵਿਚ ਪੈ ਗਏ। ਜਿਵੇਂ ਲੋਕੀ ਸਮਾਜੀਆਂ ਥੀਂ ਨੱਸਦੇ ਹਨ, ਇਵੇਂ ਸਾਡੇ ਥੀਂ ਵੀ ਨੱਸਣ ਲੱਗ ਪਏ ਹਨ। ਅਕਲਾਂ ਵਾਲੇ ਸਿੱਖਾਂ ਨੇ ਵਡੇ ਵਡੇ ਲੋਕਾਂ ਦੀ ਪੱਗ ਜਾਂਦੇ ਜਾਂਦੇ ਜੋ ਲਾਹ ਲੈਣੀ ਹੋਈ, ਨ ਓਹ ਸਤਿਗੁਰਾਂ ਦੇ ਪਿਆਰ ਵਾਲੀ ਸੁਗੰਧ, ਨਾ ਓਹ ਰੂਹ ਦੀ ਮਿੱਠਤ, ਨਾ ਓਹ ਮਾਫੀ, ਨਾ ਓਹ ਅਦਬ, ਨਾ ਓਹ ਮੰਨਣ, ਨਾ ਓਹ ਸਿਦਕ ਤੇ ਝੰਡਾ ਚੁਕੀ ਫਿਰਦੇ ਹਾਂ ਅਸੀਂ ਸਿੱਖ ਧਰਮ ਦੇ ਪ੍ਰਚਾਰ ਦਾ। ਹੁਣ ਸਾਡਾ ਸਾਰਾ ਸੁਭਾਓ ਸਾਡੇ ਨਾ ਜਾਣਦੇ ਭੀ ਆਰਯਾ ਸਮਾਜੀਆਂ ਵਾਂਗ ਹਰ ਗਲ ਨੂੰ ਸਮਝੇ ਬਿਨਾਂ ਦੁਰਕਾਰਨ ਦਾ ਹੋ ਰਿਹਾ ਹੈ ਤੇ ਗੁਰੂ ਦੇ ਪੌਸ਼ਾਕੇ ਵਿਚ ਅਸੀਂ ਫੋਕੀ ਨੁਕਤਾਚੀਨੀ ਦੇ ਚੇਲੇ ਹੋ ਰਹੇ ਹਾਂ।

ਠੀਕ ਜਾਦੂ ਓਹ ਜਿਹੜਾ ਸਿਰ ਉਤੇ ਚੜ੍ਹਕੇ ਬੋਲੇ, ਤੁਸੀਂ ਨਿਰੇ ਅਕਲ ਦੇ ਮੈਦਾਨ ਵਿਚ ਆਓ ਤੇ ਲਓ, ਫਿਰ ਤੁਸਾਡਾ ਸਾਰਾ ਇਤਹਾਸ ਸਾਡਾ ਇਤਹਾਸਿਕ ਜੀਵਨ ਉਡੰਤ ਹੋਂਦਾ, ਅਸੀਂ ਆਪਣੇ ਆਪ ਨਾਲ ਧੋਖਾ ਕਰ ਰਹੇ ਹਾਂ ਅਰ ਇਹ ਭਯਾਨਕ ਤਰਾਂ ਇਕ ਦਿਨ ਪ੍ਰਗਟ ਹੋਵੇਗਾ।

ਅਜ ਕੱਲ ਦੇ ਪੜ੍ਹੇ ਸਿੱਖ ਨਕਲ ਵਲ ਪਏ ਹਨ, ਮਸਲਨ ਲਓ ਸਤਿਗੁਰਾਂ ਦੀ ਇਕ ਥੀਂ ਵਧ ਇਸਤ੍ਰੀ ਨੂੰ ਵਿਹਾਣਾ ਤੂੰ ਸ਼ਰਮਾ ਰਹੇ ਹਨ, ਇਸੀ ਤਰ੍ਹਾਂ ਰੀਣਕ ਜਿਹੀ ਗੱਲ ਲੱਭ ਪਵੇ ਜਿਹੜੀ ਫੋਕੀ ਅਕਲ ਦਾ ਇਖਲਾਕ ਨਹੀਂ ਸਹਾਰ ਸਕਦਾ, ਓਥੇ ਹੀ ਅਸੀਂ ਆਪਣੀ ਗਿੱਚੀ ਨੀਵੀਂ ਸੁਟ ਦਿੰਦੇ ਹਾਂ ਜੀ! ਕੋਲਾਂ ਸੁਚੇ ਪਿਆਰ ਵਿਚ, ਇਲਾਹੀ ਪਿਅਰ ਵਿਚ ਧਿਆਨ ਸਿਥਿਤ ਕੌਲਾਂ ਨੂੰ ਮਾਂ ਪਿਓ ਦੇ ਘਰੋਂ ਜ਼ੁਲਮ ਹੇਠਾਂ ਬਚਾ ਲਿਆਣਾ ਕਿਹੜੀ ਦੁਨੀਆਂਦਾਰੀ ਦਾ ਇਤਹਾਸ ਯਾ ਇਖਲਾਕ ਸਹਾਰ ਸਕਦਾ ਹੈ? ਅਸਲੀ ਰਮਜ਼ਾਂ ਥੀਂ ਟੁੱਟੇ ਹੋਏ ਅਸੀਂ ਪੜ੍ਹੇ ਹੋਏ ਭੁਤ ਸ਼ਰਮਾ ਰਹੇ ਹਾਂ, ਹਾਂ ਜੀ ਇਸ ਬਿਰਦ ਦੇ ਪਾਲਣ ਦੀ ਦੁਖੀਆਂ ਨੂੰ ਬਾਹੁੜਨ ਦੀ 'ਗਜ਼' ਨੂੰ ਉਬਾਰਨ ਦੀ ਖਬਰ ਦੇਵੀ ਦੇਵਤਿਆਂ ਨੂੰ ਹੈ ਫਕੀਰਾਂ ਪੈਗੰਬਰਾਂ ਨੂੰ ਹੈ, ਇਹ ਆਦਮੀਆਂ ਦਾ ਭੈੜਾ ਨਿੱਕਾ ਜਿਹਾ ਤੰਗ ਦਾਇਰੇ ਦਾ ਇਖਲਾਕ ਕੀ ਸਮਝ ਸਕਦਾ ਹੈ। ਸੱਚਾ ਪਾਤਸ਼ਾਹ ਪ੍ਰੀਤ ਤੋਂ ਧਿਆਨ ਦੀ ਖਿੱਚਾਂ ਦਾ ਮਾਲਕ ਆਪਣੇ ਭਗਤਾਂ ਦੀ ਸੁਰਤਿ ਦੇ ਡੋਰੇ ਆਪਣੇ ਹੱਥ ਰਖਦਾ ਹੈ, ਦਾਤਾ ਹੈ ਤੇ ਆਪਣੀ ਇਲਾਹੀ ਦਾਤ ਜਿਉਂ ਭਾਵੇਂ ਉਂਵ ਦੇਵੇ, ਹਾਂ ਆਪਣੇ ਘੋੜੇ ਉਤੇ ਚੜ੍ਹਕੇ "ਘਰੋਂ" ਬਚਾ ਕੇ ਦਿੰਦਾ ਹੈ ਤੇ ਜਿਵੇਂ ਕੌਲਾਂ ਨੂੰ "ਨਾਮ ਦਾਨ" ਮਿਲਿਆ, ਉਂਵ ਤੇ ਉਸ ਸੁਹੱਣਪ ਨਾਲ ਸ਼ਾਇਦ ਕਿਸੀ ਹੋਰ ਦੇ

ਭਾਗ ਹੋਏ ਹੀ ਹੋਸਨ।

ਫੇਰ ਦੇਖੋ ਸੱਚਾ ਪਾਤਸ਼ਾਹ ਧਾਓ ਧਾਈ ਕਸ਼ਮੀਰ ਜਾਂਦਾ ਹੈ "ਖਿਚ ਵਜੀ ਸੂ ਵੇਖਿਆ ਹੀ ਨਠਾ ਗਿਆ ਈ" ਹਾਂ ਜੀ! ਇਕ ਮਾਈ ਦੇ ਪ੍ਰੀਤ ਧਿਆਨ ਦੇ ਖਿੱਚੇ ਆਪਣੇ ਬਿਰਦ ਦੇ ਸਦਕੇ ਦੌੜੀ ਜਾਂਦਾ ਹੈ "ਹਮ ਭਗਤਨ ਕੇ ਭਗਤ ਹਮਾਰੇ" ਹਾਂ ਜੀ ਇਹ ਗੁਰੂ ਤਾਂ ਆਪਣੇ ਭਗਤਾਂ, ਆਪਣੇ ਦਾਸਾਂ ਨੂੰ ਆਪਣਾ ਜੀਵਨ ਮੰਨਦਾ ਹੈ, ਖਿੱਚ ਦਾ ਕੇਂਦਰ ਹੈ, ਪ੍ਰੀਤ ਖਿਚ ਜੀਵਨ ਹੈ ਇਹ "ਜਗਜੀਵਨ" ਹੈ, ਇਹਦਾ ਇਖਲਾਕ ਤੇਰੇ ਮੇਰੇ ਇਖਲਾਕ ਨਾਲ ਕਦ ਟੱਕਰ ਖਾ ਸਕਦਾ ਹੈ। ਓਏ ਭੋਲਿਓ! ਜਿਸ ਹਿਰਦੇ ਵਿਚ ਇਲਾਹੀ ਖਿੱਚ ਪੈਦਾ ਹੋ ਰਹੀ ਹੈ, ਜਿਸਦੇ ਅੰਦਰ ਉੱਪਰਲੇ ਅਨ ਦਿਸਦੇ ਵਲ ਲੋ ਲੱਗ ਪਈ ਹੈ ਓਹ ਇਡੇ ਉਚੇ ਇਖਲਾਕ ਵਿਚ ਹਨ ਕਿ ਤੁਸੀਂ ਓਹਨਾਂ ਨੂੰ ਸਮਝ ਨਹੀਂ ਸਕਦੇ, ਮਹਾਂ ਪੁਰਖਾਂ ਦਾ ਇਖਲਾਕ ਓਹਨਾਂ ਦੇ ਆਪਣੇ ਨਾਲ ਆਉਂਦਾ ਹੈ। ਦੇਖੋ! ਕੈਂਟੋ ਇਖਲਾਕੀ ਕੰਮ ਦਾ ਇਹ ਸਰੂਪ ਦਿੰਦਾ ਹੈ "ਓਹ ਕੰਮ ਜਿਹੜਾ ਮੇਰਾ ਰੂਹ ਇਸ ਸਮਝ ਵਿਚ ਕਰੇ ਕਿ ਜੇ ਇਹੋ ਕੰਮ ਮੇਰੇ ਵਾਂਗ ਸਾਰੀ ਦੁਨੀਆਂ ਕਰੇ, ਤਦ ਓਸ ਦੁਨੀਆਂ ਲਈ ਇਹ ਚੰਗਾ ਸਬੂਤ ਹੋਸੀ।" ਇਹ ਓਹ ਕਾਨੂਨੀ ਸਿਫਤ ਹੈ ਜਿਹੜੀ ਇਖਲਾਕ ਵਾਲੇ ਜਿਧਰ ਚਾਹੁਣ ਮੋਮ ਦੇ ਬੁਤ ਵਾਂਗੂ ਭਵਾ ਲੈਂਦੇ ਹਨ ਅਰ ਆਪਣੇ ਹਰ ਕੰਮ ਲਈ ਕੋਈ ਨਾ ਕੋਈ ਇਖਲਾਕੀ ਇਜਾਜ਼ਤ ਬਣਾ ਲੈਂਦੇ ਹਨ। ਅੱਛਾ! ਜੇ ਕਦੀ ਇਸ ਦੁਨੀਆਂ ਵਿਚ ਇਕ ਐਸਾ ਮਨੁਖ ਹੋਵੇ ਜਿਸਦੇ ਰੂਹ ਤੇ ਰੇਖਾਂ ਦੀ ਸੁਹਣੱਪ ਉਪਰ ਲੋਕੀ ਪਤੰਗੇ ਵਾਂਗ ਆਪਣੇ ਆਪ ਨੂੰ ਵਾਰਨ, ਆਪਣੀ ਜ਼ਿੰਦਗੀ ਦਾ ਮਨੋਰਥ ਜਾਣਨ। ਤੱਦ ਕੀ ਓਸ ਅਨੰਤ ਖਿਚਾਂ ਦੇ ਕੇਂਦਰ ਨੂੰ ਵੀ ਓਹੋ ਫੋਕੇ ਕਾਨੂਨ ਲਾਏ ਜਾਣਗੇ, ਜਿਹੜੇ ਕਿ ਮੇਰੇ ਤੇਰੇ ਪਰ, ਜੋ ਮੈਂ ਮੇਰੀ ਦੀ ਕੈਦ ਵਿਚ ਹਾਂ।

ਬਹੁਤ ਵਹੁਟੀਆਂ ਵਿਹਾਣਾ ਮਾੜਾ ਹੈ, ਬਾਦਸ਼ਾਹ ਲੋਕ ਆਪਣੇ ਵਡੀਅਤ ਦੇ ਸਬੂਤ ਵਿਚ ਬਹੁਤ ਇਸਤ੍ਰੀਆਂ ਗੁਲਾਮੀ ਦੀ ਹਾਲਤ ਵਿਚ ਆਪਣੇ ਮਹਲਾਂ ਵਿਚ ਰੱਖਦੇ ਰਹੇ ਹਨ, ਇਹ ਇਨਸਾਨੀਅਤ ਥੀਂ ਤਲੇ ਹੈਵਾਨੀ ਕੰਮ ਹੈ, ਪਰ ਜੇ ਅਸੀਂ ਹੈਵਾਨ ਹੀ ਹੋਣਾ ਹੈ ਤਦ ਇਕ ਵਹੁਟੀ ਵਿਹਾਣਾ ਕੀ ਇਖਲਾਕ ਹੈ? ਇਕ ਵਹੁਟੀ ਵਾਲਾ ਭੀ ਅਤ ਲੰਪਟ ਕਾਮੀ, ਬਲਕਿ ਵਿਸ਼ਿਆਂ ਨਾਲ ਮੌਤ ਤਕ ਅੱਪੜਨ ਵਾਲਾ ਦੁਰਾਚਾਰੀ ਹੋ ਸਕਦਾ ਹੈ, ਜੇ ਤਾਂ ਕੋਈ ਸੁੱਚੇ ਇਨਸਾਨੀ ਇਖਲਾਕ ਥੀਂ ਹਿਠਾਹਾਂ ਦਰਜੇ ਦੇ ਲੋਕ ਹਨ, ਤਦ ਓਹਨਾਂ ਲਈ ਇਕ ਵਿਵਾਹ ਕਰਨਾ ਵੈਸਾ ਹੀ ਭੈੜਾ ਹੋ ਸਕਦਾ ਹੈ, ਜੈਸੇ ਬਹੁਤ ਵਿਆਹ ਕਰਨੇ ਤੇ ਜੇ ਕੋਈ ਇਨਸਾਨੀ ਦੁਨੀਆਂ ਦਾਰੀ ਇਖਲਾਕ ਵਾਲੀ ਅਵਸਥਾ ਤੋਂ ਉਚਾ ਤੇ ਸੁਚਾ, ਤਦ ਇਕ ਵਿਆਹ ਕਰਨਾ ਵੀ ਐਸਾ ਹੈ ਜੈਸਾ ਕਦੀ ਵਿਆਹ ਕੀਤਾ ਹੀ ਨਹੀਂ "ਵਹੁਟੀਆਂ ਹੋਂਦੇ ਅਵਤਾਰੀ ਲੋਕ ਇੰਞ ਸਣ ਜਿਵੇਂ ਵਹੁਟੀਆਂ ਹੈ ਨਹੀਂ" ਤੇ ਜਦ ਇਸ ਆਤਮਿਕ ਸੱਚ ਦੇ ਇਖਲਾਕ ਤਕ ਸਥਿਤੀ ਪ੍ਰਾਪਤ ਹੋਵੇ ਤੇ ਰੂਹ ਵਿਚ ਓਹ ਮਿੱਠਤ ਉਹ ਰੂਹਾਨੀਅਤ ਹੋਵੇ, ਜਿਸ ਨਾਲ ਕੋਈ ਉਚੇ ਸੁੱਚੇ ਰੰਗ ਨਾਲ ਰੂਹਾਂ ਨੂੰ ਭਰ ਸਕਦੇ ਤੇ ਉਚਾ ਕਰ ਸਕਦੇ ਹਨ, ਤਦ ਇਕ ਵਿਆਹ ਕਰਨਾ ਜਾਂ ਕਈ ਵਿਆਹ ਕਰਨੇ ਇਕ ਭਾਸ਼ਣ ਮਾਤ੍ਰ ਹੈ, ਇਕ ਕਹਣ ਮਾਤ੍ਰ ਹੈ, ਅਸਲੀ ਸੱਚ ਸ਼ਬਦਾਂ ਦੇ ਹੇਰ ਫੇਰ ਵਿਚ ਨਹੀਂ ਕੈਦ ਹੋ ਜਾਂਦੇ ਇਕ ਅਵਤਾਰੀ ਪੁਰਖ ਰੱਬ ਦਾ ਬੰਦਾ ਐਸਾ ਚੰਗਾ ਤੇ ਧਨੀ ਹੈ ਕਿ ਓਹ ੪0 ਰੂਹਾਂ ਨੂੰ ਸੁਖ ਦੇ ਸਕਦਾ ਹੈ, ਤਦ ਜੇ ਓਸਦੀ ਛਾਵਾਂ ੪0 ਅਣ ਬੈਠੇ ਤਾਂ ਯਾ ਇਕ ਆ ਬੈਠੇ ਤਾਂ, ਜੇ 'ਵਹੁਟੀ' 'ਗੁਲਾਮ', 'ਸੇਵਕ' ਆਦਿਕ ਨਾਮ ਧਰ ਲਏ ਤਦ ਤੇ ਜੇ 'ਭੈਣ' 'ਭਰਾ' ਨਾਮ ਧਰ ਲਏ ਤਦ, ਗੱਲ ਸੱਚੇ ਇਖਲਾਕ ਦੀ ਨਦਰ ਵਿਚ ਹਾਂ ਜੀ ਸਚ ਦੀ ਨਦਰ ਵਿਚ ਇਕ ਸੱਚੇ ਉਪਕਾਰ ਦੀ ਹੈ ਤੇ ਜੇ ਜੈਸਾ ਮੈਂ ਉਤੇ ਕਿਹਾ ਹੈ ਆਦਮੀ ਨੇ ਹਾਲੀ ਆਪਾ ਨਹੀਂ ਜਿੱਤਿਆ, ਹਾਲੀ ਹੈਵਾਨ ਥੀਂ ਵੀ ਤਲੇ ਹੈ, ਤਦ ਇਕ ਵਿਆਹ ਕਰਕੇ ਇਸਦਾ ਇਖਲਾਕ ਉਤੇ ਪੁਲਪੁਟ ਕਢਣਾ ਨਿਸਫਲ ਹੈ ਕਿ ਇਕ ਵਿਵਾਹ ਕਰਕੇ ਵੀ ਉਹ ਵੈਸਾ ਹੀ ਬਹੁਤ ਗਾਮੀ ਹੈ, ਜੈਸੇ ਬਹੁਤ ਵਿਆਹ ਕਰਨ ਵਾਲਾ ਇਖਲਾਕ ਥੀਂ ਗਿਰਿਆ ਪੁਰਖ ਹੈ। ਅੱਛਾ ਹੁਣ ਓਹ ਅਵਤਾਰੀ ਰੂਹ ਜਿਸਨੇ ਮੁਰਦਿਆਂ ਨੂੰ ਜਿਵਾ ਲਿਆ, ਜਿਸਦਾ ਨਾਮ ਸਿਵਾਇ ਆਪਾ ਉਹਦੀ ਪ੍ਰੀਤ ਵਿਚ ਘੋਲਣ ਦੇ ਅਸੀਂ ਹੋਰ ਕਿਸੀ ਤਰ੍ਹਾਂ ਲੈ ਨਹੀਂ ਸਕਦੇ, ਜਿਸਦੀ ਪਵਿਤ੍ਰਤਾ ਰੱਬ ਦੀ ਆਪਣੀ ਪਵਿੱਤ੍ਰਤਾ ਹੈ, ਜਿਸ ਦਾ ਲਹੂ ਰੱਬ ਦਾ ਲਹੂ ਹੈ, ਜਿਸਦਾ ਸੁਹਣੱਪ ਰੱਬ ਦਾ ਸੁਹਣੱਪ ਹੈ, ਐਸੇ ਮਾਤ ਲੋਕੀ ਜਾਮਾਂ ਪਾਏ ਅਰਸ਼ੀ ਰੱਬੀ, ਰੂਹਾਨੀ, ਅਸਲੀ ਮਹਾਰਾਜ ਨੂੰ ਕੋਈ ਦੱਸੇ ਨਾ, ਕਿਤਨੇ ਅਣਗਿਣਤ ਦਿਲ ਖਿੱਚਾਂ ਪਾਟਰੇ,ਹਾਂ ਜੀ ਅਸੀਂ ਮਾੜੇ ਲੋਕ ਆਪਣੇ ਹੱਦ ਦੇ ਯਤਨ ਨਾਲ ਖਿਚਾਂ ਪਾਵਾਂਗੇ, ਓਹਨਾਂ ਖਿੱਚਾਂ ਦਾ ਕੇਂਦਰ ਆਪਣੀ ਰੱਬਤਾ ਨਾਲ ਸਾਨੂੰ ਰੱਬ ਬਣਾਏਗਾ।

ਅਸੀਂ ਭਾਵੇਂ ਕਿਸੇ ਭਾਵਨਾਂ ਨਾਲ ਓਹਨੂੰ ਪਿਆਰ ਕਰਾਂਗੇ, ਪਰ ਉਹ ਸਾਨੂੰ ਰੱਬ ਦੀ ਉਚਿਆਈ ਵਲ ਲੈ ਜਾਏਗਾ, ਹਾਂ ਜੀ ਓਹ ਸਾਨੂੰ ਸਾਡੇ ਨੀਵੇਂ ਭਾਵਾਂ ਨੂੰ ਉਚਾ ਕਰਕੇ ਰੱਬ ਦੇ ਪਿਆਰ ਦੇ ਲਾਇਕ ਕਰੇਗਾ। ਕੀ ਇਹੋ ਜਹੇ ਅਵਤਾਰ ਲਈ ਵੀ ਸਾਡਾ ਕਾਨੂੰਨ ਬਦਲੇਗਾ ਨਹੀਂ? ਆਪਣੇ ਲਈ ਤਾਂ ਅਸੀਂ ਖਿਣ ਖਿਣ ਬਦਲੀਏ, ਆਪਣੇ ਕਰਮਾਂ

ਨੂੰ ਤਾਂ ਝਟ ਪਟ ਮਾਰਲ ਐਕਟ ਹੋਣ ਦੀ ਚਿਟ ਲਾ ਦੇਈਏ, ਹਚਾਰ ਤਰਾਂ ਦੇ ਛਿਪਾਵਾਂ ਹੇਠ ਕੁਛ ਹੋਰ ਹੋਵੇ ਤੇ ਉਪਰ ਅਸੀਂ ਏਕਾ ਨਾਰੀ ਜਤੀ ਦੀ ਡੀਂਗ ਮਾਰੀਏ ਪਰ ਕੀ ਅਸੀ ਅਵਤਾਰ ਮਹਾਂਪੁਰਖਾਂ ਨੂੰ ਬਹੁਤ ਵਿਆਹ ਕਰਨ ਵੇਲੇ ਆਪਣੀ ਸਾਰੀ ਇਖਲਾਕੀ ਅਕਲ ਦੀ ਚਾਂਦ ਮਾਰੀ ਕਰੀਏ। ਅਸੀਂ ਕੁਤੇ ਹਾਂ, ਸਾਡਾ ਭਖ ਹੱਡੀ ਹੈ, ਅਸੀਂ ਮਾਰਲ ਅਵਤਾਰਾਂ ਦਾ ਨਿਆਂ ਕਰੀਏ? ਚੁਪ॥ ਓਏ! ਸਤਿਗੁਰਾਂ ਕਿੰਨੇ ਵਿਆਹ  ਕੀਤੇ ਬੋਲ, ਹਾਇ ਵੇ ਘਟ ਕੀਤੇ। ਵਹੁਟੀ ਬਣਕੇ, ਸਿੱਖ ਬਣ ਕੇ, ਪੁਤ੍ਰ ਬਣ ਕੇ, ਗੁਲਾਮ ਬਣਕੇ, ਧੀ ਬਣਕੇ, ਉਨ੍ਹਾਂ ਦੀ ਬਖਸ਼ਸ਼ ਤਾਂ ਓਹੋ ਹੋਸੀ ਕਿ ਓਹਨਾਂ ਨੇ ਹਰ ਸਨਬਧੀ, ਹਰ ਮਿਤ੍ਰ, ਹਰ ਜੀਵ ਨੂੰ ਰੱਬ ਵਲ ਜੋੜਿਆ ਤੇ ਪਵਿੱਤ੍ਰ ਕਰ ਦਿੱਤਾ। ਧੰਨ ਭਾਗ ਪੰਜਾਬ ਦੀਆਂ ਓਹਨਾਂ ਦੇਵੀਆਂ ਦੇ, ਜਿਨ੍ਹਾਂ ਨੂੰ ਸਤਿਗੁਰਾਂ ਦੀ ਨਿੱਜ ਦੀ ਸੇਵਾ ਕਰਨ ਦਾ ਸੁਭਾਗ ਲੱਭਾ। ਸ਼ੋਕ ਹੈ ਤਾਂ ਇਸ ਗੱਲ ਦਾ ਕਿ ਬਹੁਤ ਸਾਰੇ ਰੂਹਾਂ ਨੂੰ ਇਹ ਸੁਭਾਗ ਨਾ ਮਿਲਿਆ, ਇਹ ਸਤਿਗੁਰਾਂ ਦੇ ਘਰ ਦੇ ਅੰਦਰ ਉਪਰ ਕਟਾਖਯ ਕਰਨ ਵਾਲੇ ਕਮੀਨੇ ਹਨ, ਜੇ ਸਾਡੀ ਅਕਲ ਇਹ ਕਮੀਨ ਪੁਣਾਂ ਕਰੇ, ਤਾਂ ਗੋਲੀ ਨਾਲ ਮਰ ਜਾਣਾ ਚੰਗਾ ਹੈ, ਧਰਤੀ ਪਰ ਆਪਣੇ ਜਿਸਮ ਦਾ ਭਾਰ ਪਾਣਾ ਉਚਿਤ ਨਹੀਂ ਹੈ। ਓਏ! ਕਲਗੀਆਂ ਵਾਲੇ ਦਾ ਇਖਲਾਕ ਉਤੇ ਤੁਸਾਨੂੰ ਅਜ ਲੋਕੀ ਨੁਕਤਾਚੀਨੀ ਕਰ ਰਹੇ ਹਨ, ਕਿਉਂ? ਪਹਲੇ ਅਸੀਂ ਆਪ ਅੰਦਰ ਢਹ ਚੁਕੇ ਹਾਂ, ਹੁਣ ਲੋਕੀ ਕਹੀ ਬਾਰਕੋਂ ਮਾਰਨ ਲੱਗ ਪਏ ਹਨ, ਤੁਸਾਂ ਮਰਨਾ ਕਿਤੇ ਨਾਂ ਕਿਤੇ ਜ਼ਰੂਰ ਹੈ, ਇਹ ਕਹੀ ਮਾਰਨ ਵਾਲੇ ਤੁਹਾਨੂੰ ਮੋਏ ਇਖਲਾਕ ਦੇ ਬੂਹੇ ਜਾ ਕੇ ਮਾਰਨਗੇ, ਇਕ ਵਿਆਹ ਵਾਲੇ ਗੁੰਡਯਾਂ ਦੀ ਪੂਜਾ ਤੁਸਾਨੂੰ ਸਿਖਾਣਗੇ ਪਰ ਤੁਸਾਡੇ ਸ਼ੱਕ ਦਾ ਮੁਲ ਇਹ ਪਵੇਗਾ ਕਿ ਗੁਰਾਂ ਦੀ ਆਤਮਿਕ ਸੱਚ ਦੀ ਸੱਭਯਤਾ ਥੀਂ ਤੁਸਾਨੂੰ ਧਿਕੇ ਮਾਰਕੇ ਬਾਹਰ ਕੱਢਣਗੇ ਇਖਲਾਕ ਕੋਈ ਦਿਖਾਵਾ ਹੈ ਯਾ ਇਸ਼ਤਿਹਾਰ ਹੈ, ਬਾਹਰੋ ਖੱਦਰ ਪਾਏ ਹੋਏ ਨੂੰ ਤੁਸਾਂ ਗਰੀਬ ਕੈਹ ਦੇਣਾ ਹੋਯਾ ਤੇ ਅੰਦਰ ਭਾਵੇਂ ਓਜਏ ਅਮੁਲ ਪੱਟ ਦਾ ਪੋਸ਼ਾਕਾ ਹੋਵੇ ਤੇ ਬਾਹਰੋ ਪਟ ਪਾਏ ਹੋਏ ਨੂੰ ਤੁਸਾਂ ਖੁਦਾ ਮੰਨ ਲੈਣਾ ਹੋਯਾ ਭਾਵੇਂ ਉਸਦੇ ਅੰਦਰ ਕਮੀਨਪੁਣੇ ਮੈਲੇ ਥੀਂ ਮੈਲੇ ਦਾ ਪਹਿਰਣ ਹੋਵੇ, ਇਹ ਤਾਂ ਤੁਸਾਡਾ ਇਨਸਾਫ ਹੈ ਤੇ ਇਸ ਇਨਸਾਫ ਉਤੇ ਨੁਕਤਾਚੀਨੀ ਨੇੜੇ ਤੇੜੇ ਨਹੀਂ ਰਹਿੰਦੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਮਹਲਾਂ ਦਾ ਅੰਦਰਲਾ ਹਾਲ ਲੋਕੀ ਇਤਹਾਸ ਦਾ ਮਜ਼ਮੂਨ ਬਨਾ ਲੈਂਦੇ ਹਨ ਓਏ! ਅੰਦਰ ਕੌਣ ਤਕਦਾ ਹੈ ਇਹ ਇਖਲਾਕ ਉਕ ਦੇ ਉਪਦੇਸ਼ ਐਵੇਂ ਸੋਸਾਇਟੀ ਦੇ ਅਖਬਾਰਾਂ ਤੇ ਇਸ਼ਤਿਹਾਰ ਨਹੀਂ, ਇਨ੍ਹਾਂ ਅੰਨੇ ਕੁਤੇ ਹਰਨਾਂ ਮਗਰ ਆਪਨਾ ਸਿਦਕ ਕਿਉਂ ਵੇਡਨਾ ਜਾਂ ਇਹ ਤਮਾਸ਼ਾ ਦੇਖੋ ਕਿ ਇਨ੍ਹਾਂ ਨੁਕਤਾਚੀ ਨਾਂ ਪਾਸ ਹਰਗਿਜ਼ ਹਰਗਿਜ਼ ਕੋਈ ਇਤਹਾਸਿਕ ਸਬੂਤ ਨਹੀਂ ਹੈ ਜਿਸ ਨਾਲ ਇਹ ਕਹ ਸਕਣ ਕਿ ਉਨ੍ਹਾਂ ਦਾ ਇਕ ਵਿਆਹ ਸੀ ਕਿ ਬਹੁਤੇ ਕਿ ਕੋਈ ਬੀ ਨਹੀਂ ਸੀ। ਕੋਈ ਇਤਹਾਸਕ ਸਬੂਤ ਪੱਲੇ ਨਹੀਂ ਹੈ। ਫੇਰ ਤੁਹਾਨੂੰ ਗੋਲਾ ਬਾਰੀ ਕਰ ਰਹੇ ਹਨ ਨਾ ਮੇਰਾ ਏਹ ਮਤਲਬ ਹੈ ਕਿ ਬਹੂੰ ਵਿਆਹ ਕਰੋ। ਮੇਰਾ ਤਾਂ ਮਤਲਬ ਇਹ ਹੈ ਕਿ ਅੰਨੇ ਕੁਤੇ ਹਰਨਾਂ ਮਗਰ ਹਨ। ਖਾਲਸਾ ਜੀ! ਤੁਸੀਂ ਆ ਪਨੇ ਘਰ  ਨੂੰ ਵੀਚਾਰੋ ਇਨ੍ਹਾਂ ਦੇ ਮਗਰ ਅਪਨੇ ਮੰਦਰਾਂ ਦੇ ਉਦਾਲੇ ਕਹੀਆਂ ਲੈ ਕੇ ਨਾ ਹੋ ਜਾਓ।

ਸਤਗੁਰ ਇਕ ਤੋਤੇ ਵਲ ਤਕਦੇ ਹਨ ਮੁਲ ਪੈਂਦਾ ਹੈ ਇਕ ਸਿਖ ਦੀ ਵਹੁਟੀ ਤੇ ਕੰਨਯਾਂ ਬੀਰ ਸਿਖ ਦਿੰਦਾ ਹੈ ਤੋਤਾ ਲਿਆਉਂਦਾ ਹੈ, ਸਤਿਗੁਰੂ ਬਿਹ ਬਲ ਹੋਏ ਅਪਨੀ ਸਿਖ ਬੇਟੀ ਤੇ ਉਸ ਦੀ ਬਚੀ ਵਲ ਜਾਂਦੇ ਹਨ ਤੋਤੇ ਵਾਲਾ ਤੇ ਓਸਦੀ ਘਰ ਵਾਲੀ ਅਗੇ ਹੀ ਸਤਿਗੁਰ ਦੀ ਬੀਰ ਬਚੀ ਨੂੰ "ਮਾਂ ਰੂਪ" ਵਿਚ ਦੇਖ ਚਰਨਾਂ ਪਰ ਗਿਰੇ ਹਨ ਇਸ ਅਚੰਭੇ ਵਿਚ ਸਿਖ ਸਿੱਖਣੀ ਸਿਖ ਤੇ ਤੋਤੇ ਵਾਲੇ ਤੇ ਓਸਦੇ ਘਰ ਦੇ ਛਤ ਉਤੇ ਅਰਸ਼ ਟੁਟ ਕੇ ਪੈਂਦੇ ਹਨ। ਨਿਹਾਲ ਹੁੰਦੇ ਹਨ, ਅਜ ਕਲ ਦਾ ਸਿਖ ਇਨੂੰ ਕੂੜ ਪੁਰਾਣਿਕ ਗਪ ਪਿਆ ਕਹੇ। ਪਰ ਇਸ ਦਾ ਅਸਰ ਧਿਆਨੀ ਰੂਹ ਤੇ ਜੋ ਹੁੰਦਾ ਹੈ ਉਸ ਥੀਂ ਪਤਾ ਲਗਦਾ ਹੈ ਕਿ ਇਹ ਪੂਰਬੀ ਕਲਾਸਿਕ ਇਤਿਹਾਸ ਹੈ, ਹਾਂ ਜੀ ! ਮੈਂ ਦਾਵੇ ਨਾਲ ਕਹਿੰਦਾ ਹਾਂ ਕਿ ਕੋਈ ਅਕਲ ਦੀ ਖਿਚੀ ਤਸਵੀਰ ਇਸ ਅਸਰ ਦੀ ਮਾੜੀ ਜਿਹੀ ਨਕਲ ਵੀ ਨਹੀਂ ਕਰ ਸਕਦੀ ! ਓਏ! ਇਹੋ ਗਪਾਂ ਤਾਂ ਸਾਡਾ ਸਚਾ ਇਤਹਾਸ ਹੈ, ਇਹਨਾਂ ਨੂੰ ਤੁਸਾਂ ਕੱਢਿਆ ਬਾਕੀ ਕੀ ਰਹਣਾ ਹੈ। ਇਕ ਨਾ ਧ੍ਰੀਕ ਅਜਕਲ ਦਾ ਪੜ੍ਹਯਾ ਸਿਖ ਮੇਨੂੰ ਕਹਣ ਲਗਾ, ਜਾਦੂਨਾਥ ਨੇ ਸਚ ਹੀ ਲਿਖਯਾ ਹੈ ਸਾਡੇ ਇਤਹਾਸ ਵਿਚ ਗੰਦੀਆਂ ਗਲਾਂ ਹਨ ਹੀ ਨਾਂ ਤੇ ਫਾਰਸੀ ਇਤਹਾਸਿਕ ਕਿਤਾਬਾਂ ਵਿਚ ਭੀ ਕੋਈ ਕਹਾਣੀ ਸਿਖਾਂ ਦੀ ਦਿਤੀ ਹੈ ਤੇ ਜਾਦੂ ਨਾਥ ਨੇ ਬਹੁਤ ਭੈੜੀ ਹੋਣ ਕਰਕੇ ਨਹੀਂ ਦਿਤੀ।

(ਨੋਟ : ਪ੍ਰੋ. ਪੂਰਨ ਸਿੰਘ ਜੀ ਦੀ ਉਪਰੋਕਤ ਲਿਖਤ ਕਈ ਭਾਗਾਂ ਵਿਚ 'ਖਾਲਸਾ ਸਮਾਚਾਰ' ਵਿਚ ਛਪੀ ਸੀ ਪਰ ਇਸ ਤੋਂ ਅੱਗੇ 'ਚਲਦਾ' ਲਿਖਿਆ ਹੋਣ ਦੇ ਬਾਵਜੂਦ ਇਸ ਦਾ ਕੋਈ ਹੋਰ ਹਿੱਸਾ ਨਹੀਂ ਮਿਲਦਾ ਹੈ।)

*ਮੁਲਾਕਾਤ*

# ਬਾਜ਼ਾਰ ਸੰਸਕ੍ਰਿਤੀ ਲੇਖਕ 'ਤੇ ਵੀ ਹਾਵੀ ਹੈ—ਕ੍ਰਿਸ਼ਨਾ ਸੋਬਤੀ

ਮੁਲਾਕਾਤੀ : ਗਰਜਨ ਸਿੰਘ ਵਰਕੜੇ

ਅਨੁਵਾਦ : ਭੁਪਿੰਦਰ ਕੌਰ 'ਪ੍ਰੀਤ'

"
ਕਹਾਣੀ ਉਹ ਵਿਸ਼ਾ ਹੈ ਜਿਸ ਨੂੰ ਸਚਮੁੱਚ ਤਰਾਸ਼ ਲਿਆ ਗਿਆ ਹੈ
ਜੇ ਤਰਾਸ਼ਿਆ ਨਾ ਜਾਵੇ ਤਾਂ ਕਹਾਣੀ ਬਹੁਤੇ ਲੇਖਕਾਂ ਤੋਂ ਪੜ੍ਹੀ ਨਹੀਂ ਜਾਵੇਗੀ। —*ਕ੍ਰਿਸ਼ਨਾ ਸੋਬਤੀ*
"



ਹਿੰਦੀ ਦੀ ਪ੍ਰਸਿੱਧ ਰਚਨਾਕਾਰ ਕ੍ਰਿਸ਼ਨਾ ਸੋਬਤੀ ਦਾ ਜਨਮ ਵੰਡ ਤੋਂ ਪਹਿਲਾਂ ਦੇ ਗੁਜਰਾਤ ਪੰਜਾਬ ਵਿਚ ਹੋਇਆ। ਜੋ ਹੁਣ ਪਾਕਿਸਤਾਨ ਵਿਚ ਹੈ। ਕ੍ਰਿਸ਼ਨਾ ਦੀ ਸਿੱਖਿਆ ਦਿੱਲੀ, ਸ਼ਿਮਲਾ ਅਤੇ ਲਾਹੌਰ ਵਿਖੇ ਹੋਈ। ਉਸ ਦੀ ਪਹਿਲੀ ਕਹਾਣੀ 'ਲਾਮਾ' 1944 ਵਿਚ ਪ੍ਰਕਾਸ਼ਿਤ ਹੋਈ। ਕ੍ਰਿਸ਼ਨਾ ਦੇ ਪ੍ਰਮੁੱਖ ਨਾਵਲ 'ਡਾਰ ਸੇ ਬਿਛੁੜੀ', 'ਮਿਤਰੋ ਮਰਜਾਨੀ', 'ਯਾਰੋਂ ਕੇ ਯਾਰ', 'ਸੂਰਜਮੁਖੀ ਅੰਧੇਰੇ ਮੇਂ', 'ਜ਼ਿੰਦਗੀਨਾਮਾ', 'ਏ ਲੜਕੀ' ਹਨ। ਇਨ੍ਹਾਂ ਵਿਚੋਂ 'ਮਿਤਰੋ ਮਰਜਾਨੀ' ਅਤੇ 'ਡਾਰ ਸੇ ਬਿਛੁੜੀ' ਦਾ ਨਾਟ-ਰੂਪਾਂਤਰਣ ਵੀ ਹੋ ਚੁੱਕਿਆ ਹੈ। ਇਸ ਤੋਂ ਬਿਨਾਂ ਕਹਾਣੀ, ਨਿਬੰਧ ਵਿਚ ਵੀ ਕ੍ਰਿਸ਼ਨਾ ਨੇ ਸਿਰਜਣ ਕੀਤਾ ਹੈ।

ਵਿਸ਼ਵ ਦੇ ਕਈ ਮੁਲਕਾਂ ਦੀ ਕ੍ਰਿਸ਼ਨਾ ਨੇ ਯਾਤਰਾ ਕੀਤੀ ਅਤੇ ਦੂਰਦਰਸ਼ਨ ਦੇ ਪ੍ਰਸਿੱਧ ਸੀਰੀਅਲ 'ਬੁਨਿਆਦ' ਵਿਚ ਉਸ ਨੇ ਸਲਾਹਕਾਰ ਦੇ ਰੂਪ ਵਿਚ ਸਹਿਯੋਗ ਦਿੱਤਾ। ਡਾ. ਕ੍ਰਿਸ਼ਨਾ ਸੋਬਤੀ ਨੂੰ ਗਿਆਨਪੀਠ, ਸਾਹਿਤ ਅਕਾਦਮੀ ਅਤੇ ਕਈ ਹੋਰ ਵੱਡੇ ਇਨਾਮਾਂ ਨਾਲ ਨਿਵਾਜ਼ਿਆ ਗਿਆ।

94 ਸਾਲ ਦੇ ਜੀਵਨ ਵਿਚ ਉਨ੍ਹਾਂ 70 ਸਾਲ ਲਿਖਿਆ ਅਤੇ ਇਕ ਤੋਂ ਬਾਅਦ ਇਕ ਨਾਯਾਬ ਰਚਨਾਵਾਂ ਹਿੰਦੀ ਸਾਹਿਤ ਨੂੰ ਦਿੱਤੀਆਂ। ਸਵੈਮਾਣ, ਆਜ਼ਾਦੀ ਅਤੇ ਆਪਣੀਆਂ ਸ਼ਰਤਾਂ ਨਾਲ ਜ਼ਿੰਦਗੀ ਜਿਊਣ ਵਾਲੀ ਮਹਾਨ ਲੇਖਕਾ ਨੇ 25 ਜਨਵਰੀ (2019) ਨੂੰ ਸਵਾਸ ਤਿਆਗ ਦਿੱਤੇ। ਗਰਜਨ ਸਿੰਘ ਵਰਕੜੇ ਦੀ ਕ੍ਰਿਸ਼ਨ ਸੋਬਤੀ ਨਾਲ ਹੋਈ ਗੱਲਬਾਤ ਰਾਹੀਂ ਅਸੀਂ ਉਸ ਨੂੰ ਯਾਦ ਕਰਦਿਆਂ ਨਮਨ ਕਰਦੇ ਹਾਂ।

? *ਕ੍ਰਿਸ਼ਨਾ ਜੀ ਤੁਸੀਂ ਕਦੋਂ ਲਿਖਣਾ ਸ਼ੁਰੂ ਕੀਤਾ ਤੇ ਪਹਿਲੋਂ-ਪਹਿਲ ਸਾਹਿਤ ਦੇ ਕਿਸ ਰੂਪ ਵਿਚ ਲਿਖਿਆ ?*

• ਸਾਰੇ ਲੇਖਕ ਇਕ ਨਾ ਇਕ ਸਮੇਂ ਆਪਣੀ ਜ਼ਿੰਦਗੀ ਵਿਚ ਕਵਿਤਾ ਲਿਖਣਾਂ ਪਸੰਦ ਕਰਦੇ ਹਨ। ਜਦੋਂ ਆਪਣੀ ਡਾਇਰੀ ਲਿਖਣ ਮਗਰੋਂ ਮੈਨੂੰ ਅਹਿਸਾਸ ਹੋਇਆ ਕਿ ਮੈਂ ਕੁਝ ਕਵਿਤਾਵਾਂ ਲਿਖ ਸਕਦੀ ਹਾਂ ਤਾਂ ਮੈਂ ਹਲਕੀ-ਫੁਲਕੀ ਤੁਕਬੰਦੀ ਸ਼ੁਰੂ ਕੀਤੀ ਅਤੇ ਇਕ ਕਵਿਤਾ ਜੋ ਮੈਂ ਲਿਖੀ, ਉਹ ਆਪਣੇ ਲਈ ਯਾਦ ਕਰ ਸਕਦੀ ਹਾਂ। ਉਹ ਇਹ ਸੀ ਕਿ 'ਮੈਂ ਮੁਸਕਰਾਉਂਦੀ ਜਿਹੀ ਸਵੇਰ ਢਲਦੀ ਹੋਈ ਸ਼ਾਮ ਹਾਂ, ਮੈਂ ਮਿਟਣ ਵਾਲਿਆਂ ਦਾ ਯੁਗਾਂ ਤਕ ਰਹਿਣ ਵਾਲਾ ਨਾਮ ਹਾਂ'। ਇਸ ਤੋਂ ਮਗਰੋਂ ਪਤਾ ਨਹੀਂ ਕੀ ਹੋਇਆ, ਇਸ ਦੇ ਪੜ੍ਹਨ ਤੋਂ ਬਾਅਦ ਹੀ ਮੈਨੂੰ ਪਤਾ ਚੱਲ ਗਿਆ ਕਿ ਮੈਂ ਕਵਿਤਾ ਲਿਖਣ ਦੇ ਲਾਇਕ ਨਹੀਂ ਹਾਂ ਤੇ ਮੈਂ ਕਵਿਤਾ ਲਿਖਣੀ ਬੰਦ ਕਰ ਦਿੱਤੀ। ਵਾਰਤਕ ਦੇ ਸਮਾਜਿਕ ਗੁਣਾਂ ਨੇ ਕਾਫ਼ੀ ਲੰਮੇ ਤੀਕ ਮੈਨੂੰ ਆਪਣੇ ਵੱਲ ਖਿੱਚੀ ਰੱਖਿਆ। ਮੈਨੂੰ ਜਾਪਦਾ ਹੈ ਕਿ ਕਵਿਤਾ ਲਿਖਣਾ ਇਕ ਅਜਿਹਾ ਕਾਰਜ ਹੈ ਜਿਸ ਦੇ ਲਈ ਤੁਸੀਂ ਖ਼ੁਦ ਜ਼ਿੰਮੇਵਾਰ ਨਹੀਂ, ਤੁਸੀਂ ਆਪ ਇਸ ਨੂੰ ਨਹੀਂ ਲਿਖਦੇ, ਕੋਈ ਚੀਜ਼ ਹੈ ਕੋਈ ਸ਼ਕਤੀ ਹੈ ਜੋ ਤੁਹਾਡੇ ਤੋਂ ਲਿਖਵਾਉਂਦੀ ਹੈ। ਵਾਰਤਕ ਹੈ, ਤੁਸੀਂ ਮੁਸਤੈਦੀ ਨਾਲ ਉਸ 'ਤੇ ਕੰਮ ਕਰਦੇ ਹੋ। ਜੋ ਵਿਚਾਰ ਤੁਹਾਡੇ ਧਿਆਨ ਵਿਚ ਹੈ, ਉਸ ਦੀ ਜੋ ਭਾਸ਼ਾ ਹੈ, ਉਸ ਨੂੰ ਤੁਸੀਂ ਨਿਰਧਾਰਤ ਕਰਦੇ ਹੋ, ਉਸ ਦੀ ਭਾਸ਼ਾ ਨੂੰ

ਸੰਵਾਰਦੇ ਹੋ। ਉਸ ਨੂੰ ਸਹੀ ਸ਼ਬਦ ਦਿੰਦੇ ਹੋ। ਜਿਸ ਦਾ ਤਾਲਮੇਲ ਉਸ ਦੇ ਯਥਾਰਥ ਨਾਲ ਵੀ ਹੋਣਾ ਜ਼ਰੂਰੀ ਹੈ। ਇਸ ਵਿਸ਼ੇ 'ਤੇ ਜੋ ਵਾਰਤਕ ਮੈਂ ਲਿਖਦੀ ਹਾਂ ਉਹ ਕਾਫ਼ੀ ਮੁੱਲਵਾਨ ਗਤੀ ਦਾ ਅਹਿਸਾਸ ਦਿੰਦੀ ਹੈ।

? *ਤੁਸੀਂ ਕਵਿਤਾ ਤੋਂ ਸ਼ੁਰੂਆਤ ਕੀਤੀ, ਅੱਜ ਤੁਸੀਂ ਇਕ ਕਹਾਣੀਕਾਰ, ਨਾਵਲਕਾਰ ਦੇ ਰੂਪ ਵਿਚ ਪਛਾਣੇ ਜਾਂਦੇ ਹੋ, ਤੁਸੀਂ ਪਹਿਲੀ ਕਹਾਣੀ ਕਿਹੜੀ ਲਿਖੀ ਜਾਂ ਨਾਵਲ ਤੋਂ ਵਾਰਤਕ ਵਿਧਾ ਦੀ ਸ਼ੁਰੂਆਤ ਕੀਤੀ ?*

• ਜੇ ਪਿਛਾਂਹ ਮੁੜੀਏ ਤਾਂ ਬਚਪਨ ਵਿਚ ਮੈਂ ਜਦੋਂ ਸਕੂਲ ਵਿਚ ਸਾਂ ਤਾਂ 'ਲਾਮਾ' ਨਾਂ ਦੀ ਇਕ ਕਹਾਣੀ ਲਿਖੀ ਸੀ। ਉਦੋਂ ਹਿੰਦੀ ਸਾਹਿਤ ਸੰਮੇਲਨ ਸ਼ਿਮਲਾ ਵਿਖੇ ਹੋਇਆ ਸੀ ਤੇ ਮੈਂ ਉਦੋਂ ਦੂਰੋਂ ਹੀ ਨਿਰਾਲਾ ਜੀ ਅਤੇ ਭਗਵਤੀ ਚਰਣ ਵਰਮਾ ਹੁਰਾਂ ਨੂੰ ਸ਼ਿਮਲਾ ਵਿਖੇ ਤੱਕਿਆ ਸੀ। ਉਥੇ ਹੀ ਮੈਨੂੰ ਲੱਗਾ ਕਿ ਵਰਮਾ ਜੀ ਇਕ ਰਸਾਲਾ ਕੱਢ ਰਹੇ ਹਨ। ਉਸ ਦਾ ਨਾਂ 'ਵਿਚਾਰ' ਸੀ। ਉਹ ਰਸਾਲਾ ਬਹੁਤ ਵਧੀਆ ਸੀ। ਉਹ ਕਹਾਣੀ ਮੈਂ ਉਥੇ ਭੇਜ ਦਿੱਤਾ। ਕਹਾਣੀ ਇਕ ਲਦਾਖੀ ਲਾਮਾ ਉੱਤੇ ਸੀ। ਮੈਨੂੰ ਪਤਾ ਨਹੀਂ ਸੀ ਕਿ ਮੈਂ ਕਿਹੋ ਜਿਹਾ ਲਿਖਿਆ ਹੈ ਪਰ ਉਹ ਕਹਾਣੀ ਉਨ੍ਹਾਂ ਬਿਨਾਂ ਕੋਈ ਸੋਧ ਕੀਤਿਆਂ ਛਾਪ ਦਿੱਤੀ। ਛਪਣ ਤੋਂ ਮਗਰੋਂ ਵਾਰ-ਵਾਰ ਤੱਕਦੀ ਰਹੀ ਕਿ ਉਸ ਕਹਾਣੀ ਨੂੰ ਉਨ੍ਹਾਂ ਸੋਧਿਆ ਹੈ ਕਿ ਨਹੀਂ, ਪਰ ਉਸ ਵਿਚ ਕੋਈ ਬਦਲਾਅ ਨਹੀਂ ਸੀ। ਪਰ ਉਸ ਕਹਾਣੀ ਤੋਂ ਬਾਅਦ ਲੰਮੇ ਅਰਸੇ ਤਕ ਕੋਈ ਹੋਰ ਕੰਮ ਨਾ ਕੀਤਾ। ਮੈਂ ਆਪਣੀ ਪੜ੍ਹਾਈ ਵਿਚ ਲੱਗੀ ਰਹੀ। ਜਦੋਂ 'ਸਿੱਕਾ ਬਦਲ ਗਿਆ' ਕਹਾਣੀ ਮੈਂ ਵੰਡ ਤੋਂ ਮਗਰੋਂ ਲਿਖੀ ਤਾਂ ਇਸ ਵਾਰ ਸੰਪਾਦਕ ਅਗੇਯ ਜੀ ਸਨ। ਮੈਂ ਉਨ੍ਹਾਂ ਨੂੰ ਕਹਾਣੀ ਭੇਜ ਦਿੱਤੀ। ਇਕ ਦਿਨ ਕੀ ਹੋਇਆ ਕਿ ਸ਼ਾਮ ਦੀ ਚਾਹ 'ਤੇ ਉਨ੍ਹਾਂ ਮੈਨੂੰ ਇਕ ਰਸਾਲਾ ਦਿੱਤਾ 'ਪ੍ਰਤੀਕ'। ਮੈਂ ਉਹ ਰਸਾਲਾ ਉਨ੍ਹਾਂ ਸਾਹਮਣੇ ਨਾ ਖੋਲ੍ਹਿਆ। ਮੈਂ ਘਰ ਆ ਕੇ ਵੀ ਨਾ ਖੋਲ੍ਹਿਆ। ਜਦੋਂ ਖਾਣਾ ਖਾਣ ਮਗਰੋਂ ਮੈਂ ਆਪਣੇ ਸਟੱਡੀ ਵਿਚ ਗਈ ਤਾਂ ਮੈਂ ਉਸ ਨੂੰ ਵੇਖਿਆ। ਮੈਨੂੰ ਪਹਿਲੀ ਵਾਰ ਆਪਣੀ ਸ਼ਕਤੀ ਦਾ ਅਹਿਸਾਸ ਹੋਇਆ ਕਿ ਮੈਂ ਛਪੀ ਹੋਈ ਚੀਜ਼ ਨੂੰ ਆਪਣੇ ਆਪ ਨੂੰ ਗ਼ੈਰ-ਹਾਜ਼ਰ ਕਰਕੇ ਵੀ ਵੇਖ ਸਕਦੀ ਹਾਂ। ਮੈਂ ਪਹਿਲਾਂ ਉਸ ਦੇ ਵੱਲ ਧਿਆਨ ਕੀਤਾ, ਫਿਰ ਮੈਂ ਆਪਣਾ ਨਾਮ ਤੱਕਿਆ। ਮੈਨੂੰ ਪਹਿਲੀ ਵਾਰ ਲੱਗਾ ਕਿ ਮੇਰੇ ਨਾਮ ਦਾ ਜੋੜ ਜੇ ਸੋਬਤੀ ਨਾਲ ਨਾ ਹੁੰਦਾ ਤਾਂ ਇਹ ਬਹੁਤ ਸਾਧਾਰਣ ਨਾਂ ਸੀ। ਆਪਣੇ ਸੰਪਾਦਕਾਂ 'ਤੇ ਮੈਨੂੰ ਹਮੇਸ਼ਾ ਵਿਸ਼ਵਾਸ ਰਿਹਾ ਹੈ।

ਮੇਰੀ ਸੋਚ ਰਹੀ ਹੈ ਕਿ ਕੋਈ ਵੀ ਰਚਨਾ ਜੋ ਤੁਸੀਂ ਲਿਖਦੇ ਹੋ, ਸੰਪਾਦਕ ਉਸ ਨੂੰ ਸੰਵਾਰਦਾ ਹੈ। ਅਗੇਯ ਜੀ ਨੂੰ ਲੈ ਕੇ ਇਹ ਗੱਲ ਮੈਂ ਯਾਦ ਕਰਦੀ ਹਾਂ ਕਿ ਉਨ੍ਹਾਂ ਮੈਨੂੰ 'ਸਿੱਕਾ ਬਦਲ ਗਿਆ' ਨੂੰ ਲੈ ਕੇ ਨਿੱਕਾ ਜਿਹਾ ਖ਼ਤ ਲਿਖਿਆ ਕਿ ਮੈਂ ਵੀ ਅਜਿਹੀਆਂ ਹੀ ਲਿਖਤਾਂ ਲਿਖਣੀਆਂ ਚਾਹ ਰਿਹਾ ਸਾਂ ਪਰ ਤੁਸੀਂ ਬਾਜ਼ੀ ਮਾਰ ਲੈ ਗਏ। ਪਰ ਮੈਨੂੰ ਇੰਝ ਉੱਕਾ ਹੀ ਨਾ ਲੱਗਾ ਕਿ ਮੈਂ ਸੱਚਮੁੱਚ ਕੋਈ ਬਾਜ਼ੀ ਮਾਰੀ ਹੈ। ਮੈਨੂੰ ਲੱਗਾ ਕਿ ਜੋ ਸੰਪਾਦਕ ਤੁਹਾਨੂੰ ਸਿਖਾਉਣਾ ਚਾਹੁੰਦੇ ਹਨ ਉਹ ਤੁਹਾਨੂੰ ਇਸੇ ਤਰ੍ਹਾਂ ਹੱਲਾਸ਼ੇਰੀ ਦਿੰਦੇ ਹਨ। ਉਹ ਵੀ ਮੇਰੀ ਖ਼ੁਸ਼ਕਿਸਮਤੀ ਰਹੀ ਹੈ ਕਿ ਚੰਗੇ-ਚੰਗੇ ਸੰਪਾਦਕਾਂ ਅੱਗੇ ਮੇਰੀ ਪੇਸ਼ੀ ਹੋਈ ਹੈ। ਉਸ ਸਮੇਂ ਮੈਂ ਹਮੇਸ਼ਾ ਇਕ ਸਿਖਿਆਰਥੀ ਵਾਂਗ ਅਨੁਭਵ ਕਰਦੀ ਹਾਂ। ਮੈਂ ਅਜਿਹਾ ਮੰਨਦੀ ਹਾਂ ਕਿ ਸੰਪਾਦਕ ਦੀ ਨਜ਼ਰ ਮੂਹਰਿਓਂ ਜੇ ਇਹ ਰਚਨਾ ਨਿਕਲ ਜਾਵੇਗੀ ਤਾਂ ਇਸ ਵਿਚ ਮੈਂ ਇਕ ਨਿੱਕੀ ਜਿਹੀ ਖ਼ੁਸ਼ੀ ਮਹਿਸੂਸ ਕਰਾਂਗੀ ਕਿ ਜੋ ਕੰਮ ਮੈਂ ਕੀਤਾ ਹੈ, ਉਹ ਬੁਰਾ ਨਹੀਂ ਸੀ।

? *ਬਾਜ਼ਾਰਵਾਦ ਨੇ ਜੀਵਨ ਮੁੱਲਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ, ਅਜਿਹੇ ਸਮੇਂ ਵਿਚ ਲੇਖਕ ਦਾ ਕੀ ਫ਼ਰਜ਼ ਬਣਦਾ ਹੈ ਜਦੋਂ ਕਿ ਬਦਲਾਅ ਕਿਸੇ ਇਕ ਮੁਲਕ ਦੀਆਂ ਹੱਦਾਂ ਤਕ ਬੱਝੇ ਨਹੀਂ ਹੋਏ, ਬਲਕਿ ਹੁਣ ਤਾਂ ਵਿਸ਼ਵ ਇਕ ਪਿੰਡ ਵਿਚ ਸੁੰਗੜ ਕੇ ਰਹਿ ਗਿਆ ਹੈ। ਇਸ ਦੌਰ ਵਿਚ ਲੇਖਕ ਨੂੰ ਕੀ ਕਰਨਾ ਚਾਹੀਦਾ ਹੈ ਜਿਸ ਨਾਲ ਪਰੰਪਰਾਵਾਂ ਵੀ ਬਚੀਆਂ ਰਹਿਣ ਅਤੇ ਬਾਹਰ ਦੀਆਂ ਵੀ ਜੋ ਚੰਗੀਆਂ ਗੱਲਾਂ ਹਨ, ਉਨ੍ਹਾਂ ਲਈ ਵੀ ਥਾਂ ਬਣੀ ਰਹੇ ?*

• ਵੇਖੋ ਸੱਚੀ ਗੱਲ ਇਹ ਹੈ ਕਿ ਹੁਣ ਲੇਖਕ ਪਾਸ ਸਮਾਂ ਨਹੀਂ ਹੈ। ਇਥੋਂ ਤਕ ਕਿ ਜੋ ਬੁੱਧੀਜੀਵੀ ਵਿਚਾਰਦਾ ਹੈ, ਚਿੰਤਕ ਹੈ, ਉਸ ਲਈ ਵੀ ਇਹ ਚਿੰਤਾ ਦਾ ਸਮਾਂ ਹੈ। ਉਨ੍ਹਾਂ ਨੂੰ ਪਤਾ ਹੈ ਕਿ ਇਹ ਸਮਾਂ ਬਾਜ਼ਾਰਵਾਦ ਦਾ ਹੈ। ਜਿਥੇ ਜਿਵੇਂ ਉਹ ਚਾਹੁਣ, ਕਿਸੇ ਵੀ ਸਮੂਹ ਨੂੰ ਪ੍ਰਭਾਵਿਤ ਕਰ ਸਕਦੇ ਹਨ। ਅਜਿਹੀਆਂ ਤਾਕਤਾਂ

ਅਜਿਹੀਆਂ ਸ਼ਕਤੀਆਂ ਨੂੰ ਅਸੀਂ ਜਾਂਣਦੇ ਹਾਂ ਜੋ ਸਿਰਫ਼ ਲੇਖਕ ਨੂੰ ਹੀ ਨਹੀਂ, ਪੂਰੀ ਦੀ ਪੂਰੀ ਵਿਚਾਰਧਾਰਾ ਨੂੰ ਹਜ਼ਮ ਕਰ ਲੈਣ ਦੀ ਤਾਕਤ ਰੱਖਦੀਆਂ ਹਨ। ਅਜਿਹੇ ਸਮਿਆਂ ਵਿਚ ਉਨ੍ਹਾਂ ਸਾਹਮਣੇ ਲੇਖਕ ਦੀ ਆਪਣੀ ਵਿਸ਼ੇਸ਼ਤਾ ਸਾਧਾਰਣ ਹੋ ਕੇ ਰਹਿ ਜਾਵੇਗੀ ਤੇ ਇਕ ਇਕੱਲਾ ਲੇਖਕ ਇਨ੍ਹਾਂ ਵੱਡੀਆਂ ਤਾਕਤਾਂ ਮੂਹਰੇ ਜਾਂ ਤਾਂ ਇਕਜੁੱਟ ਹੋ ਜਾਵੇਗਾ ਜਾਂ ਫਿਰ ਚੁੱਪ ਹੋ ਜਾਵੇਗਾ। ਇਸੇ ਗੱਲ ਨੂੰ ਸੋਚ ਕੇ ਅਸੀਂ ਲਗਾਤਾਰ ਇਸ ਬਿੰਦੂ ’ਤੇ ਆਉਂਦੇ ਹਾਂ ਕਿ ਸ਼ਾਇਦ ਲੇਖਕ ਦੇ ਪਾਸ ਵਿਚਕਾਰਲਾ ਰਸਤਾ ਨਹੀਂ ਹੈ। ਤੁਸੀਂ ਇਥੇ ਜਾਂ ਤਾਂ ਚੁੱਪ ਕਰਾ ਦਿੱਤੇ ਜਾਵੋਗੇ ਜਾਂ ਫਿਰ ਖ਼ਰੀਦ ਲਏ ਜਾਵੋਗੇ। ਬਸ ਨਿੱਕੀ ਜਿਹੀ ਉਮੀਦ ਇਸ ਗੱਲ ਦੀ ਹੈ ਕਿ ਜੇ ਮਨੁੱਖ ਦੀ ਆਜ਼ਾਦੀ ਦਾ ਕੁਝ ਵੀ ਅਰਥ ਹੈ ਤਾਂ ਲੇਖਕ ਉਸ ਦੀ ਦੇਖ-ਰੇਖ ਕਰਨਾ ਚਾਹਵੇਗਾ। ਇਹ ਵੀ ਠੀਕ ਹੈ ਕਿ ਉਹ ਇਹ ਇੰਨੇ ਵੱਡੇ ਅੰਦਾਜ਼ ਨਾਲ ਜਾਂ ਸਿੱਧਾ-ਸਿੱਧਾ ਕੁਝ ਨਾ ਕਰ ਸਕੇ। ਸਿਰਫ਼ ਇਕ ਹੀ ਢੰਗ ਨਾਲ ਅਸੀਂ ਇਸ ਦੀ ਸੁਰੱਖਿਆ ਕਰਨੀ ਚਾਹਵਾਂਗੇ ਕਿ ਉਸ ਨੂੰ ਆਪਣੇ ਲਈ ਆਪਣੇ ਸਮੇਂ ਦੀ ਇਮਾਨਦਾਰੀ ਨਾਲ, ਸਮਝਦਾਰੀ ਨਾਲ ਫ਼ੈਸਲੇ ਲਈਏ। ਜਦੋਂ ਤਕ ਅਸੀਂ ਕਲਮ ਦਾ ਇਸਤੇਮਾਲ ਕਰ ਸਕਦੇ ਹਾਂ, ਕਰੀਏ। ਕਲਮ ਦੇ ਇਸਤੇਮਾਲ ਦੀ ਬਹੁਤ ਵੱਡੀ ਜ਼ਿੰਮੇਵਾਰੀ ਵਿਅਕਤੀਗਤ ਰੂਪ ਵਿਚ ਲੇਖਕ ਦੇ ਉਪਰ ਹੈ, ਉਹ ਉਨ੍ਹਾਂ ਵਪਾਰਕ ਸ਼ਕਤੀਆਂ ਨੂੰ ਦੂਰ ਰੱਖ ਕੇ ਆਪਣੇ ਲਈ ਆਪਣੇ ਵਿਅਕਤੀਗਤ ਹੋਂਦ ਨੂੰ ਇਕ ਵੱਡੀ ਕੀਮਤ ’ਤੇ ਸਥਾਪਤ ਕਰਦਾ ਹੈ ਤਾਂ ਸ਼ਾਇਦ ਕੁਝ ਦੇਰ ਲਈ ਲੇਖਕ ਹਾਲੇ ਵੀ ਜਿਉਂਦਾ ਰਹਿ ਸਕਦਾ ਹੈ। ਨਹੀਂ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਰਚਨਾਵਾਂ ’ਤੇ ਜੋ ਵੱਡਾ ਖ਼ਤਰਾ ਹੈ, ਕਿਤਾਬ ’ਤੇ ਜੋ ਵੱਡਾ ਖ਼ਤਰਾ ਹੈ ਉਹ ਕਿਸੇ ਵੀ ਲੇਖਕ ਦੀਆਂ ਹੱਦਾਂ ਤੋਂ ਬਾਹਰ ਹੈ। ਪਰ ਜਦੋਂ ਤਕ ਲੇਖਕ ਆਪਣੀਆਂ ਸਤਰਾਂ ਵਿਚ, ਆਪਣੇ ਸਮਕਾਲੀਨ ਦੀਆਂ ਸਤਰਾਂ, ਆਪਣੇ ਪੁਰਖਿਆਂ ਦੀਆਂ ਸਤਰਾਂ ਵਿਚੋਂ ਕੋਈ ਨਾ ਕੋਈ ਅਰਥ ਲੱਭ ਕੇ ਸਾਂਭਦਾ ਰਹੇਗਾ, ਉਦੋਂ ਤੀਕ ਸ਼ਾਇਦ ਲੇਖਕ ਅਤੇ ਲੇਖਣੀ ਦੋਵੇਂ ਜਿਉਂਦੇ ਰਹਿਣਗੇ।

? *ਅਸੀਂ ਕਹਾਣੀਆਂ ਪੜ੍ਹਦੇ ਹਾਂ, ਉਥੇ ਹੀ ਸਾਨੂੰ ਉਸ ਦਾ ਅਰਥ ਮਿਲ ਜਾਂਦਾ ਹੈ ਅਤੇ ਗੱਲ ਮੁੱਕ ਜਾਂਦੀ ਹੈ। ਕਹਾਣੀਆਂ ਹੱਦਾਂ ਕਿਉਂ ਨਹੀਂ ਟੱਪਦੀਆਂ, ਛਾਲ ਕਿਉਂ ਨਹੀਂ ਮਾਰਦੀਆਂ, ਸਾਡੇ ਜੀਵਨ ਵਿਚ ਦਖ਼ਲ ਕਿਉਂ ਨਹੀਂ ਦਿੰਦੀਆਂ ?*

• ਤੁਹਾਡੀ ਇਹ ਦਖ਼ਲ ਦੀ ਗੱਲ ਮੈਨੂੰ ਪਸੰਦ ਆ ਰਹੀ ਹੈ। ਹੁਣ ਦੇ ਸਮੇਂ ਵਿਚ ਸਾਹਿਤ ਤੁਹਾਡੇ ਜੀਵਨ ਢੰਗ ਨੂੰ ਸਥਾਪਿਤ ਨਹੀਂ ਕਰਦਾ, ਇਸ ਲਈ ਉਹ ਦਖ਼ਲ ਵੀ ਨਹੀਂ ਦਿੰਦਾ। ਜਿਥੋਂ ਤੀਕ ਕਹਾਣੀ ਦੀ ਗੱਲ ਹੈ, ਕਹਾਣੀ ਇੰਝ ਲਿਖੀ ਜਾ ਰਹੀ ਹੈ, ਜਿਵੇਂ ਕ੍ਰਿਕਟ ਦੇ ਮੈਦਾਨ ਵਿਚ ਅਸੀਂ ਕ੍ਰਿਕਟ ਦੀ ਪਾਰੀ ਖੇਡਦੇ ਹਾਂ। ਕਹਾਣੀ ਵਿਚ ਉਸ ਦੀ ਉਮੀਦ ਪੁਰਾਣੇ ਤਰੀਕਿਆਂ ਤੋਂ ਬਦਲ ਚੁੱਕੀ ਹੈ, ਉਸ ਵਿਚ ਬਦਲਾਅ ਪਹਿਲਾਂ ਤੋਂ ਹੀ ਧਾਰ ਕੇ ਹੋ ਰਹੇ ਹਨ। ਬਹੁਤੀਆਂ ਕਹਾਣੀਆਂ, ਬਹੁਤ ਸਾਰੇ ਕਹਾਣੀਕਾਰ, ਬਹੁਤ ਸਾਰੇ ਕਹਾਣੀਕਾਰਾਂ ਵਾਂਗ ਲਿਖ ਰਹੇ ਹਨ। ਇਸ ਗੱਲ ’ਤੇ ਗੌਰ ਕੀਤਾ ਜਾਵੇ ਤਾਂ ਤੁਹਾਨੂੰ ਇਹ ਗੱਲ ਸੱਚ ਜਾਪਦੀ ਹੈ। ਜੇ ਤੁਸੀਂ ਉਨ੍ਹਾਂ ਦੇ ਨਾਂ ਨਾ ਵੇਖੋ ਤਾਂ ਤੁਹਾਨੂੰ ਉਨ੍ਹਾਂ ਵਿਚ ਇਕਸਾਰਤਾ ਨਜ਼ਰ ਆਵੇਗੀ। ਇਹ ਜੋ ਦਬਾਅ ਹੈ ਸ਼ਾਇਦ ਸਾਡੇ ਸਮਿਆਂ ਦਾ ਹੈ, ਸਾਡੇ ਹਾਲਾਤਾਂ ਦਾ ਹੈ। ਫਿਰ ਵੀ ਹਿੰਦੀ ਕਹਾਣੀ ਤੋਂ ਅਸੀਂ ਨਿਰਾਸ਼ ਨਹੀਂ ਹਾਂ। ਕਹਾਣੀਕਾਰ ਨੇ ਸਭ ਤੋਂ ਵੱਡੀ ਗੱਲ ਜੋ ਕੀਤੀ ਹੈ, ਉਹ ਭਾਰਤ ਦੀ ਵੰਨ-ਸੁਵੰਨਤਾ ਨੂੰ ਸੰਸਾਰ ਦੀ ਕਹਾਣੀ ਵਿਚ ਪਿਰੋ ਦਿੱਤਾ ਹੈ। ਉਸ ਵੱਲ ਧਿਆਨ ਦੁਆਇਆ ਹੈ। ਇਸ ਦੀਆਂ ਦੋ ਧਾਰਾਵਾਂ ਸਾਫ਼ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਮੈਨੂੰ ਲੱਗਦਾ ਹੈ ਸਾਡੇ ਪੇਂਡੂ ਸੰਸਾਰ ਵਿਚ ਜੋ ਬਦਲਾਅ ਆ ਰਹੇ ਹਨ ਉਸ ਦੀ ਤਪਸ਼ ਅਤੇ ਉਸ ਦਾ ਜੋ ਤਣਾਅ ਹੈ ਉਹ ਪੇਂਡੂ ਜ਼ਮੀਨ ਤੋਂ ਜ਼ਿਆਦਾ ਉਭਰ ਕੇ ਸਾਹਮਣੇ ਆ ਰਿਹਾ ਹੈ। ਇਸ ਦਾ ਕਾਰਨ ਕੁਝ ਵੀ ਹੋ ਸਕਦਾ ਹੈ ਪਰ ਸਭ ਤੋਂ ਵੱਡਾ ਕਾਰਨ ਜੋ ਮੇਰੇ ਖ਼ਿਆਲ ਵਿਚ ਪੱਛੜੇ ਤਬਕੇ ਅਤੇ ਕਮਜ਼ੋਰ ਤਬਕੇ ਵਿਚ ਜੋ ਟਕਰਾਅ ਹੈ ਉਹ ਟਕਰਾਅ ਅਜੋਕੀ ਕਹਾਣੀ ਵਿਚ ਜ਼ਿਆਦਾ ਸਮੋਇਆ ਹੈ। ਆਜ਼ਾਦੀ ਤੋਂ ਬਾਅਦ ਇੰਨੇ ਸਾਲਾਂ ਤੋਂ ਮਗਰੋਂ ਵੀ ਜਿਥੇ ਉਨ੍ਹਾਂ ਇਕ ਖ਼ਾਸ ਚੌਖਟੇ ਨੂੰ ਪਿੰਡਾਂ ਵਿਚ ਕੰਮ ਕਰਦਿਆਂ ਤੱਕਿਆ ਹੈ, ਉਸ ਦਾ ਤਣਾਅ ਉਸ ਦੀਆਂ ਜੋ ਟੈਨਸ਼ਨਜ਼ ਹਨ, ਉਸ ਨੂੰ ਉਨ੍ਹਾਂ ਦੀ ਲਿਖਤ ਬੜੀ ਪ੍ਰਤੀਬੱਧਤਾ ਨਾਲ ਲਿਖ ਰਹੀ ਹੈ। ਮੈਨੂੰ ਲੱਗਦਾ ਹੈ ਇਕ ਤਰੀਕੇ ਨਾਲ ਉਹ ਆਪਣੀ ਹਾਜ਼ਰੀ ਨੂੰ, ਆਪਣੀ ਗਿਣਤੀ ਨੂੰ, ਜੋ ਕਿ ਬਹੁਤ ਵੱਡੀ ਹੈ, ਉਸ ਦੇ ਹੋਣ ਦਾ

ਅਹਿਸਾਸ ਕਰਵਾਉਣਾ ਚਾਹੁੰਦੇ ਹਨ। ਸਾਡੇ ਭਾਰਤ ਵਿਚ ਜੋ ਪਿੰਡਾਂ ਦੀ ਸੰਸਕ੍ਰਿਤੀ ਹੈ ਉਹ ਕਿਸਾਨ ਵਰਗ ਦੀ ਸੰਸਕ੍ਰਿਤੀ ਹੈ, ਉਹ ਦੂਜੇ ਤਬਕਿਆਂ ਤੋਂ ਸਭ ਤੋਂ ਵੱਧ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਉਹ ਇਸ ਸੰਘਰਸ਼ ਵਿਚੋਂ ਲੰਘ ਰਹੇ ਹਨ ਕਿ ਕਦੋਂ ਉਹ ਇਕ ਸਾਧਾਰਣ ਭਾਰਤੀ ਵਾਂਗ ਪਛਾਣੇ ਜਾ ਸਕਣ। ਇਹ ਸੋਚ ਕੇ ਪਰੇਸ਼ਾਨੀ ਹੁੰਦੀ ਹੈ। ਮੇਰੇ ਖ਼ਿਆਲ ਵਿਚ ਇਹ ਪਰੇਸ਼ਾਨੀ ਹਰ ਲੇਖਕ ਨੂੰ ਹੁੰਦੀ ਹੈ। ਅੱਜ ਵੀ ਪਿੰਡਾਂ ਵਿਚ ਅਜਿਹੇ ਕਮਜ਼ੋਰ ਤਬਕੇ ਮੌਜੂਦ ਹਨ, ਜਿਨ੍ਹਾਂ ਦੀ ਹੋਂਦ ਦੀ ਸੁਰੱਖਿਆ ਮਨੁੱਖੀ ਤੌਰ 'ਤੇ ਅਸੀਂ ਅੱਜ ਵੀ ਨਹੀਂ ਕਰ ਸਕਦੇ। ਇਸ ਸਭ ਕੁਝ ਨੂੰ ਮੈਂ ਬਹੁਤ ਡੂੰਘਾਈ ਨਾਲ ਤੱਕਦੀ ਹਾਂ ਅਤੇ ਸੋਚਦੀ ਹਾਂ ਕਿ ਜੋ ਮਹਾਂਨਗਰਾਂ ਦਾ ਇਕ ਅਮੀਰ ਤਬਕਾ ਹੈ, ਉਹ ਕਦੇ ਇਸ ਨੂੰ ਵੇਖ ਸਕੇਗਾ ? ਇਕ ਮਨੁੱਖ ਦਾ ਸਵੈਮਾਣ ਇਸ ਤੋਂ ਘਟਦਾ ਹੈ ਕਿ ਉਹ ਤੁਹਾਡੇ ਸਾਹਮਣੇ ਖੜ੍ਹਾ ਨਾ ਹੋ ਸਕੇ, ਸਿਰਫ਼ ਇਸ ਲਈ ਕਿ ਇਕ ਉੱਚੇ ਤਬਕੇ ਦਾ ਹੈ, ਉਹ ਉੱਚੀ ਜਾਤ ਦਾ ਭਾਰਤੀ ਨਹੀਂ ਹੈ।

? *ਕ੍ਰਿਸ਼ਨਾ ਜੀ, ਕੀ ਤੁਸੀਂ ਮੰਨਦੇ ਹੋ ਕਿ ਅੱਜ ਦੀ ਕਹਾਣੀ ਸਾਨੂੰ ਸੰਤੁਸ਼ਟ ਕਰਦੀ ਹੈ ? ਕੀ ਕਹਾਣੀ ਨੂੰ ਸੰਤੁਸ਼ਟੀ ਦੇਣੀ ਚਾਹੀਦੀ ਹੈ ?*

• ਜੀ, ਕਹਾਣੀ ਨੂੰ ਇੰਨਾ ਕੁ ਸੰਤੁਸ਼ਟ ਕਰਨਾ ਚਾਹੀਦਾ ਹੈ ਕਿ ਜਿਸ ਨੇ ਕਹਾਣੀ ਸ਼ੁਰੂ ਤੋਂ ਅਖ਼ੀਰ ਤਕ ਪੜ੍ਹੀ ਹੋਵੇ ਉਹ ਇਹ ਸੋਚੇ ਕਿ ਮੇਰੀ ਮੇਰੇ ਹਾਲਾਤਾਂ ਨਾਲ, ਮੇਰੇ ਆਪਣੇ ਆਪੇ ਨਾਲ ਪਛਾਣ ਹੋਈ ਹੈ। ਲੰਮੀਆਂ ਪੜ੍ਹਤਾਂ ਨੂੰ ਪੜ੍ਹਨ ਲਈ ਆਮ ਤੌਰ 'ਤੇ ਹੁਣ ਲੋਕਾਂ ਪਾਸ ਸਮਾਂ ਨਹੀਂ ਹੈ। ਕਹਾਣੀ ਉਹ ਜੁਗਤ ਹੈ, ਜਿਸ ਨੂੰ ਸਚਮੁੱਚ ਤਰਾਸ਼ ਲਿਆ ਗਿਆ ਹੈ। ਜੇ ਤਰਾਸ਼ਿਆ ਨਾ ਹੁੰਦਾ ਤਾਂ ਉਹ ਕਹਾਣੀ ਬਹੁਤੇ ਪਾਠਾਕਾਂ ਤੋਂ ਪੜ੍ਹੀ ਨਹੀਂ ਜਾਣੀ ਸੀ। ਕਹਾਣੀ ਇਕ ਵਿਗਿਆਨਕ ਜੁਗਤ ਵੀ ਹੈ, ਉਹ ਸਿਰਫ਼ ਆਤਮਕ ਸੰਵਾਦ ਹੀ ਨਹੀਂ ਹੈ ਬਲਕਿ ਉਹ ਸੰਵਾਦ ਹੈ ਜੋ ਤੁਹਾਡੇ ਬਾਹਰਲੇ ਯਥਾਰਥ ਨਾਲ ਸੰਬੰਧ ਰੱਖਦਾ ਹੈ। ਉਹ ਤੁਹਾਡੇ ਅੰਦਰਲੇ ਅਤੇ ਬਾਹਰਲੇ ਜਗਤ ਨਾਲ ਸੰਵਾਦ ਹੈ। ਇਸੇ ਨਿੱਕੇ ਕੈਨਵਸ ਵਿਚ ਢੰਗ ਨਾਲ ਚੰਗੀ ਭਾਸ਼ਾ ਵਿਚ ਤਰਾਸ਼ ਕੇ ਜਿਥੇ ਵਿਚਾਰ ਬਿਲਕੁਲ ਸਾਫ਼ ਹੋਵੇ, ਉਹ ਕਹਾਣੀ ਹੀ ਤੁਹਾਨੂੰ ਖਿੱਚ ਪਾ ਸਕਦੀ ਹੈ।

? *ਤੁਸੀਂ ਕਿਹਾ ਕਿ ਹੁਣ ਲੰਮੀਆਂ ਚੀਜ਼ਾਂ ਪੜ੍ਹਨ ਦਾ ਵਕਤ ਨਹੀਂ ਰਿਹਾ ਤਾਂ ਕੀ ਨਾਵਲੀ ਰੂਪ ਦਾ ਖ਼ਾਤਮ ਹੋਣ ਨੂੰ ਹੈ ?*

• ਅਜਿਹੇ ਆਸਾਰ ਤਾਂ ਨਹੀਂ ਲੱਗਦੇ ਕਿ ਨਾਵਲ ਖ਼ਤਮ ਹੋ ਜਾਵੇਗਾ। ਹਜ਼ਾਰ ਸਫ਼ਿਆਂ ਦੇ ਨਾਵਲ ਵੀ ਲਿਖੇ ਜਾ ਰਹੇ ਹਨ। ਪਰ ਸ਼ਾਇਦ ਉਸ ਦਾ ਕਾਰਨ ਇਹ ਵੀ ਹੋ ਸਕਦਾ ਹੈ, ਜੇ ਅਸੀਂ ਪੜਤਾਲ ਕਰੀਏ ਕਿ ਜੋ ਸਾਡਾ ਲੇਖਕ ਤਬਕਾ ਹੈ ਉਹ ਹਾਲਾਤਾਂ ਤੋਂ ਕੱਟ ਕੇ ਆਪਣੇ ਵਕਤ 'ਤੇ ਖ਼ੁਦ ਹਾਵੀ ਹੈ। ਹਕੀਕਤ ਇਹ ਹੈ ਕਿ ਜਿਸ ਨੂੰ ਅਸੀਂ ਬਾਹਰੋਂ ਵੇਖ ਹੇ ਹਾਂ ਅਤੇ ਅੰਦਰੋਂ ਵੀ ਮਹਿਸੂਸ ਕਰ ਰਹੇ ਹਾਂ, ਇਨ੍ਹਾਂ ਸਾਰਿਆਂ ਦਾ ਨਤੀਜਾ ਹੋਵੇਗਾ ਕਿ ਜੋ ਨਾਵਲਿਸਟ ਹੈ, ਉਹ ਤਸੱਲੀ ਨਾਲ ਬਹਿ ਕੇ ਆਪਣੀ ਸੋਹਬਤ ਵਿਚ ਲੰਮੇ-ਲੰਮੇ ਨਾਵਲ ਲਿਖੇਗਾ। ਜੋ ਸਮਾਜਿਕ ਬਦਲਾਅ ਦੇ ਨਾਵਲਕਾਰ ਹਨ, ਉਨ੍ਹਾਂ ਨੂੰ ਨਾ ਸਿਰਫ਼ ਪਾਠਕਾਂ ਨੇ ਆਪਣੇ ਵੱਲ ਖਿੱਚਿਆ ਹੈ ਬਲਕਿ ਵੱਡੇ-ਵੱਡੇ ਲੇਖਕਾਂ ਨੂੰ ਵੀ ਆਪਣੇ ਵੱਲ ਖਿੱਚਿਆ ਹੈ। ਅਸੀਂ ਪਿਛਲੇ ਦਹਾਕਿਆਂ ਦੇ ਦਰਜਨਾਂ ਨਾਵਲ ਗਿਣਾ ਸਕਦੇ ਹਾਂ ਜੋ ਸਾਡੇ ਸਾਹਿਤ ਦੀ ਅਮੁੱਲ ਸੰਪਤੀ ਹਨ ਉਨ੍ਹਾਂ ਦੇ ਰਾਜਨੀਤਕ ਬਦਲਾਅ ਨੂੰ ਅਤੇ ਮਸ਼ੀਨੀ ਬਦਲਾਅ ਨੂੰ ਅਸੀਂ ਆਪਣੇ ਅੰਦਰ ਜਜ਼ਬ ਕਰ ਰਹੇ ਹਾਂ ਜਾਂ ਜਿਨ੍ਹਾਂ ਨੂੰ ਜਜ਼ਬ ਕਰਨ ਤੋਂ ਅਸੀਂ ਘਬਰਾਏ ਹੋਏ ਹਾਂ ਅਤੇ ਉਨ੍ਹਾਂ ਨੂੰ ਬਾਹਰ ਰੱਖਣ ਲਈ ਆਪਣਾ ਜ਼ੋਰ ਲਾ ਰਹੇ ਹਾਂ। ਉਸ ਦਾ ਲੇਖਾ-ਜੋਖਾ ਇਨ੍ਹਾਂ ਨਾਵਲਾਂ ਵਿਚ ਤੁਹਾਨੂੰ ਜ਼ਰੂਰ ਮਿਲੇਗਾ।

? *ਅਕਸਰ ਹੀ ਇਸਤਰੀ ਲਿਖਤਾਂ ਅਤੇ ਮਰਦ ਲਿਖਤਾਂ ਦੀ ਚਰਚਾ ਹੁੰਦੀ ਰਹਿੰਦੀ ਹੈ। ਇਸਤਰੀ ਲੇਖਿਕਾਵਾਂ ਨੂੰ ਇਹ ਸ਼ਿਕਾਇਤ ਹੁੰਦੀ ਹੈ ਕਿ ਮਰਦ ਲੇਖਕ ਔਰਤਾਂ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਨਹੀਂ ਕਰਦੇ, ਆਪਣੀਆਂ ਲਿਖਤਾਂ ਵਿਚ ਸਹੀ ਤਸਵੀਰ ਨਹੀਂ ਦੇ ਸਕਦੇ, ਇਸ ਸ਼ਿਕਾਇਤ 'ਤੇ ਤੁਸੀਂ ਕੀ ਕਹਿਣਾ ਚਾਹੋਗੇ ?*

• ਸਾਡੀ ਸੰਸਕ੍ਰਿਤੀ ਦੇ ਜ਼ਰੀਏ, ਸਾਡੀ ਸਮਾਜਿਕਤਾ ਦੇ ਜਰੀਏ ਇਸਤਰੀ ਅਤੇ ਮਰਦ ਸੰਬੰਧਾਂ ਨੂੰ ਲੈ ਕੇ ਜੋ ਚੌਖਟਾ ਤਿਆਰ ਹੈ ਉਸ ਵਿਚ ਮਰਦ ਅਤੇ ਔਰਤਾਂ ਵਿਚ ਬਹੁਤ ਵੱਡਾ ਪਾੜਾ ਹੈ। ਇਸਤਰੀ ਦੇ ਪਾਸ ਇਕ ਅਜਿਹਾ ਸੰਸਾਰ ਹੈ ਜੋ ਉਸ ਦੇ ਘਰ ਦਾ ਸੰਸਾਰ ਹੈ। ਮਰਦ ਪਾਸ ਇਕ ਪਰਿਵਾਰ ਹੈ ਪਰ ਇਕ ਅਜਿਹਾ

ਸੰਸਾਰ ਵੀ ਹੈ ਜੋ ਘਰ ਦੇ ਸੰਸਾਰ ਤੋਂ ਬਾਹਰ ਦਾ ਸੰਸਾਰ ਹੈ। ਮਰਦ ਨੂੰ ਬਾਹਰ ਦੀ ਜੋ ਜਾਣਕਾਰੀ ਹੈ, ਉਹ ਉਸ ਨੂੰ ਵਧਾਉਂਦੀ ਹੈ ਅਤੇ ਇਕ ਚੌਖਟੇ ਵਿਚ ਔਰਤ ਨੂੰ ਤੈਅ ਕਰ ਦਿੰਦੀ ਹੈ। ਜੋ ਸੈਕਸੂਅਲ ਪਾਲਿਟਿਕਸ ਹੈ ਉਸ ਦਾ ਵਿਸਤਾਰ ਕਿੱਥੋਂ ਤਕ ਪੁੱਜ ਸਕਦਾ ਹੈ ਅਤੇ ਕਿੱਥੇ ਤਕ ਪੁੱਜਿਆ ਹੈ, ਇਹ ਅਸੀਂ ਸਾਰੇ ਜਾਣਦੇ ਹਾਂ। ਨਾਰੀ ਨੂੰ ਪਿੱਛੜੇ ਵਰਗ ਦਾ ਮੰਨ ਵੀ ਲਿਆ ਜਾਵੇ ਜਿਵੇਂ ਕਿ ਮਰਦ ਮੰਨਦੇ ਹਨ, ਉਦੋਂ ਵੀ ਅੱਖ ਆਪਣੇ ਘਰ ਪਰਿਵਾਰ ਤੋਂ ਬਾਹਰ ਜਾ ਰਹੀ ਹੈ। ਮੈਂ ਆਪਣੀ ਗੱਲ ਕਹਾਂ ਤਾਂ ਬਿਨਾਂ ਕਿਸੇ ਹਿੱਚ ਦੇ ਆਪਣੀ ਗੱਲ ਕਹਿ ਸਕਦੀ ਹਾਂ ਕਿ ਇਕ ਅਜਿਹਾ ਅਨੁਭਵ ਸੰਸਾਰ ਮੈਂ ਆਪਣੇ ਜੀਉਣ ਤੋਂ ਹਾਸਲ ਕੀਤਾ, ਆਪਣੀਆਂ ਕੋਸ਼ਿਸ਼ਾਂ ਨਾਲ, ਆਪਣੇ ਸੰਘਰਸ਼ ਤੋਂ ਹਾਸਲ ਕੀਤਾ ਜੋ ਤਕਰੀਬਨ-ਤਕਰੀਬਨ ਪੁਰਸ਼ਾਂ ਦੇ ਬਰਾਬਰ ਸੀ। ਮੈਂ ਆਪਣੇ ਅਜਿਹੇ ਸਮਕਾਲੀਆਂ ਨੂੰ ਜਾਣਦੀ ਹਾਂ ਜਿਨ੍ਹਾਂ ਦੀਆਂ ਰਚਨਾਵਾਂ ਬਹੁਤ ਚੰਗੀਆਂ ਹਨ, ਮੈਂ ਉਨ੍ਹਾਂ ਨੂੰ ਪੜ੍ਹਦੀ ਹਾਂ, ਉਨ੍ਹਾਂ ਵਿਚ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਇਹ ਕਿਸੇ ਪੁਰਸ਼ ਦੀ ਰਚਨਾ ਹੈ। ਅਜਿਹੇ ਪੁਰਸ਼ ਵੀ ਹਨ ਜੋ ਆਪਣੇ ਸਾਂਝੇ ਪਰਿਵਾਰ ’ਤੇ ਹਾਵੀ ਨਹੀਂ ਹਨ, ਉਨ੍ਹਾਂ ਦੇ ਆਸਰੇ ਹਨ। ਮੇਰੇ ਸਾਹਮਣੇ ਇਨ੍ਹਾਂ ਦੋਵਾਂ ਚੌਖਟਿਆਂ ਤੋਂ ਹੱਟ ਕੇ ਉਸ ਮਨੁੱਖ ਦੀ ਤਸਵੀਰ ਉਭਰਦੀ ਹੈ ਜੋ ਆਪਣੇ ਫ਼ੈਸਲੇ ਖ਼ੁਦ ਕਰਦਾ ਹੈ। ਅਸੀਂ ਸਾਰੇ ਆਪਣੇ ਫ਼ੈਸਲੇ ਖ਼ੁਦ ਨਹੀਂ ਕਰ ਸਕਦੇ। ਸਮਾਜ ਉਸ ਉੱਤੇ ਹਾਵੀ ਰਹਿੰਦਾ ਹੈ। ਫਿਰ ਵੀ ਇਕ ਮਨੁੱਖ ਦੇ ਤੌਰ ’ਤੇ ਜੇ ਤੁਸੀਂ ਆਪਣਾ ਫ਼ੈਸਲਾ ਖ਼ੁਦ ਕਰਦੇ ਹੋ ਤਾਂ ਇਕ ਗੱਲ ਸਾਫ਼ ਹੋ ਜਾਂਦੀ ਹੈ ਕਿ ਮੇਰੇ ਪਾਸ ਵੀ ਉਸੇ ਸੰਸਾਰ ਦਾ ਅਨੁਭਵ ਹੈ ਜਿਸ ਸੰਸਾਰ ਦਾ ਅਨੁਭਵ ਤੁਹਾਡੇ ਪਾਸ ਹੈ। ਇਸ ਦੇ ਨਾਲ ਹੀ ਮੈਂ ਇਹ ਜ਼ਰੂਰ ਜੋੜਨਾ ਚਾਹਵਾਂਗੀ ਕਿ ਪੁਰਸ਼ ਅਤੇ ਇਸਤਰੀ ਨੂੰ ਾਪਸ ਵਿਚ ਕਿਸੇ ਕਿਸਮ ਦੀ ਹੋੜ ਲਾਉਣ ਦੀ ਲੋੜ ਨਹੀਂ ਹੈ। ਔਰਤ ਨੂੰ ਆਪਣੇ ਹੱਕਾਂ ਨੂੰ ਪਰਖਣ ਲਈ ਆਪਣੇ ਆਪ ਨਾਲ ਲੜਨਾ ਪਵੇਗਾ, ਉਸ ਦੇ ਪਾਸ ਆਪਣਾ ਇਕ ਚੌਖਟਾ ਹੈ ਜਿਸ ਵਿਚ ਉਹ ਬੈਠੀ ਹੈ ਅਤੇ ਉਹ ਜੋ ਸਾਰੀਆਂ ਚੀਜ਼ਾਂ ਹਨ ਉਨ੍ਹਾਂ ਨੂੰ ਦੋਹਾਂ ਧਿਰਾਂ ਵੱਲੋਂ ਤੁਸੀਂ ਨਕਾਰ ਨਹੀਂ ਸਕਦੇ। ਜੇ ਤੁਸੀਂ ਆਪਣੇ ਬੰਦੇ ਦੇ ਆਸਰੇ ’ਤੇ ਹੋ, ਹਰ ਗੱਲ ਲਈ ਉਸ ਵੱਲ ਤੱਕਦੇ ਹੋ ਤਾਂ ਆਪਣੇ ਆਪ ਪ੍ਰਤੀ ਤੁਸੀਂ ਚੇਤੰਨ ਨਹੀਂ ਹੋ। ਇਹ ਚੇਤੰਨ ਹੋਣ ਦੀ ਇਕ ਜੋ ਸ਼ਰਤ ਹੈ (ਦੋਹਾਂ ਧਿਰਾਂ ਵੱਲੋਂ) ਇਹੀ ਦੋਹਾਂ ਲਈ ਇਕ ਸੁੱਖ ਭਰੇ ਜੀਵਨ ਦੀ ਨੀਂਹ ਬਣ ਸਕਦੀ ਹੈ। ਇਸ ਵਿਚ ਨੇੜੇ ਹੁੰਦਿਆਂ ਹੋਇਆਂ ਵੀ ਪਿਆਰ, ਮੁਹੱਬਤ, ਸੰਤਾਪ, ਗ਼ਲਤ ਫ਼ਹਿਮੀਆਂ ਦੀ ਹੋੜ ਹੈ, ਇਹ ਅਸੀਂ ਸਾਰੇ ਜਾਣਦੇ ਹਾਂ। ਪਰ ਸਾਡੇ ਪਾਸ ਇਹ ਕਾਰਨ ਵੀ ਮੌਜੂਦ ਹਨ ਕਿ ਔਰਤ ਨੂੰ ਬਦਲਣਾ ਪਵੇਗਾ ਅਤੇ ਪੁਰਸ਼ ਨੂੰ ਵੀ ਬਦਲਣਾ ਪਵੇਗਾ। ਦੋਹਾਂ ਨੂੰ ਇਕ ਦੂਜੇ ਦੇ ਬਰਾਬਰ ਚੱਲਦਿਆਂ ਇਕ ਦੂਜੇ ਵਿਚ ਦਿਲਚਸਪੀ ਬਰਕਰਾਰ ਰੱਖਣੀ ਪਵੇਗੀ। ਜੇ ਇਹ ਦਿਲਚਸਪੀ ਖ਼ਤਮ ਹੋ ਜਾਂਦੀ ਹੈ ਜੋ ਇਕ ਆਦਮੀ ਅਤੇ ਔਰਤ ਦੇ ਸੰਬੰਧਾਂ ਨੂੰ ਬਣਾਉਂਦੀ ਹੈ ਤਾਂ ਇਸ ਵਿਚੋਂ ਕੁਝ ਵੀ ਨਹੀਂ ਨਿਕਲੇਗਾ ਸ਼ਾਇਦ ਸ਼ਾਦੀ ਦੀ ਸੰਸਥਾ ਨੂੰ ਠੀਕ ਰੱਖਣ ਦਾ ਇਹੋ ਇਕੋ-ਇਕ ਤਰੀਕਾ ਹੈ।

? *ਕ੍ਰਿਸ਼ਨਾ ਜੀ ਲੇਖਕ ਦੀ ਵਚਨਬੱਧਤਾ ਵਾਲੀ ਗੱਲ ਨੂੰ ਵੇਖੀਏ ਤਾਂ ਅੱਜ ਕਿੰਨੀ ਕੁ ਵਿਖਾਈ ਦਿੰਦੀ ਹੈ ?*

• ਤੁਸੀਂ ਸਹੀ ਕਹਿ ਰਹੇ ਹੋ, ਉਹ ਸਿਰਫ਼ ਹੁਣ ਨਜ਼ਰ ਆਉਣਾ ਔਖਾ ਹੋ ਗਿਆ ਹੈ, ਇਹ ਹੌਲੀ-ਹੌਲੀ ਹੋਰ ਘੱਟ ਰਿਹਾ ਹੈ। ਪਰ ਉਸ ਵਿਚ ਬਦਲਾਅ ਆ ਜਾਵੇਗਾ। ਇਹ ਵੇਲਾ ਔਖਾ ਵੇਲਾ ਹੈ, ਜਦੋਂ ਕਿ ਵਸਤਾਂ ਟੁੱਟ ਰਹੀਆਂ ਹਨ, ਪੁਰਾਣੀਆਂ ਪਰੰਪਰਾਵਾਂ ਟੁੱਟ ਰਹੀਆਂ ਹਨ ਅਤੇ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ। ਬਾਜ਼ਾਰ ਸੰਸਕ੍ਰਿਤੀ ਲੇਖਕ ’ਤੇ ਹਾਵੀ ਹੈ। ਅਸੀਂ ਸਿਰਫ਼ ਉਮੀਦ ਹੀ ਕਰ ਸਕਦੇ ਹਾਂ ਕਿ ਸ਼ਤਾਬਦੀ ਦੇ ਸ਼ੁਰੂ ਹੁੰਦਿਆਂ ਵਸਤਾਂ ਕੁਝ ਚੰਗੇ ਢੰਅ ਨਾਲ ਤੈਅ ਹੋਣਗੀਆਂ। ਇਸ ਉਥਲ-ਪੁੱਥਲ ਦੇ ਬਾਅਦ ਚੀਜ਼ਾਂ ਅਜਿਹੇ ਢੰਗ ਨਾਲ ਬਹਿ ਜਾਣਗੀਆਂ ਕਿ ਲੇਖਕ ਆਪਣੇ ਨਜ਼ਦੀਕ ਫਿਰ ਤੋਂ ਆ ਸਕੇਗਾ, ਆਪਣੀ-ਆਪਣੀ ਵਿਚਾਰਧਾਰਾ ਦੀ ਪ੍ਰਤੀਬੱਧਤਾ ਤੋਂ ਇਲਾਵਾ ਵੀ ਉਸ ਦੇ ਪਾਸ ਆਪਣੇ ਪ੍ਰਤੀ ਅਤੇ ਆਪਣੀ ਸ਼ਖ਼ਸੀਅਤ, ਆਪਣੇ ਬੌਧਿਕ ਸੰਸਾਰ ਦੇ ਪ੍ਰਤੀ ਉਸ ਵਿਚ ਵਚਨਬੱਧਤਾ ਮੁੜ ਤੋਂ ਜਾਗੇਗੀ। ਵ



ਭੁਪਿੰਦਰ ਕੌਰ ਪ੍ਰੀਤ

ਸੰਪਰਕ : 9814177954

*ਵਿਅਕਤੀ ਚਿਤਰ*

# ਸੇਵਕ ਕਉ ਸੇਵਾ ਬਨ ਆਈ

(ਸ. ਸੇਵਕ ਸਿੰਘ ਸੇਵਕ ਦਾ ਸੰਖੇਪ ਜੀਵਨ)

ਰਣਜੀਤ ਸਿੰਘ ਐੱਮ.ਏ.

ਪਿਛਲੀ ਸਦੀ ਦੇ ਪਹਿਲੇ ਅੱਧ 'ਚ ਮਾਝੇ ਦੇ ਪਿੰਡਾਂ ਦੀ ਧਾਰਮਿਕ-ਸਭਿਆਚਾਰਕ ਸੋਚ ਪੇਸ਼ ਕਰਦੀ ਇਹ ਇਬਾਰਤ ਉਸ ਵੇਲੇ ਦੇ ਅਣਗੌਲੇ ਹੁੰਦੇ ਜਾ ਰਹੇ ਬਿੰਬਾਂ ਦਾ ਚਿਤ੍ਰਣ ਹੈ। ਤਾਂ ਕਿ ਸਨਦ ਰਹੇ।

ਨਿਸ਼ਕਾਮ ਪੰਥ ਸੇਵਕ ਸਰਦਾਰ ਸੇਵਾ ਸਿੰਘ ਸੇਵਕ ਦਾ ਜਨਮ 21 ਅਕਤੂਬਰ 1907 ਈਸਵੀ ਨੂੰ ਸਰਦਾਰ ਬਲਵੰਤ ਸਿੰਘ ਨੌਸ਼ਹਿਰਾ ਪੰਨੂਆਂ ਦੇ ਘਰ ਮਾਤਾ ਹਰ ਕੌਰ ਦੀ ਕੁੱਖੋਂ ਹੋਇਆ। ਪਿਤਾ, ਭਾਈ ਬਲਵੰਤ ਸਿੰਘ ਜੀ ਆਪਣੇ ਸਮੇਂ ਦੇ ਮੰਨੇ ਪਰਮੰਨੇ ਸਮਾਜ ਸੁਧਾਰਕ, ਵਿਦਿਆ ਪ੍ਰੇਮੀ ਅਤੇ ਅਥੱਕ ਸੇਵਕ ਸਨ ਜਿਨ੍ਹਾਂ ਨੇ ਆਪਣੇ ਜੀਵਨ ਦਾ ਮੁਖ ਉਦੇਸ਼ ਸਮਾਜ ਸੇਵਾ ਹੀ ਬਣਾ ਛੱਡਿਆ ਸੀ। ਆਪ ਪਹਿਰ ਰਾਤ ਰਹਿੰਦਿਆਂ ਅੰਮ੍ਰਿਤ ਵੇਲੇ ਉਠਦੇ ਤੇ ਕਈ ਬਾਣੀਆਂ ਦਾ ਨਿਤਨੇਮ ਕਰਨ ਉਪਰੰਤ ਬਣੇ ਹੋਏ ਪ੍ਰੋਗਰਾਮ ਅਨੁਸਾਰ ਸਮਾਜ ਸੇਵਾ ਦੇ ਕੰਮਾਂ ਵਿਚ ਰੁੱਝ ਜਾਂਦੇ। ਉਨ੍ਹਾਂ ਦੇ ਸੰਪਰਕ ਵਿਚ ਆ ਕੇ ਕਈ ਨੌਜਵਾਨ ਜੀਵਨ ਦੀਆਂ ਸੁਚੱਜੀਆਂ ਪ੍ਰੇਰਨਾਵਾਂ ਲੈ ਕੇ ਜੀਵਨ ਸਫਲਾ ਕਰ ਗਏ ਅਤੇ ਕਰ ਰਹੇ ਹਨ।

ਬਾਲਕ ਸੇਵਾ ਸਿੰਘ ਨੂੰ ਅਸੂਲ ਪ੍ਰਸਤੀ ਤੇ ਧਾਰਮਿਕਤਾ ਦੀ ਦਾਤ ਵਿਰਸੇ ਵਿਚ ਮਿਲੀ। ਪਿਤਾ ਦੇ ਆਦਰਸ਼ਮਈ ਜੀਵਨ ਨੇ ਬਚਪਨ ਤੋਂ ਹੀ ਸੇਧ ਉਲੀਕ ਦਿੱਤੀ। ਬਾਣੀ ਪੜ੍ਹਨ, ਸੁਣਨ ਦੀ ਲਾਗ ਲੱਗ ਗਈ।

ਪ੍ਰਾਇਮਰੀ ਪਿੰਡ ਦੇ ਸਕੂਲ ਵਿਚ ਪੜ੍ਹੀ। ਪੰਜਵੀਂ ਜਮਾਤ ਦੀ ਪ੍ਰੀਖਿਆ ਦੇਣ ਵਾਸਤੇ ਪੰਜ ਮੀਲ ਪੈਦਲ ਵਾਟ ਮਾਰਨੀ ਪਈ। ਅੱਗੋਂ ਦੀ ਪੜ੍ਹਾਈ ਵਾਸਤੇ ਪਿੰਡ ਵਿਚ ਕੋਈ ਪ੍ਰਬੰਧ ਨਹੀਂ ਸੀ। ਦੂਰ ਦੀ ਸੋਚਣ ਵਾਲੇ ਭਾਈ ਬਲਵੰਤ ਸਿੰਘ ਨੇ ਸੇਵਾ ਸਿੰਘ ਦੇ ਨਾਲ ਪੜ੍ਹਨ ਵਾਲੇ ਪੰਜ ਚਾਰ ਮੁੰਡਿਆਂ ਦੇ ਮਾਪਿਆਂ ਨੂੰ ਪ੍ਰੇਰ ਲਿਆ ਤੇ ਪੰਜ ਛੇ ਵਿਦਿਆਰਥੀਆਂ ਦੀ ਟੋਲੀ ਖਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰ ਵਿਚ ਜਾ ਦਾਖਲ ਹੋਈ। ਸਕੂਲ ਦੇ ਹੋਸਟਲ ਵਿਚ ਰਹਿਣ ਦਾ ਪ੍ਰਬੰਧ ਹੋ ਗਿਆ। ਉਨ੍ਹਾਂ ਦਿਨਾਂ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਦਾ ਪ੍ਰਿੰਸੀਪਲ ਮਿਸਟਰ ਜੀ. ਏ. ਵਾਦਨ, ਇਕ ਅੰਗਰੇਜ਼ ਸੀ, ਜੋ ਬੱਚਿਆਂ ਨੂੰ ਬਹੁਤ ਪਿਆਰ ਕਰਿਆ ਕਰਦਾ ਸੀ। ਉਹ ਬੱਚਿਆਂ ਨਾਲ ਬੱਚਾ ਬਣ ਕੇ ਉਨ੍ਹਾਂ ਨਾਲ ਖੇਡਦਾ ਤੇ ਖ਼ੂਬ ਦਿਲ ਲਾ ਛੱਡਦਾ। ਅਜਿਹੇ ਵਾਤਾਵਰਣ ਵਿਚ ਸੇਵਾ ਸਿੰਘ ਨੇ ਜੂਨੀਅਰ ਸਪੈਸ਼ਲ ਕਲਾਸ ਪਾਸ ਕੀਤੀ।

ਪਿਤਾ ਦਾ ਅਸਰ ਹੋਣ ਕਰਕੇ ਬਾਲਕ ਸੇਵਾ ਸਿੰਘ ਨੂੰ ਜਪੁਜੀ ਸਾਹਿਬ, ਰਹਿਰਾਸ ਤੇ ਕਈ ਹੋਰ ਬਾਣੀਆਂ ਜ਼ਬਾਨੀ ਕੰਠ ਸਨ। ਸਕੂਲ ਦੇ ਨਾਲ ਲੱਗਦੇ ਗੁਰਦੁਆਰੇ ਦਾ ਗ੍ਰੰਥੀ ਗਿਆਨੀ ਬਿਸ਼ਨ ਸਿੰਘ ਇਕ ਵਿਦਵਾਨ ਪੁਰਸ਼ ਸੀ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਚੰਗਾ ਟੀਕਾਕਾਰ ਸੀ ਅਤੇ ਇਕ ਵਧੀਆ ਕਵੀ ਵੀ ਸੀ। ਉਨ੍ਹਾਂ ਦਾ ਸਕੂਲ ਅਤੇ ਕਾਲਜ ਦੇ ਬੱਚਿਆਂ ਉੱਤੇ ਡੂੰਘਾ ਪ੍ਰਭਾਵ ਸੀ। ਸੇਵਾ ਸਿੰਘ ਦਾ ਗੁਰਮਤ ਵੱਲ ਝੁਕਾਅ ਵੇਖ ਕੇ ਗਿਆਨੀ ਜੀ ਉਸ ਨਾਲ ਵਿਸ਼ੇਸ਼ ਸਨੇਹ ਰੱਖਦੇ ਸਨ। ਸੇਵਾ ਸਿੰਘ ਦੋ ਵੇਲੇ ਗੁਰਦੁਆਰੇ ਹਾਜ਼ਰੀ ਭਰਦਾ, ਸ਼ਬਦ ਪੜ੍ਹਦਾ ਤੇ ਦਿਨ ਦਿਹਾਰ ਤੇ ਲੱਗੇ ਦੀਵਾਨਾਂ ਵਿਚ ਖ਼ੂਬ ਸੇਵਾ ਕਰਦਾ। ਇਨ੍ਹਾਂ ਦਿਨਾਂ ਵਿਚ ਸਿੱਖ ਐਜੂਕੇਸ਼ਨ ਕਾਨਫ਼ਰੰਸ ਦਾ ਸਾਲਾਨਾ ਸਮਾਗਮ ਤਰਨ ਤਾਰਨ ਵਿਖੇ ਹੋਇਆ। ਬਾਬਾ ਖੜਕ ਸਿੰਘ ਜੀ ਉਸ ਕਾਨਫ਼ਰੰਸ ਦੇ ਪ੍ਰਧਾਨ ਸਨ। ਕਾਨਫ਼ਰੰਸ ਵਿਚ ਸ਼ਾਮਲ ਹੋਣ ਵਾਸਤੇ ਖ਼ਾਲਸਾ ਕਾਲਜ ਦਾ ਸਟਾਫ਼ ਤੇ ਵਿਦਿਆਰਥੀ ਇਕ ਸਪੈਸ਼ਲ ਗੱਡੀ ਰਾਹੀਂ ਤਰਨ ਤਾਰਨ ਪੁੱਜੇ। ਸੇਵਾ ਸਿੰਘ ਉਨ੍ਹਾਂ ਦੇ ਨਾਲ ਸੀ। ਗੱਡੀ ਦੇ ਹਰੇਕ ਡੱਬੇ ਵਿਚ ਢੋਲਕੀ ਛੈਣਿਆਂ ਦੀ ਗੁੰਜਾਰ ਵਿਚ ਸ਼ਬਦ ਪੜ੍ਹੇ ਜਾ ਰਹੇ ਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਆਕਾਸ਼ ਗੂੰਜਵੇਂ ਨਾਹਰੇ ਬੁਲੰਦ ਹੋ ਰਹੇ ਸਨ। ਸਟਾਫ਼ ਤੇ ਵਿਦਿਆਰਥੀ ਨੇ ਮਿਲ ਕੇ ਕਾਨਫ਼ਰੰਸ ਵਿਚ ਲੰਗਰ ਵਰਤਾਉਣ ਅਤੇ ਜੋੜਿਆਂ ਦੀ ਸੰਭਾਲ ਦੀ ਸੇਵਾ ਨਿਭਾਈ।

ਇਨ੍ਹਾਂ ਦਿਨਾਂ ਵਿਚ ਭਾਈ ਬਲਵੰਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਉਦਮ ਨਾਲ ਨੁਸ਼ਹਿਰੇ ਵਿਚ ਮਿਡਲ ਸਕੂਲ ਖੁਲ੍ਹ ਗਿਆ। ਅੰਮ੍ਰਿਤਸਰ ਪੜ੍ਹਨ ਵਾਲੇ ਨੁਸ਼ਹਿਰੇ ਦੇ ਸਾਰੇ ਲੜਕੇ ਆਪਣੇ ਪਿੰਡ ਚਲੇ ਗਏ। ਮਿਡਲ ਪਾਸ ਕਰਨ ਤੋਂ ਪਿੱਛੋਂ ਦੋ ਸਾਲ ਵਾਸਤੇ ਖਾਲਸਾ ਹਾਈ ਸਕੂਲ ਸਰਹਾਲੀ ਵਿਚ ਵਿਦਿਆ ਪ੍ਰਾਪਤ ਕੀਤੀ।

ਗੁਰਮਤ ਦੀ ਲੱਗੀ ਹੋਈ ਜਾਗ ਦਿਨੋ-ਦਿਨ ਮੌਲਦੀ ਗਈ। ਦਸਵੀਂ ਤਕ ਪੁੱਜਦਿਆਂ ਪੂਰਾ ਅਨੰਦ ਸਾਹਿਬ, ਜਾਪ ਸਾਹਿਬ ਤੇ ਆਸਾ ਦੀ ਵਾਰ ਆਦਿ ਬਾਣੀਆਂ ਵੀ ਕੰਠ ਹੋ ਗਈਆਂ। ਸਕੂਲ ਵਿਚ ਮਨਾਏ ਜਾਣ ਵਾਲੇ ਗੁਰਪੁਰਬਾਂ ਵਿਚ

ਉਹ ਵੱਧ ਚੜ੍ਹ ਕੇ ਹਿੱਸਾ ਲੈਂਦਾ ਸੀ। ਸਰਹਾਲੀ ਸਕੂਲ ਦਾ ਮੈਨੇਜਰ ਪ੍ਰਸਿੱਧ ਅਕਾਲੀ ਨੇਤਾ ਸਰਦਾਰ ਤੇਜਾ ਸਿੰਘ ਸਮੁੰਦਰੀ ਸੀ ਜੋ ਭਾਈ ਬਲਵੰਤ ਸਿੰਘ ਦਾ ਮਿੱਤਰ ਹੋਣ ਕਰਕੇ ਸੇਵਾ ਸਿੰਘ ਨਾਲ ਵੀ ਬਹੁਤ ਸਨੇਹ ਰੱਖਦਾ ਸੀ। ਸਮੁੰਦਰੀ ਜੀ ਦੀਆਂ ਪੰਥ ਤੇ ਕੌਮ ਲਈ ਘਾਲੀਆਂ ਹੋਈ ਘਾਲਨਾਵਾਂ ਦਾ ਇਸ ਸਕੂਲ ਦੇ ਵਿਦਿਆਰਥੀਆਂ ਉੱਤੇ ਡੂੰਘਾ ਅਸਰ ਪੈਂਦਾ ਸੀ। ਜਦੋਂ ਆਪ ਜੇਲ੍ਹ ਵਿਚੋਂ ਰਿਹਾ ਹੋ ਕੇ ਆਉਂਦੇ ਤਾਂ ਸਕੂਲ ਵਿਚ ਉਨ੍ਹਾਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਜਾਂਦਾ। ਸਕੂਲ ਦੇ ਬੱਚੇ ਸਰ੍ਹੋਂ ਤੇ ਤੋਰੀਏ ਦੇ ਫੁੱਲ ਤੋੜ-ਤੋੜ ਕੇ ਉਨ੍ਹਾਂ ਨੂੰ ਦੇਸੀ ਹਾਰਾਂ ਨਾਲ ਲੱਦ ਦਿੰਦੇ।

ਇਨ੍ਹਾਂ ਦਿਨਾਂ ਵਿਚ ਅਕਾਲੀ ਲਹਿਰ ਪੂਰੇ ਜੋਬਨ 'ਤੇ ਸੀ। ਚਾਬੀਆਂ ਦੇ ਮੋਰਚੇ ਅਤੇ ਗੁਰੂ ਕੇ ਬਾਗ ਦੇ ਮੋਰਚੇ ਨੇ ਸਿੱਖ ਪੰਥ ਵਿਚ ਅਥਾਹ ਜੋਸ਼ ਪੈਦਾ ਕਰ ਦਿੱਤਾ ਸੀ। ਹਰ ਰੋਜ਼ ਇਕ ਸੌ ਸਿੰਘਾਂ ਦਾ ਜਥਾ ਅਕਾਲ ਤਖ਼ਤ ਤੋਂ ਅਰਦਾਸਾ ਸੋਧ ਕੇ ਤੁਰਦਾ ਤੇ ਦਸ ਮੀਲਾਂ ਦੀ ਵਾਟ ਮਾਰ ਕੇ ਪੈਦਲ ਗੁਰੂ ਕੇ ਬਾਗ ਪੁੱਜਦਾ। ਸ਼ਾਂਤਮਈ ਧਰਨਾ ਕਰਦਿਆਂ ਹੋਇਆਂ ਗੁਰੂ ਕੇ ਬਾਗ ਵਿਚ ਖਾਧੀਆਂ ਕੁੱਟਾਂ ਨੇ ਸਿੱਖ ਕੌਮ ਦਾ ਸਾਰੇ ਸੰਸਾਰ ਵਿਚ ਨਾਂ ਰੌਸ਼ਨ ਕਰ ਦਿੱਤਾ ਸੀ। ਬਦੇਸ਼ਾਂ ਤੋਂ ਆਏ ਹੋਏ ਪ੍ਰੈੱਸ ਪ੍ਰਤੀਨਿਧ ਵਿਸ਼ੇਸ਼ ਤੌਰ 'ਤੇ ਦਿਲਚਸਪੀ ਲੈਂਦੇ ਤੇ ਤਸਵੀਰਾਂ ਖਿੱਚਦੇ। ਪੰਥ ਵਿਚ ਜੋਸ਼ ਇਤਨਾ ਸੀ ਕਿ ਜਥੇ ਵਿਚ ਜਾਣ ਵਾਸਤੇ ਸਿੰਘਾਂ ਨੂੰ ਆਪਣੀ ਵਾਰੀ ਵਾਸਤੇ ਕਈ ਕਈ ਦਿਨ ਉਡੀਕਣਾ ਪੈਂਦਾ ਸੀ। ਸੇਵਾ ਸਿੰਘ ਆਪਣੇ ਪਿਤਾ ਦੇ ਨਾਲ ਜਾ ਕੇ ਅਕਾਲ ਤਖ਼ਤ ਤੋਂ ਜਥੇ ਦੇ ਤੁਰਨ ਸਮੇਂ ਦਰਸ਼ਨ ਕਰਦਾ ਤ ਉਸ ਦੇ ਹਿਰਦੇ ਅੰਦਰ ਜੋਸ਼ ਠਾਠਾਂ ਮਾਰਨ ਲੱਗ ਪੈਂਦਾ। ਇਨ੍ਹਾਂ ਦਿਨਾਂ ਵਿਚ ਉਸ ਨੇ ਕਈ ਜੋਸ਼ੀਲੀਆਂ ਕਵਿਤਾਵਾਂ ਲਿਖੀਆਂ ਤੇ ਆਪਣੇ ਸਕੂਲ ਦੇ ਸਟੇਜ ਉੱਤੇ ਪੜ੍ਹੀਆਂ।

ਅਕਾਲੀ ਲਹਿਰ ਸਮੇਂ ਕਾਲੀ ਦਸਤਾਰ ਅੰਗਰੇਜ਼ੀ ਸਰਕਾਰ ਵਾਸਤੇ ਹਊਆ ਬਣੀ ਹੋਈ ਸੀ। ਕਾਲੀ ਦਸਤਾਰ ਵਾਲਿਆਂ ਨੂੰ ਪੁਲਸ ਬਿਨਾਂ ਕਿਸੇ ਕਾਰਨ ਘੇਰ ਲੈਂਦੀ ਤੇ ਡਾਂਟ ਫਾਂਟ ਕਰਦੀ ਰਹਿੰਦੀ। ਜਿਨ੍ਹਾਂ ਬੱਚਿਆਂ ਦੇ ਮਾਪੇ ਕਾਲੀਆਂ ਪੱਗਾਂ ਬੰਨ੍ਹਦੇ ਸਨ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਆਰਥਿਕ ਸਹਾਇਤਾ ਨਹੀਂ ਸੀ ਮਿਲ ਸਕਦੀ। ਸੇਵਾ ਸਿੰਘ ਨੇ ਕਾਲੇ ਰੰਗ ਦੀ ਦਸਤਾਰ ਸਜਾ ਲਈ ਤੇ ਵੇਖੋ ਵੇਖੀ ਕਈ ਸਾਥੀ ਹੋਰ ਵੀ ਨਾਲ ਰਲ ਗਏ।

ਇਨ੍ਹਾਂ ਦਿਨਾਂ ਵਿਚ ਲਾਹੌਰ ਡਵੀਜ਼ਨ ਦਾ ਇੰਸਪੈਕਟਰ ਆਫ਼ ਸਕੂਲਜ਼, ਜੋ ਅੰਗਰੇਜ਼ ਸੀ, ਸਰਹਾਲੀ ਸਕੂਲ ਦਾ ਨਿਰੀਖਣ ਕਰਨ ਆ ਰਿਹਾ ਸੀ। ਸੇਵਾ ਸਿੰਘ ਤੇ ਉਸ ਦੇ ਮਿੱਤਰ ਬਘੇਲ ਸਿੰਘ ਨੇ ਵਿਦਿਆਰਥੀਆਂ ਨੂੰ ਪ੍ਰੇਰਨਾ ਸ਼ੁਰੂ ਕਰ ਦਿੱਤਾ। ਇੰਸਪੈਕਸ਼ਨ ਵਾਲੇ ਦਿਨ ਸਾਰੇ ਸਕੂਲ ਨੇ ਕਾਲੀਆਂ ਦਸਤਾਰਾਂ ਸਜਾਈਆਂ ਹੋਈਆਂ ਸਨ। ਅੰਗਰੇਜ਼ ਇੰਸਪੈਕਟਰ ਇਹ ਕੌਤਕ ਵੇਖ ਕੇ ਸੜ ਬਲ ਗਿਆ ਤੇ ਛੇਤੀ ਹੀ ਵਾਪਸ ਪਰਤ ਗਿਆ।

ਦਸਵੀਂ ਪਾਸ ਕਰਕੇ ਸੇਵਾ ਸਿੰਘ ਖਾਲਸਾ ਕਾਲਜ ਵਿਚ ਦਾਖਲ ਹੋਇਆ। ਉਹ ਹਰ ਰੋਜ਼ ਵਿਹਲੇ ਸਮੇਂ ਦਰਬਾਰ ਸਾਹਿਬ ਜਾਂਦਾ ਤੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਚ ਜਾ ਕੇ ਪੰਥਕ ਸਮਾਚਾਰਾਂ ਵਿਚ ਦਿਲਚਸਪੀ ਲੈਂਦਾ ਰਹਿੰਦਾ। ਇਨ੍ਹਾਂ ਦਿਨਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਬਾਗੀ ਜਮਾਤਾਂ ਕਰਾਰ ਦਿੱਤੀਆਂ ਜਾ ਚੁੱਕੀਆਂ ਸਨ। ਕਈ ਨੌਜਵਾਨ ਪੰਥਕ ਜੋਸ਼ ਹੇਠ ਆਪਣੀ ਪੜ੍ਹਾਈ ਛੱਡ ਕੇ ਇਨ੍ਹਾਂ ਸੰਸਥਾਵਾਂ ਵਿਚ ਕੰਮ ਕਰਨ ਲੱਗ ਪਏ ਸਨ। ਨੌਜਵਾਨ ਸੇਵਾ ਸਿੰਘ ਵਿਚ ਵੀ ਪੰਥਕ ਸੇਵਾ ਦਾ ਉਬਾਲ ਆਇਆ ਤੇ ਇਕ ਦਿਨ ਉਸ ਨੇ ਆਪਣੇ ਪਿਤਾ ਪਾਸੋਂ ਅਜਿਹਾ ਕਰਨ ਵਾਸਤੇ ਜਾ ਆਗਿਆ ਮੰਗੀ। ਭਾਈ ਬਲਵੰਤ ਸਿੰਘ ਜੀ ਨੇ ਪੁੱਤਰ ਦੇ ਜਜ਼ਬਿਆਂ ਨੂੰ ਭਾਂਪਦਿਆਂ ਹੋਇਆਂ ਆਗਿਆ ਦੇ ਦਿੱਤੀ ਅਤੇ ਨਾਲ ਹੀ ਦੋ ਸ਼ਰਤਾਂ ਵੀ ਲਾ ਦਿੱਤੀਆਂ : (੧) ਸੇਵਾ ਕਰਦਿਆਂ ਹੋਇਆਂ ਪੰਥ ਦੀ ਸ਼ਾਨ ਨੂੰ ਬਿਲਕੁਲ ਵੱਟਾ ਨਹੀਂ ਲੱਗਣਾ ਚਾਹੀਦਾ। (੨) ਪੰਥ ਦੀ ਸੇਵਾ ਤਾਂ ਕਰੋ ਪਰੰਤੂ ਆਪਣੇ ਖ਼ਰਚ ਦਾ ਬੋਝ ਪੰਥ ਉੱਤੇ ਨਾ ਪਵੇ।

'ਸਤ ਬਚਨ' ਕਹਿੰਦਿਆਂ ਹੋਇਆਂ ਸੇਵਾ ਸਿੰਘ ਨੇ ਆਪਣਾ ਇਰਾਦਾ ਪੱਕਾ ਕਰ ਲਿਆ ਤੇ ਪੜ੍ਹਾਈ ਛੱਡ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਚ ਪੁੱਜ ਗਿਆ। ਕੁਝ ਦਿਨਾਂ ਬਾਅਦ ਜ਼ਿਲ੍ਹਾ ਅੰਮ੍ਰਿਤਸਰ ਦੇ ਅਕਾਲੀ ਜਥੇ ਦਾ ਔਨਰੇਰੀ ਸਕੱਤਰ ਵੀ ਬਣ ਗਿਆ। ਇਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਆਰੰਭ ਹੋ ਗਈ। ਕਾਰ ਸੇਵਾ ਦੇ ਸਕੱਤਰ ਸਰਦਾਰ ਨਿਹਾਲ ਸਿੰਘ ਬਰਿਸਟਰ ਸਨ। ਉਨ੍ਹਾਂ ਨੇ ਸੇਵਾ ਸਿੰਘ ਨੂੰ ਪ੍ਰੇਰ ਕੇ ਆਪਣੇ ਦਫ਼ਤਰ ਦਾ ਵੀ ਕੁਝ ਕੰਮ ਉਸ ਨੂੰ ਸੌਂਪ ਦਿੱਤਾ। ਇਉਂ ਨੌਜਵਾਨ ਸੇਵਾ ਸਿੰਘ ਇਕੋ ਸਮੇਂ ਤਿੰਨਾਂ ਦਫ਼ਤਰਾਂ ਵਿਚ ਕੰਮ ਕਰਦਾ ਰਿਹਾ।

ਅੰਮ੍ਰਿਤਸਰ ਰਹਿੰਦਿਆਂ ਹੋਇਆਂ ਕਈ ਰਾਜਸੀ ਵਿਚਾਰਧਾਰਾਵਾਂ ਦੇ ਆਗੂ ਉਸ ਦੇ ਸੰਪਰਕ ਵਿਚ ਆਏ। ਅਕਾਲੀ ਦਲ ਵਿਚੋਂ ਕੁਝ ਗਰਮ ਖਿਆਲੀਏ ਅੱਡ ਹੋ ਚੁੱਕੇ ਸਨ ਤੇ ਉਨ੍ਹਾਂ ਨੇ 'ਗੜਗਜ ਅਕਾਲੀ ਦੀਵਾਨ' ਨਾਂ ਦੀ ਨਵੀਂ ਸੰਸਥਾ ਖੜੀ ਕਰ ਲਈ ਸੀ। ਗੜਗਜ ਅਕਾਲੀ ਦੀਵਾਨ ਨੇ 'ਬੱਬਰ ਸ਼ੇਰ' ਨਾਂ ਦਾ ਅਖ਼ਬਾਰ ਕੱਢਿਆ। ਸੇਵਾ ਸਿੰਘ ਦਾ ਇਸ ਇਨਕਲਾਬੀ ਵਿਚਾਰਧਾਰਾ ਵੱਲ ਝੁਕਾਅ ਹੋ ਗਿਆ ਤੇ ਉਸ ਨੇ 'ਬੱਬਰ ਸ਼ੇਰ' ਵਾਸਤੇ ਲਿਖਣਾ ਸ਼ੁਰੂ ਕਰ ਦਿੱਤਾ। ਉਸ ਨੇ ਆਪਣੇ ਤਖੱਲਸ 'ਸੇਵਕ' ਰੱਖ ਲਿਆ ਤੇ ਬੱਬਰ ਸ਼ੇਰ ਵਾਸਤੇ ਕਵਿਤਾਵਾਂ, ਲੇਖ ਤੇ ਨਾਟਕ ਲਿਖਣੇ ਆਰੰਭ ਕਰ ਦਿੱਤੇ। ਇਹ ਉਨ੍ਹਾਂ ਦੇ ਸਾਹਿਤਕ ਜੀਵਨ ਦਾ ਆਰੰਭ ਸੀ।

ਇਸ ਸਮੇਂ 'ਬੱਬਰ ਸ਼ੇਰ' ਤੇ 'ਅਕਾਲੀ' ਸਿੱਖਾਂ ਦੇ ਦੋ ਹੀ ਅਖ਼ਬਾਰ ਸਨ। ਅਕਾਲੀ ਦਲ ਬਾਗੀ ਜਮਾਤ ਹੋਣ ਕਰਕੇ

ਸਰਕਾਰ ਇਨ੍ਹਾਂ ਦੋਵਾਂ ਅਖ਼ਬਾਰਾਂ ਦੀ ਹੋਂਦ ਬਰਦਾਸ਼ਤ ਨਹੀਂ ਸੀ ਕਰਦੀ। ਅਕਾਲੀ ਦਲ ਵੱਲੋਂ ਜਿਹੜੀ ਵੀ ਪੁਸਤਕ (ਕਵਿਤਾਵਾਂ ਦੇ ਸੰਗ੍ਰਹਿ ਆਦਿ) ਛਪਦੀ ਉਸੇ ਵੇਲੇ ਜ਼ਬਤ ਹੋ ਜਾਂਦੀ ਤੇ ਮੁਕੱਦਮੇ ਚੱਲਣੇ ਸ਼ੁਰੂ ਹੋ ਜਾਂਦੇ। ਇਉਂ ਲੇਖਕ ਤੇ ਪ੍ਰਕਾਸ਼ਕ ਦੋਵਾਂ ਨੂੰ ਜੇਲ੍ਹ ਦੀ ਹਵਾ ਖਾਣੀ ਪੈਂਦੀ। ਲਿਖਾਰੀਆਂ ਦੀ ਫੜੋਫੜੀ ਨੇ ਇਨ੍ਹਾਂ ਅਖ਼ਬਾਰਾਂ ਨੂੰ ਡੱਮੀ ਐਡੀਟਰ ਰੱਖਣ ਵਾਸਤੇ ਮਜਬੂਰ ਕਰ ਦਿੱਤਾ। ਲਿਖਣ ਵਾਲਾ ਕੋਈ ਹੁੰਦਾ ਤੇ ਲੇਖ ਕਿਸੇ ਦੂਸਰੇ ਦੇ ਨਾਂ ਹੇਠ ਅਖ਼ਬਾਰ ਵਿਚ ਪ੍ਰਕਾਸ਼ਤ ਹੁੰਦਾ। ਨਿਤ ਨਵੇਂ ਐਡੀਟਰ ਦਾ ਨਾਂ ਅਖ਼ਬਾਰ ਉੱਤੇ ਆਉਂਦਾ ਤੇ ਉਹ ਛੇਤੀ ਗ੍ਰਿਫ਼ਤਾਰ ਹੋ ਕੇ ਜੇਲ੍ਹ ਚਲਾ ਜਾਂਦਾ। ਅਸਲ ਲੇਖਕ ਪਿੱਛੇ ਰਹਿ ਕੇ ਗੁਪਤ ਰੂਪ ਵਿਚ ਰਚਨਾਵਾਂ ਲਿਖ-ਲਿਖ ਅਖ਼ਬਾਰਾਂ ਨੂੰ ਦੇਈ ਜਾਂਦੇ। ਸੇਵਾ ਸਿੰਘ ਵੀ ਉਨ੍ਹਾਂ ਵਿਚੋਂ ਇਕ ਸੀ।

ਜੈਤੋ ਦਾ ਮੋਰਚਾ ਲੱਗ ਪਿਆ। ਪਹਿਲਾ ਜਥਾ ਤੁਰਨ ਵਾਸਤੇ ਅਕਾਲ ਤਖ਼ਤ ਤੋਂ ਤਿਆਰ ਹੋ ਰਿਹਾ ਸੀ। ਸੇਵਾ ਸਿੰਘ ਨੇ ਜਥੇ ਦੇ ਨਾਲ ਜਾਣ ਦੀ ਇੱਛਾ ਪ੍ਰਗਟ ਕੀਤੀ। ਉਸ ਦੇ ਗ੍ਰਿਫ਼ਤਾਰ ਹੋਣ ਨਾਲ ਅਖ਼ਬਾਰ ਦੇ ਕੰਮ ਵਿਚ ਵਿਘਨ ਪੈਂਦਾ ਸੀ, ਸੋ ਪ੍ਰਬੰਧਕਾਂ ਵੱਲੋਂ ਆਗਿਆ ਨਾ ਮਿਲੀ। ਹਾਂ, ਉਹ ਆਪਣੇ ਕੰਮ 'ਚੋਂ ਸਮਾਂ ਕੱਢ ਕੇ ਸਾਈਕਲ ਸਵਾਰ ਹੋ ਜਾਂਦਾ ਤੇ ਪੜਾਓ ਪੜਾਅ ਜਿਥੇ ਜਥਾ ਅਟਕਿਆ ਹੁੰਦਾ, ਜਾ ਕੇ ਪ੍ਰਬੰਧ ਕਰਨ ਵਾਲਿਆਂ ਦੀ ਸਹਾਇਤਾ ਕਰਦਾ ਤੇ ਹਰ ਰੋਜ਼ ਦੇ ਸਮਾਚਾਰ ਲਿਆ ਕੇ ਅਖ਼ਬਾਰਾਂ ਨੂੰ ਪੁਚਾਂਦਾ ਰਹਿੰਦਾ। ਉਸ ਦਾ ਇਹ ਨੇਮ ਉਦੋਂ ਤਕ ਨਿਭਦਾ ਰਹਿੰਦਾ ਜਦ ਤਕ ਜਥਾ ਹਰੀ ਕੇ ਪੱਤਣ ਤੋਂ ਲੰਘ ਕੇ ਦਰਿਆ ਪਾਰ ਨਹੀਂ ਕਰ ਜਾਂਦਾ ਸੀ।

ਫਿਰ ਨਾਭੇ ਦਾ ਮੋਰਚਾ ਸ਼ੁਰੂ ਹੋ ਗਿਆ। ਰਿਆਸਤ ਨਾਭਾ ਦਾ ਮਹਾਰਾਜਾ ਰਿਪੁਦਮਨ ਸਿੰਘ ਕਾਲੀ ਦਸਤਾਰ ਸਜਾ ਕੇ ਅਕਾਲੀਆਂ ਦਾ ਹਮਦਰਦ ਬਣ ਗਿਆ ਤੇ ਅੰਗਰੇਜ਼ ਦੀ ਅੱਖ ਵਿਚ ਰੜਕਣ ਲੱਗ ਪਿਆ। ਸਰਕਾਰ ਨੇ ਮਹਾਰਾਜਾ ਪਟਿਆਲਾ ਦੇ ਨਾਲ ਮਿਲ ਕੇ ਉਸ ਦੇ ਵਿਰੁੱਧ ਸਾਜ਼ਿਸ਼ ਖੜੀ ਕਰ ਦਿੱਤੀ ਤੇ ਉਸ ਨੂੰ ਗੱਦੀਓਂ ਲਾਹ ਕੇ ਹੀ ਬਸ ਕੀਤੀ। ਸੇਵਾ ਸਿੰਘ ਆਪਣੇ ਇਕ ਹੋਰ ਸਾਥੀ ਸਮੇਤ ਭੇਸ ਬਦਲ ਕੇ ਨਾਭੇ ਅਤੇ ਅੰਮ੍ਰਿਤਸਰ ਦੇ ਵਿਚਕਾਰ ਫਿਰਦਾ ਰਿਹਾ ਤੇ ਸਰਕਾਰੀ ਸੂਹੀਆਂ ਤੋਂ ਬਚਦਾ ਹੋਇਆ ਅਸਲ ਖ਼ਬਰਾਂ ਅਖ਼ਬਾਰਾਂ ਨੂੰ ਪੁਚਾਉਂਦਾ ਰਿਹਾ।

ਇਕ ਵੇਰ ਅਕਾਲ ਤਖ਼ਤ ਦੀ ਉਪਰਲੀ ਛੱਤੇ ਬੜੀ ਜ਼ਰੂਰੀ ਮੀਟਿੰਗ ਹੋ ਰਹੀ ਸੀ। ਅੰਗਰੇਜ਼ ਪੁਲਸ ਕਪਤਾਨ ਪੁਲਸ ਦੀ ਧਾੜ ਲੈ ਕੇ ਗੁਰਦੁਆਰਾ ਥੜਾ ਸਾਹਿਬ ਵਾਲੇ ਪਾਸਿਉਂ ਅਕਾਲ ਤਖ਼ਤ ਪੁੱਜ ਗਿਆ। ਸਾਰੇ ਰੌਲਾ ਪੈ ਗਿਆ। ਪੰਜ ਚਾਰ ਸਿੰਘਾਂ ਨੇ ਪੁਲਸ ਦਾ ਰਾਹ ਰੋਕਿਆ। ਸੇਵਾ ਸਿੰਘ ਨੇ ਇਕ ਸਾਥੀ ਨੂੰ ਨਾਲ ਲੈ ਕੇ ਸਾਰੇ ਜ਼ਰੂਰੀ ਕਾਗ਼ਜ਼ ਸੰਭਾਲੇ ਤੇ ਨਾਲ ਲੱਗਦੇ ਮਕਾਨ ਦੀ ਕੰਧ ਟੱਪ ਕੇ ਸੁਰੱਖਿਅਤ ਜਗ੍ਹਾ ਪੁਚਾ ਦਿੱਤੇ। ਪੁਲਸ ਦੇ ਗੁਰਦੁਆਰਾ ਸਾਹਿਬ ਦੇ ਅੰਦਰ ਬੂਟਾਂ ਸਮੇਤ ਆ ਜਾਣ ਦੀ ਖਬਰ ਸਾਰੇ ਸ਼ਹਿਰ ਵਿਚ ਫੈਲ ਗਈ। ਅਕਾਲ ਤਖਤ ਦੇ ਸਾਹਮਣੇ ਇਕ ਵੱਡਾ ਇਕੱਠ ਹੋ ਗਿਆ। ਇਸ ਸਮੇਂ ਸਿੱਖ ਸੰਗਤਾਂ ਦਾ ਜੋਸ਼ ਅਠੱਲਵਾਂ ਸੀ। ਸਰਦਾਰ ਈਸ਼ਰ ਸਿੰਘ ਮਝੈਲ ਅਤੇ ਸਰਦਾਰ ਸੇਵਾ ਸਿੰਘ ਸੇਵਕ ਦੋਹਾਂ ਨੇ ਮਿਲ ਕੇ ਸੰਗਤ ਨੂੰ ਸਮਝਾਉਣਾ ਸ਼ੁਰੂ ਕੀਤਾ ਤੇ ਮੌਕੇ ਦੀ ਨਜ਼ਾਕਤ ਨੂੰ ਸੰਭਾਲ ਲਿਆ। ਇਤਨੀ ਦੇਰ ਨੂੰ ਪ੍ਰੋਫ਼ੈਸਰ ਜੋਧ ਸਿੰਘ ਉਪਰਲੀ ਛੱਤ 'ਤੇ ਹੋ ਰਹੀ ਇਕੱਤਰਤਾ ਵਿਚੋਂ ਉਠ ਕੇ ਆਏ ਤੇ ਪੁਲਸ ਕਪਤਾਨ ਨਾਲ ਇਉਂ ਗੱਲਬਾਤ ਕੀਤੀ।

ਪ੍ਰੋਫੈਸਰ ਜੋਧ ਸਿੰਘ—ਤੁਸੀਂ ਇਥੇ ਕਿਉਂ ਆਏ ਹੋ ?

ਪੁਲਸ ਕਪਤਾਨ—ਇਥੇ ਸਰਕਾਰ ਦੇ ਬਾਗੀ ਇਕੱਠੇ ਹੋ ਕੇ ਮੀਟਿੰਗ ਕਰ ਰਹੇ ਹਨ। ਮੈਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਆਇਆ ਹਾਂ।

ਪ੍ਰੋਫੈਸਰ ਜੋਧ ਸਿੰਘ—ਤੁਹਾਨੂੰ ਇਥੇ ਇਸ ਤਰ੍ਹਾਂ ਨਹੀਂ ਸੀ ਆਉਣਾ ਚਾਹੀਦਾ। ਤੁਸੀਂ ਫੌਰਨ ਗੁਰਦੁਆਰੇ ਦੀ ਹੱਦ 'ਚੋਂ ਬਾਹਰ ਨਿਕਲ ਜਾਓ। ਬਾਗੀਆਂ ਦੀ ਲਿਸਟ ਮੈਨੂੰ ਦੇਵੋ, ਉਨ੍ਹਾਂ ਵਿਚੋਂ ਜਿਹੜਾ ਵੀ ਇਥੇ ਹਾਜ਼ਰ ਹੋਵੇਗਾ ਉਹ ਆਪ ਘੰਟਾ ਘਰ ਚੌਂਕ ਵਿਚ ਪੁੱਜ ਕੇ ਗ੍ਰਿਫ਼ਤਾਰੀ ਦੇ ਦੇਵੇਗਾ।

ਮੀਟਿੰਗ ਬਰਖਾਸਤ ਹੋਈ। ਅਕਾਲੀ ਆਗੂਆਂ ਨੇ ਜੋਸ਼ ਭਰੀਆਂ ਤਕਰੀਰਾਂ ਕੀਤੀਆਂ, ਹਰਿਮੰਦਰ ਸਾਹਿਬ ਮੱਥਾ ਟੇਕਿਆ ਤੇ ਇਕ ਜਲੂਸ ਦੀ ਸ਼ਕਲ ਵਿਚ ਘੰਟਾ ਘਰ ਚੌਂਕ ਪਹੁੰਚ ਕੇ ਗ੍ਰਿਫ਼ਤਾਰੀਆਂ ਦੇ ਦਿੱਤੀਆਂ।

ਇਨ੍ਹਾਂ ਦਿਨਾਂ ਵਿਚ ਸ. ਸੇਵਾ ਸਿੰਘ ਦਾ ਮਿੱਤਰ ਸ. ਅਰਜਨ ਸਿੰਘ ਗੜਗਜ (ਤਰਨ ਤਾਰਨ) ਉਨ੍ਹਾਂ ਪਾਸ ਠਹਿਰਿਆ ਹੋਇਆ ਸੀ। ਗੜਗਜ ਗਰਮ ਖਿਆਲੀਆ ਹੋਣ ਕਰਕੇ ਅਕਾਲੀ ਅਖ਼ਬਾਰ ਦੀ ਐਡੀਟਰੀ ਛੱਡ ਆਇਆ ਸੀ। ਇਨ੍ਹਾਂ ਦਿਨਾਂ ਵਿਚ ਗਦਰ ਪਾਰਟੀ ਵਾਲਾ ਭਾਈ ਸੰਤੋਖ ਸਿੰਘ ਅਮਰੀਕਾ ਤੋਂ ਇਥੇ ਆ ਗਿਆ ਤੇ ਉਸ ਨੇ 'ਕਿਰਤੀ' ਨਾਂ ਦਾ ਰਸਾਲਾ ਕੱਢਿਆ। ਸੇਵਾ ਸਿੰਘ ਨੇ ਗੜਗੱਜ ਨੂੰ ਭਾਈ ਸੰਤੋਖ ਸਿੰਘ ਅਤੇ ਸ. ਸੋਹਣ ਸਿੰਘ ਜੋਸ਼ ਨੂੰ ਮਿਲਾ ਦਿੱਤਾ। ਗੜਗਜ ਕਿਰਤੀ ਵਿਚ ਕੰਮ ਕਰਨ ਲੱਗ ਪਿਆ।

'ਕਿਰਤੀ' ਦਾ ਦਫ਼ਤਰ ਇਨਕਲਾਬੀਆਂ ਦਾ ਅੱਡਾ ਸੀ। ਗੜਗੱਜ ਦੇ ਰਾਹੀਂ ਸ. ਸੇਵਾ ਸਿੰਘ ਨੂੰ ਕਈ ਇਨਕਲਾਬੀਆਂ ਨੂੰ ਮਿਲਣ ਦਾ ਮੌਕਾ ਮਿਲਿਆ। ਸਿੱਧੀ ਸਾਦੀ ਸ਼ਮਲੇ ਵਾਲੀ ਪੱਗ ਬੱਧੀ ਸ. ਭਗਤ ਸਿੰਘ

ਜਲਿਆਂਵਾਲਾ ਬਾਗ ਵਿਚ ਮੈਜਿਕ ਲਾਲਟੈਨ ਨਾਲ ਜਨਤਾ ਨੂੰ ਅਗਾਂਹਵਧੂ ਦੇਸ਼ ਦੀਆਂ ਫ਼ਿਲਮਾਂ ਵਿਖਾਇਆ ਕਰਦਾ ਸੀ। ਇਸ ਪ੍ਰਬੰਧ ਵਿਚ ਸੇਵਾ ਸਿੰਘ ਉਸ ਦਾ ਸਾਥ ਦਿੰਦਾ ਸੀ।

ਪ੍ਰਸਿੱਧ ਗਦਰੀ ਦੇਸ਼ ਭਗਤ ਬਾਬਾ ਵਿਸਾਖਾ ਸਿੰਘ ਦਦੇਹਰ ਕਾਲੇ ਪਾਣੀ ਜੇਲ੍ਹ ਵਿਚੋਂ ਉਮਰ ਕੈਦ ਕੱਟ ਕੇ ਪੰਜਾਬ ਪਰਤੇ ਸਨ। ਉਨ੍ਹਾਂ ਨੇ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਬਣਾ ਕੇ ਥਾਂ-ਥਾਂ ਫਿਰ ਕੇ ਉਗਰਾਹੀਆਂ ਕੀਤੀਆਂ ਤੇ ਦੇਸ਼ ਭਗਤਾਂ ਦੇ ਲੋੜਵੰਦ ਪਰਿਵਾਰਾਂ ਨੂੰ ਮਾਇਕ ਸਹਾਇਤਾ ਪੁਚਾਉਣ ਦਾ ਕੰਮ ਸ਼ੁਰੂ ਕੀਤਾ। ਇਸ ਪ੍ਰੋਗਰਾਮ ਦੇ ਪ੍ਰਚਾਰ ਵਾਸਤੇ ਉਨ੍ਹਾਂ ਨੂੰ ਕਿਸੇ ਅਖ਼ਬਾਰ ਦੇ ਸਹਿਯੋਗ ਦੀ ਲੋੜ ਸੀ। ਸਰਕਾਰੀ ਕਰੋਪੀ ਤੋਂ ਡਰਦਿਆਂ ਹੋਇਆਂ ਅਖ਼ਬਾਰ ਅਜਿਹੀਆਂ ਖ਼ਬਰਾਂ ਛਾਪਣ ਤੋਂ ਸੰਕੋਚ ਕਰਦੇ ਸਨ। 'ਬੱਬਰ ਸ਼ੇਰ' ਨੂੰ ਜ਼ਰਾ ਨਿਧੜਕ ਅਖ਼ਬਾਰ ਸਮਝ ਕੇ ਇਕ ਦਿਨ ਉਥੇ ਆ ਗਏ। ਅਖ਼ਬਾਰ ਦੇ ਪ੍ਰਬੰਧਕ ਸ. ਸਰਨ ਸਿੰਘ ਥਾਂਦ ਦੇ ਵਰੰਟ ਨਿਕਲੇ ਹੋਏ ਸਨ ਤੇ ਉਹ ਉਨ੍ਹਾਂ ਦਿਨਾਂ ਵਿਚ ਰੂਪੋਸ਼ ਸਨ। ਉਸ ਸਮੇਂ ਕੇਵਲ ਸੇਵਾ ਸਿੰਘ ਹੀ ਦਫ਼ਤਰ ਵਿਚ ਹਾਜ਼ਰ ਸੀ। ਬਾਬਾ ਜੀ ਨੇ 'ਥਾਂਦ' ਬਾਰੇ ਪੁੱਛਿਆ, ਆਪਣੀ ਬਾਬਤ ਦੱਸਿਆ, ਬੜੀ ਵਾਹ ਲਾਈ ਪਰੰਤੂ ਸੇਵਾ ਸਿੰਘ ਨੇ ਕੋਈ ਭੇਤ ਨਾ ਦਿੱਤਾ। ਬਾਬਾ ਜੀ ਗੁੱਸੇ ਹੋ ਕੇ ਤੁਰ ਗਏ। ਉਨ੍ਹਾਂ ਨੇ 'ਥਾਂਦ' ਬਾਰੇ ਖੋਜ ਜਾਰੀ ਰੱਖੀ।

ਇਸ ਘਟਨਾ ਤੋਂ ਕੁਝ ਦਿਨ ਬਾਅਦ ਸ. ਸੇਵਾ ਸਿੰਘ ਪਰਕਰਮਾ ਵਿਚ ਜਾ ਰਿਹਾ ਸੀ। ਉਸ ਨੇ ਵੇਖਿਆ ਕਿ ਬਾਬਾ ਜੀ ਅਤੇ ਸ. ਸਰਨ ਸਿੰਘ ਇਕ ਪਾਸੇ ਬੈਠੇ ਗੱਲਾਂ ਕਰ ਰਹੇ ਸਨ। ਸਰਨ ਸਿੰਘ ਨੇ ਇਸ਼ਾਰੇ ਨਾਲ ਸੇਵਾ ਸਿੰਘ ਨੂੰ ਬੁਲਾ ਲਿਆ। ਬਾਬਾ ਜੀ ਨਾਲ ਰਸਮੀ ਜਾਣ-ਪਛਾਣ ਕਰਾਈ। ਬਾਬਾ ਜੀ ਨੇ ਸੇਵਾ ਸਿੰਘ ਨੂੰ ਜੱਫੀ ਵਿਚ ਘੁੱਟਿਆ, ਥਾਪੀ ਦਿੱਤੀ ਤੇ ਸ. ਸਰਨ ਸਿੰਘ ਨੂੰ ਕਹਿਣ ਲੱਗੇ, "ਇਹ ਨੌਜਵਾਨ ਮੈਨੂੰ ਬੜਾ ਪੱਕਾ ਸਾਬਤ ਹੋਇਆ ਹੈ। ਮੈਂ ਬੜੀ ਵਾਹ ਲਾਈ ਪਰ ਇਸ ਨੇ ਕੋਈ ਪੱਲਾ ਨਾ ਫੜਾਇਆ। ਸਾਨੂੰ ਅਜਿਹੇ ਨੌਜਵਾਨਾਂ ਦੀ ਲੋੜ ਹੈ।" ਉਸ ਦਿਨ ਤੋਂ ਪਿਛੋਂ ਸੇਵਕ ਦਾ ਮੇਲ ਮਿਲਾਪ ਬਾਬਾ ਜੀ ਨਾਲ ਵਧਦਾ ਗਿਆ ਤੇ ਅੰਤ ਸਮੇਂ ਤਕ ਨਿਭਿਆ। ਅਕਾਲੀ ਪਾਰਟੀ ਵਿਚ ਧੜੇਬੰਦੀ ਆ ਗਈ। ਜਿਨ੍ਹਾਂ ਲੀਡਰਾਂ ਦੀ ਪੂਜਾ ਹੁੰਦੀ ਸੀ, ਹੁਣ ਉਨ੍ਹਾਂ ਉਤੇ ਹੀ ਇਕ ਦੂਜੇ ਵਲੋਂ ਚਿੱਕੜ ਸੁੱਟਿਆ ਜਾਣ ਲੱਗ ਪਿਆ। ਸੇਵਾ ਸਿੰਘ ਦਾ ਦਿਲ, ਅਕਾਲੀ ਪਾਲੇਟਿਕਸ ਵਲੋਂ ਖੱਟਾ ਹੋ ਗਿਆ ਤੇ ਉਹ ਆਪਣੇ ਇਕ ਪੁਰਾਣੇ ਮਿੱਤਰ ਡਾ. ਬਖਸ਼ੀਸ਼ ਸਿੰਘ ਪਾਸ ਡੇਹਰਾਦੂਨ ਚਲਾ ਗਿਆ।

ਡਾ. ਬਖਸ਼ੀਸ਼ ਸਿੰਘ ਉਹ ਸੱਜਣ ਸਿੰਘ ਜਿਨ੍ਹਾਂ ਨੂੰ ਮਹਾਰਾਜਾ ਪਟਿਆਲਾ ਨੇ ਪਰਿਵਾਰ ਸਮੇਤ ਜ਼ਬਰਦਸਤੀ ਉਧਾਲ ਕੇ ਬਹਾਦਰ ਗੜ੍ਹ ਕਿਲ੍ਹੇ ਵਿਚ ਬੰਦ ਕਰ ਦਿੱਤਾ ਸੀ। ਅੰਗਰੇਜ਼ ਸਰਕਾਰ ਮਹਾਰਾਜਾ ਪਟਿਆਲਾ ਨੂੰ ਅਕਾਲੀਆਂ ਵਿਰੁੱਧ ਵਰਤ ਰਹੀ ਸੀ। ਮਹਾਰਾਜਾ ਡਾ. ਬਖਸ਼ੀਸ਼ ਸਿੰਘ ਪਾਸੋਂ ਬੰਬ ਬਣਵਾਉਣਾ ਚਾਹੁੰਦਾ ਸੀ ਜੋ ਸਰਕਾਰ ਦੇ ਇਸ਼ਾਰੇ ਉਤੇ ਸ਼੍ਰੋਮਣੀ ਕਮੇਟੀ ਅਤੇ ਹੋਰ ਅਕਾਲੀ ਅੱਡਿਆਂ ਤੇ ਰੱਖੇ ਜਾਣੇ ਸਨ। ਕਿਲ੍ਹੇ ਵਿਚ ਬੰਬ ਬਣਾਉਣ ਦਾ ਮਸਾਲਾ ਸਪਲਾਈ ਕੀਤਾ ਗਿਆ। ਉਸ ਨੇ ਮਹਾਰਾਜੇ ਦੀ ਕਰੋਪੀ ਤੋਂ ਡਰਦਿਆਂ ਹੋਇਆਂ ਆਪਣਾ ਕੰਮ ਸ਼ੁਰੂ ਕਰ ਦਿੱਤਾ। ਉਸ ਦੇ ਹਿਰਦੇ ਅੰਦਰ ਪੰਥ ਲਈ ਦਰਦ ਸੀ। ਉਸ ਨੇ ਬਾਹਰ ਆਉਣ ਜਾਣ ਵਾਲੇ ਨੌਕਰਾਂ ਨਾਲ ਗੂੜ੍ਹਾ ਪਿਆਰ ਪਾ ਲਿਆ ਤੇ ਉਨ੍ਹਾਂ ਰਾਹੀਂ ਰੋਜ਼ ਦੀ ਰੋਜ਼ ਡਾਇਰੀ ਅੰਮ੍ਰਿਤਸਰ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਪਹੁੰਚਣ ਲੱਗ ਪਈ। ਮਹਾਰਾਜੇ ਨੂੰ ਪਤਾ ਲੱਗ ਗਿਆ। ਪੁੱਛ ਪੜਤਾਲ ਹੋਈ। ਡਾ. ਬਖਸ਼ੀਸ਼ ਸਿੰਘ ਇਕ ਰਾਤ ਆਪਣੀ ਪਤਨੀ ਬਚਿੱਤਰ ਕੌਰ ਦੇ ਕੱਪੜੇ ਪਾ ਕੇ, ਪਹਿਰੇ ਵਾਲਿਆਂ ਤੋਂ ਅੱਖ ਬਚਾ ਕੇ ਬਾਹਰ ਨਿਕਲ ਗਿਆ ਤੇ ਢੇਰ ਚਿਰ ਗੁਪਤ ਰੂਪ ਵਿਚ ਕਸ਼ਟ ਝੱਲਦਾ ਰਿਹਾ। ਮਹਾਰਾਜੇ ਨੇ ਬੀਬੀ ਬਚਿਤਰ ਕੌਰ ਨੂੰ ਮਰਵਾ ਦਿੱਤਾ। ਫਿਰਦਾ ਫਿਰਾਂਦਾ ਬਖਸ਼ੀਸ਼ ਸਿੰਘ ਇਕ ਦਿਨ ਗੜਗਜ ਅਕਾਲੀ ਦੀਵਾਨ ਦੇ ਦਫ਼ਤਰ ਆ ਗਿਆ ਤੇ ਉਥੇ ਉਸ ਦਾ ਸੇਵਾ ਸਿੰਘ ਸੇਵਕ ਨਾਲ ਮੇਲ ਹੋ ਗਿਆ। ਇਹ ਮੇਲ ਸਮਾਂ ਪਾ ਕੇ ਦੋਸਤੀ ਵਿਚ ਬਦਲ ਗਿਆ ਤੇ ਜ਼ਿੰਦਗੀ ਭਰ ਨਿਭਿਆ।

1929 ਦੀਆਂ ਗਰਮੀਆਂ ਵਿਚ ਪਤਾ ਲੱਗਾ ਕਿ ਡਾ. ਬਖਸ਼ੀਸ਼ ਸਿੰਘ ਦਾ ਇਕਲੌਤਾ ਸਪੁੱਤਰ ਅਜੇ ਜੀਉਂਦਾ ਹੈ। ਕਿਸੇ ਅਹਿਲਕਾਰ ਨੇ ਉਸ ਨੂੰ ਕਿਲ੍ਹੇ ਵਿਚੋਂ ਬਾਹਰ ਕੱਢ ਕੇ ਵੇਚ ਛੱਡਿਆ ਸੀ ਤੇ ਹੁਣ ਜ਼ਿਲ੍ਹਾ ਸਰਗੋਧਾ ਵਿਚ ਕਿਸੇ ਜ਼ਿਮੀਂਦਾਰ ਪਾਸ ਰਹਿੰਦਾ ਸੀ। ਇਹ ਖ਼ਬਰ ਅਕਾਲੀ ਦਲ ਦੇ ਦਫ਼ਤਰ ਪੁੱਜੀ। ਮਾਸਟਰ ਤਾਰਾ ਸਿੰਘ ਨੇ ਉਸੇ ਵੇਲੇ ਜਥੇਦਾਰ ਊਧਮ ਸਿੰਘ ਨਾਗੋਕੇ ਨੂੰ ਨੁਸ਼ਹਿਰੇ ਭੇਜਿਆ। ਸੇਵਾ ਸਿੰਘ ਇਨ੍ਹੀਂ ਦਿਨੀਂ ਆਪਣੇ ਪਿੰਡ ਨੁਸ਼ਹਿਰਾ ਪੰਨੂਆਂ ਵਿਚ ਆਇਆ ਹੋਇਆ ਸੀ।

ਡਾ. ਬਖਸ਼ੀਸ਼ ਸਿੰਘ, ਸ. ਸੇਵਾ ਸਿੰਘ ਅਤੇ ਜਥੇਦਾਰ ਵਰਿਆਮ ਸਿੰਘ ਨੇ ਕੁਝ ਦਿਨਾਂ ਵਿਚ ਹੀ ਸਾਰਾ ਸਰਗੋਧਾ ਛਾਣ ਮਾਰਿਆ ਤੇ ਬਰਜਿੰਦਰ ਸਿੰਘ ਬਾਰੇ ਸੂਹ ਕੱਢ ਕੇ ਅੰਮ੍ਰਿਤਸਰ ਸੂਚਨਾ ਦਿੱਤੀ। ਚੌਥੇ ਦਿਨ ਜਥੇਦਾਰ ਤੇਜਾ ਸਿੰਘ ਅਕਰਪੁਰੀ ਨੂੰ ਭੇਜਿਆ ਗਿਆ ਜੋ 1500 ਰੁਪਏ ਦੇ ਕੇ ਬਰਜਿੰਦਰ ਸਿੰਘ ਨੂੰ ਜ਼ਿਮੀਂਦਾਰਾਂ ਪਾਸੋਂ ਛੁਡਾ ਲਿਆਇਆ। ਬਰਜਿੰਦਰ ਸਿੰਘ ਅੱਜ ਕੱਲ੍ਹ ਡੇਹਰਾਦੂਨ ਵਿਚ ਡਾਕਟਰੀ ਦੀ ਦੁਕਾਨ ਕਰਦਾ ਹੈ।

ਰਾਜਨੀਤੀ ਵਲੋਂ ਸੇਵਕ ਜੀ ਦਾ ਦਿਲ ਫਿੱਕਾ ਪੈ ਚੁੱਕਾ ਸੀ। ਉਨ੍ਹਾਂ ਨੇ ਖਾਲਸਾ ਹਾਈ ਸਕੂਲ ਤਰਨ ਤਾਰਨ ਵਿਚ ਅਧਿਆਪਕ ਦੀ ਨੌਕਰੀ ਕਰ ਲਈ ਤੇ ਉਨ੍ਹਾਂ ਦੀ ਸਾਹਿਤਕ ਸੇਵਾ ਦੀ ਨੀਝ ਨਵੇਂ ਸਿਰੋਂ ਤੋਂ ਮੌਲਣ ਲੱਗ ਪਈ। ਸਕੂਲ ਸੇਵਾ ਵਿਚ ਰਹਿੰਦਿਆਂ ਹੋਇਆਂ ਇਨ੍ਹਾਂ ਨੇ ਕਈ ਸਮਾਜਕ ਤੇ ਸਾਹਿਤਕ ਸੰਸਥਾਵਾਂ ਨਾਲ ਜੁੜ ਕੇ ਸੇਵਾ ਕੀਤੀ। ਗੁਰੂ ਨਾਨਕ ਸੇਵਕ ਜਥਾ ਬਣਾ ਕੇ ਵੱਖ-ਵੱਖ ਥਾਵਾਂ ਉਤੇ ਧਾਰਮਕ ਦੀਵਾਨ ਲਾਉਂਦੇ ਰਹੇ ਤੇ ਮੇਲਿਆਂ ਦਾ ਪ੍ਰਬੰਧ ਵੀ ਕਰਦੇ ਰਹੇ।

ਇਨ੍ਹਾਂ ਦਿਨਾਂ ਵਿਚ ਤਰਨ ਤਾਰਨ ਦੇ ਇਲਾਕੇ ਵਿਚ ਰਾਧਾ ਸੁਆਮੀ ਦਾ ਪ੍ਰਚਾਰ ਵਧਣ ਲੱਗ ਪਿਆ। ਭੁੱਲੜ ਜਗਿਆਸੂ ਬੇਸਮਝੀ ਦੇ ਕਾਰਨ ਗੁਰਮਤ ਤੋਂ ਦੂਰ ਹੋਣ ਲੱਗ ਪਏ। ਚੀਫ਼ ਖ਼ਾਲਸਾ ਦੀਵਾਨ ਨੇ ਬਾਬਾ ਵਿਸਾਖਾ ਸਿੰਘ, ਮਾਸਟਰ ਈਸ਼ਰ ਸਿੰਘ ਅਤੇ ਸ. ਸੇਵਾ ਸਿੰਘ ਸੇਵਕ ਤਿੰਨਾਂ ਵਿਅਕਤੀਆਂ ਦੀ ਕਮੇਟੀ ਬਣਾਈ ਤਾਂ ਜੋ ਇਹ ਰਾਧਾ ਸੁਆਮੀ ਮਤ ਦੇ ਆਗੂ ਬਾਬਾ ਸਾਵਣ ਸਿੰਘ ਜੀ ਨੂੰ ਮਿਲਣ ਤੇ ਗੁਰਮਤ ਸਿਧਾਂਤਾਂ ਬਾਰੇ ਵਿਚਾਰ ਵਟਾਂਦਰਾ ਕਰਨ। ਇਨ੍ਹਾਂ ਦਿਨਾਂ ਵਿਚ ਬਾਬਾ ਸਾਵਣ ਸਿੰਘ ਨਾਲ ਹੋਈ ਲੰਮੀ ਚਿੱਠੀ ਚਪੱਟੀ ਸੇਵਕ ਜੀ ਦੀ ਨਿੱਜੀ ਲਾਇਬ੍ਰੇਰੀ ਵਿਚ ਸੁਰੱਖਿਅਤ ਪਈ ਹੋਈ ਹੈ। ਦੂਜਾ ਸੰਸਾਰ ਯੁੱਧ ਸ਼ੁਰੂ ਹੋ ਗਿਆ। 'ਭਾਰਤ ਛੱਡ ਜਾਓ' ਲਹਿਰ ਨਾਲ ਸੰਬੰਧਤ ਹੋ ਕੇ ਸੈਂਕੜੇ ਆਗੂ ਇਸ ਇਲਾਕੇ ਵਿਚੋਂ ਜੇਲ੍ਹਾਂ ਅੰਦਰ ਚਲੇ ਗਏ। ਕਈ ਦੇਸ਼ ਭਗਤਾਂ ਦੇ ਬੱਚੇ ਇਨ੍ਹਾਂ ਨੇ ਆਪਣੇ ਪਾਸ ਲੈ ਆਂਦੇ ਤੇ ਉਨ੍ਹਾਂ ਦੀਆਂ ਹਰੇਕ ਪ੍ਰਕਾਰ ਦੀਆਂ ਵਿਦਿਅਕ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ।

ਦੇਸ਼ ਸੇਵਾ ਦੀ ਲਗਨ ਉਨ੍ਹਾਂ ਅੰਦਰ ਉਸੇ ਤਰ੍ਹਾਂ ਕਾਇਮ ਸੀ। ਅੰਗਰੇਜ਼ੀ ਸਰਕਾਰ ਵਿਰੁੱਧ ਵਿਚਾਰਧਾਰਾ ਗਿਆਨੀ ਜੀ ਦੀ ਇਸ ਕੋਠੀ ਦੇ ਪਿਛਲੇ ਕਮਰੇ ਵਿਚ ਸਾਈਕਲੋਸਟਾਈਲ ਹੁੰਦੀ ਤੇ ਇਸ਼ਤਿਹਾਰੀ ਰੂਪ ਵਿਚ ਪੰਜਾਬ ਦੇ ਸਾਰੇ ਸ਼ਹਿਰਾਂ ਤੇ ਕਸਬਿਆਂ ਵਿਚ ਰਾਤ ਦੇ ਸਮੇਂ ਕੰਧਾਂ ਉਤੇ ਲੱਗ ਜਾਂਦੀ। ਤਰਨ ਤਾਰਨ ਵਿਚ ਹਰ ਮਹੀਨੇ ਲੱਗਣ ਵਾਲੀ ਮੱਸਿਆ ਵਿਚ ਅਜਿਹੇ ਇਸ਼ਤਿਹਾਰ ਆਮ ਵੰਡੇ ਜਾਂਦੇ ਸਨ। ਸਵਰਗਵਾਸੀ ਸੰਤ ਸਿੰਘ (ਜੋ 1947 ਵਿਚ ਪਰਕਰਮਾਂ ਦੇ ਨਾਲ ਲੱਗਦੇ ਬੁੰਗੇ ਵਿਚ ਬੰਬ ਫਟਣ ਨਾਲ ਸ਼ਹੀਦ ਹੋ ਗਏ ਸਨ), ਸਵਰਗਵਾਸੀ ਸ. ਦਲੀਪ ਸਿੰਘ ਚੱਬਾ ਤੇ ਸਵਰਗਵਾਸੀ ਸ. ਕਰਤਾਰ ਸਿੰਘ ਗਿਲਵਾਲੀ ਇਸ ਕੰਮ ਵਿਚ ਇਨ੍ਹਾਂ ਦੇ ਸਾਥੀ ਹੁੰਦੇ ਸਨ।

1942-43 ਵਿਚ ਆਜ਼ਾਦ ਹਿੰਦ ਫ਼ੌਜ ਨਾਲ ਸੰਬੰਧ ਰੱਖਣ ਵਾਲੇ ਕਈ ਨੌਜਵਾਨ ਜਾਪਾਨੀਆਂ ਦੀ ਸਹਾਇਤਾ ਨਾਲ ਪੈਰਾਸ਼ੂਟ ਰਾਹੀਂ ਵਿਸ਼ੇਸ਼ ਪ੍ਰੋਗਰਾਮ ਲੈ ਕੇ ਭਾਰਤ ਆਉਂਦੇ ਰਹਿੰਦੇ ਸਨ। ਅਮਰ ਸਿੰਘ ਅਤੇ ਮਕਬੂਲ ਮੁਹੰਮਦ ਪੰਜਾਬ ਵਿਚ ਕੰਮ ਕਰਨ ਆਏ ਅਜਿਹੇ ਦੋ ਨੌਜਵਾਨ ਕਈ ਕਈ ਦਿਨ ਗੁਪਤ ਰੂਪ ਵਿਚ ਗਿਆਨੀ ਜੀ ਦੇ ਘਰ ਰਹਿੰਦੇ ਸਨ ਅਤੇ ਗਿਆਨੀ ਜੀ ਨੇ ਆਪਣੇ ਰਸੂਖ ਨਾਲ ਉਨ੍ਹਾਂ ਨੂੰ ਪੰਜਾਬ ਵਿਚ ਕਈ ਹੋਰ ਥਾਈਂ ਵੀ ਸੰਤੋਖਜਨਕ ਪ੍ਰਬੰਧ ਕਰਕੇ ਦਿੱਤੇ ਹੋਏ ਸਨ।

1947 ਚੜ੍ਹ ਗਿਆ। ਦੇਸ਼ ਦੀ ਵੰਡ ਦੀ ਗੱਲ ਤੁਰ ਪਈ। ਗਿਣੇ-ਮਿਥੇ ਪ੍ਰੋਗਰਾਮ ਅਨੁਸਾਰ ਮੁਸਲਮ ਲੀਗ ਨੇ ਸਭ ਸ਼ਹਿਰਾਂ ਵਿਚ ਫਸਾਦ ਸ਼ੁਰੂ ਕਰ ਦਿੱਤੇ। ਲਾਹੌਰ ਤੇ ਅੰਮ੍ਰਿਤਸਰ ਅੱਗ ਦੀ ਲਪੇਟ ਵਿਚ ਸਨ। ਆਪਣੇ ਬਚਾਅ ਵਾਸਤੇ ਹਿੰਦੂ ਸਿੱਖਾਂ ਦੀ ਕੋਈ ਤਿਆਰੀ ਨਹੀਂ ਸੀ। ਰਾਤ ਦੇ ਸਮੇਂ ਹਰਿਮੰਦਰ ਸਾਹਿਬ ਖ਼ਤਰੇ ਵਿਚ ਸੀ। ਜਥੇਦਾਰ ਊਧਮ ਸਿੰਘ ਨਾਗੋਕੇ ਨੇ ਸੰਦੇਸ਼ ਭੇਜਿਆ ਕਿ ਛੇਤੀ ਤੋਂ ਛੇਤੀ ਹਥਿਆਰਬੰਦ ਆਦਮੀ ਅੰਮ੍ਰਿਤਸਰ ਭੇਜੇ ਜਾਣ। ਗਿਆਨੀ ਸ਼ੰਕਰ ਸਿੰਘ ਅਤੇ ਸੇਵਕ ਜੀ ਨੇ ਪਿੰਡਾਂ 'ਚੋਂ ਰਾਤੋ ਰਾਤ ਬੰਦੇ ਇਕੱਠੇ ਕਰਕੇ ਸੰਗਰਾਣਾ ਸਾਹਿਬ ਕੈਂਪ ਲਾ ਦਿੱਤਾ ਤੇ ਦਿਨ ਚੜ੍ਹੇ ਕਰਫਿਊ ਖੁੱਲ੍ਹਦਿਆਂ ਹੀ ਸੈਂਕੜੇ ਸਿੰਘ ਸ੍ਰੀ ਹਰਿਮੰਦਰ ਸਾਹਿਬ ਪੁੱਜ ਗਏ।

ਹਰ ਕਸਬੇ, ਹਰ ਸ਼ਹਿਰ ਵਿਚ ਰੱਖਿਆ ਦੇ ਸਾਧਨਾਂ ਦੀ ਲੋੜ ਦਿਨੋ ਦਿਨ ਵਧਦੀ ਜਾਂਦੀ ਸੀ। ਆਮ ਲੋਕਾਂ ਵਿਚ ਹਥਿਆਰ ਰੱਖਣ ਦਾ ਸੁਭਾਅ ਨਹੀਂ ਸੀ ਤੇ ਹਥਿਆਰ ਤੋਂ ਬਿਨਾਂ ਇਨ੍ਹਾਂ ਦਿਨਾਂ ਵਿਚ ਤੁਰਨਾ ਫਿਰਨਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਸਰਕਾਰੀ ਮਸ਼ੀਨਰੀ ਦੇ ਪੁਰਜ਼ੇ ਅੰਗਰੇਜ਼ ਅਤੇ ਮੁਸਲਮਾਨ ਰੱਜ ਕੇ ਸਖ਼ਤੀ ਕਰ ਰਹੇ ਸਨ। ਸੇਵਕ ਜੀ ਨੇ ਉਗਰਾਹੀਆਂ ਕੀਤੀਆਂ, ਭਾਈ ਹਰੀ ਸਿੰਘ ਦੇ ਕਾਰਖਾਨੇ ਵਿਚ ਲੋਹਾ ਢਲਵਾ ਕੇ ਬਰਛੇ ਬਣਵਾਏ ਤੇ ਡਾਂਗਾਂ ਨਾਲ ਜੜ ਕੇ ਲੋੜਵੰਦ ਸੱਜਣਾਂ ਨੂੰ ਮੁਫਤ ਵੰਡੇ। ਆਪਣੇ ਉਦਮ ਨਾਲ ਸੈਂਕੜੇ ਬਰਛੇ ਰੋਜ਼ ਤਿਆਰ ਹੋ ਜਾਂਦੇ ਸਨ ਤੇ ਆਪਦੀ ਕੋਠੀ ਸਟੋਰ ਹਾਊਸ ਦਾ ਕੰਮ ਦਿੰਦੀ ਸੀ।

ਤਰਨ ਤਾਰਨ ਸ਼ਹਿਰ ਵਿਚ ਕਰਫ਼ਿਊ ਲੱਗ ਗਿਆ। ਸੇਵਕ ਜੀ ਦੀ ਕੋਠੀ ਸ਼ਹਿਰੋਂ ਬਾਹਰ ਹੋਣ ਕਰਕੇ ਕਰਫਿਊ ਦੀ ਹੱਦ ਤੋਂ ਬਾਹਰ ਸੀ। ਲੋੜ ਪੈਣ ਸਮੇਂ ਇਥੋਂ ਬਾਹਰੋਂ ਬਾਹਰ ਪੈਲੀਆਂ ਵਿਚਦੀ ਦਰਬਾਰ ਸਾਹਿਬ ਦੀ ਪਰਕਰਮਾਂ ਤਕ ਪੁੱਜਿਆ ਜਾ ਸਕਦਾ ਸੀ। ਸੇਵਕ ਜੀ ਦੀ ਕੋਠੀ ਪੰਥਕ ਆਗੂਆਂ ਦਾ ਅੱਡਾ ਬਣ ਗਈ। ਸਭ ਪਾਸਿਆਂ ਤੋਂ ਲੀਡਰ ਇਥੇ ਆ ਇਕੱਠੇ ਹੁੰਦੇ ਤੇ ਰਾਜਸੀ ਵਿਚਾਰਾਂ ਹੁੰਦੀਆਂ ਰਹਿੰਦੀਆਂ। ਸੇਵਕ ਪਰਿਵਾਰ ਹਰ ਤਰ੍ਹਾਂ ਨਾਲ ਉਨ੍ਹਾਂ ਦੀ ਖਾਧ ਖੁਰਾਕ ਤੇ ਰਿਹਾਇਸ਼ ਦੇ ਪ੍ਰਬੰਧ ਵਿਚ ਜੁਟਿਆ ਰਹਿੰਦਾ।

1962 ਵਿਚ ਆਪ ਸਕੂਲ ਦੀ ਸਰਵਿਸ ਤੋਂ ਰੀਟਾਇਰ ਹੋਏ ਹੀ ਸਨ ਕਿ ਡਾ. ਹਰਬੰਤ ਸਿੰਘ ਐੱਮ.ਏ., ਪੀ.

ਐੱਚ.ਡੀ. ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੰਦੇਸ਼ ਪੁੱਜ ਗਿਆ। ਉਹ ਆਪ ਦੀ ਯੋਗਤਾ ਤੋਂ ਭਲੀਭਾਂਤ ਜਾਣੂ ਸਨ। ਉਨ੍ਹਾਂ ਦੀ ਪ੍ਰੇਰਨਾ ਨਾਲ ਸੇਵਕ ਜੀ ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਦੇ ਮੈਨੇਜਰ ਲੱਗ ਗਏ। ਸੇਵਾ ਦਾ ਸੰਕਲਪ ਮਨ ਵਿਚ ਲੈ ਕੇ ਆਪ ਨੇ ਪੈਂਡਿੰਗ ਪਿਆ ਕੰਮ ਤੁਰੰਤ ਕੱਢਿਆ ਤੇ ਕੁਝ ਮਹੀਨਿਆਂ ਵਿਚ ਹੀ ਗੁਰਮਤ ਸਾਹਿਤ ਪ੍ਰਕਾਸ਼ਤ ਕਰਕੇ ਅੰਬਾਰ ਲਾ ਦਿੱਤੇ। ਇਥੋਂ ਤਕ ਕਿ ਪ੍ਰਬੰਧਕਾਂ ਨੂੰ ਇਸ ਸਾਹਿਤ ਨੂੰ ਸਟੋਰ ਕਰਨ ਦੀ ਚਿੰਤਾ ਪੈ ਗਈ। ਦੂਜੀ ਗੱਲ ਆਪ ਨੇ ਇਹ ਕੀਤੀ ਕਿ ਗੁਰੂ ਗ੍ਰੰਥ ਦਾ ਤੁਕ ਤਤਕਰਾ ਮੰਗਵਾ ਕੇ ਪਰੂਫ਼ ਰੀਡਰਾਂ ਨੂੰ ਦਿੱਤਾ ਤੇ ਹਦਾਇਤ ਕੀਤੀ ਕਿ ਗੁਰਬਾਣੀ ਦੀ ਕੋਈ ਸਤਰ ਮੂਲ ਪਾਠ ਨਾਲ ਮੇਲਣ ਤੋਂ ਬਿਨਾਂ ਪਾਸ ਨਾ ਕੀਤੀ ਜਾਵੇ। ਆਪ ਨੇ ਢਾਈ ਤਿੰਨ ਸਾਲ ਇਹ ਸੇਵਾ ਨਿਭਾਈ ਤੇ ਫਿਰ ਪਾਰਟੀਬਾਜ਼ੀ ਤੋਂ ਤੰਗ ਪੈ ਕੇ ਛੱਡ ਆਏ।

ਪੰਥ ਦੋ ਅਕਾਲੀ ਦਲਾਂ ਵਿਚ ਵੰਡਿਆ ਹੋਇਆ ਸੀ। ਦੋਹਾਂ ਦੇ ਆਗੂ ਪੰਜਾਬੋਂ ਬਾਹਰ ਜਾਂਦੇ, ਇਕ ਦੂਜੇ 'ਤੇ ਚਿੱਕੜ ਸੁੱਟਦੇ। ਅੱਕ ਕੇ ਕਾਨਪੁਰ ਦੀ ਸੰਗਤ ਨੇ ਕਹਿ ਹੀ ਦਿੱਤਾ, "ਇਕ ਹੋ ਕੇ ਆਉਗੇ ਤਾਂ ਸਤਿਕਾਰ ਕਰਾਂਗੇ ਵਰਨਾ ਸਾਡੇ ਪਾਸ ਨਾ ਆਓ।" ਏਕਤਾ ਦੀ ਗੱਲ ਚੱਲ ਪਈ। ਸੁਝਾਅ ਦਿੱਤਾ ਗਿਆ ਕਿ ਦੋਵੇਂ ਪ੍ਰਧਾਨ ਅਸਤੀਫ਼ਾ ਦੇ ਦੇਣ ਅਤੇ ਫਿਰ ਕਿਸੇ ਨਿਰਪੱਖ ਆਦਮੀ ਦੇ ਸਾਹਮਣੇ ਸਾਂਝੀ ਚੋਣ ਹੋਵੇ। ਇਹ ਨਿਰਪੱਖ ਵਿਅਕਤੀ ਕੌਣ ਹੋਵੇ ? ਸੰਤ ਫਤਹਿ ਸਿੰਘ ਵੱਲੋਂ ਜਥੇਦਾਰ ਮੋਹਨ ਸਿੰਘ ਨੇ ਸ. ਸੇਵਾ ਸਿੰਘ ਸੇਵਕ ਤਜਵੀਜ਼ ਕੀਤਾ ਜੋ ਦੂਜੇ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਅੱਛਰ ਸਿੰਘ ਨੇ ਪ੍ਰਵਾਨ ਕਰ ਲਿਆ। ਅੱਗੇ ਚੱਲ ਕੇ ਗੱਲ ਫਿਰ ਵਿਗੜ ਗਈ ਤੇ ਇਹ ਸਕੀਮ ਸਿਰੇ ਨਾ ਚੜ੍ਹੀ।

ਗਿਆਨੀ ਜੀ ਨੇ ਰੀਟਾਇਰਡ ਜੀਵਨ ਬਤੀਤ ਕਰਦਿਆਂ ਹੋਇਆਂ ਘਰ ਹੀ ਲਿਖਣ ਪੜ੍ਹਨ ਦਾ ਸ਼ੁਗਲ ਰੱਖਿਆ ਹੋਇਆ ਸੀ। ਸਿੰਘ ਸਭਾ ਸ਼ਤਾਬਦੀ ਵਾਲਿਆਂ ਦੀ ਨਜ਼ਰ ਆਪ ਉੱਤੇ ਪੈ ਗਈ। ਉਨ੍ਹਾਂ ਨੂੰ ਗੁਰਮਤ ਨਾਲ ਮੱਸ ਰੱਖਣ ਵਾਲੇ ਕਿਸੇ ਵਿਦਵਾਨ ਦੀ ਲੋੜ ਸੀ। ਗਿਆਨੀ ਗੁਰਦਿੱਤ ਸਿੰਘ ਜੀ ਦੇ ਪ੍ਰੇਮ ਦੇ ਖਿੱਚੇ ਹੋਏ ਆਪ ਕਈ ਮਹੀਨੇ ਲਗਾਤਾਰ ਅੰਮ੍ਰਿਤਸਰ ਜਾ ਕੇ ਕੰਮ ਕਰਦੇ ਰਹੇ। ਕੰਮ ਦੀ ਬਹੁਲਤਾ ਦੇ ਕਾਰਨ ਆਪ ਦੀ ਸਿਹਤ ਖਰਾਬ ਹੋਣ ਲੱਗ ਪਈ ਤੇ ਆਪ ਨੇ ਮਾਫ਼ੀ ਮੰਗ ਲਈ। ਸਿਹਤ ਬਾਰੇ ਚਿੰਤਾ ਵਧ ਗਈ। ਹਾਰਟ ਸਪੈਸ਼ਲਿਸਟਾਂ ਦੀ ਨਿਗਰਾਨੀ ਹੇਠ ਸੱਤ ਅੱਠ ਮਹੀਨੇ ਇਲਾਜ ਹੁੰਦਾ ਰਿਹਾ। ਦਰਗਾਹੀ ਸੱਦਾ ਆ ਪੁੱਜਾ ਤੇ ਆਪ 11 ਨਵੰਬਰ 1976 ਵੀਰਵਾਰ ਵਾਲੇ ਦਿਨ ਸਵੇਰੇ ਸਾਢੇ ਸੱਤ ਵਜੇ ਸਦਾ ਲਈ ਵਿਛੋੜਾ ਦੇ ਗਏ।

ਆਪ ਇਕ ਚੰਗੇ ਪੰਥਕ ਵਰਕਰ, ਸਮਾਜ ਸੁਧਾਰਕ, ਵਧੀਆ ਉਸਤਾਦ ਤੇ ਪ੍ਰਭਾਵਸ਼ਾਲੀ ਵਕਤਾ ਸਨ। ਇਸ ਇਲਾਕੇ ਦੀ ਸ਼ਾਇਦ ਹੀ ਕੋਈ ਅਜਿਹੀ ਸੰਸਥਾ ਹੋਵੇਗੀ ਜਿਸ ਨਾਲ ਉਨ੍ਹਾਂ ਦਾ ਸੰਪਰਕ ਨਾ ਰਿਹਾ ਹੋਵੇ। ਸੁਭਾ ਵਿਚ ਅਤਿ ਨਿਮਰਤਾ, ਮਿਠਾਸ ਤੇ ਹਲੀਮੀ, ਇਰਾਦੇ ਦੀ ਦ੍ਰਿੜ੍ਹਤਾ ਤੇ ਸੱਚਾਈ ਉਤੇ ਡਟੇ ਰਹਿਣ ਦੀ ਸਮਰੱਥਾ ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿਸ਼ੇਸ਼ ਗੁਣ ਸਨ। ਆਪ ਦੀ ਸਿਆਣਪ ਭਰੀ ਅਗਵਾਈ ਨੇ ਹਜ਼ਾਰਾਂ ਨੌਜਵਾਨ ਬੱਚੇ- ਬੱਚੀਆਂ ਲਈ ਜੀਵਨ ਰਾਹ ਸਰਲ ਕੀਤੇ ਹਨ। ਕੀ ਬਜ਼ੁਰਗ ਅਤੇ ਕੀ ਬੱਚਾ, ਉਨ੍ਹਾਂ ਪਾਸੋਂ ਇਕੋ ਜਿਹਾ ਪਿਆਰ ਲੈ ਸਕਦੇ ਸਨ।

ਪੰਜਾਬੀ ਭਾਸ਼ਾ, ਪੰਜਾਬੀ ਕਲਚਰ ਤੇ ਪੰਜਾਬੀ ਸਾਹਿਤ ਵਿਚ ਆਪਦੀ ਵਿਸ਼ੇਸ਼ ਦਿਲਚਸਪੀ ਸੀ। ਸਿੱਖ ਇਤਿਹਾਸ, ਸਿੱਖ ਰਵਾਇਤਾਂ ਤੇ ਗੁਰਮਤ ਸਿਧਾਂਤ ਆਪ ਦੇ ਵਿਸ਼ੇਸ਼ ਪੜ੍ਹਨ ਅਤੇ ਲਿਖਣ ਖੇਤਰ ਸਨ। ਸ਼ਾਇਦ ਹੀ ਪੰਜਾਬੀ ਦਾ ਕੋਈ ਅਖ਼ਬਾਰ ਜਾਂ ਰਸਾਲਾ ਹੋਵੇਗਾ ਜਿਸ ਨੂੰ ਉਨ੍ਹਾਂ ਦੀ ਕੋਈ ਰਚਨਾ ਪ੍ਰਕਾਸ਼ਤ ਕਰਨ ਦਾ ਮਾਣ ਪ੍ਰਾਪਤ ਨਾ ਹੋਇਆ ਹੋਵੇ। ਪੰਜਾਬੋਂ ਬਾਹਰ ਬਾਕੀ ਪ੍ਰਾਂਤਾਂ ਵਿਚ ਅਤੇ ਇੰਗਲੈਂਡ, ਕੈਨੇਡਾ ਆਦਿ ਦੇਸ਼ਾਂ ਵਿਚ ਪ੍ਰਕਾਸ਼ਤ ਹੋਣ ਵਾਲੇ ਪੱਤਰਾਂ ਵਿਚ ਵੀ ਆਪਦੀਆਂ ਅਨੇਕਾਂ ਰਚਨਾਵਾਂ ਪ੍ਰਕਾਸ਼ਤ ਹੁੰਦੀਆਂ ਰਹਿੰਦੀਆਂ ਹਨ। ਪੁਸਤਕ ਰੂਪ ਧਾਰਨ ਕਰ ਚੁੱਕੀਆਂ ਆਪਦੀਆਂ ਰਚਨਾਵਾਂ ਇਸ ਤਰ੍ਹਾਂ ਹਨ :

1. ਸ਼ਹੀਦੀ ਦਰਪਣ (1924) 2. ਸ਼ਹੀਦੀ ਖ਼ੂਨ (1934) 3. ਫ਼ਤਹ ਦਾ ਵਾਲੀ (1934) 4. ਦੇਗ਼ ਤੇਗ਼ ਫ਼ਤਹ (1935) 5. ਕਲਾਧਾਰੀ ਗੁਰੂ (1941) 6. ਆਪੇ ਗੁਰ ਚੇਲਾ (1946) 7. ਪੰਜਾਬੀ ਤੋਂ ਹਿੰਦੀ (1948) 8. ਪੰਜਾਬੀ ਛੰਦ ਤੇ ਅਲੰਕਾਰ (1949) 9. ਵਰਿਆਮ ਇਕੇਲਾ (ਪੰਜਾਬੀ ਤੇ ਹਿੰਦੀ, 1949) 10. ਹੀਰ ਦਮੋਦਰ (ਸੰਪਾਦਤ, 1950) 11. ਪੰਜਾਬੀ ਲੇਖ ਭੰਡਾਰ (1955) 12. ਪ੍ਰਮੁੱਖ ਪੰਜਾਬੀ ਵਿਆਕਰਣ (1957) 13. ਉਚਤਮ ਵਿਆਕਰਣ ਤੇ ਲੇਖ ਰਚਨਾ (ਸਹਿ-ਲੇਖਕ ਡਾ. ਦੀਵਾਨ ਸਿੰਘ, ਪ੍ਰੋਫ਼ੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ, 1964) 14. Great Poet Bhai Santokh Singh (1965) 15. ਸ਼ਰੋਮਣੀ ਪੰਜਾਬੀ ਲੇਖ (1965) 16. Proficiency in Language (1966) 17. ਪ੍ਰਾਚੀਨ ਜਨਮਸਾਖੀ (ਸੰਪਾਦਿਤ, 1969) 18. ਗੁਰੂ ਨਾਨਕ—ਵਿਸ਼ਵ ਨੂਰ (1969) 19. ਗੁਰਬਾਣੀ ਸੰਖਿਆ ਕੋਸ਼ (1971) 20. ਪੰਜ ਹੀਰੇ (1972) 21. ਭਾਈ ਵੀਰ ਸਿੰਘ ਦੀ ਕਾਵਿ-ਕਲਾ (1972)

# ਮੋਹਨਜੀਤ ਦੀ ਕਵਿਤਾ 'ਕੋਣੇ ਦਾ ਸੂਰਜ' :
## ਖ਼ਾਹਸ਼ਾਂ ਮਾਰ ਕੇ ਪੱਥਰਾਂ ਵਿਚ ਲਿਖੀ ਰੂਹ ਦੀ ਕਵਿਤਾ ਦਾ ਸੱਚ

ਡਾ. ਯੋਗਰਾਜ

ਮੋਹਨਜੀਤ ਇੱਕ ਕਵੀ ਹੈ। ਉਸਨੂੰ ਆਪਣੀ ਵਿਚਾਰਧਾਰਾ ਨੂੰ ਕਵਿਤਾ ਦੀ ਭਾਸ਼ਾ ਵਿੱਚ ਪ੍ਰਗਟ ਕਰਨ ਦਾ ਹੁਨਰ ਆਉਂਦਾ ਹੈ। ਉਹ ਪ੍ਰਥਮ ਰੂਪ ਵਿੱਚ ਕਵੀ ਹੈ ਜਾਂ ਆਪਣੀ ਵਿਚਾਰਧਾਰਾ ਨੂੰ ਪ੍ਰਚਾਰਨ ਵਾਲਾ ਸਮਾਜ ਸੁਧਾਰਵਾਦੀ? ਇਹ ਸਵਾਲ ਉਸਦੀ ਕਵਿਤਾ ਨੂੰ ਪੜ੍ਹਦਿਆਂ ਪੈਦਾ ਹੁੰਦੇ ਹਨ। 'ਸਹਿਕਦਾ ਸ਼ਹਿਰ' ਤੋਂ ਲੈ ਕੇ 'ਹਵਾ ਪਿਆਜ਼ੀ' ਤੱਕ ਦਾ ਉਸਦਾ ਕਾਵਿ-ਸਫ਼ਰ, ਪੰਜਾਬੀ ਕਵਿਤਾ ਵਿੱਚ ਵਿਸ਼ੇਸ਼ ਧਿਆਨ ਖਿੱਚਦਾ ਰਿਹਾ ਹੈ। ਉਸਦੀ ਕਵਿਤਾ ਦਾ ਇਹ ਲੰਮਾ ਸਫ਼ਰ ਪੰਜਾਬੀ ਕਵਿਤਾ ਦੇ ਇਤਿਹਾਸ 'ਚ ਪੈਦਾ ਹੋਈਆਂ ਲਹਿਰਾਂ/ਕਾਵਿ-ਧਾਰਾਵਾਂ ਨਾਲ ਵੀ ਸੰਬੰਧਿਤ ਹੁੰਦਾ ਰਿਹਾ ਹੈ। ਪਰ ਇਨ੍ਹਾਂ ਸਾਰੀਆਂ ਲਹਿਰਾਂ ਅਤੇ ਕਾਵਿ-ਧਾਰਾਵਾਂ ਵਿੱਚ ਮੋਹਨਜੀਤ ਦੀ ਕਵਿਤਾ ਨੇ ਆਪਣਾ ਇੱਕ ਵਿਲੱਖਣ ਸਥਾਨ ਬਣਾਇਆ ਹੈ। ਉਸਦੀ ਇਹ ਵਿਲੱਖਣਤਾ, ਉਸਦੀ ਕਵਿਤਾ ਪ੍ਰਤੀ ਪ੍ਰਤੀਬੱਧਤਾ ਦੇ ਰੂਪ ਵਿੱਚ ਜ਼ਾਹਿਰ ਹੁੰਦੀ ਹੈ। ਉਹ ਆਪਣੇ ਵਿਚਾਰਾਂ ਨੂੰ ਉਚਿੱਤ ਕਾਵਿ-ਭਾਸ਼ਾ 'ਚ ਪ੍ਰਗਟ ਕਰਨ ਲਈ ਹਮੇਸ਼ਾ ਚੇਤੰਨ ਰਿਹਾ ਹੈ। ਇਹੀ ਕਾਰਨ ਹੈ ਕਿ ਉਸਦੀ ਕਵਿਤਾ ਵਿੱਚ ਇੱਕ ਸੁਹਜਾਤਮਕ ਘਾੜਤ ਨਜ਼ਰ ਆਉਂਦੀ ਹੈ। ਇਸ ਪੱਖ ਤੋਂ ਮੋਹਨਜੀਤ ਦੀ ਕਵਿਤਾ ਘਾੜਤ ਅਤੇ ਸਿਰਜਣਾ ਦੇ ਸੁਮੇਲ ਰਾਹੀਂ, ਸੁਹਜ ਪੈਦਾ ਕਰਦੀ ਹੈ। ਨਿਰੀ ਘਾੜਤ, ਨਿਰਜਿੰਦ ਹੁੰਦੀ ਹੈ, ਭਾਵਾਂ ਤੋਂ ਵਿਰਵੀ; ਭਾਵਾਂ ਦਾ ਆਵੇਸ਼ ਵੀ ਕਵਿਤਾ ਨਹੀਂ ਹੁੰਦੀ ਉਸ ਲਈ ਦਾਰਸ਼ਨਿਕ ਸਮਝ ਦੀ ਪੁਖ਼ਤਗੀ ਲਾਜ਼ਮ ਹੈ ਜੇ ਕਵਿਤਾ ਨੇ ਚਿਰਸਥਾਈ ਪ੍ਰਭਾਵ ਪਾਉਂਣਾ ਹੈ। ਮੋਹਨਜੀਤ ਦੀ ਕਵਿਤਾ ਦਾ ਪ੍ਰਭਾਵ ਚਿਰਸਥਾਈ ਦਾਰਸ਼ਨਿਕਤਾ ਵਾਲਾ ਹੈ। ਕਾਵਿ-ਭਾਸ਼ਾ ਦੇ ਪੱਖ ਤੋਂ ਉਸ ਕੋਲ ਰੂਪਾਤਮਕ ਸੁਹਜ ਦੀ ਵੰਨ-ਸੁਵੰਨਤਾ ਦੀ ਸਮਰਥਾ ਹੈ। ਪ੍ਰਗੀਤ ਉਸਦੀ ਕਾਵਿ-ਭਾਸ਼ਾ ਦਾ ਧੁਰਾ ਹੈ। ਇਤਿਹਾਸ, ਮਿਥਿਹਾਸ, ਦਾਰਸ਼ਨਿਕਤਾ ਉਸਦੀ ਕਵਿਤਾ ਦੇ ਵਿਚਾਰ-ਜਗਤ ਦੀ ਰੀੜ ਹੈ। ਇਹੀ ਕਾਰਨ ਹੈ ਕਿ ਹਰ "ਵਾਦੀ" ਦੇ ਉਸਨੂੰ ਆਪਣਾ "ਵਾਦੀ" ਕਿਹਾ ਹੈ। ਮੇਰੇ ਅਧਿਐਨ ਦਾ ਕੇਂਦਰ ਉਸਦੀ ਲੰਮੀ ਕਵਿਤਾ "ਕੌਣੇ ਦਾ ਸੂਰਜ" ਹੈ। ਰੂਪਕ ਪੱਖੋਂ ਜਾਂ ਕਹਿ ਲਵੋਂ ਰੂਪਾਕਾਰ ਦੇ ਪੱਖ ਤੋਂ ਇਹ ਇੱਕ ਲੰਮੀ ਕਵਿਤਾ ਹੈ ਜਿਹੀੜੀ ਆਪਣੇ ਆਪ ਵਿੱਚ ਆਧੁਨਿਕ ਸਮਿਆਂ ਦਾ ਮਹਾਂ-ਕਾਵਿ ਹੈ।

ਪੰਜਾਬੀ ਦੀ ਆਧੁਨਿਕ ਕਵਿਤਾ ਵਿੱਚ 'ਐਪਿਕ' ਪੱਧਰ ਦੀਆਂ ਉੱਚ-ਪਾਏ ਦੀਆਂ ਲੰਮੀਆਂ ਕਵਿਤਾਵਾਂ ਦੀ ਪਰੰਪਰਾ ਹੁਣ ਸਥਾਪਿਤ ਹੋ ਚੁੱਕੀ ਹੈ। "ਰੁਖ ਤੇ ਰਿਸ਼ੀ", "ਮੱਥਾ ਦੀਵੇ ਵਾਲਾ", "ਲੂਣਾ" ਦੇ ਨਾਲ ਨਾਲ "ਕੌਣੇ ਦਾ ਸੂਰਜ" ਵੀ ਆਧੁਨਿਕ ਲੰਮੀ ਕਵਿਤਾ ਹੈ ਜਿਹੜੀ ਆਧੁਨਿਕ ਸਮਿਆਂ ਦਾ ਮਹਾਂ-ਕਾਵਿ ਹੈ। ਇਹ ਇੱਕ ਵਿਚਾਰ ਪ੍ਰਧਾਨ ਲੰਮੀ ਬਿਰਤਾਂਤਕ ਕਵਿਤਾ ਹੈ ਜਿਸਦੇ ਕਥਾਨਕ ਦਾ ਆਧਾਰ ਭਾਰਤੀ ਲੋਕਧਾਰਾ ਜਾਂ ਦੰਦ-ਕਥਾ ਪਰੰਪਰਾ ਹੈ। ਮੋਹਨਜੀਤ ਨੇ ਭਾਰਤੀ ਦੰਦ-ਕਥਾ ਨੂੰ ਪੇਸ਼ ਨਹੀਂ ਕੀਤਾ, ਨਾ ਹੀ ਪਰੰਪਰਾ 'ਚ ਪਈਆਂ ਲੋਕ-ਕਥਾਵਾਂ ਦੇ ਸਰਲ ਰੂਪੀ ਅਖੌਤੀ ਗੌਰਵ ਨੂੰ ਵਡਿਆਇਆ ਹੈ। ਮੋਹਨਜੀਤ ਤਾਂ ਸਗੋਂ ਭਾਰਤੀ ਸਾਮੰਤਕੀ ਵਿਵਸਥਾ ਦੀਆਂ ਲੋਕਧਾਰਕ (ਦੰਦ-ਕਥਾਵਾਂ) ਕਹਾਣੀਆਂ ਦੇ ਪ੍ਰਤੀਕ-ਪ੍ਰਬੰਧ ਦੀਆਂ ਸਾਮੰਤਕੀ ਅਰੁਚੀਆਂ ਨੂੰ ਨਸ਼ਰ ਕਰਦਾ ਹੈ। ਇਸ ਪੱਖ ਤੋਂ ਇਹ ਕਵਿਤਾ ਪਰੰਪਰਾ ਦਾ ਨਵੀਨੀਕਰਣ ਹੈ; ਪਰੰਪਰਾ ਦਾ ਰੂਪਾਂਤਰਣ ਹੈ। ਮੋਹਨਜੀਤ ਨੇ ਇਸ ਕਵਿਤਾ ਦਾ ਇੱਕ ਪ੍ਰਮੁੱਖ ਥੀਮ ਉਸਾਰਿਆ ਹੈ। ਇਹ ਥੀਮ ਹੈ ਸਾਮੰਤ ਕਾਵਿ ਵਿਵਸਥਾ ਵੱਲੋਂ ਕਲਾਕਾਰ/ਲੇਖਕ/ਸਿਰਜਣਾਤਮਕ ਕਿਰਤੀ ਦੀਆਂ ਖ਼ਾਹਸ਼ਾਂ ਦਾ ਘਾਣ :

ਕੋਣਾਰਕ ਤਾਂ ਇੱਕ ਘਟਨਾ ਹੈ / ਸੌਂਦਰਯ ਦੀ ਨਿੱਤ ਬਰਤਰੀ ਹੈ

ਕਿਰਤ ਨੇ ਖ਼ਾਹਸ਼ਾਂ ਇਛਾਵਾਂ ਮਾਰਕੇ / ਪੱਥਰਾਂ ਵਿੱਚ ਰੂਹ ਦੀ ਕਵਿਤਾ ਲਿਖੀ ਹੈ
ਮੈਂ ਇਸ ਕਾਵਿ ਲਈ ਇੱਕ ਉਮਰ ਤੜਪਿਆਂ ਹਾਂ

ਕਿਰਤ ਖ਼ਾਹਸ਼ਾਂ ਮਾਰਕੇ, ਪੱਥਰਾਂ ਵਿੱਚ ਰੂਹ ਦੀ ਕਵਿਤਾ ਦੀ ਆਪਣੀ ਸਿਰਜਣਾਤਮਕ ਪ੍ਰਤੀਬੱਧਤਾ, ਸਿਰੜ ਅਤੇ ਸ਼ੌਂਕ ਲਈ ਸਿਰਜ ਰਹੀ ਹੈ ਜਾਂ ਖ਼ਾਹਸ਼ਾਂ ਦਾ ਦਮਲ ਕਰਨ ਵਾਲੀ ਕੋਈ ਧਿਰ ਹੈ। ਜਿਹੜੀ ਸ਼ਿਲਪੀ ਤੋਂ ਕੋਣਾਰਕ ਵਰਗਾ ਅਦੁੱਤੀ ਸੂਰਜ ਮੰਦਿਰ ਬਨਾਉਣ ਲਈ ਅਖੌਤੀ ਪਵਿੱਤਰਤਾ ਦਾ ਪ੍ਰਤੀਬੰਧ ਲਾਉਂਦੀ ਹੈ? ਮੋਹਨਜੀਤ ਨਿਰਸੰਦੇਹ ਇਸ ਕਵਿਤਾ ਵਿੱਚ ਉੜੀਸਾ ਵਿੱਚ ਤੇਰਵੀਂ ਸਦੀ (1238-125●) ਵਿੱਚ ਉਸਰੇ ਸੂਰਜ ਮੰਦਿਰ ਜਿਸਨੂੰ ਉਸ ਸਮੇਂ ਦੇ ਰਾਜੇ ਨਰਸਿੰਹਦੇਵ ਨੇ ਬਣਾਇਆ ਸੀ, ਦੀ ਅਦਭੁਤ ਕਲਾ ਨੂੰ ਕਵਿਤਾ ਵਿੱਚ ਵਿਸਥਾਰ ਸਹਿਤ ਪੇਸ਼ ਕਰ ਰਿਹਾ ਹੈ। ਪਰ ਇਹ ਉਸਦੀ ਕਵਿਤਾ ਦੇ ਪਾਠ ਦੀ ਟੈਕਸਚਰ ਹੈ ਥੀਮ ਤਾਂ ਕੁਝ ਹੋਰ ਹੈ। ਅਸਲ ਵਿੱਚ ਮੋਹਨਜੀਤ ਭਾਰਤੀ ਸਾਮੰਤਕੀ ਵਿਵਸਥਾ ਦੀਆਂ ਅਦਭੂਤ ਭਵਨ-ਨਿਰਮਾਣ-ਕਲਾਵਾਂ ਦੀ ਉਸਾਰੀ ਪਿੱਛੇ ਕਾਰਜਸ਼ੀਲ ਉਨ੍ਹਾਂ ਕਾਰੀਗਰਾਂ, ਸ਼ਿਲਪੀਆਂ, ਕਿਰਤੀਆਂ ਅਤੇ ਦੇਵਦਾਸੀਆਂ ਦੀ ਦਸ਼ਾ ਅਤੇ ਮਨੋਦਸ਼ਾ ਦੇ ਸੱਚ ਨੂੰ ਢੂੰਡਣ ਦਾ ਯਤਨ ਕਰਦਾ ਹੈ ਜਿਨ੍ਹਾਂ ਦੀਆਂ ਖ਼ਾਹਿਸ਼ਾਂ ਦਾ ਦਮਨ ਸਾਮੰਤਕੀ ਸੱਤਾ, ਧਾਰਮਿਕ ਅਤੇ ਨੈਤਿਕ ਪਰੰਪਰਾਵਾਂ ਦੀ ਆੜ 'ਚ ਕਰਦੀ ਹੈ। ਸਾਮੰਤਕੀ ਸਮਾਜ ਦੀ ਭਵਨ-ਨਿਰਮਾਣ ਕਲਾ ਦਾ ਆਰਕੀਟੈਕਟ ਆਪਣੇ ਆਪ ਵਿੱਚ ਭਾਰਤੀ ਭਵਨ ਨਿਰਮਾਣ ਕਲਾ ਦਾ ਗੌਰਵ ਰਿਹਾ ਹੈ। ਕਵੀ ਇਸ ਕਵਿਤਾ ਵਿੱਚ ਇਸ ਅਦਭੁਤ ਮੰਦਿਰ ਦੀ ਉਸਾਰੀ ਸੰਬੰਧੀ ਜਿਹੜੀਆਂ ਦੰਦ-ਕਥਾਵਾਂ ਜਾਂ ਲੋਕ-ਕਥਾਵਾਂ ਨੂੰ ਆਧਾਰ ਬਣਾਉਂਦਾ ਹੈ, ਉਹ ਲੋਕ-ਕਥਾਵਾਂ ਨੈਤਿਕਤਾ ਅਤੇ ਪਰੰਪਰਾ ਦੇ ਨਾਂ 'ਤੇ ਅਸਲ ਵਿਚ ਤਾਂ ਕਿਰਤੀਆਂ ਅਤੇ ਸ਼ਿਲਪੀਆਂ ਦਾ ਦਮਨ ਕਰਦੀ ਹੈ। ਕਾਮਨਾ ਦੀ ਰਾਜਨੀਤੀ ਵਿੱਚ ਇੱਕ ਹੋਰ ਸਵਾਲ ਵੀ ਉਠਦਾ ਹੈ ਕਿ ਖ਼ਾਹਸ਼ਾਂ ਦੇ ਦਮਨ ਦਾ ਜਿਹੜਾ ਪ੍ਰਵਚਨ 'ਨੈਤਿਕਤਾ' ਵਿੱਚ ਕਿਸ ਧਿਰ ਦਾ ਦਮਨ ਹੋ ਰਿਹਾ ਹੈ? ਮੋਹਨਜੀਤ ਦੀ ਇਸ ਕਿਰਤ ਦਾ ਮੁੱਖ ਥੀਮ ਹੀ ਇਹ ਹੈ ਕਿ ਸਾਮੰਤਕੀ ਵਿਵਸਥਾ ਵਿਚ 'ਨੈਤਿਕਤਾ' ਦੇ ਮਾਪਦੰਡ ਵੀ ਦੋਹਰੇ ਹਨ। ਰਾਜਿਆਂ ਅਤੇ ਸਾਮੰਤਾਂ ਲਈ ਇਹ ਪਰੰਪਰਾ ਅਤੇ ਨੈਤਿਕਤਾ ਗੌਰਵਮਈ/ਕਲਾਮਈ ਸ਼ਾਨਦਾਰ ਭਵਨ ਨਿਰਮਾਣ ਕਲਾ ਦੀ ਉਸਾਰੀ ਦਾ ਇਤਿਹਾਸ ਸਿਰਜਣ ਹੈ ਅਤੇ ਕਿਰਤੀਆਂ ਲਈ ਕਾਮਨਾਵਾਂ ਦਾ ਦਮਨ ਹੈ। ਇਸ ਕਵਿਤਾ ਵਿੱਚ ਜਿਨ੍ਹਾਂ ਦੋ ਕਥਾਵਾਂ ਨੂੰ ਆਧਾਰ ਬਣਾਇਆ ਗਿਆ ਹੈ :

ਪਹਿਲੀ ਕਥਾ : ਤੇਰਵੀਂ ਸਦੀ ਵਿਚ ਗੰਗਵੰਸ਼ ਦੇ ਰਾਜ ਨਰ ਸਿੰਘ ਦੇਵ ਨੇ ਕੋਣਾਰਕ ਦੇ ਸੂਰਜ ਮੰਦਿਰ ਦਾ ਜਦੋਂ ਨਿਰਮਾਣ ਕਰਵਾਇਆ ਤਾਂ ਇਸ ਨਿਰਮਾਣ ਲਈ ਬਾਰਾਂ ਸੌ ਕਿਰਤੀ, ਸ਼ਿਲਪੀ, ਇਮਰਾਤਸਾਜ਼ਾਂ ਨੂੰ ਇਸ ਕੰਮ ਨੂੰ ਸੰਪੂਰਨ ਕਰਨ ਲਈ ਲਗਾਇਆ ਗਿਆ। ਇਸ ਮੰਦਿਰ ਦੀ ਖ਼ੂਬਸੂਰਤੀ ਅਤੇ ਕਲਾ ਦੇ ਗੌਰਵ ਲਈ ਬਾਰਾਂ ਸੌ ਹੀ ਦੇਵਦਾਸੀਆਂ ਨੂੰ ਵੱਖੋਂ ਵੱਖਰੀਆਂ ਮੁਦਰਾਵਾਂ (ਪ੍ਰਤੀਰੂਪ) ਵਿਚ ਪੇਸ਼ ਕੀਤਾ ਗਿਆ। ਇਨ੍ਹਾਂ ਦੇਵਦਾਸੀਆਂ ਨੂੰ ਨ੍ਰਿਤ ਅਤੇ ਸੰਗੀਤ ਕਲਾ ਨਾਲ ਸੰਬੰਧਿਤ ਮੁਦਰਾਵਾਂ ਲਈ ਸਿਖਿਅਤ ਕੀਤਾ ਗਿਆ। ਇਸ ਮੰਦਿਰ ਦੀ ਉਸਾਰੀ ਦਾ ਸਮਾਂ ਵੀ ਬਾਰਾਂ ਵਰ੍ਹਿਆਂ ਦਾ ਕਿਹਾ ਜਾਂਦਾ ਹੈ। ਕਥਾ ਅਨੁਸਾਰ ਇਸ ਅਦਭੁਤ ਕਲਾ ਦੇ ਨਮੂਨੇ ਮੰਦਿਰ ਦੀ ਉਸਾਰੀ ਵਿੱਚ ਲੱਗੇ ਬਾਰਾਂ ਸੌ ਕਿਰਤੀਆਂ ਲਈ ਇਹ ਬੰਧਨ ਸੀ ਕਿ ਉਹ ਇਸ ਕਾਰਜ ਦੇ ਸੰਪੂਰਨ ਹੋਣ ਤੱਕ ਔਰਤ ਜਾਂ ਮਰਦ ਨਾਲ ਸੰਭੋਗ ਨਹੀਂ ਕਰਨਗੇ। ਕਥਾ ਅਨੁਸਾਰ ਇਹ ਪ੍ਰਤੀਬੰਧ ਮੰਦਿਰ ਦੀ ਪਵਿੱਤਰਤਾ ਲਈ ਜ਼ਰੂਰੀ ਸੀ। ਇਸ ਕਥਾ ਵਿੱਚ ਭਵਨ ਨਿਰਮਾਣ ਕਲਾ ਦਾ ਮੁੱਖ ਸ਼ਿਲਪਕਾਰ (ਆਰਕੀਟੈਕਟ) ਵਿਸ਼ੂ (ਵਿਸ਼ਨੂ ਮਹਾਰਾਣਾ) ਸੀ ਜਿਸ ਦੀ ਇਮਾਰਤਸਾਜ਼ੀ ਦੀ ਧਾਂਕ ਸੀ। ਇਮਾਰਤਸਾਜ਼ ਵਿਸ਼ਨੂ ਮਹਾਰਾਣਾ ਦੀ ਪਤਨੀ ਇਸ ਸਮੇਂ ਗਰਭਵਤੀ ਹੈ। ਵਿਸ਼ਨੂੰ ਨੇ ਬਾਰਾਂ ਸਾਲਾਂ ਤੱਕ ਆਪਣੀ ਪਤਨੀ ਨੂੰ ਨਹੀਂ ਮਿਲਣਾ। ਇਸੇ ਸਮੇਂ ਦੌਰਾਨ ਵਿਸ਼ਨੂੰ ਨੂੰ ਪੁੱਤਰ ਦੀ ਦਾਤ ਪ੍ਰਾਪਤ ਹੁੰਦੀ ਹੈ। ਉਸਦੇ ਪੁੱਤਰ ਦਾ ਨਾਂ ਧਮਪਦ ਹੈ ਜਿਹੜਾ ਬਾਅਦ ਵਿੱਚ ਮੰਦਿਰ ਦੇ ਨਿਰਮਾਣ ਵਿੱਚ ਭੂਮਿਕਾ ਨਿਭਾਉਂਦਾ ਹੈ। ਧਮਪਦ ਦਾ ਅੰਤ ਵੀ ਬੜਾ ਦੁਖਾਂਤਕ ਹੈ। ਜਦੋਂ ਧਮਪਦ ਆਪਣੀ ਮਾਂ ਤੋਂ ਆਪਣੇ ਪਿਉ ਵਿਸ਼ਨੂ ਬਾਰੇ ਜਾਣ ਜਾਂਦਾ ਹੈ ਤਾਂ ਉਹ ਜਿੱਥੇ ਮੰਦਿਰ ਦੀ ਉਸਾਰੀ ਚਲ ਰਹੀ ਸੀ, ਉੱਥੇ ਆਪਣੇ ਪਿਤਾ ਨੂੰ ਦੇਖਣ ਲਈ ਪਹੁੰਚ ਜਾਂਦਾ ਹੈ। ਧਮਪਦ ਸੂਰਜ ਮੰਦਿਰ ਦੇ ਨਿਰਮਾਣ ਦੀ ਕਲਾ ਤੋਂ ਬਹੁਤ ਪ੍ਰਭਾਵਿਤ ਹੁੰਦਾ ਹੈ। ਪਰ ਉਸ ਸਮੇਂ ਉਹ ਇਕ ਹੋਰ ਮੰਜ਼ਿਰ ਇਹ

ਦੇਖਣਾ ਹੈ ਕਿ ਉਸਦੇ ਪਿਉ ਅਤੇ ਹੋਰ ਸ਼ਿਲਪੀਆਂ ਤੋਂ ਮੰਦਿਰ ਦਾ ਗੁੰਬਦ ਨਹੀਂ ਟਿਕ ਰਿਹਾ। ਧਮਪਦ ਅੰਦਰ ਮੰਦਿਰ ਨਿਰਮਾਣ ਕਲਾ ਦੇ ਜੈਨੇਟਿਕ ਗੁਣ ਹਨ, ਉਹ ਆਪਣੀ ਬੁੱਧੀ ਨਾਲ ਗੁੰਬਦ ਨੂੰ ਟਿਕਾਉਂਣ ਦੀ ਜੁਗਤ ਦੱਸਦਾ ਹੈ। ਗੁੰਬਦ ਟਿਕ ਜਾਂਦਾ ਹੈ। ਇੱਕ ਹੋਰ ਦੁਖਾਂਤ ਵਾਪਰਦਾ ਹੈ। ਕਥਾ ਅਨੁਸਾਰ ਧਮਪਦ ਚੰਦਰਭਾਮਾ ਨਦੀ ਵਿਚ ਛਾਲ ਮਾਰ ਦਿੰਦਾ ਹੈ ਕਿਉਂਕਿ ਉਸ ਲਈ ਗੁੰਬਦ ਦੇ ਟਿਕਣ ਦਾ ਸਿਹਰਾ ਆਪਣੇ ਪਿਉ ਨੂੰ ਦੇਣਾ ਜ਼ਰੂਰੀ ਸੀ। ਦੰਦ-ਕਥਾ ਧੰਮਪਦ ਦੀ ਇਸ ਕੁਰਬਾਨੀ ਨੂੰ 'ਜਲ-ਸਮਾਧੀ' ਨਾਲ ਯਾਦ ਕਰਦੀ ਹੈ। ਇਸ ਕਥਾ ਵਿਚ ਬੜਾ ਕੁਝ ਅਜਿਹਾ ਹੈ ਜਿਹੜਾ ਗੈਰ ਮਾਨਵੀ ਹੈ; ਪ੍ਰਕਿਰਤਕ ਨਿਯਮਾਂ ਦੇ ਵਿਰੁੱਧ ਹੈ; ਸਾਮੰਤਕੀ ਵਿਵਸਥਾ ਦੀ ਸੋਚ ਦਾ ਪ੍ਰਤੀਕ ਹੈ; ਕਿਰਤੀਆਂ ਦਾ ਖਿਲਾਫ਼ ਹੈ। ਮੋਹਨਜੀਤ ਇਨ੍ਹਾਂ ਦੰਦ-ਕਥਾਵਾਂ ਦੇ ਅਸਲੇ (Essence) ਨੂੰ ਇਸ ਕਵਿਤਾ ਜ਼ੱਰੀਏ ਸਮਝਣ ਦਾ ਯਤਨ ਕਰਦਾ ਹੈ- ਜਿਸ ਦਾ ਜ਼ਿਕਰ ਮੈਂ ਇਸ ਕਵਿਤਾ ਦੇ ਅਧਿਐਨ ਦੇ ਅਗਲੇ ਵਿਸਥਾਰ 'ਚ ਕਰਾਂਗਾ।

ਕਥਾ ਦੂਜੀ : ਦੂਜੀ ਦੰਦ-ਕਥਾ ਵੀ ਮਾਨਵੀ ਪ੍ਰਕਿਰਤਕ ਕਾਮਨਾ ਦੇ ਦਮਨ ਦੀ ਹੀ ਹੈ। ਇਸ ਕਥਾ ਵਿਚ ਕਮਲ ਮਾਹਾਰਾਣਾ ਨਾਂ ਦਾ ਸ਼ਿਲਪੀ ਹੈ ਜਿਸ ਦਾ ਤਿੰਨ ਦਿਨਾਂ ਬਾਅਦ ਵਿਆਹ ਚੰਦਰਭਾਗਾ ਨਾਂ ਦੀ ਮੁਟਿਆਰ ਨਾਲ ਹੋਣਾ ਹੈ। ਪਰ ਰਾਜੇ ਦੇ ਹੁਕਮ ਹੈ ਕਿ ਮੰਦਿਰ ਨਿਰਮਾਣ ਲਈ ਚਲਿਆ ਜਾਵੇ। ਕਮਲ ਮਾਹਾਰਾਣਾ ਨਾਲ ਮੰਦਿਰ ਨਿਰਮਾਣ ਵੇਲੇ ਇੱਕ ਹੋਰ ਘਟਨਾ ਵਾਪਰਦੀ ਹੈ। ਉਹ ਮੰਦਿਰ ਨਿਰਮਾਣ ਵਿੱਚ ਆਪਣੀ ਕਲਾ ਦੇ ਜੌਹਰ ਦਿਖਾ ਰਿਹਾ ਹੈ। ਉਸਦੇ ਮਨ-ਚਿਤ ਵਿੱਚ ਆਪਣੀ ਮੰਗੇਤਰ ਦੀ ਰੂਹ ਵਸੀ ਹੋਈ ਹੈ। ਉਹ ਆਪਣੀਆਂ ਮੂਰਤੀਆਂ ਵਿੱਚ ਚੰਦਰਭਾਗਾ ਦੀ ਖੂਬਸੂਰਤੀ ਨੂੰ ਕਲਪਿਤ ਕਰਕੇ ਕਲਾ ਦੇ ਨਮੂਨੇ ਘੜ ਰਿਹਾ ਹੈ। ਇਸੇ ਦੌਰਾਨ ਉਤਕਲ ਰਾਜ ਦੇ ਨ੍ਰਿਤ ਗੁਰੂ ਸ਼੍ਰੀ ਦੱਤ ਦੀ ਸਪੁੱਤਰੀ ਮੰਦਿਰ ਦੇਖਣ ਆਉਂਦੀ ਹੈ ਅਤੇ ਕਮਲ ਰਾਣਾ ਦੀ ਕਲਾ ਤੋਂ ਪ੍ਰਭਾਵਿਤ ਹੋ ਕੇ ਖ਼ੁਦ ਦੇਵਦਾਸੀ ਦਾ ਪ੍ਰਤੀਰੂਪ ਬਣਕੇ ਖੜ੍ਹੀ ਹੋ ਜਾਂਦੀ ਹੈ। ਕਲਪਨਾ 'ਚ ਚੰਦਰਭਾਗਾ ਨੂੰ ਵਸਾਏ ਹੋਏ, ਕਮਲ ਦੇ ਸਾਹਮਣੇ ਨ੍ਰਿਤ ਗੁਰੂ ਦੀ ਪੁੱਤਰੀ ਸ਼ਿਲਪਾ ਹੈ। ਕਮਲ ਸ਼ਿਲਪਾ ਦੀ ਮੂਰਤੀ, ਮੰਦਿਰ ਵਿਚ ਉੱਕਰ ਦਿੰਦਾ ਹੈ। ਜਦੋਂ ਰਾਜਾ ਨਰਸਿੰਹਦੇਵ ਅਤੇ ਨ੍ਰਿਤ ਗੁਰੂ ਮੰਦਿਰ ਦੇਖਣ ਆਉਂਦੇ ਹਨ ਤਾਂ ਸ਼ਿਲਪਾ ਦੀ ਸ਼ਕਲ ਨੂੰ ਮੂਰਤੀ ਵਿਚ ਪਛਾਣ ਕੇ ਕਮਲ ਨੂੰ ਸਵਾਲ ਕਰਦੇ ਹਨ। ਕਮਲ ਉਹੀ ਜਵਾਬ ਦਿੰਦਾ ਹੈ ਕਿ ਉਸਦੀ ਕਲਪਨਾ-ਕਲਾ ਵਿੱਚ ਤਾਂ ਉਸਦੀ ਮੰਗੇਤਰ ਦੀ ਮੂਰਤ ਹੈ। ਪਰ ਸਾਮੰਤਕੀ ਵਿਵਸਥਾ ਇਵੇਂ ਨਹੀਂ ਸੋਚਦੀ। 'ਧਾਰਮਿਕ ਮਰਿਆਦਾ' ਦੀ ਦ੍ਰਿਸ਼ਟੀ ਤੋਂ ਸ਼ਿਲਪਾ ਦਾ ਗੁਨਾਹ ਵੱਡਾ ਹੈ। ਸ਼ਿਲਪਾ ਨੂੰ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ। ਸ਼ਿਲਪਾ ਵੀ ਜਲ-ਸਮਾਧੀ ਲੈ ਕੇ ਮਰ ਜਾਂਦੀ ਹੈ। ਦੋਨੋਂ ਕਥਾਵਾਂ ਦਾ ਅੰਤ ਦੁਖਾਂਤਕ ਹੈ- ਮੌਤ ਨਾਲ ਹੁੰਦਾ ਹੈ।

ਥੀਮ ਦਾ ਨਿਭਾਉ : ਮੋਹਨਜੀਤ "ਕੋਣ ਦਾ ਸੂਰਜ" ਦੇ ਕਾਵਿ-ਬਿਰਤਾਂਤ ਵਿੱਚ ਇਨ੍ਹਾਂ ਦੋਨਾਂ ਕਥਾਵਾਂ ਨੂੰ ਇੱਕ ਤਰਤੀਬ ਨਾਲ ਆਪਣੀ ਰਚਨਾਤਮਕਤਾ ਦਾ ਆਧਾਰ ਬਣਾਉਂਦਾ ਹੈ। ਅੱਡੋ-ਅੱਡਰੀਆਂ ਦੋ ਕਥਾਵਾਂ ਨੂੰ, ਇੱਕੋ ਕਾਵਿ-ਬਿਰਤਾਂਤ 'ਚ ਪਰੋਣਾ ਮੋਹਨਜੀਤ ਦੀ ਕਲਾ ਲਈ ਵੱਡੀ ਵੰਗਾਰ ਰਹੀ ਹੋਵੇਗੀ। ਪਰ ਅਸੀਂ ਜਦੋਂ ਇਹ ਕਵਿਤਾ ਨੂੰ ਪੜਦੇ ਹਾਂ ਤਾਂ ਸਮੁੱਚੀ ਰਚਨਾ ਵਿੱਚ ਕਥਾਨਕ ਵਿੱਚ ਥੀਮ ਦੀ ਉਸਾਰੀ ਆਦਿ ਤੋਂ ਅੰਤ ਤੱਕ ਇੱਕ ਤਰਤੀਬ 'ਚ ਚਲਦੀ ਹੈ। ਦੋਵੇਂ ਕਥਾਵਾਂ, ਥੀਮ ਦੇ ਵਿੱਚ ਲਏ ਮੁੱਦਿਆਂ ਨੂੰ ਹੋਰ ਪ੍ਰਭਾਵਸ਼ਾਲੀ ਰੂਪ ਵਿੱਚ ਪੇਸ਼ ਕਰਨ ਦਾ ਸਵੱਬ ਬਣਦੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਮੋਹਨਜੀਤ ਦੀ ਵਿਚਾਰਧਾਰਾਈ ਕਲਪਨਾ ਇੱਕ ਸੰਗਠਨ ਵਿੱਚ ਬੱਝੀ ਹੋਈ ਹੈ। ਸਾਮੰਤਕੀ ਸਮਾਜ ਕਿਵੇਂ ਕਿਰਤੀਆਂ, ਸ਼ਿਲਪੀਆਂ, ਨਿਰਧਨ ਦੇਵਦਾਸੀਆਂ ਅਤੇ ਅਖੌਤੀ ਧਾਰਮਿਕ ਪਵਿੱਤਰਤਾ ਤੋਂ ਉਲਟ ਪਿਆਰ ਦਾ ਇਜ਼ਹਾਰ ਕਰਨ ਵਾਲੀ ਸ਼ਿਲਪਾ ਇਤਿਆਦਿ ਨੂੰ ਕਿਵੇਂ ਸਜਾ ਦਿੰਦਾ ਹੈ ਬਾਰੇ ਕਵੀ ਸਪਸ਼ਟ ਹੈ। ਪਰ ਮੋਹਨਜੀਤ ਨੇ ਇਸ ਲੰਮੀ ਕਵਿਤਾ ਨੂੰ ਮਹਾਂ-ਕਾਵਿ ਦੇ ਪੱਧਰ ਦੀ ਬਨਾਉਂਣ ਲਈ ਸਮੁੱਚੀ ਕਵਿਤਾ ਦੀ ਟੈਕਸਚਰ ਨੂੰ ਜਿਸ ਵਿਸਥਾਰ ਅਤੇ ਸੁਹਜਾਤਮਕ ਕਾਵਿ-ਭਾਸ਼ਾ 'ਚ ਤਰਾਸ਼ਿਆ ਹੈ, ਉਹ ਵੀ ਬੇਮਿਸਾਲ ਹੈ। ਦੰਦ-ਕਥਾਵਾਂ ਦੇ ਵਿਚਾਰਧਾਰਾਈ ਰੁਪਾਂਤਰਣ ਲਈ ਜਿਸ ਢੁੱਕਵੀਂ ਕਾਵਿ-ਭਾਸ਼ਾ ਦੇ ਪ੍ਰਗਟਾਉ ਢੰਗ ਅਤੇ ਬਿਰਤੀ (ਸੁਭਾਅ) ਦੀ ਜ਼ਰੂਰਤ ਹੁੰਦੀ ਹੈ- ਮੋਹਨਜੀਤ ਨੇ ਉਸਨੂੰ ਸੁਹਜਾਤਮਕ ਰੂਪ ਵਿੱਚ ਤਰਾਸ਼ਿਆ ਹੈ। ਕਾਮਨਾ ਦੇ ਦਮਨ ਦੇ ਆਰ-ਪਾਰ ਬਿਰਹਾ ਦੀਆਂ ਭਾਵਨਾਵਾਂ ਦੀ ਬੇਮਿਸਾਲ ਪੇਸ਼ਕਾਰੀ ਇਸ ਕਵਿਤਾ ਨੂੰ ਜੀਵੰਤ ਬਣਾਉਂਦੀ ਹੈ।

ਮੋਹਨਜੀਤ ਇਸ ਕਵਿਤਾ ਬਿਰਤਾਂਤ ਦਾ ਆਧਾਰ ਪਹਿਲੀ ਕਥਾ ਦੀ ਸ਼ੁਰੂਆਤ ਵਿੱਚ ਹੀ ਬਿਰਹਾ ਦੇ ਥੀਮ ਨੂੰ ਸਪਸ਼ਟ ਕਰ ਦਿੰਦਾ ਹੈ। ਇਹ ਬਿਰਹਾ ਸਾਮੰਤਕੀ ਫੈਸਲਿਆਂ ਦੀ ਉਪਜ ਹੈ ਜਿਸਨੂੰ ਸ਼ਿਲਪੀ ਵਿਸ਼ਨੂੰ ਅਤੇ ਉਸਦੀ ਪਤਨੀ ਭੋਗਦੀ ਹੈ। ਮੋਹਨਜੀਤ ਬਿਰਹਾ ਨੂੰ ਅਜਿਹੀ ਮੂਲ ਭਾਵਨਾ ਦੇ ਤੌਰ 'ਤੇ ਪ੍ਰਗਟ ਕਰਦਾ ਹੈ ਕਿ ਭਾਰਤੀ ਪ੍ਰਸੰਗ ਵਿਚ ਪਤੀ/ਪਤਨੀ ਦੇ ਵੈਰਾਗ ਦਾ ਇਹ ਪ੍ਰਭਾਵਸ਼ਾਲੀ ਪ੍ਰਗਟਾ ਬਣ ਜਾਂਦਾ ਹੈ :

ਸ਼ਿਲਪੀ ਦੇ ਬੋਲ ਪਤਨੀ ਲਈ : ਬਿਰਹਾ ਦੇ ਨਾਲ ਨਾਲ
ਹੁਣ ਤੂੰ ਹੀ ਬੋਲ ਸੁਣਨਾ ਹੈ / ਮੈਂ ਤਾਂ ਪਰੇ ਹਾਂ / ਬਿਰਹਾ ਦੇ ਨਾਲ ਜਣ / ਜਣ ਤੇ ਸੁਰਮਾ
ਸ਼ਿਲਪੀ ਜਾਂ ਮੀਤ ਜਣ / ਪਾਣੀਆਂ ਦਾ / ਪਰਬਤਾਂ ਦਾ / ਪੌਣਾਂ ਦਾ ਗੀਤ ਜਣ

ਪਤਨੀ ਦਾ ਚਿਤਵਨ : / ਤੂੰ ਨਾਲ ਹੁੰਦੋ ਤਾਂ ਕਿਸ ਤਰ੍ਹਾਂ ਹੁੰਦਾ / ਗਰਭਵਤੀ ਵੇਖਦੀ ਹੈ
ਮੂਕ ਵਾਣੀ ਵਿੱਚ ਚਿਤਵਦੀ ਹੈ / ਸੋਚਦੀ ਹੈ :
ਕਿਹੋ ਜਿਹਾ ਹੈ ਜੋ ਦੇਹ 'ਚ ਹੈ / ਵੰਸ਼ਵਾਨ ਦੀ ਅੰਸ਼ ਹੈ
ਮੂਰਤੀਕਾਰ ਹੋਏਂਗਾ / ਸ਼ਿਲਪਾਕਾਰ ਜਾਂ ਨ੍ਰਿਤਕਾਰ ਹੋਏਗਾ

ਮੋਹਨਜੀਤ, ਕੌਣੇ ਦਾ ਸੂਰਜ, ਪੰਨਾ: 13-14, ਸੰਨ 2012

ਮੋਹਨਜੀਤ ਕਵਿਤਾ ਦੀ ਸ਼ੁਰੂਆਤ ਵਿੱਚ ਹੀ ਕਲਾ/ਸਾਹਿਤ ਦੇ ਸੁਹਜ-ਸ਼ਾਸਤਰ ਦੇ ਬੁਨਿਆਦੀ ਆਸਾਰ ਬਾਰੇ, ਭਾਵਪੂਰਤ ਕਾਵਿ-ਟਿੱਪਣੀ ਕਰਦਾ ਹੈ। ਕਲਾ ਦੇ ਸੁਹਜ ਬਾਰੇ ਮੋਹਨਜੀਤ ਦੀਆਂ ਅਜਿਹੀਆਂ ਟਿੱਪਣੀਆਂ ਕਥਾ ਕੇ ਕਥਾਨਕ ਦੇ ਪ੍ਰਭਾਵ ਨੂੰ ਵੀ ਵਧਾਉਂਦੀਆਂ ਹਨ ਅਤੇ ਇਸ ਕਵਿਤਾ ਦੇ ਰੂਪਾਕਾਰ ਨੂੰ ਵੀ ਅਰਥਪੂਰਨ ਬਣਾਉਂਦੀਆਂ ਹਨ। ਕਵਿਤਾ ਦੀ ਦਾਰਸ਼ਨਿਕ ਗਹਿਰਾਈ ਲਈ ਅਜਿਹੇ ਕਾਵਿ-ਸ਼ਾਸਤਰ ਸੰਬੰਧੀ ਵਿਚਾਰ ਚਰਚਾ ਕਰਦਿਆਂ ਕਲਾ ਕਿਰਤ ਦੇ ਸੁਹਜ-ਸ਼ਾਸਤਰੀ ਪ੍ਰਭਾਵ ਲਈ ਆਕਾਰ (Size) ਅਤੇ ਤਰਤੀਬ ਨੂੰ ਬੁਨਿਆਦੀ ਮੰਨਦਾ ਹੈ। ਮੋਹਨਜੀਤ ਲਗਭੱਗ ਇਸੇ ਨੁਕਤੇ ਤੋਂ ਮੁਦਰਾ ਨੂੰ ਮੂਰਤੀ ਅਤੇ ਨ੍ਰਿਤ ਦੇ ਸੁਹਜ ਦਾ ਆਧਾਰ ਕਹਿੰਦਾ ਹੈ। ਇਸ ਸਾਰੀ ਕਵਿਤਾ ਵਿੱਚ ਮੋਹਨਜੀਤ ਇਸ ਸੁਹਜ-ਸ਼ਾਸਤਰੀ ਆੜਤ ਨੂੰ ਸੁਚੇਤ ਰੂਪ ਵਿੱਚ ਅਪਣਾਉਂਦਾ ਹੈ।

ਮੂਰਤੀ ਤੇ ਨ੍ਰਿਤ ਕੇਹਾ ਸੰਜੋਗ ਹੈ / ਮੁਦਰਾ ਹੀ ਮੂਰਤੀ ਹੈ
ਮੁਦਰਾ ਸੁਹਜ ਹੈ / ਮੁਦਰਾ ਹੀ ਸ਼ਿਲਪ-ਜਗਤ ਹੈ
ਮੁਦਰਾ ਹੀ ਸੁਰਤਿ ਹੈ / ਮੁਦਰਾ ਹੀ ਹਰਖ ਸੋਗ ਹੈ
ਮੁਦਰਾ ਮਿਲਣ ਦਾ ਯੋਗ /ਮੁਦਰਾ ਵਿਯੋਗ ਹੈ — ਉਹੀ, ਪੰਨਾ: 13-14

ਮੋਹਨਜੀਤ ਆਪਣੇ ਮੁੱਖ ਥੀਮ ਦੇ ਪ੍ਰਭਾਵ ਨੂੰ ਤਿੱਖਿਆ ਕਰਨ ਲਈ ਮਾਨਵੀ ਵੇਦਨਾਵਾਂ ਨੂੰ ਬਹੁਤ ਹੀ ਬਾਰੀਕੀ ਨਾਲ ਵਿਸਥਾਰ ਦਿੰਦਾ ਹੈ। ਇਨ੍ਹਾਂ ਮਾਨਵੀ ਵੇਦਨਾਵਾਂ ਵਿੱਚ ਇੱਕ ਬਿਰਹਾ ਕੁੰਠੀ ਔਰਤ ਦੀ ਬਿੰਬਕਾਰੀ ਪ੍ਰਮੁੱਖ ਰੂਪ ਵਿੱਚ ਚਿੱਤਰੀ ਗਈ ਹੈ। ਦੋਨਾਂ ਕਥਾਵਾਂ ਵਿੱਚ ਬਿਰਹਾ ਦਾ ਸਬਜੈਕਟ ਮੁੱਖ ਰੂਪ ਵਿੱਚ ਔਰਤ ਹੈ। ਤੀਜੇ ਬਿਰਤਾਂਤ ਵਿਚ ਜਿੱਥੇ ਨ੍ਰਿਤ ਗੁਰੂ ਦੀ ਪੁੱਤਰੀ ਸ਼ਿਲਪਾ ਵਿਸ਼ਨੂੰ ਦੇ ਪਿਆਰ ਵਿ ਦੇਵਦਾਸੀ ਦੀ ਮੁਦਰਾ ਗ੍ਰਹਿਣ ਕਰਦੀ ਹੈ ਵਿੱਚ ਵੀ ਔਰਤ ਦੇ ਦੁਖਾਂਤ ਦੀ ਗਾਥਾ ਹੀ ਉਭਰ ਕੇ ਸਾਹਮਣੇ ਆਉਂਦੀ ਹੈ। ਇਸ ਪੱਖ ਤੋਂ ਮੋਹਨਜੀਤ ਔਰਤ ਦੀ ਵੇਦਨਾ ਦੇ ਪ੍ਰਮੁੱਖ ਕਵੀ ਦੇ ਤੌਰ 'ਤੇ ਵੀ ਸਾਹਮਣੇ ਆਉਂਦਾ ਹੈ। ਵਿਸ਼ਨੂੰ ਦੀ ਪਤਨੀ ਇੱਕ ਗਰਭਵਤੀ ਮਾਂ ਦੇ ਰੂਪ ਵਿੱਚ, ਆਪਣੇ ਹੋਣ ਵਾਲੇ ਪੁੱਤਰ ਸੰਬੰਧੀ ਜੋ ਆਪਣੇ ਮਨ ਵਿੱਚ ਚਿਤਵਦੀ ਹੈ, ਵੀ ਮੋਹਨਜੀਤ ਦੇ ਔਰਤ ਦੇ ਮਨੋਵਿਗਿਆਨ ਦੀ ਸਮਝ ਦਾ ਸਿਖ਼ਰ ਹੈ :

ਮੈਂ ਤਾਂ ਤੇਰੇ ਹੋਣ ਦਾ ਸਾਧਨ ਹਾਂ ਮੇਰੇ ਲਈ। / ਮੈਂ ਤੈਨੂੰ ਲਾਡਲੇ ਲੋਰੀ ਸੁਣਾਵਾਂਗੀ
ਕਿਰਨਾਂ ਤੇ ਸੱਤੇ ਰੰਗ ਬਦਲਾਂ ਵਿੱਚ ਭਰਾਂਗੀ / ਪੰਛੀ ਦੇ ਖੰਭਾਂ ਦੀ ਬੁਣਤੀ ਬੁਣਾਂਗੀ
ਤੋਤਲੇ ਬੋਲਾਂ 'ਚ ਰਸ ਬਣ ਕੇ ਘੁਲਾਂਗੀ / ਤਾਰਿਆਂ ਦੀ ਲੋਅ ਤੇਰੇ ਪਿੰਡੇ ਮਲਾਂਗੀ

ਸੁਪਨੇ ਦਾ ਕਜਲਾ ਤੇਰੇ ਨੈਣੀ ਭਰਾਂਗੀ ਉਹੀ, ਪੰਨਾ : 15

ਪਰ ਸਾਮੰਤਕੀ ਵਿਧਾਨ ਲਈ ਆਪਣਾ ਇਤਿਹਾਸ, ਆਪਣਾ ਗੌਰਵ, ਆਪਣੀ ਮਿਥਾਲੌਜੀ ਦਾ ਗੌਰਵ ਵਧੇਰੇ ਮਾਅਨੇ ਰੱਖਦਾ ਹੈ। ਸਾਮੰਤਕੀ ਗੌਰਵ ਦਾ ਵਿਧਾਨ ਦੇ ਕੀ ਅਰਥ ਹਨ- ਮੋਹਨਜੀਤ ਕਵਿਤਾ ਰਾਹੀਂ ਦੱਸਦਾ ਹੈ। ਇਤਿਹਾਸ ਜਾਂ ਮਿਥਿਹਾਸ 'ਚ ਉਸ ਕੋਲ ਦੋ ਕਹਾਣੀਆਂ ਹਨ ਜਿਹੜੀਆਂ ਕਵੀ ਨੂੰ ਪਰੇਸ਼ਾਨ ਕਰਦੀਆਂ ਹਨ। ਕਵੀ ਨੂੰ ਕੌਣਾਰਕ ਦਾ ਮੰਦਿਰ ਪਰੇਸ਼ਾਨ ਨਹੀਂ ਕਰ ਰਿਹਾ ਪਰ ਉਸ ਸੁਹਜ ਨਿਰਮਾਣ ਪਿੱਛੇ ਜੁੜੀਆਂ ਕਹਾਣੀਆਂ ਪਰੇਸ਼ਾਨ ਕਰ ਰਹੀਆਂ ਹਨ। ਰਾਜੇ ਨਰ ਸਿੰਹ ਲਈ ਇਹ ਮੰਦਰ ਕੋਹੜ ਦਾ ਇਲਾਜ ਹੈ। ਪਰ ਇਸਦੇ ਨਿਰਮਾਣ ਲਈ ਉਸ ਸਮੇਂ ਦੇ ਧਰਮ-ਸ਼ਾਸਤਰ ਨੇ ਜੋ ਨਿਯਮ ਵਿਧਾਨ ਬਣਾਇਆ ਹੈ, ਉਹ ਧਿਆਨ ਖਿੱਚਦਾ ਹੈ। ਮਸਲਾ ਇਹ ਨਹੀਂ ਕਿ ਇਹ ਕਹਾਣੀਆਂ ਇਤਿਹਾਸ ਦਾ ਹਿੱਸਾ ਹਨ ਜਾਂ ਮਿਥਿਹਾਸ ਦਾ ਹਿੱਸਾ ਹਨ ਜਾਂ ਜਿਵੇਂ ਦੰਦ-ਕਥਾਵਾਂ ਦੇ ਰੂਪ ਵਿੱਚ ਵਾਪਰੀਆਂ ਵੀ ਸਨ ਜਾਂ ਨਹੀਂ। ਮਸਲਾ ਇਸ ਤੋਂ ਅਗਾਂਹ ਦਾ ਹੈ। ਇਹ ਦੰਦ-ਕਥਾਵਾਂ, ਅੱਜ ਵੀ ਸੁਣੀਆਂ ਅਤੇ ਸਵੀਕਾਰੀਆਂ ਜਾ ਰਹੀਆਂ ਹਨ। ਪਰ ਕਵੀ ਇਨ੍ਹਾਂ ਦੰਦ-ਕਥਾਵਾਂ ਨੂੰ ਨਾ ਤਾਂ ਸਵੀਕਾਰ ਕਰਦਾ ਹੈ ਨਾ ਜਾਇਜ਼ ਠਹਿਰਾਉਂਦਾ ਹੈ। ਇਵੇਂ ਇਹ ਕਵਿਤਾ, ਇਕ ਐਸੇ ਬਿਰਤਾਂਤ ਦਾ ਹਿੱਸਾ ਬਣ ਜਾਂਦੀ ਹੈ ਜਿਹੜੇ ਸਾਹਿਤਕ ਬਿਰਤਾਂਤਾਂ ਦੇ ਜ਼ੁਲਮ, ਅਤਿਆਚਾਰ, ਧੱਕੇ ਦੇ ਨਿਜ਼ਾਮ ਵਿਰੁੱਧ ਆਪਣਾ ਪ੍ਰਤੀਰੋਧ ਜ਼ਾਹਿਰ ਕੀਤਾ ਹੈ। ਇਹ ਵੱਡ-ਆਕਾਰੀ ਕਵਿਤਾ ਦਾ ਸਮੁੱਚਾ ਕਾਵਿ-ਸੰਵਾਦ ਵਿਚਾਰਧਾਰਕ ਹੈ। ਵਿਚਾਰਧਾਰਾ ਦੀ ਪ੍ਰਤੀਰੋਧਕ ਧੁਨੀਆਂ ਇਸ ਕਵਿਤਾ 'ਚੋਂ ਥਾਂ ਪਰ ਥਾਂ ਸੁਣੀਆਂ ਜਾ ਸਕਦੀਆਂ ਹਨ। ਪੰਜਾਬੀ ਦੀਆਂ ਆਧੁਨਿਕ ਲੰਮੀਆਂ ਬਿਰਤਾਂਤਕ ਕਵਿਤਾਵਾਂ 'ਚੋਂ, ਸ਼ਿਵ ਕੁਮਾਰ ਦੀ ਲੂਣਾ ਨੇ ਔਰਤ ਦੀ ਕਾਮਨਾ ਦੇ ਨਜ਼ਰੀਏ ਤੋਂ, ਭਾਰਤੀ ਸਾਮੰਤਕੀ ਵਿਵਸਥਾ ਨੂੰ ਲਲਕਾਰਿਆ ਸੀ। ਮੋਹਨਜੀਤ ਨੇ ਇਸ ਕਵਿਤਾ ਵਿੱਚ ਕਾਮਨਾ ਅਤੇ ਕਿਰਤੀ (ਸੁਹਜ-ਸ਼ਿਲਪੀ) 'ਤੇ ਹੋ ਰਹੇ ਸਾਮੰਤਕੀ ਦਮਨ ਨੂੰ ਪੇਸ਼ ਕੀਤਾ ਹੈ। ਪ੍ਰਤੀਰੋਧ ਦੀਆਂ ਧੁਨੀਆਂ ਇਸ ਕਾਵਿ ਬਿਰਤਾਂਤ ਵਿੱਚ, ਕਥਾ ਦੇ ਬਿਰਤਾਂਤ 'ਚ ਵੀ ਪਈਆਂ ਹਨ ਅਤੇ ਕਵੀ ਕਥਨਾ 'ਚ ਵੀ ਪਈਆਂ ਹਨ। ਪਰ ਮੋਹਨਜੀਤ ਦੀ ਪ੍ਰਾਪਤੀ ਤਾਂ ਇਹ ਹੈ ਕਿ ਦੋਨਾਂ ਰੂਪਾਂ ਵਿੱਚ ਇਹ ਪ੍ਰਤੀਰੋਧ ਕਵਿਤਾ ਦੀ ਭਾਸ਼ਾ 'ਚ ਹੈ। ਵਿਚਾਰਧਾਰਕ ਪ੍ਰਤੀਧੁਨੀਆਂ ਕਾਵਿਕ ਹਨ। ਇਹੀ ਕਾਵਿਕ-ਹੁਨਰ (ਸੁਹਜ) ਦੀ ਸਮਝ ਕਵੀ ਨੂੰ ਸਥਾਪਿਤ ਕਰਦਾ ਹੈ। ਪੰਜਾਬੀ ਦੀ ਵਰਤਮਾਨ ਲੰਮੀ ਬਿਰਤਾਂਤਕ ਕਵਿਤਾ 'ਚ "ਕੌਣੇ ਦਾ ਸੂਰਜ" ਅਜਿਹਾ ਸਾਹਿਤਕ ਪਾਠ ਹੈ ਜਿਹੜਾ ਸਮੇਂ ਦੇ ਬੀਤਣ ਨਾਲ ਪੰਜਾਬੀ ਦੇ ਜਾਗ੍ਰਿਤ ਪਾਠਕ ਦਾ ਵਧੇਰੇ ਧਿਆਨ ਖਿੱਚੇਗਾ, ਇਸ ਕਵਿਤਾ ਦੀ ਸਾਹਿਤਕਤਾ ਨੂੰ ਕਵੀ ਮੋਹਨਜੀਤ ਦੀਆਂ 'ਕਵੀ ਕਥਨ' ਟਿੱਪਣੀਆਂ ਰਾਹੀਂ ਵੀ ਦੇਖਦੇ ਹਾਂ। ਇਸ ਕਵਿਤਾ ਦੀ ਪਹਿਲੀ ਕਥਾ ਦੇ ਸ਼ੁਰੂ ਵਿੱਚ ਹੀ ਮੋਹਨਜੀਤ ਕਵੀ ਕਥਨ ਰਾਹੀਂ ਕਥਾ ਕੇ ਇੱਕ ਵੱਡੇ ਹਿੱਸੇ ਨੂੰ ਕੁਝ ਸਤਰਾਂ ਵਿੱਚ ਹੀ ਪੇਸ਼ ਕਰਨ ਦੀ ਕਲਾ ਦਾ ਸਬੂਤ ਦਿੰਦਾ ਹੈ। ਇਨ੍ਹਾਂ ਸਤਰਾਂ 'ਚ ਕਥਾ ਦਾ ਵੱਡਾ ਹਿੱਸਾ ਤਾਂ ਸਮੇਟਿਆ ਹੀ ਗਿਆ ਹੈ ਨਾਲ ਹੀ ਬਾਰਾਂ ਵਰ੍ਹਿਆਂ ਦੇ ਉਜਾੜੂ ਦੀ ਉਦਾਸੀ ਬਿਰਹਾ ਦੀ ਪੀੜਾ ਵਰਗੀਆਂ ਮਨੋ-ਵੇਦਨਾਵਾਂ ਨੂੰ ਵੀ ਪੇਸ਼ ਕਰ ਰਿਹਾ ਹੈ :

ਬੱਚੇ ਦੀ ਆਸ ਨਾਲ ਦਿਲ ਵਿੱਚ ਉਦਾਸ ਸੀ / ਪਰ ਅੰਦਰ ਉਦਾਸ ਸੀ
ਬਿਰਹਾ ਦਾ ਪਲ ਵੀ ਪਹਾੜ ਹੈ / ਇਹ ਤਾਂ ਬਾਰਾਂ ਵਰ੍ਹਿਆਂ ਦਾ ਉਜਾੜ ਸੀ

ਰਾਜੇ ਦਾ ਉਦੇਸ਼ ਸੀ- / ਮੰਦਰ ਦੇ ਬਣਨ ਅੰਗ ਸੁੱਚੇ ਰੱਖਣੇ
ਗ੍ਰਹਿਸਥ ਤੋਂ ਪੂਰੀ ਤਰ੍ਹਾਂ ਸੰਨਿਆਸ ਸੀ / ਇਸ ਤਰ੍ਹਾਂ ਹੀ ਦੇਵਤੇ ਨੇ ਰੀਝਣਾ
ਰਾਜੇ ਨੱਰ ਸਿੰਹੁ ਦਾ ਵਿਸ਼ਵਾਸ ਸੀ

ਸ਼ਿਲਪੀ ਦੀ ਦਸ਼ਾ ਕੁਝ ਹੋਰ ਸੀ / ਬੱਚੇ ਨੂੰ ਵੇਖਣ 'ਤੇ ਕੀਹਦਾ ਜੀਅ ਨਹੀਂ ਕਰਦਾ
ਆਪਣੀ ਪਹਿਲੀ ਔਲਾਦ ਨੂੰ। ਉਹੀ, ਪੰਨਾ : 18-19

ਮੋਹਨਜੀਤ ਜਦੋਂ ਗੰਗ ਵੰਸ਼ ਦੇ ਰਾਜੇ ਨਰ ਸਿੰਹ ਦੇਵ ਵਲੋਂ ਬਣਾਏ ਗਏ ਕੌਣਾਰਕ ਦੇ ਮੰਦਿਰ ਨੂੰ ਦੇਖਦਾ ਹੈ ਤਾਂ ਇਸ ਦੇ ਆਰਕੀਟੈਕਟ ਦੇ ਸੁਹਜ ਨੂੰ ਬਨਾਉਣ ਵਾਲੇ ਸ਼ਿਲਪੀਆਂ ਦੀ ਕਲਾ ਦੀ ਮਹਾਨਤਾ ਬਾਰੇ ਸੋਚਦਾ ਹੈ। ਪਰ

ਉਸ ਦੀ ਸੂਝ ਅਤੇ ਕਲਪਨਾ ਇਸ ਤੋਂ ਅਗਾਂਹ ਜਾਂਦੀ ਹੈ। ਉਹ ਆਪਣੀ ਇਸ ਕਵਿਤਾ ਲਿਖਣ ਦੇ ਕਾਰਨ ਬਾਰੇ ਦੱਸਦਾ ਹੈ, "ਤੇਰਵੀਂ ਸਦੀ ਵਿੱਚ ਗੰਗ ਵੰਸ਼ ਦੇ ਰਾਜੇ ਨਿਰ ਸਿੰਹ ਦੇਵ ਨੇ ਕੌਨਾਰਕ ਦੇ ਸੂਰਜ ਮੰਦਰ ਦਾ ਨਿਰਮਾਣ ਕਰਵਾਇਆ। ਨਿਰਮਾਣ ਕਰਨ ਲਈ ਬਾਰਾਂ ਸੌ ਇਮਾਰਤਸਾਜ਼ੀ, ਕਿਰਤੀ, ਸ਼ਿਲਪੀ ਨਿਯੁਕਤ ਕੀਤੇ ਗਏ। ਲੱਗਭੱਗ ਐਨੀਆਂ ਹੀ ਦੇਵਦਾਸੀਆਂ ਨੂੰ ਪ੍ਰਤੀਰੂਪ (ਮਾਡਲ) ਬਣਨ ਲਈ ਨ੍ਰਿਤ ਸੰਗੀਤ ਅਤੇ ਹੋਰ ਸੰਬੰਧਿਤ ਕਲਾਵਾਂ ਵਿਚ ਪ੍ਰਸ਼ਿਖਸ਼ਿਤ ਕੀਤਾ ਗਿਆ। ਬਾਰਾਂ ਵਰ੍ਹਿਆਂ ਵਿੱਚ ਨਿਰਮਾਣ ਕਾਰਜ ਪੂਰਾ ਹੋਣਾ ਸੀ। ਵਚਿੱਤਰ ਗੱਲ ਕਹਿ ਲਉ ਨਿਰਮਾਣ ਕਾਰਜ ਵਿੱਚ ਲੱਗੇ ਸਭ ਵਿਅਕਤੀਆਂ ਉੱਤੇ ਇਹ ਪ੍ਰਤੀਬੰਧ ਸੀ ਕਿ ਕਾਰਜ ਸੰਪੰਨ ਹੋਣ ਤੋਂ ਪਹਿਲਾਂ ਕਿਸੇ ਦੇ ਔਰਤ-ਸੰਗ ਜਾਂ ਮਰਦ-ਸੰਗ ਨਹੀਂ ਕਰਨਾ। ਰਾਜੇ ਅਜਿਹੇ ਸੁੱਚਮ ਨੂੰ ਮੰਦਿਰ ਦੀ ਪਵਿੱਤਰਤਾ ਲਈ ਜ਼ਰੂਰੀ ਸਮਝਦਾ ਸੀ। ਭਲਾ ਇਹ ਗੱਲ ਪ੍ਰਾਕਿਰਤਕ ਨਿਯਮਾਂ ਦੇ ਵਿਰੁੱਧ ਨਹੀਂ? ਕਵਿਤਾ ਦਾ ਇਹ ਵੀ ਮੁੱਦਾ ਹੈ।" (ਮੋਹਨਜੀਤ, ਅੰਬਰ ਦਾ ਲਹਿੰਗਾ; ਕੌਣੇ ਦਾ ਸੂਰਜ, ਪੰਨਾ-7, 2012)

ਕਵਿਤਾ ਲਿਖਣ ਦੇ ਉਦੇਸ਼ ਦੀ ਸਿਧਾਂਤਕੀ ਬਾਰੇ ਕਵੀ ਸਾਨੂੰ ਦੱਸ ਰਿਹਾ ਹੈ ਜਿਹੜੀ ਉਸਦੇ ਵਿਚਾਰਾਂ ਜਾਂ ਵਿਚਾਰਧਾਰਾ ਦੇ ਸੰਕੇਤ ਹਨ। ਪਰ ਮੇਰੇ ਲਈ ਮਸਲਾ ਇਸ ਸਿਧਾਂਤਕੀ ਨੂੰ ਕਵਿਤਾ ਦੀ ਰੂਹ 'ਚ ਢਾਲਣ ਦੇ ਕਾਵਿਕ-ਹੁਨਰ ਦਾ ਵੀ ਹੈ। ਸਾਮੰਤਕੀ ਸਮਾਜ ਦੀਆਂ ਅਜਿਹੀਆਂ ਅਨੇਕਾਂ ਦੰਦ-ਕਥਾਵਾਂ ਭਾਰਤ ਅਤੇ ਪੰਜਾਬ ਦੀਆਂ ਲੋਕ-ਧਾਰਾ ਦੀ ਫ਼ਿਜਾਵਾਂ 'ਚੋਂ ਢੂੰਡੀਆਂ ਜਾ ਸਕਦੀਆਂ ਹਨ। ਪਰ ਕਵੀ ਦਾ ਕੰਮ ਇਨ੍ਹਾਂ ਦੰਦ-ਕਥਾਵਾਂ ਨੂੰ ਆਪਣੀ ਮੌਲਿਕ ਭਾਸ਼ਾ 'ਚ ਸੁਨਾਉਂਣ ਦਾ ਹੈ। ਮੋਹਨਜੀਤ ਕੌਨਾਰਕ ਦੇ ਮੰਦਿਰ ਨਾਲ ਜੁੜੀਆਂ ਦੰਦ-ਕਥਾਵਾਂ ਨੂੰ ਸਾਮੰਤਕੀ ਨਿਜ਼ਾਮ ਦੇ ਸੱਤਾ ਪ੍ਰਵਚਨ ਵੱਲੋਂ ਕਿਰਤੀਆਂ, ਸ਼ਿਲਪੀਆਂ ਅਤੇ ਕਲਾਕਾਰਾਂ ਨਾਲ ਹੁੰਦੇ ਰਹੇ ਅਤਿਆਚਾਰ ਅਤੇ ਪ੍ਰਕਿਰਤਕ ਨਿਯਮਾਂ ਦੇ ਵਿਰੋਧ 'ਚ ਦੇਖਦਾ ਹੈ। ਇਹ ਉਸਦੀ ਸਿਧਾਂਤਕੀ ਹੈ। ਪਰ ਮੋਹਨਜੀਤ ਇਸ ਸਿਧਾਂਤਕੀ ਨੂੰ ਜਦੋਂ ਕਵਿਤਾ ਦਾ ਰੂਪ ਦਿੰਦਾ ਹੈ ਤਾਂ ਇਸ ਸਿਧਾਂਤਕੀ ਦੇ ਅਰਥ ਕਾਵਿਕ ਪ੍ਰਤੀਧੁਨੀਆਂ ਦੀ ਤੌਰ 'ਤੇ ਸਵਾਲ ਖੜੇ ਕਰਦੇ ਹਨ। ਕਵੀ ਨੇ ਪ੍ਰਤੀਰੋਧ, ਪ੍ਰਤੀਧੁਨੀਆਂ ਰਾਹੀਂ ਹੀ ਪ੍ਰਗਟ ਕਰਨਾ ਹੁੰਦਾ ਹੈ। ਭਾਸ਼ਾ ਦੀ ਭੂਮਿਕਾ ਦੂਹਰੀ ਹੈ। ਮੌਖਿਕ ਪਰੰਪਰਾ 'ਚ ਇੱਕ ਭਾਸ਼ਾ ਪ੍ਰਵਚਨ, ਦੰਦ-ਕਥਾ ਦੇ ਰੂਪ ਵਿਚ ਹੈ ਜਿਸਦਾ ਅਸਲਾ ਸਾਮੰਤਕੀ ਹੈ, ਦਾਮਨਿਤ ਹੈ। ਦੂਜਾ ਭਾਸ਼ਾਈ ਪ੍ਰਵਚਨ ਮੋਹਨਜੀਤ ਦੀ ਕਵਿਤਾ ਦਾ ਹੈ ਜਿਹੜਾ ਪ੍ਰਤੀਰੋਧਕ ਹੈ; ਸਵਾਲ ਖੜੇ ਕਰਦਾ ਹੈ। ਕਵੀ ਨੂੰ ਸੰਸੇ ਹਨ ਜਿਹੜੇ ਉਸ ਨੂੰ ਸੌਣ ਨਹੀਂ ਦਿੰਦੇ। ਜਦੋਂ ਕਵੀ ਸਮਾਜ ਦੇ ਦਰਦ ਨਾਲ ਜਾਂ ਨਿੱਜੀ ਦਰਦ ਨਾਲ ਪਰੇਸ਼ਾਨ ਹੁੰਦਾ ਹੈ ਤਾਂ ਉਸ ਦੀ ਕਵਿਤਾ ਇੱਕ ਮੁਕਾਮ ਹਾਸਿਲ ਕਰਦੀ ਹੈ। ਮੋਹਨਜੀਤ ਦੀ ਪਰੇਸ਼ਾਨੀ ਤਾਂ ਵੱਡੀ ਹੈ ਜਿਹੜੀ ਸਾਡੇ ਉਸਰੇ ਇਤਿਹਾਸ ਅਤੇ ਮਿਥਿਹਾਸ ਵਿੱਚ ਸਾਮੰਤਕੀ ਦਮਨ ਦੀਆਂ ਕਹਾਣੀਆਂ ਤੋਂ ਹੈ। ਇਹ ਦਮਨ ਯੁੱਗਾਂ-ਯੁੱਗਾਂ ਤੋਂ ਹੈ :

ਜੁਗਾਦਿ ਕਥਨ : ਸੰਸੇ ਜੋ ਮੈਨੂੰ ਸੌਣ ਨਹੀਂ ਦੇਂਦੇ / ਕੀ ਕਾਮਨਾ ਸ਼ਾਹਕਾਰੀ ਦੇ ਰਾਹ ਵਿੱਚ ਅਟਕ ਹੈ !
ਕੀ ਮਿਲਨ ਸੁਹਜ ਦੇ ਰਾਹ ਦੀ ਰੁਕਾਵਟ ਹੈ?

... ... ... ...

ਇਹ ਕੁਲ ਸੰਸੇ ਨੇ ਜੋ ਮੈਨੂੰ ਸੌਣ ਨਹੀਂ ਦੇਂਦੇ / ਕਿਹੜੀ ਸੋਚ ਮਨ 'ਚ ਅਜੇ ਵੀ ਜਾਗਦੀ?

(ਉਹੀ, ਪੰਨਾ-21)

ਕਵੀ ਦਾ ਕਥਨ : ਅੱਗ ਦੀ ਲਹਿਰ / ਕੌਨਾਰਕ ਤਾਂ ਇਕ ਘਟਨਾ ਹੈ
ਸੌਂਦਰਯ ਦੀ ਨਿਤ ਬਰਤਰੀ ਹੈ / ਕਿਰਤ ਨੇ ਖ਼ਾਹਸ਼ਾਂ ਇਛਾਵਾਂ ਮਾਰਕੇ
ਪੱਥਰਾਂ ਵਿੱਚ ਰੂਹ ਦੀ ਕਵਿਤਾ ਲਿਖੀ ਹੈ / ਮੈਂ ਇਸ ਕਾਵਿ ਲਈ ਇਕ ਉਮਰ ਤੜਪਿਆ ਹਾਂ

(ਉਹੀ, ਪੰਨਾ: 22)

ਸ਼ਿਲਪੀ ਦਾ ਕਥਨ : ਐ ਸ਼ਿਲਪ ! / ਤੇਰਾ ਦਰਸ ਪਾ ਸਕਾਂ
ਰਾਤੇ ਦਾ ਤੀਜਾ ਪਹਿਰ ਹੈ / ਮੇਰੇ ਅੰਤਰ 'ਚ ਮਚਲਦੀ ਅੱਗ ਦੀ ਲਹਿਰ ਹੈ
ਕਿਤੇ ਜੇ ਸ਼ਿਲਪ ਦਾ ਉਹ ਗੁਰਝ ਪਾ ਸਕਾਂ ×ਕਿ ਬੀਜ 'ਚ ਫੁੱਟਦਾ ਅੰਕੁਰ ਦਿਖਾ ਸਕਾਂ

ਉਪਰੋਕਤ ਜੁਗਾਦਿ ਕਥਨ, ਕਵੀ ਕਥਨ ਅਤੇ ਸ਼ਿਲਪੀ ਕਥਨ ਦੇ ਪ੍ਰਵਚਨ ਨੂੰ ਪੜ੍ਹਨ ਦੀ ਜ਼ਰੂਰਤ ਹੈ। ਪਹਿਲੇ ਦੋਵੇਂ ਕਥਨ ਕਵੀ ਦੇ ਹਨ– ਤੀਜਾ ਵੀ ਕਵੀ ਦਾ ਹੀ ਹੈ ਪਰ ਸ਼ਿਲਪੀ ਵਿਸ਼ੂ (ਵਿਸ਼ਨੂੰ ਮਹਾਰਾਣਾ ਜਿਸਨੇ ਮੰਦਿਰ ਦਾ ਨਿਰਮਾਣ ਕਰਨਾ ਹੈ) ਦਾ ਹੈ। ਪਹਿਲੇ ਦੋ ਕਥਨਾਂ ਦੇ ਪ੍ਰਵਚਨਾਂ ਵਿੱਚ ਸਿਧਾਂਤਕ ਸੌਝੀ ਹੈ– ਕਵੀ ਨੂੰ ਪਤਾ ਹੈ ਕਿ ਕਿਰਤ ਨੇ ਖ਼ਾਹਸ਼ਾਂ ਦਾ ਦਮਨ ਕਰਕੇ ਪੱਥਰਾਂ ਵਿੱਚ ਰੂਹ ਦੀ ਕਵਿਤਾ ਲਿਖੀ ਹੈ ਭਾਵ ਕੌਣਾਰਕ ਵਰਗਾ ਅਦਭੁਤ ਮੰਦਿਰ ਬਣਾਇਆ ਹੈ। ਪਰ ਸ਼ਿਲਪੀ ਸਾਮੰਤਕੀ ਯੁੱਗ ਵਿੱਚ ਕਿਰਤੀ ਹੈ ਜਿਸਦੀ ਖ਼ਾਹਸ਼ ਸੱਤਾ ਰਾਹੀਂ ਨਿਯੰਤ੍ਰਿਤ ਹੈ। ਜਦੋਂ ਪ੍ਰਕਿਰਤਕ ਅਤੇ ਨਿੱਜੀ ਕਾਮਨਾ ’ਤੇ ਵੀ ਸੱਤਾ ਦਾ ਨਿਯੰਤ੍ਰਣ ਹੁੰਦਾ ਹੈ ਤਾਂ ਇਸ ਸੱਤਾ ਪ੍ਰਵਚਨ ਬਾਰੇ ਪ੍ਰਤੀਰੋਧ ਪ੍ਰਵਚਨ ਵੀ ਉਸਰਦੇ ਹਨ। ਪਰ ਇਸ ਕਵਿਤਾ ਦੇ ਪ੍ਰਤੀਰੋਧਕ ਪ੍ਰਵਚਨ ਦੀ ਉਸਾਰੀ (Construction) ਵਿੱਚ ਕਈ ਵੰਗਾਰਾਂ ਵੀ ਹਨ। ਮੋਹਨਜੀਤ ਇਨ੍ਹਾਂ ਵੰਗਾਰਾਂ (Challenges) ਦਾ ਇੱਕ ਪ੍ਰੌੜ ਕਵੀ ਵਾਂਗ ਸਾਹਮਣਾ ਕਰਦਾ ਹੈ ਅਤੇ ਸਫ਼ਲ ਹੁੰਦਾ ਹੈ। ਉਸ ਨੂੰ ਪਤਾ ਹੈ ਕਿ ਕਵਿਤਾ ਲਿਖਣ ਦੇ ਕਾਲ ਅਤੇ ਦੰਦ–ਕਥਾਵਾਂ ਘਟਣ ਜਾਂ ਉਸਰਨ ਦੇ ਕਾਲ ’ਚ ਫ਼ਰਕ ਹੈ। ਸ਼ਿਲਪੀ ਵਿਸ਼ੂ ਲਈ ਇਹ ਸਾਮੰਤਕੀ ਕਾਲ ਹੈ ਜਿਸ ਵਿੱਚ ਰਾਜੇ ਦਾ ਹੁਕਮ ਰੱਬੀ ਹੈ ਅਤੇ ਕਲਾਕਾਰ ਦਾ ਕਰਮ ਉਸ ਹੁਕਮ ਨੂੰ ਮੰਨਣਾ ਹੈ, ਪਰ ਬਤੌਰ ਕਲਾਕਾਰ ਉਹ ਸ਼ਿਲਪ ਦੇ ਉਸ ਗੁਹਲ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਜਿਸ ਵਿਚ ਐਸਾ ਸੁਹਜ ਹੋਵੇ ਜਿਵੇਂ ਬੀਜ ’ਚੋਂ ਅੰਕੁਰ ਫੁੱਟਦਾ ਹੋਵੇ। ਵਿਸ਼ੂ ਦੀ ਇਸ ਮਨੋਸਥਿਤੀ ’ਚ ਆਪਣੇ ਹੋਣ ਵਾਲੇ ਪੁੱਤਰ ਦਾ ਅੰਕੁਰ ਹੈ ਜਿਸਨੇ ਅਜੇ ਪੈਦਾ ਹੋਣਾ ਹੈ। ਉਸ ਅੰਦਰ ਵਿਯੋਗ ਦੀ ਮਚਲ ਰਹੀ ਇਸ ਅੱਗ ਨੂੰ ਸ਼ਾਂਤ ਕਰਨ ਦਾ ਇਕੋ ਜ਼ਰੀਆ ਹੈ ਕਿ ਇਸ ਤਪਸ਼ ਨੂੰ ਮੰਦਿਰ ਨਿਰਮਾਣ ਦੇ ਹੁਨਰ ’ਚ ਸ਼ਾਂਤ ਕੀਤਾ ਜਾਵੇ। ਕਵਿਤਾ ’ਚ ਪੇਸ਼ ਪਾਤਰਾਂ ਦੀ ਮਨੋਸਥਿਤੀ ਨੂੰ ਸਮੇਂ ਮੌਕ ਅਤੇ ਹਾਲਾਤ ਦੇ ਅਨੁਕੂਲ, ਢੁੱਕਵੀਂ ਕਾਵਿ–ਭਾਸ਼ਾਂ ’ਚ ਪ੍ਰਗਟ ਕਰਨਾ ਮੋਹਨਜੀਤ ਦੀ ਕਾਵਿ ਸਮੱਰਥਾ ਦੀ ਗਵਾਹੀ ਹੈ। ਇਸ ਕਵਿਤਾ ਦੇ ਕਥਾ–ਬਿਰਤਾਂਤ ਦਾ ਆਧਾਰ ਜ਼ਰੂਰ ਦੋ ਦੰਦ–ਕਥਾਵਾਂ ਹਨ ਪਰ ਇਸ ਕਵਿਤਾ ਦੇ ਕਥਾਨਕ ਦੇ ਮੂਲ ਥੀਮ ਦੀ ਮੌਲਿਕਤਾ ਇਸ ਵਿੱਚ ਹੈ ਕਿ ਮੋਹਨਜੀਤ ਜਿਨ੍ਹਾਂ ਸਮੱਸਿਆਵਾਂ/ਸਰੋਕਾਰਾਂ ’ਤੇ ਫੋਕਸ ਕਰ ਰਿਹਾ ਹੈ, ਉਸ ਲਈ ਉਹ ਪ੍ਰਥਮ ਹਨ। ਇਹ ਸਰੋਕਾਰ ਹਨ– ਸਾਮੰਤਕੀ ਨਿਜ਼ਾਮ ’ਚ ਸ਼ਿਲਪੀਆਂ, ਕਿਰਤੀਆਂ ਦੀਆਂ ਖ਼ਾਹਿਸ਼ਾਂ ਦਾ ਦਮਨ, ਭਾਰਤ ਵਿੱਚ ਦੇਵਦਾਸੀਆਂ ਦੀ ਪ੍ਰਥਾ ਦਾ ਸੱਚ, ਮਾਨਵੀ ਭਾਵਨਾਵਾਂ ਵਿੱਚ ਕਾਮਨਾ, ਬਿਰਹਾ, ਵਿਯੋਗ ਇਤਿਆਦਿ। ਮੋਹਨਜੀਤ ਇਸ ਪੱਖੋਂ ਚੇਤਨ ਹੈ ਕਿ ਕਵਿਤਾ ਉਹ ਲਿਖ ਰਿਹਾ ਹੈ। ਉਸ ’ਚ ਉਹ ਇਤਿਹਾਸ ਜਾਂ ਮਿਥਿਹਾਸ ਨੂੰ ਪੇਸ਼ ਨਹੀਂ ਕਰ ਰਿਹਾ ਸਗੋਂ ਪਾਠਕਾਂ ਨੂੰ ਕੁਲ ਵਿਸ਼ੇਸ਼ ਦੱਸ ਰਿਹਾ ਹੈ। ਇਸ ਦੱਸ ਨੂੰ ਉਸਨੇ ਭਾਵਪੂਰਤ ਥੀਮ ’ਚ ਕਿਵੇਂ ਪਰੋਣਾ ਹੈ ਇਹ ਇਸ ਕਵਿਤਾ ਦੇ ਰੂਪ (Form) ਲਈ ਮਹੱਤਵਪੂਰਨ ਹੈ। ਮੋਹਨਜੀਤ ਇਸ ਕਵਿਤਾ ਦਾ ਵਿਸ਼ੇਸ਼ ਰੂਪ ਘੜਦਾ ਹੈ। ਇਹ ਰੂਪ ਵੀ ਮੌਲਿਕ ਹੈ। ਲੰਮੀ ਬਿਰਤਾਂਤਕ ਕਵਿਤਾ ਵਿੱਚ ਕਵਿਤਾ ਨੂੰ ਸ਼ੁਰੂ ਕਰਨ ਦੀਆਂ ਜਿੰਨ੍ਹੀਆਂ ਵੀ ਸਾਹਿਤਕ ਪਰੰਪਰਾਈਆਂ ਹਨ, ਮੋਹਨਜੀਤ ਉਨ੍ਹਾਂ ਨੂੰ ਤਿਆਗ ਕੇ, ਮੌਲਿਕ/ਆਪਣਾ ਰਾਹ ਚੁਣਦਾ ਹੈ। ਸਵਰਾਜਬੀਰ ਇਸ ਕਵਿਤਾ ਬਾਰੇ ਸ਼ਾਇਦ ਇਸੇ ਲਈ ਕਹਿੰਦਾ ਹੈ “ਕਿ ਮੋਹਨਜੀਤ ਉਹ ਸਥਾਨ ਅਤੇ ਸਪੇਸ ਤਲਾਸ਼ ਲੈਂਦਾ ਹੈ, ਜਿੱਥੇ ਇਹੋ ਜਿਹੀ ਕਵਿਤਾ ਦਾ ਜਨਮ ਹੁੰਦਾ ਹੈ। ਉਹ ਸਥਾਨ ਕੀ ਹੈ? ਉਹ ਹੈ ਮਨੁੱਖ ਦਾ ਸਭ ਤੋਂ ਮੁੱਢ ਕਦੀਮ ਦਾ ਰਿਸ਼ਤਾ – ਨਰ ਤੋਂ ਨਾਰੀ ਦਾ ਰਿਸ਼ਤਾ ਉਨ੍ਹਾਂ ਦਾ ਆਪਣੀ ਸੰਤਾਨ ਨਾਲ ਰਿਸ਼ਤਾ। ਇਸ ਤਰ੍ਹਾਂ ਮੰਦਰ ਦੇ ਨਿਰਮਾਣ ਤੋਂ ਪਹਿਲਾਂ ਜ਼ਿੰਦਗੀ ਦਾ ਨਿਰਮਾਣ ਸ਼ੁਰੂ ਹੁੰਦਾ ਹੈ। ਮੋਹਨਜੀਤ ਉਨ੍ਹਾਂ ਪਲਾਂ ਦੀ ਕਵਿਤਾ ਲਿਖਦਾ ਹੈ ਜਿਨ੍ਹਾਂ ਪਲ੍ਹਾਂ ਵਿੱਚ ਜ਼ਿੰਦਗੀ ਆਪਣੀ ਪੂਰੀ ਤੀਬਰਤਾ ਨਾਲ ਧੜਕਦੀ ਹੈ।” (ਅੰਤਿਕਾ ੧ ਆਰਫ਼ ਦਾ ਵਾਜਾ, ਮੋਹਨਜੀਤ, ਕੌਣੇ ਦਾ ਸੂਰਜ, ਪੰਨਾ–125, 2012)

ਨਿਰਸੰਦੇਹ ਮੋਹਨਜੀਤ ਨੇ ਸਮੇਂ ਅਤੇ ਸਥਾਨ (Time and Space) ਦੀ ਚੋਣ ਨੂੰ ਇਸ ਕਵਿਤਾ ਵਿੱਚ ਬਹੁਤ ਸੂਝ ਨਾਲ ਨਿਭਾਇਆ ਹੈ। ਅਗਲਾ ਨੁਕਤਾ ਪਾਤਰਾਂ ਦੀ ਸ਼੍ਰੇਣੀ, ਜੈਂਡਰ, ਰੁਤਬੇ ਦੀ ਮਨੋਸਥਿਤੀ ਨੂੰ ਵੀ ਸਮੇਂ ਅਤੇ ਸਥਿਤੀ ਦੀ ਅਨੁਕੂਲਤਾ ’ਚ ਢਾਲਿਆ ਹੈ। ਵਿਸ਼ੂ ਜਦੋਂ ਆਪਣੇ ਹੋਣ ਵਾਲੇ ਪੁੱਤਰ ਬਾਰੇ ਕਲਪਨਾ ਕਰਦਾ ਹੈ ਤਾਂ ਉਸ ਸਾਹਮਣੇ ਆਪਣਾ ਕਸਬ ਵੀ ਸ਼ਿਲਪਕਾਰੀ ਦਾ ਜਿਸਨੂੰ ਉਸਨੇ ਰਾਜੇ ਦੇ ਹੁਕਮ ਅਨੁਸਾਰ ਸਾਬਿਤ ਕਰਨਾ ਹੈ। ਪਰ ਉਸਦੀ ਪਤਨੀ ਦੀ ਸਥਿਤੀ ਵੱਖਰੀ ਹੈ। ਉਹ ਪਹਿਲਾਂ ਇੱਕ ਮਾਂ ਹੈ, ਪਤਨੀ ਹੈ। ਉਸਦੇ ਪਤੀ ਦੀ ਗ਼ੈਰਹਾਜ਼ਰੀ ’ਚ ਹੀ ਪੁੱਤਰ ਧਮਪਦ ਦਾ ਜਨਮ ਹੁੰਦਾ ਹੈ। ਮਾਂ ਲਈ ਰਾਜ ’ਤੇ ਰਾਜ ਕਰਨ ਕਰਨ ਵਾਲਾ ਸ਼ਖ਼ਸ ਨਰ ਸਿੰਘ ਦੇਵ ਰਾਜਾ ਨਹੀਂ ਉਸ ਲਈ ਰਾਜਾ ਉਸ ਦਾ ਪੁੱਤਰ ਹੈ ਜਿਸਨੂੰ ਉਹ ਲੋਰੀਆਂ ਦੇਕੇ ਸੁਆਉਂਦੀ ਹੈ ਜਦੋਂ ਉਹ ਆਪਣੇ

ਪੁੱਤਰ ਨੂੰ ਲੋਰੀਆ 'ਚ ਰਾਜਾ ਚਿਤਵਦੀ ਹੈ ਤਾਂ ਉਸਨੂੰ ਆਪਣਾ ਪਤੀ ਯਾਦ ਆਉਂਦਾ ਹੈ। ਕਿਉਂ ਰਾਜ ਦੀ ਯਾਦ ਨਾਲ, ਉਸਨੂੰ ਉਹ ਧੱਕਾ/ਬਾਦ ਆਉਂਦਾ ਹੈ ਜੋ ਰਾਜੇ ਨਰ ਸਿੰਘ ਦੇਵ ਨੇ ਉਨ੍ਹਾਂ ਨਾਲ ਕੀਤਾ ਹੈ। ਇੱਥੇ ਸ਼ਿਲਪੀ ਵਿਸ਼ੂ ਦੀ ਪਤਨੀ ਦੀ ਮਨੋ ਬਚਨੀ ਰਾਹੀਂ ਕਵੀ ਅਜਿਹੀ ਪ੍ਰਤੀਰੋਧਕ ਅਤੇ ਵਿਰਲਾਪਮਈ ਕਾਵਿ-ਭਾਸ਼ਾ ਸਿਰਜਦਾ ਹੈ ਜਿਹੜੀ ਸਾਮੰਤਕੀ ਨੈਤਿਕਤਾ ਅਤ ਮਰਿਆਦਾ ਨੂੰ ਵੰਗਾਰਦੀ ਹੈ :

ਸ਼ਿਲਪੀ ਪਤਨੀ ਦੀ ਮਨਬਚਨੀ / ਵੇ ਧਰਮ ਰਾਜਿਆਂ !
ਇਸਤਰੀ ਪੁਰਖ ਦਾ ਰਿਸ਼ਤਾ ਪ੍ਰਕਿਰਤੀ ਦੀ ਨੇਅਮਤ ਹੈ
ਤੈਨੂੰ ਕਿਸ ਦੱਸਿਆ / ਇਹ ਪੂਜਾ-ਅਰਚਨਾ ਲਈ ਜ਼ਹਿਮਤ ਹੈ
ਤੂੰ ਵੀ ਕਿਸੇ ਦਾ ਅੰਸ਼ ਏਂ, ਰਾਜਾ। / ਤੇਰੀ ਵੀ ਅਰਧਾਂਗਨੀ ਹੈ
ਕੀ ਇਨ੍ਹਾਂ ਨਾਲ ਤੇਰੇ ਵੰਸ਼ ਦੀ ਸ਼ੋਭਾ ਨੂੰ ਦੋਸ਼ ਹੈ? ਉਹੀ, ਪੰਨਾ-24

ਮੋਹਨਜੀਤ ਇਸ ਲੰਮੀ ਕਵਿਤਾ ਵਿੱਚ ਸਾਮੰਤਕੀ ਨੈਤਿਕਤਾ ਦੇ ਦੂਹਰੇ ਮਾਪਦੰਡ ਨੂੰ, ਇੱਕ ਹੋਰ ਪ੍ਰਥਾ ਰਾਹੀਂ ਵੀ ਸਾਹਮਣੇ ਲਿਆਉਂਦਾ ਹੈ। ਦੇਵਦਾਸੀ ਪਰੰਪਰਾ ਨੂੰ ਕਵੀ ਸਾਮੰਤਕੀ ਅਰਾਧਨਾ ਨਹੀਂ ਸਗੋਂ ਅਸਲ ਵਿੱਚ ਨਿਰਧਨਾ ਅਤੇ ਦਲਿਤਾਂ ਦੇ ਘਰ ਜੰਮੀਆਂ ਲੜਕੀਆਂ ਸਨ ਜਿਨ੍ਹਾਂ ਨੂੰ ਕੁਝ ਕੁ ਧਨ ਲਈ ਜਾਂ ਭੌਂਇ ਦੇ ਟੁਕੜੇ ਦੀ ਪ੍ਰਾਪਤੀ ਲਈ ਮੰਦਰਾਂ ਨੂੰ ਅਰਪੀਆਂ ਜਾਂਦੀਆਂ ਸਨ। ਇਹ ਕੁਆਰੀਆਂ ਦੇਵਦਾਸੀਆਂ ਬਣਾਕੇ ਮੰਦਿਰਾਂ ਦੀ ਜਾਇਦਾਦ ਬਣਾ ਦਿੱਤੀਆਂ ਜਾਂਦੀਆਂ ਸਨ। ਇਸ ਕਵਿਤਾ ਵਿੱਚ ਮੋਹਨਜੀਤ ਦੇਵਦਾਸੀਆਂ ਦੀ ਇਸ ਸਮੱਸਿਆ ਨੂੰ ਇਸ ਲਈ ਸਾਹਮਣੇ ਲਿਆਉਂਦਾ ਹੈ ਕਿਉਂਕਿ ਕੋਣਾਰਕ ਮੰਦਿਰ ਦੀ ਉਸਾਰੀ ਵਿੱਚ ਇਹ ਦੇਵਦਾਸੀਆਂ ਬਾਰਾਂ ਸਾਲ ਮੰਦਿਰ ਦੀ ਖ਼ੂਬਸੂਰਤੀ ਲਈ ਪ੍ਰਤੀਰੂਪ ਬਣੀਆਂ ਸਨ। ਰਾਜਸੱਤਾ ਆਪਣੇ ਗੌਰਵ ਲਈ ਜਿਨ੍ਹਾਂ ਮੰਦਿਰਾਂ, ਮਹੱਲਾਂ, ਸਤੰਭਾਂ, ਦਰਵਾਜਿਆਂ ਦੀ ਉਸਾਰੀ ਕਰਵਾਉਂਦੀ ਹੈ ਉਸ ਪਿੱਛੇ ਕਿਰਤੀਆਂ ਦੇ ਦਮਨ ਦੀਆਂ ਕਹਾਣੀਆਂ ਭਾਰਤੀ ਇਤਿਹਾਸ ਅਤੇ ਮਿਥਿਹਾਸ 'ਚ ਮਿਲਦੀਆਂ ਹਨ। ਮੋਹਨਜੀਤ ਇਸ ਦਮਨ 'ਚ ਵੀ ਕਾਮਨਾ ਦੇ ਦਮਨ ਨੂੰ ਕੇਂਦਰੀ ਥੀਮ ਦੇ ਤੌਰ 'ਤੇ ਘੜਦਾ ਹੈ। ਕਾਮਨਾ ਦੇ ਦਮਨ ਦਾ ਇਹ ਥੀਮ ਕਵਿਤਾ ਦੇ ਹਰ ਬਿਰਤਾਂਤਕ ਹਿੱਸੇ ਵਿੱਚ ਦੁਹਰਾਇਆ ਜਾਂਦਾ ਹੈ। ਇਹ ਦਮਨ ਦੇਵਦਾਸੀਆਂ ਦਾ ਹੈ; ਚੰਦਰਭਾਗਾ ਦਾ ਹੈ; ਵਿਸ਼ੂ ਦੀ ਪਤਨੀ ਦਾ ਹੈ; ਕਮਲ ਦੀ ਪਤਨੀ ਦਾ ਹੈ। ਮਰਦਾਂ ਦੇ ਰੂਪ ਵਿੱਚ ਦੋਨੋਂ ਸ਼ਿਲਪੀ ਵਿਸ਼ੂ ਅਤੇ ਕਮਲ ਬਿਰਹਾ ਭੋਗਦੇ ਹਨ, ਘਰ ਤੋਂ ਦੂਰ ਰਹਿੰਦੇ ਹਨ। ਇੱਕ ਆਪਣੀ ਹੋਣ ਵਾਲੀ ਪਤਨੀ ਦੇ ਬਿਰਹਾ 'ਚ ਹੈ ਦੂਜੇ ਆਪਣੇ ਹੋਣ ਵਾਲੇ ਪੁੱਤਰ ਨੂੰ ਮੰਦਿਰ ਦੀ ਉਸਾਰੀ 'ਚ ਚਿਤਵਦਾ ਹੈ। ਪਰ ਮੋਹਨਜੀਤ ਦੀ ਕਵਿਤਾ ਦਾ ਸੁਹਜ ਉਨ੍ਹਾਂ ਬਿਰਤਾਂਤਕ ਹਿੱਸਿਆਂ 'ਚ ਬਹੁਤ ਹੀ ਪ੍ਰਭਾਵਸ਼ਾਲੀ ਹੈ ਜਿੱਥੇ ਔਰਤ ਦੀ ਕਾਮਨਾ ਦੇ ਦਮਨ ਦਾ ਬਿਰਤਾਂਤ ਹੈ। ਮੋਹਨਜੀਤ ਦਾ ਇਹ ਕੇਂਦਰੀ ਥੀਮ ਔਰਤ ਦੀ ਕਾਮਨਾ ਦੇ ਦਮਨ ਵਾਲਾ ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ "ਲੂਣਾ" ਵਾਲਾ ਹੀ ਨਜ਼ਰ ਆਉਂਦਾ ਹੈ। ਪਰ ਮੋਹਨਜੀਤ ਇਸ ਕਾਵਿ-ਬਿਰਤਾਂਤ ਨੂੰ ਕਈ ਸਹਾਇਕ ਬਿਰਤਾਂਤਾਂ ਰਾਹੀਂ ਫੈਲਾ ਦਿੰਦਾ ਹੈ। ਕਾਵਿ-ਭਾਸ਼ਾ ਵੀ ਮੋਹਨਜੀਤ ਦੀ ਆਪਣੀ ਮੌਲਿਕ ਹੈ। ਪਰ ਨਿਰਸੰਦੇਹ ਇਸ ਕਵਿਤਾ ਵਿੱਚ ਮਾਨਵੀ ਕਾਮਨਾਵਾਂ ਦੇ ਦਮਨ ਵਿੱਚ ਔਰਤ ਦੀ ਕਾਮਨਾ ਦੇ ਦਮਨ ਨੂੰ ਕੇਂਦਰੀ ਸਥਾਨ ਹਾਸਲ ਹੋਇਆ ਹੈ। ਦੇਵਦਾਸੀਆਂ ਦੀ ਇਸ ਕਾਮਨਾ ਬਾਰੇ ਦੇਖਦੇ ਹਾਂ ਜਿਸ ਵਿੱਚ ਮੋਹਨਜੀਤ ਕਿੰਨੇ ਹੀ ਹੋਰ ਮਸਲਿਆਂ ਨੂੰ ਵੀ ਛੋਹਿਆ ਹੈ ਕਿ ਕਿਵੇਂ ਦੇਵਦਾਸੀਆਂ ਸ਼ਾਇਦ ਬਾਜ਼ਾਰ ਦੀ ਵਸਤ ਵੀ ਬਣ ਜਾਂਦੀਆਂ ਹੋਣਗੀਆਂ ਦੇਵਦਾਸੀਆਂ-ਔਰਤ ਤੋਂ ਬਾਹਰ ਨਾ ਕੁਦਰਤ ਹੈ ਨਾ ਸ਼ਾਇਰੀ ਹੈ

ਦੇਵ-ਦਾਸੀ ਵੀ ਹੱਡ-ਮਾਸ ਦੀ ਬਣੀ ਸੀ / ਕਾਮ ਉਸ ਵਿਚ ਵੀ ਸੀ
ਉਵੇਂ ਜਿਵੇਂ ਹਰ ਜੀਵ ਵਿੱਚ ਹੁੰਦਾ / ਉਹ ਵੀ ਤਾਂ ਚੁਣਦੀ ਹੋਏਗੀ ਹਾਣ ਦਾ ਬੰਦਾ
ਪੁਜਾਰੀ ਨਾਲ ਹੁੰਦਾ / ਓਸਦਾ ਨੇੜਲਾ ਸੰਬੰਧ
ਨਿਕਟਤਾ ਆਪਣੇ ਆਪ ਵਿੱਚ ਸੰਬੰਧ ਸੰਬੰਧ ਹੁੰਦੀ /ਮੋਹ ਦਾ, ਮੁਹੱਬਤ ਦਾ, ਭਾਵਾਂ ਦਾ, ਮਨ ਦਾ ਵੀ ਹੋ
ਸ਼ਰੀਰਾਂ ਦਾ ਤੇ ਸੁਹਬਤ ਦਾ ਵੀ
ਤੇ ਕਈ ਵਾਰੀ / ਬਾਜ਼ਾਰੀ ਵਸਤ ਵੀ ਬਣ ਜਾਂਦੀ ਹੋਏਗੀ

ਦੇਵਦਾਸੀ ਜੋ ਪ੍ਰਤੀਰੂਪ ਬਣਦੀ ਸੀ / ਸ਼ਿਲਪੀ ਦੇ ਕਹਿਣ 'ਤੇ ਅੰਦਾਜ਼, ਮੁਦਰਾਵਾਂ ਬਣਾਉਂਣਾ
ਅੱਖਾਂ ਦੀਆਂ, ਗਰਦਨ ਦੀਆਂ / ਕਟੀ, ਛਾਤੀਆਂ, ਨਿਤੰਭਾ, ਪੱਟਾਂ ਦੀਆਂ
ਪੈਰਾਂ ਨਾਲ ਜਦ ਘੁੰਗਰੂ ਛਣ-ਛਣ ਕਣਕਦੇ / ਸ਼ਿਲਪੀ ਦਾ ਮਨ ਵੀ ਪੰਘਰਦਾ ਹੋਏਗਾ
ਤਪਦਾ ਹੋਏਗਾ ਜਿਸਮ / ਇੱਥੇ ਜਿਸਮ
ਇਥੇ ਸੁੱਚਮ ਦਾ ਕਿਹੜਾ ਰਾਜ ਵਰਤਣਾ ਚਾਹੋਗੇ? ਉਹੀ, ਪੰਨਾ-29

ਇਸ ਰਚਨਾ ਦੇ ਪ੍ਰਭਾਵ ਦਾ ਮਹੱਤਵਪੂਰਨ ਪੱਖ ਮੋਹਨਜੀਤ ਦੀ ਕਾਵਿਕਾਰੀ ਹੈ। ਕਵੀ ਇਸ ਮੰਦਿਰ ਨੂੰ ਨਿੱਜੀ ਤੌਰ 'ਤੇ ਦੇਖਦਾ ਹੈ, ਇਸ ਦੀ ਸ਼ਿਲਪਕਾਰੀ ਦੇ ਸੁਹਜ ਦਾ ਕਵਿਤਾ ਦੀ ਭਾਸ਼ਾ ਵਿੱਚ ਅਨੁਵਾਦ ਕਰਦਾ ਹੈ। ਮੋਹਨਜੀਤ ਨਿਰਸੰਦੇਹ ਇਸ ਰਚਨਾ ਨੂੰ ਇੱਕ ਸੁਚੇਤ ਵਿਚਾਰਪਰਕ ਸਿਰਜਕ ਦੇ ਤੌਰ 'ਤੇ ਪੇਸ਼ ਕਰ ਰਿਹਾ ਹੈ। ਪਰ ਵਿਚਾਰਧਾਰਕ ਸੋਝੀ ਨੂੰ ਕਿਵੇਂ ਕਵਿਤਾ ਦੀ ਭਾਸ਼ਾ 'ਚ ਅਨੁਵਾਦ ਕਰਨਾ ਹੈ- ਦਾ ਸਿਰਜਣਾਤਮਕ ਕਰਮ ਉਸ ਲਈ ਇੱਕ ਵੰਗਾਰ ਹੈ। ਮੋਹਨਜੀਤ ਇਸ ਵੰਗਾਰ ਨੂੰ ਨਿਭਾਉਂਦਾ ਹੈ, ਆਪਣੀ ਕਾਵਿ-ਕਲਪਨਾ ਦੀ ਖ਼ੂਬਸੂਰਤੀ ਨਾਲ। ਮੋਹਨਜੀਤ ਦੀ ਕਾਵਿ ਘਾੜਤ ਅਤੇ ਸਿਰਜਣਾਤਮਕਤਾ ਦੀ ਜੰਗ ਲੜਦੀ ਨਜ਼ਰ ਆਉਂਦੀ ਹੈ। ਘਾੜਤ ਨੂੰ ਕਿਵੇਂ ਸਿਰਜਣਕਾਰੀ 'ਚ ਰੁਪਾਂਤਰਿਤ ਕਰਨਾ ਹੈ- ਇਹ ਕਵੀ ਲਈ ਇੱਕ ਵੰਗਾਰ ਹੈ। ਮੋਹਨਜੀਤ ਦੀ ਇਹ ਕਾਵਿਕਾਰੀ ਇਸ ਵੰਗਾਰ ਨੂੰ ਜਿਤੱਣ 'ਚ ਸਫਲ ਹੁੰਦਾ ਹੈ। ਕੋਣਾਰਕ ਮੰਦਿਰ ਦੀ ਉਸਾਰੀ ਦੇ ਸੁਹਜ ਦਾ ਵਿਸਥਾਰਪੂਰਵਕ ਵਰਣਨ ਹੈਰਾਨ ਕਰਦਾ ਹੈ, ਇਸ ਵਰਣਨ ਵਿੱਚ ਕਵਿਤਾ ਦਾ ਮੈਜਿਕ ਹਾਜ਼ਰ ਹੈ ਜਿਹੜਾ ਇਸ ਕਵਿਤਾ ਨੂੰ ਇੱਕ ਪ੍ਰਭਾਵਸ਼ਾਲੀ ਸਾਹਿਤਕ ਯਾਨਰ ਬਣਾਉਂਦਾ ਹੈ। ਇਤਿਹਾਸ, ਮਿਥਿਹਾਸ, ਪੁਰਾਤਨ ਕਲਾ-ਸ਼ੈਲੀਆਂ, ਜਾਤਾਂ-ਵਰਣਾਂ ਦੇ ਗਿਆਨ ਨੂੰ ਉਹ ਕਵਿਤਾ ਦੀ ਭਾਸ਼ਾ 'ਚ ਰੁਪਾਂਤਰਿਤ ਕਰਦਾ ਜਾਂਦਾ ਹੈ। ਪਾਠਕ ਇੱਕੋ ਸਮੇਂ ਮੰਦਿਰ ਨਾਲ ਜੁੜੀਆਂ ਦੰਦ-ਕਥਾਵਾਂ ਅਤੇ ਇਨ੍ਹਾਂ ਦੀ ਵਰਤਮਾਨ ਸਮੇਂ 'ਚ ਹੋ ਰਹੀ ਕਾਵਿਕ ਪੇਸ਼ਕਾਰੀ ਨੂੰ ਹੈਰਾਨੀ ਨਾਲ ਪੜ੍ਹਦਾ ਹੈ। ਮੋਹਨਜੀਤ ਅੱਡੋ-ਅੱਡਰੇ ਸਿਰਲੇਖਾਂ ਦੀ ਵੰਡ ਨਾਲ ਆਪਣੇ ਥੀਮ ਨੂੰ ਵਿਸਥਾਰ ਦਿੰਦਾ ਹੈ। ਇਸ ਵਿਸਥਾਰ ਨੂੰ ਪਾਠਕ ਦੀ ਰਸਵਾਲੀ ਤੱਕ ਪਹੁੰਚਾਉਣਾ, ਕਵੀ ਦੀ ਕਾਵਿਕ ਸਮੱਰਥਾ ਦਾ ਪ੍ਰਮਾਣ ਹੈ। ਨਿਰਸੰਦੇਹ ਇਹ ਰਚਨਾ ਘਾੜਤ ਤੋਂ ਸਿਰਜਣਾਤਮਕ ਸਫ਼ਰ ਤੈਅ ਕਰਦੀ ਨਜ਼ਰ ਆਉਂਦੀ ਹੈ। ਕੋਣਾਰਕ ਤੇਰਵੀਂ ਸਦੀ 'ਚ ਕਲਾ ਦੀ ਭਾਸ਼ਾ 'ਚ ਲਿਖਿਆ ਕਲਾ-ਸੁਹਜ ਦਾ ਅਜੂਬਾ ਹੈ। ਪਰ ਇਸ ਕਲਾ-ਸੁਹਜ ਨੂੰ ਸ਼ਬਦ-ਸੁਹਜ 'ਚ ਰੁਪਾਂਤਰਿਤ ਕਰਨ ਦਾ ਕਰਮ, ਮੋਹਨਜੀਤ ਦਾ ਕਰਮ ਹੈ। ਇਹ ਕਰਮ ਕਿਵੇਂ ਸ਼ਬਦ-ਸੁਹਜ 'ਚ ਢਲਦਾ ਹੈ- ਇਸ ਦੀ ਹਾਜ਼ਰੀ ਕਵਿਤਾ 'ਚ ਥਾਂ-ਥਾਂ ਦੇਖੀ ਜਾ ਸਕਦੀ ਹੈ। ਸਭ ਤੋਂ ਔਖਾ ਕਰਮ ਇਸ ਮੰਦਿਰ ਦ ਕਲਾ ਦੇ ਸੁਹਜ ਦਾ ਸ਼ਾਬਦਿਕ ਵਰਣਨ ਸੀ। ਮੋਹਨਜੀਤ ਇਸ ਕਲਾ ਦੇ ਨਮੂਨੇ ਮੰਦਿਰ ਨੂੰ ਪੰਨਾ 37 ਤੋਂ ਲੈ ਕੇ ਪੰਨਾ 65 ਤੱਕ ਪੂਰੇ ਜਲੌਅ ਨਾਲ ਪੇਸ਼ ਕਰਦਾ ਹੈ। ਇਸ ਵਰਣਨ ਦੇ ਕਲਾਤਮਕ ਪ੍ਰਗਟਾਅ ਨੂੰ ਦੇਖਦੇ ਹਾਂ ਜਿੱਥੇ ਮੋਹਨਜੀਤ ਆਪਣੇ ਕਵੀ ਹੋਣ ਦਾ ਪ੍ਰਮਾਣ ਦਿੰਦਾ ਹੈ :

ਧਮਪਦ ਨੇ ਮੁੱਖ ਸ਼ਾਲਾ ਵੇਖੀ ਤੇ ਵੇਖਦਾ ਰਹਿ ਗਿਆ / ਸੂਰਜ ਮੰਡਪ ਵਿਸ਼ਾਲ ਰਥ 'ਤੇ ਬਣਿਆ ਹੈ

ਕਿਸ ਦੀ ਕਲਪਨਾ ਹੈ ਇਹ? / ਕਿਸ ਦਾ ਕਮਾਲ?

ਰਥ ਕੇ ਬਾਰਾਂ ਜੋੜੀ ਪਹੀਏ / ...ਬਾਰਾਂ ਵਰਿਆਂ ਦੇ ਪ੍ਰਤੀਕ
... ... ... .../ ... ... ... ...
ਉੱਤਰ ਵੱਲ ਦੇ ਪਹੀਆਂ 'ਤੇ ਨਰਤਕੀ ਚਿਤਰ / ਕੇਸ-ਸ਼ਿੰਗਾਰ, ਰਸ-ਰੰਗ ਰੂਪ-ਸੁਰਜ
ਸਵੇਰ ਤੋਂ ਰਾਤ ਵਲ ਦੀ ਯਾਤਰਾ / ਦ੍ਰਿਸ਼ ਸੌਣ ਲਈ ਪਲੰਘ
ਸੂਰਜ ਮੰਦਰਾਂ 'ਚ / ਸੂਰਜ ਦਾ ਯੋਧਾ ਰੂਪ ਸ਼ੋਭਦਾ / ਸਿਰ 'ਤੇ ਵੱਡਾ ਸਤੂਪੀ ਤਾਜ
ਗੋਡਿਆਂ ਤੱਕ ਲੰਮੇ ਲੋਹ-ਬੂਟ / ਕੰਨਾਂ 'ਚ ਕੁੰਡਲ
ਗਲ 'ਚ ਬਹੁ-ਲੜੀਆਂ ਹਾਰ / ਹਰ ਲੜੀ ਦੀ ਵੱਖਰੀ ਘਾੜਤ

ਤੇੜ ਪੱਟਾਂ ਤੱਕ ਪਹਿਰਨ / ਸੁੰਦਰ ਤੜਾਗੀ / ਲਟਕਦੀਆਂ ਮੋਤੀ ਲੜੀਆਂ
… … … … / … … … …
ਸੂਰਜ ਮੰਦਰ ਦੀ ਉਚਾਈ ਦੋ ਸੌ ਫੁੱਟ / ਪੋਟਾ-ਪੋਟਾ ਸ਼ਿਲਪ ਦਾ ਕੌਤਕ

ਮੰਡਪ ਦੇ ਸ਼ਿਖਰ 'ਤੇ ਆਮਲਕ / ਆਮਲੇ ਦੀ ਸ਼ਕਰ ਦਾ ਪੱਥਰ / ਸੌ ਟਨ ਭਾਰਾ
… … … … / … … … …
ਹਰ ਮੰਡਲ ਦੀ ਵੱਖਰੀ ਕਥਾ-ਕਹਾਣੀ / ਉੜੀਆ ਲੋਕਾਂ ਦੇ ਜੀਵਨ ਦਾ ਅਵਚੇਤਨ
ਮਹਾਂ-ਕਥਾ / ਸਰਬਾਂਗੀ ਲੋਕ-ਵਿਚਾਰ / ਜੀਵਨ-ਜਾਚ

ਭਵਨ ਸ਼ਾਸਤਰੀ ਸੂਤਰਾਂ ਮੂਜਬ / ਬਣਿਆ ਸੂਰਜ ਮੰਦਰ
ਸਮੇਂ ਸਮੇਂ ਦਾ ਆਪਣਾ ਵਿਧੀ-ਵਿਧਾਨ / ਮਿਥੁਨ ਮੂਰਤੀਆਂ ਦੱਸਣ ਇਹੋ ਕਹਾਣੀ :
ਕਾਮ ਹੈ ਜੀਵਨ ਦਾ ਸੁਲੱਗ ਵਰਤਾਰਾ / ਮੰਦਰ ਦੀਆਂ ਦੀਵਾਰਾਂ ਉਤਲੇ ਕਾਮ-ਦ੍ਰਿਸ਼
ਵੱਖ-ਵੱਖ ਲੋਕਾਂ ਦੀਆਂ ਇਛਾਵਾਂ ਮੂਜਬ

ਗੰਧਰਵ ਲੋਕਾਂ ਨੂੰ ਚੰਗੀ ਲਗਦੀ / ਗਾਇਨ ਨ੍ਰਿਤ-ਕਲਾ

ਅਸੁਰ ਚਾਹੁਣ ਤਿਅੰਕਰ ਰੂਪ / ਯਕਸ਼ਾਂ ਲਈ ਹੈ ਯਕਸ਼ ਮੂਰਤੀ ਸੋਭਾ ਵੰਨੀ

ਕਿੰਨਰ ਜਾਤੀ : ਅੱਧੇ ਨਾਰੀ ਤੇ ਅੱਧੇ ਪਸ਼ੂ-ਚਿੱਤਰ ਵਿੱਚ ਰਾਜੀ

ਮਾਨਵ ਚਾਹੁੰਦੇ / ਰਾਜਿਆਂ ਵਰਗਾ ਵਰਤ-ਵਿਹਾਰ
ਪਸ਼ੂ ਤੇ ਪੰਛੀ / ਘੋੜਬੰਧ, ਰਾਜਬੰਧ ਤੇ ਪੰਖੀ ਬੰਧ ਨਾਲ ਹੋਵਣ :

ਇਸ ਮੰਡਪ ਵਿੱਚ ਉਹੀ ਵੀ ਪ੍ਰਤਿਮਾ / ਜੋਕਿ ਸੱਚਮੁੱਚ ਹੀ ਅਦਭੁਤ
ਸਾਕਾਰ ਪ੍ਰੇਮ ਦੀ ਪ੍ਰਤਿਮਾ / ਜਾਪੇ ਆਪਣੇ ਪ੍ਰੇਮੀ ਨੂੰ ਮਿਲਣ ਤੋਂ ਪਹਿਲਾਂ
ਨਹਾ-ਧੋ ਕਰਦੀ ਹਾਰ-ਸ਼ਿੰਗਾਰ / ਵਾਲਾਂ 'ਚੋਂ ਕਿਰਦੇ ਪਾਣੀ-ਤੁਪਕੇ
ਹੱਥ ਵਿੱਚ ਸੀਸ਼ਾ / ਭਾਵਾਂ ਵਿੱਚ ਮਿਲਣ ਦੀ ਇੱਛਾ-ਕਾਮਨ ਰੂਪ
ਭਰਵੀਂ ਛਾਤੀ / ਕੱਸਿਆ ਜਿਸਮ, ਪਤਲੀ ਕਮਰ

ਮਮਤਾ ਨਾਲ ਭਰੀ ਮਾਂ ਦੀ ਉਹ ਪ੍ਰਤਿਮਾ ਵੀ ਹੈ / ਕੁੱਛੜ ਚੁੱਕੇ ਬਾਲ ਤੋਂ ਵਾਰੀ ਜਾਂਦੀ
ਔਰਤ ਦੀ ਪੂਰਨਤਾ ਦਰਸਾਉਂਦੀ ਉਹੀ, ਪੰਨਾ-44

ਮੋਹਨਜੀਤ ਦੀ ਕਵੀ ਦੇ ਤੌਰ 'ਤੇ ਪ੍ਰਾਪਤੀ ਇਹ ਵੀ ਹੈ ਕਿ ਉਹ ਆਪਣੀ ਕਵਿਤਾ ਦੇ ਕੇਂਦਰੀ ਥੀਮ ਨੂੰ ਹੋਰ ਪ੍ਰਭਾਵਕਾਰੀ ਬਨਾਉਂਣ ਲੱਗਿਆ ਉਪ-ਥੀਮਜ਼ ਦੁਆਲੇ ਉਸਰੇ ਬਿਰਤਾਂਤਾਂ ਨੂੰ ਵੀ ਉਨੀ ਹੀ ਬਾਰੀਕੀ ਨਾਲ ਚਿਤਰਦਾ ਹੈ, ਪਾਤਰਾਂ ਦੇ ਮਨੋਵਿਗਿਆਨ ਨੂੰ ਉਨ੍ਹਾਂ ਦੀਆਂ ਵੱਖੋ-ਵੱਖਰੀਆਂ ਪ੍ਰਸਥਿਤੀਆਂ 'ਚ ਚਿਤਰਨਾ, ਕਵੀ ਲਈ ਇਕ ਚੈਲੰਜ ਹੈ। ਮੋਹਨਜੀਤ ਕੋਲ ਇੱਕ ਪ੍ਰੌੜ ਕਵੀ ਵਾਲਾ ਅਨੁਭਵ ਹੈ ਜਿਸ ਰਾਹੀਂ, ਉਹ ਵੱਖੋ-ਵੱਖਰੇ ਪਾਤਰਾਂ ਦੀਆਂ ਮਨੋ-ਸਥਿਤੀਆਂ ਨੂੰ ਚਿੱਤਰ ਲੈਂਦਾ ਹੈ। ਪਹਿਲੀ ਕਥਾ ਵਿੱਚ ਜਦੋਂ ਸ਼ਿਲਪਕਾਰ ਵਿਸ਼ਨੂੰ ਮਹਾਰਾਣਾ ਮੰਦਿਰ ਦੀ ਉਸਾਰੀ ਲਈ ਬਾਰਾਂ ਵਰ੍ਹਿਆਂ ਲਈ ਚਲਾ ਜਾਂਦਾ ਹੈ ਤਾਂ ਪਿੱਛੋਂ ਉਸਦੇ ਪੁੱਤਰ ਧੰਮਪਦ ਦਾ ਜਨਮ ਹੁੰਦਾ ਹੈ। ਧੰਮਪਦ ਜਵਾਨ ਹੁੰਦਾ ਹੈ। ਸ਼ਿਲਪਕਾਰੀ ਸਿੱਖਦਾ ਹੈ। ਇੱਕ ਦਿਨ ਮਾਂ ਤੋਂ ਆਪਣੇ ਪਿਉ ਬਾਰੇ ਪੁੱਛਦਾ ਹੈ। ਅੰਤ ਨੂੰ ਮਾਂ ਉਸਦੇ ਪਿਉ ਬਾਰੇ ਦੱਸ ਦਿੰਦੀ ਹੈ। ਬਾਰਾਂ ਵਰ੍ਹਿਆਂ ਦੀ ਉਮਰ 'ਚ ਧੰਮਪਦ ਇੱਕ ਨਿਪੁੰਨ ਸ਼ਿਲਪਕਾਰ ਬਣਦਾ ਹੈ। ਜਦੋਂ ਉਹ ਆਪਣੇ ਪਿਉ ਨੂੰ ਕੋਣਾਰਕ ਮੰਦਿਰ ਬਣਾਉਂਦਿਆਂ ਦੇਖਣ ਜਾਂਦਾ ਹੈ ਤਾਂ ਸ਼ਿਲਪਕਾਰ ਵਿਸ਼ੂ ਤੋਂ ਮੰਦਿਰ

ਦਾ ਗੁੰਬਦ ਨਹੀਂ ਟਿੱਕ ਰਿਹਾ। ਧੰਮਪਦ ਇਸ ਦੀ ਆਮਲਕ ਸ਼ਕਲ ਦੇ ਅਸੰਤੁਲਨ ਦਾ ਰਾਜ ਜਾਣ ਜਾਂਦਾ ਹੈ ਅਤੇ ਆਪਣੇ ਪਿਤਾ ਨੂੰ ਆਮਲਕ ਦੀ ਸ਼ਕਲ ਦੇ ਗੁੰਬਦ ਦਾ ਰੁਖ਼ ਪਲਟਣ ਬਾਰੇ ਸਲਾਹ ਦਿੰਦਾ ਹੈ ਜਿਸ ਨਾਲ ਗੁੰਬਦ ਟਿਕ ਜਾਂਦਾ ਹੈ। ਪਰ ਲੋਕ-ਕਥਾ ਅਨੁਸਾਰ ਆਪਣੇ ਪਿਉ ਦੇ ਗੌਰਵ ਲਈ ਧੰਮਪਦ ਚੰਦਰਭਾਗਾ ਨਦੀ ਵਿੱਚ ਛਾਲ ਮਾਰ ਕੇ ਜਲ-ਸਮਾਧੀ (ਮਰ ਜਾਂਦਾ ਹੈ) ਲੈ ਲੈਂਦਾ ਹੈ। ਇਸ ਕਥਾ-ਬਿਰਤਾਂਤ ਨੂੰ ਮੋਹਨਜੀਤ ਬੜੀ ਕਲਾਤਮਕਤਾ ਨਾਲ ਨਿਭਾਉਂਦਾ ਹੈ। ਧਮਪਦ ਦੀ ਜਲ-ਸਮਾਧੀ ਦੀ ਘਟਨਾ ਨੂੰ ਉਹ ਬਹੁਤ ਹੀ ਸੰਖੇਪਤਾ ਨਾਲ ਪੰਜ ਸਤਰਾਂ (ਪੰਨਾ-65) ਵਿੱਚ ਸਮਝਾ ਦਿੰਦਾ ਹੈ। ਪਰ ਜਿੱਥੇ ਧੰਮਪਦ ਅਤੇ ਉਸਦੀ ਮਾਂ ਦੇ ਵਾਰਤਾਲਾਪ ਅਤੇ ਧੰਮਪਦ ਦੀ ਮਨੋ-ਸਥਿਤੀ ਦਾ ਚਿਤਰਣ ਹੁੰਦਾ ਹੈ ਤਾਂ, ਮੋਹਨਜੀਤ ਇਸ ਵਰਣਨ ਨੂੰ ਕਲਾਤਮਕ ਛੂਹਾਂ ਦੇ ਕੇ ਤਰਾਸਕੇ, ਘੜਕੇ ਪੇਸ਼ ਕਰਦਾ ਹੈ। ਇਸ ਤੋਂ ਇੱਕ ਗੱਲ ਤਾਂ ਸਪਸ਼ਟ ਹੁੰਦੀ ਹੈ ਕਿ ਮੋਹਨਜੀਤ ਜਿਨ੍ਹਾਂ ਉਪ-ਥੀਮ ਨੂੰ ਘੜ ਰਿਹਾ ਹੈ ਉਹ ਸਾਰੇ ਵੀ ਉਸਦੀ ਕਵਿਤਾ ਦੇ ਮੁੱਖ ਥੀਮ ਦੇ ਦੁਆਲੇ ਹੀ ਉਸਰ ਰਹੇ ਹਨ ਜਾਂ ਮੁੱਖ ਥੀਮ ਨੂੰ ਪ੍ਰਭਾਵਸ਼ਾਲੀ ਬਣਾਉਂਣ ਦਾ ਜ਼ਰੀਆ ਹਨ। ਧਮਪਦ ਦੀ ਮਨੋ-ਸਥਿਤੀ ਦੀਆਂ ਵੱਖੋ-ਵੱਖ ਪਰਤਾਂ ਦੇ ਵਰਣਨ ਨੂੰ ਦੇਖਦੇ ਹਾਂ :

ਧਮਪਦ ਕਲਾ ਦੇ ਜੌਹਰ ਵੇਖਦਾ ਹੈ
... ... ... .../ ... ... ... ...
ਗੱਲਾਂ ਕਰਨ ਲੱਗਦਾ ਮੂਰਤੀਆਂ ਦੇ ਨਾਲ / ਅੰਗ ਅੰਗ ਤਕਦਾ / ਜਿਸਮ ਦੇ ਕਟਾਟ ਵਿਹੰਦਾ
ਕਜ-ਵਲ, ਬਾਹਾਂ ਦੇ ਟਿਕਾਅ ਪੰਨਾ-55-56

ਧਮਪਦ ਬਾਰਾਂ ਸਾਲ ਦਾ ਹੈ। ਉਹ ਜਦੋਂ ਮੰਦਿਰ ਦੀਆਂ ਮੂਰਤੀਆਂ 'ਚੋਂ ਔਰਤ ਦੀ ਦੇਹ ਦੇਖਦਾ ਹੈ ਤਾਂ ਉਨ੍ਹਾਂ ਵਿੱਚ ਉਸਨੂੰ ਔਰਤ ਦੀਆਂ ਛਾਤੀਆਂ 'ਚੋਂ ਦੁੱਧ ਛਲਕਣ ਦੀ ਆਵਾਜ਼ ਆਉਂਦੀ ਹੈ। ਅਸਲ ਵਿੱਚ ਉਹ ਇਨ੍ਹਾਂ ਮੂਰਤੀਆਂ ਦੀਆਂ ਭਰਵੀਆਂ ਛਾਤੀਆਂ 'ਚੋਂ ਆਪਣੀ ਮਾਂ ਨੂੰ ਤਸੱਵਰ ਕਰਦ ਹੈ। ਮੋਹਨਜੀਤ ਅਜਿਹੀਆਂ ਮਨੋ-ਛੂਹਾਂ ਨਾਲ ਕਵਿਤਾ ਨੂੰ ਹੋਰ ਵੀ ਜੀਵੰਤ ਬਣਾ ਦਿੰਦਾ ਹੈ :

ਔਰਤ ਦੇਹ ਅੱਖਾਂ 'ਚ ਪ੍ਰਵੇਸ਼ ਕਰਦੀ / ਝਣਲਣੀ ਆਉਂਦੀ
ਭਰਵੀਆਂ ਛਾਤੀਆਂ ਵਿਹੰਦਾ / ਤਾਂ ਦੁੱਧ ਛਲਕਣ ਦੀ ਆਵਾਜ਼ ਆਉਂਦੀ
ਜਿਸਮ 'ਚ ਕੁਝ ਕੁਝ ਹੁੰਦਾ
... ... ... ...
ਬਾਲ ਨੂੰ ਢਾਹ ਲਾਈ ਮਾਂ ਦੀ ਪ੍ਰਤਿਮਾ ਵੇਖੀ / ਤਾਂ ਮਾਂ ਯਾਦ ਆਈ
ਕਈ ਵਾਰ ਹੱਸਦੀ ਹੱਸਦੀ ਰੋ ਪੈਂਦੀ / ਹੋਕੇ ਲੈਂਦੀ
ਧੰਮੂ ਨੂੰ ਪੁੱਛਦੀ : / ਕਦੋਂ ਆਏਗਾ ਤੇਰਾ ਬਾਪ? / ਕਦੋਂ ਮੁੱਕੇਗਾ ਮੰਦਰ?
... ... ... ...
ਪੱਥਰਾਂ 'ਚੋਂ ਮਹਿਕ ਆਉਂਦੀ /ਜਿਸਮਾਂ ਦੀ ਗੰਧ / ਮਿੰਨ੍ਹੀ-ਮਿੰਨ੍ਹੀ ਤਿੱਖੀ
ਤਨ ਮੱਘਣ ਲਗਦਾ
... ... ... ...
ਸੈਨਿਕ ਤੇ ਸੈਨਿਕ ਪਤਨੀ ਦੀ ਮੂਰਤੀ ਵੇਖੀ / ਸੈਨਿਕ ਜੰਗ 'ਚ ਜਾਣ ਲਈ ਤਿਆਰ
ਪਤਨੀ ਚੁੱਪ ਦੀ ਮੂਰਤ ਬਣੀ ਸੋਦੀਂ ਪਈ / ਕੁੱਛੜ ਬਾਲ

## II

ਇਸ ਰਚਨਾ ਦੇ ਕਾਵਿਕ ਬਿਰਤਾਂਤ ਵਿੱਚ ਦੂਜੀ ਦੰਦ-ਕਥਾ ਸ਼ਿਲਪਕਾਰ ਕਮਲ ਦੀ ਹੈ ਜਿਸਨੂੰ ਮੋਹਨਜੀਤ ਨੇ ਆਪਣੇ ਕੇਂਦਰੀ ਥੀਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਆਧਾਰ ਬਣਾਇਆ ਹੈ। ਇਸ ਦੰਦ-ਕਥਾ ਦਾ ਮੂਲ ਵਿਚਾਰ ਭਾਵੇਂ ਪਹਿਲੀ ਕਥਾ ਵਾਲਾ ਹੀ ਸੀ ਪਰ ਇਸ ਦੂਜੀ ਦੰਦ-ਕਥਾ ਵਿੱਚ ਜਿਹੜੀਆਂ ਘਟਨਾਵਾਂ ਅਤੇ ਪ੍ਰਸਥਿਤੀਆਂ ਹਨ, ਉਹ ਨਿਵੇਕਲੀਆਂ ਹਨ। ਇਨ੍ਹਾਂ ਨਿਵੇਕਲੀਆਂ ਘਟਨਾਵਾਂ ਅਤੇ ਪ੍ਰਸਥਿਤੀਆਂ ਵਿੱਚ ਮੁੱਖ

ਸਥਿਤੀ ਤਾਂ ਇਹ ਹੈ ਕਿ ਇੱਥੇ ਸ਼ਿਲਪਕਾਰ ਨੇ ਅਜੇ ਚੰਦਰਭਾਗਾ ਨਾਲ ਵਿਆਹ ਕਰਵਾਉਣਾ ਹੈ। ਉਸਦੀ ਸ਼ਾਦੀ ਨੂੰ ਮਹਿਜ਼ ਤਿੰਨ ਦਿਨ ਰਹਿੰਦੇ ਹਨ ਕਿ ਰਾਜੇ ਦਾ ਮੰਦਿਰ ਨਿਰਮਾਣ ਦਾ ਹੁਕਮ ਹੋ ਜਾਂਦਾ ਹੈ। ਇਸ ਹੁਕਮ/ਆਦੇਸ਼ ਵਿੱਚ ਵੀ ਉਹੀ ਸਾਮੰਤਕੀ ਨੈਤਿਕਤਾ ਦਾ ਫ਼ਰਮਾਨ ਹੈ ਕਿ ਜਦੋਂ ਤੱਕ ਮੰਦਿਰ ਦਾ ਨਿਰਮਾਣ ਨਹੀਂ ਹੋ ਜਾਂਦਾ ਸੰਭੋਗ ਨਹੀਂ ਕਰਨਾ। ਮੋਹਨਜੀਤ ਨੇ ਸ਼ਿਲਪਕਾਰ ਕਮਲ ਅਤੇ ਚੰਦਰਭਾਗਾ ਇਸ ਵਿਜੋਗ ਨੂੰ ਕਵਿਤਾ ਦੀ ਭਾਸ਼ਾ 'ਚ ਢਾਲਕੇ ਇਸੇ ਕਥਾ ਵਿੱਚ ਇੱਕ ਘਟਨਾ ਹੋਰ ਵਾਪਰ ਜਾਂਦੀ ਹੈ। ਕਮਲ ਸੂਰਜ ਮੰਦਿਰ ਦੇ ਨਿਰਮਾਣ 'ਚ ਲਗਾ ਜਿਸ ਕਲਾ ਨੂੰ ਸਿਰਜ ਰਿਹਾ ਹੈ ਉਸ ਵਿੱਚ ਉਸ ਦੀ ਪ੍ਰੇਰਨਾ ਚੰਦਰਭਾਗਾ ਹੈ- ਉਹ ਆਪਣੀ ਕਲਾ ਦੇ ਜੌਹਰ ਦਿਖਾਉਣਾ ਚਾਹੁੰਦਾ ਹੈ। ਪਰ ਕਲਾ ਨਿਰੀ ਨਿਰਮਾਣਕਾਰੀ ਨਹੀਂ ਹੁੰਦੀ ਉਸ ਵਿੱਚ ਜੀਵਨ ਧੜਕਦਾ ਹੈ। ਇੱਥੇ ਇਸ ਜੀਵਨ ਧੜਕਣ ਵਿੱਚ ਉਹ ਆਪਣੀ ਹੋਣ ਵਾਲੀ ਪਤਨੀ ਨੂੰ ਕਲਪਦਾ ਹੈ। ਪਰ ਇਸ ਕਲਪਨਾ ਵਿੱਚ ਕੁਝ ਹੋਰ ਵੀ ਘਟਿਤ ਹੁੰਦਾ ਹੈ। ਉਤਕਲ ਰਾਜ ਦੇ ਨ੍ਰਿਤ ਗੁਰੂ ਸ਼੍ਰੀ ਦੱਤ ਦੀ ਪੁੱਤਰੀ ਸ਼ਿਲਪਾ ਦਾਖ਼ਿਲ ਹੁੰਦੀ ਹੈ। ਉਹ ਕਮਲ ਸ਼ਿਲਪੀ ਦੀ ਕਲਾ ਤੋਂ ਪ੍ਰਭਾਵਿਤ ਹੁੰਦੀ ਹੈ। ਉਹ ਕਮਲ ਦੇ ਸਾਥ ਨੂੰ ਮਾਨਣ ਲਈ ਹੋਰ ਦੇਵਦਾਸੀਆਂ ਵਾਂਗ ਮੂਰਤੀ ਦਾ ਪ੍ਰਤਿਰੂਪ ਬਣ ਖੜਦੀ ਹੈ। ਕਮਲ ਉਸਨੂੰ ਆਪਣੀਆਂ ਮੂਰਤੀਆਂ 'ਚ ਪੇਸ਼ ਕਰ ਦਿੰਦਾ ਹੈ। ਪਰ ਇਥੇ ਵੀ ਦੁਖਾਂਤ ਵਾਪਰਦਾ ਹੈ। ਰਾਜਾ ਨਰ ਸਿੰਹ ਦੇਵ ਜਦੋਂ ਨ੍ਰਿਤ ਗੁਰੂ ਨਾਲ ਮੰਦਿਰ ਨਿਰਮਣਾ ਦੀ ਕਲਾ ਦਾ ਨਿਰੀਖਣ ਕਰਨ ਆਉਂਦਾ ਹੈ ਤਾਂ ਸ਼ਿਲਪੀ ਕਮਲ ਨੂੰ ਇਨ੍ਹਾਂ ਪ੍ਰਤੀਰੂਪਾਂ ਬਾਰੇ ਪੁੱਛਦਾ ਹੈ ਤਾਂ ਸ਼ਿਲਪੀ ਦੇ ਜਵਾਬ ਨੂੰ ਮੋਹਨਜੀਤ ਨੇ ਕਲਾ ਸਾਧਨਾ ਦੇ ਤੌਰ 'ਤੇ ਕਵਿਤਾ ਵਿੱਚ ਪੇਸ਼ ਕੀਤਾ ਹੈ।

ਇਨ੍ਹਾਂ ਮੂਰਤੀਆਂ ਨੂੰ ਬਨਾਉਣ ਦਾ ਆਦੇਸ਼ ਭਾਵੇਂ ਸੱਤਾ ਦਾ ਹੈ ਪਰ ਇਸਨੂੰ ਪੇਸ਼ ਕਰਨ ਵਾਲਾ ਤਾਂ ਇੱਕ ਕਲਾਕਾਰ ਹੈ ਜਿਸਦੀ ਕਲਪਨਾ ਵਿੱਚ ਚੰਦਰਭਾਗਾ, ਸ਼ਿਲਪੀ ਦੇਵਦਾਸੀਆਂ ਅਤੇ ਸਾਧਾਰਨ ਲੋਕਾਂ ਦੀ ਰੂਹ ਧੜਕਦੀ ਹੈ। ਇਸ ਰੂਹ ਵਿੱਚ ਸ਼ਿਲਪੀ ਦੀ ਪੀੜ, ਵੇਦਨਾ, ਵਿਜੋਗ ਅਤੇ ਕਲਾ ਦੀ ਰੂਹ  ਸਮਾਈ ਹੋਈ ਹੈ। "ਇਹ ਮੋਹਨਜੀਤ  ਦੀ ਬੁੱਧੀ ਦਾ ਕਮਾਲ ਹੈ ਕਿ ਇਨ੍ਹਾਂ ਨੂੰ ਸਾਧਾਰਨ ਮਨੁੱਖ ਦੀ ਸਾਧਾਰਨਤਾ, ਕਿਰਤੀਆਂ ਦੀ ਕਿਰਤ ਨਾਲ ਸੰਬੰਧਿਤ ਕਰਕੇ ਕਲਾ ਦਾ ਮਾਧਿਅਮ ਸਿੱਧ ਕਰਕੇ ਇਤਿਹਾਸ ਦੇ ਨਵੇਂ ਅਰਥਾਂ ਨੂੰ ਪਰਿਭਾਸ਼ਿਤ ਕਰ ਦਿੱਤਾ ਹੈ।" (ਡਾ. ਸਰਬਜੀਤ, ਕੌਣੇ ਦਾ ਸੂਰਜ, ਪੰਨਾ-148, 2012) ਬਿਰਹਾ ਦੀ ਇਸ ਅਰਾਧਨਾ 'ਚ ਪ੍ਰਤੀਰੂਪ ਬਣੀਆਂ ਦੇਵਦਾਸੀਆਂ ਜਿਸ ਵਿੱਚ ਸ਼ਿਲਪਾ ਵੀ ਹੈ ਨੂੰ ਮੋਹਨਜੀਤ ਮਾਨਵੀ ਮੂਲ ਦੀ ਸੁਹਜਾਤਮਕ ਭਾਵਨਾ ਦੇ ਤਣਾਅ ਨੂੰ, ਸ਼ਕਤੀਸ਼ਾਲੀ ਪ੍ਰਵਚਨ 'ਚ ਰੁਪਾਂਤਰਿਤ ਕਰ ਦਿੰਦਾ ਹੈ।

> ਮੇਰਾ ਪ੍ਰਤੀਰੂਪ ਤਾਂ ਮੇਰੀ ਕਲਪਨਾ 'ਚ ਹੈ / ਜਿਸ ਨੂੰ ਮੈਂ ਨਜ਼ਰ ਭਰ
> ਬਸ ਇੱਕ ਵਾਰ ਤੱਕਿਆ ਸੀ / ਪਰ ਜੋ ਦੁਨੀਆਂ 'ਚ ਸਭ ਤੋਂ ਸੁੰਦਰ ਹੈ ਵੱਖਰੀ ਹੈ
> ... ... ... ...
> ... ... ... ...
> ਮੈਂ ਜਿਹੜੀ ਵੀ ਪ੍ਰਤਿਮਾ ਬਣਾਈ ਹੈ / ਉਸ ਵਿੱਚ ਆਪਦੀ ਕਲਪਨਾ ਜਗਾਈ ਹੈ।
> ਬੇਸ਼ਕ ਗੱਲ ਇਹ ਲੱਗਦੀ ਸੁਪਨਮਈ ਹੈ / ਕਿ ਸਰੀਰ ਤੋਂ ਪਰ੍ਹੇ ਹੋ ਕੇ ਵੀ
> ਗੱਲ ਸਰੀਰ ਦੀ ਕਰੀ ਹੈ
>
> ਉਹੀ, ਪੰਨਾ-82

ਕੀ ਸੱਤਾ ਵੱਲੋਂ ਸਰੀਰ ਤੋਂ ਪਰੇ ਹੋਣ ਦਾ ਹੁਕਮ ਮਾਨਵੀ ਭਾਵਨਾ/ਕਾਮਨਾ ਨੂੰ ਰੂਹ ਤੱਕ ਮਾਰ ਸਕਦਾ ਹੈ? ਰਾਜ ਸੱਤਾ ਹੁਕਮ ਦੇ ਸਕਦੀ ਹੈ, ਮਾਨਵੀ ਭਾਵਨਾਵਾਂ 'ਤੇ ਫ਼ਤਿਹ ਨਹੀਂ ਪਾ ਸਕਦੀ। ਮੋਹਨਜੀਤ ਮਾਨਵੀ ਕਾਮਨਾ ਦੀ ਇਸ ਬੁਨਿਆਦ ਨੂੰ ਵਾਰ ਵਾਰ ਦੁਹਰਾਉਂਦਾ ਹੈ। ਇਹ ਕਾਮਨਾ ਸ਼ਿਲਪੀ ਵਿਸ਼ਨੂੰ ਮਹਾਰਾਣਾ ਦੇ ਰੂਪ ਵਿੱਚ ਵੀ ਹੈ; ਸ਼ਿਲਪੀ ਕਮਲ ਦੇ ਰੂਪ ਵਿੱਚ ਵੀ ਹੈ; ਚੰਦਰਭਾਗਾ ਦੇ ਰੂਪ ਵਿੱਚ ਵੀ ਹੈ ਅਤੇ ਪ੍ਰਤਿਰੂਪ ਬਣੀ ਰਾਜ ਪ੍ਰੋਹਿਤ ਦੀ ਪੁੱਤਰੀ ਸ਼ਿਲਪਾ ਦੇ ਰੂਪ ਵਿੱਚ ਵੀ ਹੈ। ਮੋਹਨਜੀਤ ਨੇ ਚੰਦਰਭਾਗਾ ਨੂੰ ਇੱਕ ਵਿਜੋਗਣ ਕਾਮਨ ਦੇ ਰੂਪ ਵਿੱਚ ਵੀ ਚਿਤਰਿਆ ਹੈ ਅਤੇ ਇਕ ਮਾਂ ਦੇ ਰੂਪ ਵਿੱਚ ਵੀ। ਦੂਜੀ ਕਥਾ ਵਿੱਚ ਪ੍ਰੇਮ, ਬਿਰਹਾ ਅਤੇ ਕਾਮਨਾ ਨੂੰ ਜੀਵਨ ਦੀ ਬੁਨਿਆਦ ਦੇ ਰੂਪ ਵਿੱਚ ਚਿਤਰਕੇ ਮੋਹਨਜੀਤ ਨੇ ਇਸ ਰਚਨਾ ਨੂੰ ਹੋਰ ਵੀ ਜੀਵੰਤ ਬਣਾ ਦਿੱਤਾ ਹੈ। ਉਹ ਪਾਤਰਾਂ ਦੀ ਜ਼ੁਬਾਨੀ ਵੀ ਅਤੇ ਕਵੀ ਕਥਨਾ ਰਾਹੀਂ ਵੀ ਜੀਵਨ ਦੇ ਇਸ ਦੇ ਮੂਲ ਦੀ ਵਾਸਤਵਿਕਤਾ ਨੂੰ ਪੇਸ਼ ਕਰਦਾ ਹੈ।

ਸੁਹੱਪਣ, ਸੰਜੋਗ ਦੀ ਤਾਂਘ ਜੀਵਨ ਦਾ ਮੂਲ ਹੈ ਜੋ ਰਾਜ ਸੱਤਾ ਨਿਯੰਤ੍ਰਿਤ ਨਹੀਂ ਕਰ ਸਕਦੀ :

ਜੋ ਬੰਦਾ ਹੈ – / ਨਿੱਤ ਕਾਮਨ-ਯੁਕਤ ਹੈ
ਜੋ ਮਨ ਤੋਂ ਪਾਰ ਹੈ / ਕੇਹਾ ਮੂਰਤੀਕਾਰ ਹੈ !

ਰਾਜੇ ਦੀ ਸੋਚ ਵੀ ਇੱਛਾ-ਯੁਕਤ ਹੈ / ਮੰਦਰ ਦਾ ਸੰਕਲਪ ਇੱਛਾ ਰਹਿਤ ਨਹੀਂ
... ... ... ...
... ... ... ...
ਸ਼ਿਲਪੀ ਆਦੇਸ਼ ਦਾ ਬੱਝਾ ਸੀ / ਮਿਲਣ ਦੀ ਇੱਛਾ ਸੀ
ਸ਼ਿਲਪੀ ਆਸਥਾ ਕਾਰਨ ਨਹੀਂ / ਰਾਜ-ਇੱਛਾ ਕਾਰਨ ਘਰੋਂ ਪਰੇ ਸੀ
ਘਰ ਪਰਤਣਾ ਸ਼ਿਲਪੀ ਦੀ ਨਹੀਂ / ਰਾਜੇ ਦੀ ਚੋਣ ਸੀ
... ... ... ...
ਸ਼ਿਲਪੀ ਧਰ ਅੰਦਰੋਂ ਉਦਾਸ ਹੈ / ਪਰ ਸ਼ਿਲਪ ਵਿੱਚ
ਸੁਹੱਪਣ ਦੀ ਤਰਾਸ਼ ਹੈ / ਮਨ ਰੁਸ਼ਟ ਹੈ
ਪਰ ਸੌਂਦਰਯ ਦੀ ਸਿਖ਼ਰ ਹੈ / ਪਿਰਾਮਿਡ, ਪੈਗੋਡੇ ਤੇ ਚੈਤਯ ਸਤੂਪ
ਸਭ ਟੀਕਣ ਬਣੇ ਨੇ / ਮੁੜ੍ਹਕੇ 'ਚੋਂ ਮੋਤੀ ਖਿੜੇ ਨੇ — ਉਹੀ, ਪੰਨਾ-83-84

ਕੋਈ ਕਲਾ ਜੀਵਨ ਤੋਂ ਸੱਖਣੀ ਕਿਵੇਂ ਹੋ ਸਕਦੀ ਹੈ? ਜੀਵਨ ਦੀਆਂ ਮੂਲ ਮਾਨਵੀ ਭਾਵਨਾਵਾਂ ਵਿੱਚ ਇਸਤਰੀ-ਪੁਰਸ਼ ਦੇ ਮੇਲ ਦੀ ਤਾਂਘ ਬੁਨਿਆਦ ਹੈ। ਰਾਜਸੱਤਾ ਦਾ ਸਾਮੰਤਕੀ ਨੈਤਿਕਤਾ ਦਾ ਪ੍ਰਪੰਚ ਤਾਂ ਇਨ੍ਹਾਂ ਨੂੰ ਸੰਜੋਗ ਤੋਂ ਦੂਰ ਰਹਿਣ ਦਾ ਹੁਕਮ ਸੁਣਾ ਸਕਦਾ ਹੈ- ਨਿਯੰਤ੍ਰਿਤ ਕਿਵੇਂ ਕਰ ਸਕਦਾ ਹੈ? ਜੀਵਨ ਲੀਲ੍ਹਾ ਦੀ ਇਸ ਬੁਨਿਆਦ ਨੂੰ ਮੋਹਨਜੀਤ ਨੇ ਆਪਣੀ ਰਚਨਾ ਦੇ ਥੀਮ ਵਿੱਚ ਉਚੇਚ ਨਾਲ ਉਸਾਰਿਆ ਹੈ। ਪਰ ਇਸ ਕਵਿਤਾ ਵਿੱਚ ਕਲਾ-ਸੁਹਜ ਅਤੇ ਕਲਾ ਲਈ ਅਮਰਤਾ ਨੂੰ ਪਹੁੰਚਣ ਦੀ ਮਾਨਵੀ ਤਾਂਘ ਨੂੰ ਵੀ ਉਚੇਚ ਨਾਲ ਪੇਸ਼ ਕੀਤਾ ਗਿਆ ਹੈ। ਦੋਨੋਂ ਸ਼ਿਲਪੀ ਆਪਣੀ ਕਲਾ ਦੇ ਜੌਹਰ ਦਿਖਾਉਂਣ ਲਈ, ਪੱਥਰ ਦੀਆਂ ਮੂਰਤੀਆਂ 'ਚ ਰੂਹ ਦੀ ਕਵਿਤਾ ਲਿਖਦੇ ਹਨ। ਇਨ੍ਹਾਂ ਸ਼ਿਲਪਕਾਰਾਂ ਵਿੱਚ ਨ੍ਰਿਤ ਗੁਰੂ ਦੀ ਧੀ ਸ਼ਿਲਪੀ ਵੀ ਸ਼ਾਮਿਲ ਹੈ। ਸ਼ਿਲਪੀ ਦੇਵਦਾਸੀ ਨਹੀਂ ਸਵੈ-ਇੱਛਾ ਨਾਲ ਪ੍ਰਤੀਰੂਪ ਬਣਦੀ ਹੈ। ਉਸ ਦੇ ਪ੍ਰਤੀਰੂਪ ਬਣਨ ਪਿੱਛੇ ਅਸਲੀ ਮਨਸ਼ਾ ਤਾਂ ਸ਼ਿਲਪੀ ਦਾ ਸਾਥ ਹੈ ਜਿਹੜਾ ਉਹ ਪ੍ਰਤੀਰੂਪ ਬਣਕੇ ਹੀ ਮਾਣ ਸਕਦੀ ਹੈ ਅਤੇ ਪੱਥਰ ਤੋਂ ਪ੍ਰਤੀਰੂਪ ਬਣਕੇ ਉਹ ਚੇਤਨ ਹੋਣਾ ਚਾਹੁੰਦੀ ਹੈ :

ਮੈਂ ਸ਼ਿਲਪਾ ਹਾਂ ਐ ਸ਼ਿਲਪਕਾਰ ! / ਮੈਂ ਤੇਰੀ ਕਲਾ ਤੋਂ ਵਾਰੀ ਗਈ ਹਾਂ
ਇਸ ਲਈ ਪ੍ਰਤੀਰੂਪ ਲਈ ਆਈ ਹਾਂ / ਉਤਕਲ ਰਾਜ ਦੇ ਨ੍ਰਿਤ ਗੁਰੂ ਸ੍ਰੀ ਦੱਤ ਦੀ ਪੁੱਤਰੀ
... ... ... ...
ਮੈਨੂੰ ਕਰਮ ਦਾ ਵਰਦਾਨ ਦੇ ! / ਦਰਸ ਦਾ ਪਲ ਛਿਣ ਬਖ਼ਸ਼
ਨਜ਼ਰ ਦਾ ਪਰਸ ਬਖ਼ਸ਼ ! / ਤੂੰ ਸਮਝ ਮੈਂ ਅਨਘੜ ਸ਼ਿਲਾ ਹਾਂ
ਸ਼ਿਲਾ 'ਚ ਚੇਤਨ ਜਗਾ ! / ਪੱਥਰ ਤੋਂ ਪ੍ਰਤਿਮਾ ਬਣਾ ! — ਉਹੀ, ਪੰਨਾ-85

ਮੰਦਿਰ ਉਸਾਰੀ ਤੋਂ ਬਾਅਦ "ਦਿਲ ਦਾ ਮਾਮਲਾ : ਜੂਏ ਸ਼ੀਰ" ਵਿੱਚ ਮੋਹਨਜੀਤ ਸ਼ਿਲਪਾ ਦੇ ਮਨ ਦੀ ਘੁੰਡੀ ਨੂੰ ਖੋਲਦਾ ਹੈ। ਸ਼ਿਲਪੀ ਕਮਲ ਸ਼ਿਲਪਾ ਦੇ ਪ੍ਰਤੀਰੂਪ ਨੂੰ ਵਿਸ਼ੇਸ਼ ਰੂਪ ਵਿੱਚ ਤਰਾਸ਼ਦਾ ਹੈ। ਜਦੋਂ ਰਾਜਾ ਇਸ ਪ੍ਰਤੀਰੂਪ ਦੀ ਕਲਪਨਾ ਬਾਰੇ ਪੁਛਦਾ ਹੈ ਤਾਂ ਕਮਲ ਦਾ ਜਵਾਬ ਸੀ ਕਿ ਇਹ ਪ੍ਰਤੀਰੂਪ ਉਸਦੀ ਕਲਪਨਾ ਦਾ ਪ੍ਰਤੀਰੂਪ ਸੀ। ਨ੍ਰਿਤ ਗੁਰੂ ਸ਼ਿਲਪਾ ਦੀ ਪ੍ਰਤਿਮਾ ਨੂੰ ਪਛਾਣ ਲੈਂਦਾ ਹੈ। ਨ੍ਰਿਤ ਗੁਰੂ ਆਪਣੀ ਪੁੱਤਰੀ ਨੂੰ ਅਥਾਹ ਪਿਆਰ ਕਰਦਾ ਹੈ। ਪਰ ਸਮਾਜ ਤਾਂ ਸਮਾਜ ਹੈ- ਸਮਾਜ ਦੀਆਂ ਨਜ਼ਰਾਂ 'ਚ ਇਹ ਮੰਦਰ ਦੀ ਮਰਿਆਦਾ ਦਾ ਹਨਨ ਸੀ, ਇਸਤਰੀਤਵ ਦਾ ਵੀ

ਨਿਰਾਦਰ ਸੀ, ਇਹ ਖ਼ਾਨਦਾਨ 'ਤੇ ਵੀ ਦਾਗ ਸੀ। ਸ਼ਿਲਪਾ ਲਈ ਰਾਜ-ਸੱਤਾ ਦੀ ਦ੍ਰਿਸ਼ਟੀ ਤੋਂ ਤਾਂ ਮੌਤ ਦੀ ਸਜ਼ਾ ਸੀ। ਪਰ ਨ੍ਰਿਤ ਗੁਰੂ ਆਪਣੀ ਇਸ ਬੇਟੀ ਨੂੰ ਪਿਆਰ ਕਰਦਾ ਹੈ; ਉਹ ਸ਼ੀਲ ਹੈ, ਆਗਿਆਕਾਰੀ ਹੈ, ਤਾਂ ਦੇਸ਼ ਨਿਕਾਲੇ ਦੀ ਸਜ਼ਾ ਮਿਲਦੀ ਹੈ। ਪਰ ਸ਼ਿਲਪ ਕਮਲ ਦੀ ਮੁਹੱਬਤ ਦਾ ਬੜੇ ਹੌਂਸਲੇ ਨਾਲ ਇਕਬਾਲ ਕਰਦੀ ਹੈ :

ਸ਼ਿਲਪਾ ਨੇ ਮੰਨਿਆ- / ਉਹ ਕਮਲ ਸ਼ਿਲਪੀ ਤੋਂ ਵਾਰੀ ਗਈ ਹੈ
ਉਸਦੀ ਕਲਾ ਤੋਂ ਕੁਰਬਾਨ ਹੈ / ਉਹ ਚਾਹੁੰਦੀ ਹੈ ਕਿ ਸ਼ਿਲਪੀ ਕਮਲ ਦੀ ਪੂਜਾ ਕਰੇ
ਜ਼ਿੰਦਗੀ ਭਰ ਉਹਦੀ ਸੰਗਤ 'ਚ ਰਹੇ

ਬੇਸ਼ਕ ਉਹ ਜਾਣਦੀ ਸੀ / ਕਿ ਕਿਸੇ ਹੋਰ ਦੀ ਮੰਗੇਤਰ ਹੈ
ਇਹ ਤਾਂ ਪਰ ਦਿਲ ਦਾ ਮਾਮਲਾ ਸੀ — ਉਹੀ, ਪੰਨਾ-92

ਪਰ ਸ਼ਿਲਪਾ ਦੀ ਕਥਾ ਦਾ ਅਜੇ ਅੰਤ ਨਹੀਂ ਹੋਇਆ। ਸ਼ਿਲਪਾ ਨੂੰ ਸਿੰਹਲ ਦੇਸ਼, ਜਿੱਥੇ ਉਤਕਲ ਰਾਜ ਦੇ ਸ਼ਿਲਪੀ ਮੰਦਿਰ ਨਿਰਮਾਣ 'ਚ ਲੱਗੇ ਹੋਏ ਸਨ, ਜਾਣ ਦਾ ਹੁਕਮ (ਦੰਡ) ਮਿਲਦਾ ਹੈ। ਸ਼ਿਲਪਾ ਜਿਸ ਬੇੜੇ 'ਚ ਸਵਾਰ ਹੋ ਕੇ ਸਿੰਹਲ ਦੇਸ਼ ਨੂੰ ਜਾਂਦੀ ਹੈ ਉਹ ਬੇੜਾ ਤੂਫ਼ਾਨ 'ਚ ਘਿਰ ਜਾਂਦਾ ਹੈ। 'ਲੋਕ-ਮਨੌਤ' ਅਨੁਸਾਰ ਬੇੜੇ ਨੂੰ ਬਚਾਉਣ ਲਈ ਕਿਸੇ ਨੂੰ ਬਲੀ ਦੇਣੀ ਪੈਣੀ ਸੀ ਅਤੇ ਬਲੀ ਦੇਣ ਵਾਲਾ 'ਸੱਚਾ-ਸੁੱਚਾ' ਹੋਣਾ ਚਾਹੀਦਾ ਸੀ। ਸ਼ਿਲਪਾ ਨੂੰ ਪਤਾ ਸੀ ਕਿ ਉਸਨੂੰ ਮਨ ਤਿਆਗ ਕੇ ਸ਼ਿਲਪਾ ਨੂੰ ਚਾਹਿਆ ਸੀ 'ਅ-ਸ਼ਰੀਰੀ ਹੋ ਕੇ ਵੀ ਜਿਸਨੂੰ ਲੋਕ-ਮਨ ਰੂਹ ਦੇ ਨਾਮ' ਦਿੰਦੇ ਨੇ। ਸ਼ਿਲਪਾ ਜਲ-ਸਮਾਧੀ ਲੈ ਲੈਂਣੀ ਹੈ ਅਤੇ ਬੇੜੇ 'ਚ ਬੈਠੇ ਲੋਕਾਂ ਨੂੰ ਬਚਾ ਲੈਂਦੀ ਹੈ। ਇਸ ਬੇੜੇ ਵਿੱਚ ਨ੍ਰਿਤ ਗੁਰੂ ਦਾ ਛੋਟਾ ਭਰਾ ਸੁਦੱਤ ਵੀ ਸੀ। ਜਦੋਂ ਉਹ ਸਿੰਹਲ ਦੇਸ਼ ਤੋਂ ਵਾਪਸ ਆ ਕੇ ਸ਼ਿਲਪਾ ਦੀ ਸੁੱਚਤਾ ਬਾਰੇ ਦੱਸਦਾ ਹੈ ਤਾਂ ਨ੍ਰਿਤ ਗੁਰੂ ਨੂੰ ਪਸ਼ਚਾਤਾਪ ਹੁੰਦਾ ਹੈ। ਮੋਹਨਜੀਤ ਅਸਲ ਵਿੱਚ ਐਸੇ ਵੇਰਵਿਆਂ ਨਾਲ, ਇਸ ਰਚਨਾ ਨੂੰ ਹੋਰ ਅਰਥ ਭਰਪੂਰ ਬਣਾਉਣ ਦਾ ਕਾਰਜ ਕਰ ਰਿਹਾ ਹੈ। ਸ਼ਿਲਪਾ ਦੀ ਜਲ-ਸਮਾਧੀ ਤੋਂ ਬਾਅਦ ਵੀ ਮੋਹਨਜੀਤ ਨੂੰ ਲਗਦਾ ਹੈ ਕਿ ਕਵਿਤਾ ਵਿੱਚ ਸ਼ਿਲਪਾ ਦੇ ਕਿਰਦਾਰ ਨਾਲ ਅਜੇ ਇਨਸਾਫ਼ ਨਹੀਂ ਹੋਇਆ, ਹੋਰ ਵਿਸਥਾਰ ਦੀ ਜ਼ਰੂਰਤ ਹੈ। "ਤੂੰ ਕਲਾ ਤੇ ਸ਼ਿਲਪਾ ਨੂੰ ਅਮਰ ਕਰ ਦਿੱਤਾ" ਸਿਰਲੇਖ ਹੇਠ ਮੋਹਨਜੀਤ ਨੇ ਸ਼ਿਲਪਾ ਦੀ ਸੁੱਚਤਾ ਦੇ ਬਿਰਤਾਂਤ ਨੂੰ ਪੇਸ਼ ਕਰਕੇ, ਅਸਲ ਵਿੱਚ ਸ਼ਿਲਪਾ ਦੇ ਕਿਰਦਾਰ ਨੂੰ ਹੋਰ ਵਿਸਥਾਰ ਦਿੱਤਾ ਹੈ ਜਿਸ ਨਾਲ ਸ਼ਿਲਪਾ ਇਸ ਰਚਨਾ ਦੇ ਨਾਇਕ ਪਾਤਰਾਂ 'ਚ ਹਾਜ਼ਰ ਹੋ ਜਾਂਦੀ ਹੈ। ਮੋਹਨਜੀਤ ਦੇ ਪਾਤਰਾਂ ਦੇ ਐਨੇ ਮਹੀਨ ਵਿਸਥਾਰ ਇਸ ਲੰਮੀ ਕਵਿਤਾ ਨੂੰ ਮਹਾਂਕਾਵਿਕ ਰਚਨਾ ਬਣਾਉਂਦੇ ਹਨ :

ਸੁਦੱਤ ਨੇ ਸ਼ਿਲਪਾ ਦੇ ਸੁੱਚਮ ਦੀ ਗੱਲ ਦੱਸੀ ਬਲੀਦਾਨ ਦੀ, / ਤੇ ਫਿਰ ਜਲ-ਸਮਾਧੀ ਦੀ
ਨ੍ਰਿਤ ਗੁਰੂ ਮਨ ਹੀ ਮਨ ਪ੍ਰੇਸ਼ਾਨ ਹੋਇਆ / ਕੀਤੇ 'ਤੇ ਲਾਜ ਆਈ
ਸ਼ਿਲਪਾ ਸਿਰਫ਼ ਪ੍ਰਤੀਰੂਪ ਨਹੀਂ ਸੀ / ਕੰਮ ਵੇਲੇ ਸ਼ਿਲਪੀ ਨਾਲ ਸੰਵਾਦ ਵੀ ਕਰਦੀ
ਅਤ੍ਰਿਪਤ ਰੂਹਾਂ ਤੇ ਕਾਮ-ਰਤ ਕਿਰਤਾਂ ਬਾਰੇ / ਉਹਨੇ ਕਈ ਪ੍ਰਸ਼ਨ ਕੀਤੇ
ਕਮਲ ਨੇ ਉਸ ਵੇਲੇ ਦੇ ਸ਼ਿਲਪ ਸ਼ਾਸਤਰੀ ਜਵਾਬ ਦਿੱਤੇ
ਆਪਸੀ ਲਗਾਉ ਦਾ ਇੱਕ ਕਾਰਨ ਇਹ ਵੀ ਸੀ
ਨ੍ਰਿਤ ਗੁਰੂ ਨੇ ਕਮਲ ਨੂੰ ਕਿਹਾ- / ਤੂੰ ਕਲਾ ਤੇ ਸ਼ਿਲਪਾ ਨੂੰ ਅਮਰ ਕਰ ਦਿੱਤਾ ਹੈ
ਉਤਕਲ ਦੇਸ਼ ਨੂੰ ਤੇਰੀ ਦੇਣ ਲਾਸਾਨੀ ਹੈ — ਉਹੀ, ਪੰਨਾ-101

ਪਰ ਮੋਹਨਜੀਤ ਨੂੰ ਇਸ ਰਚਨਾ ਦੇ ਸੌ ਪੰਨਿਆਂ ਤੋਂ ਬਾਅਦ ਵੀ ਲਗਦਾ ਹੈ ਕਿ ਅਜੇ ਚੰਦਰਭਾਗਾ ਨੂੰ ਰਚਨਾ 'ਚ ਇਨਸਾਫ਼ ਨਹੀਂ ਮਿਲਿਆ। ਮੋਹਨਜੀਤ ਕੋਲ ਇੱਕ ਪਾਠ ਦੰਦ-ਕਥਾਵਾਂ ਦਾ ਹੈ। ਪਰ ਉਸ ਨੇ ਦੰਦ-ਕਥਾਵਾਂ ਦੀ ਜਾਣਕਾਰੀ ਦੀ ਪਾਠ-ਪੁਸਤਕ ਨਹੀਂ ਲਿਖਣੀ। ਮੋਹਨਜੀਤ ਲਈ ਵੰਗਾਰ ਵੱਡੀ ਹੈ। ਉਸਨੇ ਤਾਂ ਇੱਕ ਨਵਾਂ ਸਿਰਜਣਾਤਮਕ ਪਾਠ ਤਿਆਰ ਕਰਨਾ ਹੈ, ਉਹ ਵੀ ਮਹਾਂਕਾਵਿਕ ਪੱਧਰ ਦਾ। ਇਸ ਨਵ-ਪਾਠ (ਅੰਤਰ-ਪਾਠ) ਵਿੱਚ ਉਸਨੇ ਸਾਮੰਤਕੀ ਸਮਾਜ ਦੀ ਨੈਤਿਕਤਾ ਦਾ ਦੰਭ ਅਤੇ ਰਾਜਸੱਤਾ ਵੱਲੋਂ ਕਾਮਨਾ ਦੇ ਦਮਨ ਦੀ ਅਣਮਨੁੱਖੀ

ਦਾਸਤਾਂ ਵੀ ਕਵਿਤਾ 'ਚ ਬਿਆਨ ਕਰਦੀ ਹੈ। ਪੱਥਰਾਂ ਤੋਂ ਤਰਾਸ਼ੇ ਕਲਾ ਦੇ ਨਮੂਨਿਆਂ ਨੂੰ ਦੇਖਕੇ ਮਹਾਂਕਵੀ ਗੁਰੂਦੇਵ ਟੈਗੋਰ ਨੇ ਇਸ ਮੰਦਿਰ ਬਾਰੇ ਕਿਹਾ ਸੀ, "Here the language of stone surpasses the language of man" ਸ਼ਿਲਪੀਆਂ ਦੀ ਕਲਾ ਨੇ ਸੱਚਮੁੱਚ "ਪੱਥਰਾਂ ਦੀ ਭਾਸ਼ਾ ਨੇ ਮਨੁੱਖ ਦੀ ਭਾਸ਼ਾ ਨੂੰ ਪਛਾੜ ਦਿੱਤਾ ਸੀ।" ਪਰ ਮੋਹਨਜੀਤ ਨੇ ਤਾਂ ਇਸ ਬਿਰਤਾਂਤ ਨੂੰ ਕਵਿਤਾ ਦੀ ਭਾਸ਼ਾ 'ਚ ਲਿਖਣਾ ਸੀ। ਮੋਹਨਜੀਤ ਕਵਿਤਾ ਦੀ ਭਾਸ਼ਾ ਰਾਹੀਂ, ਮੰਦਿਰ ਦੀ ਖ਼ੂਬਸੂਰਤੀ ਦੇ ਸੁਹਜ ਨੂੰ ਆਪਣੀ ਕਾਵਿ-ਕਲਮ ਰਾਹੀਂ ਇਵੇਂ ਹੀ ਤਰਾਸ਼ਦਾ ਹੈ ਜਿਵੇਂ ਇਸ ਮੰਦਿਰ ਨੂੰ ਬਨਾਉਣ ਵੇਲੇ ਸ਼ਿਲਪੀ ਵਿਸ਼ਨੂੰ ਅਤੇ ਕਮਲ ਨੇ ਤਰਾਸ਼ਿਆ ਸੀ। ਸ਼ਿਲਪੀ ਆਪਣੀਆਂ ਭਾਵਨਾਵਾਂ ਦੇ ਦਮਨ ਨੂੰ ਆਪਣੇ ਮਨ ਅਤੇ ਪਿੰਡ 'ਤੇ ਸਹਿੰਦੇ ਹਨ। ਉਨ੍ਹਾਂ ਲਈ ਇਹ ਰਾਜ ਧਰਮ ਹੋ ਸਕਦਾ ਹੈ; ਉਨ੍ਹਾਂ ਦੀ ਅਮਰਤਾ ਮੰਦਿਰ ਦੀ ਅਦਭੁਤ ਖ਼ੂਬਸੂਰਤੀ ਨੂੰ ਬਨਾਉਣਾ ਹੈ। ਮੋਹਨਜੀਤ ਲਈ ਮਸਲਾ ਇਸ ਤੋ ਅਗਾਂਹ ਦਾ ਹੈ। ਉਸ ਨੂੰ ਮੰਦਿਰ ਦਾ ਅਦਭੁੱਤ ਸੁਹਜ ਅਤੇ ਭਵਨ-ਨਿਰਮਾਣ ਕਲਾ ਅਚੰਭਿਤ ਤਾਂ ਕਰਦੇ ਹਨ ਪਰ ਇਸ ਮੰਦਿਰ ਨਿਰਮਾਣ ਦੇ ਸੰਬੰਧ ਵਿੱਚ ਜੁੜੀਆਂ ਲੋਕ-ਮਨੌਤਾਂ ਉਸ ਨੂੰ ਪਰੇਸ਼ਾਨ ਕਰਦੀਆਂ ਹਨ। 'ਸੁਚੱਮ' ਦਾ ਮੁੱਦਾ ਉਸਨੂੰ ਪ੍ਰਾਕਿਰਤਕ ਨਿਯਮਾਂ ਦੇ ਉਲਟ ਲਗਦਾ ਹੈ। ਵਿਸ਼ਨੂੰ ਮਹਾਰਾਣਾ ਦੀ ਪਤਨੀ ਗਰਭਵਤੀ ਹੈ। "ਆਪਣੇ ਪਤੀ ਦੀ ਗੈਰਹਾਜ਼ਰੀ ਨੂੰ ਉਸਨੇ ਕਿਵੇਂ ਭੋਗਿਆ ਹੋਏਗਾ...ਇਨ੍ਹਾਂ ਕਿਰਤੀਆਂ, ਕਲਾਕਾਰਾਂ ਦੀ ਮਨੋਸਥਿਤੀ ਕੀ ਹੁੰਦੀ ਹੋਵੇਗੀ- ਵਿਚਾਰਨ ਵਾਲੀ ਗੱਲ ਹੈ।" (ਮੋਹਨਜੀਤ, ਅੰਬਰ ਦਾ ਲਹਿੰਗਾ, ਕੌਣੇ ਦਾ ਸੂਰਜ, ਪੰਨਾ-7, 2012)

ਚੰਦਰਭਾਗਾ ਜਿਸਨੇ ਸ਼ਿਲਪੀ ਕਮਲ ਦਾ ਬਾਰਾਂ ਸਾਲ ਇੰਤਜ਼ਾਰ ਕੀਤਾ ਹੈ ਅਤੇ ਆਪਣੇ ਉੱਪਰ 'ਦੇਵਰ ਨਾਲ ਸੰਬੰਧਾਂ' ਦੇ ਝੂਠੇ ਦੁਸ਼ਣ ਸਹੇ ਨੇ, ਜਦੋਂ ਕਮਲ ਨੂੰ ਮਿਲਣ ਮੰਦਰ ਨਿਰਮਾਣ ਦੇ ਸਮਾਰੋਹ 'ਚ ਪਹੁੰਚਦੀ ਹੈ ਤਾਂ ਇੱਕ ਹੋਰ ਦੁਖਾਂਤ ਵਾਪਰਦਾ ਹੈ। ਚੰਦਰਭਾਗਾ ਨੂੰ ਕਮਲ ਦਾ ਸੰਜੋਗ ਪ੍ਰਾਪਤ ਨਹੀਂ ਹੁੰਦਾ। ਚੰਦਰਭਾਗਾ ਦੇਵਦਾਸੀ ਅੰਜੋਰਾ ਕੋਲ ਰਹਿ ਰਹੀ ਹੈ। ਜਦੋਂ ਮੰਦਰ ਸੰਪੂਰਨ ਹੁੰਦਾ ਹੈ ਤਾਂ ਉਹ ਅੰਜੋਰਾ ਦੇਵਦਾਸੀ ਨਾਲ ਸ਼ਿਲਪੀ ਕਮਲ ਨੂੰ ਦੇਖਣ ਆਉਂਦੀਆਂ ਹਨ ਪਰ ਸਮਾਜ ਦੇ ਰੂਪ ਵਿੱਚ ਸੱਸ ਅੱਗੇ ਆ ਜਾਂਦੀ ਹੈ :

> ਕੌਣਾਰਕ ਸੰਪੂਰਨ ਹੋਇਆ / ਮਹਾਤਮ ਵਾਲਾ ਸੀ ਨਦੀ-ਇਸ਼ਨਾਨ
> ਅੰਜੋਰਾ ਤੇ ਚੰਦਰਭਾਗਾ ਵੀ ਆਈਆਂ
> ਬੇਸ਼ਕ ਦੁੱਖਾਂ, ਕੁਬੋਲਾਂ, ਤੁਹਮਤਾਂ, ਗੁਰਬਤ ਨੇ ਕੋਹ ਸੁੱਟਿਆ ਸੀ / ਸੁਹਜਵੰਨੀ ਸੀ ਚੰਦਰਭਾਗਾ
> ... ... ... ...
> ... ... ... ...
> ਲੋਕਾਂ ਨੇ ਪਛਾਣ ਲਿਆ ਹੈ ਸ਼ਿਲਪੀ ਕਮਲ / ਰਤਨ ਪਦਕ ਵੱਡੀ ਪਛਾਣ ਹੈ
> ਚੰਦਰਭਾਗਾ ਦੇ ਕੰਨਾ 'ਚ ਵੀ / ਕਮਲ ਦਾ ਨਾਂ ਪਿਆ
> ਕਮਲ ਦੇ ਮਨ ਨੇ ਵੀ / ਮਹਿਲਾ ਨੂੰ ਵੀ ਚੰਦਰਭਾਗਾ ਚਿਤਵਿਆ
> ਪਲ ਦੀ ਪਲ ਨਜ਼ਰ ਮਿਲੀ / ਕੀਲੇ ਗਏ ਦੋ ਦਿਲ, ਘੜੀ ਦੋ ਘੜੀ
>
> ਸੱਸ ਵੀ ਨਾਲ ਹੀ ਕਿਧਰੇ ਹੈ / ਸੜਕੇ ਕੋਲਾ ਹੋ ਗਈ
> ਕਲਹਿਣੀ ਬੋਲ-ਬਾਣੀ ਚੰਦਰਾ ਦੇ ਹਿਰਦੇ ਨੂੰ ਚੀਰਦਾ
> ਕਹਿੰਦੀ ਹੈ :
> "ਮੈਂ ਤਾਂ ਕੋਮਲ-ਅੰਗੀ ਵਧੂ, ਪੁੱਤਰ ਲਈ ਚੁਣ ਚੁਕੀ ਹਾਂ / ਤੂੰ ਫੇਰ ਆ ਗਈ ਕੁਲੱਛਣਾ ਮੂੰਹ ਲੈਕੇ"
> ... ... ... ...
> ਸ਼ਾਇਦ ਇਹ ਆਖ਼ਰੀ ਵੇਲਾ ਸੀ / ਦੋ ਸੁੱਚੀਆਂ ਆਤਮਾਵਾਂ ਦੇ ਮਿਲਣ ਦਾ

ਉਹੀ, ਪੰਨਾ- 109-110

"ਕੌਣੇ ਦਾ ਸੂਰਜ" ਕਵਿਤਾ ਵਿੱਚ ਪੇਸ਼ ਸਾਰੇ ਬਿਰਤਾਂਤ ਦਾ ਅੰਤ ਅਤਿ ਦੁਖਾਂਤਕ ਹੈ।

ਮੋਹਨਜੀਤ ਇਸ ਦੁਖਾਂਤਕ ਪਰੰਪਰਾ ਨੂੰ ਬਾਖ਼ੂਬੀ ਨਿਭਾਉਂਦਾ ਹੈ। ਪਰ ਇਸ ਰਚਨਾ ਦੇ ਪਾਠ ਵਿੱਚ ਪੇਸ਼ ਦੁਖਾਂਤ ਨੂੰ ਭਾਰਤੀ ਪਰੰਪਰਾ ਮੁਤਾਬਕ ਸੁਖਾਂਤਕ ਛੂਹਾਂ ਦੇਣ ਦਾ ਯਤਨ ਵੀ ਨਜ਼ਰ ਆਉਂਦਾ ਹੈ। ਭਾਰਤੀ ਪਰੰਪਰਾ ਪਾਠਕ ਦੇ ਵਿਰੇਚਨ ਦਾ ਧਿਆਨ ਵੀ ਰੱਖਦੀ ਹੈ। ਯੂਨਾਨੀ ਅਤੇ ਭਾਰਤੀ ਪਰੰਪਰਾ ਦੇ ਦੁਖਾਂਤਕ ਯਾਨਰ ਨੂੰ ਸਾਂਝੇ ਤੌਰ 'ਤੇ ਪੇਸ਼ ਕਰ ਰਿਹਾ ਪ੍ਰਤੀਤ ਹੁੰਦਾ ਹੈ। ਇਸ ਰਚਨਾ ਵਿਚ ਆਤਮਾਵਾਂ ਦੇ ਅਮਰਤਵ ਦੀ ਮਿੱਥ ਰਾਹੀਂ ਪਾਠਕ ਦੀ ਤਸੱਲੀ ਹੁੰਦੀ ਵੀ ਹੈ। 'ਵਿਦਾ ਅੰਤ ਵੀ ਹੈ ਅੰਤ ਤੋਂ ਪਰੇ ਵੀ' ਦੇ ਕਵੀਓ ਵਾਕ ਰਾਹੀਂ ਮੋਹਨਜੀਤ ਇਸ ਅਮਰਤਵ ਨੂੰ ਪੇਸ਼ ਕਰਦਾ ਹੈ। ਉਹ ਉਤਕਲ ਦੀ ਭੌਂ ਨੂੰ ਨਿੰਦਣ ਦੀ ਬਜਾਏ, ਵਡਿਆਉਂਦਾ ਹੈ ਜਿਸ ਨੇ ਅਜਿਹੇ ਸਿਦਕਵਾਨ ਪਾਤਰ/ਨਾਇਕ ਪੈਦਾ ਕੀਤੇ :

> ਵਿਦਾ ਅੰਤ ਵੀ ਹੈ / ਅੰਤ ਤੋਂ ਪਰੇ ਵੀ ਹੈ
> ਅੰਤ ਸੀ / ਚੰਦਰਭਾਮਾ ਤੇ ਨਸਲ ਜੁਦਾ ਹੋਏ
> ਅੰਤ ਤੋਂ ਪਰੇ / ਕਲਾ ਹੈ
> ਸ਼ਿਲਪ ਤੇ ਸ਼ਾਹਕਾਰ / ਜਿਨ੍ਹਾਂ 'ਚ ਚੰਦਰਭਾਮਾ ਦੀ ਪ੍ਰਤਿਮਾ ਹੈ
> ਜਦ ਤੱਕ ਕੌਣਾਰਕ ਹੈ / ਸ਼ਿਲਪਾ ਚਿਰੰਜੀਵੀ ਹੈ
> ਸ਼ਿਲਪੀ ਅਮਰ ਹੈ / ਵਡਭਾਗੀ ਹੈ ਉਤਕਲ ਦੀ ਭੌਂ — ਉਹੀ, ਪੰਨਾ 11●

'ਕੋਣੇ ਦਾ ਸੂਰਜ' ਕਈ ਮਾਅਨਿਆਂ 'ਚ ਇੱਕ ਖ਼ਾਸ ਸਾਹਿਤਕ ਕਿਰਤ ਹੈ। ਆਧੁਨਿਕ ਲੰਮੀ ਕਵਿਤਾ ਦੇ ਯਾਨਰ ਵਿੱਚ ਇਹ ਮਹਾਕਾਵਿਕ ਗੁਣਾਂ ਨਾਲ ਲਬਰੇਜ਼ ਹੈ। ਮੋਹਨਜੀਤ ਇਸ ਰਚਨਾ ਦੇ ਕਾਵਿ-ਬਿਰਤਾਂਤਾਂ ਵਿਚ, ਕੇਵਲ ਕਹਾਣੀਆਂ ਨਹੀਂ ਦੱਸਦਾ, ਕਹਾਣੀਆਂ ਵਿਚ ਕਰਮ ਕਰ ਰਹੇ ਪਾਤਰਾਂ ਨੂੰ ਧੁਰ ਅੰਦਰੋਂ ਸਮਝਦਾ ਹੈ। ਪਾਤਰਾਂ ਦੀਆਂ ਹੋਣੀਆਂ ਅਤੇ ਪੀੜਾਂ ਦੇ ਘਟਨਾ-ਕ੍ਰਮ ਦੀ ਕਾਵਿਕ ਪੇਸ਼ਕਾਰੀ ਪੜ੍ਹਦਿਆਂ ਪਾਠਕ ਹਲੂਣਿਆ ਜਾਂਦਾ ਹੈ। ਆਧੁਨਿਕ ਲੰਮੀ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਇਹ ਰਚਨਾ, ਸ਼ਿਵ ਦੀ 'ਲੂਣਾ' ਤੋਂ ਬਾਅਦ ਦੀ ਮਹਾਂਕਾਵਿਕ ਰਚਨਾ ਹੈ। ਇਸ ਰਚਨਾ ਦੇ ਵਿਸਥਾਰ ਵਿਚ ਕੌਣਾਰਕ ਮੰਦਿਰ ਦੀ ਕਲਾ ਦੇ ਅਦਭੁਤ ਦ੍ਰਿਸ਼ਾਂ ਦਾ ਵਰਣਨ, ਮੰਦਿਰ ਦੇ ਤਿੰਨੇ ਮੰਡਪਾਂ ਦਾ ਵਿਸਥਾਰ, ਪ੍ਰਤਿਮਾਵਾਂ ਬਣੀਆਂ ਦੇਵਦਾਸੀਆਂ ਦੀਆਂ ਮੁਦਰਾਵਾਂ ਅਤੇ ਮਨੋ-ਸਥਿਤੀ, ਚੰਦਰਭਾਮਾ, ਸ਼ਿਲਪਾ, ਵਿਸ਼ਨੂੰ ਕਮਲ ਅਤੇ ਧਮਪਦ ਆਦਿ ਨਾਇਕ ਪਾਤਰਾਂ ਦੀ ਪਾਤਰ-ਉਸਾਰੀ ਆਦਿ ਦਾ ਵਰਣਨ ਹੈਰਾਨ ਕਰਦਾ ਹੈ। ਸਭ ਤੋਂ ਵੱਧ ਇਸ ਰਚਨਾ ਦੀ ਭਾਸ਼ਾ ਅਤੇ ਸ਼ਬਦਾਵਲੀ ਹੈਰਾਨ ਕਰਦੀ ਹੈ – ਇਹ ਕਵਿਤਾ ਜ਼ਰੂਰ ਆਧੁਨਿਕ ਇੱਕੀਵੀਂ ਸਦੀ ਦੇ ਦੂਜੇ ਦਹਾਕੇ 'ਚ ਲਿਖੀ ਗਈ ਹੈ ਪਰ ਇਸ ਕਵਿਤਾ 'ਚ ਭਾਸ਼ਾ ਦੀ ਮੁਹਾਰਤ ਨਾਲ ਤੇਰਵੀਂ ਸਦੀ ਦੇ ਉਤਕਲ ਰਾਜ ਦਾ ਮਾਹੌਲ ਉਸਾਰ ਦਿੱਤਾ ਗਿਆ ਹੈ। ਮੋਹਨਜੀਤ ਇਸ ਰਚਨਾ ਨੂੰ ਮਹਾਂਕਾਵਿਕ ਰਚਨਾ ਤੇ ਦੌਰ 'ਤੇ ਵਿਸਥਾਰਦਾ ਵੀ ਹੈ ਪਰ ਨਾਲ ਉਹ ਆਪਣੇ ਮੁੱਖ ਥੀਮ 'ਤੇ ਫੋਕਸ ਵੀ ਰੱਖਦਾ ਹੈ। ਕਹਾਣੀ ਸੁਣਾਉਣਾ ਉਸਦਾ ਉਦੇਸ਼ ਨਹੀਂ, ਕਹਾਣੀ ਦੇ ਬਹਾਨੇ ਕਹਾਣੀ ਨਾਲ ਜੁੜੀਆਂ ਲੋਕ-ਮਨੌਤਾਂ ਨੂੰ ਪ੍ਰਸ਼ਨਚਿੰਨਤ ਕਰਨਾ ਉਸਦਾ ਉਦੇਸ਼ ਹੈ। ਰਚਨਾ ਦੀਆਂ ਘਟਨਾਵਾਂ ਅਤੇ 'ਕਵੀਓ ਵਾਚ' ਦਾ ਉਦੇਸ਼ ਹੈ। ਰਚਨਾ ਦੀਆਂ ਘਟਨਾਵਾਂ ਅਤੇ 'ਕਵੀਉ ਵਾਚ' ਦਾ ਲੇਖਿਕ ਟਿੱਪਣੀਆਂ 'ਚ ਸਾਂਝ ਬਰਕਰਾਰ ਹੈ। ਮੋਹਨਜੀਤ ਦੇ 'ਕਵੀ ਕਥਨ' ਇਸ ਰਚਨਾ ਦੇ ਥੀਮ ਨੂੰ ਹੋਰ ਸੰਘਣਾ ਅਤੇ ਪੜ੍ਹਨਯੋਗ ਬਣਾਉਂਦੇ ਹਨ। ਇੱਥੋਂ ਤੱਕ ਕਿ ਇਸ ਰਚਨਾ ਦੇ ਦੂਜੇ ਭਾਗ ਵਿਚ ਜਿਹੜੇ ਦੋ ਪ੍ਰਗੀਤ 'ਕਾਮਨ ਆਢਾ ਲਾਇਆ', 'ਨਦੀਏ ਨੀ ਤੇਰਾ ਨੀਰ ਡੋਲਦਾ' ਸ਼ਾਮਿਲ ਹਨ, ਵੀ ਰਚਨਾ ਦੇ ਕੇਂਦਰੀ ਥੀਮ ਨੂੰ ਹੀ ਉਘਾੜਦੇ ਹਨ। ਦੋਨੋਂ ਪ੍ਰਗੀਤਾਂ ਵਿਚ ਵੈਰਾਗ, ਬਿਰਹਾ ਅਤੇ ਕਾਮਨਾ ਦਾ ਥੀਮ ਗੂੜ੍ਹਾ ਹੁੰਦਾ ਹੈ :

> (ੳ) ਇੱਕ ਮੈਂ ਲੱਭਾ ਚੰਨਣ ਦਾ ਰੁੱਖ / ਇਕ ਬਾਬੁਲ ਨੂੰ ਲੱਭਾ
> ਜੇ ਉਹ ਪੁੱਛੇ ਮਨ ਦੀ ਚਾਹਤ / ਵਰ ਦੀ ਇੱਛਾ ਦੱਸਾਂ
> ਉਮਰ ਦੀ ਏਸ ਦੁਪਹਿਰੇ ਸਖੀਏ / ਕਾਮਣ ਆਢਾ ਲਾਇਆ ...
>
> (ਅ) ਅਨਕ ਤਰ੍ਹਾਂ ਦੇ ਰੰਗਾਂ ਵਾਲੇ / ਮਨ ਨੇ ਨਕਸ਼ ਚਿਤਾਰੇ

ਕੁਝ ਰਾਤਾਂ ਨੂੰ ਚੰਨ ਮਿਲ ਗਏ / ਕੁਝ ਦੁਪਹਿਰਾਂ ਤਾਰੇ
ਕਿਸੇ ਨਾ ਧਰਤੀ ਕਾਗਦੁ ਲਿਖਿਆ / ਅੰਤਰ ਪੀੜ ਪਛਾਣੀ
… … … …
ਭਰ ਉਮਰ ਦਾ ਬਿਰਹਾ ਦਿੱਤਾ / ਸਣ ਬਿਰਹਾ ਦਾ ਚੇਤਾ
… … … …
… … … …
ਪਿੱਛੋਂ ਰੂਹ ਦੇ ਰਿਸ਼ਤੇ, ਪਹਿਲਾਂ / ਜਿਸਮ 'ਤੇ ਮੁੱਕੀਆਂ ਗੱਲਾਂ
ਕੁਝ ਇਛਾਵਾਂ ਖਲ ਵਿਚ ਸੜੀਆਂ / ਕੁਝ ਰੂੜੀਆਂ ਵਿੱਚ ਛੱਲਾਂ
ਜੰਡ ਹੇਠਾਂ ਜਾਂ ਜੰਗਲ ਬੇਲੇ / ਚਾਹਤ ਕਰੇ ਕਹਾਣੀ
ਨਦੀਏ ਨੀ ਤੇਰਾ ਨੀਰ ਡੋਲਦਾ … ਪੰਨਾ 113

ਇਸ ਰਚਨਾ ਦੀਆਂ ਅਨੇਕਾਂ ਪੜ੍ਹਤਾਂ ਹੋ ਸਕਦੀਆਂ ਹਨ। ਮੈਂ ਇਸ ਰਚਨਾ ਦਾ ਇੱਕ ਮਹੱਤਵਪੂਰਣ ਪੜ੍ਹਤ, ਨਾਰੀ-ਪਾਠ ਦੇ ਤੌਰ 'ਤੇ ਸਮਝਦਾ ਹਾਂ। ਮੋਹਨਜੀਤ ਜਿਸ ਵਿਸਥਾਰ ਅਤੇ ਇਸਤਰੀ ਦੇ ਮਨੋਵਿਗਿਆਨ 'ਚ ਲਹਿ ਕੇ ਔਰਤ ਦੇ ਵੈਰਾਗ, ਬਿਰਹਾ, ਹੋਣ ਵਾਲੇ ਪੁੱਤਰ ਦਾ ਚਿਤਵਨ, ਗਰਭਵਤੀ ਔਰਤ ਦੀ ਮਨੋ-ਦਸ਼ਾ, ਪਤਨੀ ਦਾ ਪਤੀ ਤੋਂ ਦੂਰ ਰਹਿਣ ਦਾ ਵੈਰਾਗ ਔਰਤ ਦੀ ਕਾਮਨਾ ਦੇ ਸੁਹਜ-ਚਿੱਤਰ, ਦੇਵਦਾਸੀਆਂ ਦੀ ਪ੍ਰਤਿਮਾਵਾਂ ਦਾ ਵਰਣਨ, ਚੰਦਰਭਾਮਾ ਅਤੇ ਸ਼ਿਲਪਾ ਦੀ ਕੁਰਬਾਨੀ ਦੀਆਂ ਘਟਨਾਵਾਂ ਦਾ ਵਰਣਨ ਆਦਿ ਦੀ ਕਾਵਿ ਪੇਸ਼ਕਾਰੀ ਇਸ ਰਚਨਾ ਨੂੰ ਇਕ ਸ਼ਕਤੀਸ਼ਾਲੀ ਨਾਰੀ ਪਾਠ ਬਣਾਉਂਦੀ ਹੈ। ਵੈਰਾਗ ਅਤੇ ਬੇਗਾਨਗੀ ਦੇ ਥੀਮ ਵਿਚ ਮਰਦ ਪਾਤਰ ਵੀ ਸ਼ਾਮਿਲ ਹਨ ਪਰ ਮੋਹਨਜੀਤ ਔਰਤ-ਪਾਤਰਾਂ ਨੂੰ ਵਧੇਰੇ ਵਿਸਥਾਰ ਨਾਲ ਚਿਤਰਦਾ ਹੈ। ਔਰਤ ਪਾਤਰਾਂ ਦੀ ਮਨੋ-ਦਸ਼ਾ ਦੇ ਮਨੋਵਿਗਿਆਨ 'ਚ ਲਹਿ ਜਾਣ ਦੀ ਮੋਹਨਜੀਤ ਦੀ ਸਮਰਥਾ ਹੈਰਾਨ ਕਰਦੀ ਹੈ। ਉਤਕਲ ਰਾਜ ਦੇ ਸ਼ਿਲਪੀਆਂ ਤੇਰਵੀਂ ਸਦੀ ਵਿੱਚ ਅਤੇ ਕਿਰਤੀਆਂ ਨੇ ਆਪਣੀ ਕਿਰਤ ਅਤੇ ਕਲਾ ਦੀ ਅਦਭੁੱਤ ਯੋਗਤਾ ਸਦਕਾ ਕੌਣਾਰਕ ਮੰਦਰ ਦੇ ਰੂਪ ਵਿਚ ਪੱਥਰਾਂ 'ਚ ਰੂਹ ਫੂਕੀ ਸੀ ਅਤੇ ਹੁਣ ਇੱਕੀਵੀਂ ਸਦੀ ਵਿਚ ਮੋਹਨਜੀਤ ਨੇ ਕਵਿਤਾ ਦੀ ਭਾਸ਼ਾ ਵਿੱਚ ਇਨ੍ਹਾਂ ਸ਼ਿਲਪੀਆਂ ਅਤੇ ਕਿਰਤੀਆਂ ਦੀ ਹੋਣੀ ਦੇ ਸੱਚ ਨੂੰ ਬਿਆਨ ਕਰਨ "ਕੋਣੇ ਦਾ ਸੂਰਜ" ਦੀ ਸਿਰਜਣਾ ਕੀਤੀ ਹੈ। ਰੂਹ ਫੂਕਣਾ ਹੀ ਪ੍ਰਤੀਬੱਧਤਾ ਹੈ। ਪ੍ਰਤੀਬੱਧਤਾ ਹੀ ਕਿਸੇ ਧਿਰ ਨੂੰ ਐਨੀ ਸ਼ਿੱਦਤ ਨਾਲ ਪੇਸ਼ ਕਰਨ ਦੀ ਯੋਗਤਾ ਨਜ਼ਰ ਆਉਂਦੀ ਹੈ। ਕੋਣੇ ਦਾ ਸੂਰਜ ਆਧੁਨਿਕ ਪੰਜਾਬੀ ਕਥਾ-ਕਾਵਿ ਦਾ ਹਾਸਿਲ ਹੈ। ਇਸ ਰਚਨਾ ਦਾ ਵਿਚਾਰਧਾਰਕ ਸੰਵਾਦ ਅਤੇ ਕਾਵਿ-ਭਾਸ਼ਾ ਦੀ ਸੁਹਜਾਤਮਕ ਬੁਣਤ ਪਾਠਕ ਨੂੰ ਚਕ੍ਰਿਤ ਕਰਦੀ ਹੈ। ਪਾਠਕ ਕੋਣਾਰਕ ਮੰਦਿਰ ਦੀ ਕਲਾਤਮਕ ਸੁੰਦਰਤਾ ਦੇ ਅਦਭੁਤ ਦ੍ਰਿਸ਼ਾਂ ਨੂੰ, ਮੋਹਨਜੀਤ ਦੇ ਨਜ਼ਰੀਏ ਤੋਂ ਪੜ੍ਹਦਿਆਂ ਇਤਿਹਾਸ/ਮਿਥਿਹਾਸ ਵੱਲ ਕਲਾ ਅਤੇ ਸੁਹਜ ਦੇ ਜਗਤ ਵਿਚ ਸੱਤਾ ਦੇ ਦਮਨ ਦੇ ਸੱਚ ਸਨਮੁੱਖ ਹੁੰਦਾ ਹੈ ਅਤੇ ਉਸਦੇ ਜ਼ਿਹਨ 'ਚ ਸੱਤਾ ਦੇ ਦਮਨਕਾਰੀ ਖਾਸੇ ਪ੍ਰਤੀ ਨਵੇਂ ਪ੍ਰਸ਼ਨ ਪੈਦਾ ਹੁੰਦੇ ਹਨ। ਮੋਹਨਜੀਤ ਇਸ ਮੰਦਿਰ ਦੀ ਅਦਭੁਤ ਕਲਾ ਦੇ ਸੁਹਜ-ਭਰਪੂਰ ਚਿੱਤਰ ਖਿੱਚਦਾ ਹੋਇਆ, ਇਸ ਭਵਨ-ਨਿਰਮਾਣ ਕਲਾ ਦੇ ਪ੍ਰਤੀਕ-ਪ੍ਰਬੰਧ ਵਿਚਲੀਆਂ ਦਾਮਨਿਤ ਧੁਨੀਆਂ ਅਤੇ ਪਰਤਾਂ ਤੱਕ ਪਹੁੰਚਦਾ ਹੈ। ਸਾਹਿਤ ਕਿਉਂਕਿ ਇਤਿਹਾਸ ਅਤੇ ਮਿਥਿਹਾਸ ਦੀ ਵਿਆਖਿਆ ਜਾਂ ਪ੍ਰਛਾਵਾਂ ਮਾਤਰ ਨਹੀਂ ਹੁੰਦਾ ਸਗੋਂ ਇਨ੍ਹਾਂ ਦੀ ਮਾਨਵੀ ਪੜਚੋਲ ਵੀ ਹੁੰਦਾ ਹੈ - ਮੋਹਨਜੀਤ ਇਸ ਮੰਦਿਰ ਦੀ ਉਸਾਰੀ ਨਾਲ ਜੁੜੀਆਂ ਇਤਿਹਾਸਕ ਅਤੇ ਲੋਕ-ਮਨੌਤਾਂ ਦੀ ਪੜਚੋਲ ਕਰਦਾ ਹੈ। ਮੋਹਨਜੀਤ ਸੱਤਾ ਦੇ ਦਾਮਨਿਤ ਰੂਪ ਵਿੱਚੋਂ ਵੀ ਅਤਿ ਸੂਖਮ ਅਤੇ ਮੂਲ ਮਾਨਵੀ ਖੇਤਰ ਨੂੰ ਰਚਨਾ ਦਾ ਕੇਂਦਰ ਬਣਾਉਂਦਾ ਹੈ। ਇਹ ਦਾਮਨਿਤ ਖੇਤਰ ਮਾਨਵੀ ਸੰਵੇਦਨਾ ਦੀ ਲਿਬੀਡੋ ਦਾ ਹੈ ਜਿਸਨੂੰ ਸੱਤਾ ਪ੍ਰਵਚਨ, ਆਪਣੀ ਸ਼ੌਹਰਤ ਅਤੇ ਗੌਰਵ ਲਈ ਦਾਮਨਿਤ ਕਰਦਾ ਹੈ। ਸੱਤਾ ਦੇ ਇਸ ਦਾਮਨਿਤ ਪ੍ਰਵਚਨ ਦੇ ਵਿਰੋਧ ਵਿੱਚ, ਮੋਹਨਜੀਤ ਮਾਨਵ ਦੀ ਮੂਲ ਲਿਬੀਡੋ ਦੇ ਸੰਵੇਦਨੀ ਰੂਪ ਦੀ ਕੁਰਲਾਹਟ ਦੀ ਧੁਨੀਆਂ ਨੂੰ ਉਜਾਗਰ ਕਰਕੇ ਨਵੇਂ ਪ੍ਰਸ਼ਨ ਪੈਦਾ ਕਰਦਾ ਦਿੰਦਾ ਹੈ। ❿

*ਨਿਬੰਧ*

# ਰੰਗ : ਸੁਹਜ, ਸੰਵੇਦਨਾ ਤੇ ਚਿੰਤਨ

ਜਤਿੰਦਰ ਸਿੰਘ

ਬੰਦੇ ਦੀ ਜ਼ਿੰਦਗੀ ਵਿਚ ਰੰਗਾਂ ਦੀ ਬਹੁਤ ਮਹੱਤਤਾ ਹੈ। ਰੰਗਾਂ ਤੋਂ ਬਿਨਾਂ ਜੀਵਨ ਨੀਰਸ ਹੈ। ਰੰਗਾਂ ਰਾਹੀਂ ਹੀ ਮਨੁੱਖੀ ਮਨ ਦੀਆਂ ਪਰਤਾਂ ਅੰਦਰ ਝਾਕਿਆ ਜਾ ਸਕਦਾ ਹੈ ਅਤੇ ਇਹਨਾ ਨਾਲ ਹੀ ਬੰਦੇ ਦੇ ਹਾਵ-ਭਾਵ ਨੂੰ ਸਮਝਣ-ਸਮਝਾਉਣ ਦਾ ਉਪਰਾਲਾ ਹੁੰਦਾ ਹੈ। ਰੰਗ ਸਿਰਫ਼ ਦ੍ਰਿਸ਼ਾਂ ਨੂੰ ਮੂਰਤੀਮਾਨ ਹੀ ਨਹੀਂ ਕਰਦੇ ਸਗੋਂ ਜ਼ਿੰਦਗੀ ਦੇ ਹਰੇਕ ਪਹਿਲੂ ਦੀ ਤਸਵੀਰ ਵੀ ਉਘਾੜਦੇ ਹਨ। ਰੰਗ ਬੰਦੇ ਦੇ ਚੇਤਨ ਅਤੇ ਅਵਚੇਤਨ ਨੂੰ ਪਕੜਦੇ, ਸਮਝਦੇ ਅਤੇ ਵਿਸਤਾਰਦੇ ਹਨ। ਰੰਗਾਂ ਦਾ ਆਪਣਾ ਸੰਸਾਰ ਹੈ, ਆਪਣਾ ਪ੍ਰਭਾਵ ਵੀ ਹੈ ਅਤੇ ਆਪਣੇ ਜੜ੍ਹਤਾ-ਅਜੜ੍ਹਤਾ ਹੈ। ਇਸੇ ਲਈ ਦਰਸ਼ਨ ਅਤੇ ਸਾਹਿਤ ਵਿਚ ਰੰਗਾਂ ਦੇ ਮਾਧਿਅਮ ਰਾਹੀ ਜੀਵਨ ਦੇ ਸਥੂਲ ਅਤੇ ਅਸਥੂਲ ਵਰਤਾਰਿਆਂ ਨੂੰ ਪੂਰਨ ਕੀਤਾ ਗਿਆ ਹੈ ਜੀਵਨ ਦੇ ਰਹੱਸ ਨੂੰ ਰੰਗਾਂ ਦੇ ਦ੍ਰਿਸ਼ਾਂ ਰਾਹੀਂ ਬਿਆਨਿਆ ਗਿਆ ਹੈ। ਰੰਗ ਹੀ ਬੰਦੇ ਨੂੰ ਕੁਦਰਤ ਤੇ ਸਮਾਜਕ ਵਰਤਾਰੇ ਦੇ ਆਪਸੀ ਸਬੰਧ ਨੂੰ ਸਮਝਣ ਵਿਚ ਸਹਾਈ ਹੁੰਦੇ ਹਨ। ਬੰਦੇ ਦੀ ਅੱਖ ਰੰਗਾਂ ਦੀ ਪਛਾਣ ਕਰਾਉਣੀ ਸਿਖਾਉਂਦੀ ਹੈ। ਇਹ ਪਛਾਣ ਉਸਦੀ ਸਮਾਜਕ, ਰਾਜਨੀਤਕ, ਧਾਰਮਿਕ ਤੇ ਸਭਿਆਚਾਰਕ ਹੋਂਦ ਵਾਲੀ ਹੋ ਨਿਬੜਦੀ ਹੈ।

ਸਮਕਾਲੀ ਸਮਾਜ ਵਿਚ ਰੰਗਾਂ ਦਾ ਹੋਰ ਵੀ ਮਹੱਤਵ ਬਣ ਜਾਂਦਾ ਹੈ ਜਦੋਂ ਰੰਗਾਂ ਰਾਹੀਂ ਬੰਦੇ ਦੇ ਸੁਭਾਅ, ਵਿਚਾਰਾਂ, ਹੋਂਦ ਤੇ ਪਛਾਣ ਨੂੰ ਪਰਿਭਾਸ਼ਤ ਕੀਤਾ ਜਾਂਦਾ ਹੋਵੇ। ਮੋਟੇ ਤੌਰ ਹੁਣ ਤੱਕ ਰੰਗਾਂ ਨੂੰ ਨਸਲ, ਜਾਤ, ਧਰਮ ਤੇ ਵਰਗਾਂ ਤੱਕ ਹੀ ਪਰਿਭਾਸ਼ਤ ਗਿਆ ਹੈ। ਰੰਗਾਂ ਦੇ ਚਿੰਤਨ ਬਾਰੇ ਗੱਲ ਕਰਦਿਆਂ ਸਭ ਤੋਂ ਪਹਿਲਾਂ ਇਹ ਤੈਅ ਕਰ ਲੈਣਾ ਚਾਹੀਦਾ ਹੈ ਕਿ ਰੰਗਾਂ ਦਾ ਵਜੂਦ ਕੀ ਹੈ? ਭਾਵ ਰੰਗਾਂ ਦਾ ਆਧਾਰ ਕੀ ਹੈ ? ਰੰਗਾਂ ਨੂੰ ਜ਼ਿੰਦਗੀ ਦੇ ਪ੍ਰਸੰਗ ਵਿਚ ਵੇਖਣਾ ਚਾਹੀਦਾ ਹੈ ਨਾ ਕਿ ਮਕਾਨਕੀ ਢੰਗ ਵਾਂਙ। ਰੰਗਾਂ ਦੇ ਬੁਨਿਆਦੀ ਸੁਭਾਅ ਬਾਰੇ ਗੱਲ ਕਰੀਏ ਤਾਂ ਕਲਾ ਦੇ ਖੇਤਰ ਵਿੱਚ ਤਿੰਨ ਮੁਢਲੇ ਰੰਗ ਹਨ ਲਾਲ, ਪੀਲਾ ਤੇ ਨੀਲਾ ਅਤੇ ਵਿਗਿਆਨ ਦੇ ਖੇਤਰ ਵਿੱਚ ਪੀਲੇ ਦੀ ਜਗ੍ਹਾਂ ਹਰਾ ਹੋ ਜਾਂਦਾ ਹੈ। ਜਿਹਨਾਂ ਵਿਗਿਆਨੀ ਨੂੰ ਉਹ ਮੁਢਲੇ ਰੰਗ ਮੰਨਦੇ ਹਨ। ਕਿ ਇਹ ਰੰਗ ਪੰਜਾਬੀ ਬੰਦੇ ਦੇ ਮਨ ਅੰਦਰ ਕਿਵੇਂ ਸਮਾਈ ਬੈਠੇ ਹਨ।

ਪੰਜਾਬ ਦੇ ਪ੍ਰਸੰਗ ਵਿਚ ਰੰਗਾਂ ਦੇ ਪ੍ਰਭਾਵ ਨੂੰ ਸਮਝਣ ਤੋਂ ਪਹਿਲਾਂ, ਇਥੋ ਦੇ ਭੂਗੋਲਕ ਖਿੱਤੇ ਬਾਰੇ ਸਮਝ ਜ਼ਰੂਰੀ ਹੋਣੀ ਚਾਹੀਦੀ ਹੈ ਜਿਸ ਵਿਚ ਰੁੱਤਾਂ, ਮੌਸਮਾਂ ਤੇ ਮਹੀਨਿਆਂ ਨੂੰ ਵੀ ਧਿਆਨ ਵਿੱਚ ਰੱਖਣਾ ਹੋਵੇਗਾ। ਇਸ ਤਰ੍ਹਾਂ ਨਾਲ ਰੰਗ ਹੀ ਬੰਦੇ ਦੀ ਸਮਾਜਕ, ਰਾਜਨੀਤਕ ਤੇ ਸਭਿਆਚਾਰਕ ਕੀਮਤਾਂ ਨੂੰ ਤੈਅ ਕਰਦੇ ਹਨ। ਇਸ ਦੇ ਪਛਾਣ ਚਿੰਨ੍ਹ ਗੁਰਬਾਣੀ, ਸੂਫ਼ੀ ਕਾਵਿ, ਕਿੱਸਾ ਕਾਵਿ, ਸਿੱਖ ਵਿਰਾਸਤ, ਇਤਿਹਾਸ ਤੇ ਲੋਕ ਸਭਿਆਚਾਰ ਵਿਚ ਵਿਦਮਾਨ ਹਨ। ਗੁਰਬਾਣੀ ਵਿਚ ਰੰਗਾਂ ਦਾ ਬਹੁਤ ਜ਼ਿਕਰ ਆਉਂਦਾ ਹੈ ਰੰਗਾਂ ਤੇ ਜ਼ਿੰਦਗੀ ਦਾ ਗੂੜ੍ਹਾ ਸਬੰਧ ਹੈ। ਗੁਰਬਾਣੀ ਵਿਚ ਗੁਰੂ ਨਾਨਕ ਸਾਹਿਬ ਰੰਗਾਂ ਦਾ ਵਿਵਰਣ ਚੇਤਨਾ ਦੀ ਪੱਧਰ 'ਤੇ ਕਰਦੇ ਹਨ। ਰੰਗ ਬੰਦੇ ਦੀ ਪਛਾਣ ਬਣਾਉਂਦੇ ਵੀ ਹਨ ਅਤੇ ਉਹ ਦੂਜਿਆਂ ਨਾਲੋਂ ਨਿਖੇੜਦੇ ਵੀ। ਪਰ ਗੁਰਬਾਣੀ ਵਿਚ ਇਸ ਤਰ੍ਹਾ ਦਾ ਵਿਚਾਰ ਸਿੱਧੇ ਤੌਰ ਤੇ ਨਹੀਂ ਹਨ। ਕਿਉਂਕਿ ਰੰਗਾਂ ਨੂੰ ਹੀ ਮਾਇਆ ਦਾ ਹਿੱਸਾ ਵੀ ਮੰਨਿਆ ਗਿਆ ਹੈ। ਇਸ ਲਈ ਜੋ ਮਾਇਆ ਨਹੀਂ ਹੈ ਉਸ ਦਾ ਰੰਗ ਕਿਹੜਾ ਹੈ? ਅਤੇ ਆਨੰਦ ਦੇਣ ਵਾਲੇ ਰੰਗ ਕਿਹੜੇ ਹਨ ਭਾਵ ਉਸ ਪ੍ਰਭੂ ਦਾ ਰੰਗ ਕਿਹੜਾ ਹੈ? ਜਿਸ ਵਿਚ ਰੰਗ ਕੇ ਬੰਦੇ ਦੀ ਅਵਸਥਾ ਆਨੰਦਮਈ ਹੋ ਜਾਵੇ :

1. ਰੰਗ ਮਾਣਿ ਲੈ ਪਿਆਰਿਆ ਜਾ ਜੋਬਨ ਨਉ ਹੁਲਾ।[1]
2. ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ  
   ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨਾ ਡੀਠ।[2]

ਇਥੇ ਹੁਣ ਇਹ ਵਿਚਾਰ ਬਣਦਾ ਹੈ ਕਿ ਉਸ ਪ੍ਰਭੂ/ ਪਰਮਾਤਮਾ ਦਾ ਕਿਹੜਾ ਰੰਗ ਹੈ? ਜਿਸਦੇ ਰੰਗ ਵਿਚ ਘੁਲ ਮਿਲ ਕੇ ਉਸ ਨਾਲ ਅਭੇਦ ਹੋ ਜਾਇਆ ਜਾਏ। ਦੂਜੇ ਪਾਸੇ ਮਾਇਆ ਦੇ ਵੀ ਆਪਣੇ ਰੰਗ ਹਨ। ਜਿਸ ਵਿਚ ਬੰਦੇ ਨੂੰ ਫਸਣ ਤੋਂ ਸੁਚੇਤ ਕੀਤਾ ਗਿਆ।

1. ਬਹੁ ਰੰਗ ਮਾਇਆ ਬਹੁ ਬਿਧਿ ਪੇਖੀ।
   ਕਲਮ ਕਾਗਦ ਸਿਆਨਪ ਲੇਖੀ।[3]
2. ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ ਬਿਖ ਸੋਰ ॥
   ਨਾਨਕ ਤਿਹ ਸਰਨੀ ਪਰਉ ਬਿਨਸਿ ਜਾਇ ਮੈ ਮੋਰ ॥੧॥[4]

ਗੁਰੂ ਨਾਨਕ ਸਾਹਿਬ ਅਕਾਲ ਪੁਰਖ ਦੇ ਰੰਗ ਲਈ ਜੋ ਸਪੱਸ਼ਟਤਾ ਨਾਲ ਆਪਣੇ ਵਿਚਾਰ ਪੇਸ਼ ਕਰਦੇ ਹਨ। ਉਹ ਉਸ ਸਮੇਂ ਦੇ ਹਾਲਾਤ ਤੇ ਵੀ ਨਿਰਭਰ ਕਰਦਾ ਹੈ। ਜੋ ਸਮਕਾਲੀ ਕਾਰਨ ਬਣਦੇ ਹਨ। ਗੁਰੂ ਸਾਹਿਬ ਨੇ ਜੋਗ ਮੱਤ ਨਾਲ ਸੰਵਾਦ ਰਚਾਇਆ। ਜਿੱਥੇ ਉਹ ਜੋਗ ਮੱਤ ਨੂੰ ਨਕਾਰਦੇ ਉਥੇ ਗੁਰੂ ਸਾਹਿਬ ਨੇ ਗ੍ਰਹਿਸਤੀ ਜੀਵਨ ਨੂੰ ਉਤਸ਼ਾਹ ਦਿੱਤਾ। ਨਾਲ ਹੀ ਗੁਰੂ ਸਾਹਿਬ ਨੇ ਪਾਂਧਿਆਂ ਵੱਲੋਂ ਦਿੱਤਾ ਜਨੇਊ ਨੂੰ ਪਾਉਣ ਤੋਂ ਇਨਕਾਰ ਨਹੀਂ ਕੀਤਾ ਪਰ ਉਹਨਾਂ ਦੇ ਮੁਤਾਬਕ ਜਿਸ ਤਰ੍ਹਾਂ ਦਾ ਜਨੇਊ ਹੋਵੇ ਤਾਂ ਉਹ ਪਹਿਨ ਲਈ ਹਾਮੀ ਭਰਦੇ ਹਨ। ਇਸੇ ਕਰਕੇ ਹੀ ਜੀਵਨ ਵਿਚ ਗ੍ਰਹਿਸਤੀ ਦੇ ਕੀ ਰੰਗ ਹੋਣੇ ਚਾਹੀਦੇ ਹਨ ਭਾਵ ਜ਼ਿੰਦਗੀ ਦੇ। ਇਹਨਾਂ ਤੁਕਾਂ ਤੋਂ ਹੋਰ ਵੀ ਸਪੱਸ਼ਟ ਤਾ ਨਜ਼ਰ ਆਉਂਦੀ ਹੈ:

ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ ॥
ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ ॥[5]

ਇੱਥੇ ਗੁਰੂ ਸਾਹਿਬ ਨੇ ਰੰਗਾਂ ਨੂੰ ਸਪੱਸ਼ਟ ਕਰ ਦਿੱਤਾ ਹੈ। ਕਿ ਉਸ ਪ੍ਰਭੂ ਦਾ ਰੰਗ ਕਿਹੜਾ ਹੈ। ਇਸੇ ਤਰ੍ਹਾਂ ਗੁਰਬਾਣੀ ਵਿਚ ਬਹੁਤ ਜ਼ਿਕਰ ਆਉਂਦਾ ਹੈ ਕਿ ਪ੍ਰਭੂ ਦਾ ਰੰਗ ਕਿਹੜਾ ਹੋਵੇ ਜਿਸ ਵਿਚ ਜੀਵ ਸਮਾ ਕੇ ਪ੍ਰਭੂ ਦੇ ਰੰਗ ਵਿਚ ਇੱਕ-ਮਿੱਕ ਹੋ ਜਾਵੇ। ਲਾਲ ਰੰਗ ਉਸ ਪਰਮਾਤਮਾ ਦਾ ਰੰਗ ਹੈ। ਜਿਸ ਵਿਚ ਰੰਗ ਕੇ ਬੰਦਾ ਪੂਰਨ ਹੁੰਦਾ ਹੈ।

1. ਜਉ ਗ੍ਰਿਹਿ ਲਾਲ ਰੰਗੀਓ ਆਇਆ
   ਤਉ ਮੈ ਸਭਿ ਸੁਖ ਪਾਏ ॥[6]
2. ਰਾਮ ਰੰਗੁ ਕਦੇ ਉਤਰਿ ਨ ਜਾਇ ॥
   ਗੁਰ ਪੂਰਾ ਜਿਸੁ ਦੇਇ ਬੁਝਾਇ ॥
   ਹਰਿ ਰੰਗ ਰਾਤਾ ਸੋ ਮਨੁ ਸਾਚਾ ॥
   ਲਾਲ ਰੰਗ ਪੂਰਨ ਪੁਰਖ ਬਿਧਾਤਾ ॥ ਰਹਾਉ ॥[7]
3. ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥
   ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥[8]
4. ਸਾਜਨ ਰਾਂਗਿ ਰੰਗੀਲੜੇ ਰੰਗ ਲਾਲੁ ਬਣਾਇਆ ॥[9]
5. ਲਾਲਨੁ ਲਾਲੁ ਲਾਲੁ ਹੈ ਰੰਗਨੁ ਮਨੁ ਰੰਗਨ ਕਉ ਗੁਰ ਦੀਜੈ ॥[10]

ਲਾਲ ਰੰਗ ਦੀਆਂ ਹੋਰ ਕਈ ਸੇਡਜ਼ ਹਨ। ਜਿਸ ਨੂੰ ਮਜੀਠ ਰੰਗ ਵਿਚ ਵੇਖ ਸਕਦੇ ਹਾਂ। ਕਿਉਂਕਿ ਮਜੀਠੀ, ਲਾਲ ਪੱਕਾ ਰੰਗ ਹੈ ਜਿਸ ਦੇ ਚੜ੍ਹਣ ਨਾਲ ਹੋਰ ਰੰਗ ਉਸ ਤੇ ਨਹੀਂ ਚੜ੍ਹਦਾ। ਭਾਵ ਗੁਰਬਾਣੀ ਵਿਚ ਮਾਇਆ ਬਹੁ ਰੰਗੀ ਹੈ। ਮਾਇਆ ਦੇ ਕਈ ਰੰਗ ਹਨ ਅਤੇ ਜਦੋਂ ਉਸ ਪ੍ਰਭੂ ਦਾ ਰੰਗ ਬੰਦੇ ਤੇ ਚੜ੍ਹਦਾ ਹੈ ਤਾਂ ਉਸ ਵਿਚ ਇਕ ਮਿਕ ਹੋ ਜਾਂਦਾ ਹੈ ਉਸ ਨੂੰ ਜੀਵ ਆਤਮਾ ਨੂੰ ਪਰਮਾਤਮਾ ਨਾਲੋ ਨਿਖੇੜਿਆ ਨਹੀਂ ਜਾ ਸਕਦਾ ਉਹ ਅਭੇਦ ਹੋ ਜਾਂਦੇ ਹਨ :

1. ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ ॥[11]
2. ਅਨਦਿਨੁ ਸਦਾ ਰਵੈ ਦਿਨੁ ਰਾਤੀ ਮਜੀਠੈ ਰੰਗੁ ਬਣਾਵਣਿਆ ॥[12]

3. ਅੰਦਰ ਰਚੇ ਸਚ ਰੰਗਿ ਜਿਉ ਮਜੀਠੈ ਲਾਲੁ ॥ [13]

4. ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥ [14]

ਹਿੰਦੋਸਤਾਨੀ ਸਭਿਅਤਾ ਵਿਚ ਲਾਲ ਰੰਗ ਅੱਗ ਤੇ ਖ਼ੂਨ ਦਾ ਸੂਚਕ ਹੈ ਜੋ ਬੰਦੇ ਅੰਦਰ ਊਰਜਾ/ਸ਼ਕਤੀ ਪੈਦਾ ਕਰਦੇ ਹਨ। ਜਿਸ ਨਾਲ ਉਸ ਦੇ ਇਰਾਦਿਆਂ ਵਿਚ ਮਜ਼ਬੂਤੀ ਆਉਂਦੀ ਹੈ। ਨਾਲ ਹੀ ਇਹ ਰੰਗ ਪਿਆਰ, ਖ਼ੁਸ਼ਹਾਲੀ, ਉਤਸ਼ਾਹ, ਅਧਿਆਤਮਤਾ ਦਾ ਪ੍ਰਤੀਕ ਹੈ। ਜਿਹੜੇ ਵਿਦਵਾਨ ਸਮਾਜਵਾਦ ਦੇ ਕਾਰਨ ਸਮਾਜ ਵਿਚ ਤਬਦੀਲੀ ਨੂੰ ਮੰਨਦੇ ਹਨ। ਉਹ ਵੀ ਇਸ ਰੰਗ ਨਾਲ ਸਾਂਝ ਬਣਾਉਂਦੇ ਹਨ। ਗੁਰਬਾਣੀ ਦਾ ਮੂਲ ਆਸ਼ਾ ਵੀ ਸਮਾਜਕ ਬਦਲਾਵ ਦਾ ਸੀ ਕਿ ਕਿਵੇਂ ਸਮਾਜਕ ਕੁਰੀਤੀਆਂ ਭਾਵ ਕਰਮ ਕਾਡਾਂ, ਤੋਂ ਲੋਕਾਂ ਦਾ ਖਹਿੜਾ ਛਡਾਇਆ ਜਾਵੇ। ਜਿਸ ਵਿਚ ਉਸ ਸਮੇਂ ਦੇ ਲੋਕ ਗ੍ਰਸਤ ਸਨ। ਬੰਦੇ ਨੂੰ ਵੀ ਉਹ ਮਾਇਆ ਦੇ ਭਰਮ ਭੁਲੇਖੇ ਵਿਚੋਂ ਬਾਹਰ ਕੱਢ ਕਿ ਉਸ ਦਾ ਪੁਨਰ ਜੀਵਨ ਨਿਰਧਾਰਨ ਕਰਨਾ ਹੀ ਗੁਰਬਾਣੀ ਦਾ ਮੁੱਖ ਉਦੇਸ਼ ਹੈ। ਇਹ ਭੁਲੇਖਾ ਰੰਗਾਂ ਰਾਹੀਂ ਵੀ ਕੱਢਿਆ ਗਿਆ ਹੈ।

ਪੰਜਾਬੀ ਸੂਫ਼ੀ ਕਾਵਿ ਪਰੰਪਰਾ ਵਿਚ ਰੰਗਾਂ ਨੂੰ ਬੜੀ ਸੂਖਮਤਾ ਤੇ ਸੁਹਜਾਤਮਕ ਲਹਿਜੇ ਰਾਹੀਂ ਚਿਤਰਿਆ ਗਿਆ ਹੈ। ਸੂਫ਼ੀ ਲਹਿਰ ਤਾਂ ਮੁਸਲਮ ਧਰਮ ਵਿਚ ਆਈ ਕੱਟੜਤਾ ਦੇ ਕਾਰਨ ਜੋ ਲੋਕ ਇਸ ਤੋਂ ਬੇਮੁਖ ਹੁੰਦੇ ਨਾਲ ਹੀ ਮੁਰਸ਼ਦ ਨੂੰ ਪਾਉਣ ਲਈ ਮੁਸਲਮ ਧਰਮ ਦੇ ਹੀ ਅਨੁਆਈ ਰਹਿ ਕੇ ਵੱਖਰਾ ਰਸਤਾ ਧਾਰਨ ਕਰ ਲੈਂਦੇ ਹਨ। ਸੁਲਤਾਨ ਬਾਹ ਦੀ ਇਹਨਾਂ ਕਾਫ਼ੀਆਂ ਵਿਚ ਰੰਗਾਂ ਦੀ ਸਾਂਝ ਨਾਲ ਆਪਣੇ ਮੁਰਸ਼ਦ ਨਾਲ ਇੱਕ-ਮਿੱਕ ਹੋਣ ਦੀ ਗੱਲ ਕਰਦਾ ਹੈ:

1. ਉਜੜ ਗਿਆ ਦੇ ਭੇਤ ਨਯਾਰੇ ॥
ਲੱਖ ਲਾਲ ਹਰ ਦਿੱਤੇ ਹੂ ॥
ਬਾਹੂ ਧੋਤਿਆਂ ਦਾਗ ਨ ਲਹਿੰਦੇ ॥
ਜੇਹੜੇ ਰੰਗ ਮਜੀਠੀ ਦਿੱਤੇ ਹੂ ॥ [15]

2. ਨ ਉਹ ਸੂਫ਼ੀ ਨ ਉਹ ਭੰਗੀ ॥
ਨਾ ਸਜਦਾ ਕਰਨ ਮਸੀਤੀ ਹੂ ॥
ਖ਼ਾਲਸ ਨੀਲ ਪੁਰਾਣੇ ਉੱਤੇ
ਨਹੀਂ ਚੜ੍ਹਦਾ ਰੰਗ ਮਜੀਠੀ ਹੂ ॥ [16]

ਇਸਲਾਮ ਦੀ ਸ਼ਰੀਅਤ ਦੇ ਕੱਟੜਤਾ ਤੋਂ ਸੂਫੀਮਤ ਦੇ ਲੋਕਾਂ ਨੇ ਆਪਣਾ ਪਾਸਾ ਵੱਟ ਕੇ ਦੂਜਾ ਰਾਹ ਅਖ਼ਤਿਆਰ ਕਰ ਲਿਆ। ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ ਵੀ ਇਸ ਤਰ੍ਹਾਂ ਦੀ ਕਨੋਸ ਮਿਲਦੀ ਹੈ।

1. ਜਿਸ ਨੂੰ ਇਸ਼ਕ ਹੈ ਲਾਲ ਦਾ ਸੋ ਲਾਲ ਹੋ ਜਾਵੇ।
ਲਾਲ ਕੇ ਗਹਿਣੇ ਸੋਹਣੇ ਸਾਥੀ, ਮਾਣੇ ਨਾਲ ਲੈ ਜਾਵਾਂ
ਸੁਣਿਆ ਹੋਕਾਂ ਮੈਂ ਦਿਲ ਗੁਜ਼ਰੀ ਮੈਂ ਭੀ ਲਾਲ ਲਿਆਵਾਂ
ਇਕ ਨਾ ਇਕ ਕੰਨਾ ਵਿਚ ਪਾ ਕੇ, ਲੋਕਾਂ ਨੂੰ ਵਿਖਲਾਵਾਂ
ਲੋਕ ਜਾਣਨ ਇਹ ਲਾਲਾ ਵਾਲੀ, ਲਈਆ ਮੈਂ ਭਰਮਾਏ। [17]

2. ਜੋ ਰੰਗ ਰੰਗਿਆ ਗੁੜ੍ਹਾ ਰੰਗਿਆ, ਮੁਰਸ਼ਦ ਵਾਲੀ ਲਾਲੀ ਓ ਯਾਰ। [18]

ਰੰਗ ਬਾਰੇ ਉਸ ਖਿੱਤੇ ਦੀ ਭੂਗੋਲਕ ਸਰੰਚਨਾ ਤੋਂ ਬਿਨਾਂ ਨਹੀਂ ਸਮਝਿਆ ਜਾ ਸਕਦਾ। ਸਿੱਖ ਇਤਿਹਾਸ ਤੇ ਪੰਜਾਬੀ ਲੋਕ ਸਭਿਆਚਾਰ ਵੱਲ ਝਾਤੀ ਮਾਰੀਏ ਤਾਂ ਉਸ ਵਿਚ ਬਸੰਤੀ ਰੰਗ ਉਘੜ ਕੇ ਸਾਮਹਣੇ ਆਉਂਦਾ ਹੈ ਜਿਸ ਨੂੰ ਪੀਲੇ ਦੇ ਸੰਦਰਭ ਵਿਚ ਲਿਆ ਜਾਂਦਾ ਹੈ। ਭਾਵੇਂ ਕਿ ਬਹੁਤ ਸਾਰੇ ਸਿੱਖ ਇਤਿਹਾਸਕਾਰਾਂ ਤੇ ਵਿਦਵਾਨਾਂ ਨੇ ਏਸ ਰੰਗ ਦੀ ਅਹਿਮੀਅਤ ਬਾਰੇ ਕੋਈ ਨਿੱਠ ਕੇ ਚਰਚਾ ਨਹੀਂ ਕੀਤੀ। ਪਰ ਸ੍ਰੀ ਗੁਰੂ ਹਰਗੋਬਿੰਦ ਜੀ ਜਦੋਂ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਰਦੇ ਹਨ ਤਾਂ ਅਤੇ ਉਸ ਸਮੇਂ ਉਹਨਾਂ ਨੇ ਮੀਰੀ ਤੇ ਪੀਰੀ (ਧਰਮ ਤੇ ਰਾਜਨੀਤੀ) ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਜਦੋਂ ਇਹ ਤਲਵਾਰਾਂ ਧਾਰਨ ਕਰਦੇ ਹਨ ਤਾਂ ਉਸ ਸਮੇਂ ਉਹ ਨਿਸ਼ਾਨ

ਸਾਹਿਬ ਵੀ ਅਕਾਲ ਤਖ਼ਤ 'ਤੇ ਚੜ੍ਹਾਉਂਦੇ ਹਨ ਪਹਿਲੀ ਵਾਰ ਉਹਨਾਂ ਵਲੋਂ ਬਸੰਤੀ ਰੰਗ ਦਾ ਨਿਸ਼ਾਨ ਸਾਹਿਬ ਚੜ੍ਹਾਇਆ ਗਿਆ। ਹੁਣ ਸਵਾਲ ਇਹ ਉਠਦਾ ਹੈ? ਕਿ ਬਸੰਤੀ ਰੰਗ ਵਿਚ ਏਨੀ ਕੀ ਜ਼ਰੂਰਤ ਬਣ ਗਈ ਕਿ ਕਾਰਨ ਬੜੇ ਸਿੱਧੇ ਤੇ ਸਪੱਸ਼ਟ ਹਨ ਇਸ ਦੇ ਕਾਰਨ ਸਿੱਖ ਇਤਿਹਾਸ ਤੇ ਸਭਿਆਚਾਰਕ ਧਰਾਤਲ 'ਚ ਵੇਖੇ ਜਾ ਸਕਦੇ ਹਨ ਕਿ ਬਸੰਤ ਰੁੱਤ ਦਾ ਆਗਮਨ ਚੇਤ ਮਹੀਨੇ ਤੋਂ ਹੀ ਹੋ ਜਾਂਦਾ ਹੈ ਜਦੋਂ ਦੇਸੀ ਮਹੀਨਿਆਂ ਦੀ ਸ਼ੁਰੂਆਤ ਹੁੰਦੀ ਹੈ। ਉਸ ਵਕਤ ਖੇਤਾਂ ਵਿਚ ਸਰੋਂ ਲਹਿਰਾ ਰਹੀ ਹੁੰਦੀ ਹੈ ਪੱਤਝੜ ਤੋਂ ਬਾਅਦ ਇਹ ਰੁੱਤ ਜ਼ਿੰਦਗੀ ਵਿਚ ਖੇੜਾ ਖੁਸ਼ੀਆਂ ਲੈ ਕੇ ਆਉਂਦੀ ਹੈ। ਇਹ ਰੁੱਤ ਆਜ਼ਾਦੀ ਦੀ ਪ੍ਰਤੀਕ ਹੈ।

1. ਰਿਦ ਬਸੰਤਿ ਭੈ ਭੀਤ ਦੂਤਹ ਕਰਮ ਕਰਤ ਮਹਾ ਨਿਰਮਲਹ ॥ [19]
2. ਚੜਿ ਚੇਤੁ ਬਸੰਤ ਮੇਰੇ ਪਿਆਰੇ ਭਲੀਆ ਰੁਤੇ ॥ [20]

ਜੇਕਰ ਲੋਕ ਸਭਿਆਚਾਰ ਦੀਆਂ ਪਰਤਾਂ ਨੂੰ ਫਰੋਲ ਲਿਆ ਜਾਵੇ ਤਾਂ ਲੋਕਾਂ ਦੇ ਖਾਣ ਪੀਣ ਰਹਿਣ-ਸਹਿਣ ਤੇ ਅੰਗ-ਸੰਗ ਇਹੋ ਹੀ ਰੰਗ ਸਮਾਇਆ ਬੈਠਾ ਹੈ। ਜਦੋਂ ਵੀ ਖੁਸ਼ੀ ਦੇ ਮੋਕੇ ਲੋਕ ਘਰਾਂ ਵਿੱਚ ਮਿੱਠੇ ਚੌਲ ਬਣਾਉਂਦੇ ਹਨ ਤਾਂ ਉਸ ਵੇਲੇ ਇਸੇ ਰੰਗ ਦਾ ਇਸਤਿਮਾਲ ਕਰਦੇ ਹਨ। ਜਿੱਥੇ ਉਪਜਾਊ ਧਰਤੀ ਤੇ ਪੈਦਾਵਾਰ ਧਰਤੀ ਦਾ ਸੰਕਲਪ ਪੇਸ਼ ਹੋਵੇਗਾ। ਉਥੇ ਨਾਲ ਹੀ ਇਹਨਾਂ ਰੰਗਾਂ ਦੀ ਮਹੱਤਤਾ ਵਧੇਰੇ ਬਣ ਜਾਂਦੀ ਹੈ।

ਪੰਜਾਬ ਕੱਲਰਾ ਤੇ ਬਰੋਟਿਆ ਦੀ ਧਰਤੀ ਵੀ ਰਹੀ ਹੈ। ਇੱਥੇ ਕਿੱਕਰ ਕੰਢਿਆ ਵਾਲਾ ਦਰੱਖਤ ਉੱਗਦਾ ਹੈ ਜਦੋਂ ਇਥੇ ਖੇੜੇ ਦੀ ਬਹਾਰ ਆਉਂਦੀ ਹੈ ਤਾਂ ਇਹਨਾਂ ਕਿੱਕਰਾਂ 'ਤੇ ਵੀ ਕੰਢਿਆਂ ਦੇ ਵਿਚੋਂ ਬਸੰਤੀ/ਪੀਲੇ ਰੰਗ ਦੇ ਫੁੱਲ ਭਾਅ ਮਾਰਦੇ ਹਨ। ਵਾਰਿਸ਼ ਸ਼ਾਹ ਵੀ ਆਪਣੀ ਸ਼ਾਹਕਾਰ ਰਚਨਾ ਹੀਰ ਵਿਚ ਵੱਖਰੇ ਵੱਖਰੇ ਰੰਗਾਂ ਬਾਰੇ ਲਿਖਦਾ ਹੈ ਕਿਉਂਕਿ ਉਹ ਸਮੁੱਚੇ ਪੰਜਾਬ ਦੀ ਤਸਵੀਰ ਉਘਾੜ ਰਿਹਾ ਹੈ:

ਵਾਰਿਸ ਸ਼ਾਹ ਵੀ ਲਿਖਦਾ ਹੈ :

1. ਲਾਲ ਘੱਗਰੇ ਕਾਢਵੇਂ ਨਾਲ ਮਸ਼ਰੂ, ਮੁਸ਼ਕੀ ਪੱਗਾਂ ਦੇ ਨਾਲ ਦੁਮੀਲੜੇ ਨੀ ਦਰਿਆਈ ਚੋਲੀਆਂ ਨਾਲ ਮਹਤੀਏ ਸਨ, ਕੀਮਖਾਬ ਤੇ ਚੁੰਨੀਆ ਪੀਲੜੇ ਨੀ। [21]
2. ਲਾਲ ਲੁੰਗੀਆ ਅਤੇ ਮਤਾਹ ਲਾਚੇ, ਨਾਲ ਰੇਸ਼ਮੀ ਖੇਸ ਸਲਾਹੀਆਂ ਨੀ। [22]

ਮੱਧਕਾਲੀਨ ਪੰਜਾਬੀ ਸਾਹਿਤ ਅਤੇ ਪੰਜਾਬ ਦੀ ਵਿਰਾਸਤ, ਪਰੰਪਰਾ ਤੇ ਲੋਕ ਸਭਿਆਚਾਰ ਬਾਰੇ ਚਿੰਤਨ ਕਰਦਿਆਂ, ਰੰਗਾਂ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਕਿਉਂਕਿ ਜੋ ਰੰਗਾਂ ਦੀ ਆਪਣੀ ਹੋਂਦ ਸਦਕਾ ਹੀ ਬੰਦੇ ਦੇ ਵਿਚਾਰਾਂ ਤੇ ਪ੍ਰਭਾਵ ਨੂੰ ਸਮੂਰਤ ਕੀਤਾ ਜਾ ਸਕਦਾ ਹੈ। ਗੁਰਬਾਣੀ ਦਾ ਅਧਿਐਨ ਕਰਦਿਆਂ ਪ੍ਰਭੂ ਦੇ ਰੰਗਾਂ, ਕੁਦਰਤ, ਮਾਇਆ 'ਤੇ ਹੋਰ ਕਈ ਭਰਮ ਭੁਲੇਖੇ ਪਾਉਣ ਵਾਲੇ ਰੰਗਾਂ ਦਾ ਚੇਤਨਾ ਦੀ ਪੱਧਰ 'ਤੇ ਵਿਚਾਰ ਕੀਤਾ ਗਿਆ ਹੈ। ਇਸੇ ਤਰ੍ਹਾਂ ਸਮੁੱਚੇ ਸੂਫ਼ੀ ਤੇ ਕਿੱਸ ਕਾਵਿ ਦੇ ਸੰਦਰਭ ਵਿਚ ਆਏ ਰੰਗਾਂ ਦੇ ਜ਼ਿਕਰ ਰਾਹੀਂ ਮਨੁੱਖੀ ਮਨ ਦੀਆਂ ਪਰਤਾਂ, ਇਤਿਹਾਸ ਦੀਆਂ ਗੁੰਝਲਾਂ ਖੋਲ੍ਹਣ ਦਾ ਯਤਨ ਕੀਤਾ ਜਾ ਸਕਦਾ ਹੈ। ਖ਼ਾਸ ਤੌਰ 'ਤੇ ਸਿੱਖ ਰਾਜ ਕਹਿ ਲਿਆ ਜਾਵੇ ਜਾਂ ਪੰਜਾਬ ਦੇ ਇਤਿਹਾਸ ਵਿਚ 17 ਵੀਂ ਸਦੀ ਤੋਂ ਲੈ ਕੇ ਵੀਹਵੀਂ ਸਦੀ 'ਤੇ ਬਾਅਦ ਹੁਣ ਤੱਕ ਇਹ ਰੰਗਾਂ ਦਾ ਸੁਭਾਅ ਵਿਚ ਕੀ ਤਬਦੀਲੀ ਵਾਪਰਦੀ ਹੈ? ਉਸ ਖਿੱਤੇ ਵਿਚ ਰਾਜਨੀਤਕ, ਇਤਿਹਾਸਕ ਤੇ ਸਭਿਆਚਾਰਕ ਬਦਲਾਅ ਦੇ ਕੀ ਕਾਰਨ ਬਣਦੇ ਹਨ। ਪੰਜਾਬ ਦੇ ਇਤਿਹਾਸਕਾਰਾਂ ਤੇ ਵਿਦਵਾਨਾਂ ਨੇ ਵੀ ਰੰਗਾਂ ਦੇ ਬਦਲਦੇ ਮੁਹਾਂਦਰੇ ਤੇ ਇਸ ਦੇ ਚਿਹਨੀਕਰਨ ਤੋਂ ਪਾਸਾ ਵੱਟੀ ਰੱਖਿਆ। ਮਹਾਰਾਜਾ ਰਣਜੀਤ ਸਿੰਘ, ਜਿਸ ਦੇ ਰਾਜ ਕਾਲ ਨੂੰ ਸਿੱਖ ਰਾਜ ਕਿਹਾ ਜਾਂਦਾ ਹੈ, ਜਦੋਂ ਉਹ ਆਪਣੀਆਂ ਫ਼ੌਜਾ ਨੂੰ ਪਹਾੜੀ ਰਾਜਾਂ ਜਾਂ ਅਫ਼ਗਾਨ ਨਾਲ ਯੁੱਧ ਕਰਦੇ ਹਨ ਤਾਂ ਕਿਸ ਰੰਗ ਦੇ ਝੰਡੇ ਹੇਠ ਸਿੱਖ ਯੁੱਧ ਕਰਦੇ ਸਨ ਜਾਂ ਫਿਰ ਸਿੱਖ ਐਂਗਲੋਂ ਯੁੱਧ ਵੇਲੇ ਅੰਗਰੇਜ਼ਾਂ ਨਾਲ ਲੜਦੇ ਸਮੇਂ ਪੰਜਾਬੀਆਂ ਦੇ ਝੰਡੇ ਦਾ ਰੰਗ ਕੀ ਸੀ ? ਇਸ ਤਰ੍ਹਾਂ ਦੇ ਅਨੇਕਾਂ ਸਵਾਲ ਪੰਜਾਬ ਦੇ ਇਤਿਹਾਸ ਵਿਚ ਦੱਬੇ ਪਏ ਹਨ ਜਿਹਨਾਂ ਬਾਰੇ ਚਿੰਤਨ ਦੀ ਲੋੜ ਹੈ ਰੰਗ ਦੇ ਬਦਲਦੇ ਮੁਹਾਂਦਰੇ ਬਾਰੇ ਵੀ ਤੇ ਇਸ ਦੇ ਰਾਜਨੀਤਕ ਤੇ ਇਤਿਹਾਸਕ ਕਾਰਨ ਕੀ ਸਨ ? ਉਹਨਾਂ ਨੂੰ ਪਛਾਣਨ ਸਮੇਂ ਦੀ ਲੋੜ ਹੈ। ਜਿਹੜਾ ਚਿੰਤਨ ਤੇ ਚੇਤਨਾ ਦੀ ਪੱਧਰ 'ਤੇ ਸਾਰਥਕ ਕਦਮ ਹੋਵੇਗਾ।

ਹਵਾਲੇ

1. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ– 23
2. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ– 722
3. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ– 179
4. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ– 251
5. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ– 1089
6. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ– 1266
7. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ– 194
8. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ– 18
9. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ– 797
10. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ– 1323
11. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ– 54
12. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ– 112
13. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ– 1278
14. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ– 722
15. ਸੁਲਤਾਨ ਬਾਹੂ ਜੀਵਨ ਤੇ ਕਵਿਤਾ, ਪੰਨਾ– 106
16. ਸੁਲਤਾਨ ਬਾਹੂ, ਜੀਵਨ ਤੇ ਕਵਿਤਾ, ਪੰਨਾ– 85
17. Bullhe Shah Sufi Lyrics, Page- 56
18. _____, Page- 138
19. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ– 1355
20. _____, ਅੰਗ– 452
21. ਹੀਰ ਵਾਰਿਸ਼ ਸ਼ਾਹ, ਪੰਨਾ–106
22. _____, ਪੰਨਾ– 106

ਸਹਾਇਕ ਪੁਸਤਕ ਸੂਚੀ

ਪੰਜਾਬੀ

1. ਸ੍ਰੀ ਗੁਰੂ ਗ੍ਰੰਥ ਸਾਹਿਬ
2. ਹਰਜਿੰਦਰ ਸਿੰਘ ਢਿੱਲੋਂ, ਸੁਲਤਾਨ ਬਾਹੂ ਜੀਵਨ ਤੇ ਕਵਿਤਾ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1995.
3. ਪਿਆਰਾ ਸਿੰਘ ਪਦਮ, ਹੀਰ ਵਾਰਿਸ ਸ਼ਾਹ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1977.

English

1. Christopher Shackle (ed. and Trans.), *Bullhe Shah, Sufi Lyrics,* Murty Classical Library of India, 2015.
2. Teja Singh & Ganda Singh, *A Short History of The Sikhs,* Publication Bureau, Punjabi University, Patiala, 2016.





ਸੰਪਰਕ : 94174 78446

***ਜਤਿੰਦਰ ਸਿੰਘ***

*ਸਮਾਜ*

# ਹਾਇਪਰ ਰਿਆਲਟੀ ਅਤੇ ਪੰਜਾਬੀ ਸਮਾਜ

## ਹਰਸਿਮਰਨ ਕੌਰ

ਹਰ ਸਮਾਜ-ਸਭਿਆਚਾਰ ਦਾ ਆਪਣਾ ਵੱਖਰਾ ਪ੍ਰਤੀਬਿੰਬ ਹੁੰਦਾ ਹੈ। ਆਦਿਕਾਲੀਨ ਸਮਾਜ ਵਿਚ ਸਭਿਆਚਾਰ ਦੇ ਵਿਭਿੰਨ ਰੂਪਾਂ ਨੇ ਅਜੇ ਪੂਰੀ ਪਰਪੱਕਤਾ ਹਾਸਿਲ ਨਹੀਂ ਸੀ ਕੀਤੀ। ਇਸ ਸਮਾਜ ਵਿਚ ਵਿਵਹਾਰ ਤਾਂ ਜ਼ਰੂਰ ਮੌਜੂਦ ਸੀ ਪਰੰਤੂ ਬੌਧਿਕਤਾ ਅਤੇ ਸਭਿਆਚਾਰ ਅਤਿ ਵਿਕਸਿਤ ਨਹੀਂ ਸੀ। ਸਮਾਜ ਦੇ ਵਿਕਾਸ ਨਾਲ ਜੁੜੇ ਵਿਭਿੰਨ ਪੜਾਵਾਂ ਨੇ ਮਨੁੱਖ ਨੂੰ ਬੌਧਿਕ ਤੇ ਸਰੀਰਕ ਪੱਖੋਂ ਵੱਖਰਾ ਮੁਹਾਂਦਰਾ ਬਖ਼ਸ਼ਿਆ। ਸਥਿਤੀਆਂ-ਪਰਸਥਿਤੀਆਂ ਅਨੁਸਾਰ ਮਨੁੱਖੀ ਜੀਵਨ ਸ਼ੈਲੀ ਦੀ ਨੁਹਾਰ ਵੀ ਬਦਲੀ। ਇਸ ਨਾਲ ਪਹਿਰਾਵਾ, ਖਾਣ-ਪੀਣ, ਰਹਿਣ-ਸਹਿਣ, ਰਸਮ-ਰਿਵਾਜ ਤੇ ਮਾਨਸਿਕਤਾ ਆਦਿ ਹਰ ਪੱਖ ਪ੍ਰਭਾਵਿਤ ਹੋਇਆ। ਸਿੱਟੇ ਵਜੋਂ ਸਮਾਜ-ਸਭਿਆਚਾਰ ਨੂੰ ਇਕ ਸੀਮਤ ਦਾਇਰੇ ਵਿਚ ਬੰਨ੍ਹ ਕੇ ਰੱਖਣਾ ਮੁਮਕਿਨ ਨਾ ਰਿਹਾ।ਪਾਪੂਲਰ, ਮਾਸ, ਖਪਤ, ਟੈਕਨੋ ਕਲਚਰ ਅਤੇ ਵਿਸ਼ਵੀਕਰਨ ਵਰਗੇ ਵਰਤਾਰਿਆਂ ਨੇ ਨਵੇਂ ਸਮਾਜ-ਸਭਿਆਚਾਰ ਨੂੰ ਜਨਮ ਦਿੱਤਾ। ਇਸ ਤਰ੍ਹਾਂ ਮਨੁੱਖ ਦੇ ਸਮੁੱਚੇ ਕਾਰ-ਵਿਹਾਰ ਵਿਚ ਵੱਡਾ ਬਦਲਾਵ ਆਇਆ। ਅੱਜ ਫਾਸਲੇ ਤਕਨਾਲੋਜੀ ਦੇ ਵਿਕਾਸ ਰਾਹੀਂ ਮਿੰਟਾਂ-ਸਕਿੰਟਾਂ ਵਿਚ ਪੂਰੇ ਕੀਤੇ ਜਾ ਰਹੇ ਹਨ। ਮਨੁੱਖ ਦੀ ਪਹੁੰਚ ਵਿਚ ਭਾਵੇਂ ਸਾਰਾ ਕੁਝ ਨਾ ਸਹੀ ਪਰੰਤੂ ਬਹੁਤ ਕੁਝ ਉਸ ਦੀ ਪਹੁੰਚ ਦੇ ਨੇੜੇ ਹੋ ਚੁੱਕਾ ਹੈ । ਇਨ੍ਹਾਂ ਨਵੇਂ ਸਮਾਜ-ਸਭਿਆਚਾਰ ਨਾਲ ਜੁੜੇ ਹਰੇਕ ਰੂਪ ਜਾਂ ਵਰਗ ਪਿੱਛੇ ਕਾਰਜਸ਼ੀਲ ਵਰਤਾਰਿਆਂ ਨੂੰ ਜਾਣਨਾ ਪਛਾਣਨਾ ਬੇਹੱਦ ਜ਼ਰੂਰੀ ਹੈ। ਇੱਕੀਵੀਂ ਸਦੀ ਵਿਚ ਹੋ ਰਹੇ ਸਮਾਜ-ਸਭਿਆਚਾਰ ਦੇ ਅਧਿਐਨਾਂ ਵੱਲ ਨਜ਼ਰ ਮਾਰੀਏ ਤਾਂ ਇੰਝ ਮਹਿਸੂਸ ਹੁੰਦਾ ਹੈ ਕਿ ਅੱਜ ਦਾ ਮਨੁੱਖ ਜਿਨ੍ਹਾਂ ਵੀ ਆਪਣੇ ਆਪ ਨੂੰ ਆਜ਼ਾਦ, ਸਵੈ-ਵਿਸ਼ਵਾਸੀ, ਸਿਆਣਾ, ਬੁੱਧੀਜੀਵੀ ਜਾਂ ਆਤਮ ਨਿਰਭਰ ਸਮਝਣ ਲੱਗ ਪਿਆ ਹੈ, ਉਹ ਉਨ੍ਹਾਂ ਹੀ ਅਵੇਸਲਾ ਤੇ ਅਣਜਾਣ ਵੀ ਹੈ। ਮਨੁੱਖ ਦੀ ਅਪ੍ਰਤੱਖ ਵਰਤਾਰਿਆਂ ਪ੍ਰਤੀ ਸੂਝ ਅਜੇ ਨਾ ਬਰਾਬਰ ਹੀ ਹੈ। ਇਨ੍ਹਾਂਅਪ੍ਰਤੱਖ,ਜਟਿਲ ਵਰਤਾਰਿਆਂਤੇ ਸੰਕਲਪਾਂ ਵਿਚੋਂ ਇਕ ਬੇਹੱਦ ਪੇਚੀਦਗੀ ਵਾਲਾ ਸੰਕਲਪ 'ਹਾਇਪਰ ਰਿਆਲਟੀ'(Hyper Reality) ਹੈ।

ਅੱਜ ਦਾ ਯੁੱਗ 'ਹਾਇਪਰ ਰਿਆਲਟੀ' ਦਾ ਯੁੱਗ ਹੈ । ਹਾਇਪਰ ਰਿਆਲਟੀ ਦਾ ਸੰਕਲਪ ਬਹੁਤ ਪੁਰਾਣਾ ਨਹੀਂ ਹੈ।ਮੌਜੂਦਾ ਸਮੇਂ ਵਿਚ ਅਸੀਂ ਸਾਰੇ ਹਾਇਪਰ ਰਿਆਲਟੀ ਦੇ ਸਿਰਜੇ ਜਗਤ ਵਿਚ ਜੀਅ ਰਹੇ ਹਾਂ। ਪਾਪੂਲਰ, ਖਪਤ ਤੇ ਜਨ ਸਭਿਆਚਾਰ ਦੇ ਪ੍ਰਭਾਵ ਨਾਲ ਉਪਜੀ 'ਹਾਇਪਰ ਰਿਆਲਟੀ' ਦੀ ਮਦ ਬਹੁਪੱਖੀ ਤੇ ਗੁੰਝਲਦਾਰ ਮਦ ਕਹੀ ਜਾ ਸਕਦੀ ਹੈ। 'ਹਾਇਪਰ' ਅੰਗਰੇਜ਼ੀ 'Hyper' ਸ਼ਬਦ ਦਾ ਸਮਾਨਾਰਥੀ ਹੈ ਜਿਸ ਨੂੰ ਆਮ ਅਰਥਾਂ ਵਿਚ ਬਹੁਤ ਜ਼ਿਆਦਾ ਜਾਂ ਉਤੇਜਿਤ ਕਿਹਾ ਜਾਂਦਾ ਹੈ, ਪਰੰਤੂ ਇਥੇ 'ਹਾਇਪਰ' ਤੋਂ ਭਾਵ ਕੇਵਲ ਅਧਿਕਤਾ ਜਾਂ ਹੋਰ ਜ਼ਿਆਦਾ ਨਹੀਂ ਸਗੋਂ ਅਤਿਅਧਿਕ, ਅਤਿਅੰਤ ਜਾਂ ਅਸੀਮ ਹੈ।[1] ਹਾਇਪਰ ਰਿਆਲਟੀ ਜਗਤ ਨੂੰ 'ਕਾਪੀ ਵਰਲਡ' (Copy World) ਵੀ ਆਖਿਆ ਜਾਂਦਾ ਹੈ। ਇਸ ਨੂੰ 'ਮਿਕਸਡ ਰਿਆਲਟੀ', 'ਰਿਆਲਟੀ ਬਾਇ ਪਰੋਕਸੀ', 'ਦਾ ਵਰਚਿਊਜਲ ਇਰਰਿਆਲਟੀ', 'ਦਾ ਓਥੈਨਟਿਕ ਫੇਕ', 'ਏ ਰਿਅਲ ਵਿਦਾਊਟ ਓਰੀਜਨ ਓਰ ਰਿਆਲਟੀ' ਵਜੋਂ ਵੀ ਵਿਚਾਰਿਆ ਗਿਆ ਹੈ। ਹਾਇਪਰ ਰਿਆਲਟੀ ਸੰਬੰਧੀ ਅਧਿਐਨ ਕਰਨ ਵਾਲੇ ਵਿਦਵਾਨਾਂ ਵਿਚ ਪ੍ਰਮੁੱਖ ਰੂਪ ਵਿਚ ਜੇਆਂ ਬੌਦਰੀਲਾਰਦ ਦਾ ਨਾਂ ਵਰਣਨਯੋਗ ਹੈ। ਇਸ ਤੋਂ ਇਲਾਵਾ ਅਲਬਰਟ ਬੋਰਗਮੈਨ, ਡੇਨੀਲ ਜੇ.ਬੂਰਸਟੀਨ, ਨੇਲ ਪੋਸਟਮੈਨ ਅਤੇ ਓਮਬਰਟੋ ਈਕੋ ਦੇ ਨਾਂ ਅਹਿਮ ਮੰਨੇ ਜਾ ਸਕਦੇ ਹਨ। ਇਨ੍ਹਾਂ ਵਿਦਵਾਨਾਂ ਨੇ ਹਾਇਪਰ ਰਿਆਲਟੀ ਨੂੰ ਵੱਖ-ਵੱਖ ਢੰਗ ਨਾਲ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ।ਹਾਇਪਰ ਰਿਆਲਟੀ ਦੀਆਂ ਨਿਮਨਲਿਖਿਤ ਪਰਿਭਾਸ਼ਾਵਾਂ ਦੁਆਰਾ ਇਸ ਦੇ ਸਰੂਪ ਅਤੇ ਪ੍ਰਕਾਰਜ ਨੂੰ ਜਾਣਿਆ ਜਾ ਸਕਦਾ ਹੈ:

ਡਿਕਸ਼ਨਰੀ ਆਫ ਮੀਡੀਆ ਐਂਡ ਕਮਿਊਨੀਕੇਸ਼ਨ ਵਿਚ ਹਾਇਪਰ ਰਿਆਲਟੀ ਸੰਬੰਧੀ ਲਿਖਿਆ ਹੈ ਕਿ ਮੀਡੀਆ ਵਿਚ ਹਾਇਪਰ ਰਿਆਲਟੀ ਨੂੰ ਯਥਾਰਥ ਦੀ ਰੀਸ ਜਾਂ ਨਕਲ ਵਜੋਂ ਵੇਖਿਆ ਜਾਂਦਾ ਹੈ, ਜਿਸ ਨੂੰ ਕਈ ਟਿੱਪਣੀਕਾਰਾਂ ਨੇ ਵਾਸਤਵਿਕ ਯਥਾਰਥ (Actual Reality) ਨਾਲੋਂ ਵਧੇਰੇ ਭਰੋਸੇਯੋਗ ਤੇ ਪ੍ਰਮਾਣਿਕ ਮੰਨਿਆ ਹੈ।

ਇਹ ਮਦ ਪ੍ਰਮੁੱਖ ਰੂਪ ਵਿਚ ਚਿੰਨ੍ਹ ਵਿਗਿਆਨ ਅਤੇ ਮਨੋਵਿਗਿਆਨ ਖੇਤਰ ਵਿਚ ਵਰਤੀ ਜਾਂਦੀ ਹੈ। ਇਹ ਤਕਨੀਕੀ ਸਮਾਜਾਂ ਦੇ ਸੰਦਰਭ ਵਿਚ ਲੋਕਾਂ ਦੀ ਯਥਾਰਥ ਤੇ ਭਰਮ ਵਿਚਲੀ ਵੱਖਰਤਾ ਨੂੰ ਵੱਖਰਾ ਕਰਨ ਦੀ ਅਸਮਰੱਥਾ ਨੂੰ ਉਲੀਕਣ ਦਾ ਕਾਰਜ ਕਰਦੀ ਹੈ। ਹਾਇਪਰ ਰਿਅਲ ਦਾ ਪ੍ਰਮੁੱਖ ਮੰਤਵ ਯਥਾਰਥਕ ਜਗਤ ਨੂੰ ਕਾਪੀ ਜਾਂ ਨਕਲੀ ਜਗਤ ਵਿਚ ਤਬਦੀਲ ਕਰਨਾ ਹੈ। ਇਥੇ ਅਸੀਂ ਸਿਮਿਊਲੇਸ਼ਨ (Simulation) ਨੂੰ ਆਪਣੇ ਨਿੱਜੀ ਹਿੱਤ ਲਈ ਵਰਤਦੇ ਹਾਂ।[2]

ਡਿਕਸ਼ਨਰੀ ਆਫ਼ ਵਿਜ਼ੂਅਲ ਡਿਸਕੋਰਸ: ਏ ਡਾਇਲੈਕਟੀਕਲ ਲੈਕਸੀਕਨ ਆਫ਼ ਟਰਮਜ਼ ਅਨੁਸਾਰ "ਹਾਇਪਰ ਰਿਆਲਟੀ ਨੂੰ ਅਧਿਕ (Over) ਅਤੇ ਉਪਰ (Above) ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਇਸ ਕਰਕੇ ਹਾਇਪਰ ਰਿਆਲਟੀ ਜਗਤ ਦੀ ਸਿਰਜਣਾ ਅਸਲ ਜਾਂ ਯਥਾਰਥ ਦੇ ਸਥਾਨਾਂਤਰਨ ਦੁਆਰਾ ਕੀਤੀ ਜਾਂਦੀ ਹੈ। ਇਸ ਅਧੀਨ ਯਥਾਰਥ ਨੂੰ ਤਬਦੀਲ ਕੀਤਾ ਜਾਂਦਾ ਹੈ।[3]

ਡਿਕਸ਼ਨਰੀ ਆਫ਼ ਇਨਫੋਰਮੇਸ਼ਨ ਸਾਇੰਸ ਐਂਡ ਟੈਕਨੋਲੋਜੀ ਵਿਚ ਹਾਇਪਰ ਰਿਆਲਟੀ ਸੰਬੰਧੀ ਲਿਖਿਆ ਹੈ ਕਿ ਹਾਇਪਰ ਅਜਿਹੇ ਸੰਚਾਰਮਈ ਜਗਤ ਦੀ ਸਿਰਜਣਾ ਕਰਦਾ ਹੈ ਜਿੱਥੇ 'ਰਿਅਲ' (Real) ਤੇ ਵਰਚਿਊਲ (Virtual) ਵੱਖਰੇ ਨਿਰਧਾਰਤ ਸਥਾਨ 'ਤੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਇਕੋ ਸੰਚਾਰ ਰਾਹੀਂ ਇਕੋ ਥਾਂ 'ਤੇ ਇਕੱਠੇ ਕੀਤਾ ਜਾਂਦਾ ਹੈ।[4]

ਐਨਸਾਈਕਲੋਪੀਡੀਆ ਆਫ਼ ਕਨਜ਼ਿਊਮਰ ਕਲਚਰ ਵਿਚ ਹਾਇਪਰ ਨੂੰ ਅਸਲ/ਯਥਾਰਥ ਨਾਲੋਂ 'ਅਧਿਕ ਜਾਂ ਵਧੇਰੇ ਯਥਾਰਥ' (more real) ਨਾਲ ਜੋੜ ਕੇ ਵੇਖੇ ਜਾਣ ਵਾਲੇ ਅਰਥਾਂ ਵਿਚ ਲਿਆ ਗਿਆ ਹੈ। ਜੇਆਂ ਬੋਦਰੀਲਾਰਦ ਅਨੁਸਾਰ ਹਾਇਪਰ ਰਿਅਲ ਅਸਲ (Real) ਜਾਂ ਕਲਪਨਾ (Imaginary) ਦਰਮਿਆਨ ਵਾਦ-ਵਿਵਾਦ ਨੂੰ ਮੁਕਾਉਣ ਜਾਂ ਖਤਮ ਕਰਨ ਦਾ ਕਾਰਜ ਕਰਦਾ ਹੈ।[5]

ਐਨਸਾਈਕਲੋਪੀਡੀਆ ਆਫ਼ ਮੀਡੀਆ ਐਂਡ ਕਮਿਊਨੀਕੇਸ਼ਨ ਅਨੁਸਾਰ "ਅੱਜ ਦੇ ਉਤਰਆਧੁਨਿਕ ਯੁੱਗ ਵਿਚ ਮਨੁੱਖ ਅਸਲ ਜਾਂ ਯਥਾਰਥ ਨੂੰ ਜਾਣਨ ਜਾਂ ਸਮਝਣ ਦੀ ਯੋਗਤਾ ਤੋਂ ਮੁਕਤ ਹੋ ਚੁੱਕਾਹੈ। ਇਸ ਦਾ ਕਾਰਨ ਹਾਇਪਰ ਰਿਆਲਟੀ ਦੇ ਨਵੀਨ ਰਾਜ ਕੰਪਿਊਟਰ, ਮੀਡੀਆ ਅਤੇ ਤਕਨਾਲੋਜੀ ਯੁੱਗ ਦਾ ਆਉਣਾ ਹੈ। ਬੋਦਰੀਲਾਰਦ ਅਨੁਸਾਰ ਹਾਇਪਰ ਰਿਆਲਟੀ ਤੇ ਸਿਮੂਲੇਸ਼ਨ ਨੇ ਮੀਡੀਆ ਥਿਊਰੀ ਤੇ ਆਲੋਚਨਾ ਨੂੰ ਵੱਡੀ ਯੋਗਤਾ ਪ੍ਰਦਾਨ ਕੀਤੀ। ਮੀਡੀਆ, ਸਾਇਬਰਨੈਕਟਕਸ ਅਤੇ ਸੂਚਨਾਮਈ ਸਮਾਜਾਂ (InformativeSocities)ਦੇ ਵਿਸ਼ਲੇਸ਼ਣ ਲਈ ਹਾਇਪਰ ਰਿਆਲਟੀ ਇਕ ਬੇਹੱਦ ਲਾਹੇਵੰਦ ਸੰਦ ਵਜੋਂ ਕਾਰਜ ਕਰਦੀ ਹੈ।"[6]

ਐਨਸਾਈਕਲੋਪੀਡੀਆ ਆਫ਼ ਮਲਟੀਮੀਡੀਆ ਐਂਡ ਟੈਕਨਾਲੋਜੀ ਵਿਚ ਹਾਇਪਰ ਰਿਆਲਟੀ ਨੂੰ ਪਰਿਭਾਸ਼ਿਤ ਕਰਦਿਆਂ ਲਿਖਿਆ ਹੈ ਕਿ ਹਾਇਪਰ ਰਿਆਲਟੀ ਅਜਿਹਾ ਕੁਝ ਨਹੀਂ ਜੋ ਕਿ ਪੈਦਾ ਹੋਇਆ ਜਾਂ ਉਪਜਿਆ (Produced) ਹੈ ਸਗੋਂ ਇਹ ਹਮੇਸ਼ਾ ਹੀ ਪੁਨਰ ਗਠਨ ਜਾਂ ਪੁਨਰ ਪ੍ਰਸਤੁਤੀ (Reproduced) ਹੁੰਦਾ ਹੈ।[7]

ਪ੍ਰਸਿੱਧ ਵਿਦਵਾਨ ਓਮਬਰਟੋ ਈਕੋ (Umberto Eco) ਨੇ ਹਾਇਪਰ ਰਿਆਲਟੀ ਨੂੰ ਪਰਿਭਾਸ਼ਿਤ ਕਰਦਿਆਂ ਲਿਖਿਆ ਕਿ ਅਮਰੀਕਾ ਦਾ ਸਭਿਆਚਾਰ 'ਹਾਇਪਰ ਰਿਅਲ' ਹੈ, ਜਿੱਥੇ ਨਕਲ ਜਾਂ ਰੀਸ (Copies) ਨੂੰ ਏਨਾਂ ਅਸਲ ਵਾਂਗ ਬਣਾ ਲਿਆ ਜਾਂਦਾ ਹੈ ਕਿ ਦੇਖਣ ਵਾਲਾ ਉਸਦੀ ਅਸਲ ਨਾਲੋਂ ਵੱਖਰਤਾ ਨੂੰ ਪਛਾਣ ਨਹੀਂ ਸਕਦਾ। ਵਾਸਤਵ ਵਿਚ ਇਹ ਨਕਲ ਏਨੀ ਚੁਸਤ, ਤੇਜ਼, ਰੰਗਦਾਰ ਤੇ ਜ਼ਿਆਦਾ ਆਕਰਸ਼ਿਤ ਹੁੰਦੀ ਹੈ ਕਿ 'ਅਸਲ' ਇਸ ਦੇ ਮੁਕਾਬਲਨ ਫਿੱਕਾ ਲੱਗਣ ਲੱਗ ਪੈਂਦਾ ਹੈ। ਅਮਰੀਕਾ ਵਿਚ ਈਕੋ ਦਾ ਕਹਿਣਾ ਸੀ ਕਿ ਅਸੀਂ 'ਪੂਰਨ ਛਲ/ਕਪਟ' (Absolute Fake) ਦੀ ਲਪੇਟ ਵਿਚ ਆ ਚੁੱਕੇ ਹਾਂ। ਮਿਸਾਲ ਵੱਜੋਂ ਅਮਰੀਕਾ ਵਿਚ ਵਿਕਣ ਵਾਲੀਆਂ ਨਕਲੀ'Van Goghs'ਅਸਲ ਨਾਲੋਂ ਵੀ ਵਧੇਰੇ ਵਿਕਦੀਆਂ ਹਨ।[8]

ਐਲਬਰਟ ਬੋਰਗਮੈਨ ਜਿਸਨੇ ਈਕੋ ਅਤੇ ਬੋਦਰੀਲਾਰਦ ਤੋਂ ਹਾਇਪਰ ਰਿਆਲਟੀ ਮਦ ਦਾ ਅਧਿਐਨ ਕੀਤਾ, ਉਸਨੇ ਹਾਇਪਰ ਰਿਆਲਟੀ ਨੂੰ ਨਕਲੀ ਵਾਸਤਵਿਕਤਾ ਵਜੋਂ ਪਰਿਵਰਤਿਤ ਜਾਂ ਬਦਲ ਕੇ ਨਿਯਤ ਕਰਨ ਨਾਲ ਜੋੜਿਆ ਹੈ ਜਿਸ ਨਾਲ ਪਰੰਪਰਾਗਤ ਜਾਂ ਕੁਦਰਤੀ ਵਾਸਤਵਿਕਤਾ ਪਿੱਛੇ ਰਹਿ ਜਾਂਦੀ ਹੈ।[9]

ਬੋਰਸਟਨ ਬੋਟਜ਼-ਬੋਰਸਟੇਨ ਨੇ ਆਪਣੇ ਲੇਖ 'Hyper real Monuments of the Mind: Traditional Chinese Architecture Disneyland' ਵਿਚ ਹਾਇਪਰ ਰਿਆਲਟੀ ਸੰਬੰਧੀ ਆਪਣੇ ਵਿਚਾਰ ਪ੍ਰਗਟਾਏ ਹਨ। ਉਸ ਅਨੁਸਾਰ ਹਾਇਪਰ ਰਿਆਲਟੀ ਯਥਾਰਥ ਨੂੰ ਵਧਾ ਚੜ੍ਹਾ ਕੇ ਜਾਂ ਆਦਰਸ਼ ਰੂਪ ਵਿਚ ਪੇਸ਼ ਕਰਦਾ ਹੈ। ਇਸ ਵਿਚ ਯਥਾਰਥ ਤੇ ਕਲਪਨਾ ਨੂੰ ਅੱਡ ਕਰਨਾ ਸੰਭਵ ਨਹੀਂ ਹੁੰਦਾ। ਇਸ ਲਈ ਨਹੀਂ ਕਿ ਕਲਪਨਾ ਨੂੰ ਏਨੇ ਵਧੀਆ ਢੰਗ

ਨਾਲ ਯਥਾਰਥ ਦੀ ਨਕਲ ਬਣਾਇਆ ਗਿਆ ਹੁੰਦਾ ਹੈ ਸਗੋਂ ਇਸ ਲਈ ਕਿਉਂਕਿ ਹਾਇਪਰ ਰਿਆਲਟੀ ਕੁਝ ਅਜਿਹੇ ਚਿੱਤਰ ਪੈਦਾ ਕਰਦਾ ਜਾਂ ਸਿਰਜਦਾ ਹੈ ਜੋ ਪਹਿਲਾਂ ਕਦੇ ਵੀ ਮੌਜੂਦ ਨਹੀਂ ਹੁੰਦੇ। ਹਾਇਪਰ ਰਿਆਲਟੀ ਆਪਣੇ ਢੰਗ ਨਾਲ ਆਜ਼ਾਦ ਰੂਪ ਵਿਚ ਆਪਣੇ ਪ੍ਰਤੀਮਾਨਾਂ 'ਤੇ ਯਥਾਰਥ ਨੂੰ ਘੜਦਾ ਹੈ।[10]

ਜੇਆਂ ਬੌਦਰੀਲਾਰਦ ਨੇ ਹਾਇਪਰ ਰਿਆਲਟੀ ਸੰਬੰਧੀ ਵਿਸਤ੍ਰਿਤ ਚਰਚਾ ਕੀਤੀ। ਉਸ ਅਨੁਸਾਰ ਹਾਇਪਰ ਰਿਆਲਟੀ ਅਜਿਹੇ ਕੁਝ ਨੂੰ ਪੇਸ਼ ਕਰਦਾ ਹੈ ਜੋ ਯਥਾਰਥ/ਅਸਲ (Real) ਹੋਵੇ ਪਰੰਤੂ ਹੁਣ ਤੱਕ ਅਸਲ ਰੂਪ ਵਿਚ ਕਦੇ ਵੀ ਮੌਜੂਦ ਨਾ ਹੋਵੇ।[11] ਹਾਇਪਰ ਰਿਆਲਟੀ ਵਿਚ ਸੱਚ ਤੇ ਭਰਮ ਇਸ ਤਰ੍ਹਾਂ ਰਲਗੱਡ ਹੋ ਜਾਂਦੇ ਹਨ ਕਿ ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਅਸੀਂ ਕਿਸ ਵਿਚ ਜੀਅ ਰਹੇ ਹਾਂ। ਅਸੀਂ ਭਰਮ ਤੇ ਸੱਚ ਵਿਚ ਇਹ ਵੇਖ ਨਹੀਂ ਪਾਉਂਦੇ ਕਿ ਕੌਣ ਕਿਥੋਂ ਖਤਮ ਹੋ ਰਿਹਾ ਹੈ ਤੇ ਕੌਣ ਕਿਥੋਂ ਆਰੰਭ। ਹਾਇਪਰ ਰਿਆਲਟੀ ਨੇ ਜਗਤ ਨੂੰ ਨਕਲ ਜਾਂ ਰੀਸ (Copy World) ਜਗਤ ਵਿਚ ਤਬਦੀਲ ਕਰ ਦਿੱਤਾ ਹੈ। ਅਸੀਂ ਸਾਰੇ 'Copy World' ਵਿਚ ਜੀਅ ਰਹੇ ਹਾਂ। ਉਤਰ ਆਧੁਨਿਕ ਸਮਾਜ ਨੂੰ 'ਉਪਭੋਗੀ ਸਮਾਜ' ਕਹਿਣ ਵਾਲੇ ਬੌਦਰੀਲਾਰਦ ਦਾ ਮੰਨਣਾ ਹੈ ਕਿ ਉਤਰ ਆਧੁਨਿਕ ਸਮਾਜ ਵਿਚ ਵਿਅਕਤੀ ਜਾਂ ਸਮੂਹ ਦਰਮਿਆਨ ਵੱਧ ਤੋਂ ਵੱਧ ਵਸਤਾਂ ਦਾ ਉਪਭੋਗ ਕਰਨ ਦੀ ਦੌੜ ਲੱਗੀ ਹੋਈ ਹੈ। ਬੌਦਰੀਲਾਰਦ ਨੇ ਉਤਰ ਆਧੁਨਿਕ ਸਮਾਜ ਨੂੰ 'ਮਾਸ ਮੀਡੀਆ ਸਮਾਜ' 'ਉਪਭੋਗੀ ਸਮਾਜ' ਆਖਿਆ ਹੈ, ਜਿਸ ਦੇ ਸਭਿਆਚਾਰ 'ਤੇ ਮੂਲ ਰੂਪ ਵਿਚ ਪ੍ਰਤਿਕ੍ਰਿਤੀ ਭਾਵ ਸਿਮੁਲੇਸ਼ਨ (Simulation) ਦਾ ਪ੍ਰਭਾਵ ਪਿਆ ਹੁੰਦਾ ਹੈ। ਕਿਸੇ ਵਾਸਤਵਿਕ ਵਸਤੂ, ਪ੍ਰਕਿਰਿਆ ਦਾ ਕਿਸੇ ਹੋਰ ਵਿਧੀ ਨਾਲ ਅਨੁਕਰਨ ਜਾਂ ਨਕਲ ਕਰਨਾ ਹੀ ਸਿਮੁਲੇਸ਼ਨ ਅਖਵਾਉਂਦਾ ਹੈ।

ਉਪਰੋਕਤ ਵਿਸਤ੍ਰਿਤ ਚਰਚਾ ਦੇ ਆਧਾਰ 'ਤੇ ਹਾਇਪਰ ਰਿਆਲਟੀ ਦੀਆਂ ਵਿਭਿੰਨ ਵਿਸ਼ੇਸ਼ਤਾਵਾਂ ਦਾ ਪਤਾ ਲੱਗ ਜਾਂਦਾ ਹੈ। ਉਤਰ ਆਧੁਨਿਕ ਯੁੱਗ ਦੀ ਇਸ ਮਹੱਤਵਪੂਰਨ ਮਦ/ਸੰਕਲਪ ਦਾ ਸਰੂਪ ਸਿੱਧ ਪੱਧਰਾ ਨਾ ਹੋ ਕੇ ਗੁੰਝਲਦਾਰ ਹੈ। ਇਹ 'ਭਰਮ' ਜਗਤ ਨੂੰ ਸਿਰਜਦਾ ਹੈ। ਇਸ ਵਿਚ ਅਸਲ ਨੂੰ ਪੂਰੀ ਤਰ੍ਹਾਂ ਨਾਲ ਮਨਫੀ ਕਰ ਦਿੱਤਾ ਜਾਂਦਾ ਹੈ। ਇਸ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂਆਧਾਰ ਨਿਮਨਲਿਖਿਤਹਨ:

1. ਹਾਇਪਰ ਰਿਆਲਟੀ ਵਸਤਾਂ ਦੀ ਕਾਪੀ ਵਜੋਂ ਪੇਸ਼ ਹੁੰਦਾ ਹੈ ਜਿਸ ਦੀ ਆਪਣੀ ਕੋਈ ਕਾਪੀ ਨਹੀਂ ਹੈ।

2. ਇਸ ਵਿਚ ਪੁਨਰ ਪੇਸ਼ਕਾਰੀ ਜਾਂ ਪ੍ਰਸਤੁਤੀਕਰਨ (Representation) ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਹੈ। ਅਸਲ ਜਾਂ ਯਥਾਰਥ ਦੀ ਥਾਂ ਇਸ ਵਿਚ ਪ੍ਰਸਤੁਤੀਕਰਨ ਵਧੇਰੇ ਮਹੱਤਵਪੂਰਨ ਤੇ ਲੋੜੀਂਦਾ ਹੈ।

3. ਇਹ ਕਿਸੇ ਵੀ ਵਸਤ ਜਾਂ ਪੱਖ ਦੀ ਸਿਰਜਣਾ (produced) ਨਹੀਂ ਕਰਦਾ ਸਗੋਂ ਹਰੇਕ ਦੀ ਪੁਨਰ-ਸਿਰਜਣਾ (Reproduced) ਕਰਨ ਵੱਲ ਕੇਂਦਰਿਤ ਹੈ।

4. ਇਹ ਅਸਲ ਜਾਂ ਯਥਾਰਥ ਦੀ ਕੀਤੀ ਹੋਈ 'ਨਕਲ' ਜਾਂ 'ਰੀਸ' ਹੈ, ਪਰੰਤੂ ਇਹ ਨਕਲ ਅਸਲ ਨਾਲੋਂ ਵਧੇਰੇ ਭਰੋਸੇਯੋਗ ਤੇ ਪ੍ਰਮਾਣਿਕ ਰੂਪ ਵਿਚ ਪੇਸ਼ ਕੀਤੀ ਜਾਂਦੀ ਹੈ।

5. ਇਸ ਦਾ ਪ੍ਰਮੁੱਖ ਮੰਤਵ ਨਕਲ ਜਗਤ (Copy world) ਨੂੰ ਪ੍ਰੋਤਸਾਹਿਤ ਕਰਨਾ ਹੈ। ਇਹ ਅਸਲ ਜਗਤ ਨੂੰ ਕਾਪੀ ਜਾਂ ਨਕਲ ਜਗਤ ਨਾਲ ਜੋੜਦਾ ਹੈ।

6. ਇਹ ਲੋਕਾਂ ਦੇ ਮਨਾਂ ਵਿਚ ਖੁਸ਼ਹਾਲੀ ਅਤੇ ਸੁਪਨਿਆਂ ਦੀ ਪੂਰਤੀ ਕਰਨ ਦਾ ਵਕਤੀ ਭੁਲੇਖਾ ਸਿਰਜਦਾ ਹੈ।

7. ਚਿੰਨ੍ਹਾਂ ਅਤੇ ਸੰਕੇਤਾਂ ਦੀ ਮੱਦਦ ਨਾਲ ਹਾਇਪਰ ਰਿਅਲਾਟੀ ਆਪਣੀ ਥਾਂ ਬਣਾਉਣ ਵਿਚ ਸਫਲ ਹੁੰਦਾ ਹੈ। ਇਨ੍ਹਾਂ ਸਦਕਾ ਹੀ ਲੋਕ ਅਸਲ ਯਥਾਰਥ ਨੂੰ ਛੇਤੀ ਨਾਲ ਭੁੱਲ ਜਾਂਦੇ ਹਨ ਅਤੇ ਅਤਿਯਥਾਰਥ ਵਿਚ ਜਿਊਣ ਲੱਗਦੇ ਹਨ।

8. ਮਾਸ ਮੀਡੀਆ ਹਾਇਪਰ ਰਿਆਲਟੀ ਨੂੰ ਫੈਲਾਉਣ ਵਿਚ ਵਧੇਰੇ ਮੱਦਦਗਾਰ ਹੈ। ਇਹ ਟੀ.ਵੀ. ਜਾਂ ਹੋਰ ਮਾਸ ਮੀਡੀਆ ਦੇ ਕਾਰਕਾਂ ਦੀ ਮੱਦਦ ਨਾਲ ਯਥਾਰਥ ਨੂੰ ਅਤਿਯਥਾਰਥ ਬਣਾ ਕੇ ਪੇਸ਼ ਕਰਦਾ ਹੈ। ਇਕ ਪਾਸੜ ਸੰਚਾਰ ਹੋਣ ਕਰਕੇ ਜੋ ਕੁਝ ਵੀ ਟੀ. ਵੀ. ਪੇਸ਼ ਕਰਦਾ ਹੈ ਉਹ ਯਥਾਰਥ ਨੂੰ ਅਤਿਯਥਾਰਥ ਬਣਾਉਣ ਵੱਲ ਹੀ ਕੇਂਦਰਿਤ ਹੈ।

9. ਇਸ ਅਧੀਨ ਉਹ ਕੁਝ ਘੜਿਆ ਜਾਂ ਸਿਰਜਿਆ ਜਾਂਦਾ ਹੈ ਜਿਸ ਦਾ ਕੋਈ ਵਜੂਦ ਨਹੀਂ ਹੁੰਦਾ।

10. ਉਪਭੋਗਤਾਵਾਦ ਦਾ ਸੰਬੰਧ ਇਸ ਨਾਲ ਵਿਸ਼ੇਸ਼ ਤੌਰ 'ਤੇ ਜੁੜਿਆ ਹੋਇਆ ਹੈ।

11. ਹਾਇਪਰ ਰਿਆਲਟੀ ਦਾ ਵਿਸ਼ੇਸ਼ ਗੁਣ ਸਤਹੀ (Depthless) ਹੋਣਾ ਹੈ। ਇਹ ਸਤਹੀ ਪੱਧਰ 'ਤੇ ਵਧੇਰੇ ਕੇਂਦਰਿਤ ਹੁੰਦਾ ਹੈ।

12. ਇਸ ਵਿਚ ਭਰਮ ਤੇ ਯਥਾਰਥ ਨੂੰ ਮੀਡੀਆ, ਇੰਟਰਨੈੱਟ ਤੇ ਤਕਨਾਲੋਜੀ ਦੀ ਮੱਦਦ ਨਾਲ ਇਕੋ ਧਰਾਤਲ 'ਤੇ ਲਿਆ ਕੇ ਸਮਾਨ ਰੂਪ ਦਿੱਤਾ ਜਾਂਦਾ ਹੈ।

13. ਇਹ ਪਰੰਪਰਾਗਤ ਤੇ ਕੁਦਰਤੀ ਯਥਾਰਥ ਨੂੰ ਅਸਲੋਂ ਮੁਕਾਉਣ ਵੱਲ ਯਤਨਸ਼ੀਲ ਹੁੰਦਾ ਹੈ।

ਹਾਇਪਰ ਰਿਆਲਟੀ ਦੀਆਂ ਅਨੇਕਾਂ ਹੀ ਵਿਸ਼ੇਸ਼ਤਾਵਾਂ ਹਨ, ਜਿਸ ਨਾਲ ਇਸ ਦੇ ਗੁੰਝਲਦਾਰ, ਬਹੁਪੱਖੀ ਤੇ ਬਹੁਰੰਗੀ ਸਰੂਪ ਬਾਰੇ ਪਤਾ ਲੱਗਦਾ ਹੈ। ਹਾਇਪਰ ਰਿਆਲਟੀ ਭਰਮ ਨੂੰ ਵੇਖਦਾ ਨਹੀਂ ਸਗੋਂ ਉਸ ਨੂੰ ਘੜਦਾ ਹੈ। ਯਥਾਰਥ ਨੂੰ ਕੋਈ ਮਹੱਤਵ ਨਾ ਦਿੰਦਾ ਹੋਇਆ ਇਹ ਕਲਪਨਾ ਵੱਲ ਕੇਂਦਰਿਤ ਹੁੰਦਾ ਹੈ। ਸਮਕਾਲੀ ਪੰਜਾਬੀ ਸਮਾਜ ਵੀ ਹਾਇਪਰ ਰਿਅਲ ਜਗਤ ਵਿਚ ਤਬਦੀਲ ਹੁੰਦਾ ਜਾ ਰਿਹਾ ਹੈ। ਅਮਰੀਕਾ ਇਕ ਹਾਇਪਰ ਰਿਅਲ ਜਗਤ ਹੈ ਜਿਥੇ 'ਭਰਮ' ਦੀ ਸਰਦਾਰੀ ਹੈ। ਇਸ ਤਰ੍ਹਾਂ ਸਮਕਾਲੀ ਪੰਜਾਬੀ ਸਮਾਜ ਵੀ ਹਾਇਪਰ ਰਿਅਲ ਸਮਾਜ ਬਣਦਾ ਜਾ ਰਿਹਾ ਹੈ। ਪਾਪੂਲਰ ਸਭਿਆਚਾਰ, ਮਾਸ/ਜਨ ਅਤੇ ਖਪਤ ਸਭਿਆਚਾਰ ਦੇ ਜਾਲ ਵਿਚ ਫਸੇ ਪੰਜਾਬੀ ਲੋਕ ਹੁਣ ਹਾਇਪਰ ਰਿਆਲਟੀ ਦੇ ਘੇਰੇ ਵਿਚ ਵੀ ਆ ਗਏ ਹਨ। ਵੱਧ ਤੋਂ ਵੱਧ ਵਸਤਾਂ ਨੂੰ ਪ੍ਰਾਪਤ ਕਰਨ ਦੀ ਦੌੜ ਅਤੇ ਉਸ ਦੀ ਪੇਸ਼ਕਾਰੀ ਦੇ ਅਪ੍ਰਤੱਖ ਫਾਰਮੂਲਿਆਂ ਪ੍ਰਤੀ ਪੰਜਾਬੀ ਸੋਚ ਅਜੇ ਏਨੀ ਤਕੜੀ ਨਹੀਂ ਹੋਈ। ਸਿੱਟੇ ਵਜੋਂ ਪਦਾਰਥਕ ਇੱਛਾਵਾ ਦੀ ਪੂਰਤੀ, ਝੂਠੇ ਆਨੰਦ, ਬਾਹਰੀ ਖ਼ੁਸ਼ਹਾਲੀ ਦੀ ਪ੍ਰਾਪਤੀ ਕਰਕੇ ਪੰਜਾਬੀ ਮਨ ਇਕ ਭਰਮ ਵਿਚ ਜੀਅ ਰਿਹਾ ਹੈ। ਸਮਕਾਲੀ ਪੰਜਾਬੀ ਸਮਾਜ ਵਿਚ ਚੋਖਾ ਪਰਿਵਰਤਨ ਆਇਆ ਹੈ। ਅਜੋਕੇ ਪੰਜਾਬੀ ਸਮਾਜ ਨੂੰ ਪੱਛਮੀ ਸਭਿਆਚਾਰ ਨੇ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।ਪਾਪੂਲਰ, ਖਪਤ ਅਤੇ ਮੰਡੀ ਦੇ ਪ੍ਰਭਾਵ ਅਧੀਨ ਜੂਝਦਾ ਪੰਜਾਬੀ ਸਭਿਆਚਾਰ-ਸਮਾਜ ਹੁਣ ਹੌਲੀ-ਹੌਲੀ ਹਾਇਪਰ ਰਿਅਲ ਵਿਚ ਤਬਦੀਲ ਹੁੰਦਾ ਜਾ ਰਿਹਾ ਹੈ। ਸਮਕਾਲੀ ਪੰਜਾਬੀ ਸਮਾਜ ਨੂੰ ਹਾਇਪਰ ਰਿਅਲ ਨੇ ਹੇਠ ਲਿਖੇ ਪੱਖਾਂ ਤੋਂ ਆਪਣੇ ਜਾਲ ਵਿਚ ਫਸਾਉਣਾ ਸ਼ੁਰੂ ਕਰ ਦਿੱਤਾ ਹੈ।1. ਅਜਿਹੀਆਂ ਨਵੀਆਂ ਇਮਾਰਤਾਂ (Buildings) ਜਿਨ੍ਹਾਂ ਨੂੰ ਪੁਰਾਣੇ ਢੰਗ ਨਾਲ ਬਣਾਇਆ ਗਿਆ ਹੋਵੇ ਜੋ ਵੇਖਣ 'ਚ ਕਿਸੇ ਪਰੰਪਰਾ, ਸਭਿਆਚਾਰ ਜਾਂ ਵਿਰਸੇ ਦਾ ਹਿੱਸਾ ਹੋਣ ਦਾ ਝਉਲਾ ਦੇਣ। 2. ਵਸਤਾਂ ਵੇਚਣ ਵਾਲੇ ਮਾਲ (malls) ਜਾਂ ਸਟੋਰ (Store) ਜਿਥੇ ਅਤਿਅਧਿਕ ਅਸਲ ਦਿਖਣ ਵਾਲੀਆਂ ਵਸਤਾਂ ਦੀ ਭਰਮਾਰ ਹੋਵੇ। 3. ਟੀ.ਵੀ ਵਿਚ ਵਿਖਾਈਆਂ ਜਾਣ ਵਾਲੀਆਂ ਫਿਲਮਾਂ, ਰਿਆਲਟੀ ਸ਼ੋਅ ਜਿਨ੍ਹਾਂ ਦੀ ਬਣਤਰ, ਪ੍ਰਦਰਸ਼ਨ ਤੇ ਦਿਖ ਦਾ ਭਰਮ ਦੀ ਦੁਨੀਆਂ ਦੀ ਸਿਰਜਣਾ 'ਤੇ ਆਸ਼ਰਿਤ ਹੋਣਾ। ਇਸ ਵਿਚ ਅਤਿ ਦਰਜੇ ਦੇ ਗਲੈਮਰ ਦੀ ਹੋਂਦ ਦਾ ਪਾਇਆ ਜਾਣਾ। 4. ਅਜਿਹੀ ਪੇਸ਼ਕਾਰੀ ਜਾਂ ਜੀਵਨ ਜੋ ਕਦੇ ਪਹਿਲਾਂ ਮੌਜੂਦ ਨਾ ਹੋਵੇ। 5. ਫਿਲਮਾਂ ਵਿਚ ਵਿਖਾਏ ਜਾਣ ਵਾਲੇ ਪਾਤਰਾਂ, ਫਿਲਮਾਂ ਦੀ ਸੈਟਿੰਗ ਦਾ ਡਿਜੀਟਲ ਆਧਾਰਿਤ ਹੋਣਾ ਜਾਂ ਜਿਸ ਵਿਚ CGI ਨੀਲੀ/ਹਰੀ ਸਕਰੀਨ ਦਾ ਗਹਿਰਾ ਪ੍ਰਭਾਵ ਹੋਣਾ। 6. ਕੁਦਰਤੀ ਵਰਤਾਰਿਆਂ ਜਿਵੇਂ ਪਹਾੜ, ਰੁੱਖ, ਨਦੀਆਂ, ਅਸਮਾਨ-ਧਰਤੀ, ਬਾਗ ਨੂੰ ਨਵੀਂ ਤੇ ਵੱਖਰੀ ਦਿੱਖ ਪ੍ਰਦਾਨ ਕਰਕੇ ਅਸਲ ਨਾਲੋਂ ਵੱਖਰਾ ਪਰੰਤੂ ਅਸਲ ਵਰਗਾ ਤਬਦੀਲ ਕਰਨ ਦੀ ਰੁਚੀ। 7. ਐਕਟਰਾਂ, ਖਿਡਾਰੀਆਂ ਅਤੇ ਬਾਡੀ ਬਿਲਡਰਾਂ ਦੀ ਹਾਇਪਰ ਰਿਅਲ ਸਰੀਰਕ ਬਣਤਰ। 8. ਟੀ.ਵੀ. ਵਿਚ ਦਿਖਾਏ ਜਾਣ ਵਾਲੇ ਉਤਪਾਦ ਅਤੇ ਇਨ੍ਹਾਂ ਨੂੰ ਵੇਚਣ ਦੇ ਢੰਗਾਂ ਦੀ ਪੇਸ਼ਕਾਰੀ 'ਤੇ ਹਾਇਪਰ ਰਿਅਲ ਦਾ ਪ੍ਰਭਾਵ। 9. ਖਿਡੌਣਿਆਂ ਦਾ ਹਾਇਪਰ ਰਿਅਲ ਰੂਪ।

ਪੰਜਾਬੀ ਸਭਿਆਚਾਰ ਬਹੁਤ ਅਮੀਰ ਤੇ ਬਹੁਰੰਗਾ ਹੈ। ਸਾਡੀ ਲੋਕਧਾਰਾ, ਲੋਕ ਗੀਤਾਂ, ਲੋਕ ਨਾਚਾਂ, ਲੋਕ ਕਲਾਵਾਂ, ਲੋਕ ਧਰਮ ਦੇ ਸੁਹਜ ਦਾ ਕੋਈ ਮੁਕਾਬਲਾ ਨਹੀਂ। ਪੰਜਾਬੀਆਂ ਦਾ ਪਹਿਰਾਵਾ, ਸ਼ੌਂਕ, ਪਿੰਡਾਂ ਦੀ ਨੁਹਾਰ, ਖਾਣ-ਪੀਣ ਦੇ ਪਦਾਰਥ ਦੀਆਂ ਧੁੰਮਾਂ ਦੇਸ਼ -ਵਿਦੇਸ਼ ਤੱਕ ਪਹੁੰਚ ਚੁੱਕੀਆਂ ਹਨ। ਪੰਜਾਬ ਦੇ ਲੋਕ-ਕਿੱਤੇ ਖੱਡੀ, ਉਨਣ-ਬੁਨਣ ਕਲਾ (ਮੰਜੇ,ਪੱਖੀਆਂ, ਦਰੀਆਂ, ਖਿਡੌਣੇ), ਮਿੱਟੀ ਦੇ ਬਰਤਨ, ਪੰਜਾਬੀ ਜੁੱਤੀ, ਗਹਿਣੇ, ਔਰਤਾਂ ਦੀ ਸ਼ਿੰਗਾਰ ਕਰਨ ਦੀ ਰੁਚੀ ਆਪਣੇ ਆਪ ਵਿਚ ਅਮੀਰ ਪਰੰਪਰਾ ਦਾ ਹਿੱਸਾ ਹਨ। ਅੱਜ ਇੱਕੀਵੀ ਸਦੀ ਵਿਚ ਪੰਜਾਬੀ ਸਮਾਜ-ਸਭਿਆਚਾਰ ਦਾ ਮੁਹਾਂਦਰਾ ਪੂਰੀ ਤਰ੍ਹਾਂ ਨਾਲ ਬਦਲ ਚੁੱਕਾ ਹੈ।ਪਿੰਡਾਂ ਦੇ ਖੂਹ ਦੀ ਰੌਣਕ, ਸੱਥਾਂ ਦਾ ਭਾਈਚਾਰਕ ਇਕੱਠ, ਔਰਤਾਂ ਦਾ ਚੁੱਲ੍ਹੇ-ਚੌਕੇ ਤੇ ਰੋਟੀ ਪਕਾਉਣਾ, ਚਰਖਾ ਕੱਤਣਾ, ਫੁਲਕਾਰੀਆਂ ਕੱਢਣਾ ਤੇ ਤੀਆਂ ਵਿਚ ਰਲ-ਮਿਲ ਇਕੱਠੇ ਹੋ ਕੇ ਦਿਲ ਦੇ ਭਾਵ ਸਾਂਝੇ ਕਰਨ ਦੇ ਵਿਭਿੰਨ ਪਰਿਪੇਖਾਂ ਦੀ ਰੌਸ਼ਨੀ ਮੱਧਮ ਹੁੰਦੀ ਜਾ ਰਹੀ ਹੈ। ਇਸੇ ਪਰੰਪਰਾ, ਸਭਿਆਚਾਰ ਨੂੰ ਮੁੜ ਤੋਂ ਸੁਰਜੀਤ ਕਰਨ ਅਤੇ ਪੰਜਾਬੀ ਸਮਾਜ ਦੀ ਗੁਆਚਦੀ ਹੋਂਦ ਨੂੰ ਬਚਾਉਣ ਲਈ 'ਹਵੇਲੀ' ਜਾਂ 'ਹੈਰੀਟੇਜ ਵਿਲਜ਼' ਬਣਾਉਣ ਦੀ ਪ੍ਰਵਿਰਤੀ ਨੇ ਜਨਮ ਲਿਆ। ਜਲੰਧਰ ਜੀ.ਟੀ. ਰੋਡ 'ਤੇ ਸਥਿਤ 'ਹਵੇਲੀ', ਰੂਪਨਗਰ ਦੀ 'ਹੈਰੀਟੇਜ਼ ਹਵੇਲੀ', 'ਰੰਗਲਾ ਪੰਜਾਬ' ਅਤੇ ਹੁਣ ਚਾਰ ਸਾਲ ਪਹਿਲਾਂ ਸਥਾਪਿਤ ਕੀਤੇ

ਅਟਾਰੀ-ਵਾਹਗਾ ਰੂਟ 'ਚ ਹੈਰੀਟੇਜ਼ ਪਿੰਡ (Heritage Village) ਦੀ ਸਥਾਪਨਾ ਅਜਿਹੇ ਸੰਦਰਭ ਵੱਲ ਇਸ਼ਾਰਾ ਕਰਦੇਹਨ। 'Preserving the past for the future', 'A gleam Heritage of Real life', 'Taste the assence of Traditional Punjab', 'Exploring the richness of punjab' ਅਤੇ 'No Legacy is as rich as Heritage' ਵਰਗੀ ਮਾਨਸਿਕਤਾ ਨੇ ਹਾਇਪਰ ਰਿਅਲ ਜਗਤ ਵਿਚ ਪ੍ਰਵੇਸ਼ ਕਰ ਲਿਆ ਹੈ। 'ਰੰਗਲਾ ਪੰਜਾਬ' ਪੁਰਾਤਨ ਪੰਜਾਬੀ ਪਿੰਡ ਦੀ ਪੁਨਰ ਪੇਸ਼ਕਾਰੀ ਹੈ। ਜਦੋਂ ਤੁਸੀ ਇਕ ਵਾਰ ਇਸ ਵਿਚ ਪ੍ਰਵੇਸ਼ ਕਰਦੇ ਹੋ ਤਾਂ ਤੁਸੀ ਆਪਣੇ ਪੂਰਵਜਾ ਦੇ ਸਮੇਂ ਵਿਚ ਚਲੇ ਜਾਣ ਦਾ ਅਨੁਭਵ ਮਹਿਸੂਸ ਕਰਦੇ ਹੋ।[12] ਇਸ ਵਿਚ ਪੂਰਨ ਰੂਪ ਵਿਚ ਅਸਲ ਪੰਜਾਬ ਵਾਲੀ ਦਿੱਖ ਹੈ। ਖੂਹ,ਵੱਖ-ਵੱਖ ਪੰਜਾਬੀ ਕਿੱਤਿਆਂ, ਪੰਜਾਬੀ ਲੋਕ ਨਾਚਾਂ, ਪਿੱਤਲ ਦੇ ਭਾਂਡੇ ਅਤੇ ਰਸੋਈ ਆਦਿ ਪੁਰਾਣੇ ਪੰਜਾਬ ਦੀ ਝਲਕ ਉਭਾਰਦੇ ਨਜ਼ਰ ਆਉਂਦੇ ਹਨ। ਇਸ ਤਰ੍ਹਾਂ ਵਾਹਗਾ-ਅਟਾਰੀ ਬਾਰਡਰ ਦੇ ਰਸਤੇ 'ਤੇ ਬਣਾਏ ਜਾਣ ਰਹੇ 'ਹੈਰੀਟੇਜ਼ ਵਿਲਜ਼' ਦਾ ਸੰਬੰਧ ਵੀ ਹਾਇਪਰ ਰਿਅਲ ਨਾਲ ਜੁੜਦਾ ਹੈ। 'Four yearson, Heritage village yet to the see Light of the day' ਖ਼ਬਰ ਅਧੀਨ ਇਸ ਹੈਰੀਟੇਜ਼ ਪਿੰਡ ਰਾਹੀਂ ਪੁਰਾਤਨ ਪੰਜਾਬ ਦੇ ਹਰੇਕ ਪੱਖ ਨੂੰ ਮੁੜ ਸੁਰਜੀਤ ਕਰਨ ਦਾ ਮੰਤਵ ਦ੍ਰਿਸ਼ਟੀਗੋਚਰ ਹੁੰਦਾ ਪ੍ਰਤੀਤ ਹੁੰਦਾ ਹੈ। ਪੰਜਾਬੀ ਲੋਕ ਕਿੱਤਾਕਾਰਾਂ ਜੁੱਤੀਆਂ, ਬਰਤਨ, ਮੰਜੇ, ਖਿਡੌਣੇ ਬਣਾਉਣ ਵਾਲਿਆਂ ਨੂੰ ਇਥੇ ਵਿਸ਼ੇਸ਼ ਥਾਂ ਦਿੱਤੀ ਜਾਵੇਗੀ। ਇਸ ਵਿਚ ਵਿਖਾਏ ਜਾਣ ਵਾਲਾ ਪੰਜਾਬ ਅਸਲ ਨਹੀਂ ਹੈ ਪਰ ਜੋ ਲੋਕ ਵੇਖਦੇ ਹਨ ਉਹ ਅਸਲ ਦਾ ਭਰਮ ਸਿਰਜਦਾਹੈ।[13]

ਵਿਗਿਆਪਨ ਜਗਤ 'ਤੇ ਵੀ ਹਾਇਪਰ ਰਿਆਲਟੀ ਨੇ ਆਪਣਾ ਚੋਖਾ ਪ੍ਰਭਾਵ ਪਾਇਆ ਹੈ। ਪੂੰਜੀਵਾਦੀ ਅਤੇ ਮੰਡੀ ਦੇ ਯੁੱਗ ਵਿਚ ਵਿਗਿਆਪਨ ਵਸਤਾਂ ਨੂੰ ਖਰੀਦਣ ਅਤੇ ਵੇਚਣ ਲਈ ਮੂਹਰਲੀ ਭੂਮਿਕਾ ਨਿਭਾ ਰਿਹਾ ਹੈ। ਵਿਗਿਆਪਨ ਆਮ ਸਾਧਾਰਨ ਮਨੁੱਖ ਨੂੰ ਆਪਣੀ ਗ੍ਰਿਫਤ ਵਿਚ ਬਹੁਤ ਅਸਾਨੀ ਨਾਲ ਲੈਂਦਾ ਜਾ ਰਿਹਾ ਹੈ। ਟੀ.ਵੀ. ਵਿਚ ਵਿਖਾਏ ਜਾਣ ਵਾਲੇ ਵਿਗਿਆਪਨ ਦਾ ਮੁਹਾਂਦਰਾ ਅਸਲ ਨਾਲੋਂ ਭਰਮ, ਗਲੈਮਰ ਅਤੇ ਹਾਇਪਰ ਰਿਆਲਟੀ ਵਾਲਾ ਹੈ। ਟੀ.ਵੀ. ਵਿਚ ਵਿਖਾਏ ਜਾਣ ਕਈ ਵਿਗਿਆਪਨ ਲੋਕਾਂ ਨੂੰ ਆਪਣੇ ਝੂਠੇ ਜਾਲ ਵਿਚ ਫਸਾਊਣ ਵਿਚ ਕਾਮਯਾਬ ਹੁੰਦੇ ਹਨ। ਉਨ੍ਹਾਂ ਦੀ ਪੇਸ਼ਕਾਰੀ ਦਾ ਢੰਗ, ਉਨ੍ਹਾਂ ਦੇ ਬੋਲ ਅਤੇ ਪੇਸ਼ ਕੀਤੇ ਚਿੰਨ੍ਹ ਲੋਕਾਂ ਨਾਲ ਅਜਿਹਾ ਝੂਠਾ ਵਾਇਦਾ ਕਰਦੇ ਹਨ ਜਿਸ ਦਾ ਲੋਕਾਂ ਨੂੰ ਪਤਾ ਹੀ ਨਹੀਂ ਲੱਗਦਾ ਅਤੇ ਉਹ ਬੜੀ ਆਸਾਨੀ ਨਾਲ ਉਸ ਨੂੰ ਸੱਚ ਵਜੋਂ ਸਵੀਕਾਰ ਕਰ ਲੈਂਦੇ ਹਨ। ਉਦਾਹਰਨ ਵਜੋਂ ਟੀ.ਵੀ. ਵਿਚ ਵਿਖਾਏ ਜਾਣ ਵਾਲੇ ਵਿਗਿਆਪਨ ਜਿਸ ਦਾ ਸੰਬੰਧ ਚਿੱਟਾ ਕਰਨ ਵਾਲੀ ਕਰੀਮ ਜਾਂ ਫੇਅਰਨੈਸ ਕਰੀਮ (Fairness Cream) ਨਾਲ ਹੈ, ਹਾਇਪਰ ਰਿਅਲ ਦੀ ਉੱਤਮ ਮਿਸਾਲ ਹੈ। ਵਿਗਿਆਪਨ ਵਿਚ ਦੱਸਿਆ ਜਾਂਦਾ ਹੈ ਕਿ ਕੁੜੀ ਨੇ ਇਕ ਹਫਤੇ ਵਿਚ ਆਪਣੇ ਕਾਲੇ ਰੰਗ ਨੂੰ ਕਰੀਮ ਵਰਤ ਕੇ ਚਿੱਟਾ ਕਰ ਦਿੱਤਾ ਹੈ ਭਾਵ ਉਹ ਕਾਲੀ ਤੋਂ ਗੋਰੀ ਹੋ ਗਈ ਹੈ। ਕੁੜੀ ਨੂੰ ਆਪਣੇ ਕਾਲੇ ਰੰਗ ਦੀ ਫਿਕਰ ਹੈ, ਜਿਸ ਕਰਕੇ ਉਹ ਕਰੀਮ ਵਰਤਦੀ ਹੈ। ਅਸਲ ਵਿਚ ਅਜਿਹਾ ਵਾਪਰਦਾ ਨਹੀਂ ਹੈ। 'These skin-lightening Commercials will infuriate you and should shame India'sad Industry' ਲੇਖ ਵਿਚ ਅਜਿਹੇ ਵਿਗਿਆਪਨਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਉਤਪਾਦ ਦੀ ਗੱਲ ਕੀਤੀ ਗਈ ਹੈ ਜਿਸ ਵਿਚ ਲੋਕਾਂ ਨੂੰ ਅਸਲ ਦੇ ਭਰਮਪੂਰਕ ਜਾਲ ਵਿਚ ਫਸਾਊਣ ਦੀ ਮਾਨਸਿਕਤਾ ਕਾਰਜਸ਼ੀਲ ਹੈ। 'ਫੇਅਰ ਐਂਡ ਲਵਲੀ' ਲਾਉਣ ਨਾਲ ਇੰਟਰਵਿਊ ਵਿਚ ਪਾਸ ਅਤੇ ਨੌਕਰੀ ਦੀ ਪ੍ਰਾਪਤੀ, 'ਪੌਂਡਸ ਐਂਡ ਵਾਇਟ ਬਿਊਟੀ' ਵਰਤਣ ਨਾਲ ਆਪਣੇ ਸੁਪਨਿਆਂ ਦੇ ਰਾਜੇ ਨਾਲ ਵਿਆਹ ਹੋਣ ਦੀ ਇੱਛਾ ਦਾ ਪੂਰਾ ਹੋਣਾ, 'ਇਮਾਮੀ ਫੇਅਰ ਐਂਡ ਹੈਂਡਸਮ' ਦੀ ਵਰਤੋਂ ਨਾਲ ਸ਼ਾਹਰੁਖ ਖਾਨ ਜਿਹੇ ਚਿੱਟੇ ਬਣਨ ਅਤੇ 'ਨਿਵੀਆ ਆਰਮਪਿਟਸ' ਨਾਲ ਚਿੱਟੀਆਂ ਬਾਹਾਂ ਦਾ ਝੂਠਾ ਦਾਅਵਾ ਸ਼ਾਮਿਲ ਹਨ।[14] ਟੀ.ਵੀ ਦੇ ਇਹ ਵਿਗਿਆਪਨ ਲੋਕਾਂ ਨੂੰ ਵੱਧ ਤੋਂ ਵੱਧ ਵਸਤਾਂ ਖਰੀਦਣ ਲਈ ਉਕਸਾਉਂਦੇ ਹਨ। ਪੰਜਾਬੀ ਲੋਕਾਂ ਦੀ ਮਾਨਸਿਕਤਾ ਇਸ ਸੰਦਰਭ ਨਾਲ ਖ਼ਾਸ ਤੌਰ 'ਤੇ ਜੁੜੀ ਨਜ਼ਰ ਆਉਂਦੀ ਹੈ। ਉਤਪਾਦ ਨੂੰ ਟੀ.ਵੀ. ਵਿਚ ਇਸ ਤਰ੍ਹਾਂ 'ਚਲਾਕ ਤੇ ਚੁਸਤ' ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ, ਉਸ ਦੇ ਹਾਇਪਰ ਰਿਅਲ ਸੰਦਰਭ ਨੂੰ ਏਨੇ ਪ੍ਰਚੰਡ ਰੂਪ ਵਿਚ ਵਿਖਾਇਆ ਜਾਂਦਾ ਹੈ ਕਿ ਉਨ੍ਹਾਂ ਨੂੰ ਉਸ ਉਤਪਾਦ ਦੀ ਲੋੜ ਮਹਿਸੂਸ ਹੋਣ ਲੱਗ ਪੈਂਦੀ ਹੈ। ਟੀ.ਵੀ. ਵਿਚ ਵਿਖਾਏ ਜਾਣ ਵਾਲੇ 'Discount &Sale' ਵਰਗੇ ਫਾਰਮੂਲੇ ਉਨ੍ਹਾਂ ਨੂੰ ਅਜਿਹਾ ਕਰਨ ਵੱਲ ਰੁਚਿਤ ਕਰਦੇ ਹਨ। ਇਹ ਸੰਦਰਭ ਵਿਚ ਪੇਮੈਲਾ ਡੇਨਜ਼ੀਗਰ (Pamela Danziger) ਦੀ ਪੁਸਤਕ 'Why people Buy Things They Don't need: Understanding and Predicting Consumer Behavior'ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਸੰਦਰਭ ਵਿਚ ਉਸ ਨੇ ਮਨੋਰੰਜਨ, ਆਨੰਦ, ਰੁਤਬਾ, ਹਉਮੈ ਵਰਗੇ ਕਾਰਨਾ ਦੀ ਚਰਚਾ ਕੀਤੀ ਹੈ। ਹਾਇਪਰ ਰਿਅਲ ਵਿਗਿਆਪਨਾਂ ਦੇ ਜ਼ਰੀਏ ਲੋਕਾਂ ਨੂੰ ਪਦਾਰਥਵਾਦ

(Materialism) ਵੱਲ ਧੱਕਿਆ ਜਾ ਰਿਹਾ ਹੈ। ਬ੍ਰਾਂਡ ਦਾ ਆਕਰਸ਼ਣ ਪੰਜਾਬੀ ਲੋਕਾਂ ਨੂੰ ਇਸ ਕਦਰ ਆਕਰਸ਼ਿਤ ਕਰਦਾ ਹੈ ਕਿ ਉਹ ਵਧੀਆ ਸਟਾਈਲ, ਸੋਹਣੀ ਦਿੱਖ, ਆਨੰਦ ਦੀ ਪ੍ਰਾਪਤੀ ਵਰਗੇ ਪਹਿਲੂਆਂ ਦੀ ਇੱਛਾ ਨੂੰ ਪੂਰਿਆਂ ਕਰਨਾ ਲੋਚਦੇ ਹਨ। ਅਸੀਂ ਕਿਤੇਂ ਵੀ ਕੋਈ ਵੀ ਉਤਪਾਦ ਜੋ ਬ੍ਰਾਂਡ ਵਾਲਾ ਨਾ ਵੀ ਹੋਵੇ, ਖਰੀਦ ਸਕਦੇ ਹਾਂ ਪਰੰਤੂ ਹਾਇਪਰ ਰਿਅਲ ਦੇ ਅਜਿਹੇ ਵਿਗਿਆਪਨ ਲੋਕਾਂ ਦੀ ਮਾਨਸਿਕਤਾ ਨੂੰ ਕੈਦ ਕਰਦਿਆਂ ਉਨ੍ਹਾਂ ਨੂੰ ਸੰਬੰਧਿਤ ਬ੍ਰਾਂਡ ਦੇ ਕੱਪੜੇ ਜਾਂ ਉਤਪਾਦ ਹੀ ਖਰੀਦਣ ਵੱਲ ਪ੍ਰੇਰਿਤ ਕਰਦੀ ਹੈ। ਇਸ ਤਰ੍ਹਾਂ ਨਿੱਜੀ ਹਿੱਤ ਅਤੇ ਮੁਨਾਫੇ ਦੀ ਪ੍ਰਵਿਰਤੀ ਸਦਕਾ ਅਜਿਹੇ ਫਜ਼ੂਲ ਅਤੇ ਅਤਿ ਮਹਿੰਗੇ ਉਤਪਾਦ ਨੂੰ ਖਰੀਦਣ ਲੋਕ ਮਾਰਕੀਟ ਵਿਚ ਜਾਂਦੇ ਹਨ। ਮੂਲ ਰੂਪ ਵਿਚ ਇਹ ਉਤਪਾਦ ਚਿੰਨ੍ਹਾਂ ਰਾਹੀਂ ਅਸਲ ਜਗਤ ਨਾਲ ਨਕਲੀ ਸੰਬੰਧ ਸਿਰਜਦਾ ਹੈ।

ਇੰਟਰਨੈਟ ਨੇ ਮਨੁੱਖ ਦੀ ਜ਼ਿੰਦਗੀ ਨੂੰ ਸੁੱਖਾਵਾਂ ਬਣਾਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਇੰਟਰਨੈਟ ਰਾਹੀਂ ਅਸੀਂ ਸ਼ਾਪਿੰਗ, ਸੁਨੇਹੇ ਜਾਂ ਫੋਟੋਆਂ (ਵਟਸਐਪ, ਫੇਸਬੁੱਕ) ਅਤੇ ਹੋਰ ਨਿੱਤਦਿਨ ਦੀਆਂ ਲੋੜਾਂ ਨਾਲ ਸੰਬੰਧਿਤ ਸੁਵਿਧਾਵਾਂ ਨੂੰ ਮਾਣ ਸਕਦੇ ਹਾਂ। ਇਸੇ ਇੰਟਰਨੈੱਟ ਦਾ ਇਕ ਸੰਬੰਧ ਵੀਡੀਓ ਗੇਮਜ਼ ਜਾਂ ਆਨਲਾਈਨ ਗੇਮਜ਼ ਨਾਲ ਵੀ ਜੁੜਿਆ ਹੈ। ਪੰਜਾਬੀ ਸਮਾਜ ਵਿਚ ਬੱਚਿਆਂ ਦੇ ਨਾਲ-ਨਾਲ ਵੱਡਿਆਂ ਅੰਦਰ ਵੀਡੀਓ ਗੇਮਜ਼ ਖੇਡਣ ਦਾ ਰੁਝਾਣ ਤੇਜ਼ੀ ਫੜ ਰਿਹਾ ਹੈ। ਹਾਇਪਰ ਰਿਆਲਟੀ ਜੋ ਅਸਲੀ ਜਾਂ ਨਕਲੀ ਦੀ ਵੱਖਰਤਾ ਨੂੰ ਖ਼ਤਮ ਕਰਦੀ ਹੈ। ਹਾਇਪਰ ਰਿਅਲ ਅਸਲ ਤੋਂ ਕੋਹਾਂ ਦੂਰ ਹੈ ਕਿਉਂਕਿ ਇਸ ਦੀ ਸਿਰਜਣਾ ਬਣਤਰ ਕੁਦਰਤੀ ਨਾ ਹੋ ਕੇ ਤਕਨਾਲੋਜੀ ਜਾਂ ਹੋਰ ਅਨੇਕਾਂ ਸੰਦਰਭਾਂ ਦੁਆਰਾ ਕੀਤੀ ਗਈ ਹੁੰਦੀ ਹੈ। ਅਜਿਹੀ ਪੁਨਰ ਸਿਰਜਣਾ ਜਾਂ ਮੁੜ ਘਾੜਤ ਸੰਬੰਧਿਤ ਪਰਿਪੇਖਾਂ ਨੂੰ ਅਸਲ ਵਾਂਗ ਜਾਂ ਉਸ ਤੋਂ ਵੀ ਵਧੇਰੇ ਅਤਿ ਅਸਲ ਬਣਾ ਦਿੰਦੀ ਹੈ। ਵੀਡੀਓ ਗੇਮਜ਼ ਜਾਂ ਆਨਲਾਈਨ ਗੇਮਜ਼ ਹਾਇਪਰ ਰਿਅਲ ਜਗਤ ਦੀ ਪੇਸ਼ਕਾਰੀ ਕਰਦੀਆਂ ਹਨ। ਭਾਵੇਂ ਕਈ ਵਿਦਵਾਨਾਂ ਨੇ ਹਾਇਪਰ ਰਿਅਲਟੀ ਨੂੰ ਵੀਡੀਓ ਗੇਮਜ਼ ਨਾਲ ਨਹੀਂ ਜੋੜ ਕੇ ਵੇਖਿਆ ਪਰੰਤੂ ਜੇਕਰ ਅਸੀਂ ਇਸ ਸੰਬੰਧ ਵਿਚ ਡੂੰਘਾ ਅਧਿਐਨ ਕਰੀਏ ਤਾਂ ਇਹ ਮੰਨਿਆ ਜਾ ਸਕਦਾ ਹੈ ਕਿ ਹਾਇਪਰ ਰਿਆਲਟੀ ਦਾ ਇਕ ਅਹਿਮ ਪੱਖ ਵੀਡੀਓ ਗੇਮਜ਼ ਨਾਲ ਵੀ ਜੁੜਿਆ ਹੋਇਆ ਹੈ। ਵੀਡੀਓ ਗੇਮਜ਼ ਦੇ ਉਦਯੋਗ ਨੇ ਜਿੱਥੇ ਬੱਚਿਆਂ ਨੂੰ ਨਿਸ਼ਾਨਾ ਬਣਾਇਆ ਹੈ ਉੱਥੇ ਵੱਡੇ ਵੀ ਇਸ ਦੇ ਨਿਸ਼ਾਨੇ ਹੇਠ ਆ ਚੁੱਕੇ ਹਨ। ਵੀਡੀਓ ਗੇਮਜ਼ ਖੇਡਣ ਵਾਲਾ ਵਿਅਕਤੀ ਕਿਸੇ ਵੱਖਰੀ ਦੁਨੀਆਂ ਵਿਚ ਜੀਊਂਦਾ ਹੈ। ਇਸ ਅਧੀਨ ਅਸਲੀ ਜਗਤ (Real world) ਨੂੰ ਪੂਰੀ ਤਰ੍ਹਾਂ ਨਾਲ ਮਨਫੀ ਕਰ ਦਿੱਤਾ ਗਿਆ ਹੁੰਦਾ ਹੈ ਅਤੇ ਅਸਲ ਜਗਤ ਦਾ ਭਰਮ ਉਸਾਰਿਆਂ ਜਾਂਦਾ ਹੈ। ਹਾਇਪਰ ਰਿਅਲ ਅਜਿਹੀਆਂ ਖੇਡਾਂ ਨੂੰ ਅਸਲ ਵਾਂਗ ਪੇਸ਼ ਕਰਨ ਲਈ ਵਚਨਬੱਧ ਹੁੰਦਾ ਹੈ। ਵੀਡੀਓ ਗੇਮਜ਼ ਅਤੇ ਆਨਲਾਈਨ ਗੇਮਜ਼ ਲੋਕਾਂ ਲਈ ਅਜਿਹਾ ਜਗਤ ਸਿਰਜਦੇ ਹਨ ਜੋ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਅਸਲ ਵਾਂਗ ਲੱਗਦਾ ਹੈ। ਵੱਖ-ਵੱਖ ਚਿੰਨ੍ਹਾਂ, ਪਾਤਰਾਂ, ਥਾਵਾਂ ਨੂੰ ਇਉਂ ਘੜਿਆ ਗਿਆ ਹੁੰਦਾ ਹੈ ਕਿ ਉਹ ਅਸਲ ਮਨੁੱਖ ਵਾਂਗ ਲੱਗਦੇ ਹਨ। ਇਹ ਲੋਕਾਂ ਨੂੰ ਅਜਿਹੇ ਜਗਤ 'ਚ ਜਾਣ ਦਾ ਅਹਿਸਾਸ ਕਰਾਉਂਦੇ ਹਨ ਜਿੱਥੇ ਉਹ ਜਾਣਾ ਚਾਹੁੰਦੇ ਹਨ। ਇਹ ਮੂਲ ਰੂਪ 'Simulacra' ਵਿਧੀ ਦੇ ਅੰਤਰਗਤ ਆਉਂਦੇ ਹਨ ਜਿੱਥੇ ਇਹ ਦਾਅਵਾ ਕੀਤਾ ਜਾਂਦਾ ਹੈ ਕਿ 'These is no Originals only Copies'। ਪੰਜਾਬੀ ਸਮਾਜ ਦਾ ਵੱਡਾ ਤਬਕਾ ਜਿਸ ਵਿਚ ਬੱਚਿਆਂ ਦੇ ਨਾਲ-ਨਾਲ ਨੌਜਵਾਨ ਤੇ ਅੱਧਖੜ ਲੋਕ ਸ਼ਾਮਲ ਹਨ, ਵੀਡੀਓ ਗੇਮਜ਼ ਖੇਡਦੇ ਹਨ। ਇਕ ਸਰਵੇ ਦੀ ਰਿਪੋਰਟ ਅਨੁਸਾਰ ਅਜਿਹੇ ਨੌਜਵਾਨ ਜਿੰਨ੍ਹਾਂ ਦੀ ਉਮਰ 18-30 ਸਾਲਾਂ ਦੀ ਹੈ ਜੋ ਕੁੱਲ ਸਾਰੀਆਂ ਵੀਡੀਓ ਗੇਮਜ਼ ਜੋ ਭਾਰਤ ਵਿਚ ਹਨ, ਨੂੰ 60 ਪ੍ਰਤੀਸ਼ਤ ਮਿਆਦ ਤੱਕ ਖੇਡਦੇ ਹਨ। ਉਹ ਆਪਣੇ ਦਿਮਾਗ ਦੀ ਕਸਰਤ ਦੇ ਮੰਤਵ ਲਈ ਕੰਪਿਊਟਰ ਨਾਲ ਚਿਪਕੇ ਰਹਿੰਦੇ ਹਨ ਇਸ ਤੋਂ ਅਗੇਰੇ ਅੰਮ੍ਰਿਤਸਰ ਦੀ ਗੁਰਪ੍ਰੀਤ ਦਾ ਕਹਿਣਾ ਸੀ ਕਿ ਉਹ ਬੋਰੀਅਤ ਨੂੰ ਖਤਮ ਕਰਨ ਲਈ ਆਨਲਾਈਨ ਗੇਮਜ਼ ਖੇਡਦੀ ਹੈ। ਉਹ ਆਨਲਾਈਨ ਗੇਮਜ਼ ਵਿਚ ਟੇਬਲ ਟੈਨਿਸ, ਕ੍ਰਿਕਟ, ਦੌੜ ਜਾਂ ਪੂਲ ਖੇਡਣਾ ਪਸੰਦ ਕਰਦੀ ਹੈ। ਉਸ ਦਾ ਮੰਨਣਾ ਹੈ ਕਿ ਆਨਲਾਈਨ ਗੇਮਜ਼ ਖੇਡਣਾ ਉਸ ਨੂੰ ਵਧੀਆ ਲੱਗਦਾ ਹੈ ਕਿਉਂਕਿ ਇਹ ਤੁਹਾਨੂੰ ਸੁਪਨਿਆਂ ਦੇ ਜਗਤ ਵਿਚ ਲੈ ਜਾਂਦਾ ਹੈ। ਪੰਜਾਬੀ ਸਮਾਜ ਵਿਚ ਯੁੱਧ, ਜੰਗ, ਖੇਡਾਂ, ਅਪਰਾਧ ਜਾਂ ਅਹਿੰਸਾ ਨਾਲ ਸੰਬੰਧਿਤ ਵੀਡੀਓ ਗੇਮਜ਼ ਖੇਡਣ ਦਾ ਪ੍ਰਚਲਨ ਵੱਧ ਰਿਹਾ ਹੈ। ਲੱਕੀ, ਇੰਡੀਅਨ ਡਾਈਸ, ਟੀਨ ਪੱਟੀ ਸੋਲੋ, ਅੰਦਰ ਬਾਹਰ, ਜੰਡੀ ਮੁੰਡਾ ਆਦਿ ਹੋਰ ਅਨੇਕਾਂ ਗੇਮਾਂ ਖੇਡੀਆਂ ਜਾ ਰਹੀਆਂ ਹਨ। ਇਸ ਦੇ ਅੰਤਰਗਤ 'ਗੋਨ ਰੋਮ', 'ਟੀਫਾ-14', 'ਬੈਟਮੈਨ', 'ਕਾਲ ਆਫ ਡਿਊਟੀ' ਵੀ ਪ੍ਰਸਿੱਧ ਹਨ। ਇਕ ਹੋਰ ਰਿਪੋਰਟ ਅਨੁਸਾਰ 65.3 ਪ੍ਰਤੀਸ਼ਤ ਲੋਕ ਦੋ ਘੰਟਿਆਂ ਤੋਂ ਵੱਧ ਸਮੇਂ ਲਈ ਵੀਡੀਓ ਗੇਮਜ਼ ਖੇਡਣ ਨੂੰ ਤਰਜੀਹ ਦਿੰਦੇ ਹਨ ਜਦਕਿ 34.7 ਪ੍ਰਤੀਸ਼ਤ ਦੋ ਘੰਟਿਆਂ ਤੋਂ ਘੱਟ।[15] ਬਿਨਾਂ ਸ਼ੱਕ ਇਹ ਸੰਦਰਭ ਮਨੁੱਖ ਦਾ ਮਨੋਰੰਜਨ ਕਰਨ ਨਾਲ ਜੁੜਿਆ ਹੈ ਜੋ ਉਸ ਨੂੰ ਅਜਿਹੇ

ਜਗਤ ਵੱਲ ਲੈ ਜਾਂਦਾ ਹੈ ਜਿੱਥੇ ਜਾਣ ਦੀ ਉਸਦੀ ਇੱਛਾ ਹੈ। ਇਸ ਭਰਮਪੂਰਨ ਜਗਤ ਵਿਚ ਘੰਟਿਆਂ ਬੱਧੀ ਰਹਿਣਾ ਹੀ ਹਾਇਪਰ ਰਿਅਲ ਦੀ ਅਸਲ ਇੱਛਾ ਨੂੰ ਪੂਰਿਆਂ ਕਰਨ ਨਾਲ ਜੁੜੇ ਹੋਣਾ ਹੈ।

ਪੰਜਾਬੀ ਸਮਾਜ ਵਿਚ ਖਾਣ-ਪੀਣ ਦੀ ਪੁਰਾਣੀ ਪਰੰਪਰਾ ਟੁੱਟ ਚੁੱਕੀ ਹੈ। ਖਾਸ ਸੰਦਰਭ ਖਾਣ-ਪੀਣ ਦੀਆਂ ਚੀਜ਼ਾਂ ਨੇ ਹੁਣ 'Fashionable' ਰੂਪ ਧਾਰਨ ਕਰ ਲਿਆ ਹੈ। ਇਸ ਵਿਚ ਫੈਸ਼ਨ, ਸਟਾਇਲ ਤੇ ਗਲੈਮਰ ਦਾ ਆਉਣਾ ਇਸ ਨੂੰ ਉਤਪਾਦਕ ਦੇ ਅਪ੍ਰਤੱਖ ਫਾਰਮੂਲਿਆਂ ਨਾਲ ਤਾਂ ਜੋੜਦਾ ਹੀ ਹੈ ਪਰੰਤੂ ਨਾਲ ਹੀ ਇਹ ਲੋਕਾਂ ਨੇ ਜੀਵਨ ਵਿਵਹਾਰ ਜਾਂ ਰੁਤਬੇ (Status) ਨਾਲ ਵੀ ਜੁੜ ਚੁੱਕਾ ਹੈ। ਟੀ.ਵੀ. ਵਿਚ ਵਿਖਾਏ ਜਾਣ ਵਾਲੇ 'ਫੂਡ ਸ਼ੋਅਜ਼' ਜਾਂ ਫੂਡ ਨਾਲ ਸੰਬੰਧਿਤ ਵਿਗਿਆਪਨਾਂ ਨੇ ਖਾਣ-ਪੀਣ ਦੇ ਮਾਇਅਨੇ ਹੀ ਬਦਲ ਕੇ ਰੱਖ ਦਿੱਤੇ ਹਨ। ਲੋਕਾਂ ਦੀ ਮਾਨਸਿਕਤਾ ਅਤੇ ਖਪਤ, ਪਾਪੂਲਰ ਦੇ ਪ੍ਰਭਾਵ ਨੇ ਲੋਕਾਂ ਦੀਆਂ ਖਾਣ-ਪੀਣ ਸੰਬੰਧੀ ਆਦਤਾਂ ਵਿਚ ਚੋਖਾ ਬਦਲਾਵ ਲਿਆਂਦਾ ਹੈ। ਖਾਣ-ਪੀਣ ਦੇ ਬਦਲਵੇਂ ਢੰਗ ਦੇ ਨਾਲ-ਨਾਲ ਲੋਕਾਂ ਦੇਪਕਵਾਨ ਬਣਾਉਣ ਦੇ ਢੰਗ ਵੀ ਬਦਲ ਚੁੱਕੇ ਹਨ।ਘਰੇਲੂ ਔਰਤਾਂ ਨੇ ਵੀ ਹੁਣ ਆਪਣੇ ਖਾਣ-ਪਕਵਾਨ ਦੇ ਢੰਗ-ਤਰੀਕਿਆਂ ਨੂੰ ਬਦਲ ਲਿਆ ਹੈ। ਉਹ ਘਰਾਂ 'ਚ ਹੀ ਬਰਗਰ, ਪੀਜ਼ਾ, ਪਾਸਤਾ ਆਦਿ ਬਣਾਉਣ ਲੱਗ ਪਏ ਹਨ। ਇਸ ਦੇ ਨਾਲ ਪਤੀ-ਪਤਨੀ ਦੇ ਕੰਮ ਕਰਨ ਕਰਕੇ ਅਤੇ ਥੋੜਾ ਸਮੇਂ ਹੋਣ ਕਰਕੇ ਉਹ ਘਰ ਹੀ ਖਾਣਾ-ਪਸੰਦ ਕਰਦੇ ਹਾਂ। ਖਪਤਵਾਦ ਨੇ ਵਿਗਿਆਪਨਾਂ, ਟੀ.ਵੀ ਸ਼ੋਅਜ਼ ਅਤੇ ਮੀਡੀਆਂ ਨੇ ਖਾਣ-ਪੀਣ ਦੇ ਪਕਵਾਨਾਂ ਨੂੰ ਕਿਸੇ ਹੋਰ ਰੂਪ ਵਿਚ ਪੇਸ਼ ਕਰਨਾ ਆਰੰਭਿਆ ਹੈ। ਟੀ.ਵੀ ਵਿਚ ਵਿਖਾਏ ਜਾਣ ਵਾਲਾ ਸ਼ੋਅਜ਼ ਜਿਨ੍ਹਾਂ ਵਿਚ 'ਫਿਟ ਫੂਡੀ', 'ਟਰਬਨ ਤੜਕਾ', 'ਸੀਕਰਟ ਰੈਸਪੀ', 'ਮੰਮੀ ਕਾ ਮੈਜੀਕ' ਆਦਿ ਸ਼ੋਅਜ਼ ਵੱਡੀ ਗਿਣਤੀ ਵਿਚ ਸਫਲਤਾ ਤੇ ਲੋਕਾਂ ਦੇ ਪਸੰਦੀਦਾ ਬਣਦੇ ਜਾ ਰਹੇ ਹਨ। ਅਜਿਹੇ ਸ਼ੋਅਜ਼ ਇਕ ਵੱਖਰਾ ਤੇ ਵਿਲੱਖਣ ਢੰਗ ਫਾਰਮੂਲਿਆਂ ਰਾਹੀਂ ਫੂਡ ਅਤੇ ਲੋਕਾਂ ਵਿਚ ਇਕ ਹਾਇਪਰ ਰਿਅਲ ਸਥਿਤੀ ਸਿਰਜਦੇ ਹਨ। ਸੁਹਜਾਤਮਕ ਪ੍ਰਤੀਬੱਧਤਾ, ਮੁਹਾਰਤ ਅਤੇ ਆਨੰਦ ਦੀ ਲਾਲਸਾ ਸਦਕਾ ਫੂਡ ਹਾਇਪਰ ਰਿਅਲ ਸਥਿਤੀ ਸਿਰਜਦੇ ਹਨ। ਵਸਤਾਂ ਦੇ ਉਤਪਾਦ ਦੀ ਵਿਕਰੀ ਐਂਕਰਾ ਦੀ ਸ਼ਬਦਾਵਲੀ ਤੇ ਖਪਤਵਾਦ ਦੀ ਪ੍ਰਵਿਰਤੀ ਲੋਕਾਂ ਦੀਆਂ ਅੱਖਾ ਵਿਚ ਉਪਰੋਂ ਉਪਰ ਤਾਂ ਸੁਹਜ ਦੀ ਚਾਦਰ ਵਿਛਾਉਂਦੀ ਹੈ ਪਰੰਤੂ ਅੰਦਰੋਂ ਅੰਦਰੋ ਲੋਕਾਂ ਨੂੰ ਭਰਮ ਜਾਂ ਨਕਲੀ ਜਗਤ ਵਿਚ ਲਿਆ ਖੜ੍ਹਾ ਕਰਦੀ ਹੈ। ਜਿਵੇਂ ਵੱਖ-ਵੱਖ ਵਿਗਿਆਪਨਾ ਦੇ ਦਾਅਵੇ ਪੂਰੀ ਤਰ੍ਹਾਂ ਨਾਲ ਹਾਇਪਰ ਰਿਆਲਟੀ ਨੂੰ ਉਕਸਾਉਂਦੇ ਹਨ:

1. Children Who eat sunfeast Milky Magic go Taller.
2. 100gm Maggic Vegetable Atta Noodles provide 3 rotis goodness.
3. Happy Heart-Healthy Maggi Soup.

ਅਜਿਹੇ ਵਿਗਿਆਪਨ ਪੂਰੀ ਤਰ੍ਹਾਂ ਨਾਲ ਨਕਲੀ ਦਿੱਖ ਤੇ ਅਸਲ ਨੂੰ ਅੱਖੋ ਓਹਲਾ ਕਰਦੇ ਪ੍ਰਤੀਤ ਹੁੰਦੇ ਹਨ। ਕੀ ਬਿਸਕੁੱਟ ਬੰਦੇ ਦੇ ਕੱਦ ਨੂੰ ਵਧਾਉਣ ਲਈ ਜ਼ਿੰਮੇਵਾਰ ਹਨ? ਕੀ ਮੈਗੀ ਸੂਪ ਤੰਦਰੁਸਤ ਦਿਲ ਲਈ ਕਾਫੀ ਹੈ? ਕੀ ਮੈਗੀ ਵੈਜੀਟੇਬਲ ਆਟਾ ਨੂਡਲਜ਼ ਤਿੰਨ ਰੋਟੀਆਂ ਦਾ ਮੁਕਾਬਲਾ ਕਰ ਸਕਦੇ ਹਨ? ਇਹੀ ਪ੍ਰਸ਼ਨ ਹਾਇਪਰ ਰਿਆਲਟੀ ਦੇ ਪ੍ਰਭਾਵ ਕਾਰਨ ਉਭਰੇ ਹਨ। ਚਿੰਨ੍ਹਾਂ, ਦ੍ਰਿਸ਼ਾਂ ਦੀ ਪੇਸ਼ਕਾਰੀ ਜੋ ਸਾਡੇ ਸੁਪਨਿਆਂ ਤੇ ਇੱਛਾਵਾਂ ਨਾਲੋਂ ਵੀ ਵਧੇਰੇ ਆਕਰਸ਼ਕ ਤੇ ਸੌਖਿਆ ਹਾਸਲ ਕਰਨ ਵਾਲੀ ਹੁੰਦੀ ਹੈ ਸਿੱਟੇ ਵੱਜੋਂ ਅਸਲ ਤੇ ਨਕਲ ਵਿਚਲੀ ਲਕੀਰ ਧੁੰਦਲੀ ਹੀ ਹੁੰਦੀ ਹੈ।

ਹਾਇਪਰ ਰਿਆਲਟੀ ਨੇ ਫਿਲਮਾਂ, ਸ਼ਾਪਿੰਗ ਮਾਲ, ਪੋਪ ਕਲਾ, ਚਿੱਤਰਕਲਾ ਆਦਿ'ਤੇ ਵੀ ਚੋਖਾ ਪ੍ਰਭਾਵ ਪਾਇਆ ਹੈ। ਇਹ ਚਿੰਨ੍ਹਾਂ-ਸੰਕੇਤਾਂ ਰਾਹੀਂ ਲੋਕਾਂ ਦੀ ਮਾਨਸਿਕਤਾ ਨੂੰ ਆਪਣੇ ਸਾਂਚੇ ਵਿਚ ਢਾਲ ਦੇਣ ਵਿਚ ਸਫਲ ਹੁੰਦਾ ਹੈ। ਮੀਡੀਆ ਵੀ ਇਸ ਨੂੰ ਪ੍ਰਚੰਡ ਅਤੇ ਹੋਰ ਆਕਰਸ਼ਿਤਅਸਲ ਬਣਾਉਣ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਸੀਂ ਸਾਰੇ ਅੱਜ ਹਾਇਪਰ ਰਿਆਲਟੀਦੀ ਦੁਨੀਆਂ ਵਿਚ ਜੀਅ ਰਹੇ ਹਾਂ। ਪੰਜਾਬੀ ਸਮਾਜ ਵੀ ਹੁਣ ਹਾਇਪਟ ਰਿਅਲ ਵਿਚ ਤਬਦੀਲ ਹੁੰਦਾ ਜਾ ਰਿਹਾ ਹੈ। ਇਸ ਦੇ ਪ੍ਰਮੁੱਖ ਰੂਪ ਵਿਚ ਦੋ ਸੰਦਰਭ ਹਨ: ਪਹਿਲਾ ਇਹ ਹੈ ਕਿ ਹਾਇਪਰ ਰਿਆਲਟੀ ਕਿਸੇ ਵੀ ਵਸਤੂ, ਥਾਂ ਜਾਂ ਅਜਿਹੇ ਕੁਝ ਨੂੰ ਮੁੜ ਸਿਰਜਦੀ ਹੈ ਜਿਸ ਦੀਆਂ ਜੜ੍ਹਾ ਤਾਂ ਪਰੰਪਰਾ ਵਿਚ ਪਈਆਂ ਹੁੰਦੀਆਂ ਹਨ ਪਰੰਤੂ ਉਸ ਨੂੰ ਪਰੰਪਰਾ ਦੀ ਰੰਗਣ ਦੇ ਕੇ ਨਵ-ਉਸਾਰੀ ਕੀਤੀ ਜਾਂਦੀ ਹੈ। ਇਹ ਨਵ-ਉਸਾਰੀ ਪੁਨਰ ਰੂਪ ਵਿਚ ਪਰੰਪਰਾ ਵਾਂਗ ਅਸਲ ਦਾ ਭਰਮ ਸਿਰਜਦੀ ਹੈ।ਲੋਕ ਇਸ ਨੂੰ 'ਕਾਪੀ' ਦੀ ਥਾਂ 'ਅਸਲ' ਵਜੋਂ ਪਛਾਣਨ ਲੱਗਦੇ ਹਨ। ਇਸ ਦਾ ਦੂਜਾ ਸੰਦਰਭ ਘੜੀਆਂ ਹੋਈਆਂ ਅਜਿਹੀਆਂ ਵਸਤਾਂ ਜਾਂ ਵਾਤਾਵਰਨ ਨਾਲ ਹੈ ਜੋ ਅਸਲ ਦੀ ਕਾਪੀ ਹੋਣ।ਗਰਾਫਿਕਸ ਅਤੇ ਨਵੀਨ ਤਕਨੀਕਾਂ ਦੇ ਆਉਣ ਨਾਲ ਅਜਿਹਾ ਬਹੁਤ ਕੁਝ ਘੜਿਆ ਜਾ ਰਿਹਾ ਹੈ ਜੋ ਅਸਲ ਤਾਂ ਹੈ ਨਹੀਂ ਪਰੰਤੂ ਅਸਲ ਵਾਂਗ ਹੀ ਪ੍ਰਤੀਤ ਹੁੰਦਾ ਹੈ। ਅਜੋਕੇ ਯੁੱਗ ਵਿਚ

ਹਾਇਪਰ ਰਿਅਲ ਚਿੱਤਰ (Paintings), ਬੁੱਤ/ਮੂਰਤੀਆਂ (Sculpture), ਚਿਹਰੇ ਦੀ ਹਾਇਪਰ ਰਿਅਲ ਦਿੱਖ (Hyperreal face), ਹਾਇਪਰ ਰਿਅਲ ਸਰੀਰ (Hyperreal Body), ਹਾਇਪਰ ਰਿਅਲ ਫਿਲਮਾਂ (movies) ਆਦਿ ਹੋਰ ਕਿੰਨੇ ਹੀ ਸੰਦਰਭ ਹਨ ਜੋ ਹਾਇਪਰ ਰਿਆਲਟੀ ਦੇ ਅੰਤਰਗਤ ਵਿਚਾਰੇ ਜਾ ਸਕਦੇ ਹਨ। ਅਮਰੀਕਾਂ ਤੋਂ ਸ਼ੁਰੂ ਹੋਈ ਹਾਇਪਰ ਰਿਆਲਟੀ ਹੁਣ ਵੱਖ-ਵੱਖ ਦੇਸ਼ਾਂ 'ਤੇ ਆਪਣਾ ਪ੍ਰਭਾਵ ਪਾ ਰਹੀ ਹੈ।

ਪੰਜਾਬੀ ਸਮਾਜ ਵੀ ਹੁਣ ਹਾਇਪਰ ਰਿਆਲਟੀ ਨਾਲ ਜੁੜਦਾ ਜਾਂ ਰਿਹਾ ਹੈ। ਅਸੀਂ ਅਸਲ ਤੋਂ ਦੂਰ ਹੁੰਦੇ ਜਾ ਰਹੇ ਹਾਂ ਅਤੇ ਨਕਲ ਜਾਂ ਭਰਮ ਦੇ ਨੇੜੇ ਆ ਰਹੇ ਹਾਂ। ਹੈਰਾਨੀ ਵਾਲੀ ਗੱਲ ਇਹ ਹੈ ਕਿ ਸਾਨੂੰ ਇਸ ਬਾਰੇ ਪਤਾ ਹੀ ਨਹੀਂ ਚੱਲਦਾ ਹੈ ਕਿ ਮੀਡੀਆ, ਮੰਡੀ ਦੀਆਂ ਚਾਲਾਂ ਸਾਨੂੰ ਕਿਸ ਤਰ੍ਹਾਂ ਗੁੰਮਰਾਹ ਕਰ ਰਹੀਆਂ ਹਨ। ਅਸੀਂ ਬੜੀ ਆਸਾਨੀ ਨਾਲ ਇਨ੍ਹਾਂ ਨੂੰ ਹੰਢਾ ਰਹੇ ਹਾਂ ਅਤੇ ਇਨ੍ਹਾਂ 'ਤੇ ਭਰੋਸਾ ਵੀ ਕਰਦੇ ਹਾਂ। ਬਿਨਾਂ ਸ਼ੱਕ ਹਾਇਪਰ ਰਿਆਲਟੀ ਦੇ ਫਾਰਮੂਲਿਆਂ ਨੂੰ ਜਾਣਨਾ, ਸਮਝਣਾ ਸਮਕਾਲੀ ਪੰਜਾਬ ਸਮਾਜ ਲਈ ਇੱਕ ਚੁਣੌਤੀ ਹੈ।

## ਹਵਾਲੇ ਤੇ ਟਿੱਪਣੀਆਂ


1. "Hyper means not just "more" But "excessive"...James A.Connor,'Strategies of Hyperreal Travelers', **Science Fiction Studies,** Vol.20, No.1 (Mar.1993), Sf-TH Inc., Depauw Universirty U.S.A,p.69
2 Marcel Danesi, **Dictionary of Media and Communications,** M.E Sharpe Inc., New york, 2009,pp. 150-151
3. Barry Sandywell, **Dictionary of Visual Discourse:A Dialectical Lexicon of Terms,** Routledge Taylor &Francis Group, U.S.A, 2011, p.331
4. Mehdi Khosrowpour (Ed), **Dictionary of Information Science and Technology,** Idea group Reference Inc., U.S.A, 2006, Vol.I, p.311
5. Dale Southerton (Ed.), **Encyclopedia of Consumer Culture,** sage Pubications, Inc, U.S.A, 2001, Vol.I, p.750
6. Marcel Danesi., (Ed.) **Encyclopedia of Media and Communication.,** University of TorontoPress, Canada, 2013, p. 49
7. "Hypereality is not something that is produced but instead that which is always already reproduced...George Ritzer, **Encyclopedia of Social Theory** (Ed.), Sage publications Inc., London, 2005,pp.386-387.
8. James A.Connor, 'Strategies of Hyperreal Travelers', **Science Fiction Studies,** Vol.20, No.1 (Mar.1993), Sf-TH Inc., DepauwUniversity, U.S.A,p.69
9. Thoms Heyd, 'The Real and the Hyperreal: Dance and Simulacra', **The Journal of Aesthetic Education,** Vol.34, No.2. (Summer 2000), University of Illinois Press, U.S.A,p.17
10. Thorsten Botz- Bornstein, 'Hyperreal Monuments of the Mind Traditional Chinese Architecture and Disneyland', **Traditional Dwellings and Settlements Review**, Vol. 23, No.2 (SPRING 2012), International Association for the study of Traditional Environments, Berkeley,p.7
11. As quoted by Randy Laist, **Cinema of Simulation: Hyperreal Hollywood in Long 1990 'S**, Bloomsbury Publishing Inc, London, 2015, p.62
12. Haveliheritage net/rangla Punjab
13. w.w.w.tribuneindia.com/news/Punjab/30June 2015
14. qz.com/these-skin lightening-shame.in
15. 'Hina Fatima &Ayesha Ashfaq, 'Induction of Violent Characters through-video games: A Case study of Primary School goingChildren in Pakistan,**The International Asian Research Journal (03), TIARJ** Publications,Pakistan,2014, p.19




# 'ਕਾਰਗਿਲ' ਕਹਾਣੀ ਦਾ ਸਿਆਸੀ ਅਵਚੇਤਨ

## ਸਤਿੰਦਰਪਾਲ ਸਿੰਘ ਬਾਵਾ

ਡਾ. ਬਲਦੇਵ ਸਿੰਘ ਧਾਲੀਵਾਲ ਦਾ ਨਾਮ ਕਰੀਬ ਤਿੰਨ ਦਹਾਕਿਆਂ ਤੋਂ ਕਹਾਣੀ ਸਮੀਖਿਆ ਨਾਲ ਵਾਬਸਤਾ ਹੈ। ਉਸ ਦੀਆਂ ਕਹਾਣੀ ਸਮੀਖਿਆ ਦੀਆਂ ਲਗਭਗ ਇਕ ਦਰਜਨ ਪੁਸਤਕਾਂ ਪ੍ਰਾਪਤ ਹੁੰਦੀਆਂ ਹਨ ਪਰ ਆਲੋਚਕ ਦੇ ਨਾਲ-ਨਾਲ ਉਹ ਇਕ ਸੁੱਘੜ, ਸਿਆਣਾ ਤੇ ਸੂਝਵਾਨ ਕਹਾਣੀਕਾਰ ਵੀ ਹੈ। ਭਾਵੇਂ ਉਸ ਦੀ ਕਹਾਣੀਆਂ ਲਿਖਣ ਦੀ ਰਫ਼ਤਾਰ ਹੋਰ ਕਹਾਣੀਕਾਰਾਂ ਦੇ ਮੁਕਾਬਲੇ ਧੀਮੀ ਹੈ ਜਾਂ ਉਸ ਦੇ ਸਵੈ-ਕਥਨ ਅਨੁਸਾਰ ਕਿ ਉਹ 'ਕੱਛੂ ਦੀ ਚਾਲ ਹੀ ਚੱਲ' ਰਿਹਾ ਹੈ ਪਰ ਉਹ ਗਿਣਾਤਮਕਤਾ ਨਾਲੋਂ ਗੁਣਾਤਮਕਤਾ ਨੂੰ ਤਰਜ਼ੀਹ ਦਿੰਦਾ ਕਹਾਣੀਕਾਰ ਹੈ। ਭਾਵੇਂ ਉਹ ਹਰ ਵਕਤ ਆਪਣੇ 'ਮਨੋ-ਮਨੀਂ ਕਹਾਣੀਆਂ ਲਿਖਦਾ' ਰਹਿੰਦਾ ਹੈ ਪਰ ਉਹ ਇਕ ਸਮੀਖਿਅਕ ਹੋਣ ਦੇ ਨਾਤੇ ਆਪਣੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਤੋਂ ਬਾਖ਼ੂਬੀ ਵਾਕਫ਼ ਹੈ। ਇਹੀ ਕਾਰਨ ਹੈ ਕਿ ਉਸ ਦੇ ਹਾਲੇ ਤੱਕ ਦੋ ਕਹਾਣੀ-ਸੰਗ੍ਰਹਿ ਹੀ ਪ੍ਰਕਾਸ਼ਿਤ ਹੋਏ ਹਨ 'ਓਪਰੀ ਹਵਾ' (1996) ਅਤੇ 'ਆਪਣੇ ਆਪਣੇ ਕਾਰਗਿਲ' (2000) ਬਲਦੇਵ ਸਿੰਘ ਧਾਲੀਵਾਲ ਦੇ ਸ਼ਬਦਾਂ ਵਿਚ ਕਿ ਉਹ ਕਹਾਣੀ ਲਿਖਨ ਦੇ 'ਦੁੱਖ ਦੇਣੇ ਕਸਬ' ਤੋਂ ਟਾਲਾ ਵੱਟਦਾ ਰਹਿੰਦਾ ਹੈ :

> ਕਹਾਣੀ ਲਿਖਣ ਵਿਚ ਮੈਂ ਸਹਿਜ ਨਹੀਂ ਰਿਹਾ। ਵਸਤੂ-ਯਥਾਰਥ ਦਾ ਨਵਾਂ ਰੂਪ ਮੇਰੀ ਪਕੜ ਵਿਚ ਨਹੀਂ ਆਉਂਦਾ। ਜੇ ਥੋੜ੍ਹਾ-ਬਹੁਤ ਜੀਵਨ ਦੀ ਜਟਿਲਤਾ ਨੂੰ ਫੜ੍ਹ ਵੀ ਲਵਾਂ ਤਾਂ ਪੇਸ਼ਕਾਰੀ ਲਈ ਨਵਾਂ ਮੁਹਾਵਰਾ ਹੱਥੋਂ ਤਿਲਕ ਜਾਂਦਾ ਹੈ।

ਪਰ ਜਦੋਂ ਉਹ 'ਜੀਵਨ ਦੀ ਜਟਿਲਤਾ' ਨੂੰ ਆਪਣੀ ਕਹਾਣੀ 'ਕਾਰਗਿਲ' ਵਿਚ ਫੜ੍ਹਦਾ ਹੈ ਤਾਂ ਪੇਸ਼ਕਾਰੀ ਸਮੇਂ ਇਹ ਬਿਰਤਾਂਤ 'ਨਵਾਂ ਮੁਹਾਵਰਾ' ਸਿਰਜਣ ਦੇ ਨੇੜੇ ਜਾ ਪਹੁੰਚਦਾ ਹੈ। ਕਿਉਂਕਿ ਇਹ ਕਹਾਣੀ ਅੱਵਲ ਦਰਜੇ ਦੀ ਸਿਰਜਣਾਤਮਕਤਾ ਤੇ ਉਤਮ ਦਰਜੇ ਦੀ ਬਿਰਤਾਂਤਕਾਰੀ ਦੀ ਪੁਖ਼ਤਾ ਮਿਸਾਲ ਹੈ। ਪੰਜਾਬੀ ਕਹਾਣੀ ਦੇ ਖੇਤਰ ਵਿਚ ਉਸ ਲਈਇਹ ਕਹਾਣੀ 'ਸੰਜੀਵਨੀ' ਦਾ ਕੰਮ ਕਰ ਰਹੀ ਹੈ। ਇਸ ਤਰ੍ਹਾਂ ਜਦੋਂ ਉਹ ਕੋਈ ਉਤਮ ਕਹਾਣੀ ਲਿਖ ਲੈਂਦਾ ਹੈ ਤਾਂ ਆਪਣੀ ਹੀ 'ਸਿਰਜਣਾਤਮਕਤਾ ਦਾ ਕਾਇਲ' ਹੋ ਜਾਂਦਾ ਹੈ। ਕਰੀਬ ਇਕ ਦਾਹਕਾ ਪਹਿਲਾਂ ਲਿਖੀ ਇਸ ਕਹਾਣੀ ਨੇ ਬਲਦੇਵ ਸਿੰਘ ਧਾਲੀਵਾਲ ਦੇ ਸਾਹਿਤਕ ਕੱਦ ਨੂੰ ਹੋਰ ਉੱਚਾ ਕੀਤਾ ਹੈ।

ਕਾਰਗਿਲ ਕਹਾਣੀ ਦਾ ਆਰੰਭ ਉਪਰੋਥਲੀ ਵਾਪਰੀਆਂ ਕਹਿਰ ਦੀਆਂ 'ਦੋ ਘਟਨਾਵਾਂ' ਨਾਲ ਹੁੰਦਾ ਹੈ। ਜਿਸ ਵਿਚ ਇਕ ਘਟਨਾ ਸੂਬੇਦਾਰ ਜੋਗਿੰਦਰ ਸਿੰਘ ਦੀ ਮੌਤ ਦੀ ਸੂਚਨਾ ਨਾਲ ਸੰਬੰਧਿਤ ਹੈ ਅਤੇ ਦੂਸਰੀ ਘਟਨਾ ਬਰਾੜਾਂ ਦੇ ਰਣਬੀਰ ਦੇ ਸਾਰੇ ਪਰਿਵਾਰ ਦੀ ਅਣਕਿਆਸੀ ਮੌਤ ਨਾਲ ਸਰੋਕਾਰ ਰੱਖਦੀ ਹੈ। ਬਿਰਤਾਂਤਕਾਰ ਇਹਨਾਂ ਦੋ ਘਟਨਾਵਾਂ ਵਿਚੋਂ ਹੀ ਸਮੁੱਚੇ ਬਿਰਤਾਂਤ-ਸੰਗਠਨ ਦੀ ਉਸਾਰੀ ਕਰਦਾ ਹੈ। ਜਿਥੇ ਸੂਬੇਦਾਰ ਜੋਗਿੰਦਰ ਸਿੰਘ ਦੀ ਮੌਤ ਕਸ਼ਮੀਰ ਦੇ ਕਾਰਗਿਲ ਇਲਾਕੇ ਵਿਚ ਕਰੀਬ ਵੀਹ ਦਿਨ ਪਹਿਲਾਂ ਸ਼ਹੀਦੀ ਪਾਉਣ ਉਪਰੰਤ ਦੁਖਦਾਈ ਘਟਨਾ ਦਾ ਬਿਰਤਾਂਤ ਪ੍ਰਸਤੁਤ ਕਰਦੀ ਹੈ ਉਥੇ ਰਣਬੀਰ ਦੇ ਸਾਰੇ ਪਰਿਵਾਰ ਦੀ ਮੌਤ ਦਾ 'ਭਾਣਾ' ਲੋਕਾਂ ਲਈ 'ਅਚੰਭੇ ਭਰਿਆ ਪ੍ਰਸ਼ਨ' ਬਣ ਕੇ 'ਮੱਥੇ ਵਿਚ ਚਸਕ' ਰਿਹਾ ਹੈ। ਕਹਾਣੀ ਇਕੋ ਸਮੇਂ ਸੂਬੇਦਾਰ ਜੋਗਿੰਦਰ ਸਿੰਘ ਦੇ ਅਤੇ ਰਣਬੀਰ ਦੇ ਸਾਰੇ ਪਰਿਵਾਰ ਦੇ ਜੀਵਨ ਸੰਘਰਸ਼ ਅਤੇ ਮੌਤ ਦੀਆਂ ਘਟਨਾਵਾਂ ਨੂੰ ਕੇਂਦਰ ਵਿਚ ਰੱਖਦੀ ਹੋਈ ਪਰਤ ਦਰ ਪਰਤ ਇਹਨਾਂ ਦੇ ਡੂੰਘੇ ਰਹੱਸਾਂ ਨੂੰ ਖੋਲ੍ਹਦੀ ਚਲੀ ਜਾਂਦੀ ਹੈ। ਕਹਾਣੀ ਵਿਚ ਸੂਬੇਦਾਰ ਜੋਗਿੰਦਰ ਸਿੰਘ ਦੀ ਮੌਤ ਦਾ ਸਰੋਕਾਰ ਭੂਤਕਾਲ ਵਿਚ ਹੋਈ ਘਟਨਾ ਨਾਲ ਹੈ ਜਦੋਂ ਕਿ ਰਣਬੀਰ ਅਤੇ ਉਸਦੇ ਪਰਿਵਾਰ ਦੀ ਘਟਨਾ ਵਰਤਮਾਨ ਵਿਚ ਉਸਾਰੀ ਗਈ ਹੈ। ਇਸੇ ਤਰ੍ਹਾਂ ਬਿਰਤਾਂਤਕਾਰ ਦੋਹਾਂ ਵਿਚ ਸਮਰੂਪਤਾ ਅਤੇ ਵਿਰੋਧਤਾ ਦੇ ਅਨੇਕਾਂ ਚਿਹਨਾਂ ਨੂੰ ਇਕੋ ਸਮੇਂ ਪ੍ਰਸਤੁਤ ਵੀ ਕਰਦਾ ਹੈ ਅਤੇ ਛੁਪਾਉਂਦਾ ਵੀ ਹੈ ਕਿਉਂਕਿ ਕਹਾਣੀ ਵਿਚ ਸੂਬੇਦਾਰ ਜੋਗਿੰਦਰ ਸਿੰਘ ਅਤੇ ਰਣਬੀਰ ਦੇ ਕਿਰਦਾਰਾਂ ਦੇ ਬਹੁਪੱਖੀ ਤੁਲਨਾਤਮਕ ਸੰਦਰਭਾਂ ਰਾਹੀਂ ਹੀ ਉਹਨਾਂ ਦੀ ਸਮਾਜਕ ਅਤੇ ਸਿਆਸੀ ਪੁਜੀਸ਼ਨ ਨਿਰਧਾਰਤ ਕਰਦਾ ਹੈ। ਇਸ ਤਰ੍ਹਾਂ ਵਰਤਮਾਨ ਦਾ ਕਾਲਿਕ ਪ੍ਰਸੰਗ ਇਕੋ ਸਮੇਂ ਵਿਧਾ ਬਿੰਦੂ ਵੀ ਹੈ ਅਤੇ ਪਹੁੰਚ ਬਿੰਦੂ ਵੀ ਹੈ ਕਿਉਂਕਿ ਕਹਾਣੀ ਵਿਚ ਮੁੱਖ ਘਟਨਾ ਵਾਪਰ ਚੁੱਕੀ ਹੈ ਅਤੇ ਕਹਾਣੀਕਾਰ ਇਸ ਦਾ ਇਕ ਇਤਿਹਾਸਕ ਗਲਪੀ ਪਰਿਖੇਪ ਉਸਾਰਦਾ ਹੈ।

ਵਿਹਾਰਕ ਜੀਵਨ ਵਿਚ ਭਾਸ਼ਾਈ ਅਤੇ ਗ਼ੈਰ ਭਾਸ਼ਾਈ ਸੰਕੇਤ/ਚਿਹਨ ਸਾਡੀ ਚੇਤਨਾ ਨੂੰ ਤ੍ਰੈਕਾਲਿਕ ਸਮਿਆਂ ਦਾ ਬੋਧ ਕਰਣਾਉਣ ਵਿਚ ਸਹਾਈ ਹੁੰਦੇ ਹਨ ਅਤੇ ਨਿਰੰਤਰ ਵਿਚਾਰਾਂ ਦੀਇਕ ਅਟੁੱਟ ਲੜੀ ਦਾ ਨਿਰਮਾਣ ਕਰਦੇ ਹਨ ਜਿਸ ਦਾ ਸੰਬੰਧ ਇਕੋ ਸਮੇਂ ਤ੍ਰੈਕਾਲਿਕ ਹੁੰਦਾ ਹੈ ਕਿਉਂਕਿ ਭੂਤਕਾਲੀ ਅਨੁਭਵਾਂ ਵਿਚੋਂ ਹੀ ਵਰਤਮਾਨ ਆਪਣੀ ਹੋਂਦ ਦਾ ਬੋਧ ਕਰਾਉਂਦਾ ਹੈ ਅਤੇ ਭਵਿਖਮੁਖੀ ਕਾਰਜਾਂ/ਕਰਮਾਂ ਨੂੰ ਨਿਰਧਾਰਤ ਅਤੇ ਨਿਯਮਤ ਕਰਨ ਵੱਲ ਸੇਧਿਤ ਹੁੰਦਾ ਹੈ। ਕਈ ਵਾਰ ਇਹ ਭਾਸ਼ਾਈ ਅਤੇ ਗ਼ੈਰ ਭਾਸ਼ਾਈ ਸੰਕੇਤ/ਚਿਹਨ ਐਨੇ ਮਹੀਨ ਹੁੰਦੇ ਹਨ ਕਿ ਦਿਮਾਗ਼ ਵਿਚ ਅਚਾਨਕ ਕੋਈ ਖ਼ਿਆਲ ਪ੍ਰਗਟ ਹੋਣ ਉਪਰੰਤ ਉਸ ਦਾ ਬੁਨਿਆਦੀ ਆਧਾਰ ਸਾਡੀ ਚੇਤਨਾ ਦੀ ਪਕੜ ਤੋਂ ਬਾਹਰ ਹੁੰਦਾ ਹੈ ਭਾਵ ਸਾਡਾ ਮਨ ਉਸ ਵਿਚਾਰ ਨੂੰ ਤੁਰੰਤ ਸਮਝਣ ਤੋਂ ਅਸਮਰੱਥ ਹੁੰਦਾ ਕਿਉਂਕਿ ਖ਼ਾਸ ਸਮੇਂ ਅਤੇ ਸਥਾਨ ਵਿਚ ਵਿਚਰਦਿਆਂ ਸਾਡੇ ਅਵਚੇਤਨ ਵਿਚ ਕੋਈ ਸਿਮਰਤੀ-ਬਿੰਬ ਅਚੇਤ ਹੀ ਹਰਕਤਸ਼ੀਲ ਹੋ ਜਾਂਦਾ ਹੈ ਅਤੇ ਇਸ ਹਲੂਣੇ ਨਾਲ ਪੂਰਵ ਘਟਿਤ ਕਿਸੇ ਸੰਕਲਪ/ਸਥਿਤੀ ਨਾਲ ਰਲਦੇ ਮਿਲਦੇ ਅਨੁਭਵਾਂ ਦਾ ਬੋਧ ਜਾਗ੍ਰਿਤ ਹੋ ਜਾਂਦਾ ਹੈ। ਜਿਹੜਾ ਸਮਕਾਲੀ ਜੀਵਨ ਦੀ ਯਥਾਰਥਕ ਘਟਨਾ ਜਾਂ ਸਥਿਤੀ ਦੇ ਸਾਹਮਣੇ ਪੂਰਵ ਰਚਿਤ ਪਾਠ ਦੇ ਅਨੁਭਵ ਸਾਕਾਰ ਕਰ

ਦਿੰਦਾ ਹੈ। ਇਸ ਰਹੱਸ ਨੂੰ ਜਾਨਣ ਲਈ ਅਸੀਂ ਚੇਤ/ਅਚੇਤ ਯਤਨ ਕਰਦੇ ਰਹਿੰਦੇ ਹਾਂ। ਇਸੇ ਤਰ੍ਹਾਂ 'ਕਾਰਗਿਲ' ਕਹਾਣੀ ਵਿਚ ਵਰਤਮਾਨ ਅਤੇ ਭੂਤਕਾਲ ਦੀਆਂ ਘਟਨਾਵਾਂ ਦਾ ਬਿਰਤਾਂਤ ਉਲੀਕਣ ਸਮੇਂ ਵੀ ਕਹਾਣੀਕਾਰ ਨੇ ਇਸ ਛਿਣਭੰਗਰਤਾ, ਤਰਲਤਾ, ਲਰਜਦੀ ਮਾਨਸਿਕ ਸਥਿਤੀ ਅਤੇ ਸਿਮਰਤੀ-ਬਿੰਬ ਦੇ ਹਲੂਣੇ ਨੂੰ ਚੇਤਨ ਤੌਰ 'ਤੇ ਫੜ੍ਹਣ ਦੀ ਕੋਸ਼ਿਸ਼ ਕੀਤੀ ਹੈ। ਇਸ ਉਦੇਸ਼ ਪੂਰਤੀ ਹਿੱਤ ਕਹਾਣੀ ਦਾ ਬਿਰਤਾਂਤ ਜਟਿਲ ਤੋਂ ਜਟਿਲਤਰ ਹੁੰਦਾ ਗਿਆ ਹੈ। ਇਸ ਲਈ ਬਿਰਤਾਂਤਕਾਰ ਘਟਨਾਵਾਂ ਦੇ ਬਿਆਨ ਸਮੇਂ ਸਰਲੀਕ੍ਰਿਤ ਦੇ ਰਾਹ ਨਹੀਂ ਪੈਂਦਾ ਸਗੋਂ ਵਰਤਮਾਨ ਅਤੇ ਭੂਤਕਾਲ ਵਿਚ ਲੜੀਦਾਰ ਸੰਬੰਧ ਸਥਾਪਤ ਕਰਨ ਦਾ ਯਤਨ ਕਰਦਾ ਹੋਇਆ ਬਿਰਤਾਂਤਕ ਸੰਵਾਦ ਨੂੰ ਅੱਗੇ ਤੋਰਦਾ ਹੈ। ਇਹ ਮਸ਼ਕ ਉਸ ਨੂੰ ਕਾਲਿਕ ਘਟਨਾਵਾਂ ਦੀ ਤਹਿ ਵਿਚ ਵਿਚਰਦੇ ਪਾਤਰਾਂ ਦੇ ਚੇਤਨ ਅਵਚੇਤਨ ਨੂੰ ਟ੍ਰੇਸ ਕਰਨ ਦੀ ਸਮਰਥਾ ਪ੍ਰਦਾਨ ਕਰਦਾ ਹੈ। ਨਤੀਜੇ ਵਜੋਂ ਉਹ ਵਾਕਾਂ, ਸ਼ਬਦਾਂ, ਵਾਕੰਸ਼ਾਂ ਅਤੇ ਇਹਨਾਂ ਵਿਚੋਂ ਪੈਦਾ ਹੋਈਆਂ ਵਿਅੰਜਨ ਧੁਨੀਆਂ ਦੀ ਪੈੜ ਚਾਲ ਨੂੰ ਫੜਨ ਦੇ ਸਮਰੱਥ ਹੁੰਦਾ ਜਾਂਦਾ ਹੈ।

ਭਾਵੇਂ ਅਨੇਕਾਂ ਕਹਾਣੀਕਾਰ ਬਿਰਤਾਂਤ ਸਿਰਜਣ ਸਮੇਂ ਵੱਖ-ਵੱਖ ਕਾਲਿਕ ਪ੍ਰਸੰਗਾਂ ਵਿਚ ਵਿਚਾਰਾਂ ਦੀ ਇਕ ਅਟੁੱਟ ਲੜੀ ਦਾ ਨਿਰਮਾਣ ਕਰਨ ਲਈ ਅਜਿਹੇ ਸ਼ਬਦਾਂ ਦੀ ਚੋਣ ਕਰਦੇ ਹਨ ਜਿਸ ਨਾਲ ਸਹਿਜੇ ਹੀ ਇਕ ਕਾਲ ਤੋਂ ਦੂਜੇ ਕਾਲ ਵਿਚ ਪ੍ਰਵੇਸ਼ ਕੀਤਾ ਜਾ ਸਕੇ ਪਰ ਜਿਸ ਨਿਪੁੰਨਤਾ ਅਤੇ ਪ੍ਰਵੀਨਤਾ ਨਾਲ ਕਾਰਗਿਲ ਵਿਚ ਦੋ ਕਾਲਿਕ ਪ੍ਰਸੰਗਾਂ ਭੂਤਕਾਲ ਅਤੇ ਵਰਤਮਾਨ ਜੋੜੇ ਗਏ ਹਨ ਉਹ ਜਟਿਲ ਬਿਰਤਾਂਤ ਸਿਰਜਣਾ ਦੇ ਖੇਤਰ ਵਿਚ ਆਪਣੀ ਮਿਸਾਲ ਆਪ ਹਨ। ਉਦਾਹਰਨ ਦੇ ਤੌਰ 'ਤੇ ਨਿਮਨ ਲਿਖਤ ਬਿਰਤਾਂਤਕ ਲੜੀ ਭੂਤਕਾਲ ਵਿਚੋਂ ਵਰਤਮਾਨ ਕਾਲ ਵਿਚ ਸਵਿਚਿੰਗ ਸਮੇਂ ਇਸੇ ਜੁਗਤ ਨੂੰ ਹੀ ਅਪਣਾਉਂਦੀਆਂ ਹਨ :

> ਰਣਬੀਰ ਕੁੜਤਾ ਲਾਹ ਕੇ ਕੂਲਰ ਦੇ ਐਨ ਸਾਹਮਣੇ ਬੈਠ ਗਿਆ। ਨਸ਼ੇ ਦੀ ਲੋਰ ਅਤੇ ਠੰਡੀ ਠਾਰ ਹਵਾ ਨਾਲ ਉਸ ਦੇ ਤਨ ਅਤੇ ਮਨ ਵਿਚ ਇਕ ਸੁਆਦ ਦੀ ਤਰੰਗ ਜਿਹੀ ਭਰਨ ਲੱਗੀ। "ਪਾਪਾ ਤੁਸੀਂ ਤਾਂ ਸਾਰੀ ਹਵਾ ਰੋਕ-ਲੀ" ਬੱਚੇ ਇਕੋ ਆਵਾਜ਼ ਵਿਚ ਕੂਕੇ।
>
> "...ਓਟ ਨਾ ਬਣਾਓ ਬਈ ਹਵਾ ਪੈਣ ਦਿਓ ਸਿੱਧੀ। ਹਵਾ ਨਾਲ ਹੀ ਫੈਲੂ ਅੱਗ ਚਾਰੇ ਪਾਸੇ।" ਸੱਜਣ ਚੌਕੀਦਾਰ ਚਿਖਾ ਨੇੜਲੇ ਬੰਦਿਆਂ ਨੂੰ ਪਰ੍ਹੇ ਹਟਾਉਦਿਆਂ ਇਕ ਲੰਮੇ ਟੰਬੇ ਨਾਲ ਅੱਗ ਲਈ ਵਿਰਲਾਂ ਬਣਾ ਰਿਹਾ ਸੀ।

ਇਸ ਬਿਰਤਾਂਤਕ ਖੰਡ ਵਿਚ ਦੋ-ਕਾਲਿਕ ਸਥਿਤੀਆਂ ਦਾ ਉਲੇਖ ਹੈ ਪਹਿਲੀ ਦਾ ਸੰਬੰਧ ਭੂਤਕਾਲ ਹੈ ਅਤੇ ਦੂਜੀ ਸਥਿਤੀ ਵਰਤਮਾਨ ਕਾਲਨਾਲ ਸਰੋਕਾਰ ਰੱਖਦੀ ਹੈ ਅਤੇ 'ਹਵਾ' ਸ਼ਬਦ ਇਹਨਾਂ ਦੋਹਾਂ ਵਿਚ ਵਿਚ ਸਾਂਝ ਪੈਦਾ ਕਰ ਰਿਹਾ ਹੈ ਜਿਸ ਨਾਲ ਦੋਹਾਂ ਕਾਲਾਂ ਵਿਚਲੀਆਂ ਵਿਰਲਾਂ/ਵਿਥਾਂ ਦਾ ਅੰਤਰ ਘਟ ਸਕੇ। ਬਿਰਤਾਂਤਕਾਰ ਚੇਤਨ ਤੌਰ 'ਤੇ ਵਰਤਮਾਨ ਕਾਲਿਕ ਪ੍ਰਸੰਗਾਂ ਨੂੰ ਭੂਤਕਾਲ ਨਾਲ ਇਕ ਲੜੀ ਵਿਚ ਪ੍ਰੋਣ ਲਈ ਅਜਿਹੇ ਸਮਭਾਵ ਵਾਲੇ ਸ਼ਬਦਾਂ ਦੀ ਚੋਣ ਕਰਦਾ ਹੈ ਜਿਸ ਨਾਲ ਵਿਚਾਰਾਂ ਦੀ ਇਕ ਲੜੀ ਦਾ ਨਿਰਮਾਣ ਹੋ ਸਕੇ। ਭਾਵੇਂ ਵਰਤਮਾਨ ਅਤੇ ਭੂਤਕਾਲ ਦੇ ਬਿਰਤਾਂਤਕ ਪ੍ਰਸੰਗ ਵੱਖੋ ਵੱਖਰੇ ਹਨ ਪਰ ਇਹਨਾਂ ਵਿਚਲਾ ਕੋਈ ਸਾਂਝਾ ਸ਼ਬਦ ਜਾਂ ਭਾਗ ਅਜਿਹੀ ਪੱਕੀ-ਪੀਡੀ ਸਾਂਝ ਦਾ ਨਿਰਮਾਣ ਕਰਨ ਵਿਚ ਸਹਾਈ ਹੁੰਦਾ ਹੈ ਜਿਹੜਾ ਸਮਭਾਵ, ਸਮਤੁਲ ਅਤੇ ਸਦ੍ਰਿਸ਼ ਹੋ ਕੇ ਨਵੇਂ ਭਾਵ ਜਗਤ ਵਿਚ ਪ੍ਰਵੇਸ਼ ਕਾਰਵਾਉਣ ਵਿਚ ਸਹਾਈ ਹੁੰਦਾ ਹੈ। ਡਾ. ਜਸਵਿੰਦਰ ਸਿੰਘ ਇਸ ਜੁਗਤ ਨੂੰ 'ਗਾਂਢੇ ਲਗਾਉਣਾ' ਕਹਿੰਦੇ ਹਨ ਕਿ ਜਿਵੇਂ ਪੁਰਾਣੇ ਜ਼ਮਾਨੇ ਵਿਚ ਵਾਣ ਵੱਟਣ ਸਮੇਂ ਕੋਈ ਵਿਅਕਤੀ ਗਾਂਢੇ ਲਗਾਉਂਣ ਸਮੇਂ ਇਸ ਤਰ੍ਹਾਂ ਲਗਾਉਂਦਾ ਸੀ ਕਿ ਉਹ ਰੜਕਣ ਵੀ ਨਾ ਅਤੇ ਪਤਾ ਵੀ ਨਾ ਲੱਗੇ ਕਿ ਗਾਂਢਾ ਲਗਾਇਆ ਕਿਥੇ ਗਿਆ ਹੈ। ਬਿਰਤਾਂਤਕਾਰ ਇਸੇ ਤਰ੍ਹਾਂ ਦੇ ਗਾਂਢੇ ਕਾਰਗਿਲ ਕਹਾਣੀ ਵਿਚ ਲਗਾਉਂਦਾ ਹੈ। ਡਾ. ਜਸਵਿੰਦਰ ਸਿੰਘ ਦਾ ਮੰਨਣਾ ਹੈ ਕਿ 'ਕਾਰਗਿਲ ਕਹਾਣੀ ਵਿਚ ਗਾਂਢੇ ਠੀਕ ਲੱਗੇ ਹਨ।' ਇਸ ਤਰ੍ਹਾਂ ਬਿਰਤਾਂਤਕ ਲੜੀ ਵਰਤਮਾਨ ਤੋਂ ਭੂਤਕਾਲ ਵਿਚ ਜਾਣ ਸਮੇਂ ਰੇਲ ਪਟੜੀ ਦੀਆਂ ਕੈਂਚੀ 'ਤੇ ਛਟਪਟ ਦੌੜਦੀ ਜਾਂਦੀ ਹੈ ਜਿਸ ਵਿਚ ਕਿਸੇ ਕਿਸਮ ਦੀ ਰੁਕਾਵਟ ਨਹੀਂ ਮਹਿਸੂਸ ਨਹੀਂ ਹੁੰਦੀ। ਜਿਸ ਨਾਲ ਬਿਰਤਾਂਤਕਾਰ ਵਰਤਮਾਨ ਅਤੇ ਭੂਤਕਾਲ ਵਿਚ ਕੋਈ ਜੋੜ ਬੈਠਾਉਂਦਾ ਹੋਇਆ ਬਿਰਤਾਂਤਕ ਲੜੀ ਨੂੰ ਖੰਡਿਤ ਨਹੀਂ ਹੋਣ ਦਿੰਦਾ ਸਗੋਂ ਉਸ ਵਿਚ ਨਿਰੰਤਰਤਾ ਤੇ ਨਿਰਵਿਘਨਤਾ ਦਾ ਪ੍ਰਵਾਹ ਬਣਾਈ ਰੱਖਦਾ ਹੈ।

ਭਾਵੇਂ ਸਮੁੱਚਾ ਬਿਰਤਾਂਤ ਕਿਸਾਨੀ ਦੇ ਸੰਕਟਾਂ ਨੂੰ ਰੇਖਾਂਕਿਤ ਕਰਦਾ ਹੈ ਪਰ ਇਸ ਬਿਰਤਾਂਤ ਦੀ ਖ਼ੂਬਸੂਰਤੀ ਇਹ ਹੈ ਕਿ ਇਸ ਵਿਚ ਬਿਰਤਾਂਤਕਾਰ ਕਿਸਾਨੀ ਸੰਕਟ ਸੰਬੰਧੀ ਚੇਤਨ ਤੌਰ ਤੇ ਪ੍ਰਤੱਖ ਰੂਪ ਵਿਚ ਕੋਈ ਸਿੱਧੀ ਟੀਕਾ-ਟਿੱਪਣੀ ਨਹੀਂ ਕਰਦਾ,ਸਗੋਂ ਕਹਾਣੀ ਦੀ ਡੂੰਘ ਸੰਰਚਨਾ ਵਿਚ ਅਨੇਕਾਂ ਅਜਿਹੀਆਂ ਸਮੱਸਿਆਵਾਂ ਦੇ ਕਾਰਨਾਂ ਅਤੇ ਕਾਰਜਾਂ ਦਾ ਉਲੇਖ ਕਰਦਾ ਹੈ ਜਿਹਨਾਂ ਦਾ ਸੰਬੰਧ ਰਣਬੀਰ ਵਰਗੇ ਅਨੇਕਾਂ ਕਿਸਾਨਾਂ ਨਾਲ ਜਾ ਜੁੜਦਾ ਹੈ, ਜਿਹੜੇ ਆਤਮ ਹੱਤਿਆ ਕਰ ਗਏ ਹਨ। ਨੈਸ਼ਨਲ ਕਰਾਇਮ ਰਿਕਾਰਡ ਬਿਉਰੋ ਮੁਤਾਬਿਕ 1995 ਤੱਕ ਭਾਰਤ ਵਿਚ 2,96,438 ਕਿਸਾਨ ਆਤਮ ਹੱਤਿਆਵਾਂ ਕਰ ਚੁੱਕੇ ਸਨ। ਜਿਸ ਦੇਸ਼ ਵਿਚ ਸੱਤਰ ਫ਼ੀ ਸਦੀ ਲੋਕ ਸਿੱਧੇ ਜਾਂ ਅਸਿੱਧੇ ਤੌਰ 'ਤੇ ਨਿਰੋਲ ਖੇਤੀ ਉੱਤੇ ਨਿਰਭਰ ਹੋਣ ਉਥੇ ਅਜਿਹੇ ਸੰਕਟਾਂ ਦਾ ਉਪਜਣਾਂ ਆਪਣੇ ਆਪ ਵਿਚ ਅਤਿ ਦੁਖਦਾਈ ਹੈ। ਇਸ ਤੋਂ ਵੀ ਵੱਧ ਦਰਦਨਾਕ ਅਤੇ ਚਿੰਤਾਜਨਕ ਸਥਿਤੀ ਇਹ ਹੈ ਕਿ ਲਗਾਤਾਰ ਕਿਸਾਨ ਆਤਮ ਹੱਤਿਆਵਾਂ ਕਰ ਰਹੇ ਹਨ ਪਰ ਕੇਂਦਰ ਸਰਕਾਰ ਅਤੇ ਸੂਬੇ ਦੀਆਂ ਸਰਕਾਰਾਂ ਅਜਿਹੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਠੋਸ ਨੀਤੀ ਦਾ ਨਿਰਮਾਣ ਕਰਨ ਵਿਚ ਅਸਫ਼ਲ ਰਹੀਆਂ ਹਨ। ਅਜਿਹੇ ਮਸਲਿਆਂ ਪ੍ਰਤਿ ਉਹਨਾਂ ਦਾ ਅਵੇਸਲਾਪਣ ਅਤੇ ਗ਼ੈਰ-ਸੰਜੀਦਗੀ ਨੇ ਸਥਿਤੀ ਨੂੰ ਵਿਸਫੋਟਕ ਬਣਾ ਦਿੱਤਾ ਹੈ। ਸਾਡੀਆਂ ਸਰਕਾਰਾਂ ਜਿਹੜੇ ਮੁਦਿਆਂ 'ਤੇ ਸਿਆਸਤ ਕਰਦੀਆਂ ਹਨ ਜਿਸ ਖੇਤੀ-ਸੈਕਟਰ ਨਾਲ ਸੰਬੰਧਿਤ ਸੱਤਰ ਫ਼ੀਸਦੀ ਲੋਕਾਂ ਦਾ ਕੁਝ ਨਹੀਂ ਸੰਵਰਨ ਲੱਗਿਆ। ਹਥਲੀ ਕਹਾਣੀ ਕਾਰਗਿਲ ਦਾ ਬਿਰਤਾਂਤਕ ਕਾਲ ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਦੇ ਆਖ਼ਰੀ ਵਰ੍ਹੇ ਨਾਲ ਸੰਬੰਧਿਤ ਹੈ। ਕਾਰਗਿਲ ਦਾ ਇਲਾਕਾ ਕਸ਼ਮੀਰ ਦਾ ਲਦਾਖ ਜ਼ਿਲ੍ਹੇ ਵਿਚ ਪੈਂਦਾ ਹੈ। ਇਹ ਇਲਾਕਾ ਜੁਲਾਈ 1999 ਵਿਚ ਭਾਰਤ ਅਤੇ ਪਾਕਿਸਤਾਨ ਦਰਮਿਆਨ ਛਿੜੀ 'ਜੰਗ' ਤੋਂ ਬਾਅਦ ਸਮਾਜਕ ਅਤੇ ਸਿਆਸੀ ਹਲਕਿਆਂ ਵਿਚ ਵੱਧ ਚਰਚਿਤ ਰਿਹਾ ਹੈ। ਅੰਤਰ-ਰਾਸ਼ਟਰੀ ਸੁਰੱਖਿਆ ਵਿਸ਼ੇਸ਼ਗਾਂ ਨੇ ਕਾਰਗਿਲ

ਜੰਗ ਨੂੰ 'ਕਾਰਗਿਲ ਦਵੰਦ' ਦਾ ਨਾਮ ਵੀ ਦਿੱਤਾ ਗਿਆ ਹੈ।ਅਸੀਂ ਇਸ ਕਹਾਣੀ ਨੂੰ ਕਾਰਗਿਲ ਜੰਗ ਨਾਲੋਂ ਕਾਰਗਿਲ ਦਵੰਦ ਦੀ ਸੰਗਿਆ ਦੇਣ ਦੇ ਹੱਕ ਵਿਚ ਹਾਂ ਕਿਉਂਕਿ ਕਹਾਣੀ ਦਾ ਸਿਰਲੇਖ 'ਕਾਰਗਿਲ' ਅਚੇਤ ਹੀ ਇਕ ਦਵੰਦ ਨੂੰ ਸਿਰਜਦਾ ਹੈ। ਦੂਜੇ ਪਾਸੇ ਇਸ ਕਹਾਣੀ ਦਾ ਸਮੁੱਚਾ ਬਿਰਤਾਂਤਕ ਸੰਗਠਨ ਵਿਰੋਧੀ ਜੁੱਟਾਂ ਉਪਰ ਟਿਕਿਆ ਹੋਇਆ ਹੈ। ਇਸ ਵਿਰੋਧ ਨੂੰ ਉਸਾਰਨ ਲਈ ਬਿਰਤਾਂਤਕਾਰ ਅਜਿਹੇ ਸ਼ਬਦਾਂ ਦੀ ਚੋਣ ਕਰਦਾ ਹੈ ਜਿਹਨਾਂ ਦਾ ਆਪਣਾ ਇਕ ਸਮਾਜਕ, ਆਰਥਕ, ਸਿਆਸੀ ਅਤੇ ਸਭਿਆਚਾਰਕ ਪ੍ਰਸੰਗ ਬਣਦਾ ਹੈ। ਇਹ ਵਿਰੋਧ ਚੇਤਨ ਅਵਚੇਤਨ ਵਿਚਲੇ ਅਨੇਕਾਂ ਦਵੰਦਾਂ ਦਾ ਰੂਪ ਧਾਰਨ ਕਰ ਚੁੱਕੇ ਨਿੱਕੇ ਵੱਡੇ ਬਿਰਤਾਂਤਕ ਪ੍ਰੰਸਗਾਂ ਵਿਚੋਂ ਸਾਕਾਰ ਹੁੰਦਾ ਹੈ। ਬਿਰਤਾਂਤਕਾਰ ਮੁੱਖ ਤੌਰ 'ਤੇ ਰਣਬੀਰ 'ਤੇ ਫੋਕਸ ਕਰਦਾ ਹੋਇਆ ਸਮੁੱਚੇ ਬਿਰਤਾਂਤ ਨੂੰ ਉਸਾਰਦਾ ਤੇ ਉਘਾੜਦਾ ਹੈ ਪਰ ਬਿਰਤਾਂਤਕਾਰ ਇਸ ਦੇ ਪਿਛੋਕੜ ਵਿਚ ਰਣਬੀਰ ਦੇ ਪਿੰਡ ਦੇ ਲੋਕ ਅਤੇ ਖਾਸ ਕਰਕੇ ਸੂਬੇਦਾਰ ਜੋਗਿੰਦਰ ਸਿੰਘ ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਨਾਲ, ਰਣਬੀਰ ਦੇ ਹਠੀ ਆਪੇ ਦਾ ਤੁਲਨਾਤਮਕ ਪ੍ਰਸੰਗ ਵੀ ਸਿਰਜਦਾ ਹੈ ਅਤੇ ਨਾਲੋ ਨਾਲ ਰਣਬੀਰ ਦੀ ਸਮਾਜਕ, ਆਰਥਕ ਅਤੇ ਸਿਆਸੀ ਸਥਿਤੀ ਨੂੰ ਤਤਕਾਲੀ ਸੰਦਰਭ ਵਿਚ ਪਰਿਭਾਸ਼ਿਤ ਵੀ ਕਰਦਾ ਹੈ ਅਤੇ ਲਗਾਤਾਰ ਰਣਬੀਰ ਦੇ ਕਿਰਦਾਰ ਨੂੰ ਪੁਨਰ-ਪਰਿਭਾਸ਼ਿਤ ਕਰਨ ਲਈ ਉਸ ਨੂੰ ਭਵਿੱਖਮੁਖੀ ਸੰਭਾਵਿਤ ਚੁਣੌਤੀਆਂ ਅਤੇ ਵੰਗਾਰਾਂ ਦੇ ਰੂਬਰੂ ਵੀ ਕਰਦਾ ਰਹਿੰਦਾ ਹੈ।ਇਸ ਤਰ੍ਹਾਂ ਬਿਰਤਾਂਤਕਾਰ ਕੇਵਲ ਇਕ ਪਾਤਰ 'ਤੇ ਫੋਕਸੀਕ੍ਰਿਤ ਕਰਕੇ ਕਿਸਾਨੀ ਸੰਕਟਾਂ ਅਤੇ ਸਮੱਸਿਆਵਾਂ ਨੂੰ ਵੀ ਨਾਲੋ-ਨਾਲ ਉਲੀਕ ਰਿਹਾ ਹੈ। ਦੂਜੇ ਪਾਸੇ ਸਗਲੇ ਬਿਰਤਾਂਤ ਵਿਚ ਕਹਾਣੀ ਦੇ ਸਰਲੇਖ ਕਾਰਗਿਲ ਦਾ ਆਪਣਾ ਸਮਾਜਕ ਅਤੇ ਸਿਆਸੀ ਪਰਿਪੇਖ ਵੀ ਹੈ ਜਿਸ ਦੀ ਤਹਿ ਵਿਚ ਦੋ ਦੇਸ਼ਾਂ ਭਾਰਤ ਪਾਕਿਸਤਾਨ ਦੇ ਅਸੁਖਾਵੇਂ ਸੰਬੰਧਾਂ ਦਾ ਦਵੰਦਾਤਮਕ ਇਤਿਹਾਸ ਪਿਆ ਹੈ। ਬਿਰਤਾਂਤਕਾਰ ਦੁਆਰਾ ਕੀਤੀ ਸ਼ਬਦ ਚੋਣ ਦਾ ਆਪਣਾ ਇਕ ਪੌਲੀਫੌਨਿਕ/ਬਹੁਧੁਨੀ ਪ੍ਰਵਚਨ ਬਣਦਾ ਹੈ ਜਿਹਨਾਂ ਦਾ ਇਕ ਅਰਥ ਯੁੱਧ ਵਿਚ ਲੜ ਰਹੇ ਫੌਜੀ ਨਾਲ ਜੁੜਿਆ ਹੋਇਆ ਹੈ ਅਤੇ ਦੂਜਾ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਤੇ ਸੰਕਟਾਂ ਨਾਲ ਜੂਝ ਰਹੇ ਕਿਸਾਨਾਂ ਨਾਲ ਜਾ ਜੁੜਦਾ ਹੈ।ਇਸ ਤਰ੍ਹਾਂ ਇਸ ਕਹਾਣੀ ਦੀ ਬੁਣਤਰ ਸੰਘਣੀ ਹੈ ਜਿਹੜੀ ਇਕੋ ਸਮੇਂ ਵੱਖ-ਵੱਖ ਮੋਰਚਿਆਂ 'ਤੇ ਲੜ ਰਹੇ ਕਿਰਦਾਰਾਂ ਦੇ ਜੀਵਨ-ਸੰਘਰਸ਼ ਨੂੰ ਪ੍ਰਸਤੁਤ ਕਰਦੀ ਹੋਈ ਇਸ ਗੱਲ ਦਾ ਬੋਧ ਕਰਾਉਂਦੀ ਹੈ ਕਿ ਸਰਹੱਦਾਂ ਦੀਆਂ ਰਾਖੀਆਂ ਕਰਦੇ ਨੌਜੁਆਨ ਕਿਸ ਤਰ੍ਹਾਂ ਦੇਸ਼ ਤੋਂ ਆਪਣੀ ਜਾਨ ਕੁਰਬਾਨ ਕਰ ਦਿੰਦੇ ਹਨ (ਜਿਵੇਂ ਸੂਬੇਦਾਰ ਜੋਗਿੰਦਰ ਸਿੰਘ) ਅਤੇ ਦੇਸ਼ ਲਈ ਅੰਨ ਪੈਦਾ ਕਰਨ ਵਾਲੇ ਕਿਸਾਨ (ਜਿਵੇਂ ਰਣਬੀਰ) ਕਿਸ ਤਰ੍ਹਾਂ ਆਰਥਿਕ ਸਮੱਸਿਆਵਾਂ ਨਾਲ ਜੂਝਦੇ ਹੋਏ ਖ਼ੁਦਕੁਸ਼ੀ ਕਰ ਲੈਂਦੇ ਹਨ।

ਕਹਾਣੀਕਾਰ ਯਥਾਰਥਕ ਜ਼ਿੰਦਗੀ ਅਤੇ ਸੁਪਨਮਈ ਯਥਾਰਥ ਦੀਆਂ ਸੀਮਾਵਾਂ ਨੂੰ ਥਾਂ-ਪਰ-ਥਾਂ ਤੁਲਨਾਤਮਕ ਸੰਦਰਭ ਵਿਚ ਸਿਰਜਦਾ ਹੈ। ਬਦਲਾਉ ਕੁਦਰਤ ਦਾ ਨਿਯਮ ਹੈ। ਪਰ ਰਣਬੀਰ ਉਪਰ ਕੇਂਦਰਿਤ ਬਿਰਤਾਂਤ ਕਿਸੇ ਸਹਿਜ-ਸੁਭਾਅ ਵਾਪਰੇ ਬਦਲਾਉ ਦੀ ਸੋਝੀ ਨਹੀਂ ਕਰਵਾਉਂਦਾ ਸਗੋਂ ਵਿਤੋਂ ਬਾਹਰ ਆਪ ਸਹੇੜੀਆਂ ਮੁਸੀਬਤਾਂ ਦਾ ਬੋਧ ਵੀ ਕਰਾਉਂਦਾ ਹੈ ਅਤੇ ਇਸ ਬਾਰੇ ਵਿਵੇਕਸ਼ੀਲ ਚਿੰਤਨ ਦਾ ਨਿਰਮਾਣ ਵੀ ਕਰਦਾ ਹੈ। ਕਹਾਣੀ ਵਿਚ ਸਿਰਫ ਇਕ ਪਾਤਰ ਹੀ 'ਵੋਟਾਂ' ਦੀ ਰਾਜਨੀਤੀ ਤੋਂ ਨਿਰਲੇਪ ਰਹਿੰਦਾ ਹੈ ਅਤੇ ਉਹ ਹੈ ਰਣਬੀਰ ਦੀ ਪਤਨੀ ਬਚਿੰਤ ਕੌਰ ਜਿਹੜੀ ਨਵੇਂ ਬਦਲਾਉ ਨੂੰ ਓਨੀ ਸਹਿਜਤਾ ਨਾਲ ਨਹੀਂ ਪ੍ਰਵਾਨ ਕਰਦੀ ਜਿੰਨੀ ਸਹਿਜਤਾ ਤੇ ਸੁਭਾਵਿਕਤਾ ਨਾਲ ਰਣਬੀਰ ਸਵੀਕਾਰ ਕਰ ਰਿਹਾ ਸੀ। ਇਸ ਦੀ ਇਕ ਮਿਸਾਲ ਬਚਿੰਤ ਕੌਰ ਦੇ ਨਿਮਨ ਸ਼ਬਦਾਂ ਤੋਂ ਸਹਿਜੇ ਹੀ ਮਿਲ ਜਾਂਦੀ ਹੈ:

> "ਆਹ ਕੀ ਲੱਛਣ ਫੜ੍ਹ ਲੇ ਨੇ ਤੂੰ, ਐਂ ਤਾਂ ਅਹਿਲਕਾਰਾਂ ਦੇ ਪੁੱਤ ਦਾ ਪੂਰਾ ਨੀ ਪੈਂਦਾ। ਨਿੱਤ ਸ਼ਹਿਰ ਗਿਆ ਕੋਈ ਨਵੀਂ ਚੀਜ਼ ਚੱਕੀ ਆਉਨੈਂ, ਐਨੇ ਤਾਂ ਸਿਰ 'ਤੇ ਵਾਲ ਨੀ ਹੋਣੇ ਜਿੰਨੇ ਤੂੰ ਪੈਸੇ ਸਿਰ ਕਰਈ ਬੈਠੇਂ। ਦੱਸ ਐ ਕਿਵੇਂ ਨਿਰਬਾਹ ਹੋਊ ਆਪਣਾ?"

ਕਹਾਣੀ ਵਿਚ ਉਸ ਦੁਆਰਾ ਸਿਰਜਿਆ ਵਿਰੋਧ ਵਾਸਤਵ ਵਿਚ ਰਣਬੀਰ ਦੁਆਰਾ ਆਪ ਸਹੇੜੇ ਸੰਕਟਾਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਵਾਉਂਦਾ ਹੈ। ਬਿਰਤਾਂਤਕਾਰ ਰਣਬੀਰ ਨੂੰ ਨਵੇਂ ਵਰਤਾਰਿਆਂ ਰਾਹੀਂ ਇਕੋ ਵੇਲੇ ਪਰਿਵਰਤਨਸ਼ੀਲ ਸਥਿਤੀ ਵਿਚ ਵੀ ਪੇਸ਼ ਕਰਦਾ ਹੈ ਅਤੇ ਪਤਨਸ਼ੀਲ ਸਥਿਤੀ ਵਿਚ ਵੀ ਪ੍ਰਸਤੁਤ ਕਰ ਰਿਹਾ ਹੈ। ਪਰਿਵਰਤਨਸ਼ੀਲ ਸਥਿਤੀ ਦਾ ਸਰੋਕਾਰ ਬਾਹਰੀ ਸੰਸਾਰਕ ਸੁੱਖ ਸਹੂਲਤਾਂ ਵਾਲੇ ਪ੍ਰਬੰਧ ਨਾਲ ਬੱਝਿਆ ਹੋਇਆ ਹੈ ਜਿਸ ਦੀ ਸੂਹ ਉਹਨਾਂ ਦੀ ਗੁਆਂਢਣ ਹਰ ਕੁਰ ਦੇ ਨਿਮਨ ਅੰਕਿਤ ਸ਼ਬਦਾਂ ਵਿਚੋਂ ਪ੍ਰਤੱਖ ਮਿਲ ਜਾਂਦੀ ਹੈ:

> "ਵੇ ਪੁੱਤ ਤੇਰੇ ਕਿਥੋਂ ਆ ਗਈ ਗਿੱਦੜਸਿੰਗੀ ਹੱਥ? ਸੁੱਖ ਨਾਲ ਘਰ ਦਾ ਮੂੰਹ ਮੱਥਾ ਈ ਬਦਲਤਾ। ਸਾਡੇ ਲੱਲ੍ਹਿਆਂ ਨੂੰ ਵੀ ਦੇ ਕੋਈ ਸਿੱਖ-ਮੱਤ, ਜੇ ਕਿਤੇ ਸਿੱਧੇ ਰਾਹ ਪੈ ਜਾਣ। ਸਾਰਾ ਦਿਨ ਖੇਤ ਖੱਲ ਪਟਾਉਂਦੇ ਮਛੀਓ-ਮਾਸ ਹੁੰਦੇ ਰਹਿੰਦੇ ਐ ਤੇ ਫੇਰ ਵੀ ਦਸਾਂ ਕਿੱਲਿਆਂ 'ਚੋਂ ਜੁਆਕ ਪਾਲਣੇ ਔਖੇ ਹੋਏ ਪਏ ਐ।"

ਹਰ ਕੁਰ ਦੇ ਇਹਨਾਂ ਸ਼ਬਦਾਂ ਦਾ ਸੰਬੰਧ ਸਮੂਹਿਕ ਅਵਚੇਤਨ ਨਾਲ ਜੁੜਿਆ ਹੋਇਆ ਹੈ ਜਿਹੜਾ ਪਦਾਰਥਕ ਖੁਸ਼ਹਾਲੀ ਨੂੰ ਤਰਜ਼ੀਹ ਦਿੰਦਾ ਹੋਇਆ ਉਸੇ ਵਿਅਕਤੀ ਨੂੰ ਪ੍ਰਵਾਨ ਕਰਦਾ ਚਲਾ ਜਾਂਦਾ ਹੈ ਜਿਸ ਕੋਲ ਮੁਕਾਬਲਾਤਨ ਸੰਸਾਰਕ ਸੁੱਖ ਸਹੂਲਤਾਂ ਵੱਧ ਹੋਣ। ਜਿਥੇ ਹਰ ਕੁਰ ਦੇ ਪਰਿਵਾਰ ਦੇ ਮੁੰਡਿਆਂ ਰਾਹੀਂ ਦਸ ਕਿੱਲਿਆਂ ਦੀ ਖੇਤੀ ਉੱਤੇ ਵੀ ਆਰਥਕ ਸੰਕਟਾਂ ਦਾ ਉਲੇਖ ਸ਼ਾਮਲ ਜਿਸ ਕਾਰਨ ਉਹਨਾਂ ਲਈ ਆਪਣੇ ਬੱਚੇ ਪਾਲਣੇ ਮੁਸ਼ਕਿਲ ਹੋਏ ਪਏ ਹਨ। ਉਥੇ ਹਰ ਕੁਰ ਦਾ ਰਣਬੀਰ ਨੂੰ ਇਹ 'ਵਾਸਤਾ' ਪਾਉਣਾ ਕਿ ਕੋਈ 'ਸਿੱਖ-ਮੱਤ' ਉਹਨਾਂ ਨੂੰ ਦੇਵੇ ਤਾਂ ਜੋ ਉਹ ਵੀ 'ਸਿੱਧੇ ਰਾਹ ਪੈ ਜਾਣ।' ਵਾਸਤਵਕ ਸਥਿਤੀ ਦਾ ਵਿਅੰਗ ਹੈ ਕਿਉਂਕਿ ਜਿਹੜੇ ਰਾਹ ਰਣਬੀਰ ਪਿਆ ਹੈ ਵੱਧ ਖਤਰਨਾਕ ਅਤੇ ਭਿਅੰਕਰ ਹੈ। ਜਿਸ ਨੂੰ ਅਸੀਂ ਪਤਨਸ਼ੀਲ ਸਥਿਤੀ ਦੀ ਸੰਗਿਆ ਦਿੱਤੀ ਹੈ। ਜਿਸ ਦਾ ਸੰਬੰਧ ਸੁਖ ਸਹੂਲਤਾਂ ਲਈ ਚੁੱਕਿਆ ਵਿਤੋਂ ਬਾਹਰੀ ਕਰਜੇ ਨਾਲ ਹੈ। ਜਿਹੜਾ ਰਣਬੀਰ ਦੀ ਨੀਂਦ ਖਰਾਬ ਕਰ ਰਿਹਾ ਹੈ ਤੇ ਉਸ ਨੂੰ ਲਗਾਤਾਰ ਬੇਚੈਨ ਤੇ ਬੇਆਰਾਮ ਕਰ ਰਿਹਾ ਹੈ। ਕਿਉਂਕਿ ਕਿ ਉਸ ਨੂੰ ਪਤਾ ਹੀ ਨਹੀਂ ਚਲਦਾ ਕਿ ਕਦੋਂ ਵਿਤੋਂ ਬਾਹਰ ਹੋ ਕੇ ਚੁੱਕੇ

ਕਰਜ ਨਾਲ ਉਸ ਦੀ ਪੰਜ ਕਿੱਲਿਆਂ ਦੀ ਮਾਲਕੀ ਜਗਤਾਰ ਦੇ ਨਾਮ ਹੋ ਗਈ ਅਤੇ ਕਾਗਜ਼ਾਂ ਮੁਤਾਬਿਕ ਉਹ ਹੁਣ ਜ਼ਮੀਨ ਦਾ ਮਾਲਕ ਨਹੀਂ ਰਿਹਾ, ਸਗੋਂ ਉਸ ਨੇ ਜ਼ਮੀਨ ਠੇਕੇ 'ਤੇ ਲਈ ਹੋਈ ਹੈ। ਇਹ ਸਥਿਤੀ ਉਦੋਂ ਅਤਿ ਦੁਖਦਾਈ ਹੋ ਜਾਂਦੀ ਹੈ ਜਦੋਂ ਉਹ ਆਪਣਾ ਘਰ ਵੀ ਕਰਜਿਆਂ ਅਤੇ ਗਰਜ਼ਾਂ ਦੀ ਲੋੜ ਪੂਰੀ ਕਰਨ ਹਿੱਤ ਆਪਣੇ ਧਰਮ ਭਰਾ ਸਲੂਜੇ ਜਗਤਾਰ ਕੋਲ ਗਿਰਵੀ ਰੱਖ ਦਿੰਦਾ ਹੈ। ਬਿਰਤਾਂਤਕਾਰ ਇਸ ਸਥਿਤੀ ਵਿਚੋਂ ਪੈਦਾ ਹੋਏ ਭਿਆਨਕ ਸਿੱਟਿਆਂ ਨੂੰ ਰੇਖਾਂਕਿਤ ਕਰਦਾ ਹੈ ਕਿ ਕਿਵੇਂ ਸਿਸਟਮ ਨੇ ਉਸ ਨੂੰ ਨਾਗ ਵਲ ਦੀ ਤਰ੍ਹਾਂ ਜਕੜ ਰੱਖਿਆ ਹੈ। ਇਸ ਦਾ ਅਹਿਸਾਸ ਰਣਬੀਰ ਨੂੰ ਉਦੋਂ ਹੁੰਦਾ ਹੈ ਜਦੋਂ ਉਸ ਦੀ ਪਤਨੀ ਉਸ ਨੂੰ ਮਿਹਣਾ ਮਾਰਦੀ ਹੈ ਕਿ 'ਚੌਰਿਆ ਬੱਸ ਅਸੀਂ ਰਹਿ-ਗੀਆਂ ਹੁਣ ਮਾਵਾਂ-ਧੀਆਂ। ਸਾਨੂੰ ਵੀ ਧਰਦੇ ਗਹਿਣੇ ਸਲੂਜੇ ਕੋਲ, ਜੇ ਤੇਰਾ ਬੱਬਰ ਭਰਜੇ ਕਿਤੇ।...' ਇਸ ਸਥਿਤੀ ਵਿਚ ਉਸ ਦੀਆਂ ਵੋਟਾਂ ਦੀ ਸੁਰ ਵੀ ਬਾਗ਼ਾਵਤ ਵਾਲੀ ਹੋ ਜਾਂਦੀ ਹੈ ਕਿਉਂਕਿ ਕਹਾਣੀ ਆਪਣੇ ਅੰਤ ਵੱਲ ਵਧ ਰਹੀ ਹੈ ਜਿਥੇ ਰਣਬੀਰ ਦਾ ਇਕੱਲਾ ਰਹਿਣਾ ਲਗਭੱਗ ਤਹਿ ਹੀ ਹੈ। 'ਸਾਨੂੰ ਵੀ ਵੇਚ ਆ' ਇਹ ਬਾਹਰੀ ਯਥਾਰਥ ਦੇ ਵਿਰੋਧ ਵਿਚ ਸਿਰਜਿਆ ਸ਼ਕਤੀਸ਼ਾਲੀ ਪ੍ਰਵਚਨ ਹੈ ਜਿਸ ਦੀਆਂ ਜੜ੍ਹਾਂ ਬੰਦੇ ਦੇ ਸਵੈ ਨਾਲ ਜੁੜੀਆਂ ਹੋਈਆਂ ਹਨ ਜਿਥੇ ਆਬਰੂ ਇੱਜ਼ਤ ਦਾ ਸੁਆਲ ਪ੍ਰਾਥਮਿਕਤਾ ਹਾਸਲ ਕਰ ਜਾਂਦਾ ਹੈ।

ਕਾਰਗਿਲ ਕਹਾਣੀ ਰਣਬੀਰ ਦੇ ਫੌਜ ਵਿਚ ਭਰਤੀ ਤੋਂ ਖੁੰਝ ਜਾਣ ਕਾਰਨ ਉਸ ਦੇ ਮੱਥੇ ਵਿਚ ਲਗਾਤਾਰ ਹੁੰਦੀ 'ਚੀਸ' ਦਾ ਬਿਰਤਾਂਤ ਵੀ ਹੈ। ਜਿਸ ਦਾ ਆਧਾਰ ਸੂਬੇਦਾਰ ਜੋਗਿੰਦਰ ਸਿੰਘ ਅਤੇ ਉਸਦੀਆਂ ਤਿੰਨ ਪੀੜ੍ਹੀਆਂ ਦਾ ਤੁਲਨਤਮਕ ਸੰਦਰਭ ਵੀ ਬਣਦਾ ਹੈ। ਤਿੰਨ ਪੀੜ੍ਹੀਆਂ ਲਗਾਤਰ ਭੂਤਕਾਲ (ਕੈਪਟਨ ਧਰਮ ਸਿੰਘ ਅਤੇ ਪ੍ਰਤਾਪ ਸਿੰਘ), ਵਰਤਮਾਨ ਕਾਲ (ਸੂਬੇਦਾਰ ਜੋਗਿੰਦਰ ਸਿੰਘ ਅਤੇ ਰਣਬੀਰ) ਅਤੇ ਭਵਿੱਖਕਾਲ (ਜੋਗਿੰਦਰ ਸਿੰਘ ਅਤੇ ਰਣਬੀਰ ਦੇ ਬੱਚੇ) ਦੇ ਤੁਲਨਾਤਮਕ ਸੰਦਰਭ ਵਿਚੋਂ ਹੀ ਆਪਣੀ ਹੋਂਦ ਗ੍ਰਹਿਣ ਕਰਦੀਆਂ ਹਨ। ਭਾਵੇਂ ਉਪਰੀ ਦ੍ਰਿਸ਼ਟੀ ਤੋਂ ਇਹ ਵਿਰੋਧ ਸੂਬੇਦਾਰ ਜੋਗਿੰਦਰ ਸਿੰਘ ਨਾਲ ਨਜ਼ਰ ਆਉਂਦਾ ਹੈ ਪਰ ਜ਼ਰਾ ਇਸ ਨੂੰ ਵਿਸਤਾਰ ਨਾਲ ਵਿਚਾਰੀਏ ਤਾਂ ਇਹ ਵਿਰੋਧ ਸੱਤਾ ਨਾਲ ਹੈ ਕਿਉਂਕਿ ਸੂਬੇਦਾਰ ਅਤੇ ਕੈਪਟਨ ਦੀਆਂ ਪਦਵੀਆਂ ਸੱਤਾ ਦਾ ਪ੍ਰਤੀਕ ਹਨ ਜਿਹਨਾਂ ਕੋਲ ਸਮਾਜਕ ਪ੍ਰਵਾਨਗੀ ਤੇ ਪ੍ਰਤਿਸ਼ਟਤਾ ਹੈ। ਉਸ ਦੇ ਮੁਕਾਬਲੇ ਰਣਬੀਰ ਕੋਲ ਅਜਿਹੀ ਕੋਈ ਸਵੀਕ੍ਰਿਤੀ ਨਹੀਂ ਜਿਸ 'ਤੇ ਮਾਣ ਕੀਤਾ ਜਾ ਸਕੇ ਸਗੋਂ ਫੌਜ ਵਿਚ ਭਰਤੀ ਤੋਂ ਖੁੰਝ ਜਾਣ ਕਾਰਨ ਲੰਮੇ ਸਮੇਂ ਤੱਕ ਝੱਲਣੀ ਪਈ ਹੀਣਤਾ ਦਾ ਅਹਿਸਾਸ ਹੈ ਜਿਸ ਨੇ ਉਸ ਦੇ ਵਿਹਾਰ ਅਤੇ ਕਿਰਦਾਰ ਨੂੰ ਹੋਰ 'ਮਾਰਖੋਰਾ' ਬਣਾ ਦਿੱਤਾ ਹੈ। ਇਸ ਤਰ੍ਹਾਂ ਬਿਰਤਾਂਤਕਾਰ ਅਨੇਕਾਂ ਘਟਨਾਵਾਂ, ਨਾਵਾਂ, ਥਾਵਾਂ ਦੇ ਮਹੀਨ ਕਾਰਜਾਂ ਵਿਚੋਂ ਉਸ ਦੇ ਜਖ਼ਮੀ ਅਵਚੇਤਨ ਨੂੰ ਟਰੇਸ ਕਰਨ ਦਾ ਸਾਰਥਕ ਉਪਰਾਲਾ ਕਰਦਾ ਹੈ। ਦੂਜੇ ਪਾਸੇ ਬਿਰਤਾਂਤਕ ਫੋਕਸੀਕਰਨ ਰਣਬੀਰ ਉੱਤੇ ਕੀਤਾ ਗਿਆ ਹੈ ਜਿਹੜਾ ਜੋਗਿੰਦਰ ਵਾਂਗ ਕਿਸੇ ਦਲ (troop) ਵੱਲੋਂ ਨਹੀਂ ਲੜ ਰਿਹਾ, ਸਗੋਂ ਇਕੱਲਾ ਹੀ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਪਰ ਦੋਹਾਂ ਦੇ ਰਣ ਖੇਤਰਾਂ (terrains) ਵਿਚ ਇਕ ਸਮਾਨਤਾ ਵੀ ਹੈ ਜਿਹੜਾ ਉਪਰੀ ਪੱਧਰ 'ਤੇ ਵਿਰੋਧ ਵੀ ਜਾਪਦੀ ਹੈ ਪਰ ਉਹ ਦੋਵੇਂ 'ਆਪਣੇ ਆਪਣੇ ਕਾਰਗਿਲ' ਦੇ ਮੋਰਚਿਆਂ 'ਤੇ ਲੜ ਰਹੇਯੋਧੇ (belligerents) ਹਨ। ਇਸ ਕਾਰਨ ਕਹਾਣੀ ਦੀ ਸਮੁੱਚੀ ਸ਼ਬਦਾਵਲੀ ਹੀ ਫੌਜਦਾਰੀ ਪ੍ਰਬੰਧ ਨੂੰ ਚੇਤਨ ਤੌਰ 'ਤੇ ਅਪਣਾਉਂਦੀ ਹੋਈ ਬਿਰਤਾਂਤਕ ਪ੍ਰਸੰਗਾਂ ਨੂੰ ਉਲੀਕਦੀ ਹੈ। ਉਦਾਹਰਨ ਵਜੋਂ:

> -ਉਸ (ਰਣਬੀਰ) ਨੂੰ ਜਾਪਦਾ ਜਿਵੇਂ ਗੁਲੇਲ ਬੰਦੂਕ ਬਣ ਗਈ ਹੋਵੇ। ਸਾਹਮਣੇ ਖੜ੍ਹੀ ਫੌਜ ਵਿਚ ਵੀ ਵਰਦੀ ਵਾਲੇ ਧੜ ਆਮ ਬੰਦਿਆਂ ਦੇ ਹੁੰਦੇ ਪਰ ਸਿਰ ਕਾਵਾਂ, ਕੁੱਤਿਆਂ, ਕਬੂਤਰਾਂ, ਚਿੜੀਆਂ ਦੇ! ਏਨੀ ਵੱਡੀ ਨਫ਼ਰੀ ਅੱਗੇ ਉਸ ਦੀ ਪੇਸ਼ ਨਾ ਚਲਦੀ। ਉਹ ਫੇਰ ਡਿੱਗ ਪੈਂਦਾ ਤੇ ਗੋਲੀਆਂ, ਗੁਲੇਲਿਆਂ ਦਾ ਮੀਂਹ ਉਸ ਤੇ ਪੂਰੇ ਜ਼ੋਰ ਨਾਲ ਵਰ੍ਹਨ ਲਗਦਾ...।

ਪਰ ਜਿਹੜੀਆਂ 'ਕਾਗਜ਼ਾਂ ਦੀਆਂ ਗੋਲੀਆਂ' ਦੀ ਰਣਨੀਤੀ (tactics)ਰਣਬੀਰ ਨੇ ਅਪਣਾਈ ਸੀ ਉਹ ਉਸ ਦੇ ਹੀ ਵਿਰੁਧ ਚਲੀ ਗਈ ਅਤੇ ਸਿੱਟੇ ਵਜੋਂ ਉਸ ਨੂੰ ਆਤਮ-ਹੱਤਿਆ ਕਰਨੀ ਪਈ। ਕਹਾਣੀ ਵਿਚ ਇਕ ਪ੍ਰਸੰਗ 'ਵੋਟਾਂ' ਦਾ ਆਉਂਦਾ ਹੈ ਕਿ ਬਚਿੰਤ ਕੌਰ ਜਦੋਂ ਵੀ ਕੋਈ ਨਵੀਂ ਚੀਜ਼ ਲਿਆਉਣ ਲਈ ਰਣਬੀਰ ਦਾ ਵਿਰੋਧ ਕਰਦੀ ਤਾਂ ਨਾਲ ਰਣਬੀਰ ਦੇ ਹੱਕ ਵਿਚ ਉਸ ਦੀਆਂ ਦੋ ਧੀਆਂ ਤੇ ਇਕ ਪੁੱਤਰ ਹੁੰਦੇ ਜਿਹੜੇ ਵੋਟਾਂ ਦੇ ਰੂਪ ਵਿਚ ਬਹੁ-ਗਿਣਤੀ ਕਾਰਨ ਜਿੱਤ ਜਾਂਦੇ। ਇਸ ਪ੍ਰਸੰਗ ਨੂੰ ਜੇਕਰ ਅਸੀਂ ਤਤਕਾਲੀ/ਸਮਕਾਲੀ ਸਿਆਸੀ ਪ੍ਰਬੰਧ ਦੇ ਹਵਾਲੇ ਨਾਲ ਸਮਝਣਾ ਹੋਵੇ ਤਾਂ ਕਿਹਾ ਜਾਂ ਸਕਦਾ ਹੈ ਕਿ ਇਹ ਸਥਿਤੀ ਭਾਰਤੀ ਲੋਕ ਤੰਤਰਿਕ ਢਾਂਚੇ ਨੂੰ ਵੀ ਚਿਹਨਤ ਕਰਦੀ ਹੈ ਕਿਉਂਕਿ ਭਾਰਤੀ ਲੋਕਤੰਤਰ ਵਿਚ ਵੀ 'ਬਹੁਮਤ' ਦੁਆਰਾ ਲਏ ਗਏ ਫੈਸਲੇ ਹੀ ਲੋਕਾਂ 'ਤੇ ਥੋਪੇ ਜਾਂਦੇ ਹਨ। ਰਣਬੀਰ ਇਕ ਤਰ੍ਹਾਂ ਨਾਲ ਉਸ ਸਿਸਟਮ ਦੀ ਪ੍ਰਤਿਨਿਧਤਾ ਕਰਦਾ ਹੈ ਜਿਸ ਕੋਲ ਫੈਸਲੇ ਲੈਣ ਦੀ ਸਮਾਜਕ, ਆਰਥਕ ਅਤੇ ਸਿਆਸੀ ਤਾਕਤ ਹੈ; ਬਚਿੰਤ ਕੌਰ ਚੇਤਨ ਜਨਤਾ ਦੇ ਰੂਪ ਵਿਚ ਘੱਟ ਗਿਣਤੀਆਂ ਦੀ ਪ੍ਰਤੀਕ ਹੈ ਅਤੇ ਉਸ ਦੇ ਬੱਚੇ ਬਹੁ-ਗਿਣਤੀ ਵਿਚ ਹੁੰਦਿਆਂ ਵੀ ਸੂਝ-ਸਿਆਣਪ ਭਰੇ ਫੈਸਲੇ ਲੈਣ ਤੋਂ ਅਸਮਰੱਥ ਹਨ। ਇਸ ਕਾਰਨ ਸਥਿਤੀ ਵਿਸਫੋਟਕੀ ਬਣੀ ਹੋਈ ਹੈ ਅਤੇ ਕਰਜੇ ਦਾ ਭਾਰ ਸੂਬਿਆਂ ਅਤੇ ਕੇਂਦਰ ਉੱਤੇ ਲਗਾਤਾਰ ਵੱਧ ਰਿਹਾ ਹੈ। ਕਹਾਣੀ ਦੇ ਅੰਤਿਮ ਵਾਕ ਹਨ 'ਕਹੀ ਤਾਂ ਭਾਵੇਂ ਕਿਸੇ ਵੀ ਨਹੀਂ ਪਰ ਇਹ ਬਦਸ਼ਗਨੀ ਦੀ ਗੱਲ ਅੰਦਰ ਸਭ ਦੇ ਹੀ ਸੀ ਕਿ ਸੂਬੇਦਾਰ ਜੋਗਿੰਦਰ ਸਿੰਘ ਦੀ ਚਿਖਾ ਵਾਂਗ ਹੀ ਅੱਜ ਰਣਬੀਰ ਹੋਰਾਂ ਦੀ ਚਿਖਾ ਦਾ ਧੂੰਆਂ ਵੀ ਪਿੰਡ ਵੱਲ ਆ ਰਿਹਾ ਸੀ।' ਚਿਖਾ ਵਿਚੋਂ ਨਿਕਲਕੇ ਧੂੰਏ ਦਾ ਪਿੰਡ ਵੱਲ ਆਉਣਾ ਲੋਕਧਾਰਾਈ ਵਿਸ਼ਵਾਸ ਅਨੁਸਾਰ 'ਬਦਸ਼ਗਨੀ' ਹੈ ਜਿਸ ਨੂੰ ਰੋਕਣ ਠੱਲਣ ਦੀ ਸਮਰੱਥਾਂ ਕਿਸ ਧਿਰ ਕੋਲ ਹੈ ਇਸ ਸੁਆਲ ਪਾਠਕ ਦੇ ਮਨ ਵਿਚ 'ਅਚੰਭੇ ਭਰਿਆ ਪ੍ਰਸ਼ਨ' ਬਣ ਕੇ ਮੱਥੇ ਵਿਚ ਨਿਰੰਤਰ 'ਚਸਕ' ਰਿਹਾ ਹੈ।



ਸੰਪਰਕ : 9467654643 • ਈ-ਮੇਲ : satinder_mks@yahoo.co.in

*ਬਾਲ ਕਹਾਣੀ*

# ਨਿੱਕੇ ਬੱਚਿਆਂ ਦਾ ਕਮਰਾ

ਹਾਂਸ ਕ੍ਰਿਸਚੀਅਨ ਐਂਡਰਸਨ

ਅਨੁਵਾਦ : ਬਲਰਾਜ ਧਾਰਲੀਵਾਲ

ਪਾਪਾ, ਮੰਮੀ ਤੇ ਹੋਰ ਸਾਰੇ ਭੈਣ ਭਰਾ ਇਕ ਨਾਟਕ ਦੇਖਣ ਚਲੇ ਗਏ ਸਨ ਤੇ ਘਰ 'ਚ ਸਿਰਫ਼ ਛੋਟੀ ਐਨਾ ਤੇ ਉਸਦੇ ਦਾਦੂ ਹੀ ਰਹਿ ਗਏ ਸਨ।

ਦਾਦੂ ਕਹਿਣ ਲੱਗੇ, "ਅਸੀਂ ਵੀ ਨਾਟਕ ਦੇਖਾਂਗੇ,ਜੋ ਕਿ ਛੇਤੀ ਹੀ ਸ਼ੁਰੂ ਹੋ ਜਾਵੇਗਾ"।

ਨਿੱਕੀ ਐਨਾ ਜ਼ੋਰ ਦੀ ਚਿਲੱਾਅ ਕੇ ਬੋਲੀ "ਪਰ ਸਾਡੇ ਕੋਲ ਤਾਂ ਨਾ ਕੋਈ ਥੀਏਟਰ ਹੈ ਤੇ ਨਾ ਹੀ ਨਾਟਕ 'ਚ ਕੰਮ ਕਰਨ ਵਾਲੇ ਪਾਤਰ।ਮੇਰੀ ਪੁਰਾਣੀ ਗੁੱਡੀ ਨਾਟਕ 'ਚ ਕੰਮ ਨਹੀਂ ਕਰ ਸਕਦੀ,ਕਿਉਂਕਿ ਉਹ ਡਰਪੋਕ ਹੈ,ਤੇ ਮੇਰੀ ਨਵੀਂ ਗੁੱਡੀ ਵੀ ਕੰਮ ਨਹੀਂ ਕਰ ਸਕਦੀ, ਕਿਉਂਕਿ ਏਦਾਂ ਕਰਨ ਨਾਲ ਉਸਦੀ ਨਵੀਂ ਪੁਸ਼ਾਕ ਵਿੱਚ ਵੱਟ ਪੈ ਜਾਣਗੇ"।

ਦਾਦੂ ਨੇ ਆਪਣੀ ਰਾਇ ਦਿੱਤੀ, " ਜੋ ਹੋਰ ਚੀਜ਼ਾਂ ਸਾਡੇ ਕੋਲ ਹਨ, ਅਸੀਂ ਉਹਨਾਂ ਤੋਂ ਵੀ ਪਾਤਰਾਂ ਦਾ ਕੰਮ ਲੈ ਸਕਦੇ ਹਾਂ"।

"ਹੁਣ ਅਸੀਂ ਥੀਏਟਰ 'ਚ ਜਾਵਾਂਗੇ,ਅਸੀਂ ਇਕ ਕਿਤਾਬ ਇਥੇ ਰੱਖਾਂਗੇ; ਦੂਸਰੀ ਉਥੇ ਤੇ ਫੇਰ ਤੀਸਰੀ ਉਥੇ।ਹੁਣ ਤਿੰਨ ਕਿਤਾਬਾਂ ਦੂਸਰੇ ਪਾਸੇ ਵੀ ਰੱਖਾਂਗੇ,ਏਦਾਂ ਅਸੀਂ ਇਥੇ ਪਾਸੇ ਦੇ ਦ੍ਰਿਸ਼ ਕਰ ਸਕਾਂਗੇ।।ਪੁਰਾਣਾ ਬਾਕਸ,ਜਿਹੜਾ ਉਧਰ ਪਿਆ ਹੋਇਆ ਹੈ,ਉਹ ਪੌੜੀਆਂ ਦਾ ਕੰਮ ਦੇਵੇਗਾ ਤੇ ਇਸਦੇ ਉਪਰਲੇ ਹਿੱਸੇ ਤੋਂ ਫ਼ਰਸ਼ ਦਾ ਕੰਮ ਲਵਾਂਗੇ।ਸਟੇਜ ਕਮਰੇ ਦੀ ਪ੍ਰਤੀਨਿਧਤਾ ਕਰੇਗੀ,ਤਾਂ ਕਿ ਹਰ ਕਿਸੇ ਨੂੰ ਨਾਟਕ ਦਿਸ ਸਕੇ।ਹੁਣ ਸਾਨੂੰ ਪਾਤਰ ਚਾਹੀਦੇ ਹਨ।ਚਲੋ ਦੇਖਦੇ ਹਾਂ ਕਿ ਖਿਡੌਣਿਆਂ ਵਾਲੇ ਬਕਸੇ 'ਚ ਕੀ ਕੁਝ ਹੈ।ਪਹਿਲਾਂ ਪਾਤਰਾਂ ਦੀ ਚੋਣ ਕਰ ਲਈਏ ਤੇ ਫੇਰ ਅਸੀਂ ਨਾਟਕ ਤਿਆਰ ਕਰਾਂਗੇ।ਏਦਾਂ ਕਰਨਾ ਵਧੀਆ ਰਹੇਗਾ!ਐਹ ਇਕ pipe- head (ਤੰਬਾਕੂ ਪੀਣ ਵਾਲੀ ਨਲਕੀ) ਹੈ ਤੇ ਔਹ ਪਰੇ ਇਕ odd glove(ਅਜੀਬ ਜਿਹਾ ਦਸਤਾਨਾ)ਪਿਆ ਹੋਇਆ ਹੈ;ਇਹ ਦੋਵੇਂ ਬਾਪ ਤੇ ਬੇਟੀ ਦਾ ਰੋਲ ਬੜਾ ਵਧੀਆ ਕਰ ਲੈਣਗੇ"।

ਨਿੱਕੀ ਐਨਾ ਬੋਲੀ, "ਪਰ ਇਹ ਤਾਂ ਦੋ ਹੀ ਪਾਤਰ ਹਨ।ਲਓ ਮੇਰੇ ਭਰਾ ਦਾ waist coat(ਕਮਰ ਕੋਟ) ਵੀ ਇਥੇ ਪਿਆ ਹੋਇਆ ਹੈ-ਕੀ ਇਹ ਵੀ ਇਸ 'ਚ ਕੰਮ ਕਰ ਸਕਦਾ ਹੈ?"

ਦਾਦੂ ਨੇ ਕਿਹਾ,"ਜ਼ਰੂਰ,ਜ਼ਰੂਰ,ਇਹ ਤਾਂ ਕਾਫ਼ੀ ਵੱਡਾ ਹੈ,ਇਹ ਪ੍ਰੇਮੀ ਦਾ ਰੋਲ ਕਰੇਗਾ,ਇਸ ਦੀਆਂ ਜੇਬਾਂ ਵਿੱਚ ਕੁਝ ਵੀ ਨਹੀਂ ਹੈ,ਇਹ ਬੜੀ ਵਧੀਆ ਗੱਲ ਹੈ,ਕਿਉਂਕਿ ਏਦਾਂ ਕੁਝ ਬੇਆਰਾਮੀ ਜਿਹੀ ਹੁੰਦੀ ਹੈ,ਹਾਂ, ਤੇ ਇਥੇ ਬਦਾਮ ਤੋੜਨ ਵਾਲੀ ਹਥੌੜੀ ਦੇ ਖ਼ੁਰਦਰੇ ਜਿਹੇ ਬੂਟ ਵੀ ਹਨ,ਜੋ ਤੁਰਨ ਲੱਗਿਆਂ ਠੱਪ-ਠੱਪ-ਠੱਪ ਦੀ ਆਵਾਜ਼ ਕਰਨਗੇ!ਉਹ ਅਣਚਾਹੇ ਪ੍ਰੇਮੀ ਦਾ ਰੋਲ ਕਰਨਗੇ, ਜਿਸਨੂੰ ਪ੍ਰੇਮਿਕਾ ਪਸੰਦ ਨਹੀਂ ਕਰਦੀ।ਹੁਣ ਤੂੰ ਦੱਸ ਤੈਨੂੰ ਕਿਹੋ ਜਿਹਾ ਨਾਟਕ ਪਸੰਦ ਹੈ,ਦੁੱਖਦਾਈ ਜਾਂ ਘਰੇਲੂ ?"

ਐਨਾ ਨੇ ਕਿਹਾ, "ਮਿਹਰਬਾਨੀ ਕਰਕੇ ਇਹ ਘਰੇਲੂ ਹੀ ਹੋਵੇ,ਕਿਉਂਕਿ ਹੋਰ ਲੋਕਾਂ ਨੂੰ ਵੀ ਅਜਿਹੇ ਨਾਟਕ ਦੇਖਣ ਦਾ ਸ਼ੌਂਕ ਹੈ।ਕੀ ਤੁਹਾਨੂੰ ਕਿਸੇ ਅਜਿਹੇ ਨਾਟਕ ਬਾਰੇ ਪਤਾ ਹੈ?"

ਦਾਦੂ ਨੇ ਦੱਸਿਆ, "ਮੈਨੂੰ ਤਾਂ ਇਹੋ ਜਿਹੇ ਸੌ ਨਾਟਕਾਂ ਬਾਰੇ ਜਾਣਕਾਰੀ ਹੈ।ਇਹ ਨਾਟਕ ਜ਼ਿਆਦਾ ਕਰਕੇ ਫ਼ਰਾਂਸ 'ਚ ਹਰਮਨ ਪਿਆਰੇ ਹਨ,ਪਰ ਹੁਣ ਅਸੀਂ ਇਹਨਾਂ 'ਚੋਂ ਸਭ ਤੋਂ ਪਿਆਰਾ ਨਾਟਕ ਚੁਣਦੇ ਹਾਂ,ਇਹਨਾਂ ਸਾਰਿਆਂ ਦਾ ਵਿਸ਼ਾ ਵਸਤੂ ਇਕੋ ਜਿਹਾ ਹੀ ਹੁੰਦਾ ਹੈ।ਹੁਣ ਮੈਂ ਆਪਣੇ ਪੈੱਨ ਨਾਲ ਡੁਗਡੁਗੀ ਵਜਾਵਾਂਗਾ!ਇਧਰ ਧਿਆਨ ਕਰੋ!ਹੁਣ ਨਾਟਕ ਸ਼ੁਰੂ ਹੋਵੇਗਾ-(ਜ਼ਰਾ ਕੁ ਉੱਚੀ ਆਵਾਜ਼ ਵਿੱਚ)ਹਾਂ ਜੀ, ਹੁਣ ਧਿਆਨ ਨਾਲ ਨਾਟਕ 'ਚ ਹਿੱਸਾ ਲੈਣ ਵਾਲੇ ਪਾਤਰਾਂ ਬਾਰੇ ਸੁਣੋ"।

ਤੇ ਫੇਰ ਦਾਦੂ ਅਖਬਾਰ ਫੜ ਕੇ ਉਸ ਤੋਂ ਪੜ੍ਹਨ ਦੀ ਪੂਰੀ ਐਕਟਿੰਗ ਕਰਨ ਲੱਗਾ:

The Pipe Head And the Good Head (ਦ ਪਾਈਪ ਹੈੱਡ ਐਂਡ ਦ ਗੁਡ ਹੈੱਡ)

ਇਕ ਪ੍ਰਵਾਰਿਕ ਨਾਟਕ (ਇਕਾਂਗੀ)

ਪਾਤਰ: ਮਿਸਟਰ ਪਾਈਪ ਹੈੱਡ (ਬਾਪ), ਮਿਸਟਰ ਵੇਸਟ ਕੋਟ(ਪ੍ਰੇਮੀ), ਮਿਸ ਗਲੱਵ (ਬੇਟੀ), ਮਿਸਟਰ ਡੇ ਬੂਟਸ(ਵਿਆਹ ਦੀ ਪੇਸ਼ਕਸ਼ ਕਰਨ ਵਾਲਾ ਲੜਕਾ)

"ਹੁਣ ਅਸੀਂ ਨਾਟਕ ਸ਼ੁਰੂ ਕਰਨ ਲੱਗੇ ਹਾਂ। ਪਰਦਾ ਉੱਠਦਾ ਹੈ,ਪਰ ਸਾਡੇ ਕੋਲ ਪਰਦਾ ਨਹੀਂ ਹੈ,ਸੋ ਪਰਦਾ ਪਹਿਲਾਂ ਹੀ ਉੱਠਿਆ ਹੋਇਆ ਹੈ। ਸਾਰੇ ਪਾਤਰ ਇਥੇ ਸਾਡੇ ਨੇੜੇ ਤੇੜੇ ਹੀ ਹਨ। ਹੁਣ ਮੈਂ,ਪਾਪਾ ,ਭਾਵ ਕਿ ਪਾਈਪ ਹੈੱਡ ਬੋਲਾਂਗਾ !ਅੱਜ ਉਹ ਗੁੱਸੇ 'ਚ ਹੈ। ਸਭ ਨੂੰ ਦਿਸਦਾ ਹੈ ਕਿ ਉਸ ਕੋਲ ਰੰਗਦਾਰ ਚਿਲਮ ਹੈ।

ਉਹ ਕੁਝ ਸ਼ੇਖੀ ਜਿਹੀ ਨਾਲ ਕਹਿੰਦਾ ਹੈ, "ਸੁਣੋ ਸੁਣੋ,ਮੈਂ ਇਸ ਘਰ ਦਾ ਮਾਲਕ ਹਾਂ! ਮੈਂ ਆਪਣੀ ਬੇਟੀ ਦਾ ਬਾਪ ਹਾਂ!ਜੋ ਮੈਂ ਕਹਿਣ ਲੱਗਾ ਹਾਂ,ਕੀ ਤੁਸੀਂ ਸੁਣੋਗੇ?ਮਿਸਟਰ ਡੇ ਬੂਟਸ ਇਕ ਅਜਿਹਾ ਆਦਮੀ ਹੈ,ਜਿਸ 'ਚ ਹਰ ਕੋਈ ਆਪਣਾ ਚਿਹਰਾ ਦੇਖ ਸਕਦਾ ਹੈ;ਉਸਦਾ ਉੱਪਰਲਾ ਹਿੱਸਾ ਮੋਰਾਕੋ (ਇਕ ਅਫ਼ਰੀਕਨ ਦੇਸ਼) ਦਾ ਬਣਿਆ ਹੋਇਆ ਹੈ,ਜਿਸ 'ਤੇ ਕੁਝ ਕਿੱਲ ਲੱਗੇ ਹੋਏ ਹਨ। ਹਾਂ ਅੱਗੇ ਸੁਣੋ,ਉਹ ਮੇਰੀ ਬੇਟੀ ਨਾਲ ਵਿਆਹ ਕਰੇਗਾ!"

ਹੁਣ ਦਾਦੂ ਐਨਾ ਨੂੰ ਕਹਿਣ ਲੱਗਾ, "ਨਿੱਕੀ ਐਨਾ ਸੁਣ, ਹੁਣ ਕਮਰ ਕੋਟ ਕੀ ਕਹਿ ਰਿਹਾ ਹੈ,ਉਸਦਾ ਕਾਲਰ ਨੀਵਾਂ ਹੈ ਤੇ ਉਹ ਬੜਾ ਨਿਮਰ ਹੈ,ਪਰ ਉਸਨੂੰ ਆਪਣੀ ਕੀਮਤ ਦਾ ਪਤਾ ਹੈ ਅਤੇ ਉਸਨੂੰ ਆਪਣੀ ਗੱਲ ਕਹਿਣ ਦਾ ਪੂਰਾ ਅਧਿਕਾਰ ਹੈ। ਉਹ ਕਹਿ ਰਿਹਾ ਹੈ: "ਮੇਰੇ 'ਤੇ ਕੋਈ ਦਾਗ਼ ਧੱਬਾ ਨਹੀਂ!ਜਿਸ ਚੀਜ਼ ਤੋਂ ਮੈਂ ਬਣਿਆ ਹੋਇਆ ਹਾਂ,ਉਸਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਮੈਂ ਅਸਲੀ ਸਿਲਕ ਤੋਂ ਬਣਿਆ ਹਾਂ ਤੇ ਮੈਨੂੰ ਡੋਰੀਆਂ ਨਾਲ ਸਜਾਇਆ ਗਿਆ ਹੈ"

ਹੁਣ ਮਿਸਟਰ ਪਾਈਪ ਹੈੱਡ ਕੁਝ ਜੋਸ਼ ਨਾਲ ਬੋਲ ਰਿਹਾ ਹੈ, "ਪਰ ਤੈਨੂੰ ਧੋਣ ਨਾਲ ਛੇਤੀ ਹੀ ਤੇਰਾ ਰੰਗ ਉੱਤਰ ਜਾਣਾ ਹੈ। ਤੇ ਮਿਸਟਰ ਡੇ ਬੂਟਸ 'ਤੇ ਪਾਣੀ ਦਾ ਕੋਈ ਅਸਰ ਨਹੀਂ ਹੋਣਾ,ਇਹ ਸਖ਼ਤ ਚਮੜੇ ਦਾ ਬਣਿਆ ਹੋਇਆ ਹੈ,ਪਰ ਤਾਂ ਵੀ ਬੜਾ ਕੋਮਲ ਜਾਪਦਾ ਹੈ। ਉਸ 'ਤੇ ਲੱਗੇ ਕਿੱਲਾਂ ਕਰਕੇ ਓਸ 'ਚੋਂ ਚੀਂ ਚੀਂ ਦੀ ਤੇ ਖੜ ਖੜ ਦੀ ਆਵਾਜ਼ ਆਉਣ ਲੱਗ ਪੈਣੀ ਹੈ ਤੇ ਉਸ ਨੂੰ ਇਟਲੀ ਦੇ ਕਈ ਲੋਕਾਂ ਵਾਂਗ ਲੋਕਾ ਦੇ ਚਿਹਰਿਆਂ ਨੂੰ ਪੜ੍ਹਨ ਦੀ ਕਲਾ ਆਉਂਦੀ ਹੈ,ਜਿਸ ਨਾਲ ਉਹ ਲੋਕਾਂ ਦੇ ਸੁਭਾਵਾਂ ਆਦਿ ਬਾਰੇ ਜਾਣਕਾਰੀ ਹਾਸਿਲ ਕਰ ਸਕਦਾ ਹੈ"।

ਐਨਾ ਕਹਿਣ ਲੱਗੀ, "ਪਰ ਇਹਨਾਂ ਪਾਤਰਾਂ ਨੂੰ ਕਾਵਿ ਟੁੱਕੜੀਆਂ 'ਚ ਗੱਲ ਕਰਨੀ ਚਾਹੀਦੀ ਹੈ,ਕਿਉਂਕਿ ਏਦਾਂ ਦੀ ਵਾਰਤਾਲਾਪ ਵਧੀਆ ਲੱਗਦੀ ਹੈ"।

ਦਾਦੂ ਨੇ ਜੁਆਬ ਦਿੱਤਾ, "ਜੇ ਲੋਕਾਂ ਦੀ ਇਹੋ ਮੰਗ ਹੈ ਤਾਂ ਉਹ ਏਦਾਂ ਵੀ ਵਾਰਤਾਲਾਪ ਕਰ ਸਕਦੇ ਹਨ,ਐਹ ਦੇਖੋ ਨਿੱਕੀ ਜਿਹੀ ਮਿਸ ਗਲੱਵ ਵੱਲ,ਉਹ ਕਿਵੇਂ ਆਪਣੀਆਂ ਓਂਗਲਾ ਦੇ ਇਸ਼ਾਰਿਆਂ ਨਾਲ ਹੀ ਗੱਲਾਂ ਕਰ ਰਹੀ ਹੈ!

" ਕਾਸ਼ ਜੇ ਮੈਨੂੰ ਮੇਰਾ ਪਿਆਰ ਮੈਨੂੰ ਮਿਲ ਜਾਵੇ;

ਫੇਰ ਮੇਰੇ ਜਿੰਨਾ ਖੁਸ਼ ਕੌਣ ਹੋਵੇਗਾ!

ਉਫ਼!

ਜੇ ਮੈਂ ਉਸ ਤੋਂ ਅਲੱਗ ਹੋ ਗਈ,

ਤਾਂ ਮੈਨੂੰ ਪੂਰਾ ਯਕੀਨ ਹੈ ਕਿ ਮੇਰਾ ਦਿਲ ਟੁੱਟ ਜਾਵੇਗਾ"!

"ਸ਼ਾਬਾਸ਼!", " ਸ਼ਾਬਾਸ਼" ਮਿਸਟਰ ਪਾਈਪ ਹੈੱਡ ਨੇ ਕਿਹਾ ਸੀ। ਤੇ ਹੁਣ ਕਮਰ ਕੋਟ ਦੀ ਵਾਰੀ ਸੀ,ਉਹ ਕਹਿਣ ਲੱਗਾ:

" ਐ ਮੇਰੀ ਪਿਆਰੀ ਗਲੱਵ,
ਭਾਵੇਂ ਤੇਰੀ ਕੀਮਤ ਮੈਂ ਹੰਝੂਆਂ ਨਾਲ ਦੇਵਾਂਗਾ,
ਤੂੰ ਮੇਰੀ ਹੀ ਹੈਂ,
ਕਿਉਂਕਿ Holger Danske (ਹੋਲਗੇਅਰ ਡਾਂਸਕੇ,ਡੈਨਮਾਰਕ ਦਾ ਯੋਧਾ) ਨੇ ਇਸ ਗੱਲ ਦੀ ਸਹੁੰ ਖਾਧੀ ਹੈ!"

ਮਿਸਟਰ ਡੇ ਬੂਟਸ ਨੇ ਇਹ ਗੱਲ ਸੁਣਦੇ ਸਾਰ ਹੀ ਆਪਣਾ ਪੈਰ ਜ਼ੋਰ ਦੀ ਪਟਕਿਆ,ਆਪਣੇ ਕਿੱਲਾਂ ਦੀ ਆਵਾਜ਼ ਕੀਤੀ ਤੇ ਤਿੰਨਾਂ ਪਾਸਿਆਂ ਤੋਂ ਦ੍ਰਿਸ਼ ਕਰਨ ਵਾਲੇ ਸਮਾਨ ਨੂੰ ਥੱਲੇ ਡੇਗ ਦਿੱਤਾ।

ਨਿੱਕੀ ਐਨਾ ਉੱਚੀ ਦੇਣੀ ਬੋਲੀ, "ਇਹ ਤਾਂ ਬਹੁਤ ਹੀ ਦਿਲਚਸਪ ਹੈ"।

ਦਾਦੂ ਨੇ ਕਿਹਾ, "ਚੁੱਪ !ਚੁੱਪ !ਬਸ ਚੁੱਪ ਕਰਕੇ ਪ੍ਰਸ਼ੰਸਾ ਕਰੋ,ਇਸ ਨਾਲ ਇੰਜ ਜਾਪੇਗਾ ਕਿ ਤੁਸੀਂ ਸਾਰੇ ਪੜ੍ਹੇ ਲਿਖੇ ਹੋ।ਹੁਣ ਮਿਸ ਗਲੱਵ ਹੈਰਾਨ ਕੁੰਨ ਜਿਹੇ ਪ੍ਰਭਾਵ ਨਾਲ ਕੁਝ ਗਾ ਕੇ ਸੁਣਾਏਗੀ:

"ਮੈਂ ਦੇਖ ਤਾਂ ਨਹੀਂ ਸਕਦੀ !
ਅਤੇ ਇਸ ਲਈ ਮੈਂ ਕਾਂ ਦੀ ਬੋਲੀ ਵਿੱਚ ਗਾਵਾਂਗੀ !
ਇਸ ਵਿਸ਼ਾਲ ਹਾਲ ਦੇ ਵਿੱਚ !"

ਫੇਰ ਦਾਦੂ ਬੋਲੇ, "ਨਿੱਕੀ ਐਨਾ,ਹੁਣ ਨਾਟਕ ਦਾ ਜੋਸ਼ੀਲਾ ਭਾਗ ਆ ਰਿਹਾ ਹੈ।ਸਾਰੇ ਨਾਟਕ ਦਾ ਇਹ ਭਾਗ ਸਭ ਤੋਂ ਦਿਲਚਸਪ ਹੈ।ਹੁਣ ਮਿਸਟਰ ਕਮਰ ਕੋਟ ਆਪਣੇ ਬਾਰੇ ਕੁਝ ਕਹੇਗਾ ਤੇ ਤੈਨੂੰ ਸੰਬੋਧਨ ਕਰੇਗਾ,ਜਿਸਦੀ ਤੂੰ ਪ੍ਰਸ਼ੰਸਾ ਕਰਨੀ ਹੈ;ਪਰ ਉਸਨੂੰ ਇਕੱਲਾ ਹੀ ਰਹਿਣ ਦੇਵੀਂ_ਇਹ ਗੱਲ ਜ਼ਿਆਦਾ ਸੰਸਕਾਰੀ ਜਾਪੇਗੀ।ਕਮਰ ਕੋਟ ਕਹਿੰਦਾ ਹੈ: "ਮੈਂ ਬਹੁਤ ਖੁਸ਼ ਹਾਂ !ਆਪਣਾ ਧਿਆਨ ਰੱਖਣਾ।ਹੁਣ ਦੋ ਹੀ ਮੁੱਖ ਪਾਤਰ ਹਨ। ਪਾਈਪ ਹੈੱਡ ਤੇ ਮੈਂ ਗੁਡ ਹੈੱਡ-(ਕੁਝ ਉੱਚੀ ਆਵਾਜ਼ ਵਿੱਚ)-ਤੂੰ ਹੁਣ ਇਥੋਂ ਪਰੇ ਜਾਹ !"

ਦਾਦੂ ਨੇ ਕਿਹਾ, "ਨਿੱਕੀ ਐਨਾ,ਕੀ ਤੂੰ ਇਸ ਗੱਲ ਵੱਲ ਧਿਆਨ ਦਿੱਤਾ ਹੈ ਕਿ ਇਹ ਸਭ ਤੋਂ ਜ਼ਿਆਦਾ ਦਿਲਚਸਪ ਸੁਖਾਂਤਕ ਡਰਾਮਾ ਹੈ?ਮਿਸਟਰ ਕਮਰ ਕੋਟ ਨੇ ਬਜ਼ੁਰਗ ਪਾਈਪ ਹੈੱਡ ਨੂੰ ਫੜ ਕੇ ਆਪਣੀ ਜੇਬ 'ਚ ਪਾ ਲਿਆ ਹੈ,ਹੁਣ ਉਹ ਉਥੇ ਹੀ ਪਿਆ ਹੈ,ਤੇ ਕਮਰ ਕੋਟ ਕਹਿਣ ਲੱਗਾ: "ਤੂੰ ਮੇਰੀ ਜੇਬ 'ਚ ਹੈਂ,ਤੂੰ ਉਨਾ ਚਿਰ ਬਾਹਰ ਨਹੀਂ ਆ ਸਕਦਾ,ਜਿੰਨਾ ਚਿਰ ਤੱਕ ਤੂੰ ਆਪਣੀ ਬੇਟੀ ਗਲੱਵ,ਜੋ ਕਿ ਮੇਰੀ ਖੱਬੀ ਜੇਬ 'ਚ ਹੈ ,ਉਸਦਾ ਹੱਥ ਮੇਰੇ ਹੱਥ 'ਚ ਦੇਣ ਦਾ ਵਾਅਦਾ ਨਹੀਂ ਕਰਦਾ।ਮੈਂ ਆਪਣਾ ਸੱਜਾ ਹੱਥ ਬਾਹਰ ਕੱਢਦਾ ਹਾਂ"।

ਨਿੱਕੀ ਐਨਾ ਨੇ ਕਿਹਾ, "ਇਹ ਤਾਂ ਬਹਤੁ ਹੀ ਦਿਲਚਸਪ ਹੈ"। ਤੇ ਹੁਣ ਬਜ਼ੁਰਗ ਪਾਈਪ ਹੈੱਡ ਜੁਆਬ ਦਿੰਦਾ ਹੈ:
"ਭਾਵੇਂ ਮੈਂ ਸਭ ਕੁਝ ਸੁਣਨ ਲਈ ਤਿਆਰ ਤੇ ਉਤਸੁਕ ਹਾਂ,
ਪਰ ਮੈਂ ਦੇਖਣ 'ਚ ਬੜਾ ਮੂਰਖ਼ ਜਾਪਦਾ ਹਾਂ,
ਮੇਰਾ ਹਾਸਾ ਮਜ਼ਾਕ ਕਿੱਥੇ ਹੈ,ਮੈਂ ਡਰਦਾ ਹਾਂ ਕਿ ਉਹ ਖ਼ਤਮ ਹੋ ਗਿਆ ਹੈ
ਤੇ ਮੈਨੂੰ ਜਾਪਦਾ ਹੈ ਕਿ ਮੇਰੀ ਖੋਖਲੀ ਜਿਹੀ ਤੀਲੀ ਵੀ ਇਥੇ ਨਹੀਂ ਹੈ,
ਉਫ਼ !ਮੇਰੇ ਪਿਆਰੇ, ਮੈਨੂੰ ਆਪਣਾ ਆਪ ਕਦੀ ਵੀ ਏਨਾ ਅਜੀਬ ਨਹੀਂ ਸੀ ਜਾਪਿਆ,
ਮਿਹਰਬਾਨੀ ਕਰਕੇ ਮੈਨੂੰ ਬਾਹਰ ਕੱਢੋ,
ਤੇ ਇਕ ਲੇਲੇ ਵਾਂਗ ਮੈਨੂੰ ਝਟਕਾਉਣ ਲਈ ਲੈ ਚਲੋ,
ਬੇਸ਼ੱਕ ਮੈਂ ਤੇਰੀ ਮੰਗਣੀ ਕਰ ਦੇਵਾਂਗਾ, ਆਪਣੀ ਬੇਟੀ ਨਾਲ"।

ਨਿੱਕੀ ਐਨਾ ਨੇ ਪੁੱਛਿਆ, "ਕੀ ਨਾਟਕ ਪਹਿਲਾਂ ਹੀ ਖ਼ਤਮ ਹੋ ਚੁੱਕਾ ਹੈ?"

ਦਾਦੂ ਨੇ ਜੁਆਬ ਦਿੱਤਾ, "ਬਿਲਕੁਲ ਨਹੀਂ,ਸਿਰਫ਼ ਮਿਸਟਰ ਡੇ ਬੂਟਸ ਦਾ ਕੰਮ ਹੀ ਖ਼ਤਮ ਹੋਇਆ ਹੈ।ਹੁਣ ਪ੍ਰੇਮੀ ਜੋੜਾ ਗੋਡਿਆਂ ਭਾਰ ਬੈਠੇਗਾ ਤੇ ਉਹਨਾਂ 'ਚੋਂ ਇਕ ਜਣਾ ਗਾ ਕੇ ਕਹੇਗਾ: "ਫਾਦਰ !"

ਤੇ ਦੂਸਰਾ ਕਹੇਗਾ: "ਆਉ,ਜੋ ਵੀ ਤੁਹਾਡਾ ਕੰਮ ਹੈ,ਕਰੋ- ਆਪਣੇ ਬੇਟੇ ਤੇ ਬੇਟੀ ਨੂੰ ਅਸ਼ੀਰਵਾਦ ਦਿਉ"

ਅਤੇ ਉਹਨਾਂ ਨੂੰ ਅਸ਼ੀਰਵਾਦ ਮਿਲਦਾ ਹੈ ਤੇ ਉਹ ਆਪਣੇ ਵਿਆਹ ਦੀ ਖੁਸ਼ੀ ਮਨਾਉਂਦੇ ਹਨ।ਸਾਰੇ ਦਾ ਸਾਰਾ ਫ਼ਰਨੀਚਰ ਇਕੱਠਿਆਂ ਇਕ ਸਮੂਹ-ਗਾਣ ਗਾਉਂਦਾ ਹੈ:

"ਆਹਾ ਜੀ !ਆਹਾ ਜੀ ! ਹਜ਼ਾਰ ਵਾਰ ਤੁਹਾਡਾ ਸ਼ੁਕਰੀਆ, ਅਤੇ ਹੁਣ ਨਾਟਕ ਖ਼ਤਮ ਹੁੰਦਾ ਹੈ !"

ਦਾਦੂ ਕਹਿਣ ਲੱਗੇ, "ਹੁਣ ਅਸੀਂ ਸਾਰੇ ਇਹਨਾਂ ਨੂੰ ਸ਼ਾਬਾਸ਼ ਦੇਵਾਂਗੇ,ਅਸੀਂ ਸਾਰੀਆਂ ਚੀਜ਼ਾਂ ਤੇ ਸਾਰੇ ਫ਼ਰਨੀਚਰ ਨੂੰ ਵੀ ਬਾਹਰ ਆਉਣ ਨੂੰ ਕਹਾਂਗੇ, ਉਹ ਖ਼ਾਸ ਦਰਖਤ 'ਮਹੋਗਨੀ'ਦੀ ਭੂਰੇ ਰੰਗ ਦੀ ਲੱਕੜੀ ਤੋਂ ਬਣਿਆ ਹੋਇਆ ਹੈ"।

ਨਿੱਕੀ ਐਨਾ ਨੇ ਪੁੱਛਿਆ, "ਕੀ ਇਹ ਨਾਟਕ ਉਨਾ ਹੀ ਮਜ਼ੇਦਾਰ ਨਹੀਂ,ਜਿਹੜਾ ਉਹ ਅਸਲੀ ਥੀਏਟਰ 'ਚ ਜਾ ਕੇ ਦੇਖਦੇ ਹਨ?"



ਮਨਜੀਤਪਾਲ ਕੌਰ ਦੀ ਇਕ ਪੁਰਾਣੀ ਤਸਵੀਰ



ਸੁਖਚੈਨ (ਸੰਨ 2011)



ਸੁਖਚੈਨ (ਸੰਨ 1976)



ਫੋਟੋ ਬਾਰੇ : ਮਹਿੰਦਰ ਸਿੰਘ, ਮੋਚੀ, ਆਨੰਦਪੁਰ
ਫੋਟੋਗ੍ਰਾਫ਼ਰ : ਗੁਰਦੀਪ ਸਿੰਘ